


ਗੁਰਬਾਣੀ ਦਾ ਸਿਧਾਂਤਕ ਸੱਚ

ਅਤੇ ਪ੍ਰਚਲਿਤ ਧਾਰਨਾਵਾਂ

ਜਸਬੀਰ ਸਿੰਘ
ਵੈਨਕੂਵਰ

ਏਸੇ ਕਲਮ ਤੋਂ :

- *ਗੁਰਮਤਿ ਸਿਧਾਂਤਾਂ ਦੇ ਪਰਿਪੇਖ ਵਿਚ (ਗੁਰਮਤਿ ਲੇਖ)*

ਗੁਰਬਾਣੀ ਦਾ ਸਿਧਾਂਤਕ ਸੱਚ
ਅਤੇ
ਪ੍ਰਚਲਿਤ ਧਾਰਨਾਵਾਂ

ਜਸਬੀਰ ਸਿੰਘ ਵੈਨਕੂਵਰ

ਕਨੇਡੀਅਨ ਸਿੱਖ ਸਟੱਡੀ ਤੇ ਟੀਚਿੰਗ ਸੁਸਾਇਟੀ,
ਵੈਨਕੂਵਰ, ਬੀ.ਸੀ. ਕੈਨੇਡਾ

GURBANI DA SIDHANTAK SACH ATE PARCHALAT DHARNAWAN

by

JASBIR SINGH
334 EAST 48th AVE
VANCOUVER, B.C. CANADA

ISBN-978-0-9881616-0-3

First Edition January 2014

Price : Rs. 200-00

Distributors :
Singh Brothers
S.C.O. 223-24, City Centre, Amritsar - 143 001
E-mail : singhbro@vsnl.com
Website : www.singhbrothers.com

Published by :
Canadian Sikh Study & Teaching Society
#108-1083 East Kent Ave.,
Vancouver, B.C., V5X 4V9 Canada

Printers :
Printwell, 146, Industrial Focal Point, Amritsar.
Printed and bound in India

ਸਮਰਪਣ

ਸਤਿਕਾਰਯੋਗ ਮਾਤਾ-ਪਿਤਾ

ਸਰਦਾਰ ਜਗਤ ਸਿੰਘ

ਅਤੇ

ਬੀਬੀ ਸੰਤ ਕੌਰ ਜੀ

ਨੂੰ

ਜਿਹਨਾਂ ਤੋਂ ਬਚਪਨ ਵਿਚ ਹੀ
ਗੁਰਮਤਿ ਦੀਆਂ ਕਦਰਾਂ-ਕੀਮਤਾਂ ਨੂੰ ਸਮਝਣ ਦੀ
ਗੁੜ੍ਹਤੀ ਮਾਣਨ ਦਾ ਸੁਭਾਗ ਪ੍ਰਾਪਤ ਹੋਇਆ।

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥

(ਨਟ ਮਹਲਾ ੪, ਪੰਨਾ 982)

ਤਤਕਰਾ

ਦੀਪਕ ਭਇਓ ਉਜਾਰੋ

ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿਖੇ, ਗੁਰੂ ਨਾਨਕ ਜੋਤਿ-ਸਰੂਪ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ ਅੰਮ੍ਰਿਤ ਬਚਨ ਹਨ ਕਿ ਮਿਹਰਵਾਨ ਅਕਾਲ ਪੁਰਖ ਪ੍ਰਭੂ ਜਿਹੜੇ ਵੀ ਰਜ਼ਾ ਵਿਚ ਰਾਜ਼ੀ ਮਨੁੱਖ ਦਾ ਹੱਥ ਫੜ ਕੇ ਆਪਣਾ ਬਣਾ ਲੈਂਦਾ ਹੈ, ਉਸ ਨੂੰ ਉਹ ਸਭ ਕੁਝ ਬਖ਼ਸ਼ ਦਿੰਦਾ ਹੈ। ਸਭ ਤੋਂ ਵੱਡੀ ਬਖ਼ਸ਼ਿਸ਼ ਇਹ ਹੁੰਦੀ ਹੈ ਕਿ ਉਸ ਦੇ ਅੰਦਰ ਗੁਰੂ-ਗਿਆਨ ਰੂਪ ਨਾਮ-ਦੀਵੇ ਦਾ ਚਾਨਣ ਹੋ ਜਾਂਦਾ ਹੈ; ਭਾਵ, ਗੁਰਮਤਿ ਦੀ ਸਹੀ ਸੋਝੀ ਹੋ ਜਾਂਦੀ ਹੈ। ਪਰਮਾਤਮਾ ਦੇ ਨਾਮ ਵਿਚ ਪ੍ਰੇਮ ਜੋੜਨ ਵਾਲਾ ਅਜਿਹਾ ਨਾਮ-ਰਸੀਆ ਮਨੁੱਖ ਆਪਣੀਆਂ ਸਾਰੀਆਂ ਕੁੱਲਾਂ ਨੂੰ ਸੰਸਾਰ-ਸਮੁੰਦਰ ਤੋਂ ਪਾਰ ਲੰਘਾ ਲੈਂਦਾ ਹੈ; ਭਾਵ, ਆਪਣੇ ਪਰਿਵਾਰਕ ਤੇ ਹੋਰ ਸੰਗੀ ਸਾਥੀਆਂ ਨੂੰ ਵਿਕਾਰਾਂ ਤੋਂ ਬਚਾ ਲੈਂਦਾ ਹੈ। ਗੁਰਵਾਕ ਹੈ:

ਕਰੁ ਗਹਿ ਲੀਨੇ ਸਰਬਸੁ ਦੀਨੇ ਦੀਪਕ ਭਇਓ ਉਜਾਰੋ ॥
ਨਾਨਕ ਨਾਮਿ ਰਸਿਕ ਬੈਰਾਗੀ ਕੁਲਹ ਸਮੂਹਾਂ ਤਾਰੋ ॥ *(ਸਾਰੰਗ ਮ: ੫, ਪੰਨਾ 1225)*

ਗੁਰ-ਇਤਿਹਾਸ ਵਿਚ ਜ਼ਿਕਰ ਹੈ ਕਿ ਗੁਰੂ ਅਰਜਨ ਸਾਹਿਬ ਜੀ ਦੇ ਹਜ਼ੂਰ ਭਾਈ ਦੀਪਾ ਕਾਸਰਾ ਸਤਿਸੰਗ ਕਰਦਿਆਂ ਗੁਰੂ-ਦਰਬਾਰ ਦੀਆਂ ਬਹੁਤ ਸਾਰੀਆਂ ਸੇਵਾਵਾਂ ਨਿਰਮਾਣਤਾ ਸਹਿਤ ਨਿਭਾਉਂਦਾ ਸੀ। ਸਤਿਗੁਰੂ ਜੀ ਦੇ ਹੁਕਮਾਂ ਅਨੁਸਾਰ ਗੁਰੂ ਦਰਬਾਰ ਆਏ ਲੋੜਵੰਦਾਂ ਨੂੰ ਲੰਗਰ ਛਕਾਉਂਦਾ, ਕਪੜੇ ਅਰਪਨ ਕਰਦਾ, ਉਨ੍ਹਾਂ ਦੀਆਂ ਸਮੱਸਿਆਵਾਂ ਸੁਣਦਾ ਅਤੇ ਗੁਰ-ਸ਼ਬਦ ਵੀਚਾਰ ਵੀ ਸੁਣਾਉਂਦਾ। ਉਸ ਦੇ ਅਜਿਹੇ ਨਿਰਮਾਣ, ਨਿਸ਼ਕਾਮ ਤੇ ਉਪਕਾਰੀ ਵਿਹਾਰ ਤੋਂ ਪ੍ਰਸੰਨ ਹੋ ਕੇ ਸਤਿਗੁਰੂ ਜੀ ਨੇ ਆਪਣੀ ਪਿਆਰ ਭਰੀ ਗਲਵਕੜੀ ਵਿਚ ਘੁੱਟਿਆ ਤੇ ਚੂੜਾਮਣਿ-ਕਵੀ ਭਾਈ ਸੰਤੋਖ ਸਿੰਘ ਦੇ ਲਫ਼ਜ਼ਾਂ ਮੁਤਾਬਕ ਇਉਂ ਬਚਨ ਕੀਤਾ:

ਹਮਨੇ ਇਹ ਦੀਪਕ ਸਮ ਕਰਯੋ।
ਜੋ ਇਸ ਮਿਲੈ ਸੁ ਨਿਸਚੈ ਤਰਿਓ।

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 3, ਅੰਸੂ 58)

ਇਸ ਹਕੀਕਤ ਦੇ ਚਸ਼ਮਦੀਦ ਗਵਾਹ ਗੁਰਬਾਣੀ ਗੁਰਮਤਿ ਦੇ ਪਹਿਲੇ ਵਿਆਖਿਆਕਾਰ ਭਾਈ ਸਾਹਿਬ ਭਾਈ ਗੁਰਦਾਸ ਜੀ ਹਨ; ਜਿਨ੍ਹਾਂ ਨੇ ਗੁਰੂ ਅਰਜਨ ਸਾਹਿਬ ਜੀ ਦੇ ਹਜ਼ੂਰੀ ਸਿੱਖ ਸੇਵਕਾਂ ਦਾ ਸੰਖੇਪ ਵਰਣਨ ਕਰਦਿਆਂ, ਭਾਈ ਦੀਪੇ ਨੂੰ ਗੁਰੂ ਜੀ ਦਾ ਹੁਕਮੀ-ਬੰਦਾ ਤੇ ਗੁਰੂ ਗਿਆਨ ਦਾ ਦੀਪਕ (ਦੀਵਾ) ਦੱਸਦਿਆਂ ਆਪਣੀ ਮੁਬਾਰਿਕ ਕਲਮ ਨਾਲ ਇਉਂ ਲਿਖਿਆ ਹੈ:

ਦੀਪਕੁ ਦੀਪਾ ਕਾਸਰਾ ਗੁਰੂ ਦੁਆਰੇ ਹੁਕਮੀ ਬੰਦਾ। *(ਵਾਰ 11, ਪਉੜੀ 22)*

ਅਕਾਲੀ ਸਿੰਘ ਸਿੱਖ ਸੁਸਾਇਟੀ, ਵੈਨਕੂਵਰ ਦੇ ਸਤਿਕਾਰਤ ਮੁੱਖ ਗ੍ਰੰਥੀ ਭਾਈ ਜਸਬੀਰ ਸਿੰਘ ਜੀ ਗੁਰਦੁਆਰਾ ਸਾਹਿਬ ਦੀਆਂ ਸੇਵਾਵਾਂ ਨਿਭਾਉਂਦੇ ਹੋਏ, ਜਿਸ ਪ੍ਰਕਾਰ ਆਪਣੇ ਵਿਅਕਤੀਗਤ ਜੀਵਨ-ਵਿਉਹਾਰ, ਆਚਾਰ ਅਤੇ ਸਟੇਜ ਤੋਂ ਛੁੱਟ ਅਜੋਕੇ ਪ੍ਰਿੰਟ, ਇੰਟਰਨੈਟ ਤੇ ਇਲੈਕਟ੍ਰੌਨਿਕ ਮੀਡੀਏ ਦੀ ਸੁਯੋਗ ਵਰਤੋਂ ਕਰਦੇ ਹੋਏ ਗੁਰਸ਼ਬਦ ਵੀਚਾਰ ਰਾਹੀਂ ਗੁਰਮਤਿ ਦੀ ਰੌਸ਼ਨੀ ਵੰਡ ਰਹੇ ਹਨ; ਇਹ ਸਭ ਕੁਝ ਦੇਖਦਿਆਂ ਕੇਵਲ ਮੈਨੂੰ ਹੀ ਨਹੀਂ, ਸਗੋਂ ਵੈਨਕੂਵਰ ਦੇ ਹਰੇਕ ਪੰਥ-ਦਰਦੀ ਨੂੰ ਇਹ ਕਹਿਣ ਵਿਚ ਕੋਈ ਝਿਜਕ ਮਹਿਸੂਸ ਨਹੀਂ ਹੁੰਦੀ ਕਿ ਮਿਹਰਵਾਨ ਅਕਾਲ-ਪੁਰਖ ਨੇ ਭਾਈ ਸਾਹਿਬ ਦਾ ਆਪ ਹੱਥ ਫੜਿਆ ਤੇ ਨਿਵਾਜਿਆ ਹੈ। ਇਹੀ ਕਾਰਨ ਹੈ ਕਿ ਉਹ ਸਤਿਗੁਰੂ ਜੀ ਦੀ ਬਖ਼ਸ਼ਸ਼ ਤੇ ਸੁਹਿਰਦ ਸੱਜਣਾਂ ਦੇ ਸਹਿਯੋਗ ਸਦਕਾ ਬ੍ਰਿਟਿਸ਼ ਕੋਲੰਬੀਆ ਵਿਚ ਭਾਈ ਦੀਪੇ ਕਾਸਰੇ ਵਾਂਗ ਗੁਰਮਤਿ-ਗਿਆਨ ਦਾ ਦੀਪਕ ਬਣ ਕੇ ਵਿਚਰ ਰਹੇ ਹਨ। ਕੈਨੇਡੀਅਨ ਸਿੱਖ ਸਟੱਡੀ ਐਂਡ ਟੀਚਿੰਗ ਸੁਸਾਇਟੀ ਵਲੋਂ ਪ੍ਰਕਾਸ਼ਤ ਹੋ ਰਹੀਆਂ ਭਾਈ ਸਾਹਿਬ ਦੀਆਂ ਲਿਖੀਆਂ ਦੋਵੇਂ ਪਲੇਠੀ ਪੁਸਤਕਾਂ ਦੇ ਖਰੜੇ ਪੜ੍ਹ ਕੇ, ਮੈਂ ਇਸ ਨਤੀਜੇ 'ਤੇ ਪਹੁੰਚਿਆ ਹਾਂ ਕਿ "ਕਰੁ ਗਹਿ ਲੀਨੇ, ਸਰਬਸੁ ਦੀਨੇ ਦੀਪਕ ਭਇਓ ਉਜਾਰੋ" ਗੁਰਵਾਕ ਦਾ ਸੱਚ ਉਨ੍ਹਾਂ ਰਾਹੀਂ ਪ੍ਰਗਟ ਹੋ ਰਿਹਾ ਹੈ।

ਭਾਈ ਸਾਹਿਬ ਨੇ ਜੋ ਇਨ੍ਹਾਂ ਪੁਸਤਕਾਂ ਨੂੰ ਨਾਮ ਦਿੱਤਾ ਹੈ *ਗੁਰਬਾਣੀ ਦਾ ਸਿਧਾਂਤਕ ਸੱਚ ਅਤੇ ਪ੍ਰਚਲਿਤ ਧਾਰਨਾਵਾਂ* ਤੇ **ਗੁਰਮਤਿ ਸਿਧਾਂਤਾਂ ਦੇ ਪਰਿਪੇਖ ਵਿਚ** ਬਿਲਕੁਲ ਸਹੀ ਹੈ। ਕਿਉਂਕਿ, ਇਨ੍ਹਾਂ ਵਿਚਲੇ ਗੁਰਬਾਣੀ ਦੇ ਸੱਚ ਤੇ ਸਿੱਖ ਰਹਿਤ ਮਰਯਾਦਾ ਨਾਲ ਸੰਬੰਧਿਤ ਸੰਸਾ ਨਵਿਰਤੀ ਕਰਨ ਵਾਲੇ ਸਾਰੇ ਮਜ਼ਮੂਨ, ਗੁਰਮਤਿ ਮਾਰਗ ਦੇ ਪਾਂਧੀਆਂ ਲਈ ਗੁਰਮਤਿ ਦਾ ਚਾਨਣ ਹਨ। ਭਾਈ ਸਾਹਿਬ ਨੇ ਗ੍ਰੰਥੀ ਦੀ ਸੇਵਾ ਨਿਭਾਂਦਿਆਂ ਗੁਰਦੁਆਰਾ ਪ੍ਰਬੰਧ ਅਤੇ ਪ੍ਰਚਾਰ ਖੇਤਰ ਦੀਆਂ ਖ਼ਾਮੀਆਂ ਨੂੰ ਜਿਸ ਦਲੇਰੀ ਤੇ ਸਾਫ਼ਗੋਈ ਨਾਲ ਉਜਾਗਰ ਕੀਤਾ ਅਤੇ ਪ੍ਰਬੰਧਕਾਂ ਤੇ ਪ੍ਰਚਾਰਕਾਂ ਨੂੰ ਆਪਣੇ ਫ਼ਰਜ਼ਾਂ ਤੋਂ ਜਾਣੂ ਕਰਾਇਆ ਹੈ, ਉਸ ਨੇ ਇਸ ਪੱਖੋਂ ਨਿਰਾਸ਼ ਹੋ ਰਹੇ ਪੰਥ-ਦਰਦੀ ਸੇਵਕਾਂ ਦੇ ਹੌਂਸਲੇ ਵਧਾਏ ਹਨ। ਜਿਵੇਂ, ਉਨ੍ਹਾਂ ਸੰਗਰਾਂਦ ਸੰਬੰਧੀ ਭਰਮ ਦਾ ਭਾਂਡਾ ਭੰਨਦਿਆਂ ਲਿਖਿਆ ਹੈ :

"ਗੁਰਦੁਆਰੇ ਸ਼ਰਧਾਲੂਆਂ ਦੀ ਅਗਿਆਨਮਈ ਸ਼ਰਧਾ ਦੀ ਪੂਰਤੀ ਲਈ ਨਹੀਂ, ਬਲਕਿ ਇਸ ਅਗਿਆਨਤਾ ਤੋਂ ਛੁਟਕਾਰਾ ਦਿਵਾਉਣ ਲਈ ਹੋਂਦ ਵਿਚ ਆਏ ਹਨ। ਗੁਰਦੁਆਰੇ ਭਰਮ ਦੇ ਛਉੜ ਕੱਟਣ ਲਈ ਹਨ, ਨਾ ਕਿ ਇਹਨਾਂ ਵਿਚ ਸ਼ਰਧਾਲੂਆਂ ਨੂੰ ਫਸਾਉਣ ਲਈ। ਪ੍ਰਚਾਰਕ ਸ਼੍ਰੇਣੀ ਅਤੇ ਪ੍ਰਬੰਧਕ ਸੱਜਣਾਂ ਨੂੰ ਹਮੇਸ਼ਾਂ ਹੀ ਇਸ ਗੱਲ ਨੂੰ ਮੁੱਖ ਰੱਖ ਕੇ ਗੁਰਮਤਿ ਸਿਧਾਂਤਾਂ ਉੱਤੇ ਪਹਿਰਾ ਦੇਣਾ ਚਾਹੀਦਾ ਹੈ ਕਿ ਗੁਰਦੁਆਰੇ ਗੁਰੂ ਦੀ ਮਤਿ ਦੇ ਪ੍ਰਚਾਰਨ ਦੇ ਸਥਾਨ ਹਨ, ਨਾ ਕਿ ਮਨਮਤਿ ਨੂੰ ਦ੍ਰਿੜ ਕਰਾਉਣ ਜਾਂ ਮਾਇਕ ਪੱਖ ਜਾਂ ਆਮ ਮਨੁੱਖ ਦੀ ਨਰਾਜ਼ਗੀ ਜਾਂ ਪ੍ਰਸੰਨਤਾ ਨੂੰ ਮੁੱਖ ਰੱਖ ਕੇ, ਗੁਰਮਤਿ ਦੇ ਸਿਧਾਂਤਾਂ ਨਾਲ ਖਿਲਵਾੜ ਕਰਨ ਦੇ।"

'ਰਾਮਦਾਸ ਸਰੋਵਰਿ ਨਾਤੇ', 'ਨਾਲਿ ਕਿਰਾੜਾ ਦੋਸਤੀ', 'ਜਹਾ ਦਾਣੇ ਤਹਾਂ ਖਾਣੇ', 'ਗੁਰਬਾਣੀ ਵਿਚ ਰੀਸ ਦਾ ਸੰਕਲਪ' ਅਤੇ 'ਖ਼ੁਸ਼ਾਮਦ' ਆਦਿਕ ਮਜ਼ਮੂਨਾਂ

ਵਿਚ ਗੁਰਬਾਣੀ ਦੀ ਵਿਆਖਿਆ ਕਰਦਿਆਂ ਜਿਸ ਤਰੀਕੇ ਦੁਆਰਾ ਗੁਰਮਤਿ ਸਿਧਾਂਤਾਂ ਨੂੰ ਨਿਖਾਰਿਆ ਹੈ; ਉਹ ਵੀ ਗੁਰਮਤਿ ਪ੍ਰਚਾਰਕਾਂ ਲਈ ਰੌਸ਼ਨ ਮੁਨਾਰਾ ਹੈ। ਜਿਵੇਂ, ਕਿਰਾੜ ਲਫ਼ਜ਼ ਦੀ ਵਿਆਖਿਆ ਕਰਦਿਆਂ ਲਿਖਿਆ ਹੈ :

"ਗੁਰੂ ਸਾਹਿਬ ਨੇ ਇਹ ਸ਼ਬਦ ਕਿਸੇ ਵਿਸ਼ੇਸ਼ ਕਸਬ ਅਥਵਾ ਕਿੱਤੇ ਨਾਲ ਜੁੜੇ ਹੋਏ ਮਨੁੱਖ ਲਈ ਨਹੀਂ ਵਰਤਿਆ ਹੈ। ਇਹ ਸ਼ਬਦ ਉਸ ਮਨੁੱਖ ਦੇ ਭਾਵਾਰਥ ਵਿਚ ਆਇਆ ਹੈ, ਜੋ ਹਰ ਵੇਲੇ ਮਾਇਆ ਦੀਆਂ ਗਿਣਤੀਆਂ-ਮਿਣਤੀਆਂ ਹੀ ਨਹੀਂ ਕਰਦਾ, ਸਗੋਂ ਮਾਇਆ ਨੂੰ ਹਾਸਲ ਕਰਨ ਲਈ ਕੁਝ ਵੀ ਕਰਨ ਦੀ ਹੱਦ ਤੀਕ ਚਲਾ ਜਾਂਦਾ ਹੈ। ਜਿਸ ਦੇ ਦਿਲ-ਦਿਮਾਗ਼ ਵਿਚ ਇਨਸਾਨੀ ਕਦਰਾਂ-ਕੀਮਤਾਂ ਦੀ ਥਾਂ ਮਾਇਆ ਦੀ ਹੀ ਅਹਿਮੀਅਤ ਹੁੰਦੀ ਹੈ।" ਇਸ ਤਰ੍ਹਾਂ ਦੀਆਂ ਰੁਚੀਆਂ ਵਾਲੇ ਇਨਸਾਨ ਕੇਵਲ ਕਿਸੇ ਵਿਸ਼ੇਸ਼ ਕਿੱਤੇ ਵਿਚ ਹੀ ਨਹੀਂ, ਸਗੋਂ ਹਰੇਕ ਧਰਮ, ਜ਼ਾਤ, ਇਲਾਕੇ ਅਤੇ ਕਿੱਤੇ ਵਿਚ ਮਿਲਦੇ ਹਨ। ਉਦਾਹਰਣ ਵਜੋਂ ਹਜ਼ੂਰ ਧਾਰਮਿਕ ਆਗੂ ਦੀ ਕਿਰਾੜ ਬਿਰਤੀ ਦਾ ਵਰਣਨ ਕਰਦਿਆਂ ਫ਼ੁਰਮਾਂਦੇ ਹਨ :

ਧੋਤੀ ਖੋਲਿ ਵਿਛਾਏ ਹੇਠਿ ॥
ਗਰਧਪ ਵਾਂਗੂ ਲਾਹੇ ਪੇਟਿ ॥੧॥...
ਪੂਜਾ ਤਿਲਕ ਕਰਤ ਇਸਨਾਨਾਂ ॥
ਛੁਰੀ ਕਾਢਿ ਲੇਵੈ ਹਥਿ ਦਾਨਾ ॥੨॥
ਬੇਦੁ ਪੜੈ ਮੁਖਿ ਮੀਠੀ ਬਾਣੀ ॥
ਜੀਆਂ ਕੁਹਤ ਨ ਸੰਗੈ ਪਰਾਣੀ ॥੩॥ *(ਗਉੜੀ ਮਹਲਾ ੫, ਪੰਨਾ 201)*

ਮੈਨੂੰ ਤਾਂ ਇਉਂ ਪ੍ਰਤੀਤ ਹੋ ਰਿਹਾ ਹੈ ਕਿ ਇਹ ਕੋਈ ਰੱਬੀ ਕਲਾ ਵਰਤੀ ਹੈ, ਜਿਸ ਦੀ ਬਦੌਲਤ ਭਾਈ ਸਾਹਿਬ ਦੀਆਂ ਇਹ ਪੁਸਤਕਾਂ ਗੁਰੂ ਗਿਆਨ ਦੇ ਅਜਿਹੇ ਦੋ ਦੀਪਕ ਬਲੇ ਹਨ, ਜਿਨ੍ਹਾਂ ਦਾ ਉਜਾਲਾ (ਉਜਾਰਾ) ਪਾਠਕਾਂ ਦੀ ਸ਼ਖ਼ਸੀਅਤ ਨੂੰ ਸਵਾਰ ਕੇ ਤੇ ਸੋਹਣੀ ਬਣਾ ਕੇ, ਮਾਲਕ ਪ੍ਰਭੂ ਦੇ ਦਰ ਪ੍ਰਵਾਨ ਚੜ੍ਹਨ ਯੋਗ ਬਣਾਏਗਾ। ਸਤਿਗੁਰਾਂ ਦਾ ਫ਼ੁਰਮਾਨ ਹੈ ਕਿ ਜੇ ਜੀਵ-ਇਸਤ੍ਰੀ ਆਪਣੇ ਮਨ ਦੇ ਮਹਿਲ ਵਿਚ ਗਿਆਨ ਦਾ ਦੀਵਾ ਜਗਾਏ, ਹਿਰਦੇ ਨੂੰ ਪ੍ਰਭੂ-ਮਿਲਾਪ ਵਾਸਤੇ ਸੇਜ ਬਣਾਏ; ਤਾਂ ਉਸ ਦੇ ਇਸ ਸਾਰੇ ਆਤਮਿਕ ਸ਼ਿੰਗਾਰ ਉੱਤੇ ਰੀਝ ਕੇ ਜਦੋਂ ਗਿਆਨ-ਦਾਤਾ ਪ੍ਰਭੂ ਉਸ ਦੀ ਹਿਰਦੇ-ਸੇਜ ਉੱਤੇ ਪ੍ਰਗਟ ਹੁੰਦਾ ਹੈ, ਤਾਂ ਉਸ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ :

ਮਨ ਮੰਦਰਿ ਜੇ ਦੀਪਕੁ ਜਾਲੇ ਕਾਇਆ ਸੇਜ ਕਰੇਈ ॥
ਗਿਆਨ ਰਾਉ ਜਬ ਸੇਜੈ ਆਵੈ ਤ ਨਾਨਕ ਭੋਗੁ ਕਰੇਈ ॥

(ਆਸਾ ਮਹਲਾ ੧, ਪੰਨਾ 359)

ਮੈਂ ਆਸ ਰੱਖਦਾ ਹਾਂ ਕਿ ਇਹ ਪੁਸਤਕਾਂ ਪੜ੍ਹ ਕੇ ਸਾਡੇ ਸਾਰੇ ਗ੍ਰੰਥੀ ਤੇ ਪ੍ਰਚਾਰਕ ਵੀਰ ਪ੍ਰਚਾਰ ਖੇਤਰ ਵਿਚ ਭਾਈ ਜਸਬੀਰ ਸਿੰਘ ਜੀ ਦੇ ਪ੍ਰਚਾਰ ਉਪਰਾਲਿਆਂ ਦੀ ਰੀਸ ਕਰਨਗੇ ਅਤੇ ਸਿੱਖ ਸੰਗਤਾਂ ਨੂੰ ਅਜਿਹੀਆਂ ਪੁਸਤਕਾਂ ਪੜ੍ਹਨ ਲਈ ਪ੍ਰੇਰਨਗੇ।

ਜਿਥੇ ਭਾਈ ਸਾਹਿਬ ਲਿਖਤ ਪੱਖੋਂ ਵਧਾਈ ਦੇ ਪਾਤਰ ਹਨ; ਉਥੇ, ਕੈਨੇਡੀਅਨ ਸਿੱਖ ਸਟੱਡੀ ਐਂਡ ਟੀਚਿੰਗ ਸੁਸਾਇਟੀ ਵੀ ਵਧਾਈ ਦੀ ਪਾਤਰ ਹੈ, ਜਿਸ ਨੇ ਪੁਸਤਕਾਂ ਪ੍ਰਕਾਸ਼ਨ ਦੀ ਸੇਵਾ ਲਈ ਹੈ। ਜੇ ਸਾਰੇ ਗ੍ਰੰਥੀ/ਪ੍ਰਚਾਰਕ ਭਾਈ ਸਾਹਿਬ ਵਾਂਗ ਉੱਦਮ ਕਰਨ ਤੇ ਸਿੱਖ ਸੰਸਥਾਵਾਂ ਵੀ ਉਨ੍ਹਾਂ ਨੂੰ ਅਕਾਲੀ ਸਿੰਘ ਸਿੱਖ ਸੁਸਾਇਟੀ ਦੀ ਤਰ੍ਹਾਂ ਸਨਮਾਨ ਤੇ ਸਹਿਯੋਗ ਬਖ਼ਸ਼ਣ, ਤਾਂ ਪੰਥ ਦੀ ਵਿਗੜੀ ਬਣ ਸਕਦੀ ਹੈ। ਭੁੱਲ-ਚੁੱਕ ਮੁਆਫ਼।

ਗੁਣਵੰਤਿਆਂ ਪਾਛਾਰ:

ਜਗਤਾਰ ਸਿੰਘ ਜਾਚਕ

ਮਿਤੀ: 14 ਦਸੰਬਰ 2011

ਨਿਊਯਾਰਕ

ਭੂਮਿਕਾ

ਅਜੋਕੇ ਸਮੇਂ ਇੰਜ ਪ੍ਰਤੀਤ ਹੁੰਦਾ ਹੈ ਕਿ ਗੁਰਮਤਿ ਸਾਹਿਤ ਦੇ ਖੇਤਰ 'ਚ ਬਹੁਤ ਨਵੀਆਂ ਰਚਨਾਵਾਂ ਆ ਚੁੱਕੀਆ ਹਨ, ਪਰ ਜਦੋਂ ਮੁਲਾਂਕਣ ਕਰਦੇ ਹਾਂ ਤਾਂ ਇਹ ਜਾਣ ਕੇ ਦੁਖ ਹੁੰਦਾ ਹੈ ਕਿ ਜਿਥੇ ਗੁਰਮਤਿ ਸੰਬੰਧੀ ਵਿਦਵਾਨ ਲਿਖਾਰੀਆਂ ਵਲੋਂ ਗਿਆਨ-ਭਰਪੂਰ ਪੁਸਤਕਾਂ ਲਿਖੀਆਂ ਗਈਆਂ ਹਨ, ਉਥੇ ਦੂਸਰੇ ਪਾਸੇ ਕੁਝ ਲਿਖਾਰੀਆਂ ਵੱਲੋਂ ਗੁਰਮਤਿ ਬਾਰੇ ਸਪੱਸ਼ਟਤਾ ਨਾ ਹੋਣ ਕਾਰਨ ਅਜਿਹੀਆਂ ਰਚਨਾਵਾਂ ਲਿਖੀਆਂ ਗਈਆਂ ਹਨ, ਜੋ ਕਿ ਕਰਮ-ਕਾਂਡਾਂ ਨਾਲ ਭਰਪੂਰ ਹਨ। ਪੁਸਤਕਾਂ ਤੋਂ ਇਲਾਵਾ ਕੁਝ ਵਿਅਕਤੀਆਂ ਵੱਲੋਂ ਕਥਾ ਦੀਆਂ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੁੱਚੀ ਬਾਣੀ ਦੇ ਅਰਥਾਂ ਦੀਆਂ ਮੁਫ਼ਤ ਸੀਡੀਜ਼ ਵੰਡੀਆਂ ਜਾ ਰਹੀਆਂ ਹਨ, ਜੋ ਕਿ ਗੁਰਮਤਿ ਦੀ ਕਸਵੱਟੀ ਅਨੁਸਾਰ ਗੁਰਮਤਿ ਵਿਰੋਧੀ ਹਨ। ਇਸ ਤੋਂ ਪਹਿਲਾਂ ਵੀ ਡੇਰਾਵਾਦ ਦੇ ਪ੍ਰਬੰਧ/ਪ੍ਰਭਾਵ ਹੇਠ ਸਿੱਖਿਆ ਪ੍ਰਾਪਤ ਕਰਨ ਵਾਲੇ ਕਥਾਕਾਰਾਂ ਵੱਲੋਂ ਮੂਲ-ਮੰਤਰ ਦੇ ਸਰੂਪ ਬਾਰੇ ਭੁਲੇਖੇ ਪਾਏ ਗਏ ਹਨ। ਇਹੀ ਕਥਾਕਾਰ ਗੁਰਬਾਣੀ ਦੀ ਸੋਚ ਨੂੰ ਪ੍ਰਗਟ ਕਰਨ ਦੀ ਥਾਂ ਭੋਲੇ-ਭਾਲੇ ਲੋਕਾਂ ਅੰਦਰ ਕਲਪਿਤ ਕਹਾਣੀਆਂ ਨੂੰ ਆਧਾਰ ਮੰਨ ਕੇ ਵਿਆਖਿਆ ਕਰਦੇ ਹਨ, ਜਿਸ ਕਰਕੇ ਗੁਰਮਤਿ ਦਾ ਸਿਧਾਂਤਕ ਪੱਖੋਂ ਸਹੀ ਪ੍ਰਚਾਰ ਨਹੀਂ ਹੋ ਰਿਹਾ।

ਅਕਾਲ ਪੁਰਖ ਦਾ ਸ਼ੁਕਰ ਹੈ ਕਿ ਸਾਡੇ ਪਾਸ ਕੁਝ ਨਵੇਂ ਵਿਦਵਾਨ ਕਥਾਕਾਰ ਅਤੇ ਲੇਖਕ ਹਨ, ਜੋ ਗੁਰਮਤਿ ਦੀ ਵਧੇਰੇ ਸੂਝ ਰੱਖਦੇ ਹਨ ਅਤੇ ਨਿਧੜਕ ਹੋ ਕੇ ਗੁਰਬਾਣੀ ਦੇ ਸੱਚ ਨੂੰ ਪ੍ਰਚਾਰਦੇ ਹਨ। ਇਨ੍ਹਾਂ ਵਿਦਵਾਨਾਂ ਵਿੱਚੋਂ ਭਾਈ ਸਾਹਿਬ ਜਸਬੀਰ ਸਿੰਘ ਜੀ ਵੈਨਕੂਵਰ ਨਿਵਾਸੀ ਹਨ। ਭਾਈ ਸਾਹਿਬ ਜਿਥੇ ਇਕ ਪ੍ਰਬੀਨ ਕਥਾਕਾਰ ਹਨ, ਉਸ ਦੇ ਨਾਲ ਹੀ ਗੁਰਮਤਿ ਸੰਬੰਧੀ ਅਤੇ 'ਗੁਰਬਾਣੀ ਦਾ ਸੱਚ' ਵਿਸ਼ੇ ਹੇਠ ਨਿਰੰਤਰ ਖੋਜ ਭਰਪੂਰ ਰਚਨਾਵਾਂ ਲਿਖਦੇ ਹਨ। ਇਨ੍ਹਾਂ ਰਚਨਾਵਾਂ ਦੁਆਰਾ ਗੁਰਮਤਿ ਦੇ ਅਨੇਕਾਂ ਅਣਛੂਹੇ ਪੱਖਾਂ 'ਤੇ ਰੋਸ਼ਨੀ ਪਾਉਣ ਦਾ ਯਤਨ ਕਰ ਰਹੇ ਹਨ। ਭਾਈ ਸਾਹਿਬ ਜੀ ਲੰਮੇ ਸਮੇਂ ਤੋਂ ਗੁਰਮਤਿ ਸੰਬੰਧੀ ਖੋਜ ਕਰਦੇ ਰਹੇ ਹਨ ਅਤੇ ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਸ੍ਰੀ ਅੰਮ੍ਰਿਤਸਰ ਤੋਂ ਯੋਗ ਅਧਿਆਪਕਾਂ ਦੁਆਰਾ ਗੁਰਮਤਿ ਸਿੱਖਿਆ ਪ੍ਰਾਪਤ ਕਰ ਕੇ ਅਨੇਕਾਂ ਥਾਵਾਂ 'ਤੇ ਸੇਵਾ ਕੀਤੀ ਅਤੇ ਯੂਨੀਵਰਸਿਟੀ ਤੋਂ ਮਾਸਟਰ ਪੱਧਰ ਤਕ ਵਿੱਦਿਆ ਸੰਪੂਰਨ ਕੀਤੀ।

ਭਾਈ ਸਾਹਿਬ ਗੁਰਬਾਣੀ ਸੰਬੰਧੀ ਨਵੀਂ ਵਿਆਖਿਆ-ਪ੍ਰਣਾਲੀ ਦੀ ਪਰੰਪਰਾ ਸਥਾਪਤ ਕਰਨ ਵਾਲਿਆਂ ਨੂੰ ਵੀ ਨਿਮਰਤਾ ਸਹਿਤ ਸੰਦੇਸ਼ ਦੇ ਰਹੇ ਹਨ ਕਿ ਉਹ

ਸਮੇਂ ਤੇ ਸਥਾਨ ਦੇ ਸੱਚ ਦੀ ਸਾਰਥਿਕਤਾ ਤੋਂ ਮੁਨਕਰ ਨਾ ਹੋਣ। ਕਈ ਵਾਰੀ ਅਜਿਹੇ ਵਿਆਖਿਆਕਾਰ ਕੁਝ ਸ਼ਬਦਾਂ ਦੀ ਵਿਆਖਿਆ ਕਰਨ ਸਮੇਂ ਅਰਥਾਂ ਪ੍ਰਤੀ ਖਿੱਚ-ਧੂਹ ਕਰ ਕੇ ਸਦੀਵੀ ਸੱਚ ਨੂੰ ਸਾਹਮਣੇ ਰੱਖਦੇ ਹਨ ਅਤੇ ਗੁਰਬਾਣੀ ਦੇ ਵਿਆਕਰਣਕ ਨਿਯਮਾਂ ਨੂੰ ਵੀ ਲਾਂਭੇ ਕਰ ਦੇਂਦੇ ਹਨ। ਇਸ ਲਈ ਵਿਆਖਿਆ ਪਰੰਪਰਾ ਸੰਬੰਧੀ, ਉਨ੍ਹਾਂ ਨੇ ਕਾਫ਼ੀ ਵਿਦਵਾਨਾਂ ਨੂੰ ਸੁਚੇਤ ਕੀਤਾ ਹੈ, ਤਾਂ ਜੋ ਭਵਿੱਖ 'ਚ ਗੁਰਬਾਣੀ ਦੀ ਵਿਆਖਿਆ ਦੇ ਖੇਤਰ 'ਚ ਕੋਈ ਦੁਬਿੱਧਾ ਨਾ ਖੜੀ ਹੋਵੇ।

ਇਸ ਪੁਸਤਕ ਵਿਚ ਭਾਈ ਸਾਹਿਬ ਹੋਰਾਂ ਗੁਰੂ-ਕਾਲ ਅੰਦਰ ਪ੍ਰਚਲਿਤ ਸਮਕਾਲੀ ਸ਼ਬਦਾਵਲੀ ਜਾਂ ਮਿਥਿਹਾਸਕ ਨਾਵਾਂ ਤੇ ਥਾਵਾਂ ਸਬੰਧੀ ਬਹੁਤ ਸਪੱਸ਼ਟ ਲਿਖਿਆ ਹੈ। ਜਿਵੇਂ ਪੁਰਾਤਨ ਪ੍ਰਚਲਿਤ ਧਾਰਨਾਵਾਂ ਸਨ—ਤੀਨ ਲੋਕ, ਸੱਚਖੰਡ, ਚੌਰਾਸੀ ਲੱਖ ਜੂਨਾਂ, ਚੌਦਾਂ ਰਤਨ, ਪੁਰੀਆਂ, ਪਾਰਜਾਤ ਦਰੱਖ਼ਤ ਆਦਿਕ ਦੀ ਹੋਂਦ ਹੈ, ਇਨ੍ਹਾਂ ਸ਼ਬਦਾਂ ਦਾ ਗੁਰਬਾਣੀ ਅੰਦਰ ਬਹੁਤ ਥਾਈਂ ਪ੍ਰਯੋਗ ਹੋਇਆ ਹੈ, ਪਰ ਇਨ੍ਹਾਂ ਦੀ ਹੋਂਦ ਨੂੰ ਸੱਚ ਨਹੀਂ ਮੰਨਿਆ। ਇਨ੍ਹਾਂ ਪੁਰਾਤਨ ਸ਼ਬਦਾਂ ਨੂੰ ਵੱਖਰੇ ਅਰਥਾਂ ਵਿਚ ਪ੍ਰਯੋਗ ਕੀਤਾ ਹੈ। ਉਦਾਹਰਣ ਵਜੋਂ ਲੋਕਾਂ ਅੰਦਰ ਵਿਸ਼ਵਾਸ ਸੀ ਕਿ ਕੋਈ ਵੱਖਰੀਆਂ ਪੁਰੀਆਂ (ਥਾਵਾਂ) ਹਨ, ਪਰ ਗੁਰਬਾਣੀ ਨੇ ਇਨ੍ਹਾਂ ਪੁਰੀਆਂ ਸੰਬੰਧੀ ਆਪਣਾ ਵਿਲੱਖਣ ਪੱਖ ਪੇਸ਼ ਕੀਤਾ:

ਇੰਦ੍ਰ ਪੁਰੀ ਮਹਿ ਸਰਪਰ ਮਰਣਾ॥
ਬ੍ਰਹਮ ਪੁਰੀ ਨਿਹਚਲੁ ਨਹੀ ਰਹਣਾ॥ *(ਗਉੜੀ ਮ: ੫, ਪੰਨਾ 237)*

ਇਸ ਤਰ੍ਹਾਂ ਹੀ ਪਾਰਜਾਤ ਦਰੱਖ਼ਤ ਸੰਬੰਧੀ ਵਿਸ਼ਵਾਸ ਕੀਤਾ ਜਾਂਦਾ ਸੀ ਕਿ ਇਹ ਮਨੋਕਾਮਨਾਵਾਂ ਪੂਰੀਆਂ ਕਰਨ ਦੇ ਸਮਰੱਥ ਹੈ, ਪਰ ਗੁਰਬਾਣੀ ਨੇ ਸਪੱਸ਼ਟ ਕੀਤਾ ਹੈ ਕਿ "ਗੁਰੁ ਤੀਰਥੁ ਗੁਰੁ ਪਾਰਜਾਤੁ ਗੁਰੁ ਮਨਸਾ ਪੂਰਣਹਾਰੁ" ਹੈ, ਨਾ ਕਿ ਕੋਈ ਕਲਪਿਤ ਦਰੱਖ਼ਤ।

ਭਾਈ ਸਾਹਿਬ ਨੇ ਯਤਨ ਕੀਤਾ ਹੈ ਕਿ ਅਜਿਹੇ ਅਨੇਕਾਂ ਪੁਰਾਤਨ ਨਾਵਾਂ/ਥਾਵਾਂ ਦੀ ਗੁਰਮਤਿ ਅਨੁਸਾਰ ਸਪੱਸ਼ਟਤਾ ਹੋਵੇ ਤਾਂ ਜੋ ਲੋਕ-ਮਨਾਂ 'ਚ ਵਹਿਮ ਤੇ ਭੁਲੇਖੇ ਨਾ ਰਹਿਣ।

ਉਮੀਦ ਰੱਖਦੇ ਹਾਂ ਕਿ ਗੁਰਬਾਣੀ ਦੇ ਸੱਚ ਸੰਬੰਧੀ ਭਾਈ ਜਸਬੀਰ ਸਿੰਘ ਜੀ ਆਪਣੀਆਂ ਨਿਰੰਤਰ ਖੋਜ ਭਰਪੂਰ ਲਿਖਤਾਂ ਦੁਆਰਾ ਆਪਣਾ ਯੋਗਦਾਨ ਪਾਉਂਦੇ ਰਹਿਣਗੇ ਅਤੇ ਇਨ੍ਹਾਂ ਦੀਆਂ ਰਚਨਾਵਾਂ ਤੋਂ ਸਾਡੇ ਕਥਾਕਾਰ ਤੇ ਪ੍ਰਚਾਰਕ ਲਾਹਾ ਲੈ ਸਕਣਗੇ।

ਡਾਕਟਰ ਪੂਰਨ ਸਿੰਘ
ਸੰਪਾਦਕ,
ਸਿੱਖ ਮਾਰਗ ਤੇ ਕੈਨੇਡੀਅਨ ਪੰਜਾਬ ਟਾਈਮਜ਼,
ਕੈਨੇਡੀਅਨ ਸਿੱਖ ਸਟਡੀ ਤੇ ਟੀਚਿੰਗ ਸੁਸਾਇਟੀ,
ਵੈਨਕੂਵਰ, ਬੀ.ਸੀ.

ਗੁਰਬਾਣੀ ਦਾ ਸਿਧਾਂਤਕ ਸੱਚ ਅਤੇ ਪ੍ਰਚਲਿਤ ਧਾਰਨਾਵਾਂ ਬਾਰੇ

ਅਕਾਲੀ ਸਿੰਘ ਸਿੱਖ ਗੁਰਦੁਆਰਾ ਸਾਹਿਬ ਦੀ ਸੰਗਤ ਵਿਚ ਬੈਠ ਕੇ ਭਾਈ ਸਾਹਿਬ ਭਾਈ ਜਸਬੀਰ ਸਿੰਘ ਜੀ ਵੱਲੋਂ ਕੀਤੀ ਗੁਰਬਾਣੀ ਸ਼ਬਦ ਦੀ ਵਿਚਾਰ ਸੁਣਨ ਦਾ ਸੁਭਾਗਾ ਅਵਸਰ ਮਿਲਦਾ ਰਹਿੰਦਾ ਹੈ ਅਤੇ ਕਈ ਵਾਰ ਮਨ ਵਿਚ ਵਿਚਾਰ ਆਇਆ ਕਿ ਬਹੁਤ ਚੰਗਾ ਹੋਵੇ ਜੇ ਇਹ ਗੁਰਬਾਣੀ ਸ਼ਬਦ ਦੀਆਂ ਵੀਚਾਰਾਂ ਲਿਖਤੀ ਰੂਪ ਵਿਚ ਸੰਗਤਾਂ ਦੇ ਸਾਹਮਣੇ ਆ ਜਾਣ, ਜਿਸ ਸਦਕਾ ਦੁਬਾਰਾ ਵੀ ਪੜ੍ਹੀਆਂ ਜਾ ਸਕਣਗੀਆਂ। ਲਿਖਤੀ ਰੂਪ ਵਿਚ ਆਈਆਂ ਗੁਰ-ਸ਼ਬਦ ਦੀਆਂ ਵੀਚਾਰਾਂ ਦਾ ਉਹ ਲੋਕ ਵੀ ਲਾਭ ਲੈ ਸਕਣਗੇ, ਜੋ ਗੁਰੂ-ਸੰਗਤ ਵਿਚ ਕਿਸੇ ਕਾਰਨ ਨਹੀਂ ਆ ਸਕਦੇ।

ਇਸ ਖ਼ਿਆਲ ਨਾਲ ਇਕ ਵੇਰ ਭਾਈ ਜਸਬੀਰ ਸਿੰਘ ਜੀ ਨਾਲ ਮਿਲ ਕੇ ਬੇਨਤੀ ਕੀਤੀ, ਜਿਸ ਦੇ ਫਲਸਰੂਪ ਭਾਈ ਸਾਹਿਬ ਨੇ ਗੁਰਮਤਿ ਵੀਚਾਰ ਦੇ ਲੇਖ ਲਿਖ ਕੇ, ਕਮਿਊਨਿਟੀ ਦੇ ਹਫ਼ਤਾਵਾਰੀ ਪੰਜਾਬੀ ਪਰਚਿਆਂ ਵਿਚ ਦੇਣੇ ਸ਼ੁਰੂ ਕਰ ਦਿੱਤੇ, ਜੋ ਹੁਣ ਇਸ ਹੱਥਲੀ ਕਿਤਾਬ ਦੇ ਰੂਪ ਵਿਚ ਛਾਪੇ ਜਾ ਰਹੇ ਹਨ।

ਜਿਵੇਂ "ਸਿਖੀ ਸਿਖਿਆ ਗੁਰ ਵੀਚਾਰਿ" ਅਨੁਸਾਰ, ਗੁਰਬਾਣੀ ਸੁਣਨ ਜਾਂ ਆਪ ਪੜ੍ਹਨ ਅਤੇ ਇਸ ਨੂੰ ਵਿਚਾਰਨ ਅਤੇ ਸਮਝਣ ਪਿੱਛੋਂ ਪ੍ਰਾਪਤ ਕੀਤੀ ਸਿੱਖਿਆ ਨੂੰ ਜੀਵਨ ਵਿਚ ਵਰਤਣਾ ਹੀ ਸਿੱਖ ਬਣਨਾ ਹੈ, ਉਸੇ ਤਰ੍ਹਾਂ ਗੁਰਬਾਣੀ ਦੀ ਚੰਗੀ ਸੂਝ ਅਤੇ ਸਮਝ ਦੁਆਰਾ, ਅਸੀਂ ਨਿਰਣੇ ਸਹਿਤ ਇਹ ਵੀ ਕਹਿ ਸਕਾਂਗੇ ਕਿ ਕਿਸੇ ਲੇਖਕ ਵੱਲੋਂ ਬਾਣੀ ਰਚਨਾਕਾਰਾਂ ਦੇ ਜੀਵਨ ਸਿਧਾਂਤ ਬਾਰੇ ਅਤੇ ਉਨ੍ਹਾਂ ਦੇ ਜੀਵਨ ਇਤਿਹਾਸ ਬਾਰੇ ਠੀਕ ਲਿਖਿਆ ਹੈ ਕਿ ਨਹੀਂ। ਇਹੀ ਕਾਰਨ ਹੈ ਕਿ ਅੱਜ ਦੇ ਵਿਦਵਾਨਾਂ ਵੱਲੋਂ ਰਚਿਆ ਜਾ ਰਿਹਾ ਸਿੱਖ-ਸਾਹਿਤ ਅਤੇ ਸਿੱਖ-ਇਤਿਹਾਸ, ਪਾਠਕ ਨੂੰ ਗੁਰਬਾਣੀ ਦੇ ਸਿਧਾਂਤ ਅਤੇ ਸੱਚ ਤੋਂ ਬਹੁਤ ਦੂਰ ਲਿਜਾ ਰਿਹਾ ਹੈ ਅਤੇ ਸੂਝਵਾਨ ਪਾਠਕਾਂ ਵਿਚ ਬੜੀ ਪਰੇਸ਼ਾਨੀ ਪੈਦਾ ਕਰ ਰਿਹਾ ਹੈ।

ਇਸ ਦੇ ਕਈ ਕਾਰਨ ਹਨ। ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਮਗਰੋਂ ਗੁਰਬਾਣੀ ਪ੍ਰਚਾਰ ਅਤੇ ਗੁਰਬਾਣੀ ਸਿਧਾਂਤ ਦਾ ਪ੍ਰਸਾਰ ਬਹੁਤ ਘੱਟ ਗਿਆ ਸੀ। ਇਥੋਂ ਤਕ ਕਿ ਸਿੱਖ ਮਿਸਲਾਂ ਸਮੇਂ, ਸਿੱਖਾਂ ਦਾ ਜੰਗਾਂ-ਯੁੱਧਾਂ ਵਿਚ ਰੁੱਝੇ ਰਹਿਣ ਕਾਰਨ, ਇਹ ਪ੍ਰਚਾਰ ਅਤੇ ਪ੍ਰਸਾਰ ਬੰਦ ਹੀ ਹੋ ਗਿਆ, ਜੋ ਸਿੱਖ ਰਾਜ ਸਥਾਪਤ ਹੋ ਜਾਣ ਪਿੱਛੋਂ ਪੂਰੀ ਤਰਾਂ ਖ਼ਤਮ ਹੋ ਗਿਆ ਸੀ। ਇਸ ਦੀ ਥਾਂ ਉਨ੍ਹਾਂ ਕਰਮ-ਕਾਂਡਾਂ ਅਤੇ ਜਾਦੂ-ਟੂਣਿਆਂ, ਅਖੌਤੀ ਕਰਾਮਾਤਾਂ, ਕਬਰਾਂ 'ਤੇ ਦੀਵੇ ਜਗਾਉਣੇ, ਤਵੀਤ

ਧਾਗਿਆਂ, ਅਖੌਤੀ ਤੀਰਥਾਂ ਉੱਤੇ ਇਸ਼ਨਾਨ ਕਰਨੇ, ਦੇਵੀਆਂ ਦੀ ਪੂਜਾ ਆਦਿ ਦੇ ਕਰਮ-ਕਾਂਡ ਸ਼ੁਰੂ ਹੋ ਗਏ। ਮਸੰਦਾਂ, ਨਿਰਮਲਿਆਂ, ਉਦਾਸੀਆਂ ਨੇ ਗੁਰਦੁਆਰਾ ਅਸਥਾਨਾਂ ਉੱਤੇ ਪੂਰੀ ਤਰਾਂ ਕਬਜ਼ਾ ਕਰ ਲਿਆ ਸੀ। ਆਮ ਜਨਤਾ ਦੇ ਧਰਮ ਪ੍ਰਤੀ ਵਿਸ਼ਵਾਸ ਦਾ ਸ਼ੋਸ਼ਣ ਕਰਦੇ ਹੋਏ, ਸਿੱਖੀ ਦੇ ਵਿਰੋਧੀਆਂ ਵਲੋਂ, ਗੁਰੂ ਨਾਨਕ ਦੇਵ ਜੀ ਦੇ ਦਰਸ਼ਨ-ਮਾਰਗ ਦੇ ਵਿਪਰੀਤ ਅਖੌਤੀ ਗ੍ਰੰਥ, ਪੁਸਤਕਾਂ ਅਤੇ ਸਿੱਖ-ਇਤਿਹਾਸ ਲਿਖਿਆ ਜਾਣਾ ਸ਼ੁਰੂ ਹੋ ਗਿਆ ਸੀ। ਸਿੱਖ ਸਾਹਿਤ ਅਤੇ ਸਿੱਖ-ਇਤਿਹਾਸ ਦੀਆਂ, ਗੁਰਬਾਣੀ ਦੇ ਸੱਚ 'ਤੇ ਆਧਾਰਿਤ ਪੁਸਤਕਾਂ ਲਿਖਣ ਦੀ ਥਾਂ, ਅਨਮੱਤੀਆਂ ਦਾ ਸਾਹਿਤ ਅਤੇ ਇਤਿਹਾਸ ਲਿਖਿਆ ਜਾਣਾ ਸ਼ੁਰੂ ਹੋ ਗਿਆ ਸੀ। ਇਸ ਦੇ ਸਬੂਤ ਲਈ *ਗੁਰਬਿਲਾਸ ਪਾਤਸ਼ਾਹੀ ਛੇਵੀਂ* ਇਕ ਬੜੀ ਚੰਗੀ ਉਦਾਹਰਣ ਹੈ ਕਿ ਇਸ ਦੇ ਚਾਤੁਰ ਲਿਖਾਰੀ ਨੇ ਇਸ ਕਿਤਾਬ ਉੱਤੇ ਆਪਣਾ ਨਾਮ ਵੀ ਨਹੀਂ ਸੀ ਲਿਖਿਆ। ਹੋਰ ਵੀ ਕੋਝੀ ਚਾਲ ਇਹ ਸੀ ਕਿ ਇਸ *ਗੁਰਬਿਲਾਸ ਪਾਤਸ਼ਾਹੀ ਛੇਵੀਂ* ਦੇ ਆਧਾਰਿਤ ਗੁਰਦੁਆਰਿਆਂ ਵਿਚ ਬੜੀਆਂ ਮਿਥਿਹਾਸਕ ਅਤੇ ਰੌਚਕ ਕਹਾਣੀਆਂ ਅਤੇ ਕਥਾਵਾਂ ਸੁਣਾਈਆਂ ਜਾਂਦੀਆਂ ਸਨ। ਇਸ ਤੋਂ ਵੀ ਵੱਧ ਦੁਖਾਂਤ ਇਹ ਹੈ ਕਿ ਸਿੱਖੀ ਸਰੂਪ ਵਾਲੇ ਅਤੇ ਮੀਰੀ ਪੀਰੀ ਦੇ ਸਿਧਾਂਤ ਨੂੰ ਪ੍ਰਚਾਰਨ ਅਤੇ ਇਸ ਉੱਤੇ ਪਹਿਰਾ ਦੇਣ ਵਾਲੇ ਸਥਾਪਤ ਅਖੌਤੀ ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਅਤੇ ਡਾ. ਅਮਰਜੀਤ ਸਿੰਘ, ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ, ਨੇ ਇਸ ਗੁੰਮਨਾਮ ਲਿਖਾਰੀ ਦੀ ਕਿਤਾਬ ਦੇ ਕਠਿਨ ਸ਼ਬਦਾਂ ਦੇ ਅਰਥ ਫ਼ੁੱਟ ਨੋਟਾਂ ਵਿਚ ਲਿਖ ਕੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਾਂਵ ਹੇਠ, ਅਤੇ ਖ਼ਰਚ ਉੱਤੇ ਛਪਵਾ ਦਿੱਤੀ। ਸਿੱਟੇ ਵਜੋਂ ਇਸ ਵਿਚ ਗੁਰੂ ਜੀ ਦੀਆਂ ਜੀਵਨੀਆਂ ਬਾਰੇ ਲਿਖੀਆਂ ਘਿਣਾਉਣੀਆਂ ਅਤੇ ਗੁਰੂਆਂ ਨੂੰ ਦੁਰਾਚਾਰੀ ਦਰਸਾਉਂਦੀਆਂ ਕਹਾਣੀਆਂ ਨੂੰ ਧਾਰਮਿਕ ਅਸਥਾਨਾਂ ਵਿਚ ਪ੍ਰਚਾਰਿਆ ਜਾਣਾ ਸ਼ੁਰੂ ਹੋ ਗਿਆ। ਇਥੇ ਹੀ ਬਸ ਨਹੀਂ ਸੀ, ਇਸ ਕਿਤਾਬ ਦੇ ਮੁਖਬੰਧ ਵਿਚ, ਗੁਰਚਰਨ ਸਿੰਘ ਟੌਹੜਾ, ਅਖੌਤੀ ਜਥੇਦਾਰ ਰਣਜੀਤ ਸਿੰਘ, ਪੰਥ ਰਤਨ ਗਿਆਨੀ ਸੰਤ ਸਿੰਘ ਮਸਕੀਨ ਵਰਗਿਆਂ ਨੇ ਇਸ ਕਿਤਾਬ ਦੀ ਪ੍ਰੌੜ੍ਹਤਾ ਵਿਚ ਆਪਣੇ ਮਨੋਹਰ ਸ਼ਬਦ ਲਿਖੇ। ਏਸੇ ਕਿਤਾਬ ਨੂੰ ਆਧਾਰ ਸੋਮਾ ਬਣਾ ਕੇ, ਹੋਰ ਸਿੱਖ ਕਹਾਉਂਦੇ ਵਿਦਵਾਨਾਂ ਨੇ ਕਈ ਹੋਰ ਗ੍ਰੰਥ, ਪੁਸਤਕਾਂ ਅਤੇ ਸਾਹਿਤ ਲਿੱਖ ਦਿੱਤਾ, ਜੋ ਅੱਜ ਸਿੱਖਾਂ ਲਈ ਬੜੀ ਮੁਸੀਬਤ ਬਣਿਆ ਪਿਆ ਹੈ। *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਅਤੇ *ਸ੍ਰੀ ਗੁਰ ਪੰਥ ਪ੍ਰਕਾਸ਼* ਵਰਗੀਆਂ ਲਿਖਤਾਂ ਵੀ ਕਰਮਾਂ-ਕਾਂਡਾਂ, ਵਹਿਮਾਂ-ਭਰਮਾਂ ਨੂੰ ਹੀ ਪ੍ਰਚਾਰਦੀਆਂ ਹਨ।

ਇਸ ਤਰਾਂ ਸਿੱਖੀ ਪ੍ਰਚਾਰ ਅਤੇ ਪ੍ਰਸਾਰ ਦੀ ਥਾਂ, ਸਿੱਖੀ ਦੇ ਨਾਂ 'ਤੇ ਸਿੱਖੀ-ਸਿਧਾਂਤ ਦੇ ਵਿਗਾੜੇ ਰੂਪ ਵਿਚ ਸਿੱਖ ਸਾਹਿਤ ਲਿਖਿਆ ਜਾਣਾ ਸ਼ੁਰੂ ਹੋ ਗਿਆ। ਇਨ੍ਹਾਂ ਅਖੌਤੀ ਲਿਖੇ ਗ੍ਰੰਥਾਂ ਅਤੇ ਪੁਸਤਕਾਂ ਦੇ ਅਨੁਸਾਰ ਹੀ ਸਿੱਖੀ ਪ੍ਰਚਾਰ ਸ਼ੁਰੂ ਹੋ ਗਿਆ ਸੀ। ਇਹ ਸ਼ੁਰੂ ਹੋਇਆ ਪ੍ਰਚਾਰ ਅਤੇ ਪ੍ਰਸਾਰ ਨਿਰੰਤਰ ਢਾਈ ਸਦੀਆਂ ਤੋਂ ਵੀ ਉਪਰ ਚੱਲਦਾ ਆ ਰਿਹਾ ਹੈ ਅਤੇ ਅਜੇ ਵੀ ਚਾਲੂ ਹੈ। ਇਹੀ ਕਾਰਨ ਹਨ ਕਿ ਆਪਣੇ ਆਪ ਨੂੰ ਅਸੀਂ ਸਿੱਖ ਕਹਾਉਂਦੇ ਲੋਕ, ਅਸਲ ਵਿਚ ਸਿੱਖੀ ਤੋਂ ਕੋਹਾਂ ਦੂਰ ਹੀ ਨਹੀਂ ਚਲੇ ਗਏ,

ਸਗੋਂ ਸਾਨੂੰ ਗੁਰਬਾਣੀ ਨਾਲੋਂ ਟੁੱਟਿਆਂ ਨੂੰ ਹੁਣ ਠੀਕ ਸਿੱਖੀ ਸਿਧਾਂਤ ਸਮਝਣ ਵਿਚ ਬੜੀਆਂ ਔਕੜਾਂ ਪੇਸ਼ ਆ ਰਹੀਆਂ ਹਨ। ਅਖੌਤੀ ਸਾਧਾਂ, ਸੰਤਾਂ, ਬਾਬਿਆਂ ਆਦਿ ਦੇ ਡੇਰਿਆਂ ਦਾ ਪੂਰਾ ਬੋਲ-ਬਾਲਾ ਹੋ ਗਿਆ ਹੈ ਜੋ ਹੁਣ ਬਾਬਿਆਂ, ਰਾਧਾ ਸਵਾਮੀਆਂ ਅਤੇ ਨਾਮਧਾਰੀਆਂ ਦੇ ਡੇਰਿਆਂ, ਟਕਸਾਲਾਂ, ਅਖੌਤੀ ਪੂਰਨ ਬ੍ਰਹਮ ਗਿਆਨੀਆਂ, ਨਾਨਕਸਰੀਆਂ ਅਤੇ ਅਖੌਤੀ ਮਾਤਾ ਕੌਲਾਂ ਦੇ ਨਾਵਾਂ ਹੇਠ ਪ੍ਰਚਲਿਤ ਹੋ ਗਏ ਹਨ।

ਇਸ ਦੇ ਫਲਸਰੂਪ, ਹੁਣ ਸਾਨੂੰ ਠੀਕ ਸਿੱਖੀ ਸਿਧਾਂਤਾਂ ਬਾਰੇ ਜਾਣੂ ਕਰਾਉਣ ਵਾਲੇ ਲੋਕ ਬੁਰੇ ਲੱਗਦੇ ਹਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸਥਾਪਤ, ਅਖੌਤੀ ਜਥੇਦਾਰ ਵੀ ਸਿੱਖੀ ਸਿਧਾਂਤ ਬਾਰੇ ਸਹੀ ਜਾਣਕਾਰੀ ਦੇਣ ਵਾਲਿਆਂ ਨੂੰ, ਸ਼ਬਦ-ਗੁਰੂ ਦੇ ਸਿਧਾਂਤ ਦੇ ਵਿਪ੍ਰੀਤ ਸਿੱਖੀ ਵਿੱਚੋਂ ਛੇਕ ਰਹੇ ਹਨ।

ਗੁਰਬਾਣੀ ਦੇ ਸਿਧਾਂਤ ਦੀ ਥੋੜ੍ਹੀ ਜਿਹੀ ਵੀ ਸੂਝ ਰੱਖਦਿਆਂ, ਜਦੋਂ ਅਸੀਂ ਅੱਜ ਦੇ ਵਿਦਵਾਨਾਂ ਵੱਲੋਂ ਲਿਖਿਆ ਜਾ ਰਿਹਾ ਸਿੱਖ ਸਾਹਿਤ ਅਤੇ ਸਿੱਖ-ਇਤਿਹਾਸ ਪੜ੍ਹਾਂਗੇ ਤਾਂ ਪਤਾ ਚੱਲੇਗਾ ਕਿ ਬਹੁਤਾ ਸਿੱਖ ਸਾਹਿਤ ਅਤੇ ਸਿੱਖ-ਇਤਿਹਾਸ ਗੁਰਬਾਣੀ ਅਨੁਸਾਰੀ ਨਹੀਂ ਹੈ। ਇਹ ਵੀ ਸੂਝ ਮਿਲੇਗੀ ਕਿ ਇਸ ਦਾ ਕਾਰਨ ਸਿੱਖ ਸਾਹਿਤ ਅਤੇ ਸਿੱਖ-ਇਤਿਹਾਸ ਦੇ ਲਿਖਾਰੀਆਂ ਦਾ ਗੁਰਬਾਣੀ ਦੇ ਸਿਧਾਂਤ ਅਤੇ ਗੁਰਬਾਣੀ ਦੀ ਸੂਝ ਤੋਂ ਕੋਰੇ ਹੋਣਾ ਹੀ ਹੈ, ਜੋ ਪਹਿਲੇ ਲਿਖਾਰੀਆਂ ਦੀਆਂ ਲਿਖਤਾਂ ਨਾਲੋਂ ਥੋੜ੍ਹਾ ਬਹੁਤ ਫ਼ਰਕ ਪਾ ਕੇ, ਕਰਮ-ਕਾਂਡਾਂ, ਅਤੇ ਬ੍ਰਾਹਮਣਵਾਦੀ ਸੋਚ ਨੂੰ ਅਪਨਾਉਂਦਿਆਂ ਹੋਇਆਂ, ਸਿੱਖੀ ਸਾਹਿਤ ਅਤੇ ਸਿੱਖ-ਇਤਿਹਾਸ ਦੀ ਰਚਨਾ ਕਰ ਰਹੇ ਹਨ।

ਇਹ ਸਭ ਕੁਝ ਅਜੇ ਵੀ ਚੱਲ ਰਿਹਾ ਹੈ, ਭਾਵੇਂ ਸਿੰਘ ਸਭਾ ਲਹਿਰ ਦੇ ਮੋਢੀਆਂ ਕਾਰਨ ਅਤੇ ਪਿਛਲੇ ਪੰਜ ਕੁ ਦਹਾਕਿਆਂ ਤੋਂ ਕੁਝ ਸਿੱਖ ਵਿਦਵਾਨਾਂ ਵੱਲੋਂ ਗੁਰੂ ਆਸ਼ੇ ਅਨੁਸਾਰ ਖੋਜ ਸ਼ੁਰੂ ਕੀਤੀ ਗਈ ਹੈ ਅਤੇ ਠੀਕ ਸਿੱਖ-ਇਤਿਹਾਸ ਅਤੇ ਸਿੱਖ ਸਾਹਿਤ ਲਿਖਣ ਦਾ ਚੰਗਾ ਉੱਦਮ ਸ਼ੁਰੂ ਹੋਇਆ ਹੈ।

ਇਹੋ ਜਿਹੇ ਸਮੇਂ ਬੜੀ ਲੋੜ ਹੈ ਕਿ ਜਨ-ਸਾਧਾਰਨ ਦੀ ਸਿੱਖੀ ਧਾਰਮਿਕ ਸੂਝ ਲਈ ਗੁਰਬਾਣੀ ਸਿਧਾਂਤ ਨੂੰ ਸਮਰਪਤ ਗੁਰੂ ਸ਼ਬਦ ਦੀ ਵਿਚਾਰ, ਗੁਰੂਆਂ, ਭਗਤਾਂ ਅਤੇ ਸੂਰਮੇ ਸਿੰਘਾਂ-ਸਿੰਘਣੀਆਂ ਦੀਆਂ ਜੀਵਨੀਆਂ ਦਾ ਸ਼ੁੱਧ ਇਤਿਹਾਸ, ਫਿਰ ਬੱਚਿਆਂ ਲਈ ਸਿੱਖੀ ਮਾਰਗ ਦਰਸ਼ਨ ਅਨੁਸਾਰੀ ਲਿਖੀਆਂ ਸਾਖੀਆਂ ਅਤੇ ਸਿੱਖੀ ਨੂੰ ਸਮਰਪਤ ਸਾਹਿਤ ਲਿਖਿਆ ਜਾਵੇ। ਕਿਸੇ ਵੱਲੋਂ ਲਿਖੀ ਗੁਰੂ ਜੀਵਨੀ ਬਾਰੇ ਸਾਖੀ ਜਾਂ ਸਿੱਖ-ਇਤਿਹਾਸ ਨੂੰ ਤਾਂ ਹੀ ਸੱਚੀ ਅਤੇ ਠੀਕ ਕਹਿ ਸਕਾਂਗੇ, ਜੇ ਉਹ ਲਿਖਤਾਂ ਗੁਰਬਾਣੀ ਸਿਧਾਂਤ ਅਨੁਸਾਰੀ ਹੋਣ। ਇਸ ਦਾ ਠੀਕ ਨਿਰਣਾ ਅਸੀਂ ਤਾਂ ਹੀ ਲੈ ਸਕਾਂਗੇ ਜੇ ਸਾਨੂੰ ਆਪ ਗੁਰਬਾਣੀ ਅਤੇ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਮਾਰਗ/ਸਿਧਾਂਤਾਂ ਦੀ ਪੂਰੀ ਸਮਝ ਅਤੇ ਜਾਣਕਾਰੀ ਹੋਵੇਗੀ।

ਭਗਤਾਂ ਅਤੇ ਗੁਰੂ-ਕਾਲ ਦੇ ਭਾਰਤੀ ਸਮਾਜ ਦੇ ਵੱਖ-ਵੱਖ ਧਾਰਮਿਕ ਆਗੂਆਂ ਵਲੋਂ ਆਪਣੇ ਆਪਣੇ ਵਿਸ਼ਵਾਸ ਨੂੰ ਪ੍ਰਚਾਰਨ ਲਈ ਵਰਤੀ ਸ਼ਬਦਾਵਲੀ ਨੂੰ ਹੀ ਗੁਰਬਾਣੀ ਵਿਚ ਵਰਤ ਕੇ, ਗੁਰੂ ਨਾਨਕ ਦੇਵ ਜੀ ਨੇ ਆਪਣਾ ਸੱਚ ਅਤੇ ਸਿਧਾਂਤ ਸਮਝਾਇਆ ਅਤੇ ਪ੍ਰਚਾਰਿਆ ਸੀ। ਪਰ ਗੁਰਬਾਣੀ ਦਾ ਸੱਚ ਹਮੇਸ਼ਾਂ ਇਕ ਹੀ ਸੀ।

ਇਸ ਤਰ੍ਹਾਂ ਕਰਨ ਨਾਲ ਜਨ-ਸਾਧਾਰਨ ਨੂੰ ਗੁਰੂ ਨਾਨਕ ਦੇਵ ਜੀ ਵਲੋਂ ਪ੍ਰਚਾਰੇ ਅਤੇ ਸਮਝਾਏ ਸੱਚ ਅਤੇ ਸਿਧਾਂਤ ਨੂੰ ਸਮਝਣ ਵਿਚ ਕੋਈ ਔਕੜ ਪੇਸ਼ ਨਹੀਂ ਸੀ ਆਈ।

ਸਮੇਂ ਦੀ ਲੋੜ ਨੂੰ ਸਮਝਦਿਆਂ, ਭਾਈ ਜਸਬੀਰ ਸਿੰਘ ਜੀ ਨੇ ਗੁਰਬਾਣੀ ਦੇ ਸੱਚ ਅਤੇ ਸਿਧਾਂਤਕ ਪੱਖ ਬਾਰੇ ਕਈ ਲੇਖ ਲਿਖੇ ਹਨ, ਜਿਨ੍ਹਾਂ ਰਾਹੀਂ ਸਿੱਖੀ ਸਿਧਾਂਤ ਦੇ ਵਿਚਾਰਾਂ ਦੇ ਨਾਲ-ਨਾਲ ਗੁਰਬਾਣੀ ਵਿਚ ਵਰਤੀ ਅਨਮੱਤਾਂ ਦੀ ਸ਼ਬਦਾਵਲੀ ਬਾਰੇ ਸਰਲਤਾ ਸਹਿਤ ਸਪੱਸ਼ਟ ਕੀਤਾ ਗਿਆ ਹੈ ਕਿ ਕਿਵੇਂ ਬਾਣੀ ਰਚਨਹਾਰਿਆਂ ਨੇ ਇਸ ਅਨਮੱਤੀ ਸ਼ਬਦਾਵਲੀ ਨੂੰ ਉਹਨਾਂ ਅਨਮੱਤੀਆਂ ਦੇ ਮੂਲ ਅਰਥਾਂ ਵਿਚ ਸਵੀਕਾਰ ਨਹੀਂ ਸੀ ਕੀਤਾ।

ਗੁਰਬਾਣੀ ਦਾ ਸੱਚ ਸਮਝਾਉਣ ਲਈ, ਗੁਰਬਾਣੀ ਵਿਚ ਵਰਤੀ ਅਨਮੱਤੀਆਂ ਦੀ ਸ਼ਬਦਾਵਲੀ, ਜਿਵੇਂ : ਕਾਮਧੇਨ, ਚਿੰਤਾਮਣਿ, ਸੱਚਖੰਡ, ਪਾਰਜਾਤ, ਨਉਨਿਧਿ, ਰਿਧੀਆਂ-ਸਿਧੀਆਂ, ਅਕਾਲ ਪੁਰਖ ਦਾ ਤਖ਼ਤ, ਚਾਰ ਖਾਣੀਆਂ, ਚੌਰਾਸੀ ਲਖ ਜੂਨਾਂ, ਤਉ ਪਲੈ ਤੈਂਡੇ ਲਾਗੀ, ਦੁਖ ਭੰਜਨ ਤੇਰਾ ਨਾਮੁ ਜੀ, ਚੌਦਾਂ ਰਤਨ, ਤੀਰਥਿ ਨਾਈਐ ਸੁਖ ਫਲ ਪਾਈਐ, ਅਉਖੀ ਘੜੀ ਨ ਦੇਖਣ ਦੇਈ, ਆਦਿ ਕਈ ਹੋਰ ਮਿਥਿਹਾਸਕ ਮਨੌਤਾਂ ਨੂੰ ਭਾਈ ਸਾਹਿਬ ਨੇ ਬੜੀ ਹੀ ਨਿਪੁੰਨਤਾ ਸਹਿਤ, ਗੁਰਬਾਣੀ ਦੇ ਹਵਾਲੇ ਦੇ ਕੇ ਸਮਝਾਉਣ ਦਾ ਯਤਨ ਕੀਤਾ ਹੈ ਅਤੇ ਦਰਸਾਇਆ ਹੈ ਕਿ ਕਿਵੇਂ ਸਮੂਹ ਬਾਣੀ ਰਚਨਾਕਾਰਾਂ ਨੇ, ਇਨ੍ਹਾਂ ਸ਼ਬਦਾਂ ਦੇ ਅਨਮੱਤੀਆਂ ਵਾਲੇ ਮੂਲ ਅਰਥਾਂ ਨੂੰ ਸਵੀਕਾਰ ਨਹੀਂ ਸੀ ਕੀਤਾ, ਸਗੋਂ ਇਨ੍ਹਾਂ ਸ਼ਬਦਾਂ ਦੀ ਵਰਤੋਂ ਵੇਲੇ ਇਨ੍ਹਾਂ ਦੇ ਬਦਲਵੇਂ ਅਰਥ ਲਏ ਹਨ, ਜੋ ਗੁਰਬਾਣੀ ਨੂੰ ਧਿਆਨ ਨਾਲ ਪੜ੍ਹਨ ਰਾਹੀਂ ਹੀ ਸਪੱਸ਼ਟ ਹੁੰਦੇ ਹਨ।

ਭਾਈ ਸਾਹਿਬ ਜੀ ਦੇ ਇਨ੍ਹਾਂ ਲੇਖਾਂ ਰਾਹੀਂ ਪਾਠਕਾਂ ਨੂੰ ਸਮੂਹ ਬਾਣੀ ਰਚਨਾਕਾਰਾਂ ਵਲੋਂ ਗੁਰੂ ਗ੍ਰੰਥ ਸਾਹਿਬ ਵਿਚ ਵਰਤੀ ਸ਼ਬਦਾਵਲੀ ਦੇ ਅਰਥ ਅਤੇ ਗੁਰਬਾਣੀ ਦੇ ਸੱਚ ਬਾਰੇ ਚੰਗੀ ਸਮਝ ਆਵੇਗੀ ਅਤੇ ਇਸ ਪੁਸਤਕ ਨੂੰ ਪੜ੍ਹਨ ਨਾਲ ਹਰੇਕ ਪਾਠਕ ਨੂੰ ਸਿੱਖੀ ਸਿਧਾਤਾਂ ਨੂੰ ਸਮਝਣ ਵਿਚ ਸੌਖ ਹੋਵੇਗੀ ਅਤੇ ਗੁਰਬਾਣੀ ਪੜ੍ਹਨ, ਵਿਚਾਰਨ ਅਤੇ ਸਮਝਣ ਵਿਚ ਉਤਸ਼ਾਹ ਮਿਲੇਗਾ।

ਕੈਨੇਡੀਅਨ ਸਿੱਖ ਸਟੱਡੀ ਅਤੇ ਟੀਚਿੰਗ ਸੋਸਾਇਟੀ, ਵੈਨਕੂਵਰ ਦੇ ਮੈਂਬਰਾਂ ਨੇ ਆਪਣੀ ਸੋਸਾਇਟੀ ਦੇ ਮਨੋਰਥਾਂ ਦੀ ਪੂਰਤੀ ਵਿਚ ਵਾਧਾ ਕਰਦਿਆਂ ਹੋਇਆਂ, ਬੜਾ ਸ਼ਾਲਾਘਾ ਯੋਗ ਫ਼ੈਸਲਾ ਲਿਆ ਹੈ ਕਿ ਉਹ ਭਾਈ ਸਾਹਿਬ ਜੀ ਦੇ ਇਨ੍ਹਾਂ ਲੇਖਾਂ ਨੂੰ ਪਬਲਿਸ਼ ਕਰਵਾਉਣਗੇ, ਜੋ ਕਿ ਬੜਾ ਹੀ ਸਾਲਾਹੁਣਯੋਗ ਫ਼ੈਸਲਾ ਹੈ।

ਅਖ਼ੀਰ ਵਿਚ, ਮੈਂ ਆਸ ਕਰਦਾ ਹਾਂ ਕਿ ਵੱਧ ਤੋਂ ਵੱਧ ਪਾਠਕ ਇਸ ਕਿਤਾਬ ਨੂੰ ਪੜ੍ਹਨਗੇ ਅਤੇ ਗੁਰਬਾਣੀ ਨੂੰ ਸਮਝਣ ਬਾਰੇ ਚੰਗੀ ਸੇਧ ਲੈਣਗੇ।

ਪ੍ਰੀਤਮ ਸਿੰਘ ਔਲਖ
ਵੈਨਕੂਵਰ, ਕੈਨੇਡਾ

ਧੰਨਵਾਦ

ਉਸ ਅਕਾਲ ਪੁਰਖ ਦਾ ਕੋਟਾਨ ਕੋਟਿ ਧੰਨਵਾਦ ਹੈ, ਜਿਸ ਦੀ ਅਪਾਰ ਬਖ਼ਸ਼ਸ਼ ਦੁਆਰਾ *ਗੁਰਬਾਣੀ ਦਾ ਸਿਧਾਂਤਕ ਸੱਚ ਅਤੇ ਪ੍ਰਚਲਿਤ ਧਾਰਨਾਵਾਂ* ਲਿਖਣ ਦੀ ਸੋਝੀ ਅਤੇ ਹਿੰਮਤ ਨਸੀਬ ਹੋਈ। ਪ੍ਰਭੂ ਦੀ ਬਖ਼ਸ਼ਸ਼ ਜਿਨ੍ਹਾਂ ਸਾਧਨਾਂ ਦੁਆਰਾ ਪ੍ਰਾਪਤ ਹੋਈ, ਉਹਨਾਂ ਵਿੱਚੋਂ ਨਿਮਨ ਲਿਖਤ ਸੱਜਣ ਵੀ ਹਨ, ਜਿਹਨਾਂ ਦਾ ਦਾਸ ਧੰਨਵਾਦੀ ਹੈ:

ਬੀਬੀ ਇੰਦਰਪਾਲ ਕੌਰ (ਕਲਕੱਤਾ), ਗਿਆਨੀ ਜਗਤਾਰ ਸਿੰਘ ਜਾਚਕ (ਨਿਊਯਾਰਕ), ਗਿਆਨੀ ਹਰਬੰਸ ਸਿੰਘ (ਸਰੀ ਨਿਵਾਸੀ) ਡਾ. ਰਘੁਬੀਰ ਸਿੰਘ (ਬੈਂਸ)।

ਡਾਕਟਰ ਪੂਰਨ ਸਿੰਘ (ਗਿੱਲ) ਵੈਨਕੂਵਰ ਹੁਰਾਂ ਦਾ ਵੀ ਧੰਨਵਾਦੀ ਹੈ, ਜਿਹਨਾਂ ਨੇ ਹਮੇਸ਼ਾਂ ਹੀ ਲਿਖਣ ਦੀ ਪ੍ਰੇਰਨਾ ਹੀ ਨਹੀਂ ਕੀਤੀ, ਸਗੋਂ ਸਮੇਂ ਸਮੇਂ ਨਾਲ ਵੱਖ-ਵੱਖ ਵਿਸ਼ਿਆਂ ਨਾਲ ਸੰਬੰਧਿਤ ਪੁਸਤਕਾਂ ਵੀ ਮੁਹੱਈਆ ਕਰਾਈਆਂ। ਸ. ਬਲਜਿੰਦਰ ਸਿੰਘ ਧਾਲੀਵਾਲ ਅਤੇ ਸ. ਵੀਰਇੰਦਰ ਸਿੰਘ ਲਾਂਬਾ (ਐਡਮਿੰਟਨ ਨਿਵਾਸੀ) ਦਾ ਵੀ ਧੰਨਵਾਦੀ ਹੈ, ਜਿਹਨਾਂ ਨੇ ਇਹਨਾਂ ਲੇਖਾਂ ਨੂੰ ਪੜ੍ਹ ਕੇ ਕਈ ਵਡਮੁੱਲੇ ਸੁਝਾ ਦਿੱਤੇ, ਜਿਹਨਾਂ ਨੂੰ ਗੁਰਮਤਿ ਸਿਧਾਂਤਾਂ ਨੂੰ ਹੋਰ ਨਿਖਾਰਨ ਅਤੇ ਸਪੱਸ਼ਟ ਕਰਨ ਲਈ ਵਰਤਿਆ ਹੈ।

ਦਾਸ, ਵਿਸ਼ੇਸ਼ ਤੌਰ 'ਤੇ ਸ. ਪ੍ਰੀਤਮ ਸਿੰਘ ਔਲਖ ਹੁਰਾਂ ਦਾ ਧੰਨਵਾਦੀ ਹੈ, ਜਿਨ੍ਹਾਂ ਨੇ ਕੇਵਲ ਲਿਖਣ ਲਈ ਹੀ ਹੱਲਾ-ਸ਼ੇਰੀ ਨਹੀਂ ਦਿੱਤੀ, ਸਗੋਂ ਹਰੇਕ ਲੇਖ ਨੂੰ ਪੜ੍ਹ ਕੇ ਟਾਈਪ ਦੀਆਂ ਗ਼ਲਤੀਆਂ ਦੀ ਸੁਧਾਈ ਦੇ ਨਾਲ-ਨਾਲ ਕਈ ਵਾਕਾਂ ਦੀ ਸੁਧਾਈ ਕਰਨ ਦੇ ਇਲਾਵਾ ਕਈ ਵਡਮੁੱਲੇ ਸੁਝਾਅ ਵੀ ਦਿੱਤੇ। ਇਸ ਤੋਂ ਇਲਾਵਾ ਕਈ ਸਿਧਾਂਤਕ ਪਹਿਲੂਆਂ ਵੱਲ ਧਿਆਨ ਦਿਵਾ ਕੇ ਉਨ੍ਹਾਂ ਨੂੰ ਹੋਰ ਸਪੱਸ਼ਟ ਰੂਪ ਵਿਚ ਨਿਖਾਰਨ ਲਈ ਸਹਾਇਤਾ ਕੀਤੀ ਹੈ।

ਇਹਨਾਂ ਲੇਖਾਂ ਨੂੰ ਕਿਤਾਬੀ ਰੂਪ ਸ਼ਾਇਦ ਅਜੇ ਨਾ ਦਿੱਤਾ ਜਾ ਸਕਦਾ, ਜੇਕਰ ਕੈਨੇਡੀਅਨ ਸਿੱਖ ਸਟੱਡੀ ਐਂਡ ਟੀਚਿੰਗ ਸੁਸਾਇਟੀ, ਵੈਨਕੂਵਰ ਇਸ ਨੂੰ ਛਾਪਣ ਦਾ ਉਪਰਾਲਾ ਨਾ ਕਰਦੀ। ਦਾਸ, ਸੁਸਾਇਟੀ ਦੀ ਇਸ ਉਦਾਰਤਾ ਦਾ ਵੀ ਧੰਨਵਾਦੀ ਹੈ।

ਇਸ ਤੋਂ ਇਲਾਵਾ ਅਕਾਲੀ ਸਿੰਘ ਸਿੱਖ ਸੋਸਾਇਟੀ ਅਤੇ ਸਟਾਫ਼ ਦਾ ਵੀ ਧੰਨਵਾਦੀ ਹਾਂ, ਜਿਨ੍ਹਾਂ ਦਾ ਹਰੇਕ ਤਰ੍ਹਾਂ ਦਾ ਸਹਿਯੋਗ ਮਿਲ ਰਿਹਾ ਹੈ।

ਆਪਣੇ ਪਰਿਵਾਰ ਪਤਨੀ ਹਰਜੀਤ ਕੌਰ, ਬੇਟੀਆਂ ਅਤੇ ਬੇਟੇ ਦਾ ਵੀ ਧੰਨਵਾਦੀ ਹਾਂ, ਜਿਨ੍ਹਾਂ ਨੇ ਮੇਰੀਆਂ ਪਰਿਵਾਰਕ ਜ਼ਿੰਮੇਵਾਰੀਆਂ ਨੂੰ ਖ਼ੁਦ ਨਿਭਾਅ ਕੇ ਮੈਨੂੰ ਲਿਖਣ ਲਈ ਉਤਸ਼ਾਹਤ ਕੀਤਾ ਹੈ।

ਪੁਸਤਕ ਵਿਚ ਕਿਸੇ ਤਰ੍ਹਾਂ ਦੀ ਵੀ ਤਰੁੱਟੀ/ਗ਼ਲਤੀ ਧਿਆਨ ਵਿਚ ਲਿਆਉਣ ਵਾਲੇ ਦਾ ਦਾਸ ਧੰਨਵਾਦੀ ਹੋਵੇਗਾ ਅਤੇ ਅਗਲੀ ਐਡੀਸ਼ਨ ਵਿਚ ਉਸ ਭੁੱਲ ਨੂੰ ਸੋਧ ਲਿਆ ਜਾਵੇਗਾ।

ਨੋਟ: ਗੁਰਬਾਣੀ ਦੀਆਂ ਤੁਕਾਂ ਦੇ ਅਰਥ *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ* ਕ੍ਰਿਤ ਪ੍ਰੋਫ਼ੈਸਰ ਸਾਹਿਬ ਸਿੰਘ ਜੀ 'ਚੋਂ ਲਏ ਹਨ; ਭਾਈ ਗੁਰਦਾਸ ਜੀ ਦੀਆਂ ਵਾਰਾਂ ਦੀਆਂ ਪਉੜੀਆਂ ਦੇ ਅਰਥ ਪੰਡਿਤ ਹਜ਼ਾਰਾ ਸਿੰਘ ਜੀ ਦੇ ਟੀਕੇ ਵਿੱਚੋਂ ਲਏ ਗਏ ਹਨ।

ਜਸਬੀਰ ਸਿੰਘ
ਵੈਨਕੂਵਰ, ਬੀ.ਸੀ., ਕੈਨੇਡਾ

ਗੁਰਬਾਣੀ ਦਾ ਸੱਚ

ਗੁਰੂ ਸਾਹਿਬਾਨ ਨੇ ਸੱਚ ਦਾ ਜੋ ਸਰੂਪ ਮਨੁੱਖਤਾ ਦੇ ਸਾਹਮਣੇ ਰੱਖਿਆ ਹੈ, ਗੁਰੂ ਗ੍ਰੰਥ ਸਾਹਿਬ ਵਿਚ ਉਹ ਸ਼ੁਰੂ ਤੋਂ ਲੈ ਕੇ ਅੰਤ ਤਕ ਇੱਕੋ ਹੀ ਹੈ। ਇਸ ਵਿਚ ਨਾ ਤਾਂ ਕਿਸੇ ਤਰ੍ਹਾਂ ਦੀ ਭਿੰਨਤਾ ਹੈ ਅਤੇ ਨਾ ਹੀ ਕਿਸੇ ਤਰ੍ਹਾਂ ਦਾ ਆਪਾ-ਵਿਰੋਧ ਹੈ। ਇਸ ਗੱਲ ਵਿਚ ਤਾਂ ਰੰਚ-ਮਾਤਰ ਵੀ ਸੰਦੇਹ ਨਹੀਂ ਹੈ ਕਿ ਇਹ ਖ਼ਸਮ ਅਥਵਾ ਧੁਰ ਕੀ ਬਾਨੀ ਦਾ ਸੰਦੇਸ਼ ਸਦੀਵੀ ਹੈ। ਇਹ ਹਮੇਸ਼ਾਂ ਹੀ ਸਮੇਂ ਦਾ ਹਾਣੀ ਬਣ ਕੇ ਮਨੁੱਖਤਾ ਦੀ ਅਗਵਾਈ ਕਰਨ ਦੇ ਸਮਰੱਥ ਸੀ, ਹੈ ਅਤੇ ਰਹੇਗਾ। ਗੁਰੂ ਗ੍ਰੰਥ ਸਾਹਿਬ ਦੇ ਬਾਨੀ ਰਚੇਤਿਆਂ ਨੇ ਜਿਹੜਾ ਸੰਦੇਸ਼ ਇਸ ਧੁਰ ਕੀ ਬਾਨੀ ਦੁਆਰਾ ਮਨੁੱਖਤਾ ਨੂੰ ਦਿੱਤਾ ਹੈ, ਉਸ ਨੂੰ ਬੋਲੀ ਨਾਲ ਸ਼ਿੰਗਾਰ ਕੇ ਆਪਣੇ ਸਮੇਂ ਅਤੇ ਸਥਾਨ ਵਿਚ ਵਿਚਰਦਿਆਂ ਹੋਇਆਂ ਦਿੱਤਾ ਹੈ। ਇਸ ਲਈ ਬਾਨੀ ਰਚੇਤਿਆਂ ਦੀਆਂ ਰਚਨਾਵਾਂ ਵਿਚ ਸਮੇਂ ਅਤੇ ਸਥਾਨ ਦੇ ਨਾਲ ਸੰਬੰਧਿਤ ਲਗਭਗ ਹਰੇਕ ਪਹਿਲੂ : ਸਮਾਜਿਕ, ਆਰਥਿਕ, ਧਾਰਮਿਕ ਅਤੇ ਰਾਜਨੀਤਕ, ਦਾ ਕਿਸੇ ਨਾ ਕਿਸੇ ਰੂਪ ਵਿਚ ਸੰਕੇਤ ਮਿਲਦਾ ਹੈ। ਇਸ ਤੋਂ ਇਲਾਵਾ ਬਾਨੀ ਰਚੇਤਿਆਂ ਨੇ ਆਪਣੇ ਸਮੇਂ 'ਚ ਪ੍ਰਚਲਿਤ ਵੱਖ-ਵੱਖ ਕਾਵਿ-ਰੂਪਾਂ, ਛੰਦਾਂ, ਅਲੰਕਾਰਾਂ, ਕਾਵਿਕ-ਚਿੰਨ੍ਹਾਂ, ਉਪਮਾਵਾਂ, ਰੂਪਕ, ਅਖੌਤਾਂ ਅਤੇ ਮੁਹਾਵਰਿਆਂ ਆਦਿ ਦੀ ਵੀ ਭਰਪੂਰ ਵਰਤੋਂ ਕੀਤੀ ਹੈ। ਇਸ ਦੇ ਨਾਲ ਹੀ ਜਿਨ੍ਹਾਂ ਨੂੰ ਇਹ ਜੀਵਨ-ਜਾਚ ਸਮਝਾਉਣੀ ਸੀ, ਉਹਨਾਂ ਦੇ ਪ੍ਰਚਲਿਤ ਵਿਸ਼ਵਾਸ, ਧਾਰਨਾਵਾਂ, ਸ਼ਬਦਾਵਲੀ ਆਦਿ ਦੀ ਵਰਤੋਂ ਵੀ ਕੀਤੀ ਹੈ ਤਾਂ ਕਿ ਉਹਨਾਂ ਨੂੰ ਖ਼ਸਮ ਦੀ ਬਾਨੀ ਦਾ ਸੱਚ ਚੰਗੀ ਤਰ੍ਹਾਂ ਦ੍ਰਿੜ੍ਹ ਕਰਵਾਇਆ ਜਾ ਸਕੇ। ਇਹਨਾਂ ਕਾਰਨਾਂ ਕਰਕੇ ਹੀ ਗੁਰੂ ਗ੍ਰੰਥ ਸਾਹਿਬ ਆਤਮਿਕ ਭੰਡਾਰ ਦਾ ਖ਼ਜ਼ਾਨਾ ਹੋਣ ਦੇ ਨਾਲ ਨਾਲ, ਆਪਣੇ ਰਚੇ ਜਾਣ ਦੇ ਸਮੇਂ ਦਾ ਦਰਪਣ ਵੀ ਹੈ। ਇਸ ਲਈ ਹੀ ਗੁਰੂ ਗ੍ਰੰਥ ਸਾਹਿਬ ਰੂਪ ਦਰਪਣ ਵਿਚ ਸਾਨੂੰ ਉਸ ਸਮੇਂ ਦੇ ਹਰੇਕ ਪਹਿਲੂ ਦੀ ਝਲਕ ਮਿਲਦੀ ਹੈ।

ਰੱਬੀ ਗਿਆਨ ਨੂੰ ਮਨੁੱਖਤਾ ਦੇ ਕਲਿਆਣ ਹਿੱਤ ਸਾਂਭਣ ਲਈ ਇਸ ਨੂੰ ਅੱਖਰਾਂ ਦਾ ਰੂਪ ਦੇਣਾ ਜ਼ਰੂਰੀ ਸੀ। ਬਾਨੀ ਰਚੇਤਿਆਂ ਨੇ ਜਿਸ ਕਲਿਆਣਕਾਰੀ ਵਿਚਾਰਧਾਰਾ ਨੂੰ ਲੋਕਾਂ ਵਿਚ ਪ੍ਰਚਾਰਨਾ ਚਾਹਿਆ, ਉਹ ਨਿਰਸੰਦੇਹ ਬਿਲਕੁਲ ਹੀ ਨਵੀਂ ਸੀ, ਪਰੰਤੂ ਜਿਨ੍ਹਾਂ ਲੋਕਾਂ ਨੂੰ ਇਸ ਵਿਚਾਰਧਾਰਾ ਤੋਂ ਜਾਣੂੰ ਕਰਾ ਕੇ ਇਸ ਨਾਲ ਜੋੜਨਾ ਸੀ, ਉਹ ਸਦੀਆਂ ਤੋਂ ਪ੍ਰਚਾਰੀ ਜਾ ਰਹੀ ਵਿਚਾਰਧਾਰਾ ਨੂੰ ਹੀ ਅੰਤਿਮ ਸੱਚ ਦੇ ਰੂਪ ਵਿਚ ਸਵੀਕਾਰ ਕਰੀ ਬੈਠੇ ਸਨ। ਇਸ ਲਈ ਸੁਜਾਨ ਬਾਨੀ ਰਚੇਤਿਆਂ ਨੇ ਮਾਨਸਿਕ ਖੜੋਤ ਦਾ ਸ਼ਿਕਾਰ ਹੋ ਚੁੱਕੀ ਲੋਕਾਈ ਦੀ ਮਾਨਸਿਕਤਾ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ,

ਇਸ ਨੂੰ ਇਸ ਤੋਂ ਉੱਪਰ ਉਠਾਉਣ ਲਈ, ਇਸ ਦੇ ਬਣ ਚੁੱਕੇ ਵਿਸ਼ਵਾਸਾਂ ਦੀਆਂ ਹੀ ਉਦਾਹਰਣਾਂ/ਹਵਾਲੇ ਦੇ ਕੇ ਗੁਰਮਤਿ ਦਾ ਸੱਚ ਦ੍ਰਿੜ੍ਹ ਕਰਵਾਇਆ। ਇਸ ਤਰ੍ਹਾਂ ਦਾ ਕਦਮ ਉਠਾ ਕੇ ਹੀ ਆਮ ਲੋਕਾਂ ਦੇ ਦਿਲ-ਦਿਮਾਗ਼ ਵਿਚ ਗੁਰਮਤਿ ਦੀ ਵਿਚਾਰਧਾਰਾ ਦਾ ਪ੍ਰਚੰਡ ਰੂਪ ਵਿਚ ਪ੍ਰਕਾਸ਼ ਕੀਤਾ ਜਾ ਸਕਦਾ ਸੀ।

ਗੁਰੂ ਗ੍ਰੰਥ ਸਾਹਿਬ ਦੇ ਬਾਣੀ ਰਚੇਤਿਆਂ ਨੇ ਜਨ-ਸਮੂਹ ਤਕ ਰੱਬੀ ਸੰਦੇਸ਼ ਪਹੁੰਚਾਉਣ ਲਈ ਉਹੀ ਢੰਗ ਅਪਣਾਇਆ, ਜਿਸ ਨਾਲ ਉਹਨਾਂ ਨੂੰ ਆਸਾਨੀ ਨਾਲ ਇਹ ਸਮਝਾਇਆ ਜਾ ਸਕਦਾ ਸੀ। ਇਸ ਲਈ ਬਾਣੀ ਰਚੇਤਾ, ਜਿਸ ਵੀ ਧਰਮ ਦੇ ਪੈਰੋਕਾਰਾਂ ਨੂੰ ਗੁਰਮਤਿ ਦਾ ਸੱਚ ਸਮਝਾਉਂਦੇ ਹਨ, ਆਪ ਉਹਨਾਂ ਧਰਮਾਂ ਦੇ ਪੈਰੋਕਾਰਾਂ 'ਚ ਪ੍ਰਚਲਿਤ ਕਥਾ ਕਹਾਣੀਆਂ ਆਦਿ ਦੇ ਹਵਾਲੇ ਦੇ ਕੇ ਹੀ ਇਹ ਸੱਚ ਦ੍ਰਿੜ੍ਹ ਕਰਾਉਂਦੇ ਹਨ। ਇਹੀ ਕਾਰਨ ਹੈ ਕਿ ਗੁਰੂ ਸਾਹਿਬਾਨ ਨੇ ਜਿਹੜੇ ਲੋਕ ਇਨ੍ਹਾਂ ਪੁਰਾਣਿਕ ਕਥਾਵਾਂ ਵਿਚ ਵਿਸ਼ਵਾਸ ਨਹੀਂ ਸਨ ਰੱਖਦੇ, ਜਦ ਉਹਨਾਂ ਨੂੰ ਇਹ ਗੁਰਮਤਿ ਦਾ ਸੱਚ ਦ੍ਰਿੜ੍ਹ ਕਰਵਾਉਣਾ ਚਾਹਿਆ ਤਾਂ ਉਸ ਸਮੇਂ ਪੁਰਾਣਿਕ ਕਥਾਵਾਂ ਦੀਆਂ ਉਦਾਹਰਣਾਂ ਨਹੀਂ ਦਿੱਤੀਆਂ; ਉਹਨਾਂ ਨੂੰ ਗੁਰਮਤਿ ਦਾ ਸੱਚ ਸਮਝਾਉਣ ਲਈ, ਉਹਨਾਂ ਵਿਚ ਪ੍ਰਚਲਿਤ ਸ਼ਬਦਾਵਲੀ, ਧਾਰਨਾਵਾਂ ਆਦਿ ਦੀ ਹੀ ਵਰਤੋਂ ਕੀਤੀ ਹੈ।

ਜੋਗੀਆਂ ਨਾਲ ਗੱਲ-ਬਾਤ (ਜਾਂ ਉਨ੍ਹਾਂ ਦੀ ਰਹਿਣੀ, ਦਰਸ਼ਨ ਆਦਿ ਦਾ ਵਰਣਨ) ਕਰਨ ਸਮੇਂ ਜੋਗ ਮੱਤ ਦੀ ਸ਼ਬਦਾਵਲੀ/ਵਿਸ਼ਵਾਸ ਨੂੰ ਹੀ ਸਾਹਮਣੇ ਰੱਖ ਕੇ ਉਹਨਾਂ ਨੂੰ ਗੁਰਮਤਿ ਦ੍ਰਿੜ੍ਹ ਕਰਵਾਈ ਹੈ:

ਗੁਰ ਕਾ ਸਬਦੁ ਮਨੈ ਮਹਿ ਮੁੰਦ੍ਰਾ ਖਿੰਥਾ ਖਿਮਾ ਹਢਾਵਉ ॥
ਜੋ ਕਿਛੁ ਕਰੈ ਭਲਾ ਕਰਿ ਮਾਨਉ ਸਹਜ ਜੋਗ ਨਿਧਿ ਪਾਵਉ ॥੧॥

ਅਰਥ : (ਹੇ ਜੋਗੀ!) ਗੁਰੂ ਦਾ ਸ਼ਬਦ ਮੈਂ ਆਪਣੇ ਮਨ ਵਿਚ ਟਿਕਾਇਆ ਹੋਇਆ ਹੈ, ਇਹ ਹਨ ਮੁੰਦ੍ਰਾਂ (ਜੋ ਮੈਂ ਕੰਨਾਂ ਵਿਚ ਨਹੀਂ, ਮਨ ਵਿਚ ਪਾਈਆਂ ਹੋਈਆਂ ਹਨ)। ਮੈਂ ਖਿਮਾ ਦਾ ਸੁਭਾਉ (ਪਕਾ ਰਿਹਾ ਹਾਂ, ਇਹ ਮੈਂ) ਗੋਦੜੀ ਪਹਿਨਦਾ ਹਾਂ। ਜੋ ਕੁਝ ਪਰਮਾਤਮਾ ਕਰਦਾ ਹੈ ਉਸ ਨੂੰ ਮੈਂ ਜੀਵਾਂ ਦੀ ਭਲਾਈ ਵਾਸਤੇ ਹੀ ਮੰਨਦਾ ਹਾਂ, ਇਸ ਤਰ੍ਹਾਂ ਮੇਰਾ ਮਨ ਡੋਲਣੋਂ ਬਚਿਆ ਰਹਿੰਦਾ ਹੈ—ਇਹ ਹੈ ਜੋਗ-ਸਾਧਨਾਂ ਦਾ ਖ਼ਜ਼ਾਨਾ, ਜੋ ਮੈਂ ਇਕੱਠਾ ਕਰ ਰਿਹਾ ਹਾਂ।

ਬਾਬਾ ਜੁਗਤਾ ਜੀਉ ਜੁਗਹ ਜੁਗ ਜੋਗੀ ਪਰਮ ਤੰਤ ਮਹਿ ਜੋਗੰ ॥
ਅੰਮ੍ਰਿਤੁ ਨਾਮੁ ਨਿਰੰਜਨ ਪਾਇਆ ਗਿਆਨ ਕਾਇਆ ਰਸ ਭੋਗੰ ॥੧॥ਰਹਾਉ॥

ਅਰਥ : ਹੇ ਭਾਈ! ਜਿਸ ਮਨੁੱਖ ਦਾ ਪਰਮੇਸ਼ਰ ਦੇ ਚਰਨਾਂ ਵਿਚ ਜੋੜ ਹੋ ਗਿਆ ਹੈ, ਉਹੀ ਜੁੜਿਆ ਹੋਇਆ ਹੈ, ਉਹੀ ਅਸਲ ਜੋਗੀ ਹੈ, ਜਿਸ ਦੀ ਸਮਾਧੀ ਸਦਾ ਲੱਗੀ ਰਹਿੰਦੀ ਹੈ। ਜਿਸ ਮਨੁੱਖ ਨੇ ਮਾਇਆ-ਰਹਿਤ ਪਰਮਾਤਮਾ ਦਾ ਅਟੱਲ ਆਤਮਿਕ ਜੀਵਨ ਦੇਣ ਵਾਲਾ ਨਾਮ ਪ੍ਰਾਪਤ ਕਰ ਲਿਆ ਹੈ, ਉਹ ਪਰਮਾਤਮਾ ਨਾਲ ਡੂੰਘੀ ਜਾਣ-ਪਛਾਣ ਦਾ ਆਤਮਿਕ ਅਨੰਦ ਆਪਣੇ ਹਿਰਦੇ ਵਿਚ (ਸਦਾ) ਮਾਣਦਾ ਹੈ।੧।ਰਹਾਉ।

ਸਿਵ ਨਗਰੀ ਮਹਿ ਆਸਣਿ ਬੈਸਉ ਕਲਪ ਤਿਆਗੀ ਬਾਦੰ ॥
ਸਿੰਙੀ ਸਬਦੁ ਸਦਾ ਧੁਨਿ ਸੋਹੈ ਅਹਿਨਿਸਿ ਪੂਰੈ ਨਾਦੰ ॥੨॥

ਅਰਥ : (ਹੇ ਜੋਗੀ!) ਮੈਂ ਭੀ ਆਸਣ 'ਤੇ ਬੈਠਦਾ ਹਾਂ, ਮੈਂ ਮਨ ਦੀਆਂ ਕਲਪਨਾਂ ਅਤੇ ਦੁਨੀਆਂ ਵਾਲੇ ਝਗੜੇ-ਝਾਂਝੇ ਛੱਡ ਕੇ ਕਲਿਆਨ-ਸਰੂਪ ਪ੍ਰਭੂ ਦੇ ਦੇਸ ਵਿਚ (ਪ੍ਰਭੂ ਦੇ ਚਰਨਾਂ ਵਿਚ) ਟਿਕ ਕੇ ਬੈਠਦਾ ਹਾਂ (ਇਹ ਹੈ ਮੇਰਾ ਆਸਣ ਉੱਤੇ ਬੈਠਣਾ)। ਹੇ ਜੋਗੀ! ਤੂੰ ਸਿੰਙੀ ਵਜਾਂਦਾ ਹੈਂ) ਮੇਰੇ ਅੰਦਰ ਗੁਰੂ ਦਾ ਸ਼ਬਦ (ਗੱਜ ਰਿਹਾ) ਹੈ; ਇਹ ਹੈ ਸਿੰਙੀ ਦੀ ਮਿੱਠੀ ਸੁਹਾਵਣੀ ਸੁਰ, ਜੋ ਮੇਰੇ ਅੰਦਰ ਹੋ ਰਹੀ ਹੈ। ਦਿਨ ਰਾਤ ਮੇਰਾ ਮਨ ਗੁਰ-ਸ਼ਬਦ ਦਾ ਨਾਦ ਵਜਾ ਰਿਹਾ ਹੈ।੨।

ਪਤੁ ਵੀਚਾਰੁ ਗਿਆਨ ਮਤਿ ਡੰਡਾ ਵਰਤਮਾਨ ਬਿਭੂਤੰ ॥
ਹਰਿ ਕੀਰਤਿ ਰਹਰਾਸਿ ਹਮਾਰੀ ਗੁਰਮੁਖਿ ਪੰਥੁ ਅਤੀਤੰ ॥੩॥

ਅਰਥ : (ਹੇ ਜੋਗੀ! ਤੂੰ ਹੱਥ ਵਿਚ ਖੱਪਰ ਲੈ ਕੇ ਘਰ-ਘਰ ਤੋਂ ਭਿੱਛਿਆ ਮੰਗਦਾ ਹੈਂ, ਮੈਂ ਪ੍ਰਭੂ ਦੇ ਦਰ ਤੋਂ ਉਸ ਦੇ ਗੁਣਾਂ ਦੀ) ਵਿਚਾਰ (ਮੰਗਦਾ ਹਾਂ, ਇਹ) ਹੈ ਮੇਰਾ ਖੱਪਰ। ਪਰਮਾਤਮਾ ਨਾਲ ਡੂੰਘੀ ਸਾਂਝ ਪਾ ਰੱਖਣ ਵਾਲੀ ਮਤਿ (ਮੇਰੇ ਹੱਥ ਵਿਚ) ਡੰਡਾ ਹੈ (ਜੋ ਕਿਸੇ ਵਿਕਾਰ ਨੂੰ ਨੇੜੇ ਨਹੀਂ ਢੁਕਣ ਦੇਂਦਾ)। ਪ੍ਰਭੂ ਨੂੰ ਹਰ ਥਾਂ ਮੌਜੂਦ ਵੇਖਣਾ ਮੇਰੇ ਵਾਸਤੇ ਪਿੰਡੇ 'ਤੇ ਮਲਣ ਵਾਲੀ ਸੁਆਹ ਹੈ। ਅਕਾਲ ਪੁਰਖ ਦੀ ਸਿਫ਼ਤਿ-ਸਾਲਾਹ (ਮੇਰੇ ਵਾਸਤੇ) ਜੋਗ ਦੀ (ਪ੍ਰਭੂ ਨਾਲ ਮਿਲਾਪ ਦੀ) ਮਰਯਾਦਾ ਹੈ। ਗੁਰੂ ਦੇ ਸਨਮੁਖ ਟਿਕੇ ਰਹਿਣਾ ਹੀ ਸਾਡਾ ਧਰਮ-ਰਸਤਾ ਹੈ, ਜੋ ਸਾਨੂੰ ਮਾਇਆ ਤੋਂ ਵਿਰਕਤ ਰੱਖਦਾ ਹੈ।੩।

ਸਗਲੀ ਜੋਤਿ ਹਮਾਰੀ ਸੰਮਿਆ ਨਾਨਾ ਵਰਨ ਅਨੇਕੰ ॥
ਕਹੁ ਨਾਨਕ ਸੁਣਿ ਭਰਥਰਿ ਜੋਗੀ ਪਾਰਬ੍ਰਹਮ ਲਿਵ ਏਕੰ ॥੪॥

(ਆਸਾ ਮਹਲਾ ੧, ਪੰਨਾ 360)

ਅਰਥ : ਹੇ ਨਾਨਕ! (ਆਖ—) ਹੇ ਭਰਥਰੀ ਜੋਗੀ! ਸੁਣ, ਸਭ ਜੀਵਾਂ ਵਿਚ ਅਨੇਕਾਂ ਰੰਗਾਂ-ਰੂਪਾਂ ਵਿਚ ਪ੍ਰਭੂ ਦੀ ਜੋਤਿ ਨੂੰ ਵੇਖਣਾ—ਇਹ ਹੈ ਸਾਡੀ ਬੈਰਾਗਨ ਜੋ ਸਾਨੂੰ ਪ੍ਰਭੂ-ਚਰਨਾਂ ਵਿਚ ਜੁੜਨ ਲਈ ਸਹਾਰਾ ਦੇਂਦੀ ਹੈ।੪।

ਇਸ ਸ਼ਬਦ ਵਿਚ ਸਤਿਗੁਰੂ ਜੀ ਭਰਥਰੀ ਜੋਗੀ ਨੂੰ ਅਸਲ ਜੋਗੀ ਭਾਵ ਪ੍ਰਭੂ ਨਾਲ ਇਕਸੁਰ ਹੋਏ ਪ੍ਰਾਣੀ ਦੇ ਜੀਵਨ ਦੇ ਵੱਖ-ਵੱਖ ਪਹਿਲੂਆਂ ਦਾ ਵਰਣਨ ਕਰਦਿਆਂ ਹੋਇਆਂ ਜੋਗੀਆਂ ਦੇ ਭੇਖ ਦੇ ਚਿੰਨ੍ਹ : ਮੁੰਦ੍ਰਾਂ, ਖਿੰਥਾ, ਬਿਭੂਤ, ਸਿੰਗੀ, ਡੰਡਾ, ਬੈਰਾਗਨ (ਟਿਕਟਿਕੀ, ਜੋ ਅੰਗਰੇਜ਼ੀ ਦੇ ਸ਼ਬਦ T ਦੇ ਆਕਾਰ ਦੀ ਹੁੰਦੀ ਹੈ, ਇਸ ਉੱਤੇ ਸਾਧੂ ਬਾਹਾਂ ਰੱਖ ਕੇ ਬੈਠਦੇ ਹਨ), ਦੀ ਵਰਤੋਂ ਕਰ ਰਹੇ ਹਨ।

[*ਨੋਟ :* ਜਿਸ ਤਰ੍ਹਾਂ ਜੋਗ ਮੱਤ ਦੀ ਸ਼ਬਦਾਵਲੀ ਜਾਂ ਵਿਸ਼ਵਾਸ ਆਦਿ ਦੀ ਵਰਤੋਂ ਦਾ ਹਰਗਿਜ਼ ਇਹ ਭਾਵ ਨਹੀਂ ਹੈ ਕਿ ਗੁਰੂ ਸਾਹਿਬ ਜਾਂ ਭਗਤ ਸਾਹਿਬਾਨ ਆਦਿ, ਇਨ੍ਹਾਂ ਵਿਚ ਵਿਸ਼ਵਾਸ ਰੱਖਦੇ ਹਨ, ਇਸੇ ਤਰ੍ਹਾਂ ਹਿੰਦੂ ਅਤੇ ਇਸਲਾਮ ਦੀ ਸ਼ਬਦਾਵਲੀ, ਵਿਸ਼ਵਾਸ ਆਦਿ ਦੀ ਵਰਤੋਂ ਬਾਰੇ ਵੀ ਸਮਝਣਾ ਹੈ।]

ਇਸਲਾਮ ਦੇ ਪੈਰੋਕਾਰਾਂ ਨਾਲ ਗੁਰਮਤਿ ਦੇ ਇਸ ਜੀਵਨ-ਮੁਕਤ ਦੇ ਸਿਧਾਂਤ ਨੂੰ ਸਾਂਝਾ ਕਰਨ ਸਮੇਂ, ਉਨ੍ਹਾਂ ਦੇ ਅਕੀਦੇ ਅਤੇ ਇਸਲਾਮਿਕ ਸ਼ਬਦਾਵਲੀ ਦੀ ਹੀ ਵਰਤੋਂ ਕਰਦਿਆਂ ਹੋਇਆਂ ਗੁਰਮਤਿ ਦਾ ਸੱਚ ਦ੍ਰਿੜ੍ਹ ਕਰਵਾਇਆ ਗਿਆ ਹੈ, ਜਿਵੇਂ :

ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ॥
ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ॥
ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ॥
ਅਜਰਾਈਲੁ ਫਰੇਸਤਾ ਹੋਸੀ ਆਇ ਤਈ॥
ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ॥
ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥ *(ਵਾਰ ਰਾਮਕਲੀ, ਮ: ੧, ਪੰਨਾ 953)*

ਅਰਥ : ਨਾਨਕ ਆਖਦਾ ਹੈ—ਹੇ ਮਨ! ਸੱਚੀ ਸਿੱਖਿਆ ਸੁਣ, (ਤੇਰੇ ਕੀਤੇ ਅਮਲਾਂ ਦੇ ਲੇਖੇ ਵਾਲੀ) ਕਿਤਾਬ ਕੱਢ ਕੇ ਬੈਠਾ ਹੋਇਆ ਰੱਬ (ਤੈਥੋਂ) ਹਿਸਾਬ ਪੁੱਛੇਗਾ।

ਜਿਨ੍ਹਾਂ ਜਿਨ੍ਹਾਂ ਵੱਲ ਲੇਖੇ ਦੀ ਬਾਕੀ ਰਹਿ ਜਾਂਦੀ ਹੈ ਉਹਨਾਂ ਉਹਨਾਂ ਮਨਮੁਖਾਂ ਨੂੰ ਸੱਦੇ ਪੈਣਗੇ, ਮੌਤ ਦਾ ਫ਼ਰਿਸ਼ਤਾ (ਕੀਤੇ ਕਰਮਾਂ ਅਨੁਸਾਰ ਦੁੱਖ ਦੇਣ ਲਈ ਸਿਰ 'ਤੇ) ਆ ਤਿਆਰ ਖੜਾ ਹੋਵੇਗਾ। ਉਸ ਔਕੜ ਵਿਚ ਫਸੀ ਹੋਈ ਜਿੰਦ ਨੂੰ (ਉਸ ਵੇਲੇ) ਕੁਝ ਅਹੁੜਦਾ ਨਹੀਂ।

ਹੇ ਨਾਨਕ! ਕੂੜ ਦੇ ਵਪਾਰੀ ਹਾਰ ਕੇ ਜਾਂਦੇ ਹਨ, ਸੱਚ ਦਾ ਸਉਦਾ ਕੀਤਿਆਂ ਹੀ ਅੰਤ ਨੂੰ ਰਹਿ ਆਉਂਦੀ ਹੈ।

ਗੁਰੂ ਨਾਨਕ ਸਾਹਿਬ ਇਸਲਾਮ ਦੇ ਪੈਰੋਕਾਰਾਂ ਨਾਲ ਗੱਲ ਕਰਦਿਆਂ ਹੋਇਆਂ "ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ" ਵਾਲਾ ਸੱਚ ਸਮਝਾਉਣ ਲਈ ਇਸਲਾਮਕ ਵਿਸ਼ਵਾਸ ਅਤੇ ਸ਼ਬਦਾਵਲੀ ਦਾ ਹੀ ਪ੍ਰਯੋਗ ਕਰਦੇ ਹਨ।

ਹਿੰਦੂ ਧਰਮ ਦੇ ਪੈਰੋਕਾਰਾਂ ਨਾਲ ਗੱਲ-ਬਾਤ ਸਮੇਂ ਉਨ੍ਹਾਂ ਦੇ ਵਿਸ਼ਵਾਸ ਮੂਜਬ, ਉਨ੍ਹਾਂ ਵਿਚ ਪ੍ਰਚਲਿਤ ਪੁਰਾਣਿਕ ਕਥਾਵਾਂ ਦੀਆਂ ਉਦਾਹਰਣਾਂ ਦੇ ਕੇ ਗੁਰਮਤਿ ਦਾ ਤੱਤ-ਗਿਆਨ ਸਮਝਾਇਆ ਹੈ, ਜਿਵੇਂ :

ਸਹੰਸਰ ਦਾਨ ਦੇ ਇੰਦ੍ਰ ਰੋਆਇਆ॥

ਅਰਥ : (ਗੋਤਮ ਰਿਸ਼ੀ ਨੇ) ਹਜ਼ਾਰ (ਭਗਾਂ) ਦਾ ਡੰਨ ਦੇ ਕੇ ਇੰਦਰ ਨੂੰ ਰੁਆ ਦਿੱਤਾ।

ਪਰਸ ਰਾਮੁ ਰੋਵੈ ਘਰਿ ਆਇਆ॥

ਅਰਥ : (ਸ੍ਰੀ ਰਾਮ ਚੰਦ੍ਰ ਤੋਂ ਆਪਣਾ ਬਲ ਖੁਹਾ ਕੇ) ਪਰਸ ਰਾਮ ਘਰ ਆ ਕੇ ਰੋਇਆ।

ਅਜੈ ਸੁ ਰੋਵੈ ਭੀਖਿਆ ਖਾਇ॥
ਐਸੀ ਦਰਗਹ ਮਿਲੈ ਸਜਾਇ॥

ਅਰਥ : ਰਾਜਾ ਅਜੈ ਰੋਇਆ ਜਦੋਂ ਉਸ ਨੂੰ (ਲਿੱਦ ਦੀ ਦਿੱਤੀ) ਭਿੱਖਿਆ ਖਾਣੀ ਪਈ, ਪ੍ਰਭੂ ਦੀ ਹਜ਼ੂਰੀ ਵਿੱਚੋਂ ਅਜਿਹੀ ਸਜ਼ਾ ਹੀ ਮਿਲਦੀ ਹੈ।

ਰੋਵੈ ਰਾਮੁ ਨਿਕਾਲਾ ਭਇਆ॥
ਸੀਤਾ ਲਖਮਣੁ ਵਿਛੁੜਿ ਗਇਆ॥

ਅਰਥ : ਜਦੋਂ ਰਾਮ (ਜੀ) ਨੂੰ ਦੇਸ-ਨਿਕਾਲਾ ਮਿਲਿਆ, ਸੀਤਾ ਲਛਮਣ ਵਿੱਛੁੜੇ ਤਾਂ ਰਾਮ ਜੀ ਭੀ ਰੋਏ।

ਰੋਵੈ ਦਹਸਿਰੁ ਲੰਕ ਗਵਾਇ॥
ਜਿਨਿ ਸੀਤਾ ਆਦੀ ਡਉਰੂ ਵਾਇ॥

ਅਰਥ : ਰਾਵਣ, ਜਿਸ ਨੇ ਸਾਧੂ ਬਣ ਕੇ ਸੀਤਾ (ਚੁਰਾ) ਲਿਆਂਦੀ ਸੀ, ਲੰਕਾ ਗੁਆ ਕੇ ਰੋਇਆ।

ਰੋਵਹਿ ਪਾਂਡਵ ਭਏ ਮਜੂਰ॥
ਜਿਨ ਕੈ ਸੁਆਮੀ ਰਹਤ ਹਦੂਰਿ॥

ਅਰਥ : (ਪੰਜੇ) ਪਾਂਡੋ, ਜਿਨ੍ਹਾਂ ਦੇ ਪਾਸ ਹੀ ਸ੍ਰੀ ਕ੍ਰਿਸ਼ਨ ਜੀ ਰਹਿੰਦੇ ਸਨ (ਭਾਵ, ਜਿਨ੍ਹਾਂ ਦਾ ਪੱਖ ਕਰਦੇ ਸਨ), ਜਦੋਂ (ਵੈਰਾਟ ਰਾਜੇ ਦੇ) ਮਜ਼ੂਰ ਬਣੇ ਤਾਂ ਰੋਏ।

ਰੋਵੈ ਜਨਮੇਜਾ ਖੁਇ ਗਇਆ॥
ਏਕੀ ਕਾਰਣਿ ਪਾਪੀ ਭਇਆ॥

ਅਰਥ : ਰਾਜਾ ਜਨਮੇਜਾ ਖੁੰਝ ਗਿਆ, (ਅਠਾਰਾਂ ਬ੍ਰਾਹਮਣਾਂ ਨੂੰ ਜਾਨੋਂ ਮਾਰ ਬੈਠਾ, ਪ੍ਰਾਸ਼ਚਿਤ ਵਾਸਤੇ 'ਮਹਾਭਾਰਤ' ਸੁਣਿਆ, ਪਰ ਸ਼ੰਕਾ ਕੀਤਾ, ਇਸ ਇਕ ਗ਼ਲਤੀ ਦੇ ਕਾਰਨ ਪਾਪੀ ਹੀ ਬਣਿਆ ਰਿਹਾ (ਭਾਵ, ਕੋੜ੍ਹ ਨਾਹ ਹਟਿਆ) ਤੇ ਰੋਇਆ।

ਰੋਵਹਿ ਸੇਖ ਮਸਾਇਕ ਪੀਰ॥
ਅੰਤਿ ਕਾਲਿ ਮਤੁ ਲਾਗੈ ਭੀੜ॥

ਅਰਥ : ਸ਼ੇਖ਼ ਪੀਰ ਆਦਿਕ ਭੀ ਰੋਂਦੇ ਹਨ ਕਿ ਮਤਾਂ ਅੰਤ ਦੇ ਸਮੇਂ ਕੋਈ ਬਿਪਤਾ ਆ ਪਏ।

ਰੋਵਹਿ ਰਾਜੇ ਕੰਨ ਪੜਾਇ॥
ਘਰਿ ਘਰਿ ਮਾਗਹਿ ਭੀਖਿਆ ਜਾਇ॥

ਅਰਥ : (ਭਰਥਰੀ ਗੋਪੀਚੰਦ ਆਦਿਕ) ਰਾਜੇ ਜੋਗੀ ਬਣ ਕੇ ਦੁਖੀ ਹੁੰਦੇ ਹਨ, ਜਦੋਂ ਘਰ ਘਰ ਜਾ ਕੇ ਭਿੱਖਿਆ ਮੰਗਦੇ ਹਨ।

ਰੋਵਹਿ ਕਿਰਪਨ ਸੰਚਹਿ ਧਨੁ ਜਾਇ॥
ਪੰਡਿਤ ਰੋਵਹਿ ਗਿਆਨੁ ਗਵਾਇ॥

ਅਰਥ : ਸ਼ੂਮ ਧਨ ਇਕੱਠਾ ਕਰਦੇ ਹਨ ਪਰ ਰੋਂਦੇ ਹਨ, ਜਦੋਂ ਉਹ ਧਨ (ਉਹਨਾਂ ਪਾਸੋਂ) ਚਲਾ ਜਾਂਦਾ ਹੈ, ਗਿਆਨ ਦੀ ਥੁੜ ਦੇ ਕਾਰਨ ਪੰਡਿਤ ਭੀ ਖ਼ੁਆਰ ਹੁੰਦੇ ਹਨ।

ਬਾਲੀ ਰੋਵੈ ਨਾਹਿ ਭਤਾਰੁ॥
ਨਾਨਕ ਦੁਖੀਆ ਸਭੁ ਸੰਸਾਰੁ॥

ਅਰਥ : ਇਸਤ੍ਰੀ ਰੋਂਦੀ ਹੈ, ਜਦੋਂ (ਸਿਰ 'ਤੇ) ਪਤੀ ਨਾਹ ਰਹੇ। ਹੇ ਨਾਨਕ! ਸਾਰਾ ਜਗਤ ਹੀ ਦੁਖੀ ਹੈ।

ਮੰਨੇ ਨਾਉ ਸੋਈ ਜਿਣਿ ਜਾਇ॥
ਅਉਰੀ ਕਰਮ ਨ ਲੇਖੈ ਲਾਇ॥੧॥ *(ਵਾਰ ਰਾਮਕਲੀ, ਮ: ੧, ਪੰਨੇ 953-54)*

ਅਰਥ : ਜੋ ਮਨੁੱਖ ਪ੍ਰਭੂ ਦੇ ਨਾਮ ਨੂੰ ਮੰਨਦਾ ਹੈ (ਭਾਵ, ਜਿਸ ਦਾ ਮਨ ਪ੍ਰਭੂ

ਦੇ ਨਾਮ ਵਿਚ ਪਤੀਜਦਾ ਹੈ) ਉਹ (ਜ਼ਿੰਦਗੀ ਦੀ ਬਾਜ਼ੀ) ਜਿੱਤ ਕੇ ਜਾਂਦਾ ਹੈ, ('ਨਾਮ' ਤੋਂ ਬਿਨਾਂ) ਕੋਈ ਹੋਰ ਕੰਮ (ਜ਼ਿੰਦਗੀ ਦੀ ਬਾਜ਼ੀ ਜਿੱਤਣ ਲਈ) ਸਫਲ ਨਹੀਂ ਹੁੰਦਾ।

ਇਸ ਸ਼ਬਦ ਵਿਚ ਗੁਰਦੇਵ "ਮੰਨੇ ਨਾਉ ਸੋਈ ਜਿਣਿ ਜਾਇ॥ ਅਉਰੀ ਕਰਮ ਨ ਲੇਖੈ ਲਾਇ॥" ਦਰਸਾਉਣ ਲਈ ਹਿੰਦੂ ਧਰਮ ਵਿਚ ਪ੍ਰਚਲਿਤ ਕਹਾਣੀਆਂ ਦਾ ਹਵਾਲਾ ਦੇ ਕੇ ਇਨ੍ਹਾਂ ਕਹਾਣੀਆਂ 'ਚ ਵਿਸ਼ਵਾਸ ਕਰਨ ਵਾਲਿਆਂ ਨੂੰ ਗੁਰਮਤਿ ਦਾ ਸੱਚ ਦ੍ਰਿੜ੍ਹ ਕਰਾਉਂਦੇ ਹਨ। ਪਰੰਤੂ, ਗੁਰੂ ਜੀ ਆਪ ਇਨ੍ਹਾਂ ਕਹਾਣੀਆਂ ਵਿਚ ਵਿਸ਼ਵਾਸ ਨਹੀਂ ਸਨ ਕਰਦੇ।

ਇਸ ਕਾਰਨ ਹੀ ਗੁਰੂ ਗ੍ਰੰਥ ਸਾਹਿਬ ਦੇ ਬਾਣੀ ਰਚੇਤਿਆਂ ਨੇ ਬਾਣੀ ਵਿਚ ਆਮ ਬੋਲ-ਚਾਲ ਵਿਚ ਵਰਤੇ ਜਾਂਦੇ ਮੁਹਾਵਰੇ, ਅਖਾਣ/ਲੋਕੋਕਤੀਆਂ ਆਦਿ ਦੀ ਭਰਪੂਰ ਵਰਤੋਂ ਕਰਨ ਦੇ ਨਾਲ ਨਾਲ ਵੱਖ-ਵੱਖ ਧਰਮਾਂ ਵਿਚ ਪ੍ਰਚਲਿਤ ਕਥਾਵਾਂ ਦਾ ਵੀ ਵਰਣਨ ਕੀਤਾ ਹੈ। ਇਹਨਾਂ ਪੁਰਾਣਿਕ ਕਥਾਵਾਂ ਦੀਆਂ ਉਦਾਹਰਣਾਂ ਦੇਣ ਸਮੇਂ ਇਸ ਗੱਲ ਦੀ ਚਰਚਾ ਨਹੀਂ ਕੀਤੀ ਗਈ ਕਿ ਇਹ ਸੱਚੀਆਂ ਹਨ ਜਾਂ ਝੂਠੀਆਂ। ਪਰੰਤੂ ਗੁਰਮਤਿ ਦੇ ਤੱਤ ਗਿਆਨ ਦਾ ਪ੍ਰਗਟਾਵਾ ਕਰਨ ਲੱਗਿਆਂ ਇਸ ਗੱਲ ਦਾ ਅਵੱਸ਼ ਪ੍ਰਗਟਾਵਾ ਕੀਤਾ ਹੈ ਕਿ ਵਾਹਿਗੁਰੂ ਦੀ ਹੁਕਮੀ ਖੇਡ ਵਿਚ ਅਜਿਹਾ ਹੋਣਾ ਜਾਂ ਵਾਪਰਨਾ ਸੰਭਵ ਨਹੀਂ ਹੈ। ਇਹ ਗੱਲ ਗੁਰੂ ਗਿਆਨ ਤੋਂ ਹੀ ਸਪੱਸ਼ਟ ਹੁੰਦੀ ਹੈ ਕਿ ਇਹਨਾਂ ਕਥਾਵਾਂ ਦੇ ਪਾਤਰਾਂ/ਸਥਾਨਾਂ ਦੀ ਹੋਂਦ ਅਤੇ ਇਹਨਾਂ ਨਾਲ ਸੰਬੰਧਿਤ ਘਟਨਾਵਾਂ ਦਾ ਇੰਨ-ਬਿੰਨ ਵਾਪਰਨਾ ਸੰਭਵ ਨਹੀਂ ਹੈ, ਚੂੰਕਿ ਇਹ ਰੱਬੀ ਨਿਯਮਾਵਲੀ ਦੇ ਉਲਟ ਹੈ। ਅੱਜ ਦੇ ਇਸ ਵਿਗਿਆਨਕ ਯੁੱਗ ਵਿਚ ਗੁਰਮਤਿ ਦੇ ਇਸ ਦ੍ਰਿਸ਼ਟੀਕੋਣ ਨੂੰ ਸਮਝਣਾ ਹੋਰ ਵੀ ਸੌਖਾ ਹੈ। ਸ਼ਾਇਦ ਇਹੀ ਕਾਰਨ ਹੈ ਕਿ ਇਨ੍ਹਾਂ ਕਹਾਣੀਆਂ ਨੂੰ ਪ੍ਰਚਾਰਨ ਵਾਲਿਆਂ ਦੇ ਪੈਰੋਕਾਰਾਂ ਵਿੱਚੋਂ ਵੀ ਅਜੋਕੇ ਸਮੇਂ ਵਿਚ ਕੁਝ ਕੁ ਬੁੱਧੀ-ਜੀਵ ਇਹਨਾਂ ਨੂੰ ਇੰਨ-ਬਿੰਨ ਮੰਨਣ ਤੋਂ ਇਨਕਾਰੀ ਹਨ ਅਤੇ ਉਹ ਇਹਨਾਂ ਦੀ ਵਿਗਿਆਨ ਢੰਗ ਨਾਲ ਵਿਆਖਿਆ ਕਰਦਿਆਂ ਹੋਇਆਂ, ਇਹਨਾਂ ਕਥਾਵਾਂ ਨੂੰ ਪ੍ਰਤੀਕ ਵਜੋਂ ਹੀ ਮੰਨਣ ਲੱਗ ਪਏ ਹਨ। ਇਸ ਗੱਲ ਨੂੰ ਗੁਰੂ ਗ੍ਰੰਥ ਸਾਹਿਬ ਦੇ ਅਨੇਕਾਂ ਸ਼ਬਦਾਂ ਦੇ ਅਨੇਕਾਂ ਸ਼ਬਦਾਂ ਰਾਹੀਂ, ਜਿਨ੍ਹਾਂ ਵਿਚ ਇਨ੍ਹਾਂ ਪੁਰਾਣਿਕ ਕਥਾਵਾਂ ਦੇ ਪਾਤਰਾਂ ਅਤੇ ਘਟਨਾਵਾਂ ਦਾ ਵਰਣਨ ਕੀਤਾ ਗਿਆ ਹੈ, ਅਤੇ ਦੇਖਿਆ/ਸਮਝਿਆ ਜਾ ਸਕਦਾ ਹੈ। ਉਦਾਹਰਣ ਵਜੋਂ ਨਿਮਨ-ਲਿਖਤ ਭਗਤ ਤ੍ਰਿਲੋਚਨ ਜੀ ਦੇ ਰਾਗ ਧਨਾਸਰੀ ਵਿਚ ਅੰਕਿਤ ਸ਼ਬਦ 'ਚੋਂ ਇਸ ਭਾਵ ਨੂੰ ਦੇਖਿਆ ਜਾ ਸਕਦਾ ਹੈ:

ਨਾਰਾਇਣ ਨਿੰਦਸਿ ਕਾਇ ਭੂਲੀ ਗਵਾਰੀ॥
ਦੁਕ੍ਰਿਤੁ ਸੁਕ੍ਰਿਤੁ ਥਾਰੋ ਕਰਮੁ ਰੀ॥੧॥ਰਹਾਉ॥

ਅਰਥ : ਹੇ ਭੁੱਲੜ ਮੂਰਖ ਜਿੰਦੇ! ਤੂੰ ਪਰਮਾਤਮਾ ਨੂੰ ਕਿਉਂ ਦੋਸ਼ ਦੇਂਦੀ ਹੈਂ? ਪਾਪ ਪੁੰਨ ਤੇਰਾ ਆਪਣਾ ਕੀਤਾ ਹੋਇਆ ਕੰਮ ਹੈ (ਜਿਸ ਦੇ ਕਾਰਨ ਦੁਖ ਸੁਖ ਸਹਾਰਨਾ ਪੈਂਦਾ ਹੈ)।੧।ਰਹਾਉ।

ਸੰਕਰਾ ਮਸਤਕਿ ਬਸਤਾ ਸੁਰਸਰੀ ਇਸਨਾਨ ਰੇ॥
ਕੁਲ ਜਨ ਮਧੇ ਮਿਲ੍ਹਿ ਸਾਰਗ ਪਾਨ ਰੇ॥
ਕਰਮ ਕਰਿ ਕਲੰਕੁ ਮਫੀਟਸਿ ਰੀ॥੧॥

ਅਰਥ : (ਹੇ ਜਿੰਦੇ!) ਆਪਣੇ ਕੀਤੇ ਕਰਮਾਂ ਦੇ ਕਾਰਨ (ਚੰਦ੍ਰਮਾ ਦਾ) ਦਾਗ ਨਾਹ ਹਟ ਸਕਿਆ, ਭਾਵੇਂ ਉਹ ਸ਼ਿਵ ਜੀ ਦੇ ਮੱਥੇ ਉੱਤੇ ਵੱਸਦਾ ਹੈ, ਨਿੱਤ ਗੰਗਾ ਵਿਚ ਇਸ਼ਨਾਨ ਕਰਦਾ ਹੈ, ਤੇ ਉਸੇ ਦੀ ਕੁਲ ਵਿਚ ਵਿਸ਼ਨੂ ਜੀ ਨੇ (ਕ੍ਰਿਸ਼ਨ ਰੂਪ ਧਾਰ ਕੇ) ਜਨਮ ਲਿਆ।੧।

[*ਨੋਟ :* ਪੁਰਾਣਿਕ ਕਥਾ ਅਨੁਸਾਰ ਗੋਤਮ ਰਿਸ਼ੀ ਨੇ ਚੰਦ੍ਰਮਾ ਨੂੰ ਦੇਵਤਿਆਂ ਦੇ ਰਾਜੇ ਇੰਦ੍ਰ ਦੀ ਸਹਾਇਤਾ (ਗੋਤਮ ਰਿਸ਼ੀ ਦੀ ਸੁਪਤਨੀ ਦਾ ਸਤ ਭੰਗ ਕਰਨ ਵਿਚ) ਕਰਨ ਕਰਕੇ ਚੰਦ੍ਰਮਾ ਨੂੰ ਸਰਾਪ ਦੇ ਦਿੱਤਾ ਸੀ। ਚੰਦ੍ਰਮਾ ਨੂੰ ਦੂਜਾ ਕਲੰਕ, ਵਧਣ ਘਟਣ ਵਾਲਾ, ਆਪਣੇ ਗੁਰੂ ਬ੍ਰਹਸਪਤਿ ਦੀ ਇਸਤ੍ਰੀ 'ਤਾਰਾ' ਨਾਲ ਸਰੀਰਕ ਸੰਬੰਧਾਂ ਦੇ ਕਾਰਨ ਬ੍ਰਹਸਪਤਿ ਵਲੋਂ ਮਿਲੇ ਹੋਏ ਸਰਾਪ ਕਾਰਨ ਹੈ।]

ਬਿਸ੍ਵ ਕਾ ਦੀਪਕੁ ਸ੍ਵਾਮੀ ਤਾ ਚੇ ਰੇ ਸੁਆਰਥੀ
ਪੰਖੀ ਰਾਇ ਗਰੁੜ ਤਾ ਚੇ ਬਾਧਵਾ॥
ਕਰਮ ਕਰਿ ਅਰੁਣ ਪਿੰਗੁਲਾ ਰੀ॥੨॥

ਅਰਥ : (ਹੇ ਘਰ-ਗੇਹਿਣ!) ਆਪਣੇ ਕਰਮਾਂ ਕਰਕੇ ਅਰੁਣ ਪਿੰਗਲਾ ਹੀ ਰਿਹਾ, ਭਾਵੇਂ ਸਾਰੇ ਜਗਤ ਨੂੰ ਚਾਨਣ ਦੇਣ ਵਾਲਾ ਸੂਰਜ ਉਸ ਦਾ ਸੁਆਮੀ ਹੈ, ਉਸ ਸੂਰਜ ਦਾ ਉਹ ਰਥਵਾਹੀ ਹੈ, ਤੇ ਪੰਛੀਆਂ ਦਾ ਰਾਜਾ ਗਰੁੜ ਉਸ ਦਾ ਰਿਸ਼ਤੇਦਾਰ ਹੈ।੨।

[*ਨੋਟ :* ਪੁਰਾਣਾਂ ਅਨੁਸਾਰ ਪਿਛਲੇ ਜਨਮ ਵਿਚ ਅਰੁਣ ਦਾ ਮਨੁੱਖ ਸਰੀਰ ਸੀ। ਇਸ ਨੇ ਅੱਕ 'ਤੇ ਬੈਠੇ ਟਿੱਡੇ ਦੀਆਂ ਲੱਤਾਂ ਤੋੜ ਦਿੱਤੀਆਂ ਸਨ, ਜਿਸ ਕਾਰਨ ਅਗਲੇ ਜਨਮ ਵਿਚ ਇਹ ਪਿੰਗਲਾ ਜਨਮਿਆ।]

ਅਨਿਕ ਪਾਤਿਕ ਹਰਤਾ ਤ੍ਰਿਭਵਣ ਨਾਥੁ ਰੀ
ਤੀਰਥਿ ਤੀਰਥਿ ਭ੍ਰਮਤਾ ਲਹੈ ਨ ਪਾਰੁ ਰੀ॥
ਕਰਮ ਕਰਿ ਕਪਾਲੁ ਮਫੀਟਸਿ ਰੀ॥੩॥

ਅਰਥ : (ਬ੍ਰਹਮ-ਹੱਤਿਆ ਦੇ) ਕੀਤੇ ਕਰਮ ਅਨੁਸਾਰ (ਸ਼ਿਵਜੀ ਦੇ ਹੱਥ ਨਾਲੋਂ) ਖੋਪਰੀ ਨਾਹ ਲਹਿ ਸਕੀ, ਭਾਵੇਂ (ਸ਼ਿਵ ਜੀ) ਸਾਰੇ ਜਗਤ ਦਾ ਨਾਥ (ਸਮਝਿਆ ਜਾਂਦਾ) ਹੈ, (ਹੋਰ ਜੀਵਾਂ ਦੇ) ਅਨੇਕਾਂ ਪਾਪਾਂ ਦਾ ਨਾਸ ਕਰਨ ਵਾਲਾ ਹੈ, ਪਰ ਉਹ ਹਰੇਕ ਤੀਰਥ ਉੱਤੇ ਭਟਕਦਾ ਫਿਰਿਆ, ਤਾਂ ਭੀ (ਉਸ ਖੋਪਰੀ ਤੋਂ) ਖ਼ਲਾਸੀ ਨਹੀਂ ਸੀ ਹੁੰਦੀ।੩।

[*ਨੋਟ :* ਪੁਰਾਣਾਂ 'ਚ ਵਰਣਿਤ ਕਥਾ ਅਨੁਸਾਰ ਬ੍ਰਹਮਾ ਦੀ ਸਪੁੱਤਰੀ ਨੇ ਜਦ ਆਪਣੇ ਹੀ ਪਿਤਾ ਦੀ ਮਾੜੀ ਨੀਅਤ ਦੇਖੀ ਤਾਂ ਆਪਣੇ ਹੀ ਪਿਤਾ ਤੋਂ ਆਪਣੀ ਇੱਜ਼ਤ ਬਚਾਉਣ ਲਈ ਬ੍ਰਹਮੇ ਦੇ ਦੂਜੇ ਪਾਸੇ ਹੋ ਗਈ ਤਾਂ ਬ੍ਰਹਮਾ ਨੇ ਆਪਣਾ ਮੁਖ ਫੇਰਨ ਦੀ ਬਜਾਏ ਦੂਜਾ ਸਿਰ ਹੀ ਹੋਰ ਲਗਾ ਲਿਆ। ਜਦ ਸਤਰੂਪਾਂ (ਬ੍ਰਹਮਾ ਦੀ ਪੁੱਤਰੀ) ਤੀਜੀ ਦਿਸ਼ਾ ਵੱਲ ਹੋਈ ਤਾਂ ਬ੍ਰਹਮਾ ਨੇ ਤੀਜਾ ਸਿਰ ਲਗਾ ਲਿਆ ਅਤੇ ਜਦ ਸਤਰੂਪਾਂ ਚੌਥੇ ਪਾਸੇ ਹੋਈ ਤਾਂ ਉਸ ਨੇ ਚੌਥਾ ਸਿਰ ਲਗਾ ਲਿਆ। ਅੰਤ ਵਿਚ ਕੋਈ ਚਾਰਾ ਨਾ ਚੱਲਦਾ ਦੇਖ ਕੇ ਉਹ ਉਪਰ ਆਕਾਸ਼ ਵੱਲ ਨੂੰ ਉੱਡੀ ਤਾਂ ਬ੍ਰਹਮਾ ਨੇ ਆਪਣਾ ਪੰਜਵਾਂ ਸਿਰ ਲਗਾ ਲਿਆ। ਬ੍ਰਹਮਾ ਦੇ ਇਸ ਕਾਰੇ

ਨੂੰ ਦੇਖ ਕੇ ਪਾਸ ਹੀ ਬੈਠੇ ਹੋਏ ਸ਼ਿਵਜੀ ਨੂੰ ਬਹੁਤ ਗੁੱਸਾ ਆਇਆ ਅਤੇ ਉਸ ਨੇ ਆਪਣੇ ਤ੍ਰਿਸ਼ੂਲ ਨਾਲ ਬ੍ਰਹਮਾ ਦਾ ਪੰਜਵਾਂ ਸਿਰ ਕੱਟ ਦਿੱਤਾ। ਬ੍ਰਹਮਾ ਚੂੰਕਿ ਬ੍ਰਾਹਮਣ ਸੀ, ਇਸ ਕਰਕੇ ਸ਼ਿਵਜੀ ਨੂੰ ਬ੍ਰਹਮ ਹੱਤਿਆ ਦੇ ਦੋਸ਼ ਕਰਕੇ ਬ੍ਰਹਮੇ ਦਾ ਪੰਜਵਾਂ ਸਿਰ ਸ਼ਿਵਜੀ ਦੇ ਹੱਥ ਨਾਲ ਚੰਬੜ ਗਿਆ ਸੀ।]

ਅੰਮ੍ਰਿਤ ਸਸੀਅ ਧੇਨ ਲਛਿਮੀ ਕਲਪਤਰ ਸਿਖਰਿ ਸੁਨਾਗਰ ਨਦੀ ਚੇ ਨਾਥੰ॥
ਕਰਮ ਕਰਿ ਖਾਰੁ ਮਫੀਟਸਿ ਰੀ॥੪॥

ਅਰਥ : (ਹੇ ਮੇਰੀ ਜਿੰਦੇ !) ਆਪਣੇ ਕੀਤੇ (ਮੰਦ-ਕਰਮ) ਅਨੁਸਾਰ (ਸਮੁੰਦਰ ਦਾ) ਖਾਰਾ-ਪਨ ਨਹੀਂ ਹਟ ਸਕਿਆ, ਭਾਵੇਂ ਉਹ ਸਾਰੀਆਂ ਨਦੀਆਂ ਦਾ ਨਾਥ ਹੈ ਤੇ ਉਸ ਵਿੱਚੋਂ ਅੰਮ੍ਰਿਤ, ਚੰਦ੍ਰਮਾ, ਕਾਮਧੇਨ, ਲੱਛਮੀ, ਕਲਪ-ਰੁੱਖ, ਸੱਤ-ਮੂੰਹਾ ਘੋੜਾ, ਧਨੰਤਰ ਵੈਦ (ਆਦਿਕ ਚੌਦਾਂ ਰਤਨ) ਨਿਕਲੇ ਸਨ।੪।

[*ਨੋਟ :* ਅਗਸਤ ਮੁਨੀ ਨੇ ਸਮੁੰਦਰ ਵਲੋਂ ਕੀਤੇ ਅਪਰਾਧ ਦੀ ਸਜ਼ਾ ਦੇਣ ਲਈ ਆਪਣੇ ਉਪਾਸ਼ਯ ਦਾ ਧਿਆਨ ਧਾਰ ਕੇ ਵੈਰਾਟ ਰੂਪ ਧਾਰਨ ਕਰ ਲਿਆ ਅਤੇ ਢਾਈ ਚੁਲੀਆਂ ਵਿਚ ਸਮੁੰਦਰ ਨੂੰ ਪੀ ਲਿਆ। ਸਮੁੰਦਰ ਵਲੋਂ ਮਹਾਂਪੁਰਸ਼ਾਂ ਤੋਂ ਮੁਆਫ਼ੀ ਮੰਗਣ 'ਤੇ ਮਹਾਤਮਾਂ ਦੇ ਕਹਿਣ 'ਤੇ ਅਗਸਤ ਮੁਨੀ ਨੇ ਢਾਈ ਚੁਲੀਆਂ ਵਿਚ ਪੀਤਾ ਹੋਇਆ ਸਮੁੰਦਰ ਪਿਸ਼ਾਬ ਰਾਹੀਂ ਬਾਹਰ ਕੱਢਿਆ ਅਤੇ ਨਾਲ ਹੀ ਸਮੁੰਦਰ ਨੂੰ ਸਰਾਪ ਦੇ ਦਿੱਤਾ ਕਿ ਅੱਜ ਤੋਂ ਤੂੰ ਖਾਰਾ ਹੀ ਰਹੇਂਗਾ।]

ਦਾਧੀਲੇ ਲੰਕਾ ਗੜੁ ਉਪਾੜੀਲੇ ਰਾਵਣ ਬਣੁ ਸਲਿ ਬਿਸਲਿ ਆਣਿ ਤੋਖੀਲੇ ਹਰੀ॥
ਕਰਮ ਕਰਿ ਕਛਉਟੀ ਮਫੀਟਸਿ ਰੀ॥੫॥

ਅਰਥ : (ਹੇ ਘਰ-ਗੇਹਨਿ !) ਆਪਣੇ ਕੀਤੇ ਕਰਮਾਂ ਦੇ ਅਧੀਨ (ਹਨੂੰਮਾਨ ਦੇ ਭਾਗਾਂ ਵਿੱਚੋਂ) ਉਸ ਦੀ ਨਿੱਕੀ ਜਹੀ ਕੱਛ ਨਾਹ ਹਟ ਸਕੀ, ਭਾਵੇਂ ਉਸ ਨੇ (ਸ਼੍ਰੀ ਰਾਮ ਚੰਦ੍ਰ ਜੀ ਦੀ ਖ਼ਾਤਰ) ਲੰਕਾ ਦਾ ਕਿਲ੍ਹਾ ਸਾੜਿਆ, ਰਾਵਣ ਦਾ ਬਾਗ਼ ਉਜਾੜ ਦਿੱਤਾ, ਸੱਲ ਦੂਰ ਕਰਨ ਵਾਲੀ ਬੂਟੀ ਲਿਆ ਕੇ ਰਾਮ ਚੰਦ੍ਰ ਜੀ ਨੂੰ ਪ੍ਰਸੰਨ ਕੀਤਾ।੫।

[*ਨੋਟ :* ਪਿਛਲੇ ਜਨਮ ਵਿਚ ਜਦ ਹਨੂੰਮਾਨ ਨਦੀ ਵਿਚ ਇਸ਼ਨਾਨ ਕਰ ਰਹੇ ਇਕ ਰਿਖੀ ਦੇ ਕਪੜੇ ਚੁੱਕ ਕੇ ਦੌੜ ਰਿਹਾ ਸੀ, ਤਾਂ ਰਿਖੀ ਦੀ ਇਸ 'ਤੇ ਨਜ਼ਰ ਪੈ ਗਈ। ਉਸ ਨੇ ਅਵਾਜ਼ ਦੇ ਕੇ ਇਸ ਨੂੰ ਆਖਿਆ ਕਿ ਉਸ ਕੋਲ ਤਾਂ ਕੇਵਲ ਤਨ 'ਤੇ ਪਹਿਰਣ ਲਈ ਇਹੀ ਕਪੜੇ ਹਨ ਅਤੇ ਇਹ ਬਹੁਤੇ ਕੀਮਤੀ ਵੀ ਨਹੀਂ ਹਨ, ਇਸ ਲਈ ਵਾਪਸ ਮੋੜ ਦੇ। ਪਰ ਹਨੂਮਾਨ ਨੇ ਰਿਖੀ ਦੇ ਅਜਿਹੇ ਕਹਿਣ 'ਤੇ ਵੀ ਉਸ ਦੇ ਕਪੜੇ ਵਾਪਸ 'ਨਾ ਕੀਤੇ, ਤਾਂ ਰਿਖੀ ਨੇ ਇਸ ਨੂੰ ਸਰਾਪ ਦੇ ਦਿੱਤਾ ਕਿ ਤੈਨੂੰ ਅਗਲੇ ਜਨਮ ਵਿਚ ਸਰੀਰ 'ਤੇ ਪਹਿਰਣ ਲਈ ਕੇਵਲ ਕੱਛ ਹੀ ਮਿਲੇਗੀ, ਹੋਰ ਕਪੜੇ ਪਹਿਰਣ ਨਾਲ ਤੇਰੇ ਸਰੀਰ ਨੂੰ ਅੱਗ ਜੇਹੀ ਜਲਨ ਹੋਣ ਲੱਗ ਪਵੇਗੀ।]

ਪੂਰਬਲੋ ਕ੍ਰਿਤ ਕਰਮੁ ਨ ਮਿਟੈ ਰੀ
ਘਰ ਗੇਹਣਿ ਤਾ ਚੇ ਮੋਹਿ ਜਾਪੀਅਲੇ ਰਾਮ ਚੇ ਨਾਮੰ॥
ਬਦਤਿ ਤ੍ਰਿਲੋਚਨ ਰਾਮ ਜੀ॥੬॥ *(ਧਨਾਸਰੀ ਤ੍ਰਿਲੋਚਨ ਜੀ, ਪੰਨਾ 695)*

ਅਰਥ : ਹੇ ਮੇਰੀ ਜਿੰਦੇ! ਪਿਛਲਾ ਕੀਤਾ ਕੋਈ ਕਰਮ (ਅਵਤਾਰ-ਪੂਜਾ, ਤੀਰਥ-ਇਸ਼ਨਾਨ ਆਦਿਕ ਦੀ ਰਾਹੀਂ) ਮਿਟਦਾ ਨਹੀਂ, ਤਾਹੀਏਂ ਮੈਂ ਤਾਂ ਪਰਮਾਤਮਾ

ਦਾ ਨਾਮ ਹੀ ਸਿਮਰਦਾ ਹਾਂ। ਤ੍ਰਿਲੋਚਨ ਆਖਦਾ ਹੈ ਕਿ ਮੈਂ ਤਾਂ 'ਰਾਮ ਰਾਮ' ਹੀ ਜਪਦਾ ਹਾਂ (ਭਾਵ, ਪਰਮਾਤਮਾ ਦੀ ਓਟ ਹੀ ਲੈਂਦਾ ਹਾਂ ਤੇ ਆਪਣੇ ਕਿਸੇ ਕੀਤੇ ਕਰਮ ਕਰਕੇ ਆਏ ਦੁਖ ਤੋਂ ਪ੍ਰਭੂ ਨੂੰ ਦੋਸ਼ ਨਹੀਂ ਦੇਂਦਾ।੬।)

ਕਈ ਸੱਜਣਾਂ ਦਾ ਇਹ ਤਰਕ ਹੈ ਕਿ ਜੇਕਰ ਗੁਰੂ ਗ੍ਰੰਥ ਸਾਹਿਬ ਦੇ ਬਾਣੀ ਰਚੇਤਿਆਂ ਦਾ ਇਨ੍ਹਾਂ ਪੁਰਾਣਿਕ ਕਥਾਵਾਂ ਵਿਚ ਵਿਸ਼ਵਾਸ ਨਹੀਂ ਸੀ, ਤਾਂ ਇਨ੍ਹਾਂ ਕਥਾਵਾਂ ਦੀਆਂ ਉਦਾਹਰਣਾਂ ਦੇਣ ਦਾ ਕੀ ਅਰਥ? ਜੇਹੜੀ ਗੱਲ ਹੈ ਹੀ ਗਲਤ, ਉਸ ਦੀ ਮਿਸਾਲ ਦਾ ਕੀ ਲਾਭ? ਇਸ ਤਰ੍ਹਾਂ ਦੀ ਸੋਚ ਰੱਖਣ ਵਾਲੇ ਵੀਰਾਂ ਭੈਣਾਂ ਨੂੰ ਸਨਿਮਰ ਬੇਨਤੀ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਸੱਚ ਦਾ ਇਕ ਹੀ ਰੂਪ ਦਰਸਾਇਆ ਗਿਆ ਹੈ, ਦੋ ਤਿੰਨ ਜਾਂ ਚਾਰ ਨਹੀਂ। ਗੁਰੂ ਗ੍ਰੰਥ ਸਾਹਿਬ ਵਿਚ ਮਨੁੱਖ ਨੂੰ ਸਚਿਆਰ ਬਣਨ ਦਾ ਇੱਕੋ ਹੀ ਢੰਗ ਦੱਸਿਆ ਗਿਆ ਹੈ ਕਿ :

ਸਾਧੂ ਸੰਗਿ ਭਜਹੁ ਗੁਪਾਲ॥
ਆਨ ਸੰਜਮ ਕਿਛੁ ਨ ਸੂਝੈ ਇਹ ਜਤਨ ਕਾਟਿ ਕਲਿ ਕਾਲ॥ਰਹਾਉ॥

(ਧਨਾਸਰੀ ਮ: ੫, ਪੰਨਾ 675)

ਅਰਥ : ਹੇ ਭਾਈ! ਗੁਰੂ ਦੀ ਸੰਗਤ ਵਿਚ (ਰਹਿ ਕੇ) ਪਰਮਾਤਮਾ ਦਾ ਨਾਮ ਜਪਿਆ ਕਰ। ਇਹਨਾਂ ਯਤਨਾਂ ਨਾਲ ਹੀ ਸੰਸਾਰ ਦੇ ਝੰਬੇਲਿਆਂ ਦੀ ਫਾਹੀ ਕੱਟ। (ਮੈਨੂੰ ਇਸ ਤੋਂ ਬਿਨਾਂ) ਹੋਰ ਕੋਈ ਜੁਗਤ ਨਹੀਂ ਸੁੱਝਦੀ।ਰਹਾਉ।

ਇਸ ਤਰ੍ਹਾਂ ਬਾਣੀ ਰਚੇਤਿਆਂ ਨੇ ਗੁਰਮਤਿ ਦੀ ਜੀਵਨ-ਜੁਗਤ ਨੂੰ ਜਨ-ਸਾਧਾਰਨ ਤਕ ਅਪੜਾਉਣ ਲਈ ਉਹਨਾਂ 'ਚ ਪ੍ਰਚਲਿਤ ਧਾਰਨਾਵਾਂ ਦੀ ਭਰਪੂਰ ਵਰਤੋਂ ਕੀਤੀ ਹੈ। ਇਸ ਢੰਗ ਦੀ ਵਰਤੋਂ ਦੀ ਬਦੌਲਤ ਹੀ ਬਾਣੀ ਰਚੇਤੇ, ਜਨ-ਸਾਧਾਰਨ ਤੀਕ ਆਪਣੀ ਗੱਲ ਨੂੰ ਬੜੇ ਹੀ ਸਾਰਥਿਕ ਢੰਗ ਨਾਲ ਅਪੜਾਉਣ ਵਿਚ ਕਾਮਯਾਬ ਹੋਏ। ਸੋ, ਬਾਣੀ ਰਚੇਤਿਆਂ ਬਾਰੇ ਇਹ ਕਹਿਣਾ ਕਿ ਇਹ ਇਹਨਾਂ ਪ੍ਰਚਲਿਤ ਧਾਰਨਾਵਾਂ ਵਿਚ ਵਿਸ਼ਵਾਸ ਕਰਦੇ ਸਨ, ਇਹ ਕਹਿਣਾ ਇਹਨਾਂ ਨਾਲ ਘੋਰ ਅਨਿਆਂ ਹੋਵੇਗਾ। ਇਸ ਤਰ੍ਹਾਂ ਦੀ ਧਾਰਨਾ ਨਾਲ ਅਸੀਂ ਜਾਣੇ-ਅਨਜਾਣੇ ਗੁਰਬਾਣੀ ਵਿਚ ਸਵੈ-ਵਿਰੋਧ ਦੀ ਭਾਵਨਾ ਨੂੰ ਵੀ ਪ੍ਰਮਾਣਿਤ ਕਰਨ ਦੇ ਭਾਗੀਦਾਰ ਹੋਵਾਂਗੇ।

ਬਾਣੀ ਰਚੇਤਿਆਂ ਵਲੋਂ ਭਾਵੇਂ ਵੱਖ-ਵੱਖ ਅਨਮਤੀ ਵਿਸ਼ਵਾਸ, ਧਾਰਨਾਵਾਂ, ਸ਼ਬਦਾਵਲੀ ਆਦਿ ਦੀ ਵਰਤੋਂ ਕ਼ੀਤੀ ਗਈ ਹੈ, ਪਰੰਤੂ ਬਾਣੀ ਰਚੇਤਿਆਂ ਨੇ ਜੋ ਮੁੱਖ ਸੰਦੇਸ਼ ਮਨੁੱਖਤਾ ਤਕ ਅਪੜਾਉਣਾ ਚਾਹਿਆ, ਉਸ ਵਿਚ ਕਿਸੇ ਤਰ੍ਹਾਂ ਦੀ ਭਿੰਨਤਾ ਨਹੀਂ ਹੈ। ਗੁਰੂ ਗ੍ਰੰਥ ਸਾਹਿਬ ਵਿਚ ਸ਼ੁਰੂ ਤੋਂ ਲੈ ਕੇ ਅੰਤ ਤਕ, ਕਿਧਰੇ ਵੀ ਬਾਣੀ ਰਚੇਤਿਆਂ ਦੀ ਵਿਚਾਰਧਾਰਾ ਵਿਚ ਆਪਸੀ ਵਿਰੋਧ ਨਹੀਂ ਹੈ ਅਤੇ ਨਾ ਹੀ ਬਾਣੀ ਰਚੇਤਿਆਂ ਦਾ ਆਪਣੀਆਂ ਰਚਨਾਵਾਂ ਵਿਚ ਕਿਸੇ ਤਰ੍ਹਾਂ ਦਾ ਸਵੈ-ਵਿਰੋਧ ਹੈ।

ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ॥

ਗੁਰਬਾਣੀ ਵਿਚ ਸਮੇਂ ਸਥਾਨ ਆਦਿ ਨਾਲ ਸੰਬੰਧਿਤ ਹਵਾਲੇ ਅਤੇ ਗੁਰਬਾਣੀ ਦਾ ਸਿਧਾਂਤਕ ਸੱਚ

ਗੁਰਬਾਣੀ ਦਾ ਸੱਚ ਜਨ-ਸਾਧਾਰਨ ਦੀ ਸਮਝ ਗੋਚਰਾ ਕਰਨ ਲਈ ਬਾਣੀ ਰਚੇਤਿਆਂ ਨੇ ਮੁਹਾਵਰੇ ਅਤੇ ਅਖਾਣਾਂ ਦੀ ਵਰਤੋਂ ਤਾਂ ਕੀਤੀ ਹੋਈ ਹੈ, ਪਰ ਇਸ ਦੇ ਨਾਲ ਨਾਲ ਭਿੰਨ-ਭਿੰਨ ਸਥਾਨਾਂ ਅਤੇ ਸਮਾਜ ਵਿਚ ਪ੍ਰਚਲਿਤ ਵੱਖ-ਵੱਖ ਮਾਨਤਾਵਾਂ ਦੀ ਵੀ ਭਰਪੂਰ ਵਰਤੋਂ ਕੀਤੀ ਹੋਈ ਹੈ। ਗੁਰਬਾਣੀ ਵਿਚ ਜਿਸ ਤਰ੍ਹਾਂ ਅਨਮਤੀਆਂ (ਭਾਵ ਦੂਜੇ ਧਰਮਾਂ) ਦੀ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ; ਇਸੇ ਤਰ੍ਹਾਂ ਉਸ ਸਮੇਂ ਦੀਆਂ ਮਨੌਤਾਂ ਦਾ ਵੀ ਵਰਣਨ ਕੀਤਾ ਹੋਇਆ ਹੈ। ਇਨ੍ਹਾਂ ਮਨੌਤਾਂ ਆਦਿ ਦਾ ਹਵਾਲਾ ਦੇਣ ਲੱਗਿਆਂ ਕੇਵਲ ਇਨ੍ਹਾਂ ਦੇ ਪ੍ਰਚਲਿਤ ਭਾਵ ਨੂੰ ਹੀ ਮੁੱਖ ਰੱਖਿਆ ਗਿਆ ਹੈ। ਇਨ੍ਹਾਂ ਦੀ ਵਰਤੋਂ ਕਰਨ ਦਾ ਹਰਗਿਜ਼ ਇਹ ਭਾਵ ਨਹੀਂ ਹੈ ਕਿ ਬਾਣੀ ਰਚੇਤੇ ਇਨ੍ਹਾਂ ਧਾਰਨਾਵਾਂ ਨਾਲ ਸਹਿਮਤ ਸਨ; ਨਹੀਂ, ਹਰਗਿਜ਼ ਨਹੀਂ। ਇਹ ਗੱਲ ਸਾਨੂੰ ਬਾਣੀ ਵਿੱਚੋਂ ਹੀ ਸਪੱਸ਼ਟ ਹੁੰਦੀ ਹੈ। ਉਦਾਹਰਣ ਵਜੋਂ ਜਨਮ ਤੋਂ ਹੀ ਕਿਸੇ ਨੂੰ ਉੱਚਾ ਅਤੇ ਕਿਸੇ ਨੂੰ ਨੀਵਾਂ ਸਮਝਣ ਦੀ ਧਾਰਨਾ ਨਾਲ ਬਾਣੀ ਰਚੇਤਿਆਂ ਦੀ ਬਿਲਕੁਲ ਹੀ ਸਹਿਮਤੀ ਨਹੀਂ ਹੈ। ਪਰੰਤੂ ਗੁਰਬਾਣੀ ਵਿਚ ਕਈ ਥਾਈਂ ਪ੍ਰਭੂ ਨਾਮ ਦੀ ਮਹਾਨਤਾ ਦਰਸਾਉਣ ਲਈ ਇਸ ਤਰ੍ਹਾਂ ਦੇ ਦ੍ਰਿਸ਼ਟਾਂਤ ਆਮ ਹੀ ਦਿੱਤੇ ਗਏ ਹਨ :

ਨੀਚ ਜਾਤਿ ਹਰਿ ਜਪਤਿਆ ਉਤਮ ਪਦਵੀ ਪਾਇ॥
ਪੂਛਹੁ ਬਿਦਰ ਦਾਸੀ ਸੁਤੈ ਕਿਸਨੁ ਉਤਰਿਆ ਘਰਿ ਜਿਸੁ ਜਾਇ॥੧॥...
ਰਵਿਦਾਸੁ ਚਮਾਰੁ ਉਸਤਤਿ ਕਰੇ ਹਰਿ ਕੀਰਤਿ ਨਿਮਖ ਇਕ ਗਾਇ॥
ਪਤਿਤ ਜਾਤਿ ਉਤਮੁ ਭਇਆ ਚਾਰਿ ਵਰਨ ਪਏ ਪਗਿ ਆਇ॥੨॥

(ਸੂਹੀ ਮਹਲਾ ੪, ਪੰਨਾ 733)

ਅਰਥ : ਹੇ ਭਾਈ! ਨੀਵੀਂ ਜਾਤਿ ਵਾਲਾ ਮਨੁੱਖ ਭੀ ਪਰਮਾਤਮਾ ਦਾ ਨਾਮ ਜਪਣ ਨਾਲ ਉੱਚਾ ਆਤਮਿਕ ਦਰਜਾ ਹਾਸਲ ਕਰ ਲੈਂਦਾ ਹੈ (ਜੇ ਯਕੀਨ ਨਹੀਂ ਆਉਂਦਾ, ਤਾਂ ਕਿਸੇ ਪਾਸੋਂ) ਦਾਸੀ ਦੇ ਪੁੱਤਰ ਬਿਦਰ ਦੀ ਗੱਲ ਪੁੱਛ ਵੇਖੋ। ਉਸ ਬਿਦਰ ਦੇ ਘਰ ਕ੍ਰਿਸ਼ਨ ਜੀ ਜਾ ਕੇ ਠਹਿਰੇ ਸਨ।੧।

ਹੇ ਭਾਈ! (ਭਗਤ) ਰਵਿਦਾਸ ਜਾਤਿ ਦਾ ਚਮਾਰ (ਸੀ, ਉਹ ਪਰਮਾਤਮਾ ਦੀ) ਸਿਫ਼ਤਿ-ਸਾਲਾਹ ਕਰਦਾ ਸੀ, ਉਹ ਹਰ ਵੇਲੇ ਪ੍ਰਭੂ ਦੀ ਕੀਰਤੀ ਗਾਂਦਾ ਰਹਿੰਦਾ ਸੀ। ਨੀਵੀਂ ਜਾਤਿ ਦਾ ਰਵਿਦਾਸ ਮਹਾਂ ਪੁਰਖ ਬਣ ਗਿਆ। ਚੌਹਾਂ ਵਰਨਾਂ ਦੇ ਮਨੁੱਖ ਉਸ ਦੇ ਪੈਰੀਂ ਆ ਕੇ ਲੱਗ ਪਏ।੨।

ਗੁਰੂ ਸਾਹਿਬ ਜਾਤ-ਪਾਤ ਵਿਚ ਵਿਸ਼ਵਾਸ ਨਹੀਂ ਸੀ ਕਰਦੇ। ਆਮ ਲੋਕਾਂ ਦੀ ਇਨ੍ਹਾਂ ਭਗਤਾਂ ਬਾਰੇ ਜੋ ਧਾਰਨਾ ਹੈ, ਗੁਰਦੇਵ ਕੇਵਲ ਉਸ ਦਾ ਹੀ ਪ੍ਰਗਟਾਵਾ ਕਰ ਰਹੇ ਹਨ। ਇਹ ਪ੍ਰਗਟਾਵਾ ਕੇਵਲ ਇਸ ਲਈ ਕੀਤਾ ਗਿਆ ਹੈ ਕਿ ਜਨ-ਸਾਧਾਰਨ ਨੂੰ ਨਾਮ ਦੀ (ਭਾਵ ਪ੍ਰਭੂ ਗੁਣਾਂ ਦੀ) ਮਹਿਮਾ ਦ੍ਰਿੜ੍ਹ ਕਰਵਾਈ ਜਾ ਸਕੇ। ਗੁਰੂ ਸਾਹਿਬ ਕਿਸੇ ਨੂੰ ਵੀ ਜਨਮ ਤੋਂ ਉੱਚਾ ਜਾਂ ਨੀਵਾਂ ਨਹੀਂ ਮੰਨਦੇ। ਗੁਰਬਾਣੀ ਦੀ ਜੀਵਨ-ਜੁਗਤ ਵਿਚ ਕੋਈ ਵੀ ਪ੍ਰਾਣੀ ਜਨਮ ਤੋਂ ਨਹੀਂ ਬਲਕਿ ਆਪਣੇ ਕਰਮ ਕਾਰਨ ਹੀ ਉੱਚਾ ਜਾਂ ਨੀਵਾਂ ਹੈ। ਗੁਰਬਾਣੀ ਵਿਚ ਇਸ ਲਈ ਹੀ ਜਾਤ ਅਭਿਮਾਨ ਨੂੰ ਭਿਆਨਕ ਆਤਮਿਕ ਰੋਗ ਸਮਝ ਕੇ ਮਨੁੱਖ ਨੂੰ ਇਸ ਤੋਂ ਉਪਰ ਉੱਠਣ ਲਈ ਉਤਸ਼ਾਹਤ ਕੀਤਾ ਹੈ :

ਜਾਤਿ ਕਾ ਗਰਬੁ ਨ ਕਰੀਅਹੁ ਕੋਈ ॥
ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ ॥੧॥
ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ॥
ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ ॥੧॥ਰਹਾਉ॥ *(ਭੈਰਉ ਮ: ੩, ਪੰਨਾ 1127)*

ਅਰਥ : ਹੇ ਮੂਰਖ! ਹੇ ਗੰਵਾਰ! (ਉੱਚੀ) ਜਾਤਿ ਦਾ ਮਾਣ ਨਾਹ ਕਰ। ਇਸ ਮਾਣ-ਅਹੰਕਾਰ ਤੋਂ (ਭਾਈਚਾਰਕ ਜੀਵਨ ਵਿਚ) ਕਈ ਵਿਗਾੜ ਚੱਲ ਪੈਂਦੇ ਹਨ।੧। ਰਹਾਉ।

ਹੇ ਭਾਈ! ਕੋਈ ਭੀ ਧਿਰ (ਉੱਚੀ) ਜਾਤਿ ਦਾ ਮਾਣ ਨਾਹ ਕਰਿਓ। ('ਜਾਤਿ' ਦੇ ਆਸਰੇ ਬ੍ਰਾਹਮਣ ਨਹੀਂ ਬਣੀਦਾ) ਉਹ ਮਨੁੱਖ ਬ੍ਰਾਹਮਣ ਬਣ ਜਾਂਦਾ ਹੈ ਜਿਹੜਾ ਬ੍ਰਹਮ (ਪਰਮਾਤਮਾ) ਨਾਲ ਡੂੰਘੀ ਸਾਂਝ ਪਾ ਲੈਂਦਾ ਹੈ।੧।

ਇਸ ਫ਼ੁਰਮਾਨ ਅਤੇ ਇਸ ਤਰ੍ਹਾਂ ਦੇ ਭਾਵ ਦੇ ਹੋਰ ਫ਼ੁਰਮਾਨਾਂ ਵਿਚ ਜਾਤ-ਪਾਤ ਸੰਬੰਧੀ ਬਾਣੀ ਰਚੇਤਿਆਂ ਦਾ ਦ੍ਰਿਸ਼ਟੀਕੋਣ ਸਪੱਸ਼ਟ ਰੂਪ ਵਿਚ ਉਘੜ ਕੇ ਸਾਡੇ ਸਾਹਮਣੇ ਆਉਂਦਾ। ਇਸ ਲਈ ਗੁਰਬਾਣੀ ਵਿਚ "ਨੀਚ ਜਾਤਿ ਹਰਿ ਜਪਤਿਆ ਉਤਮ ਪਦਵੀ ਪਾਇ" ਦਾ ਇਹ ਕਦਾਚਿਤ ਭਾਵ ਨਹੀਂ ਕਿ ਗੁਰੂ ਸਾਹਿਬਾਨ ਸਮਾਜ ਵਿਚ ਪ੍ਰਚਲਿਤ ਇਸ ਤਰ੍ਹਾਂ ਦੀ ਧਾਰਨਾ ਨਾਲ ਸਹਿਮਤ ਸਨ।

ਇਸ ਤਰ੍ਹਾਂ ਹੀ ਬਾਣੀ ਰਚੇਤਿਆਂ ਨੇ ਗੁਰਬਾਣੀ ਦੀ ਜੀਵਨ-ਜੁਗਤ ਸਮਝਾਉਣ ਲਈ ਜੋ ਦ੍ਰਿਸ਼ਟਾਂਤ ਦਿੱਤੇ ਹਨ, ਉਹ ਸਮੇਂ ਸਥਾਨ ਆਦਿ ਨਾਲ ਸੰਬੰਧਿਤ ਹਨ। ਸਮੇਂ ਦੇ ਬੀਤਣ ਨਾਲ ਇਨ੍ਹਾਂ ਵਿੱਚੋਂ ਕਈਆਂ ਦੀ ਅੱਜ ਉਸੇ ਰੂਪ ਵਿਚ ਉਹ ਸਾਰਥਿਕਤਾ ਨਹੀਂ ਰਹੀ, ਜੋ ਉਸ ਸਮੇਂ ਇਨ੍ਹਾਂ ਦੀ ਸਾਰਥਿਕਤਾ ਸੀ। ਇਸ ਗੱਲ ਦੀ ਪੂਰੀ ਸੰਭਾਵਨਾ ਹੈ ਕਿ ਆਉਣ ਵਾਲੇ ਸਮੇਂ ਬਹੁਤ ਸਾਰੀਆਂ ਪੁਰਾਣੀਆਂ ਮਾਨਤਾਵਾਂ ਅਤੇ ਕਦਰਾਂ-ਕੀਮਤਾਂ ਦੀ ਉਹ ਮਹੱਤਤਾ ਨਾ ਰਹੇ, ਜੋ ਅੱਜ ਤੀਕ ਬਣੀ ਹੋਈ ਹੈ। ਪਰ ਇਨ੍ਹਾਂ ਦ੍ਰਿਸ਼ਟਾਂਤਾਂ ਦੀ ਵਰਤੋਂ ਕਰ ਕੇ ਜੋ ਗੁਰਬਾਣੀ ਦਾ ਸੱਚ ਦ੍ਰਿੜ੍ਹ ਕਰਵਾਇਆ ਗਿਆ ਹੈ, ਉਹ ਅੱਜ ਵੀ ਉਤਨਾ ਹੀ ਸਾਰਥਿਕ ਹੈ ਜਿਤਨਾ ਗੁਰੂ-ਕਾਲ ਜਾਂ ਗੁਰੂ-ਕਾਲ ਤੋਂ ਪਹਿਲਾਂ ਸੀ ਅਤੇ ਭਵਿੱਖ ਵਿਚ ਵੀ ਸਾਰਥਿਕ ਹੀ ਰਹੇਗਾ। ਗੁਰੂ ਗ੍ਰੰਥ ਸਾਹਿਬ ਵਿੱਚੋਂ ਅਸੀਂ ਕੁਝ ਕੁ ਸਮੇਂ ਅਤੇ ਸਥਾਨ ਆਦਿ ਨਾਲ ਸੰਬੰਧਿਤ ਸੱਚ ਦੀਆਂ ਉਦਾਹਰਣਾਂ ਦੇ ਰਹੇ ਹਾਂ ਤਾਂ ਕਿ ਪਾਠਕ ਇਹ ਗੱਲ ਚੰਗੀ ਤਰ੍ਹਾਂ ਸਮਝ ਸਕਣ।

ਸਮੇਂ ਨਾਲ ਸੰਬੰਧਿਤ ਸੱਚ

(ੳ) **ਕਾਗਉ ਹੋਇ ਨ ਊਜਲਾ ਲੋਹੇ ਨਾਵ ਨ ਪਾਰੁ॥**
ਪਿਰਮ ਪਦਾਰਥੁ ਮੰਨਿ ਲੈ ਧੰਨੁ ਸਵਾਰਣਹਾਰੁ॥
ਹੁਕਮੁ ਪਛਾਣੈ ਊਜਲਾ ਸਿਰਿ ਕਾਸਟ ਲੋਹਾ ਪਾਰਿ॥
ਤ੍ਰਿਸਨਾ ਛੋਡੈ ਭੈ ਵਸੈ ਨਾਨਕ ਕਰਣੀ ਸਾਰੁ॥ *(ਵਾਰ ਮਾਰੂ ਮਹਲਾ ੩, ਪੰਨਾ 1089)*

ਅਰਥ : ਕਾਂ ਤੋਂ ਚਿੱਟਾ (ਹੰਸ) ਨਹੀਂ ਬਣ ਸਕਦਾ, ਲੋਹੇ ਦੀ ਬੇੜੀ (ਨਦੀ ਦਾ) ਪਾਰਲਾ ਕੰਢਾ ਨਹੀਂ ਲੱਭ ਸਕਦੀ; ਪਰ ਸ਼ਾਬਾਸ਼ੇ ਉਸ ਸਵਾਰਨ ਵਾਲੇ (ਗੁਰੂ) ਨੂੰ (ਜਿਸ ਦੀ ਮਤਿ ਲੈ ਕੇ ਕਾਂ ਵਰਗੇ ਕਾਲੇ ਮਨ ਵਾਲਾ ਭੀ) ਪਰਮਾਤਮਾ ਦਾ ਨਾਮ ਅੰਗੀਕਾਰ ਕਰਦਾ ਹੈ, ਹੁਕਮ ਪਛਾਣਦਾ ਹੈ ਤਾਂ (ਕਾਂ ਤੋਂ) ਹੰਸ ਬਣ ਜਾਂਦਾ ਹੈ। (ਜਿਵੇਂ) ਲੱਕੜ ਦੇ ਆਸਰੇ ਲੋਹਾ (ਨਦੀ ਦੇ) ਪਾਰਲੇ ਕੰਢੇ ਜਾ ਲੱਗਦਾ ਹੈ; (ਗੁਰੂ ਦੇ ਆਸਰੇ) ਹੇ ਨਾਨਕ ! ਉਹ ਤ੍ਰਿਸ਼ਨਾ ਤਿਆਗਦਾ ਹੈ ਤੇ ਰੱਬ ਦੇ ਡਰ ਵਿਚ ਜੀਊਂਦਾ ਹੈ, (ਬਸ !) ਇਹੀ ਕਰਣੀ ਸਭ ਤੋਂ ਚੰਗੀ ਹੈ।

[*ਨੋਟ :* ਗੁਰੂ-ਕਾਲ ਵਿਚ ਮਨੁੱਖ ਨੇ ਰੱਬੀ ਹੁਕਮ ਦੇ ਇਸ ਰਹੱਸ ਨੂੰ ਨਹੀਂ ਸੀ ਸਮਝਿਆ ਕਿ ਲੋਹੇ ਦੀ ਬੇੜੀ ਅਥਵਾ ਜਹਾਜ਼ 'ਤੇ ਸਵਾਰ ਹੋ ਕੇ ਦਰਿਆ ਅਤੇ ਸਮੁੰਦਰ 'ਚੋਂ ਪਾਰ ਲੰਘਿਆ ਜਾ ਸਕਦਾ ਹੈ। ਵਿਗਿਆਨੀਆਂ ਨੂੰ ਜਿਉਂ ਹੀ ਇਹ ਰਹੱਸ ਸਮਝ ਵਿਚ ਆਇਆ ਤਾਂ ਉਨ੍ਹਾਂ ਨੇ ਜਹਾਜ਼ ਬਣਾ ਕੇ ਇਹ ਚਮਤਕਾਰ ਕਰ ਦਿਖਾਇਆ। ਭਵਿੱਖ ਵਿਚ ਜਿਉਂ ਜਿਉਂ ਕੁਦਰਤ ਦੇ ਇਨ੍ਹਾਂ ਭੇਦਾਂ ਦੀ ਮਨੁੱਖ ਨੂੰ ਸਮਝ ਆਵੇਗੀ, ਹੋਰ ਉਲਾਂਘਾਂ ਪੁੱਟੇਗਾ।]

(ਅ) **ਸੋ ਗਿਰਹੀ ਜੋ ਨਿਗ੍ਰਹੁ ਕਰੈ॥**
ਜਪੁ ਤਪੁ ਸੰਜਮੁ ਭੀਖਿਆ ਕਰੈ॥
ਪੁੰਨ ਦਾਨ ਕਾ ਕਰੇ ਸਰੀਰੁ॥
ਸੋ ਗਿਰਹੀ ਗੰਗਾ ਕਾ ਨੀਰੁ॥ *(ਵਾਰ ਰਾਮਕਲੀ, ਮ: ੧, ਪੰਨਾ 952)*

ਅਰਥ : (ਅਸਲ) ਗ੍ਰਿਹਸਤੀ ਉਹ ਹੈ ਜੋ ਇੰਦ੍ਰਿਆਂ ਨੂੰ ਵਿਕਾਰਾਂ ਵਲੋਂ ਰੋਕਦਾ ਹੈ, ਜੋ (ਪ੍ਰਭੂ ਪਾਸੋਂ) ਜਪ-ਤਪ ਤੇ ਸੰਜਮ-ਰੂਪ ਖ਼ੈਰ ਮੰਗਦਾ ਹੈ; ਜੋ ਆਪਣਾ ਸਰੀਰ (ਭੀ) ਪੁੰਨ ਦਾਨ ਵਾਲਾ ਹੀ ਬਣਾ ਲੈਂਦਾ ਹੈ (ਭਾਵ, ਖ਼ਲਕਤ ਦੀ ਸੇਵਾ ਤੇ ਭਲਾਈ ਕਰਨ ਦਾ ਸੁਭਾਵ ਜਿਸ ਦੇ ਸਰੀਰ ਨਾਲ ਰਚ-ਮਿਚ ਜਾਂਦਾ ਹੈ); ਉਹ ਗ੍ਰਿਹਸਤੀ ਗੰਗਾ ਜਲ (ਵਰਗਾ ਪਵਿੱਤਰ) ਹੋ ਜਾਂਦਾ ਹੈ।

[*ਨੋਟ :* ਕਿਸੇ ਸਮੇਂ ਗੰਗਾ ਦਾ ਜਲ ਪਵਿੱਤਰਤਾ ਦਾ ਲਖਾਇਕ ਸੀ, ਪਰੰਤੂ ਅੱਜ (ਵਰਤਮਾਨ ਸਮੇਂ) ਗੰਗਾ ਦਾ ਜਲ ਪਵਿੱਤਰਤਾ ਦਾ ਪ੍ਰਤੀਕ ਨਹੀਂ ਰਿਹਾ ਹੈ। ਪਰੰਤੂ ਗੁਰੂ ਸਾਹਿਬ ਜਿਸ ਜੀਵਨ-ਜੁਗਤ ਵੱਲ ਇਸ਼ਾਰਾ ਕਰ ਰਹੇ ਹਨ, ਉਹ ਗੰਗਾ ਜਲ ਦੇ ਅਪਵਿੱਤਰ ਹੋਣ 'ਤੇ ਵੀ ਉਤਨਾ ਹੀ ਭਾਵਪੂਰਤ ਹੈ, ਜਿਤਨਾ ਇਹ ਪਹਿਲਾਂ ਸੀ।]

(ੲ) **ਕਲਿ ਪਰਵਾਣੁ ਕਤੇਬ ਕੁਰਾਣੁ॥**
ਪੋਥੀ ਪੰਡਿਤ ਰਹੇ ਪੁਰਾਣ॥
ਨਾਨਕ ਨਾਉ ਭਇਆ ਰਹਮਾਣੁ॥
ਕਰਿ ਕਰਤਾ ਤੂ ਏਕੋ ਜਾਣੁ॥ *(ਰਾਮਕਲੀ ਮ: ੧, ਪੰਨਾ 903)*

ਅਰਥ : (ਇਸਲਾਮੀ ਹਕੂਮਤ ਦੇ ਧੱਕੇ ਜ਼ੋਰ ਦੇ ਹੇਠ) ਸ਼ਾਮੀ ਕਿਤਾਬਾਂ ਤੇ ਕੁਰਾਨ ਨੂੰ ਪ੍ਰਵਾਨਗੀ ਦਿੱਤੀ ਜਾ ਰਹੀ ਹੈ, ਪੰਡਿਤਾਂ ਦੀਆਂ ਪੁਰਾਣ ਆਦਿਕ ਪੁਸਤਕਾਂ ਰਹਿ ਗਈਆਂ ਹਨ। ਹੇ ਨਾਨਕ ! (ਇਸ ਧੱਕੇ ਜ਼ੋਰ ਹੇਠ ਹੀ) ਪਰਮਾਤਮਾ ਦਾ ਨਾਮ 'ਰਹਮਾਨ' ਆਖਿਆ ਜਾ ਰਿਹਾ ਹੈ—ਇਹ ਭੀ, ਹੇ ਪੰਡਿਤ ! ਕਲਿਜੁਗ (ਦਾ ਲੱਛਣ) ਹੈ (ਕਿਸੇ ਦੇ ਧਾਰਮਿਕ ਵਿਸ਼ਵਾਸ ਨੂੰ ਧੱਕੇ ਜ਼ੋਰ ਨਾਲ 'ਧਿਙਾਣੇ' ਨਾਲ ਦਬਾਣਾ ਕਲਿਜੁਗ ਦਾ ਪ੍ਰਭਾਵ ਹੈ)। ਹੇ ਪੰਡਿਤ ! ਕੇਵਲ ਇੱਕੋ ਕਰਤਾਰ ਹੀ ਇਹ ਸਭ ਕੁਝ ਕਰਨ ਵਾਲਾ ਜਾਣ।

[*ਨੋਟ :* ਇਸ ਫ਼ੁਰਮਾਨ ਵਿਚ ਰਾਜਨੀਤਕ ਹਾਲਾਤ ਬਦਲਣ ਕਾਰਨ ਵਿਸ਼ੇਸ਼ ਸਮੇਂ ਅਤੇ ਇਲਾਕੇ ਵਿਚ ਆਏ ਪਰਿਵਰਤਨ ਦਾ ਵਰਣਨ ਹੈ। ਗੁਰੂ ਨਾਨਕ ਸਾਹਿਬ ਦੇ ਸਮੇਂ ਇਸਲਾਮ ਦੇ ਪੈਰੋਕਾਰਾਂ ਦਾ ਦੁਨੀਆਂ ਵਿਚ ਰਾਜਨੀਤਕ ਤੌਰ 'ਤੇ ਬੋਲ-ਬਾਲਾ ਸੀ। ਹਿੰਦੂ ਧਰਮ ਦੇ ਪੈਰੋਕਾਰ ਗ਼ੁਲਾਮਾਂ ਦੀ ਜ਼ਿੰਦਗੀ ਜਿਊਣ ਲਈ ਮਜਬੂਰ ਸਨ। ਇਸ ਸ਼ਬਦ ਵਿਚ ਹਜ਼ੂਰ ਇਸ ਹਕੀਕਤ ਦਾ ਹੀ ਵਰਣਨ ਕਰ ਰਹੇ ਹਨ। ਪਰ ਅੱਜ ਭਾਰਤ ਵਿਚ ਹਾਲਾਤ ਬਿਲਕੁਲ ਭਿੰਨ ਹਨ। ਅਜੋਕੇ ਸਮੇਂ ਵਿਚ ਹਿੰਦੂ ਧਰਮ ਦੇ ਪੈਰੋਕਾਰਾਂ ਦਾ ਬੋਲ-ਬਾਲਾ ਹੈ। ਸਤਿਗੁਰੂ ਜੀ ਨੇ ਇਸ ਸ਼ਬਦ ਦੁਆਰਾ ਜਿਸ ਸਚਾਈ ਨੂੰ ਪ੍ਰਗਟ ਕੀਤਾ ਹੈ, ਉਹ ਅੱਜ ਵੀ ਉਤਨੀ ਹੀ ਸਾਰਥਿਕ ਹੈ ਅਤੇ ਭਵਿੱਖ ਵਿਚ ਵੀ ਇਤਨੀ ਹੀ ਸਾਰਥਿਕ ਰਹੇਗੀ।]

(ਸ) **ਜੈਸੇ ਮੰਦਰ ਮਹਿ ਬਲਹਰ ਨਾ ਠਾਹਰੈ ॥**
ਨਾਮ ਬਿਨਾ ਕੈਸੇ ਪਾਰਿ ਉਤਰੈ ॥ *(ਗੋਂਡ ਕਬੀਰ ਜੀ, ਪੰਨਾ 872)*

ਅਰਥ : ਜਿਵੇਂ ਘਰ ਵਿਚ ਸ਼ਤੀਰ ਹੈ (ਸ਼ਤੀਰ ਤੋਂ ਬਿਨਾਂ ਘਰ ਦਾ ਛੱਤ) ਨਹੀਂ ਠਹਿਰ ਸਕਦਾ, ਇਸੇ ਤਰ੍ਹਾਂ ਪ੍ਰਭੂ ਤੇ ਨਾਮ ਤੋਂ ਬਿਨਾਂ (ਮਨੁੱਖ ਦਾ ਮਨ ਸੰਸਾਰ-ਸਮੁੰਦਰ ਦੇ ਘੁੰਮਣ-ਘੇਰਾਂ ਵਿੱਚੋਂ) ਪਾਰ ਨਹੀਂ ਲੰਘ ਸਕਦਾ।

[*ਨੋਟ :* ਅਜੋਕੇ ਜੁਗ ਵਿਚ ਬੜੇ ਬੜੇ ਲੰਮੇ ਚੌੜੇ ਹਾਲ ਬਿਨਾਂ ਥੰਮਾਂ ਤੋਂ ਬਣੇ ਹੋਏ ਹਨ। ਪਰ ਪੁਰਾਣੇ ਸਮੇਂ ਵਿਚ ਇਹ ਕਲਾ ਇਸ ਰੂਪ ਵਿਚ ਵਿਕਸਿਤ ਨਹੀਂ ਸੀ ਹੋਈ। ਉਸ ਸਮੇਂ ਮਕਾਨ ਬਣਾਉਣ ਲਈ ਸ਼ਤੀਰ ਦੀ ਵਰਤੋਂ ਤੋਂ ਬਿਨਾਂ ਛੱਤ ਨਹੀਂ ਸੀ ਪਾਈ ਜਾ ਸਕਦੀ। ਇਸ ਲਈ ਮਨੁੱਖ ਨੂੰ ਇਹ ਗੱਲ ਸਮਝਾਉਣ ਲਈ, ਇਹ ਦ੍ਰਿਸ਼ਟਾਂਤ ਦਿੱਤਾ ਹੈ ਕਿ ਨਾਮ ਤੋਂ ਬਿਨਾਂ ਮਨੁੱਖ ਦਾ ਪਾਰ-ਉਤਾਰਾ ਨਹੀਂ ਹੈ। ਅਜੋਕੇ ਜੁਗ ਵਿਚ ਭਾਵੇਂ ਲੈਂਟਰ ਆਦਿ ਕਾਰਨ ਸ਼ਤੀਰ ਦੀ ਲੋੜ ਨਹੀਂ ਪੈਂਦੀ, ਪਰ ਇਸ ਸ਼ਬਦ ਵਿਚ ਜੋ ਗੱਲ ਮੁੱਖ ਰੂਪ ਵਿਚ ਆਖੀ ਗਈ ਹੈ ਉਹ ਅੱਜ ਵੀ ਉਤਨੀ ਹੀ ਸੱਚ ਹੈ, ਜਿਤਨੀ ਉਸ ਸਮੇਂ ਜਾਂ ਉਸ ਸਮੇਂ ਤੋਂ ਪਹਿਲਾਂ ਸੀ।]

(ਹ) **ਨਰੂ ਮਰੈ ਨਰੁ ਕਾਮਿ ਨ ਆਵੈ ॥**
ਪਸੂ ਮਰੈ ਦਸ ਕਾਜ ਸਵਾਰੈ ॥ *(ਗੋਂਡ ਕਬੀਰ ਜੀ, ਪੰਨਾ 870)*

ਅਰਥ : (ਮੈਨੂੰ ਕਦੇ ਸੋਚ ਹੀ ਨਹੀਂ ਫੁਰਦੀ ਕਿ ਮੈਂ ਕਿਸ ਸਰੀਰ 'ਤੇ ਮਾਣ ਕਰ ਕੇ ਮੰਦੇ ਕੰਮ ਕਰਦਾ ਹਾਂ, ਮੇਰਾ ਅਸਲਾ ਤਾਂ ਇਹੀ ਹੈ ਨਾ ਕਿ) ਜਦੋਂ ਮਨੁੱਖ ਮਰ ਜਾਂਦਾ ਹੈ ਤਾਂ ਮਨੁੱਖ (ਦਾ ਸਰੀਰ) ਕਿਸੇ ਕੰਮ ਨਹੀਂ ਆਉਂਦਾ, ਪਰ ਪਸ਼ੂ ਮਰਦਾ ਹੈ ਤਾਂ (ਫਿਰ ਭੀ) ਕਈ ਕੰਮ ਸਵਾਰਦਾ ਹੈ।

[*ਨੋਟ :* ਗੁਰੂ-ਕਾਲ ਜਾਂ ਗੁਰੂ-ਕਾਲ ਤੋਂ ਪਹਿਲਾਂ ਮੈਡੀਕਲ ਦੀ ਦੁਨੀਆਂ ਵਿਚ ਮਨੁੱਖ

ਨੇ ਇਤਨੀ ਤਰੱਕੀ ਨਹੀਂ ਸੀ ਕੀਤੀ ਕਿ ਮਨੁੱਖ ਦੇ ਮਿਰਤਕ ਸਰੀਰ ਦੇ ਕਿਸੇ ਅੰਗ ਨੂੰ ਵਰਤੋਂ ਵਿਚ ਲਿਆਂਦਾ ਜਾ ਸਕੇ। ਮਨੁੱਖ ਉਸ ਸਮੇਂ ਪਸ਼ੂ ਦੇ ਮਿਰਤਕ ਸਰੀਰ ਦੀ ਵਰਤੋਂ ਕਰਨ ਦੇ ਤਾਂ ਸਮਰੱਥ ਸੀ, ਪਰ ਮਨੁੱਖ ਦੇ ਮਿਰਤਕ ਸਰੀਰ ਨੂੰ ਨਹੀਂ ਸੀ। ਪਸ਼ੂ ਦੇ ਚੰਮ ਅਤੇ ਹੱਡਾਂ ਦੀ ਵਰਤੋਂ ਮਨੁੱਖ ਬਹੁਤ ਚਿਰ ਤੋਂ ਕਰਦਾ ਆ ਰਿਹਾ ਹੈ। ਪਰੰਤੂ ਜਿਉਂ ਜਿਉਂ ਵਿਗਿਆਨ ਨੇ ਇਸ ਖੇਤਰ ਵਿਚ ਤਰੱਕੀ ਕੀਤੀ ਹੈ ਤਿਵੇਂ ਤਿਵੇਂ ਮਨੁੱਖ ਦੇ ਭਿੰਨ ਭਿੰਨ ਅੰਗਾਂ ਨੂੰ ਵਰਤੋਂ ਵਿਚ ਲਿਆਂਦਾ ਜਾ ਰਿਹਾ ਹੈ। ਅਜੋਕੇ ਜੁਗ ਵਿਚ ਹੋਰ ਕਈ ਢੰਗਾਂ ਨਾਲ ਮੋਏ ਹੋਏ ਪਸ਼ੂ ਦੇ ਸਰੀਰ ਨੂੰ ਵਰਤੋਂ ਵਿਚ ਲਿਆਂਦਾ ਜਾ ਰਿਹਾ ਹੈ। ਵਿਗਿਆਨ ਦੀ ਦੁਨੀਆਂ ਵਿਚ ਹੋਈ ਇਸ ਉੱਨਤੀ ਦਾ ਇਹ ਬਿਲਕੁਲ ਭਾਵ ਨਹੀਂ ਹੈ ਕਿ ਗੁਰਬਾਣੀ ਦੇ ਸੱਚ ਦੀ ਅਜੋਕੇ ਪ੍ਰਸੰਗ ਵਿਚ ਕੋਈ ਸਾਰਥਿਕਤਾ ਨਹੀਂ ਰਹੀ ਹੈ।]

ਕਬੀਰ ਸਾਹਿਬ ਜੀ ਨੇ ਇਸ ਸ਼ਬਦ ਵਿਚ ਇਹ ਗੱਲ ਸਮਝਾਈ ਹੈ ਕਿ ਮਨੁੱਖ ਸਰੀਰ ਦੀ ਮਮਤਾ ਵਿਚ ਫਸ ਕੇ ਕਈ ਤਰ੍ਹਾਂ ਦੇ ਵਿਕਾਰਾਂ ਵਿਚ ਫਸਿਆ ਰਹਿੰਦਾ ਹੈ। ਇਸ ਗੱਲ ਦੀ ਇਹ ਕਦੇ ਵੀ ਵਿਚਾਰ ਨਹੀਂ ਕਰਦਾ ਕਿ ਅਕਾਲ ਪੁਰਖ ਦੀ ਯਾਦ ਤੋਂ ਬਿਨਾਂ ਇਹ ਸਰੀਰ ਤਾਂ ਪਸ਼ੂ ਨਾਲੋਂ ਭੀ ਭੈੜਾ ਹੈ।ਇਹ ਉਪਦੇਸ਼ ਅੱਜ ਵੀ ਉਤਨਾ ਹੀ ਸਾਰਥਿਕ ਹੈ ਅਤੇ ਭਵਿੱਖ ਵਿਚ ਵੀ ਇਤਨਾ ਹੀ ਸਾਰਥਿਕ ਅਥਵਾ ਭਾਵਪੂਰਤ ਰਹੇਗਾ।

ਸਥਾਨਕ ਸੱਚ

(ਕ) **ਪੋਖਿ ਤੁਖਾਰੁ ਪੜੈ ਵਣੁ ਤ੍ਰਿਣੁ ਰਸੁ ਸੋਖੈ ॥** *(ਤੁਖਾਰੀ ਮਹਲਾ ੧, ਪੰਨਾ 1109)*

ਅਰਥ : ਪੋਹ (ਦੇ ਮਹੀਨੇ) ਵਿਚ ਕੱਕਰ ਪੈਂਦਾ ਹੈ, ਉਹ ਵਣ ਨੂੰ ਘਾਹ ਨੂੰ (ਹਰੇਕ ਘਾਹ-ਬੂਟ ਦੇ) ਰਸ ਨੂੰ ਸੁਕਾ ਦੇਂਦਾ ਹੈ (ਪ੍ਰਭੂ ਦੀ ਯਾਦ ਭੁਲਾਇਆਂ ਜਿਸ ਮਨੁੱਖ ਦੇ ਅੰਦਰ ਕੋਰਾਪਨ ਜ਼ੋਰ ਪਾਂਦਾ ਹੈ, ਉਹ ਉਸ ਦੇ ਜੀਵਨ ਵਿੱਚੋਂ ਪ੍ਰੇਮ-ਰਸ ਸੁਕਾ ਦੇਂਦਾ ਹੈ)।

[*ਨੋਟ :* ਕਈ ਦੇਸ਼ਾਂ ਵਿਚ ਪੋਹ ਦੇ ਮਹੀਨੇ ਸਰਦੀ ਨਹੀਂ ਬਲਕਿ ਗਰਮੀ ਹੁੰਦੀ ਹੈ। ਪਰ ਗੁਰੂ ਸਾਹਿਬ ਨੇ ਭਾਰਤ, ਖ਼ਾਸ ਕਰਕੇ ਪੰਜਾਬ ਦੇ ਮੌਸਮ ਨੂੰ ਸਾਹਮਣੇ ਰੱਖ ਕੇ ਇਸ ਸੱਚ ਨੂੰ ਦ੍ਰਿੜ ਕਰਾਇਆ ਹੈ। ਆਸਟ੍ਰੇਲੀਆ ਆਦਿ ਦੇਸ਼ਾਂ ਵਿਚ ਇਸ ਮਹੀਨੇ ਗਰਮੀ ਹੁੰਦੀ ਹੈ। ਇਹ ਵੀ ਸੰਭਾਵਨਾ ਹੈ ਕਿ ਭਵਿੱਖ ਵਿਚ ਪੰਜਾਬ ਦਾ ਅਜਿਹਾ ਮੌਸਮ ਨਾ ਰਹੇ। ਪਰ ਗੁਰਬਾਣੀ ਵਿਚ ਜੋ ਇਹ ਉਪਦੇਸ਼ ਦਿੱਤਾ ਗਿਆ ਹੈ ਉਹ ਸਦੈਵੀ ਹੈ।]

ਸੋ, ਗੱਲ ਕੀ, ਗੁਰਬਾਣੀ ਦਾ ਸੱਚ ਦ੍ਰਿੜ ਕਰਾਉਣ ਲਈ ਵਰਤੀ ਗਈ ਸ਼ਬਦਾਵਲੀ ਨੂੰ ਇਸ ਸੰਦਰਭ ਵਿਚ ਹੀ ਸਮਝਣ ਦੀ ਲੋੜ ਹੈ। ਕਈ ਵਿਦਵਾਨ ਇਹ ਸੋਚ ਕੇ ਕਿ ਸਮੇਂ ਅਤੇ ਸਥਾਨ ਦੇ ਸੱਚ ਦੀ ਅੱਜ ਕੋਈ ਸਾਰਥਿਕਤਾ ਨਹੀਂ ਹੈ, ਇਸ ਲਈ ਸਮੇਂ ਅਤੇ ਸਥਾਨ ਦੇ ਸੱਚ ਤੋਂ ਹੀ ਇਨਕਾਰ ਕਰਨ ਲੱਗ ਪਏ ਹਨ। ਇਸ ਧਾਰਨਾ ਕਾਰਨ ਹੀ ਅਜਿਹੇ ਸੱਜਣ ਇਸ ਤਰ੍ਹਾਂ ਦੇ ਹਵਾਲਿਆਂ ਦਾ ਇਸ ਤਰ੍ਹਾਂ ਭਾਵਾਰਥ ਲੈਣ ਲੱਗ ਪਏ ਹਨ ਕਿ ਸਮੇਂ ਅਤੇ ਸਥਾਨ ਦਾ ਸੱਚ ਅਲੋਪ ਹੀ ਹੋ ਗਿਆ ਹੈ। ਦੂਜੇ ਪਾਸੇ ਕੁਝ ਸੱਜਣ ਸਮੇਂ ਅਤੇ ਸਥਾਨ ਨਾਲ ਸੰਬੰਧਿਤ ਸੱਚ ਨੂੰ ਗੁਰਬਾਣੀ ਦੇ ਸੱਚ ਨਾਲ ਰੱਲ-ਗੱਡ ਕਰਕੇ ਸਦੈਵੀ ਸੱਚ ਸਮਝ ਰਹੇ ਹਨ। ਇਸ ਤਰ੍ਹਾਂ ਦੀ ਧਾਰਨਾ ਰੱਖਣ ਵਾਲੇ

ਸੱਜਣ ਵਿਗਿਆਨਕ ਸੱਚ ਨੂੰ ਕਬੂਲ ਕਰਨ ਦੀ ਬਜਾਏ ਇਸ ਨੂੰ ਝੁਠਲਾ ਕੇ ਸਮੇਂ ਅਤੇ ਸਥਾਨ ਦੇ ਸੱਚ ਨੂੰ ਹੀ ਸਦੈਵੀ ਸੱਚ ਮੰਨਣ ਦਾ ਹੱਠ ਨਿਭਾ ਰਹੇ ਹਨ। ਪਰ ਸਾਨੂੰ ਇਹ ਗੱਲ ਨਹੀਂ ਭੁੱਲਣੀ ਚਾਹੀਦੀ ਕਿ ਸਦੈਵੀ ਸੱਚ ਕੇਵਲ ਗੁਰਬਾਣੀ ਦਾ ਹੀ ਹੈ। ਇਹ ਹਵਾਲੇ ਜੋ ਜੀਵਨ-ਜੁਗਤ ਨੂੰ ਸਮਝਾਉਣ ਲਈ ਦਿੱਤੇ ਗਏ ਹਨ, ਉਹ ਸਦੈਵੀ ਸੱਚ ਨਹੀਂ, ਬਲਕਿ ਗੁਰਬਾਣੀ ਦਾ ਸੱਚ ਹੀ ਸਦੈਵੀ ਹੈ। ਗੁਰਬਾਣੀ ਦੇ ਇਸ ਸੱਚ ਅਥਵਾ ਜੀਵਨ-ਜੁਗਤ ਨੂੰ ਹੀ ਅਪਣਾਉਣ ਦੀ ਲੋੜ ਹੈ।

ਕਾਮਧੇਨ

ਗੁਰਬਾਣੀ ਵਿਚ ਅਨਮਤ ਦੀ ਜਿਸ ਸ਼ਬਦਾਵਲੀ ਨੂੰ ਨਵੀਂ ਰੂਹ ਫੂਕ ਕੇ ਵਰਤਿਆ ਗਿਆ ਹੈ, ਉਸ ਵਿਚ 'ਕਾਮਧੇਨ' ਸ਼ਬਦ ਵੀ ਇਕ ਹੈ। ਇਸ ਸ਼ਬਦ ਨੂੰ ਵੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪ੍ਰਚਲਿਤ ਭਾਵਾਰਥ ਵਿਚ ਨਹੀਂ ਵਰਤਿਆ ਗਿਆ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿਚ ਆਏ 'ਕਾਮਧੇਨ' ਸ਼ਬਦ ਦੇ ਭਾਵਾਰਥ ਦੀ ਚਰਚਾ ਕਰਨ ਤੋਂ ਪਹਿਲਾਂ, ਸੰਖੇਪ ਵਿਚ 'ਕਾਮਧੇਨ' ਸੰਬੰਧੀ ਜੋ ਧਾਰਨਾ ਪ੍ਰਚਲਿਤ ਹੈ, ਉਸ ਦੀ ਸੰਖੇਪ ਵਿਚ ਚਰਚਾ ਕਰ ਰਹੇ ਹਾਂ।

ਹਿੰਦੀ ਵਿਸ਼ਵਕੋਸ਼ (ਨਾਗਰੀ ਪ੍ਰਚਾਰਣੀ ਸਭਾ, ਵਾਰਾਨਸੀ) ਵਿਚ ਕਾਮਧੇਨ ਬਾਰੇ ਲਿਖਿਆ ਹੈ : "ਇਕ ਗਾਂ, ਜਿਸ ਨੂੰ ਪ੍ਰਾਚੇਤਸ/ਪ੍ਰਚੇਤਾ ਦਖ ਪ੍ਰਜਾਪਤੀ ਅਤੇ ਅਸ਼ਵਨੀ ਦੀ ਪੁੱਤ੍ਰੀ ਮੰਨਿਆ ਜਾਂਦਾ ਹੈ। *ਮਹਾਭਾਰਤ* (ਆਦਿ ਪਰਵ, 18.37, ਗੀਤਾ ਪਰੈਸ) ਵਿਚ ਵਰਣਨ ਹੈ ਕਿ ਸਮੁੰਦਰ ਰਿੜਕਣ ਸਮੇਂ ਪ੍ਰਾਪਤ 14 ਰਤਨਾਂ ਵਿਚ ਕਾਮਧੇਨ (ਸੁਰਭੀ) ਵੀ ਸੀ। ਇਸੇ ਗ੍ਰੰਥ ਵਿਚ ਹੋਰ ਥਾਂ (ਅਨੁਸ਼ਾਸਨ ਪਰਵ,77,17) ਪ੍ਰਜਾਪਤੀ ਦੇ ਸੁਰਭੀ-ਗੰਧ-ਸਹਿਤ ਸੁਆਸ ਨਾਲ ਸੁਰਭੀ (ਕਾਮਧੇਨ) ਦੀ ਉਤਪਤੀ ਦਾ ਵਰਣਨ ਮਿਲਦਾ ਹੈ। ਕਾਮਧੇਨ ਜਦ ਵੱਡੀ ਹੋਈ ਤਾਂ ਇਸ ਦੇ ਥਨਾਂ 'ਚੋਂ ਧਰਤੀ 'ਤੇ ਦੁੱਧ ਟਪਕਣ ਲੱਗਾ, ਜਿਸ ਨਾਲ ਖੀਰ ਸਾਗਰ ਦੀ ਉਤਪਤੀ ਹੋਈ। ਕਾਮਧੇਨ ਦਾ ਨਿਵਾਸ ਗੋਲੋਕ ਵਿਚ ਮੰਨਿਆ ਜਾਂਦਾ ਹੈ। ਗੋਲੋਕ ਸੁਰਗ ਨਾਲੋਂ ਵੀ ਸ੍ਰੇਸ਼ਟ ਹੈ। ਬ੍ਰਹਮਾ ਦੀ ਉਪਾਸ਼ਨਾ ਕਰ ਕੇ ਕਾਮ-ਧੇਨ ਨੇ ਅਮਰਪਦ ਪ੍ਰਾਪਤ ਕੀਤਾ ਸੀ। ਕਸ਼ਯਪ ਰਿਸ਼ੀ ਤੋਂ ਇਸ ਨੂੰ ਨੰਦਨੀ ਨਾਮਕ ਕੰਨਯਾ ਹੋਈ ਸੀ ਜੋ ਬਾਅਦ ਵਿਚ ਵਸ਼ਿਸ਼ਟ ਰਿਸ਼ੀ ਦੀ ਹੋਮਧੇਨ ਬਣੀ। ਸੰਸਾਰ ਦੀਆਂ ਸਾਰੀਆਂ ਗਊਆਂ ਅਤੇ ਬੈਲਾਂ ਦੀ ਜਨਨੀ ਕਾਮਧੇਨ ਨੂੰ ਹੀ ਮੰਨਿਆ ਜਾਂਦਾ ਹੈ। ਕਾਮਧੇਨ ਦੀਆਂ ਚਾਰ ਪੁਤ੍ਰੀਆਂ ਚਾਰ ਦਿਸ਼ਾਵਾਂ ਦੀਆਂ ਪ੍ਰਤਿਪਾਲਕ ਮੰਨੀਆਂ ਜਾਂਦੀਆਂ ਹਨ।

ਭਾਈ ਕਾਨ੍ਹ ਸਿੰਘ ਨਾਭਾ ਇਸ ਸੰਬੰਧ ਵਿਚ ਲਿਖਦੇ ਹਨ : "ਪੁਰਾਣਾਂ ਅਨੁਸਾਰ ਸੁਰਗ ਦੀ ਇਕ ਗਊ, ਜੋ ਸਮੁੰਦਰ ਰਿੜਕਣ ਸਮੇਂ ਨਿਕਲੀ ਹੈ। ਇਹ ਮਨਚਿੰਦਵੇ ਪਦਾਰਥ ਦੇਣ ਕਰਕੇ ਕਾਮਧੇਨ ਸਦਾਉਂਦੀ ਹੈ।..ਕਾਲਿਕਾ ਪੁਰਾਣ ਵਿਚ ਕਥਾ ਹੈ ਕਿ ਦਖ ਦੀ ਕੰਨਯਾ ਸੁਰਭਿ ਦੇ ਉਦਰ ਤੋਂ ਕਸ਼ਯਪ ਦੀ ਬੇਟੀ ਰੋਹਿਣੀ ਜਨਮੀ। ਰੋਹਿਣੀ ਦੇ ਗਰਭ ਤੋਂ ਸੁਰਸੇਨ ਵਸੁ ਦੇ ਵੀਰਯ ਕਰਕੇ ਕਾਮਧੇਨ ਦਾ ਜਨਮ ਹੋਇਆ। ਇਕ ਵਿਸ਼ਈ ਵੇਤਾਲ, ਕਾਮਧੇਨ ਦੀ ਸੁੰਦਰਤਾ ਦੇਖ ਕੇ ਮੋਹਿਤ ਹੋ ਗਿਆ ਅਤੇ ਬੈਲ ਦਾ ਰੂਪ ਧਾਰ ਕੇ ਉਸ ਨੇ ਕਾਮਧੇਨ ਨਾਲ ਭੋਗ ਕੀਤਾ, ਜਿਸ ਤੋਂ ਇਕ ਵੱਡੇ ਕੱਦ ਦਾ ਬੈਲ ਜਨਮਿਆ, ਜੋ ਸ਼ਿਵ ਦਾ ਵਾਹਨ ਹੋਇਆ।

"ਕਪਿਲਾ ਨਾਮਕ ਕਾਮਧੇਨ ਇਕ ਗਊ, ਜੋ ਮਨਚਿਤਵੇ ਪਦਾਰਥ ਦਿੰਦੀ ਸੀ, ਇਹ ਗਾਂ ਵਿਸ਼ਨੂੰ ਨੇ ਬ੍ਰਹਮਾ ਨੂੰ ਦਿੱਤੀ ਸੀ, ਉਸ ਤੋਂ ਭ੍ਰਿਗੁ ਨੂੰ ਅਤੇ ਉਸ ਪਾਸੋਂ ਜਮਦਗਿਨ ਰਿਖੀ ਨੂੰ ਪ੍ਰਾਪਤ ਹੋਈ। ਜਦ ਕਾਰਤਵੀਜ ਨੇ ਜਮਦਗਿਨ ਮਾਰ ਦਿੱਤਾ, ਤਦ ਇਹ ਬ੍ਰਹਮ ਲੋਕ ਨੂੰ ਚਲੀ ਗਈ।" *(ਮਹਾਨ ਕੋਸ਼)*

ਗੁਰੂ ਗ੍ਰੰਥ ਸਾਹਿਬ ਜੀ ਵਿਚ 'ਕਾਮਧੇਨ' ਸੰਬੰਧੀ ਪ੍ਰਚਲਿਤ ਧਾਰਨਾ ਨੂੰ ਕਿਸੇ ਵੀ ਰੂਪ ਵਿਚ ਪ੍ਰਵਾਨ ਨਹੀਂ ਕੀਤਾ ਗਿਆ ਹੈ। ਗੁਰਬਾਣੀ ਵਿਚ 'ਕਾਮਧੇਨ' ਸ਼ਬਦ ਦੇ ਨਵੀਨ ਅਤੇ ਨਵੇਕਲੇ ਅਰਥ ਨਿਮਨ ਲਿਖਤ ਪੰਗਤੀਆਂ ਵਿਚ ਦੇਖੇ ਜਾ ਸਕਦੇ ਹਨ :

(ੳ) **ਕਾਮਧੇਨ ਹਰਿ ਹਰਿ ਗੁਣ ਗਾਮ॥** *(ਗਉੜੀ ਸੁਖਮਨੀ ਮ: ੫, ਪੰਨਾ 265)*

ਅਰਥ : ਪ੍ਰਭੂ ਦੇ ਗੁਣ ਗਾਉਣੇ (ਹੀ ਇੱਛਾ-ਪੂਰਕ) "ਕਾਮਧੇਨ" ਹੈ।

(ਅ) **ਚਾਰਿ ਪਦਾਰਥ ਅਸਟ ਮਹਾ ਸਿਧਿ ਕਾਮਧੇਨੁ ਪਾਰਜਾਤ ਹਰਿ ਹਰਿ ਰੁਖੁ॥**
ਨਾਨਕ ਸਰਨਿ ਗਹੀ ਸੁਖ ਸਾਗਰ ਜਨਮ ਮਰਨ ਫਿਰਿ ਗਰਭ ਨ ਧੁਖੁ॥੨॥

(ਟੋਡੀ ਮਹਲਾ ੫, ਪੰਨਾ 717)

ਅਰਥ : ਹੇ ਮਾਂ! ਚਾਰ ਪਦਾਰਥ (ਦੇਣ ਵਾਲਾ), ਅੱਠ ਵੱਡੀਆਂ ਕਰਾਮਾਤੀ ਤਾਕਤਾਂ (ਦੇਣ ਵਾਲਾ) ਪਰਮਾਤਮਾ ਆਪ ਹੀ ਹੈ। ਪਰਮਾਤਮਾ ਆਪ ਹੀ ਹੈ ਕਾਮਧੇਨ; ਪਰਮਾਤਮਾ ਆਪ ਹੀ ਪਾਰਜਾਤ ਰੁੱਖ। ਹੇ ਨਾਨਕ! (ਆਖ—ਹੇ ਮਾਂ! ਜਿਸ ਮਨੁੱਖ ਨੇ) ਸੁੱਖਾਂ ਦੇ ਸਮੁੰਦਰ ਪਰਮਾਤਮਾ ਦਾ ਆਸਰਾ ਲੈ ਲਿਆ, ਉਸ ਨੂੰ ਜਨਮ ਮਰਨ ਦੇ ਗੇੜ ਦਾ ਫ਼ਿਕਰ, ਜੂਨਾਂ ਵਿਚ ਪੈਣ ਦਾ ਫ਼ਿਕਰ ਨਹੀਂ ਰਹਿੰਦਾ।

ਮਨੁੱਖ ਨੂੰ 'ਕਾਮਧੇਨ' ਦੀ ਪ੍ਰਚਲਿਤ ਧਾਰਨਾ ਤੋਂ ਉਪਰ ਉਠਾ ਕੇ ਗੁਰ-ਸ਼ਬਦ ਅਥਵਾ ਅਕਾਲ ਪੁਰਖ ਦੇ ਲੜ ਲੱਗਣ ਦੀ ਪ੍ਰੇਰਨਾ ਦੇਂਦਿਆਂ ਇਉਂ ਕਿਹਾ ਹੈ :

(ੳ) **ਇਛਾ ਪੂਰਕੁ ਸਰਬ ਸੁਖਦਾਤਾ ਹਰਿ ਜਾ ਕੈ ਵਸਿ ਹੈ ਕਾਮਧੇਨਾ॥**
ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ ਤਾ ਸਰਬ ਸੁਖ ਪਾਵਹਿ ਮੇਰੇ ਮਨਾ॥੧॥

(ਧਨਾਸਰੀ ਮਹਲਾ ੪, ਪੰਨਾ 669)

ਅਰਥ : ਹੇ ਮੇਰੀ ਜਿੰਦੇ! ਜੇਹੜਾ ਹਰੀ ਸਾਰੀਆਂ ਕਾਮਨਾਂ ਪੂਰੀਆਂ ਕਰਨ ਵਾਲਾ ਹੈ, ਜੇਹੜਾ ਸਾਰੇ ਸੁਖ ਦੇਣ ਵਾਲਾ ਹੈ, ਜਿਸ ਦੇ ਵੱਸ ਵਿਚ (ਸੂਰਗ ਵਿਚ ਰਹਿਣ ਵਾਲੀ ਸਮਝੀ ਗਈ) ਕਾਮਧੇਨ ਹੈ, ਉਸ ਅਜਿਹੀ ਸਮਰੱਥਾ ਵਾਲੇ ਪਰਮਾਤਮਾ ਦਾ ਸਿਮਰਨ ਕਰਨਾ ਚਾਹੀਦਾ ਹੈ। ਹੇ ਮੇਰੇ ਮਨ! (ਜਦੋਂ ਤੂੰ ਪਰਮਾਤਮਾ ਦਾ ਸਿਮਰਨ ਕਰੇਂਗਾ) ਤਦੋਂ ਸਾਰੇ ਸੁਖ ਹਾਸਲ ਕਰ ਲਏਂਗਾ।

[ਨੋਟ : ਗੁਰਦੇਵ ਕਾਮਧੇਨ ਸੰਬੰਧੀ ਪ੍ਰਚਲਿਤ ਹਰੇਕ ਧਾਰਨਾਵਾਂ ਨੂੰ ਨਕਾਰ ਰਹੇ ਹਨ।]

(ਅ) **ਪਾਰਜਾਤੁ ਲੋੜਹਿ ਮਨ ਪਿਆਰੇ॥**
ਕਾਮਧੇਨੁ ਸੋਹੀ ਦਰਬਾਰੇ॥
ਤ੍ਰਿਪਤਿ ਸੰਤੋਖੁ ਸੇਵਾ ਗੁਰ ਪੂਰੇ ਨਾਮੁ ਕਮਾਇ ਰਸਾਇਣਾ॥

(ਮਾਰੂ ਮਹਲਾ ੫, ਪੰਨਾ 1078)

ਅਰਥ : ਹੇ ਪਿਆਰੇ ਮਨ! ਜੇ ਤੂੰ (ਸੁਰਗ ਦਾ) ਪਾਰਜਾਤ (ਰੁੱਖ) ਹਾਸਲ ਕਰਨਾ

ਚਾਹੁੰਦਾ ਹੈਂ, ਜੇ ਤੂੰ ਚਾਹੁੰਦਾ ਹੈਂ ਕਿ ਕਾਮਧੇਨ ਤੇਰੇ ਬੂਹੇ ਉੱਤੇ ਸੋਭ ਰਹੀ ਹੋਵੇ, ਤਾਂ ਪੂਰੇ ਗੁਰੂ ਦੀ ਸ਼ਰਨ ਪਿਆ ਰਹੁ, ਗੁਰੂ ਪਾਸੋਂ ਪੂਰਨ ਸੰਤੋਖ ਪ੍ਰਾਪਤ ਕਰ, (ਗੁਰੂ ਦੇ ਰਾਹੇ ਤੁਰ ਕੇ) ਨਾਮ-ਸਿਮਰਨ ਦੀ ਕਮਾਈ ਕਰ, ਹਰਿ-ਨਾਮ ਹੀ ਸਾਰੇ ਰਸਾਂ ਦਾ ਸੋਮਾ ਹੈ।

ਜੇਕਰ 'ਕਾਮਧੇਨ' ਦਾ ਜ਼ਿਕਰ ਕਰਦਿਆਂ ਹੋਇਆਂ ਇਹ ਕਿਹਾ ਗਿਆ ਹੈ ਕਿ, "ਗਾਡਰ ਲੇ ਕਾਮਧੇਨੁ ਕਰਿ ਪੂਜੀ" ਤਾਂ ਇਸ ਪੰਗਤੀ ਵਿਚ ਵੀ 'ਕਾਮਧੇਨ' ਸ਼ਬਦ ਨੂੰ ਪ੍ਰਚਲਿਤ ਧਾਰਨਾ ਦੀ ਸਵੀਕ੍ਰਿਤ ਦੇ ਰੂਪ ਵਿਚ ਨਹੀਂ ਵਰਤਿਆ ਹੈ। ਜਿਸ ਸ਼ਬਦ ਦੀ ਇਹ ਪੰਗਤੀ ਹੈ, ਉਸ ਸਾਰੇ ਸ਼ਬਦ ਨੂੰ ਵਿਚਾਰਨ ਨਾਲ ਸਹਿਜੇ ਹੀ ਇਸ (ਕਾਮਧੇਨ) ਸ਼ਬਦ ਦੀ ਵਰਤੋਂ ਦੇ ਮਨੋਰਥ ਨੂੰ ਸਮਝ ਸਕੀਦਾ ਹੈ।

ਇਹ ਸ਼ਬਦ ਇਸ ਤਰ੍ਹਾਂ ਹੈ :

ਹਰਿ ਕੇ ਦਾਸ ਸਿਉ ਸਾਕਤ ਨਹੀ ਸੰਗੁ ॥
ਓਹੁ ਬਿਖਈ ਓਸੁ ਰਾਮ ਕੋ ਰੰਗੁ ॥੧॥ਰਹਾਉ॥

ਅਰਥ : (ਹੇ ਭਾਈ!) ਪਰਮਾਤਮਾ ਦੇ ਭਗਤ ਨਾਲ ਮਾਇਆ-ਵੇੜ੍ਹੇ ਮਨੁੱਖ ਦਾ ਜੋੜ ਨਹੀਂ ਬਣ ਸਕਦਾ (ਕਿਉਂਕਿ) ਉਹ ਸਾਕਤ ਵਿਸ਼ਿਆਂ ਦਾ ਪਿਆਰਾ ਹੁੰਦਾ ਹੈ ਤੇ ਉਸ ਭਗਤ ਨੂੰ ਪਰਮਾਤਮਾ ਦਾ ਪ੍ਰੇਮ-ਰੰਗ ਚੜ੍ਹਿਆ ਹੁੰਦਾ ਹੈ।੧।ਰਹਾਉ।

ਮਨ ਅਸਵਾਰ ਜੈਸੇ ਤੁਰੀ ਸੀਗਾਰੀ ॥
ਜਿਉ ਕਾਪੁਰਖੁ ਪੁਚਾਰੈ ਨਾਰੀ ॥੧॥
ਬੈਲ ਕਉ ਨੇਤ੍ਰਾ ਪਾਇ ਦੁਹਾਵੈ ॥
ਗਊ ਚਰਿ ਸਿੰਘ ਪਾਛੈ ਪਾਵੈ ॥੨॥
ਗਾਡਰ ਲੇ ਕਾਮਧੇਨੁ ਕਰਿ ਪੂਜੀ ॥
ਸਉਦੇ ਕਉ ਧਾਵੈ ਬਿਨੁ ਪੂੰਜੀ ॥੩॥
ਨਾਨਕ ਰਾਮ ਨਾਮੁ ਜਪਿ ਚੀਤ ॥
ਸਿਮਰਿ ਸੁਆਮੀ ਹਰਿ ਸਾ ਮੀਤ ॥੪॥ *(ਗਉੜੀ ਮਹਲਾ ੫, ਪੰਨਾ 198)*

ਅਰਥ : (ਹਰੀ ਦੇ ਦਾਸ ਅਤੇ ਸਾਕਤ ਦਾ ਸੰਗ ਇਉਂ ਹੀ ਹੈ) ਜਿਵੇਂ ਕਿਸੇ ਅਨਾੜੀ ਅਸਵਾਰ ਵਾਸਤੇ ਇਕ ਸਜਾਈ ਹੋਈ ਘੋੜੀ ਹੋਵੇ, ਜਿਵੇਂ ਕੋਈ ਖੁਸਰਾ ਇਸਤ੍ਰੀ ਨੂੰ ਪਿਆਰ ਕਰਦਾ ਹੋਵੇ।੧।

(ਹੇ ਭਾਈ!) ਹਰੀ ਦੇ ਦਾਸ ਅਤੇ ਸਾਕਤ ਦਾ ਮੇਲ ਇਉਂ ਹੀ ਹੈ, ਜਿਵੇਂ ਕੋਈ ਮਨੁੱਖ ਨਿਆਣਾ (ਰੱਸੀ) ਪਾ ਕੇ ਬਲਦ ਨੂੰ ਚੋਣ ਲੱਗ ਪਏ, ਜਿਵੇਂ ਕੋਈ ਮਨੁੱਖ ਗਾਂ ਉੱਤੇ ਚੜ੍ਹ ਕੇ ਉਸ ਨੂੰ ਸ਼ੇਰ ਦੇ ਪਿੱਛੇ ਦੁੜਾਣ ਲੱਗ ਪਏ।੨।

ਹੇ ਭਾਈ!) ਹਰੀ ਦੇ ਭਗਤ ਤੇ ਸਾਕਤ ਦਾ ਜੋੜ ਇਉਂ ਹੈ, ਜਿਵੇਂ ਕੋਈ ਮਨੁੱਖ ਭੇਡ ਲੈ ਕੇ ਉਸ ਨੂੰ ਕਾਮਧੇਨ ਮਿਥ ਕੇ ਪੂਜਣ ਲੱਗ ਪਏ, ਜਿਵੇਂ ਕੋਈ ਮਨੁੱਖ ਸਰਮਾਏ ਤੋਂ ਬਿਨਾਂ ਹੀ ਸੌਦਾ ਖ਼ਰੀਦਣ ਉੱਠ ਦੌੜੇ।੩।

ਹੇ ਨਾਨਕ! (ਹਰੀ ਦੇ ਦਾਸਾਂ ਦੀ ਸੰਗਤਿ ਵਿਚ ਟਿਕ ਕੇ) ਪਰਮਾਤਮਾ ਦਾ ਨਾਮ ਆਪਣੇ ਚਿੱਤ ਵਿਚ ਸਿਮਰ, ਪਰਮਾਤਮਾ ਵਰਗੇ ਮਾਲਕ ਤੇ ਮਿੱਤਰ ਦਾ ਸਿਮਰਨ ਕਰਿਆ ਕਰ।੪।

ਗੁਰਦੇਵ ਇਸ ਸ਼ਬਦ ਵਿਚ "ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ" (ਪੰਨਾ 145) ਵਾਲਾ ਭਾਵ ਦ੍ਰਿੜ੍ਹ ਕਰਵਾ ਰਹੇ ਹਨ। ਵਿਕਾਰਾਂ ਵਿਚ ਪਰਵਿਰਤ ਹੋਏ ਪ੍ਰਾਣੀ ਅਤੇ ਗੁਰਮੁਖ ਦਾ ਆਪਸ ਵਿਚ ਤਾਲ-ਮੇਲ ਨਹੀਂ ਹੋ ਸਕਦਾ। ਚੂੰਕਿ ਦੋਹਾਂ ਦੇ ਜੀਵਨ ਦੀਆਂ ਕਦਰਾਂ-ਕੀਮਤਾਂ ਪ੍ਰਤੀ ਦ੍ਰਿਸ਼ਟੀਕੋਣ ਭਿੰਨ ਹੈ। ਇਹ ਗੱਲ ਸਮਝਾਉਣ ਲਈ ਕਿ ਗੁਰਮੁਖਾਂ ਦੀ ਸੰਗਤ 'ਚ ਹੀ ਲਾਹਾ ਖੱਟ ਸਕੀਦਾ ਹੈ, ਸਾਕਤਾਂ ਦੀ ਸੰਗਤ 'ਚ ਨਹੀਂ; ਕਾਮਧੇਨ ਅਤੇ ਭੇਡ ਦੀ ਉਦਾਹਰਣ ਦੇਂਦੇ ਹਨ।

ਗੁਰਬਾਣੀ ਦੀ ਨਿਮਨ ਲਿਖਤ ਪੰਗਤੀ ਵਿਚ ਵੀ 'ਕਾਮਧੇਨ' ਸੰਬੰਧੀ ਪ੍ਰਚਲਿਤ ਧਾਰਨਾ ਨੂੰ ਹੀ ਨਕਾਰਿਆ ਹੈ:

ਅਨਿਕ ਬਸੁਧਾ ਅਨਿਕ ਕਾਮਧੇਨ॥ *(ਸਾਰਗ ਮਹਲਾ ੫, ਪੰਨਾ 1236)*

ਅਰਥ : (ਹੇ ਸੰਤ ਜਨੋ ! ਪਰਮਾਤਮਾ ਦਾ ਦਰਬਾਰ ਅਸਚਰਜ ਹੈ, ਉਸ ਦੀਆਂ ਪੈਦਾ ਕੀਤੀਆਂ) ਅਨੇਕਾਂ ਧਰਤੀਆਂ ਅਤੇ ਅਨੇਕਾਂ ਹੀ ਮਨੋ-ਕਾਮਨਾਵਾਂ ਪੂਰੀਆਂ ਕਰਨ ਵਾਲੀਆਂ ਸੁਰਗ ਦੀਆਂ ਗਾਂਈਆਂ ਹਨ।

ਜਿਸ ਸ਼ਬਦ ਦੀ ਇਹ ਪੰਗਤੀ ਹੈ, ਉਸ ਦੀ ਰਹਾਉ ਦੀ ਪੰਗਤੀ ਹੈ :

ਅਗਮ ਅਗਾਧਿ ਸੁਨਹੁ ਜਨ ਕਥਾ॥
ਪਾਰਬ੍ਰਹਮ ਕੀ ਅਚਰਜ ਸਭਾ॥੧॥ਰਹਾਉ॥ *(ਸਾਰਗ ਮਹਲਾ ੫, ਪੰਨਾ 1235)*

ਅਰਥ : ਹੇ ਸੰਤ ਜਨੋ ! ਅਪਹੁੰਚ ਅਤੇ ਅਥਾਹ ਪਰਮਾਤਮਾ ਦੀ ਸਿਫ਼ਤਿ-ਸਾਲਾਹ ਸੁਣਿਆ ਕਰੋ। ਉਸ ਪਰਮਾਤਮਾ ਦਾ ਦਰਬਾਰ ਹੈਰਾਨ ਕਰਨ ਵਾਲਾ ਹੈ।੧।ਰਹਾਉ।

ਇਸ ਸਾਰੇ ਸ਼ਬਦ ਨੂੰ ਵਿਚਾਰਿਆਂ ਗੁਰਬਾਣੀ ਦੇ ਸੱਚ ਨੂੰ ਸਪੱਸ਼ਟ ਰੂਪ ਵਿਚ ਦੇਖਿਆ ਜਾ ਸਕਦਾ ਹੈ।

ਸੋ, ਗੱਲ ਕੀ ਗੁਰੂ ਗ੍ਰੰਥ ਸਾਹਿਬ ਜੀ ਵਿਚ 'ਕਾਮਧੇਨ' ਸੰਬੰਧੀ ਪ੍ਰਚਲਿਤ ਪੂਰਵ ਧਾਰਨਾ ਨੂੰ ਪ੍ਰਵਾਨ ਨਹੀਂ ਕੀਤਾ ਗਿਆ ਹੈ। ਇਸ ਸ਼ਬਦ ਦੇ ਭਾਵ ਨੂੰ ਗੁਰਮਤਿ ਦੀ ਵਿਚਾਰਧਾਰਾ ਦੀ ਰੰਗਤ ਵਿਚ ਰੰਗ ਕੇ, ਨਵੀਨਤਾ ਪ੍ਰਦਾਨ ਕੀਤੀ ਹੈ। ਜਿਥੇ ਇਸ ਸ਼ਬਦ ਨੂੰ ਕੇਵਲ ਹਵਾਲੇ ਦੇ ਤੌਰ 'ਤੇ ਹੀ ਵਰਤਿਆ ਗਿਆ ਹੈ, ਉਥੇ ਵੀ 'ਕਾਮਧੇਨ' ਵਾਲੀ ਪ੍ਰਚਲਿਤ ਧਾਰਨਾ ਨਾਲ ਅਸਹਿਮਤੀ ਪ੍ਰਗਟ ਕਰਦਿਆਂ ਹੋਇਆਂ ਪ੍ਰਭੂ ਦਾ ਲੜ ਪਕੜਨ ਦੀ ਹੀ ਪ੍ਰੇਰਨਾ ਕੀਤੀ ਗਈ ਹੈ। ਇਸ ਲਈ 'ਕਾਮਧੇਨ' ਬਾਰੇ ਗੁਰੂ ਗ੍ਰੰਥ ਸਾਹਿਬ ਜੀ ਦੀ ਇਹ ਧਾਰਨਾ ਨਹੀਂ ਹੈ ਕਿ ਇਹ ਮਨੁੱਖ ਦੀਆਂ ਇੱਛਾਵਾਂ ਨੂੰ ਪੂਰੀਆਂ ਕਰਨ ਦੇ ਸਮਰੱਥ ਹੈ ਜਾਂ ਇਸ ਦੀ ਕੋਈ ਹੋਂਦ ਹੈ। ਗੁਰੂ ਗ੍ਰੰਥ ਸਾਹਿਬ ਦੇ ਬਾਣੀ ਰਚੇਤਿਆਂ ਨੇ ਤਾਂ ਮਨੁੱਖ ਨੂੰ ਕੇਵਲ ਤੇ ਕੇਵਲ ਇਹ ਗੱਲ ਹੀ ਦ੍ਰਿੜ੍ਹ ਕਰਵਾਈ ਹੈ ਕਿ ਇੱਛਾਵਾਂ ਪੂਰੀਆਂ ਕਰਨ ਵਾਲਾ ਕੇਵਲ ਪ੍ਰਭੂ ਹੀ ਹੈ, ਹੋਰ ਕੋਈ ਸ਼ਕਤੀ ਨਹੀਂ ਹੈ, ਅਤੇ ਇਹੀ ਗੁਰਬਾਣੀ ਦਾ ਸੱਚ ਹੈ।

ਕਾਮਧੇਨੁ ਲਖ ਪਾਰਜਾਤ ਜੰਗਲ ਅੰਦਰਿ ਚਰਨਿ ਅਡੋਲੇ।

(ਭਾਈ ਗੁਰਦਾਸ ਜੀ, ਵਾਰ 12, ਪਉੜੀ 20)

ਪਾਰਜਾਤ

ਬਾਣੀ ਰਚੇਤਿਆਂ ਨੇ ਜਨ-ਸਾਧਾਰਨ ਤਕ ਬਾਣੀ ਦਾ ਸੱਚ ਅਪੜਾਉਣ ਲਈ ਕੇਵਲ ਲੋਕ-ਕਾਵਿ ਰੂਪਾਂ ਨੂੰ ਹੀ ਨਹੀਂ, ਸਗੋਂ ਹੋਰ ਧਰਮਾਂ ਦੀ ਪ੍ਰਚਲਿਤ ਸ਼ਬਦਾਵਲੀ ਨੂੰ ਵੀ ਮਾਧਿਅਮ ਬਣਾਇਆ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿਚ ਭਿੰਨ ਭਿੰਨ ਕਾਵਿ-ਰੂਪਾਂ ਵਿਚ ਰਚਿਤ ਬਾਣੀ ਇਸ ਪੱਖ ਨੂੰ ਭਲੀ ਪ੍ਰਕਾਰ ਉਜਾਗਰ ਕਰਦੀ ਹੈ। ਇਸ ਸ਼ਬਦਾਵਲੀ ਦੀ ਵਰਤੋਂ ਕਰ ਕੇ ਬਾਣੀ ਰਚੇਤਿਆਂ ਨੇ ਪ੍ਰਚਲਿਤ ਸ਼ਬਦਾਵਲੀ ਦੇ ਭਾਵਾਰਥ ਨੂੰ ਹਰਗਿਜ਼ ਉਸੇ ਰੂਪ ਵਿਚ ਨਹੀਂ ਸਵੀਕਾਰਿਆ।

ਗੁਰੂ ਗ੍ਰੰਥ ਸਾਹਿਬ ਜੀ ਵਿਚ ਪੁਰਾਨਿਕ ਸਾਹਿਤ ਦੀ ਸ਼ਬਦਾਵਲੀ ਵਿੱਚੋਂ ਇਕ ਸ਼ਬਦ 'ਪਾਰਜਾਤ' ਵੀ ਹੈ। ਬਾਣੀ ਰਚੇਤਿਆਂ ਨੇ ਜਿਸ ਤਰ੍ਹਾਂ ਪੁਰਾਣ ਸਾਹਿਤ ਦੇ ਹੋਰ ਅਨੇਕਾਂ ਸ਼ਬਦਾਂ ਨੂੰ ਉਨ੍ਹਾਂ ਦੇ ਪ੍ਰਚਲਿਤ ਭਾਵਾਰਥ ਵਿਚ ਨਹੀਂ ਵਰਤਿਆ ਹੈ, ਇਸੇ ਤਰ੍ਹਾਂ ਇਸ ਸ਼ਬਦ ਦੇ ਵੀ ਪ੍ਰਚਲਿਤ ਭਾਵਾਰਥ ਨੂੰ ਨਹੀਂ ਸਵੀਕਾਰਿਆ ਹੈ। ਗੁਰਬਾਣੀ ਵਿਚ 'ਪਾਰਜਾਤ' ਸ਼ਬਦ ਦੇ ਭਾਵਾਰਥ ਨੂੰ ਦੇਖਣ ਤੋਂ ਪਹਿਲਾਂ ਸੰਖੇਪ ਵਿਚ ਪੁਰਾਣ ਸਾਹਿਤ ਵਿਚ ਇਸ ਸੰਬੰਧੀ ਧਾਰਨਾ ਦੀ ਚਰਚਾ ਕਰ ਰਹੇ ਹਾਂ।

ਸੁਰਗ ਦੇ ਪੰਜ ਰੁੱਖਾਂ ਵਿੱਚੋਂ ਇਕ ਦਾ ਨਾਮ 'ਪਾਰਜਾਤ' ਹੈ। ਇਸ ਬ੍ਰਿਛ ਬਾਰੇ ਇਹ ਮੰਨਿਆ ਜਾਂਦਾ ਹੈ ਕਿ ਇਹ ਮਨੋਕਾਮਨਾਵਾਂ ਪੂਰੀਆਂ ਕਰਨ ਦੇ ਸਮਰੱਥ ਹੈ। ਭਾਈ ਕਾਨ੍ਹ ਸਿੰਘ ਨਾਭਾ 'ਪਾਰਜਾਤ' ਸੰਬੰਧੀ ਇਸ ਤਰ੍ਹਾਂ ਲਿਖਦੇ ਹਨ : "ਪਾਰਜਾਤ ਸੰ: ਪਾਰਿਜਾਤ। ਸੰਗਯਾ-ਪਾਰਿ (ਸਮੁੰਦਰ) ਤੋਂ ਪੈਦਾ ਹੋਇਆ, ਸਮੁੰਦਰ ਤੋਂ ਪੈਦਾ ਹੋਇਆ ਦੇਵਤਿਆਂ ਦਾ ਇਕ ਬਿਰਛ। ਪੁਰਾਨਿਕ ਕਥਾ ਹੈ ਕਿ ਸਮੁੰਦਰ ਰਿੜਕਨ ਸਮੇਂ ਇਹ ਦਰਖ਼ਤ ਨਿਕਲਿਆ ਅਤੇ ਇੰਦ੍ਰ ਨੂੰ ਦਿੱਤਾ ਗਿਆ।" *(ਮਹਾਨ ਕੋਸ਼)* ਇੰਦ੍ਰ ਨੇ ਇਹ ਬ੍ਰਿਛ ਆਪਣੀ ਇਸਤ੍ਰੀ ਸਚੀ ਦੇ ਬਾਗ਼ ਵਿਚ ਲਾ ਦਿੱਤਾ ਸੀ। ਕ੍ਰਿਸ਼ਨ ਜੀ ਨੇ ਆਪਣੀ ਇਸਤ੍ਰੀ ਸੱਤਭਾਮਾ ਦੀ ਇੱਛਾ ਨੂੰ ਪੂਰਿਆਂ ਕਰਨ ਲਈ ਇੰਦ੍ਰ ਨੂੰ ਜੁੱਧ ਵਿਚ ਹਰਾ ਕੇ ਪਾਰਜਾਤ ਦਰਖ਼ਤ ਨੂੰ ਬਿੰਦ੍ਰਾਬਨ ਵਿਚ ਲੈ ਆਂਦਾ ਸੀ। ਇਹ ਵੀ ਮੰਨਿਆ ਜਾਂਦਾ ਹੈ ਕਿ ਕ੍ਰਿਸ਼ਨ ਜੀ ਦੇ ਚਲਾਣੇ ਉਪਰੰਤ ਇਹ ਬ੍ਰਿਛ ਫਿਰ ਸੁਰਗ ਲੋਗ ਚਲਾ ਗਿਆ ਸੀ। (ਧਿਆਨ ਰਹੇ ਕਿ ਗੁਰਬਾਣੀ ਵਿਚ ਨਾ ਤਾਂ ਅਜਿਹੇ ਕਿਸੇ ਸੁਰਗ ਲੋਕ ਦੀ, ਨਾ ਹੀ ਇੰਦ੍ਰ ਦੇਵਤੇ ਆਦਿ ਦੀ ਹੋਂਦ ਨੂੰ ਮੰਨਿਆ ਗਿਆ ਹੈ।)

'ਪਾਰਜਾਤ' ਬਾਰੇ ਪ੍ਰਚਲਿਤ ਧਾਰਨਾ ਦਾ ਜ਼ਿਕਰ ਕਰਨ ਉਪਰੰਤ ਗੁਰੂ ਗ੍ਰੰਥ ਸਾਹਿਬ ਵਿਚ ਇਸ ਸੰਬੰਧੀ ਜੋ ਧਾਰਨਾ ਹੈ, ਉਸ ਦਾ ਜ਼ਿਕਰ ਕਰ ਰਹੇ ਹਾਂ। ਗੁਰਬਾਣੀ ਦੀਆਂ ਨਿਮਨ ਲਿਖਤ ਪੰਗਤੀਆਂ ਵਿਚ ਇਹ ਸ਼ਬਦ ਆਇਆ ਹੈ :

(ੳ) **ਗੁਰੁ ਤੀਰਥੁ ਗੁਰੁ ਪਾਰਜਾਤੁ ਗੁਰੁ ਮਨਸਾ ਪੂਰਣਹਾਰੁ॥**
ਗੁਰੁ ਦਾਤਾ ਹਰਿ ਨਾਮੁ ਦੇਇ ਉਧਰੈ ਸਭੁ ਸੰਸਾਰੁ॥

(ਸਿਰੀਰਾਗੁ ਮਹਲਾ ੧, ਪੰਨਾ 52)

ਅਰਥ : ਗੁਰੂ (ਹੀ ਅਸਲ) ਤੀਰਥ ਹੈ, ਗੁਰੂ (ਹੀ) ਪਾਰਜਾਤ ਰੁੱਖ ਹੈ, ਗੁਰੂ ਹੀ ਸਾਰੀਆਂ ਕਾਮਨਾਂ ਪੂਰੀਆਂ ਕਰਨ ਵਾਲਾ ਹੈ। ਗੁਰੂ ਹੀ (ਉਹ) ਦਾਤਾ ਹੈ (ਜੋ) ਪਰਮਾਤਮਾ ਦਾ ਨਾਮ ਦੇਂਦਾ ਹੈ, (ਜਿਸ ਦੀ ਬਰਕਤਿ ਨਾਲ) ਸਾਰਾ ਸੰਸਾਰ (ਵਿਕਾਰਾਂ ਤੋਂ) ਬੱਚਦਾ ਹੈ।

(ਅ) **ਚਾਰਿ ਪਦਾਰਥ ਹਰਿ ਕੀ ਸੇਵਾ॥**
ਪਾਰਜਾਤੁ ਜਪਿ ਅਲਖ ਅਭੇਵਾ॥
ਕਾਮੁ ਕ੍ਰੋਧੁ ਕਿਲਬਿਖ ਗੁਰਿ ਕਾਟੇ ਪੂਰਨ ਹੋਈ ਆਸਾ ਜੀਉ॥

(ਮਾਝ ਮਹਲਾ ੫, ਪੰਨਾ 108)

ਅਰਥ : (ਹੇ ਭਾਈ!) ਪਰਮਾਤਮਾ ਦੀ ਸੇਵਾ-ਭਗਤੀ ਹੀ (ਦੁਨੀਆਂ ਦੇ ਪ੍ਰਸਿੱਧ) ਚਾਰ ਪਦਾਰਥ ਹਨ। (ਹੇ ਭਾਈ!) ਅਲੱਖ ਅਭੇਵ ਪ੍ਰਭੂ ਦਾ ਨਾਮ ਜਪ, ਇਹੀ ਪਾਰਜਾਤ (-ਰੁੱਖ ਮਨੋਕਾਮਨਾ ਪੂਰੀਆਂ ਕਰਨ ਵਾਲਾ) ਹੈ। ਜਿਸ ਮਨੁੱਖ (ਦੇ ਅੰਦਰੋਂ) ਗੁਰੂ ਨੇ ਕਾਮ ਦੂਰ ਕਰ ਦਿੱਤਾ ਹੈ, ਕ੍ਰੋਧ ਦੂਰ ਕਰ ਦਿੱਤਾ, ਜਿਸ ਦੇ ਸਾਰੇ ਪਾਪ ਗੁਰੂ ਨੇ ਕੱਟ ਦਿੱਤੇ ਹਨ, ਉਸ ਦੀ (ਹਰੇਕ ਕਿਸਮ ਦੀ) ਆਸਾ ਪੂਰੀ ਹੋ ਗਈ।

(ੲ) **ਪਾਰਜਾਤੁ ਇਹੁ ਹਰਿ ਕੋ ਨਾਮ॥** *(ਗਉੜੀ ਸੁਖਮਨੀ ਮ: ੫, ਪੰਨਾ 265)*

ਅਰਥ : ਪ੍ਰਭੂ ਦਾ ਇਹ ਨਾਮ (ਹੀ) 'ਪਾਰਜਾਤ' ਰੁੱਖ ਹੈ।

(ਸ) **ਪਾਰਜਾਤੁ ਘਰਿ ਆਗਨਿ ਮੇਰੈ ਪੁਹਪ ਪਤ੍ਰ ਤਤੁ ਡਾਲਾ॥**
ਸਰਬ ਜੋਤਿ ਨਿਰੰਜਨ ਸੰਭੂ ਛੋਡਹੁ ਬਹੁਤੁ ਜੰਜਾਲਾ॥

(ਗੂਜਰੀ ਮਹਲਾ ੧, ਪੰਨਾ 503)

ਅਰਥ : (ਇਹ ਸਾਰਾ ਜਗਤ ਜਿਸ ਪਾਰਜਾਤ-ਪ੍ਰਭੂ ਦਾ) ਫੁੱਲ ਪੱਤਰ ਡਾਲੀਆਂ ਆਦਿਕ ਪਸਾਰਾ ਹੈ, ਜੋ ਪ੍ਰਭੂ ਸਾਰੇ ਜਗਤ ਦਾ ਮੂਲ ਹੈ, ਜਿਸ ਦੀ ਜੋਤਿ ਸਭ ਜੀਵਾਂ ਵਿਚ ਪਸਰ ਰਹੀ ਹੈ, ਜੋ ਮਾਇਆ ਦੇ ਪ੍ਰਭਾਵ ਤੋਂ ਪਰ੍ਹੇ ਹੈ, ਜਿਸ ਦਾ ਪ੍ਰਕਾਸ਼ ਆਪਣੇ ਆਪ ਤੋਂ ਹੈ, ਉਹ (ਸਰਬ-ਇੱਛਾ-ਪੂਰਕ) ਪਾਰਜਾਤ (-ਪ੍ਰਭੂ) ਮੇਰੇ ਹਿਰਦੇ-ਆਂਗਨ ਵਿਚ ਪ੍ਰਗਟ ਹੋ ਗਿਆ ਹੈ (ਤੇ ਮੇਰੇ ਅੰਦਰੋਂ ਮਾਇਆ ਵਾਲੇ ਜੰਜਾਲ ਮੁੱਕ ਗਏ ਹਨ)। ਹੇ ਭਾਈ! ਤੁਸੀਂ ਭੀ ਪਰਮਾਤਮਾ ਨੂੰ ਆਪਣੇ ਹਿਰਦੇ ਵਿਚ ਵਸਾਉ, (ਇਸ ਤਰ੍ਹਾਂ) ਮਾਇਆ ਦੇ ਬਹੁਤੇ ਜੰਜਾਲ ਛੱਡ ਸਕੋਗੇ।

(ਹ) **ਚਾਰਿ ਪਦਾਰਥ ਅਸਟ ਮਹਾ ਸਿਧਿ ਕਾਮਧੇਨੁ ਪਾਰਜਾਤ ਹਰਿ ਹਰਿ ਰੁਖੁ॥**
ਨਾਨਕ ਸਰਨਿ ਗਹੀ ਸੁਖ ਸਾਗਰ ਜਨਮ ਮਰਨ ਫਿਰਿ ਗਰਭ ਨ ਧੁਖੁ॥

(ਟੋਡੀ ਮਹਲਾ ੫, ਪੰਨਾ 717)

ਅਰਥ : ਹੇ ਮਾਂ! ਚਾਰ ਪਦਾਰਥ (ਦੇਣ ਵਾਲਾ), ਅੱਠ ਵੱਡੀਆਂ ਕਰਾਮਾਤੀ ਤਾਕਤਾਂ (ਦੇਣ ਵਾਲਾ) ਪਰਮਾਤਮਾ ਆਪ ਹੀ ਹੈ। ਪਰਮਾਤਮਾ ਆਪ ਹੀ ਹੈ ਕਾਮਧੇਨ; ਪਰਮਾਤਮਾ ਆਪ ਹੀ ਹੈ ਪਾਰਜਾਤ ਰੁੱਖ। ਹੇ ਨਾਨਕ! (ਆਖ—ਹੇ ਮਾਂ! ਜਿਸ ਮਨੁੱਖ

ਨੇ) ਸੁੱਖਾਂ ਦੇ ਸਮੁੰਦਰ ਪਰਮਾਤਮਾ ਦਾ ਆਸਰਾ ਲੈ ਲਿਆ ਹੈ, ਉਸ ਨੂੰ ਜਨਮ-ਮਰਨ ਦੇ ਗੇੜ ਦਾ ਫ਼ਿਕਰ, ਜੂਨਾਂ ਵਿਚ ਪੈਣ ਦਾ ਫ਼ਿਕਰ ਨਹੀਂ ਰਹਿੰਦਾ।

(ਕ) **ਬਿਰਖੁ ਜਮਿਓ ਹੈ ਪਾਰਜਾਤ॥**
ਫੂਲ ਲਗੇ ਫਲ ਰਤਨ ਭਾਂਤਿ॥
ਤ੍ਰਿਪਤਿ ਅਘਾਨੇ ਹਰਿ ਗੁਣਹ ਗਾਇ॥
ਜਨ ਨਾਨਕ ਹਰਿ ਹਰਿ ਹਰਿ ਧਿਆਇ॥ *(ਬਸੰਤੁ ਮ: ੫, ਪੰਨਾ 1180)*

ਅਰਥ : ਹੇ ਭਾਈ! (ਸਿਫ਼ਤਿ-ਸਾਲਾਹ ਦੀ ਬਰਕਤ ਨਾਲ ਮੇਰੇ ਅੰਦਰੋਂ, ਮਾਨੋ, ਸਾਰੀਆਂ ਮਨੋ-ਕਾਮਨਾ ਪੂਰੀਆਂ ਕਰਨ ਵਾਲਾ ਸਵਰਗੀ) ਪਾਰਜਾਤ ਰੁੱਖ ਉੱਗ ਪਿਆ ਹੈ, ਜਿਸ ਨੂੰ ਭਾਂਤ ਭਾਂਤ ਦੇ ਕੀਮਤੀ ਫੁੱਲ ਤੇ ਫਲ ਲੱਗੇ ਹੋਏ ਹਨ। ਹੇ ਦਾਸ ਨਾਨਕ! (ਆਖ—ਹੇ ਭਾਈ!) ਸਦਾ ਪਰਮਾਤਮਾ ਦਾ ਨਾਮ ਸਿਮਰ ਕੇ, ਸਦਾ ਹਰੀ ਦੇ ਗੁਣ ਗਾ ਗਾ ਕੇ (ਮਨੁੱਖ ਮਾਇਆ ਦੇ ਮੋਹ ਵਲੋਂ) ਪੂਰਨ ਤੌਰ 'ਤੇ ਰੱਜ ਜਾਂਦੇ ਹਨ।

(ਖ) **ਤੁਮਹਿ ਖਜੀਨਾ ਤੁਮਹਿ ਜਰੀਨਾ ਤੁਮ ਹੀ ਮਾਣਿਕ ਲਾਲਾ॥**
ਤੁਮਹਿ ਪਾਰਜਾਤ ਗੁਰ ਤੇ ਪਾਏ ਤਉ ਨਾਨਕ ਭਏ ਨਿਹਾਲਾ॥
(ਸਾਰਗ ਮਹਲਾ ੫, ਪੰਨਾ 1215)

ਅਰਥ : ਹੇ ਪ੍ਰਭੂ! ਤੂੰ ਹੀ (ਮੇਰੇ ਵਾਸਤੇ) ਖ਼ਜ਼ਾਨਾ ਹੈਂ, ਤੂੰ ਹੀ ਮੇਰਾ ਧਨ-ਦੌਲਤ ਹੈਂ, ਤੂੰ ਹੀ (ਮੇਰੇ ਲਈ) ਮੋਤੀ ਹੀਰੇ ਹੈਂ। ਤੂੰ ਹੀ (ਸਵਰਗ ਦਾ) ਪਾਰਜਾਤ ਰੁੱਖ ਹੈਂ। ਹੇ ਨਾਨਕ! (ਆਖ—ਹੇ ਪ੍ਰਭੂ!) ਜਦੋਂ ਤੂੰ ਗੁਰੂ ਦੀ ਰਾਹੀਂ ਮਿਲ ਪੈਂਦਾ ਹੈਂ, ਤਦੋਂ ਪ੍ਰਸੰਨ-ਚਿੱਤ ਹੋ ਜਾਈਦਾ ਹੈ।

ਇਹਨਾਂ ਉਪਰੋਕਤ ਪੰਗਤੀਆਂ ਵਿਚ 'ਪਾਰਜਾਤ' ਪੁਰਾਤਨ ਪ੍ਰਚਲਿਤ ਅਰਥਾਂ ਵਿਚ ਨਹੀਂ ਆਇਆ ਹੈ। ਬਾਣੀ ਰਚੇਤਿਆਂ ਨੇ ਜਿਸ ਤਰ੍ਹਾਂ ਕਿਤੇ ਇਹਨਾਂ ਸ਼ਬਦਾਂ ਦੀ ਪ੍ਰਚਲਿਤ ਸ਼ਬਦਾਵਲੀ ਦੇ ਭਾਵਾਰਥ ਤੋਂ ਮਨੁੱਖੀ-ਜੀਵ ਨੂੰ ਉਪਰ ਉਠਾਉਣ ਲਈ ਇਹਨਾਂ ਸ਼ਬਦਾਂ ਨੂੰ ਪ੍ਰਚਲਿਤ ਅਰਥਾਂ ਵਿਚ, ਨਾਮ ਦੀ ਮਹਿਮਾ ਜਾਂ ਪ੍ਰਭੂ ਦੀ ਬੇਅੰਤਤਾ ਆਦਿ ਦਰਸਾਉਣ ਲਈ ਦ੍ਰਿਸ਼ਟਾਂਤ ਦੇ ਤੌਰ 'ਤੇ ਵਰਤਿਆ ਹੈ ਅਤੇ ਕਿਤੇ ਇਸ ਸੰਬੰਧੀ ਆਪਣਾ ਨਿਰਣਾਇਕ ਫ਼ੈਸਲਾ ਦੇਂਦਿਆਂ ਹੋਇਆਂ ਇਹਨਾਂ ਦੀ ਹੋਂਦ ਨੂੰ ਇਸ ਰੂਪ ਵਿਚ ਸਵੀਕਾਰ ਕਰਨ ਤੋਂ ਇਨਕਾਰ ਕੀਤਾ ਹੈ, ਉਸੇ ਤਰ੍ਹਾਂ 'ਪਾਰਜਾਤ' ਸ਼ਬਦ ਦੀ ਵੀ ਵਰਤੋਂ ਕੀਤੀ ਗਈ ਹੈ।

ਨਿਮਨ ਲਿਖਤ ਪੰਗਤੀਆਂ ਵਿਚ 'ਪਾਰਜਾਤ' ਦਾ ਹਵਾਲਾ ਇਸੇ ਪ੍ਰਸੰਗ ਵਿਚ ਆਉਂਦਾ ਹੈ :

(ੳ) **ਪਾਰਜਾਤੁ ਲੋੜਹਿ ਮਨ ਪਿਆਰੇ॥ ਕਾਮਧੇਨੁ ਸੋਹੀ ਦਰਬਾਰੇ॥**
ਤ੍ਰਿਪਤਿ ਸੰਤੋਖੁ ਸੇਵਾ ਗੁਰ ਪੂਰੇ ਨਾਮੁ ਕਮਾਇ ਰਸਾਇਣਾ॥
(ਮਾਰੂ ਮ: ੫, ਪੰਨਾ 1078)

ਅਰਥ : ਹੇ ਪਿਆਰੇ ਮਨ! ਜੇ ਤੂੰ (ਸੁਰਗ ਦਾ) ਪਾਰਜਾਤ (ਰੁੱਖ) ਹਾਸਲ ਕਰਨਾ ਚਾਹੁੰਦਾ ਹੈਂ, ਜੇ ਤੂੰ ਚਾਹੁੰਦਾ ਹੈਂ ਕਿ ਕਾਮਧੇਨ ਤੇਰੇ ਬੂਹੇ ਉੱਤੇ ਸੋਭ ਰਹੀ ਹੋਵੇ, ਤਾਂ

ਪੂਰੇ ਗੁਰੂ ਦੀ ਸ਼ਰਨ ਪਿਆ ਰਹੁ, ਗੁਰੂ ਪਾਸੋਂ ਪੂਰਨ ਸੰਤੋਖ ਪ੍ਰਾਪਤ ਕਰ, (ਗੁਰੂ ਦੇ ਰਾਹੇ ਤੁਰ ਕੇ) ਨਾਮ-ਸਿਮਰਨ ਦੀ ਕਮਾਈ ਕਰ, ਹਰਿ-ਨਾਮ ਹੀ ਸਾਰੇ ਰਸਾਂ ਦਾ ਸੋਮਾ ਹੈ।

(ਅ) **ਬਿਰਖੁ ਜਮਿਓ ਹੈ ਪਾਰਜਾਤ ॥**
ਫੂਲ ਲਗੇ ਫਲ ਰਤਨ ਭਾਂਤਿ ॥ *(ਬਸੰਤੁ ਮ: ੫, ਪੰਨਾ 1180)*

ਅਰਥ : ਹੇ ਭਾਈ! (ਸਿਫ਼ਤਿ-ਸਾਲਾਹ ਦੀ ਬਰਕਤਿ ਨਾਲ ਮੇਰੇ ਅੰਦਰੋਂ, ਮਾਨੋ, ਸਾਰੀਆਂ ਮਨੋ-ਕਾਮਨਾ ਪੂਰੀਆਂ ਕਰਨ ਵਾਲਾ ਸਵਰਗੀ) ਪਾਰਜਾਤ ਰੁੱਖ ਉੱਗ ਪਿਆ ਹੈ, ਜਿਸ ਨੂੰ ਭਾਂਤ ਭਾਂਤ ਦੇ ਕੀਮਤੀ ਫੁੱਲ ਤੇ ਫਲ ਲੱਗੇ ਹੋਏ ਹਨ।

(ੲ) **ਪਾਰਜਾਤੁ ਗੋਪੀ ਲੈ ਆਇਆ ਬਿੰਦ੍ਰਾਬਨ ਮਹਿ ਰੰਗੁ ਕੀਆ ॥**
(ਵਾਰ ਆਸਾ ਮ: ੧, ਪੰਨਾ 470)

ਅਰਥ : ਕ੍ਰਿਸ਼ਨ ਨੇ ਆਪਣੀ ਗੋਪੀ (ਸਤਜਭਾਮਾ) ਦੀ ਖ਼ਾਤਰ ਪਾਰਜਾਤ ਰੁੱਖ (ਇੰਦਰ ਦੇ ਬਾਗ਼ ਵਿੱਚੋਂ) ਲੈ ਆਂਦਾ ਅਤੇ ਜਿਸ ਨੇ ਬਿੰਦ੍ਰਾਬਨ ਵਿਚ ਕੌਤਕ ਵਰਤਾਇਆ।

[*ਨੋਟ :* ਇਸ ਪੰਗਤੀ ਵਿਚ ਉਸ ਪ੍ਰਚਲਿਤ ਕਥਾ ਵੱਲ ਇਸ਼ਾਰਾ ਹੈ, ਜਿਸ ਅਨੁਸਾਰ ਕ੍ਰਿਸ਼ਨ ਜੀ ਨੇ ਇੰਦ੍ਰ ਨੂੰ ਯੁੱਧ ਵਿਚ ਹਰਾ ਕੇ ਇਹ ਦਰੱਖ਼ਤ ਆਪਣੀ ਰਾਣੀ ਸਤਜਭਾਮਾ ਦੇ ਵੇਹੜੇ ਲਾ ਦਿੱਤਾ ਸੀ।]

(ਸ) **ਅਨਿਕ ਬਸੁਧਾ ਅਨਿਕ ਕਾਮਧੇਨ ॥**
ਅਨਿਕ ਪਾਰਜਾਤ ਅਨਿਕ ਮੁਖਿ ਬੇਨ ॥
ਅਨਿਕ ਅਕਾਸ ਅਨਿਕ ਪਾਤਾਲ ॥
ਅਨਿਕ ਮੁਖੀ ਜਪੀਐ ਗੋਪਾਲ ॥ *(ਸਾਰੰਗ ਮ: ੫, ਪੰਨਾ 1236)*

ਅਰਥ : (ਹੇ ਸੰਤ ਜਨੋ! ਪਰਮਾਤਮਾ ਦਾ ਦਰਬਾਰ ਅਸਚਰਜ ਹੈ, ਉਸ ਦੀਆਂ ਪੈਦਾ ਕੀਤੀਆਂ) ਅਨੇਕਾਂ ਧਰਤੀਆਂ ਅਤੇ ਅਨੇਕਾਂ ਹੀ ਮਨੋ-ਕਾਮਨਾ ਪੂਰੀਆਂ ਕਰਨ ਵਾਲੀਆਂ ਸਵਰਗ ਦੀਆਂ ਗਾਂਈਆਂ ਹਨ, ਅਨੇਕਾਂ ਹੀ ਪਾਰਜਾਤ ਰੁੱਖ ਅਤੇ ਅਨੇਕਾਂ ਹੀ ਕ੍ਰਿਸ਼ਨ ਹਨ, ਅਨੇਕਾਂ ਹੀ ਆਕਾਸ਼ ਅਤੇ ਅਨੇਕਾਂ ਹੀ ਪਾਤਾਲ ਹਨ। ਹੇ ਸੰਤ ਜਨੋ! ਉਸ ਗੋਪਾਲ ਨੂੰ ਅਨੇਕਾਂ ਮੂੰਹਾਂ ਦੀ ਰਾਹੀਂ ਜਪਿਆ ਜਾ ਰਿਹਾ ਹੈ। (ਅਨੇਕਾਂ ਜੀਵ ਉਸ ਦਾ ਨਾਮ ਜਪਦੇ ਹਨ)।

ਗੁਰਬਾਣੀ ਦੀਆਂ ਉਪਰੋਕਤ ਤੁਕਾਂ ਤੋਂ ਇਹ ਗੱਲ ਬਿਲਕੁਲ ਸਪੱਸ਼ਟ ਹੁੰਦੀ ਹੈ ਕਿ, ਗੁਰੂ ਗ੍ਰੰਥ ਸਾਹਿਬ ਜੀ ਵਿਚ 'ਪਾਰਜਾਤ' ਤੋਂ ਭਾਵ ਪ੍ਰਭੂ/ਸਤਿਗੁਰੂ ਹੀ ਹੈ ਅਤੇ ਪੁਰਾਣ ਸਾਹਿਤ ਵਿਚਲੇ 'ਪਾਰਜਾਤ' ਵਿਚ ਬਾਣੀ ਰਚੇਤਿਆਂ ਦਾ ਵਿਸ਼ਵਾਸ ਨਹੀਂ ਹੈ। ਅੰਤ ਵਿਚ ਪਾਠਕਾਂ ਦਾ ਧਿਆਨ ਭਾਈ ਗੁਰਦਾਸ ਜੀ ਦੀ ਇਸ ਲਿਖਤ ਵੱਲ ਦੁਆਇਆ ਜਾ ਰਿਹਾ ਹੈ :

ਸਤਿਗੁਰੁ ਪੂਰਾ ਪਾਰਿਜਾਤੁ ਪਾਰਜਾਤ ਲਖ ਸਫਲਿ ਧਿਆਏ।
(ਵਾਰ 15, ਪਉੜੀ 2)

ਅਰਥ : ਸਤਿਗੁਰੂ ਪੂਰਨ ਪਾਰਜਾਤ ਬ੍ਰਿਛ ਹਨ, ਜਿਨ੍ਹਾਂ ਨੂੰ ਲੱਖਾਂ ਫਲਾਂ ਵਾਲੇ ਪਾਰਜਾਤ ਬ੍ਰਿਛ ਧਿਆਉਂਦੇ ਹਨ।

ਸੁਰਤਰੁ

ਸੁਰਤਰੁ ਵੀ ਪੁਰਾਣ ਕਥਾ ਅਨੁਸਾਰ ਦੇਵਤਿਆਂ ਦਾ ਇਕ ਬਿਰਛ ਹੈ। ਸੰਸਕ੍ਰਿਤ ਦੇ ਗ੍ਰੰਥਾਂ ਵਿਚ ਪੰਜ ਸੁਰਤਰੁ ਲਿਖੇ ਹਨ : ਮੰਦਾਰ, ਪਾਰਿਜਾਤ, ਸੰਤਾਨ, ਕਲਪਬਿਰਛ, ਹਰਿਚੰਦਨ। ਗੁਰੂ ਗ੍ਰੰਥ ਸਾਹਿਬ ਵਿਚ 'ਸੁਰਤਰੁ' ਸ਼ਬਦ ਦੀ ਵਰਤੋਂ ਪੁਰਾਣਿਕ ਅਰਥਾਂ ਵਿਚ ਕਰਦੇ ਹੋਏ ਭੱਟ ਕਲ੍ਹ ਜੀ ਪ੍ਰਭੂ ਨਾਮ ਦੀ ਵਡਿਆਈ ਕਰਦਿਆਂ 'ਸੁਰਤਰੁ' ਸ਼ਬਦ ਦਾ ਦ੍ਰਿਸ਼ਟਾਂਤ ਦੇਂਦਿਆਂ ਕਹਿੰਦੇ ਹਨ :

ਨਾਮ ਕਿਤਿ ਸੰਸਾਰਿ ਕਿਰਣਿ ਰਵਿ ਸੁਰਤਰ ਸਾਖਹ ॥
ਉਤਰਿ ਦਖਿਣਿ ਪੁਬਿ ਦੇਸਿ ਪਸ੍ਚਮਿ ਜਸੁ ਭਾਖਹ ॥

(ਸਵਈਏ ਮਹਲੇ ਤੀਜੇ ਕੇ ੩, ਪੰਨਾ 1393)

ਅਰਥ : (ਜਿਵੇਂ) ਸੁਰਗ ਦੇ ਰੁੱਖ (ਮੌਲਸਰੀ) ਦੀਆਂ ਸ਼ਾਖ਼ਾਂ (ਖਿੱਲਰ ਕੇ ਸੁਗੰਧੀ ਖਿਲਾਰਦੀਆਂ ਹਨ), (ਤਿਵੇਂ) ਪਰਮਾਤਮਾ ਦੇ ਨਾਮ ਦੀ ਵਡਿਆਈ-ਰੂਪ ਸੂਰਜ ਦੀ ਕਿਰਨ ਦੇ ਜਗਤ ਵਿਚ (ਪ੍ਰਕਾਸ਼ ਕਰਨ ਦੇ ਕਾਰਨ) ਉੱਤਰ, ਦੱਖਣ, ਪੂਰਬ, ਪੱਛਮ ਦੇਸ ਵਿਚ (ਭਾਵ, ਸਭ ਪਾਸੀਂ) ਲੋਕ ਨਾਮ ਦਾ ਜੱਸ ਉਚਾਰ ਰਹੇ ਹਨ।

ਪ੍ਰਭੂ ਦੀ ਸਮਰੱਥਾ/ਵਡੱਪਣ ਦਾ ਵਰਣਨ ਕਰਦਿਆਂ ਮਨੁੱਖ ਨੂੰ ਕਥਿਤ 'ਸੁਰਤਰ' ਦੀ ਕਾਮਨਾ ਦਾ ਤਿਆਗ ਕਰਕੇ ਅਕਾਲ ਪੁਰਖ ਦੀ ਸ਼ਰਣ 'ਚ ਆਉਣ ਦੀ ਪ੍ਰੇਰਣਾ ਕਰਦਿਆਂ ਹੋਇਆਂ ਆਖਿਆ ਹੈ :

ਸੁਖ ਸਾਗਰ ਸੁਰਿਤਰੁ ਚਿੰਤਾਮਨਿ ਕਾਮਧੇਨ ਬਸਿ ਜਾ ਕੇ ਰੇ ॥

(ਮਾਰੂ ਰਵਿਦਾਸ ਜੀ, ਪੰਨਾ 1106)

ਅਰਥ : (ਹੇ ਪੰਡਿਤ) ਜੋ ਪ੍ਰਭੂ ਸੁੱਖਾਂ ਦਾ ਸਮੁੰਦਰ ਹੈ, ਜਿਸ ਪ੍ਰਭੂ ਦੇ ਵੱਸ ਵਿਚ ਸੁਰਗ ਦੇ ਪੰਜ ਰੁੱਖ, ਚਿੰਤਾਮਣਿ ਅਤੇ ਕਾਮਧੇਨ ਹਨ।

ਇਨ੍ਹਾਂ ਪੰਗਤੀਆਂ ਵਿਚ ਪੁਰਾਣਿਕ ਕਥਾਵਾਂ ਵਿਚ ਵਿਸ਼ਵਾਸ ਕਰਨ ਵਾਲੇ ਸ਼ਰਧਾਲੂਆਂ ਨੂੰ ਇਹ ਸਮਝਾਇਆ ਹੈ ਕਿ ਸੁਰਤਰੁ, ਚਿੰਤਾਮਨਿ, ਕਾਮਧੇਨ ਦੇ ਪਿੱਛੇ ਦੌੜਨ ਦੀ ਜ਼ਰੂਰਤ ਨਹੀਂ ਹੈ। ਉਸ ਪ੍ਰਭੂ ਦੀ ਸ਼ਰਣ ਵਿਚ ਆਓ, ਇਹ ਆਪਣੇ ਆਪ ਹੀ ਤੁਹਾਨੂੰ ਮਿਲ ਜਾਣਗੇ, ਚੂੰਕਿ ਇਹ ਪਰਮਾਤਮਾ ਦੇ ਹੀ ਅਧੀਨ ਹਨ। ਜਿਸ ਤਰ੍ਹਾਂ ਕਾਮਧੇਨ ਬਾਰੇ ਇਹ ਕਹਿੰਦਿਆਂ ਹੋਇਆਂ ਕਿ :

ਇਛਾ ਪੂਰਕੁ ਸਰਬ ਸੁਖਦਾਤਾ ਹਰਿ ਜਾ ਕੈ ਵਸਿ ਹੈ ਕਾਮਧੇਨਾ ॥
ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ ਤਾ ਸਰਬ ਸੁਖ ਪਾਵਹਿ ਮੇਰੇ ਮਨਾ ॥੧॥

(ਧਨਾਸਰੀ ਮ: 4, ਪੰਨਾ 669)

ਸੋ, ਗੁਰੂ ਗ੍ਰੰਥ ਸਾਹਿਬ ਵਿਚ ਇਨ੍ਹਾਂ ਸਬਦਾਂ ਦੀ ਵਰਤੋਂ ਦਾ ਹਰਗਿਜ਼ ਇਹ ਭਾਵ ਨਹੀਂ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਬਾਣੀ ਰਚੇਤਿਆਂ ਦਾ ਇਹ ਮੰਨਣਾ ਹੈ ਕਿ ਕੋਈ 'ਕਾਮਧੇਨ', 'ਪਾਰਜਾਤ'/ਸੁਰਤਰੁ ਆਦਿ ਕੋਈ ਦਰੱਖ਼ਤ, ਅਤੇ ਚਿੰਤਾਮਣਿ/ ਚਿੰਤਾਮਨਿ ਜਿਹੀ ਵੀ ਕੋਈ ਵਸਤੂ ਹੈ, ਜੋ ਮਨੁੱਖ ਨੂੰ ਮਨ-ਇੱਛਤ ਫਲ/ਪਦਾਰਥ ਦੇਣ ਦੇ ਸਮਰੱਥ ਹਨ। ਗੁਰੂ ਗ੍ਰੰਥ ਸਾਹਿਬ ਦੇ ਬਾਣੀ ਰਚੇਤਿਆਂ ਅਨੁਸਾਰ ਅਜਿਹੀ

ਸਮਰੱਥਾ ਵਾਲਾ ਕੇਵਲ ਪ੍ਰਭੂ ਦਾ ਨਾਮ ਅਥਵਾ ਅਕਾਲ ਪੁਰਖ ਹੀ ਹੈ, ਉਸ ਤੋਂ ਬਿਨਾਂ ਹੋਰ ਕੋਈ ਸ਼ਕਤੀ ਨਹੀਂ ਹੈ। ਇਸ ਲਈ 'ਕਾਮਧੇਨ', 'ਪਾਰਜਾਤ', ਚਿੰਤਾਮਣਿ/ ਚਿੰਤਾਮਨਿ ਅਤੇ ਸੁਰਤਰੁ ਪ੍ਰਭੂ ਆਪ ਹੀ ਹੈ। ਇਹੀ ਧਾਰਨਾ ਗੁਰਬਾਣੀ ਦਾ ਸੱਚ ਹੈ। ਭਾਈ ਗੁਰਦਾਸ ਜੀ 16ਵੀਂ ਵਾਰ ਦੀ 10ਵੀਂ ਪਉੜੀ ਵਿਚ ਫ਼ੁਰਮਾਉਂਦੇ ਹਨ:

ਚਿੰਤਾਮਣਿ ਚਿੰਤਾ ਹਰੇ ਕਾਮਧੇਨੁ ਕਾਮਨਾਂ ਪੁਜਾਏ।
ਫਲ ਫੁਲਿ ਦੇਂਦਾ ਪਾਰਜਾਤੁ ਰਿਧਿ ਸਿਧਿ ਨਿਧਿ ਨਵਨਾਥ ਲੁਭਾਏ।...
ਗੁਰਮੁਖਿ ਸੁਖ ਫਲੁ ਸਾਧ ਸੰਗੁ ਚਾਰਿ ਪਦਾਰਥ ਸੇਵਾ ਲਾਏ।
ਸਦੁ ਸੁਰਤਿ ਲਿਵ ਪਿਰਮ ਰਸੁ ਅਕਥ ਕਹਾਣੀ ਕਥੀ ਨ ਜਾਏ।
ਪਾਰਬ੍ਰਹਮ ਪੂਰਨ ਬ੍ਰਹਮ ਭਗਤਿ ਵਛਲ ਹੁਇ ਅਛਲ ਛਲਾਏ।
ਲੇਖ ਅਲੇਖ ਨ ਕੀਮਤਿ ਪਾਏ। *(ਵਾਰ 16, ਪਉੜੀ 10)*

ਅਰਥ: ਚਿੰਤਾਮਣੀ (ਮਨ ਦਾ) ਸ਼ੋਕ ਦੂਰ ਕਰਦੀ ਹੈ, ਕਾਮਧੇਨੁ (ਮਨ ਦਾ ਪਦਾਰਥ) ਵਾਸ਼ਨਾ ਪੂਰਦੀ ਹੈ (ਭਾਵ ਦੋਵੇਂ ਮੁਕਤੀ ਨਹੀਂ ਦੇਂਦੇ)। ਕਲਪ ਬ੍ਰਿਛ ਆਪਣੇ ਫਲ ਜਾਂ ਫੁਲ ਦੇ ਛੱਡਦਾ ਹੈ, ਨੌਂ ਨਾਥ (ਆਪ ਹੀ) ਰਿਧਾਂ ਸਿਧਾਂ ਅਤੇ ਨਿਧਾਂ ਵਿਖੇ ਲੋਭ ਰਹੇ ਹਨ (ਭਾਵ ਸੇਵਕਾਂ ਨੂੰ ਉਹ ਕੀ ਦੇਣਗੇ? ਕੁਝ ਨਹੀਂ)। ਗੁਰਮੁਖਾਂ ਦੀ ਸਾਧਸੰਗਤ ਵਿਖੇ ਸਰੂਪਾਨੰਦ ਹੈ, ਚਾਰ ਪਦਾਰਥ (ਧਰਮ, ਅਰਥ, ਕਾਮ, ਮੋਖ ਉਨ੍ਹਾਂ ਦੀ) ਸੇਵਾ ਵਿਖੇ (ਰੱਬ ਨੇ) ਲਾ ਦਿੱਤੇ ਹਨ। ਉਹਨਾਂ ਦੀ ਸ਼ਬਦ ਦੀ ਗਿਆਤ ਵਿਖੇ ਲਿਵ ਲੱਗੀ ਰਹਿੰਦੀ ਹੈ, ਪ੍ਰੇਮ-ਰਸ ਦੀ ਅਕੱਥ ਕਹਾਣੀ ਹੈ, ਕਥਨ ਨਹੀਂ ਕੀਤੀ ਜਾਂਦੀ। ਸਭ ਤੋਂ ਪਰ੍ਹੇ ਬ੍ਰਹਮ ਹੋ ਕੇ ਸਾਰੇ (ਅਕਾਸ਼ਵਤ) ਪੂਰਨ ਹੋ ਰਿਹਾ ਹੈ, ਭਗਤ ਵਛਲ ਹੈ, ਫੇਰ ਛਲਾ ਲੈਂਦਾ ਹੈ। (ਗੁਰਮੁਖਾਂ ਪਾਸ ਸੁਖ ਫਲ ਰੂਪ ਪ੍ਰੇਮ ਰਸ ਵਿਦਮਾਨ ਹੈ, ਇਸ ਕਾਰਨ ਅਛਲ ਪਰਮਾਤਮਾ ਭਗਤ ਵਛਲ ਹੋਣ ਕਰਕੇ) ਅਛਲਾਂ (ਵੱਡੇ ਚਲਾਕਾਂ ਕੋਲੋਂ ਵੀ ਨਹੀਂ ਛਲਿਆ ਜਾਂਦਾ। ਗੁਰਮੁਖ ਲੇਖੇ ਥੋਂ ਅਲੇਖ ਹਨ (ਕੋਈ) ਕੀਮਤ ਨਹੀਂ ਪਾ ਸਕਦਾ।

ਕਲਪਤਰ

ਕਲਪਤਰ/ਕਲਪ ਬਿਰਛ ਵੀ ਸੁਰਗ ਦਾ ਇਕ ਬਿਰਛ ਮੰਨਿਆ ਗਿਆ ਹੈ। ਪੁਰਾਣ ਸਾਹਿਤ ਅਨੁਸਾਰ ਜਦ ਦੇਵਤਿਆਂ ਅਤੇ ਦੈਂਤਾਂ ਨੇ ਰਲ ਕੇ ਖੀਰ ਸਾਗਰ ਰਿੜਕਿਆ ਸੀ ਤਾਂ ਇਸ ਵਿੱਚੋਂ ਨਿਕਲੇ ਚੌਦਾਂ ਰਤਨਾਂ ਵਿੱਚੋਂ ਇਕ ਰਤਨ ਕਲਪਤਰ ਵੀ ਸੀ। ਪੁਰਾਣਿਕ ਵਿਸ਼ਵਾਸ ਅਨੁਸਾਰ ਇਸ ਦੇ ਪਾਸ ਬੈਠ ਕੇ ਜੋ ਕਲਪਨਾ ਕਰੀਏ, ਉਹ ਪੂਰੀ ਹੋ ਜਾਂਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਕਲਪਤਰ ਸ਼ਬਦ ਦੀ ਵਰਤੋਂ ਪ੍ਰਚਲਿਤ ਅਰਥਾਂ ਵਿਚ ਵੀ ਹੋਈ ਹੋਈ ਹੈ ਅਤੇ ਇਸ ਤੋਂ ਭਿੰਨ ਅਰਥਾਂ ਵਿਚ ਵੀ। ਹੇਠ ਲਿਖੀ ਪੰਗਤੀ ਵਿਚ ਇਹ ਸ਼ਬਦ ਪ੍ਰਚਲਿਤ ਅਰਥਾਂ ਵਿਚ ਹੀ ਆਇਆ ਹੈ:

ਅੰਮ੍ਰਿਤ ਸਸੀਅ ਧੇਨ ਲਛਿਮੀ ਕਲਪਤਰ ਸਿਖਰਿ ਸੁਨਾਗਰ ਨਦੀ ਚੇ ਨਾਥੰ॥
(ਧਨਾਸਰੀ ਤ੍ਰਿਲੋਚਨ ਜੀ, ਪੰਨਾ 695)

ਅਰਥ: ਉਸ (ਸਮੁੰਦਰ) ਵਿੱਚੋਂ ਅੰਮ੍ਰਿਤ, ਚੰਦ੍ਰਮਾ, ਕਾਮਧੇਨ, ਲੱਛਮੀ, ਕਲਪ-ਰੁੱਖ, ਸੱਤ-ਮੂੰਹਾ ਘੋੜਾ, ਧਨੰਤਰੀ ਵੈਦ (ਆਦਿਕ ਚੌਦਾਂ ਰਤਨ) ਨਿਕਲੇ ਸਨ।

ਇਹ ਪੰਗਤੀਆਂ ਭਗਤ ਤ੍ਰਿਲੋਚਨ ਜੀ ਦੇ ਉਚਾਰਨ ਕੀਤੇ ਸ਼ਬਦ 'ਨਾਰਾਇਣ ਨਿੰਦਸਿ ਕਾਇ ਭੂਲੀ ਗਵਾਰੀ॥ ਦੁਕ੍ਰਿਤੁ ਸੁਕ੍ਰਿਤੁ ਥਾਰੋ ਕਰਮੁ ਰੀ॥੧॥ਰਹਾਉ॥' (ਪੰਨਾ 695) 'ਚੋਂ ਹਨ। ਇਸ ਸ਼ਬਦ ਵਿਚ ਭਗਤ ਜੀ ਪੁਰਾਣਿਕ ਸਾਖੀਆਂ ਦੇ ਹਵਾਲੇ ਦੇ ਕੇ ਇਹ ਸਮਝਾਉਂਦੇ ਹਨ ਕਿ ਕੇਵਲ ਅਕਾਲ ਪੁਰਖ ਹੀ ਕਰਮਾਂ ਦਾ ਪ੍ਰਭਾਵ ਮਿਟਾਉਣ ਦੇ ਸਮਰੱਥ ਹੈ। ਪੁਰਾਣ ਸਾਹਿਤ ਦੇ ਸ਼ਰਧਾਲੂਆਂ ਨੂੰ ਸਮਝਾਉਂਦੇ ਹਨ ਕਿ ਤੁਸੀਂ ਆਪ ਮੰਨਦੇ ਹੋ ਕੇ ਸਮੁੰਦਰ ਕਪਲਮੁਨੀ ਦੇ ਸਰਾਪ ਕਾਰਨ ਖਾਰਾ ਹੋਇਆ ਹੈ। ਇਸ ਸਾਗਰ ਵਿੱਚੋਂ ਹੀ ਚੌਦਾਂ ਰਤਨ ਨਿਕਲੇ ਹਨ। ਜੇਕਰ ਅੰਮ੍ਰਿਤ, ਚੰਦ੍ਰਮਾ, ਕਾਮਧੇਨ, ਲੱਛਮੀ ਅਤੇ ਕਲਪੱਤਰ ਆਦਿ ਸਮੁੰਦਰ ਦਾ ਖਾਰਾਪਣ ਦੂਰ ਨਹੀਂ ਕਰ ਸਕੇ ਤਾਂ ਤੁਸੀਂ ਇਨ੍ਹਾਂ ਤੋਂ ਕੀ ਆਸ ਰੱਖਦੇ ਹੋ? ਇਹ ਤੁਹਾਨੂੰ ਕੀ ਦੇ ਦੇਣਗੇ?

ਬਾਣੀ ਰਚੇਤੇ ਆਪਣਾ ਮਤ ਸਪੱਸ਼ਟ ਕਰਦਿਆਂ ਹੋਇਆਂ ਕਹਿੰਦੇ ਹਨ ਕਿ ਮਨੋਕਾਮਨਾਂ ਪੂਰੀਆਂ ਕਰਨ ਵਾਲਾ ਕੇਵਲ ਪ੍ਰਭੂ ਨਾਮ/ਪ੍ਰਭੂ ਹੀ ਹੈ। ਪੁਰਾਣਿਕ ਕਲਪਤਰ ਦੀ ਹੋਂਦ ਤੋਂ ਇਨਕਾਰ ਕਰਦਿਆਂ ਹੋਇਆਂ ਫ਼ੁਰਮਾਉਂਦੇ ਹਨ:

ਏਕ ਨਾਮ ਕਲਿਪ ਤਰ ਤਾਰੇ॥ *(ਗਉੜੀ ਕਬੀਰ ਜੀ, ਪੰਨਾ 330)*

ਅਰਥ: ਕੇਵਲ ਪ੍ਰਭੂ ਦਾ ਨਾਮ ਹੀ ਕਲਪ-ਰੁੱਖ ਹੈ, ਜੋ (ਜੀਵਾਂ ਦਾ) ਬੇੜਾ ਪਾਰ ਕਰਦਾ ਹੈ।

ਭੱਟ ਕਲ੍ਯਸਹਾਰ ਗੁਰੂ (ਅੰਗਦ) ਸਾਹਿਬ ਦੇ ਗੁਣ-ਗਾਣ ਕਰਦਿਆਂ ਹੋਇਆਂ ਕਹਿੰਦੇ ਹਨ ਕਿ:

ਕਲਿਪ ਤਰੁ ਰੋਗ ਬਿਦਾਰੁ ਸੰਸਾਰ ਤਾਪ ਨਿਵਾਰੁ
ਆਤਮਾ ਤ੍ਰਿਬਿਧਿ ਤੇਰੈ ਏਕ ਲਿਵ ਤਾਰ॥
(ਸਵਈਏ ਮਹਲੇ ਦੂਜੇ ਕੇ ੨, ਪੰਨਾ 1391)

ਅਰਥ: (ਹੇ ਗੁਰੂ ਅੰਗਦ!) ਤੂੰ ਕਲਪ ਰੁੱਖ ਹੈਂ, ਰੋਗਾਂ ਦੇ ਦੂਰ ਕਰਨ ਵਾਲਾ ਹੈਂ, ਸੰਸਾਰ ਦੇ ਦੁੱਖਾਂ ਨੂੰ ਨਿਵਿਰਤ ਕਰਨ ਵਾਲਾ ਹੈਂ। ਸਾਰੇ ਸੰਸਾਰੀ ਜੀਵ ਤੇਰੇ (ਚਰਨਾਂ) ਵਿਚ ਇਕ-ਰਸ ਲਿਵ ਲਾਈ ਬੈਠੇ ਹਨ।

ਭੱਟ ਕਲ੍ਯਸਹਾਰ ਵੀ ਇਨ੍ਹਾਂ ਪੰਗਤੀਆਂ ਵਿਚ ਪੁਰਾਣ ਸਾਹਿਤ ਦੇ ਕਲਪਤਰ ਦੀ ਹੋਂਦ ਤੋਂ ਮੁਨਕਰ ਹੁੰਦੇ ਹੋਏ ਆਖਦੇ ਹਨ ਕਿ ਸਤਿਗੁਰੂ ਹੀ ਕਲਪਤਰ ਹੈ।

ਭਾਈ ਗੁਰਦਾਸ ਵੀ ਮਨੁੱਖ ਨੂੰ ਸਤਿਗੁਰੂ ਦੀ ਮਹੱਤਤਾ ਦਰਸਾਉਂਦੇ ਹੋਏ ਫ਼ੁਰਮਾਂਦੇ ਹਨ:

ਪਾਰਿਜਾਤ ਗੁਰ ਛਡਿਕੈ ਮੰਗਨਿ ਕਲਪਤਰੋਂ ਫਲ ਕਚੇ।
ਪਾਰਜਾਤ ਲਖ ਸੁਰਗ ਸਣੁ ਆਵਾਗਵਣੁ ਭਵਣੁ ਵਿਚਿ ਪਚੇ।
ਮਰਦੇ ਕਰਿ ਕਰਿ ਕਾਮਨਾ ਦਿਤਿ ਭੁਗਤਿ ਵਿਚਿ ਰਚਿ ਵਿਰਚੇ।
ਤਾਰੇ ਹੋਇ ਅਗਾਸ ਚੜਿ ਓੜਕਿ ਤੁਟਿ ਤੁਟਿ ਥਾਨ ਹਲਚੇ।
ਮਾਂ ਪਿਉ ਹੋਏ ਕੇਤੜੇ ਕੇਤੜਿਆਂ ਦੇ ਹੋਏ ਬਚੇ।
ਪਾਪ ਪੁੰਨ ਬੀਉ ਬੀਜਦੇ ਦੁਖ ਸੁਖ ਫਲ ਅੰਦਰਿ ਚਹਮਚੇ।
ਗੁਰ ਪੂਰੇ ਵਿਣੁ ਹਰਿ ਨ ਪਰਚੇ। *(ਵਾਰ 15, ਪਉੜੀ 12)*

ਨਾਮ ਕਿਤਿ ਸੰਸਾਰਿ ਕਿਰਣਿ ਰਵਿ ਸੁਰਤਰ ਸਾਖਹ॥
ਉਤਰਿ ਦਖਿਣਿ ਪੁਬਿ ਦੇਸਿ ਪਸ੍ਚਮਿ ਜਸੁ ਭਾਖਹ॥

(ਸਵਈਏ ਮਹਲੇ ਤੀਜੇ ਕੇ ੩, ਪੰਨਾ 1393)

ਅਰਥ : (ਜਿਵੇਂ) ਸੁਰਗ ਦੇ ਰੁੱਖ (ਮੌਲਸਰੀ) ਦੀਆਂ ਸ਼ਾਖ਼ਾਂ (ਖਿੱਲਰ ਕੇ ਸੁਗੰਧੀ ਖਿਲਾਰਦੀਆਂ ਹਨ), (ਤਿਵੇਂ) ਪਰਮਾਤਮਾ ਦੇ ਨਾਮ ਦੀ ਵਡਿਆਈ-ਰੂਪ ਸੂਰਜ ਦੀ ਕਿਰਨ ਦੇ ਜਗਤ ਵਿਚ (ਪ੍ਰਕਾਸ਼ ਕਰਨ ਦੇ ਕਾਰਨ) ਉੱਤਰ, ਦੱਖਣ, ਪੂਰਬ, ਪੱਛਮ ਦੇਸ ਵਿਚ (ਭਾਵ, ਸਭ ਪਾਸੀਂ) ਲੋਕ ਨਾਮ ਦਾ ਜੱਸ ਉਚਾਰ ਰਹੇ ਹਨ।

ਚਿੰਤਾਮਣਿ/ਚਿੰਤਾਮਨਿ

ਬਾਣੀ ਰਚੇਤਿਆਂ ਨੇ ਮਨੁੱਖਤਾ ਨੂੰ ਗੁਰਮਤਿ ਦ੍ਰਿੜ ਕਰਵਾਉਣ ਲਈ ਆਪਣੇ ਸਮੇਂ ਦੇ ਪ੍ਰਚਲਿਤ ਮੁਹਾਵਰੇ, ਅਖਾਣ ਅਤੇ ਸ਼ਬਦਾਵਲੀ ਆਦਿ ਦੀ ਭਰਪੂਰ ਵਰਤੋਂ ਕੀਤੀ ਹੈ। ਬਾਣੀ ਰਚੇਤਿਆਂ ਵਲੋਂ ਇਸ ਜੀਵਨ-ਜੁਗਤ ਨੂੰ ਸਮਝਾਉਣ ਲਈ, ਕਿਧਰੇ ਤਾਂ ਪ੍ਰਚਲਿਤ ਸ਼ਬਦਾਵਲੀ ਦੇ ਕੇਵਲ ਹਵਾਲੇ/ਦ੍ਰਿਸ਼ਟਾਂਤ ਹੀ ਦਿੱਤੇ ਹਨ ਅਤੇ ਕਿਧਰੇ ਪ੍ਰਚਲਿਤ ਸ਼ਬਦਾਵਲੀ ਨੂੰ ਨਵੀਨ ਭਾਵਾਰਥ ਵਿਚ ਵਰਤ ਕੇ, ਗੁਰਮਤਿ ਦਾ ਪੱਖ ਦ੍ਰਿੜ ਕਰਵਾਇਆ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿਚ ਜਿਨ੍ਹਾਂ ਸ਼ਬਦਾਂ ਨੂੰ ਪ੍ਰਚਲਿਤ ਭਾਵਾਰਥ ਵਿਚ ਵਰਤਣ ਦੀ ਥਾਂ ਨਵੀਨ ਭਾਵਾਰਥ ਵਿਚ ਵਰਤਿਆ ਹੈ, ਉਨ੍ਹਾਂ ਵਿੱਚੋਂ ਹੀ ਇਕ ਸ਼ਬਦ ਹੈ: 'ਚਿੰਤਾਮਣਿ'।

ਪੁਰਾਣ ਸਾਹਿਤ ਵਿਚ ਇਸ ਦਾ ਅਰਥ ਹੈ ਉਹ ਮਣਿ/ਰਤਨ, ਜੋ ਮਨ ਚਿਤਵੇ ਪਦਾਰਥ ਦੇਂਦੀ ਹੈ। *ਗੁਰੂ ਗ੍ਰੰਥ ਸੰਕੇਤ ਕੋਸ਼* ਵਿਚ ਇਸ ਬਾਰੇ ਇਉਂ ਲਿਖਿਆ ਹੋਇਆ ਹੈ: "ਭਾਰਤੀ ਰਵਾਇਤ ਅਨੁਸਾਰ ਚਿੰਤਾਮਣੀ ਇਕ ਐਸੀ ਮਣੀ ਹੈ, ਜਿਸ ਨੂੰ ਸਾਹਮਣੇ ਰੱਖ ਕੇ ਜੋ ਚਿਤਵਨੀ ਕਰੀਏ, ਸੋ ਪੂਰੀ ਹੋ ਜਾਂਦੀ ਹੈ, ਇਸ ਨੂੰ ਦਿਵਯ ਰਤਨ ਵੀ ਕਹਿੰਦੇ ਹਨ..।" ਪਰੰਤੂ 'ਚਿੰਤਾਮਣਿ' ਸੰਬੰਧੀ ਪ੍ਰਚਲਿਤ ਇਸ ਧਾਰਨਾ ਨਾਲ, ਬਾਣੀ ਰਚੇਤਾ ਸਹਿਮਤ ਨਹੀਂ ਹਨ। ਬਾਣੀ ਰਚੇਤਿਆਂ ਦਾ ਮੰਨਣਾ ਹੈ ਕਿ ਅਜਿਹੀ ਕੋਈ 'ਚਿੰਤਾਮਣਿ' ਨਹੀਂ ਹੈ, ਜੋ ਮਨੁੱਖ ਨੂੰ ਮਨਇੱਛਤ ਫਲ ਦੇ ਸਕਦੀ ਹੋਵੇ; ਮਨਚਿਤਵੇ ਫਲ ਦੇਣ ਦੇ ਸਮਰੱਥ ਕੇਵਲ ਤੇ ਕੇਵਲ ਅਕਾਲ ਪੁਰਖ ਹੀ ਹੈ। ਇਸ ਲਈ ਬਾਣੀ ਰਚੇਤਿਆਂ ਨੇ ਪ੍ਰਭੂ ਨੂੰ ਹੀ 'ਚਿੰਤਾਮਣਿ' ਕਿਹਾ, ਅਥਵਾ ਮੰਨਿਆ ਹੈ।

[*ਨੋਟ: ਹਿੰਦੀ ਸ਼ਬਦ ਕੋਸ਼* ਵਿਚ 'ਚਿੰਤਾਮਣਿ' ਦਾ ਅਰਥ ਇਉਂ ਕੀਤਾ ਗਿਆ ਹੈ: '1. ਵਾਸ਼ਨਾ ਨੂੰ ਪੂਰਾ ਕਰਨ ਵਾਲਾ ਇਕ ਕਲਪਿਤ ਰਤਨ। 2. ਸਾਰੀਆਂ ਕਾਮਨਾਵਾਂ ਨੂੰ ਪੂਰਨ ਕਰਨ ਵਾਲੀ ਸ਼ਕਤੀ।']

ਗੁਰੂ ਗ੍ਰੰਥ ਸਾਹਿਬ ਜੀ ਵਿਚ ਸਾਰੀਆਂ ਚਿਤਵਨੀਆਂ ਪੂਰੀਆਂ ਕਰਨ ਵਾਲਾ 'ਅਕਾਲ ਪੁਰਖ' ਅਤੇ 'ਪ੍ਰਭੂ ਭਗਤੀ' ਨੂੰ ਹੀ ਮੰਨਿਆ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿਚ 'ਚਿੰਤਾਮਣਿ' ਸ਼ਬਦ ਇਨ੍ਹਾਂ ਹੀ ਅਰਥਾਂ ਵਿਚ ਆਇਆ ਹੈ:

(ੳ) **ਚਿੰਤਾਮਣਿ ਕਰੁਣਾ ਮਏ॥** *(ਗਉੜੀ ਮਹਲਾ ੫, ਪੰਨਾ 212)*

ਅਰਥ: ਹੇ ਤਰਸ-ਰੂਪ ਪ੍ਰਭੂ! ਤੂੰ ਹੀ ਐਸਾ ਰਤਨ ਹੈਂ, ਜੋ ਸਭ ਜੀਵਾਂ ਦੀਆਂ ਚਿਤਵੀਆਂ ਕਾਮਨਾ ਪੂਰੀਆਂ ਕਰਨ ਵਾਲਾ ਹੈਂ।

(ਅ) **ਨਾਨਕ ਕਹਤ ਚੇਤ ਚਿੰਤਾਮਨਿ ਤੈ ਭੀ ਉਤਰਹਿ ਪਾਰਾ॥**

(ਸੋਰਠਿ ਮਹਲਾ ੯, ਪੰਨਾ 632)

ਅਰਥ : ਨਾਨਕ ਆਖਦਾ ਹੈ—(ਹੇ ਭਾਈ! ਤੂੰ) ਸਾਰੀਆਂ ਚਿਤਵਨੀਆਂ ਪੂਰੀਆਂ ਕਰਨ ਵਾਲੇ ਪਰਮਾਤਮਾ ਦਾ ਨਾਮ ਸਿਮਰਿਆ ਕਰ। ਤੂੰ ਭੀ (ਸੰਸਾਰ-ਸਮੁੰਦਰ ਤੋਂ) ਪਾਰ ਲੰਘ ਜਾਏਂਗਾ।

(ੲ) **ਕਵਨ ਕਾਜ ਸਿਰਜੇ ਜਗ ਭੀਤਰਿ ਜਨਮਿ ਕਵਨ ਫਲੁ ਪਾਇਆ ॥**
ਭਵ ਨਿਧਿ ਤਰਨ ਤਾਰਨ ਚਿੰਤਾਮਨਿ ਇਕ ਨਿਮਖ ਨ ਇਹੁ ਮਨੁ ਲਾਇਆ ॥

(ਰਾਮਕਲੀ ਕਬੀਰ ਜੀ, ਪੰਨਾ 971)

ਅਰਥ : ਕਿਹੜੇ ਕੰਮਾਂ ਲਈ ਅਸੀਂ ਜਗਤ ਵਿਚ ਪੈਦਾ ਹੋਏ? ਜਨਮ ਲੈ ਕੇ ਅਸਾਂ ਕੀਹ ਖੱਟਿਆ? ਅਸਾਂ ਇਕ ਪਲ ਭਰ ਭੀ (ਉਸ ਪ੍ਰਭੂ ਦੇ ਚਰਨਾਂ ਵਿਚ) ਚਿੱਤ ਨਾਹ ਜੋੜਿਆ ਜੋ ਸੰਸਾਰ-ਸਮੁੰਦਰ ਤੋਂ ਤਾਰਨ ਲਈ ਜਹਾਜ਼ ਹੈ, ਜੋ, ਮਾਨੋ, ਮਨ-ਇੱਛਤ ਫਲ ਦੇਣ ਵਾਲਾ ਹੀਰਾ ਹੈ।

(ਸ) **ਜਬ ਹੀ ਸਰਨਿ ਸਾਧ ਕੀ ਆਇਓ ਦੁਰਮਤਿ ਸਗਲ ਬਿਨਾਸੀ ॥**
ਤਬ ਨਾਨਕ ਚੇਤਿਓ ਚਿੰਤਾਮਨਿ ਕਾਟੀ ਜਮ ਕੀ ਫਾਸੀ ॥

(ਸੋਰਠਿ ਮਹਲਾ ੯, ਪੰਨਾ 633)

ਅਰਥ : ਜਦੋਂ ਜੀਵ ਗੁਰੂ ਦੀ ਸ਼ਰਨ ਪੈਂਦਾ ਹੈ, ਤਦੋਂ ਇਸ ਦੀ ਸਾਰੀ ਕੋਝੀ ਮਤਿ ਨਾਸ ਹੋ ਜਾਂਦੀ ਹੈ। ਤਦੋਂ, ਹੇ ਨਾਨਕ! ਇਹ ਸਾਰੀਆਂ ਮਨੋ-ਕਾਮਨਾ ਪੂਰੀਆਂ ਕਰਨ ਵਾਲੇ ਪਰਮਾਤਮਾ ਨੂੰ ਸਿਮਰਦਾ ਹੈ; ਤੇ, ਇਸ ਦੀ ਜਮ ਦੀ ਫਾਹੀ (ਭੀ) ਕੱਟੀ ਜਾਂਦੀ ਹੈ।

(ਹ) **ਮਾਇਆ ਕੋ ਮਦੁ ਕਹਾ ਕਰਤੁ ਹੈ ਸੰਗਿ ਨ ਕਾਹੂ ਜਾਈ ॥**
ਨਾਨਕੁ ਕਹਤੁ ਚੇਤਿ ਚਿੰਤਾਮਨਿ ਹੋਇ ਹੈ ਅੰਤਿ ਸਹਾਈ ॥

(ਰਾਮਕਲੀ ਮ: ੯, ਪੰਨਾ 902)

ਅਰਥ : ਹੇ ਪ੍ਰਾਣੀ! ਕਿਉਂ ਮਾਇਆ ਦਾ (ਇਤਨਾ) ਮਾਣ ਤੂੰ ਕਰ ਰਿਹਾ ਹੈਂ? (ਇਹ ਤਾਂ) ਕਿਸੇ ਦੇ ਨਾਲ ਭੀ (ਅਖ਼ੀਰ ਵੇਲੇ) ਨਹੀਂ ਜਾਂਦੀ। ਨਾਨਕ ਆਖਦਾ ਹੈ—ਹੇ ਭਾਈ! ਪਰਮਾਤਮਾ ਦਾ ਸਿਮਰਨ ਕਰਦਾ ਰਹੁ। ਅੰਤ ਵੇਲੇ ਉਹ ਤੇਰਾ ਮਦਦਗਾਰ ਹੋਵੇਗਾ।

(ਕ) **ਅਉਰ ਇਕ ਮਾਗਉ ਭਗਤਿ ਚਿੰਤਾਮਣਿ ॥**
ਜਣੀ ਲਖਾਵਹੁ ਅਸੰਤ ਪਾਪੀ ਸਣਿ ॥ *(ਆਸਾ ਰਵਿਦਾਸ ਜੀ, ਪੰਨਾ 486)*

ਅਰਥ : ਮੈਂ ਤੈਥੋਂ ਇਕ ਹੋਰ (ਦਾਤਿ ਭੀ) ਮੰਗਦਾ ਹਾਂ, ਮੈਨੂੰ ਆਪਣੀ ਭਗਤੀ ਦੇਹ, ਜੋ ਮਨ-ਚਿੰਦੇ ਫਲ ਦੇਣ ਵਾਲੀ ਮਣੀ ਹੈ; ਮੈਨੂੰ ਵਿਕਾਰੀਆਂ ਤੇ ਪਾਪੀਆਂ ਦਾ ਦਰਸ਼ਨ ਨਾਹ ਕਰਾਈਂ।

(ਖ) **ਸੁਖ ਸਾਗਰੁ ਸੁਰਤਰ ਚਿੰਤਾਮਨਿ ਕਾਮਧੇਨੁ ਬਸਿ ਜਾ ਕੇ ॥**

(ਸੋਰਠਿ ਰਵਿਦਾਸ ਜੀ, ਪੰਨਾ 658)

ਅਰਥ : ਹੇ ਪੰਡਿਤ! ਜੋ ਪ੍ਰਭੂ ਸੁੱਖਾਂ ਦਾ ਸਮੁੰਦਰ ਹੈ, ਜਿਸ ਪ੍ਰਭੂ ਦੇ ਵੱਸ ਵਿਚ ਸੁਰਗ ਦੇ ਪੰਜੇ ਰੁੱਖ, ਚਿੰਤਾਮਣਿ ਤੇ ਕਾਮਧੇਨ ਹਨ।

ਇਸ ਪੰਗਤੀ ਵਿਚ ਪੁਰਾਣਾਂ ਦੀ ਧਾਰਨਾ ਨੂੰ ਸੱਚ ਮੰਨ ਕੇ 'ਚਿੰਤਾਮਣਿ' ਆਦਿ

ਦੀ ਦੌੜ ਵਿਚ ਸ਼ਾਮਲ ਪ੍ਰਾਣੀਆਂ ਨੂੰ, ਇਸ ਧਾਰਨਾ ਤੋਂ ਉਪਰ ਉਠਾ ਕੇ ਕੇਵਲ ਪ੍ਰਭੂ ਦੀ ਸ਼ਰਨ ਪੈਣ ਦੀ ਪ੍ਰੇਰਨਾ ਕੀਤੀ ਗਈ ਹੈ। ਇਸ ਗੱਲ ਨੂੰ ਇਸ ਸ਼ਬਦ ਦੀਆਂ 'ਰਹਾਉ' ਦੀਆਂ ਪੰਗਤੀਆਂ ਵਿਚ ਦੇਖਿਆ ਜਾ ਸਕਦਾ ਹੈ। ਇਸ ਸ਼ਬਦ ਦੀਆਂ 'ਰਹਾਉ' ਦੀਆਂ ਪੰਗਤੀਆਂ ਹਨ :

ਹਰਿ ਹਰਿ ਹਰਿ ਨ ਜਪਹਿ ਰਸਨਾ॥
ਅਵਰ ਸਭ ਤਿਆਗਿ ਬਚਨ ਰਚਨਾ॥੧॥ਰਹਾਉ॥

(ਸੋਰਠਿ ਰਵਿਦਾਸ ਜੀ, ਪੰਨਾ 658)

[*ਨੋਟ :* ਇਹ ਸ਼ਬਦ ਰਾਗ ਮਾਰੂ ਵਿਚ ਵੀ ਆਇਆ ਹੈ। ਜਿਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਜੀ ਵਿਚ, ਹਰੇਕ ਉਹ ਸ਼ਬਦ ਜੇਹੜਾ ਦੋ ਜਾਂ ਤਿੰਨ ਵਾਰ ਆਇਆ ਹੈ, ਉਸ ਦੇ ਸ਼ਬਦ-ਜੋੜਾਂ ਅਤੇ ਕੁਝ ਸ਼ਬਦਾਂ ਵਿਚ ਫ਼ਰਕ ਹੈ, ਇਸੇ ਤਰ੍ਹਾਂ ਇਸ ਸ਼ਬਦ ਵਿਚ ਵੀ ਅਜਿਹਾ ਅੰਤਰ ਦੇਖਣ ਨੂੰ ਮਿਲਦਾ ਹੈ।]

ਭਾਈ ਗੁਰਦਾਸ ਜੀ ਗੁਰਸਿੱਖਾਂ ਨੂੰ 'ਚਿੰਤਾਮਣਿ' ਸੰਬੰਧੀ ਪੁਰਾਣਿਕ ਧਾਰਨਾ ਤੋਂ ਉਪਰ ਉਠਾ ਕੇ ਸਤਿਗੁਰੂ ਦੀ ਸ਼ਰਣ ਆਉਣ ਦੀ ਪ੍ਰੇਰਨਾ ਦੇਂਦੇ ਹੋਏ ਫ਼ੁਰਮਾਂਦੇ ਹਨ :

ਚਿੰਤਾਮਣਿ ਗੁਰੁ ਛਡਿਕੈ ਚਿੰਤਾਮਣਿ ਚਿੰਤਾ ਨ ਗਵਾਏ।
ਚਿਤਵਣੀਆ ਲਖ ਰਾਤਿ ਦਿਹੁ ਤ੍ਰਾਸ ਨ ਤ੍ਰਿਸਨਾ ਅਗਨਿ ਬੁਝਾਏ।..
ਬਲਦੀ ਅੰਦਰਿ ਤੇਲ ਜਿਉ ਆਸਾ ਮਨਸਾ ਦੁਖਿ ਵਿਹਾਏ।

(ਵਾਰ 15, ਪਉੜੀ 14)

ਅਰਥ : ਗੁਰੂ ਚਿੰਤਾਮਣੀ ਨੂੰ ਛੱਡ ਕੇ, ਚਿੰਤਾਮਣੀ (ਚਿੰਤਾ ਪੂਰਨ ਵਾਲਾ ਮੰਨਿਆ ਹੋਇਆ ਪੱਥਰ) ਚਿੱਤ ਦੀ ਚਿੰਤਾ ਨਹੀਂ ਹਟਾਉਂਦੀ। (ਸਗੋਂ) ਲੱਖਾਂ ਰਾਤ ਅਤੇ ਦਿਨ ਸੋਚਾਂ ਫੁਰਦੀਆਂ ਹਨ (ਚੋਰਾਦਿਕ ਦੇ ਭੈਅ ਉੱਠਦੇ ਹਨ) ਤ੍ਰਿਸ਼ਨਾ ਦੀ ਅੱਗ ਡਰ ਨੂੰ ਨਹੀਂ ਬੁਝਾਉਂਦੀ (ਚਿੰਤਾਮਣੀ ਪਦਾਰਥ ਦੇਵੇਗੀ, ਉਸ ਨਾਲ ਤ੍ਰਿਸ਼ਨਾ ਦਾ ਡਰ ਹੋਰ ਵਧੇਗਾ)।... ਬਲਦੀ ਹੋਈ ਅੱਗ ਵਿਚ ਤੇਲ ਦੇ ਪਾਇਆਂ ਜਿਵੇਂ ਅੱਗ ਵਧੇਰੀ ਪਰਜਵਲਿਤ (ਪ੍ਰਚੰਡ) ਹੁੰਦੀ ਹੈ, ਇਸੇ ਤਰ੍ਹਾਂ ਆਸਾ ਅਤੇ ਮਨਸਾ ਦੇ ਦੁੱਖ ਵਿਚ ਉਮਰ ਗੁਜ਼ਰਦੀ ਹੈ, ਅੱਗ ਬੁਝਣ ਵਿਚ ਨਹੀਂ ਆਉਂਦੀ।

ਭਾਈ ਸਾਹਿਬ 'ਚਿੰਤਾਮਣਿ' ਸੰਬੰਧੀ ਪੁਰਾਣਿਕ ਧਾਰਨਾ ਨੂੰ ਸਵੀਕਾਰ ਨਹੀਂ ਕਰ ਰਹੇ ਹਨ। ਭਾਈ ਸਾਹਿਬ ਤਾਂ ਇਸ ਪਉੜੀ ਵਿਚ ਮੁੱਖ ਰੂਪ ਵਿਚ ਸਤਿਗੁਰੂ ਦੀ ਮਹਿਮਾ ਦ੍ਰਿੜ੍ਹ ਕਰਵਾ ਰਹੇ ਹਨ। ਸਤਿਗੁਰੂ ਦੀ ਮਹਿਮਾ ਦਰਸਾਉਂਦਿਆਂ ਹੋਇਆਂ ਆਪ ਆਖ ਰਹੇ ਹਨ ਕਿ ਮਣੀਆਂ, ਮੋਤੀ ਆਦਿ ਮਨੁੱਖ ਦੀ ਤ੍ਰਿਸ਼ਨਾ ਦੀ ਅੱਗ ਨੂੰ ਬੁਝਾਉਂਦੇ ਨਹੀਂ ਸਗੋਂ ਹੋਰ ਵਧਾਉਂਦੇ ਹਨ। ਪਰ ਸਤਿਗੁਰੂ ਮਨੁੱਖ ਨੂੰ ਨਾਮ ਦਾਨ ਦੀ ਬਖ਼ਸ਼ਸ਼ ਕਰ ਕੇ, ਅੰਦਰ ਬਲ ਰਹੀ ਤ੍ਰਿਸ਼ਨਾ ਦੀ ਇਸ ਅੱਗ ਨੂੰ ਬੁਝਾਉਂਦੇ ਹਨ। ਇਹ ਅੱਗ ਬੁੱਝਿਆਂ ਹੀ ਮਨੁੱਖ ਦਾ ਮਨ ਸ਼ਾਂਤ ਹੋ ਸਕਦਾ ਹੈ। ਭਾਈ ਸਾਹਿਬ ਸਤਿਗੁਰੂ ਅਤੇ ਪ੍ਰਭੂ ਨੂੰ ਹੀ 'ਚਿੰਤਾਮਣਿ' ਕਹਿੰਦੇ ਹਨ :

(ੳ) **ਚਿੰਤਹਮਣਿ ਸਤਿਗੁਰ ਚਰਣ ਚਿੰਤਾਮਣੀ ਅਚਿੰਤ ਕਰਾਏ।**

(ਵਾਰ 15, ਪਉੜੀ 2)

ਅਰਥ : ਸਤਿਗੁਰੂ ਦੇ ਚਰਨ ਹੀ ਚਿੰਤਾਮਣੀ ਹਨ (ਮਨਇੱਛਤ ਫਲ ਦੇਂਦੇ ਹਨ; ਚਿੰਤਾਮਣੀ ਨੂੰ ਵੀ ਅਚਿੰਤ ਕਰਦੇ ਹਨ।

(ਅ) **ਚਿੰਤਾਮਨਿ ਚਿਤਵਤ ਚਿੰਤਾ ਤੇ ਚੁਰਾਈ, ਅਜੋਨੀ ਅਰਾਧੇ ਜੋਨਿ ਸੰਕਟ ਕਟਾਏ ਹੈ।**

(ਕਬਿੱਤ ਸਵੱਯੇ)

ਅਰਥ : ਸਭ ਕਾਮਨਾ ਪੂਰੀਆਂ ਕਰਨ ਵਾਲੇ ਪ੍ਰਭੂ ਦਾ ਚਿਤਵਨ ਕਰਨ ਨਾਲ ਚਿੱਤ ਦੀ ਹਰ ਪ੍ਰਕਾਰ ਦੀ ਚਿੰਤਾ ਮਿਟ ਜਾਂਦੀ ਹੈ ਅਤੇ ਜਨਮ-ਮਰਨ ਰਹਿਤ ਵਾਹਿਗੁਰੂ ਨੂੰ ਆਰਾਧ ਕੇ ਜੂਨਾਂ ਵਿਚ ਪੈਣ ਦੇ ਸੰਕਟ ਨੱਸ ਜਾਂਦੇ ਹਨ।

ਸੋ, ਗੁਰੂ ਗ੍ਰੰਥ ਸਾਹਿਬ ਜੀ ਵਿਚ 'ਚਿੰਤਾਮਣਿ/ਚਿੰਤਾਮਨਿ' ਦੇ ਸੰਬੰਧ ਵਿਚ, ਗੁਰਮਤਿ ਪ੍ਰਕਾਸ਼ ਤੋਂ ਪਹਿਲਾਂ ਜੋ ਅਰਥ ਪ੍ਰਚਲਿਤ ਸਨ, ਉਨ੍ਹਾਂ ਨੂੰ ਸਵੀਕਾਰ ਨਹੀਂ ਕੀਤਾ ਗਿਆ ਹੈ। ਇਤਨਾ ਹੀ ਨਹੀਂ, ਬਾਣੀ ਰਚੇਤਿਆਂ ਦਾ ਇਹ ਮੰਨਣਾ ਹੈ ਕਿ ਕੋਈ ਅਜਿਹੀ 'ਚਿੰਤਾਮਣਿ' ਨਹੀਂ ਹੈ, ਜੋ ਮਨੁੱਖ ਦੀ ਕੋਈ ਵੀ ਮਨੋ-ਕਾਮਨਾ ਨੂੰ ਪੂਰੀ ਕਰਨ ਦੇ ਸਮਰੱਥ ਹੈ। ਬਾਣੀ ਰਚੇਤਿਆਂ ਅਨੁਸਾਰ ਮਨੋ-ਕਾਮਨਾ ਪੂਰੀਆਂ ਕਰਨ ਦੇ ਸਮਰੱਥ ਕੇਵਲ ਅਕਾਲ ਪੁਰਖ ਆਪ ਹੀ ਹੈ।

[*ਨੋਟ :* ਮਨੋ-ਕਾਮਨਾ ਪੂਰੀਆਂ ਕਰਨ ਤੋਂ ਭਾਵ ਮਨੁੱਖ ਨੂੰ ਦੁਨਿਆਵੀ ਖ਼ਾਹਿਸ਼ਾਂ ਤੋਂ ਉਪਰ ਉਠਾ ਕੇ ਆਤਮਿਕ ਜ਼ਿੰਦਗੀ ਬਖ਼ਸ਼ਣਾ ਹੈ। ਗੁਰੂ ਦੇ ਚਰਨਾਂ ਤੋਂ ਭਾਵ ਗੁਰੂ ਦੇ ਸ਼ਬਦ ਤੋਂ ਹੈ।]

ਰਿਧੀਆਂ-ਸਿਧੀਆਂ

ਗੁਰਬਾਣੀ ਵਿਚ ਗੁਰਮਤਿ ਪ੍ਰਕਾਸ਼ ਤੋਂ ਪਹਿਲਾਂ ਦੀ ਪ੍ਰਚਲਿਤ ਸ਼ਬਦਾਵਲੀ ਦੇ ਕਈ ਸ਼ਬਦ ਆਏ ਹਨ। ਅਜਿਹੇ ਸ਼ਬਦਾਂ ਵਿੱਚੋਂ ਹੀ 'ਰਿਧਿ ਸਿਧਿ' ਸ਼ਬਦ ਵੀ ਹੈ। ਬਾਣੀ ਵਿਚ 'ਰਿਧਿ-ਸਿਧਿ' ਦੇ ਸੰਬੰਧ ਵਿਚ ਜੋ (ਪੁਰਾਣਿਕ) ਧਾਰਨਾ ਪ੍ਰਚਲਿਤ ਸੀ, ਉਸ ਤੋਂ ਮਨੁੱਖ ਨੂੰ ਉਪਰ ਉਠਾਉਣ ਲਈ ਕਿਧਰੇ ਤਾਂ ਇਨ੍ਹਾਂ ਦੀ ਪ੍ਰਾਪਤੀ ਦਾ ਢੌਂਗ ਰਚਣ ਵਾਲਿਆਂ ਦੀ ਅਸਲੀਅਤ ਲੋਕਾਈ ਦੇ ਸਾਹਮਣੇ ਰੱਖੀ ਹੈ; ਕਿਧਰੇ ਰੱਬੀ ਗੁਣਾਂ ਨੂੰ ਧਾਰਨ ਕਰਨ ਦੀ ਪ੍ਰੇਰਨਾ ਦੇ ਕੇ ਕਿਹਾ ਹੈ ਕਿ ਇਨ੍ਹਾਂ ਗੁਣਾਂ ਨੂੰ ਧਾਰਨ ਕਰਨਾ ਹੀ ਅਸਲ 'ਰਿਧਿ-ਸਿਧਿ' ਹੈ। ਕਿਤੇ ਸਪੱਸ਼ਟ ਰੂਪ ਵਿਚ ਇਨ੍ਹਾਂ ਨੂੰ ਆਤਮਿਕ ਰਸਤੇ ਦੀ ਰੁਕਾਵਟ ਆਖ ਕੇ ਮਨੁੱਖ ਨੂੰ ਇਨ੍ਹਾਂ ਤੋਂ ਉਪਰ ਉੱਠਣ ਲਈ ਉਤਸ਼ਾਹਤ ਕੀਤਾ ਹੈ। ਕਿਧਰੇ ਇਨ੍ਹਾਂ ਦੀ ਪ੍ਰਚਲਿਤ ਹੋਂਦ ਤੋਂ ਇਨਕਾਰ ਕਰਦਿਆਂ ਹੋਇਆਂ 'ਰਿਧਿ ਸਿਧਿ' ਨਵੀਂ ਪਰਿਭਾਸ਼ਾ ਕਾਇਮ ਕੀਤੀ ਹੈ।

ਗੁਰਬਾਣੀ ਦੀਆਂ ਜਿਨ੍ਹਾਂ ਪੰਗਤੀਆਂ ਵਿਚ 'ਰਿਧਿ-ਸਿਧਿ' ਸ਼ਬਦਾਂ ਦੇ ਉਪਰੋਕਤ ਕਥਨ ਕੀਤੇ ਤੋਂ ਜੋ ਭਾਵਾਰਥ ਨਿਕਲਦਾ ਹੈ, ਉਨ੍ਹਾਂ ਦੀ ਚਰਚਾ ਕਰਨ ਤੋਂ ਪਹਿਲਾਂ ਸੰਖੇਪ ਵਿਚ 'ਰਿਧਿ ਸਿਧਿ' ਦੇ ਪ੍ਰਚਲਿਤ ਅਰਥ ਅਤੇ ਇਨ੍ਹਾਂ ਦੀ ਗਿਣਤੀ ਬਾਰੇ ਚਰਚਾ ਕਰ ਰਹੇ ਹਾਂ।

ਰਿਧਿ/ਸਿਧਿ ਦਾ ਅਰਥ ਹੈ: ਕਾਮਯਾਬੀ, ਸਫਲਤਾ; ਤਰੱਕੀ ਅਤੇ ਵਿਭੂਤੀ, ਸੰਪਦਾ। ਭਾਈ ਕਾਨ੍ਹ ਸਿੰਘ ਨੇ 'ਸਿਧਿ' ਸ਼ਬਦ ਦੇ *ਮਹਾਨ ਕੋਸ਼* ਵਿਚ ਅਰਥ ਕੀਤੇ ਹਨ:

1. ਕਰਾਮਾਤ, ਅਲੌਕਿਕ ਸ਼ਕਤੀ। 2. ਕਾਮਯਾਬੀ, ਕੰਮ ਵਿਚ ਸਫਲਤਾ। 3. ਮੁਕਤਿ, ਨਿਜਾਤ। 4. ਬੁੱਧਿ। 5. ਸੰਪਦਾ, ਵਿਭੂਤਿ। 6. ਵਿਜਯ, ਜਿੱਤ। 7. ਅੱਠ ਸੰਖਯਾ ਬੋਧਕ, ਕਿਉਂਕਿ ਮੁੱਖ ਸਿੱਧੀਆਂ ਅੱਠ ਮੰਨੀਆਂ ਹਨ।

'ਰਿਧਿ-ਸਿਧਿ' ਦਾ ਅਰਥ ਹੈ: ਧਨ ਦੌਲਤ ਅਤੇ ਸਫਲਤਾ; ਹਰ ਤਰ੍ਹਾਂ ਦੀ ਵਿਭੂਤੀ, ਮਹਿਮਾ ਅਤੇ ਸ਼ਕਤੀ।

(ਹਿੰਦੀ ਸ਼ਬਦ ਕੋਸ਼)

ਪਾਤੰਜਲ ਯੋਗ ਪ੍ਰਦੀਪ ਵਿਚ ਸਿਧੀਆਂ ਦੀ ਗਿਣਤੀ ਅੱਠ ਦੱਸੀ ਹੋਈ ਹੈ। ਇਨ੍ਹਾਂ ਅੱਠ ਸਿਧੀਆਂ ਤੋਂ ਇਲਾਵਾ ਦਸ ਸਿਧੀਆਂ ਜਿਨ੍ਹਾਂ ਦਾ ਵਰਣਨ ਪੁਰਾਣਿਕ ਸਾਹਿਤ ਵਿਚ ਹੈ, ਇਹ ਮਿਲਾ ਕੇ ਅਠਾਰਾਂ ਸਿਧੀਆਂ ਬਣਦੀਆਂ ਹਨ। ਇਹ ਅਠਾਰਾਂ ਸਿਧੀਆਂ ਇਹ ਮੰਨੀਆਂ ਜਾਂਦੀਆਂ ਹਨ: ਅਣਿਮਾ (ਬਹੁਤ ਛੋਟਾ ਹੋ ਜਾਣਾ), ਮਹਿਮਾ (ਵੱਡਾ ਹੋ ਜਾਣਾ), ਗਰਿਮਾ (ਭਾਰੀ ਹੋ ਜਾਣਾ), ਲਘਿਮਾ (ਹੌਲਾ ਹੋ ਜਾਣਾ), ਪ੍ਰਾਪਤ

(ਮਨਵਾਂਛਿਤ ਵਸਤੂ ਹਾਸਲ ਹੋ ਜਾਣਾ), ਪ੍ਰਾਕਾਮਯ (ਸਭ ਦੇ ਮਨ ਦੀ ਜਾਣ ਲੈਣੀ), ਈਸ਼ਿਤਾ (ਆਪਣੀ ਇੱਛਾ ਅਨੁਸਾਰ ਸਭ ਨੂੰ ਪ੍ਰੇਰਨਾ), ਵਸ਼ਿਤਾ (ਸਭ ਨੂੰ ਕਾਬੂ ਕਰ ਲੈਣਾ)।

ਦਸ ਸਿਧੀਆਂ ਇਹ ਹਨ: ਅਨੂਰਮਿ (ਭੁੱਖ ਤ੍ਰੇਹ ਦਾ ਨਾ ਵਿਆਪਣਾ), ਦੂਰ ਸ਼੍ਰਵਣ (ਦੂਰੋਂ ਸਭ ਦੀ ਗੱਲ ਸੁਣ ਲੈਣੀ), ਦੂਰ ਦਰਸ਼ਨ (ਦੂਰ ਦੇ ਨਜ਼ਾਰੇ ਅੱਖਾਂ ਸਾਮ੍ਹਣੇ ਵੇਖਣੇ), ਮਨੋਵੇਗ (ਮਨ ਦੀ ਚਾਲ ਤੁੱਲ ਛੇਤੀ ਜਾਣਾ), ਕਾਮਰੂਪ (ਜਿਹਾ ਮਨ ਚਾਹੇ ਤੇਹਾ ਰੂਪ ਧਾਰਨ ਕਰ ਲੈਣਾ), ਪਰਕਾਯ ਪ੍ਰਵੇਸ਼ (ਮਨ ਦਾ ਦੇਹ ਵਿਚ ਪ੍ਰਵੇਸ਼ ਕਰ ਜਾਣਾ), ਸਵਛੰਦ ਮ੍ਰਿਤਯੁ (ਆਪਣੀ ਇੱਛਾ ਅਨੁਸਾਰ ਮਰਨਾ), ਸੁਰਕ੍ਰੀੜਾ (ਦੇਵਤਿਆਂ ਨਾਲ ਮਿਲ ਕੇ ਮੌਜਾਂ ਲੁੱਟਣੀਆਂ), ਸੰਕਲਪ ਸਿੱਧਿ (ਜੋ ਚਿਤਵਣਾ ਸੋ ਪੂਰਾ ਹੋ ਜਾਣਾ), ਅਪ੍ਰਤਿਹਤ ਗਤਿ (ਕਿਸੇ ਥਾਂ ਜਾਣ ਵਿਚ ਰੁਕਾਵਟ ਨਾ ਪੈਣੀ)।

ਇਹ ਮੰਨਿਆ ਜਾਂਦਾ ਹੈ ਕਿ ਵਿਸ਼ੇਸ਼ ਮੰਤ੍ਰਾਂ ਦਾ ਵਿਸ਼ੇਸ਼ ਵਿਧੀ ਨਾਲ ਜਾਪ ਕਰਨ ਨਾਲ ਇਨ੍ਹਾਂ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਕਿਧਰੇ ਅੱਠ ਸਿਧੀਆਂ ਅਤੇ ਕਿਧਰੇ ਅਠਾਰਾਂ ਸਿਧੀਆਂ ਦਾ ਵਰਣਨ ਆਇਆ ਹੈ। ਜਿਵੇਂ:

(ੳ) **ਸਗਲ ਪਦਾਰਥ ਅਸਟ ਸਿਧਿ ਨਾਮ ਮਹਾ ਰਸ ਮਾਹਿ॥**

(ਗਉੜੀ ਬੈਰਾਗਣਿ ਮ: ੫, ਪੰਨਾ 203)

ਅਰਥ: ਹੇ ਭਾਈ! ਦੁਨੀਆਂ ਦੇ ਸਾਰੇ ਪਦਾਰਥ (ਜੋਗੀਆਂ ਦੀਆਂ) ਅੱਠੇ ਸਿਧੀਆਂ ਸਭ ਤੋਂ ਸ੍ਰੇਸ਼ਟ ਰਸ ਨਾਮ-ਰਸ ਵਿਚ ਮੌਜੂਦ ਹਨ।

(ਅ) **ਸਭ ਨਿਧਾਨ ਦਸ ਅਸਟ ਸਿਧਾਨ ਠਾਕੁਰ ਕਰ ਤਲ ਧਰਿਆ॥**

(ਗੂਜਰੀ ਮਹਲਾ ੫, ਪੰਨਾ 495)

ਅਰਥ: (ਹੇ ਮਨ! ਦੁਨੀਆਂ ਦੇ) ਸਾਰੇ ਖ਼ਜ਼ਾਨੇ, ਅਠਾਰਾਂ ਸਿਧੀਆਂ (ਕਰਾਮਾਤੀ ਤਾਕਤਾਂ)...ਇਹ ਸਭ ਪਰਮਾਤਮਾ ਦੇ ਹੱਥਾਂ ਦੀਆਂ ਤਲੀਆਂ ਉੱਤੇ ਟਿਕੇ ਰਹਿੰਦੇ ਹਨ।

ਗੁਰੂ ਗ੍ਰੰਥ ਸਾਹਿਬ ਵਿਚ 'ਰਿਧੀਆਂ-ਸਿਧੀਆਂ' ਬਾਰੇ ਉਪਰੋਕਤ ਧਾਰਨਾ ਰੱਖਣ ਵਾਲਿਆਂ ਅਥਵਾ ਇਨਾਂ ਰਿਧੀਆਂ-ਸਿਧੀਆਂ ਦੀ ਪ੍ਰਾਪਤੀ ਦਾ ਦਾਅਵਾ ਕਰਨ ਵਾਲਿਆਂ ਬਾਰੇ ਇਸ ਤਰ੍ਹਾਂ ਆਖਿਆ ਹੈ:

(ੳ) **ਰਿਧਿ ਸਿਧਿ ਜਾ ਕਉ ਫੁਰੀ ਤਬ ਕਾਹੂ ਸਿਉ ਕਿਆ ਕਾਜ॥**
ਤੇਰੇ ਕਹਨੇ ਕੀ ਗਤਿ ਕਿਆ ਕਹਉ ਮੈ ਬੋਲਤ ਹੀ ਬਡ ਲਾਜ॥

(ਮਾਰੂ ਕਬੀਰ ਜੀ, ਪੰਨਾ 1103)

ਅਰਥ: (ਹੇ ਜੋਗੀ! ਤੂੰ ਆਖਦਾ ਹੈਂ 'ਮੈਨੂੰ ਰਿਧੀਆਂ-ਸਿਧੀਆਂ ਫੁਰ ਪਈਆਂ ਹਨ', ਪਰ) ਤੇਰੇ ਨਿਰਾ (ਇਹ ਗੱਲ) ਆਖਣ ਦੀ ਹਾਲਤ ਮੈਂ ਕੀਹ ਦੱਸਾਂ? ਮੈਨੂੰ ਤਾਂ ਗੱਲ ਕਰਦਿਆਂ ਸ਼ਰਮ ਆਉਂਦੀ ਹੈ। (ਭਲਾ, ਹੇ ਜੋਗੀ!) ਜਿਸ ਮਨੁੱਖ ਦੇ ਨਿਰਾ ਫੁਰਨਾ ਉੱਠਣ 'ਤੇ ਹੀ ਰਿਧੀਆਂ-ਸਿਧੀਆਂ ਹੋ ਪੈਣ, ਉਸ ਨੂੰ ਕਿਸੇ ਹੋਰ ਦੀ ਕੀਹ ਮੁਥਾਜੀ ਰਹਿੰਦੀ ਹੈ? (ਤੇ ਤੂੰ ਅਜੇ ਭੀ ਮੁਥਾਜ ਹੋ ਕੇ ਲੋਕਾਂ ਦੇ ਦਰ 'ਤੇ ਭਟਕਦਾ ਹੈਂ)।

(ਅ) **ਆਂਟ ਸੇਤੀ ਨਾਕੁ ਪਕੜਹਿ ਸੂਝਤੇ ਤਿਨਿ ਲੋਅ॥**
ਮਗਰ ਪਾਛੈ ਕਛੁ ਨ ਸੂਝੈ ਏਹੁ ਪਦਮੁ ਅਲੋਅ॥

(ਧਨਾਸਰੀ ਮ: ੧, ਪੰਨੇ 662-63)

ਅਰਥ : ਹੱਥ ਦੇ ਅੰਗੂਠੇ ਤੇ ਨਾਲ ਦੀਆਂ ਦੋ ਉਂਗਲਾਂ ਨਾਲ ਇਹ (ਆਪਣਾ) ਨੱਕ ਫੜਦੇ ਹਨ (ਸਮਾਧੀ ਦੀ ਸ਼ਕਲ ਵਿਚ ਬੈਠ ਕੇ ਮੂੰਹੋਂ ਆਖਦੇ ਹਨ ਕਿ) ਤਿੰਨੇ ਹੀ ਲੋਕ ਦਿਸ ਰਹੇ ਹਨ, ਪਰ ਆਪਣੀ ਹੀ ਪਿੱਠ ਪਿੱਛੇ ਪਈ ਕੋਈ ਚੀਜ਼ ਨਹੀਂ ਦਿਸਦੀ। ਇਹ ਅਸਚਰਜ 'ਪਦਮ ਆਸਨ' ਹੈ।

ਇਨ੍ਹਾਂ ਰਿਧੀਆਂ-ਸਿਧੀਆਂ ਦੀ ਪ੍ਰਾਪਤੀ ਲਈ ਦੌੜ-ਭੱਜ ਕਰਨ ਵਾਲਿਆਂ ਨੂੰ ਇਹ ਸਮਝਾਇਆ ਹੈ ਕਿ ਅਕਾਲ ਪੁਰਖ ਦਾ ਨਾਮ ਜਪ ਕੇ ਆਪਣੇ ਮਨ ਨੂੰ ਵੱਸ ਕਰਨ ਨਾਲ ਇਹ ਰਿਧੀਆਂ-ਸਿਧੀਆਂ ਸਹਜੇ ਹੀ ਮਿਲ ਜਾਂਦੀਆਂ ਹਨ :

ਰਿਧਿ ਸਿਧਿ ਨਵ ਨਿਧਿ ਹਰਿ ਜਪਿ ਜਿਨੀ ਆਤਮੁ ਜੀਤਾ॥

(ਬਿਹਾਗੜਾ ਮ: ੫, ਪੰਨਾ 543)

ਅਰਥ : ਜਿਨ੍ਹਾਂ ਮਨੁੱਖਾਂ ਨੇ ਪਰਮਾਤਮਾ ਦਾ ਨਾਮ ਜਪ ਕੇ ਆਪਣੇ ਮਨ ਨੂੰ ਵੱਸ ਵਿਚ ਕਰ ਲਿਆ, ਸਭ ਕਰਾਮਾਤੀ ਤਾਕਤਾਂ ਤੇ ਦੁਨੀਆਂ ਦੇ ਨੌਂ ਹੀ ਖ਼ਜ਼ਾਨੇ ਉਹਨਾਂ ਨੂੰ ਮਿਲ ਜਾਂਦੇ ਹਨ।

ਰਿਧੀਆਂ-ਸਿਧੀਆਂ ਬਾਰੇ ਪਰੰਪਰਾਗਤ ਸੋਚ ਰੱਖਣ ਵਾਲਿਆਂ ਨੂੰ ਕੇਵਲ ਅਕਾਲ ਪੁਰਖ ਨਾਲ ਹੀ ਜੁੜਨ ਦੀ ਪ੍ਰੇਰਨਾ ਕਰਦਿਆਂ ਹੋਇਆਂ ਕਹਿੰਦੇ ਹਨ ਕਿ ਇਨ੍ਹਾਂ ਰਿਧੀਆਂ-ਸਿਧੀਆਂ ਦੇ ਪਿੱਛੇ ਦੌੜਨ ਦੀ ਲੋੜ ਨਹੀਂ ਹੈ; ਇਹ ਤਾਂ ਉਨ੍ਹਾਂ ਪ੍ਰਾਣੀਆਂ ਦੇ ਪਿੱਛੇ-ਪਿੱਛੇ ਤੁਰੀਆਂ ਫਿਰਦੀਆਂ ਹਨ, ਜਿਹੜੇ ਪ੍ਰਭੂ ਨੂੰ ਆਪਣੇ ਹਿਰਦੇ ਵਿਚ ਵਸਾਉਂਦੇ ਹਨ :

(ੳ) **ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ**
ਜੋ ਹਰਿ ਹਿਰਦੈ ਸਦਾ ਵਸਾਇ॥ *(ਵਾਰ ਸੋਰਠਿ, ਮ: ੩, ਪੰਨਾ 649)*

(ਅ) **ਅਠਾਰਹ ਸਿਧੀ ਪਿਛੈ ਲਗੀਆ ਫਿਰਨਿ**
ਨਿਜ ਘਰਿ ਵਸੈ ਨਿਜ ਥਾਇ॥ *(ਵਾਰ ਸਿਰੀਰਾਗੁ, ਮ: ੩, ਪੰਨਾ 91)*

ਅਰਥ : ਅਠਾਰਾਂ (ਹੀ) ਸਿਧੀਆਂ (ਭਾਵ, ਆਤਮਿਕ ਸ਼ਕਤੀਆਂ) ਉਸ ਦੇ ਪਿੱਛੇ ਲੱਗੀਆਂ ਫਿਰਦੀਆਂ ਹਨ (ਪਰ ਉਹ ਪ੍ਰਵਾਹ ਨਹੀਂ ਕਰਦਾ ਤੇ) ਆਪਣੇ ਹਿਰਦੇ ਵਿਚ ਅਡੋਲ ਰਹਿੰਦਾ ਹੈ।

ਗੁਰੂ ਦੀ ਮਤਿ ਲੈ ਕੇ ਆਪਣੇ ਮਨ ਨੂੰ ਕਾਬੂ ਕਰਨ ਵਾਲਿਆਂ ਦੇ ਇਹ ਰਿਧੀਆਂ-ਸਿਧੀਆਂ ਪਿੱਛੇ-ਪਿੱਛੇ ਹੀ ਨਹੀਂ, ਸਗੋਂ ਪੈਰੀਂ ਆ ਪੈਂਦੀਆਂ ਹਨ :

ਸੁਖ ਸਾਗਰ ਹਰਿ ਭਗਤਿ ਹੈ ਗੁਰਮਤਿ ਕਉਲਾ ਰਿਧਿ ਸਿਧਿ ਲਾਗੈ ਪਗਿ ਓਹੈ॥

(ਗੂਜਰੀ ਮ: ੪, ਪੰਨਾ 492)

ਅਰਥ : ਹੇ ਭਰਾਵੋ ! ਜਿਸ ਮਨੁੱਖ ਨੂੰ ਗੁਰੂ ਦੀ ਮਤਿ ਦੀ ਬਰਕਤਿ ਨਾਲ ਸੁੱਖਾਂ ਦੇ ਸਮੁੰਦਰ ਪਰਮਾਤਮਾ ਦੀ ਭਗਤੀ ਪ੍ਰਾਪਤ ਹੋ ਜਾਂਦੀ ਹੈ, ਲੱਛਮੀ ਉਸ ਦੇ ਚਰਨੀਂ ਆ ਲੱਗਦੀ ਹੈ; ਹਰੇਕ ਰਿਧੀ, ਹਰੇਕ ਸਿਧੀ ਉਸ ਦੇ ਪੈਰੀਂ ਆ ਪੈਂਦੀ ਹੈ।

ਚੂੰਕਿ ਗੁਰੂ ਦੀ ਮਤਿ ਲੈਣ ਵਾਲਿਆਂ ਨੇ ਗੁਰੂ ਪਾਸੋਂ ਇਹ ਗੱਲ ਸਮਝ ਲਈ ਹੈ ਕਿ:

ਰਿਧਿ ਸਿਧਿ ਅਵਰਾ ਸਾਦ॥ *(ਜਪੁ ਜੀ, ਪੰਨਾ 6)*

ਅਰਥ : (ਜੋਗ ਸਾਧਨਾਂ ਦੀ ਰਾਹੀਂ ਪ੍ਰਾਪਤ ਹੋਈਆਂ ਰਿਧੀਆਂ ਵਿਅਰਥ ਹਨ, ਇਹ) ਰਿਧੀਆਂ ਤੇ ਸਿਧੀਆਂ (ਤਾਂ) ਕਿਸੇ ਹੋਰ ਪਾਸੇ ਖੜਨ ਵਾਲੇ ਸੁਆਦ ਹਨ।

ਗੁਰਬਾਣੀ ਵਿਚ ਮਨੁੱਖ ਨੂੰ ਇਹ ਗੱਲ ਸਮਝਾ ਦਿੱਤੀ ਹੈ ਕਿ ਰਿਧੀਆਂ-ਸਿਧੀਆਂ ਕੇਵਲ 'ਅਵਰਾ ਸਾਦ' ਹੀ ਨਹੀਂ, ਮੋਹ ਰੂਪ ਵੀ ਹਨ, ਇਨ੍ਹਾਂ ਵਿਚ ਮਨ ਜੋੜਿਆਂ ਨਾਮ-ਰਸ ਦੇ ਸੁਆਦ ਨੂੰ ਨਹੀਂ ਮਾਣ ਸਕੀਦਾ ਹੈ:

ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ॥

(ਵਾਰ ਵਡਹੰਸ, ਮ: ੩, ਪੰਨਾ 593)

ਅਰਥ : ਰਿਧੀਆਂ ਤੇ ਸਿਧੀਆਂ (ਭੀ) ਨਿਰੋਲ ਮੋਹ (ਰੂਪ) ਹਨ, (ਇਹਨਾਂ ਨਾਲ) ਹਰੀ ਦਾ ਨਾਮ ਹਿਰਦੇ ਵਿਚ ਨਹੀਂ ਵੱਸ ਸਕਦਾ।

ਇਸ ਲਈ ਪ੍ਰਭੂ ਨਾਮ ਨੂੰ ਹਿਰਦੇ ਵਿਚ ਵਸਾਉਣ ਲਈ ਜ਼ਰੂਰੀ ਹੈ ਕਿ ਮਨੁੱਖ 'ਰਿਧਿ-ਸਿਧਿ' ਦੇ ਸੁਆਦ ਤੋਂ ਉਪਰ ਉੱਠੇ:

ਅਸਟਮੀ ਅਸਟ ਸਿਧਿ ਬੁਧਿ ਸਾਧੈ॥
ਸਚੁ ਨਿਹਕੇਵਲੁ ਕਰਮਿ ਅਰਾਧੈ॥
ਪਉਣ ਪਾਣੀ ਅਗਨੀ ਬਿਸਰਾਉ॥
ਤਹੀ ਨਿਰੰਜਨੁ ਸਾਚੋ ਨਾਉ॥ *(ਬਿਲਾਵਲੁ ਮ: ੧, ਪੰਨਾ 839)*

ਅਰਥ : ਜਿਹੜਾ ਮਨੁੱਖ (ਜੋਗੀਆਂ ਵਾਲੀਆਂ) ਅੱਠ ਸਿਧੀਆਂ ਹਾਸਲ ਕਰਨ ਦੀ ਤਾਂਘ ਰੱਖਣ ਵਾਲੀ ਬੁੱਧੀ ਨੂੰ ਆਪਣੇ ਕਾਬੂ ਵਿਚ ਰੱਖਦਾ ਹੈ (ਭਾਵ, ਜੋ ਮਨੁੱਖ ਸਿਧੀਆਂ ਪ੍ਰਾਪਤ ਕਰਨ ਦੀ ਲਾਲਸਾ ਤੋਂ ਉਤਾਂਹ ਰਹਿੰਦਾ ਹੈ), ਜੋ ਪਵਿੱਤਰ-ਸਰੂਪ ਸਦਾ-ਥਿਰ ਪ੍ਰਭੂ ਨੂੰ ਉਸ ਦੀ ਮਿਹਰ ਨਾਲ (ਸਦਾ) ਸਿਮਰਦਾ ਹੈ, ਜਿਸ ਦੇ ਹਿਰਦੇ ਵਿਚ ਰਜੋ ਸਤੋ ਅਤੇ ਤਮੋ ਗੁਣ ਦਾ ਅਭਾਵ ਰਹਿੰਦਾ ਹੈ, ਉਸ ਦੇ ਹਿਰਦੇ ਵਿਚ ਨਿਰਲੇਪ ਪਰਮਾਤਮਾ ਵੱਸਦਾ ਹੈ, ਸਦਾ-ਥਿਰ ਪ੍ਰਭੂ-ਨਾਮ ਵਸਦਾ ਹੈ।

ਇਨ੍ਹਾਂ ਰਿਧੀਆਂ-ਸਿਧੀਆਂ ਲਈ ਯਤਨਸ਼ੀਲ ਹੋਣ ਦੀ ਬਜਾਏ ਪ੍ਰਭੂ ਦੇ ਨਾਮ ਨੂੰ ਹਿਰਦੇ ਵਿਚ ਦ੍ਰਿੜ੍ਹ ਕਰਨ ਦੀ ਲੋੜ ਹੈ। ਨਾਮ ਅਥਵਾ ਪ੍ਰਭੂ ਦੇ ਗੁਣਾਂ ਨੂੰ ਹਿਰਦੇ ਵਿਚ ਧਾਰਨ ਕਰਨਾ ਹੀ ਇਨ੍ਹਾਂ ਸ਼ਕਤੀਆਂ ਦੀ ਪ੍ਰਾਪਤੀ ਦਾ ਸਰੂਪ ਹੈ:

ਚਤੁਰ ਸਿਆਣਾ ਸੁਘੜੁ ਸੋਇ ਜਿਨਿ ਤਜਿਆ ਅਭਿਮਾਨੁ॥
ਚਾਰਿ ਪਦਾਰਥ ਅਸਟ ਸਿਧਿ ਭਜੁ ਨਾਨਕ ਹਰਿ ਨਾਮੁ॥

(ਗਉੜੀ ਮ: ੫, ਪੰਨਾ 297)

ਅਰਥ : ਹੇ ਨਾਨਕ! ਪਰਮਾਤਮਾ ਦਾ ਨਾਮ (ਸਦਾ) ਜਪਦਾ ਰਹੁ (ਇਸੇ ਵਿਚ ਹਨ ਦੁਨੀਆਂ ਦੇ) ਚਾਰੇ ਪਦਾਰਥ ਤੇ (ਜੋਗੀਆਂ ਵਾਲੀਆਂ) ਅੱਠੇ ਕਰਾਮਾਤੀ ਤਾਕਤਾਂ।

ਗੁਰੂ ਗ੍ਰੰਥ ਸਾਹਿਬ ਦੇ ਬਾਣੀ ਰਚੇਤਿਆਂ ਨੇ ਅੰਤ ਵਿਚ ਇਨ੍ਹਾਂ ਰਿਧੀਆਂ-ਸਿਧੀਆਂ ਬਾਰੇ ਸਪੱਸ਼ਟ ਸ਼ਬਦਾਂ ਵਿਚ ਨਿਰਣਾ ਦੇਂਦਿਆਂ ਹੋਇਆਂ ਆਖਿਆ ਹੈ:

(ੳ) **ਗੁਰਮੁਖਿ ਰਿਧਿ ਸਿਧਿ ਸਚੁ ਸੰਜਮੁ ਸੋਈ ॥** *(ਮਾਝ ਮਹਲਾ ੩, ਪੰਨਾ 117)*

ਅਰਥ : ਜੇਹੜੇ ਮਨੁੱਖ ਗੁਰੂ ਦੇ ਸਨਮੁਖ ਰਹਿੰਦੇ ਹਨ, ਉਹਨਾਂ ਵਾਸਤੇ ਸਦਾ-ਥਿਰ ਪ੍ਰਭੂ (ਦਾ ਨਾਮ) ਹੀ ਰਿਧੀਆਂ-ਸਿਧੀਆਂ ਤੇ ਸੰਜਮ ਹੈ।

(ਅ) **ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ ॥** *(ਗਉੜੀ ਸੁਖਮਨੀ ਮ: ੫, ਪੰਨਾ 262)*

ਅਰਥ : ਪ੍ਰਭੂ ਦੇ ਸਿਮਰਨ ਵਿਚ (ਹੀ) ਸਾਰੀਆਂ ਰਿਧੀਆਂ-ਸਿਧੀਆਂ ਤੇ ਨੌਂ ਖ਼ਜ਼ਾਨੇ ਹਨ।

'ਰਿਧਿ-ਸਿਧਿ' ਦੇ ਪ੍ਰਚਲਿਤ ਭਾਵਾਰਥ ਨੂੰ ਅਪਨਾਉਣ ਦੀ ਥਾਂ ਇਸ ਦੀ ਨਵੇਂ ਸਿਰਿਓਂ ਪਰਿਭਾਸ਼ਾ ਕਰਦਿਆਂ ਕਿਹਾ ਹੈ :

ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ ॥
ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ ਏਹਾ ਸਿਧਿ ਏਹਾ ਕਰਮਾਤਿ ॥
(ਵਾਰ ਗਉੜੀ, ਮ: ੩, ਪੰਨਾ 650)

ਅਰਥ : ਇਹੀ (ਉਸ ਦੀ) ਸਿਧੀ ਹੈ ਤੇ ਇਹੀ ਕਰਾਮਾਤ ਹੈ ਕਿ ਚਿੰਤਾ ਤੋਂ ਰਹਿਤ ਹਰੀ ਉਸ ਨੂੰ (ਨਾਮ ਦੀ) ਦਾਤਿ ਬਖ਼ਸ਼ੇ; ਹੇ ਨਾਨਕ! "ਗੁਰੂ ਦੇ ਸਨਮੁਖ ਹੋ ਕੇ ਹਰੀ ਦਾ ਨਾਮ ਮਨ ਵਿਚ ਵੱਸਦਾ ਹੈ"–ਇਹੀ ਸਿਧੀ ਤੇ ਕਰਾਮਾਤ ਹੁੰਦੀ ਹੈ।

ਸਤਿਗੁਰੂ ਜੀ ਮਨੁੱਖ ਨੂੰ ਇਨ੍ਹਾਂ ਰਿਧੀਆਂ-ਸਿਧੀਆਂ ਦੀ ਅਸਲੀਅਤ ਸਮਝਾਉਣ ਮਗਰੋਂ ਪ੍ਰਭੂ ਦੇ ਦਰ ਤੋਂ ਮੰਗਣ ਜੋਗ ਵਸਤੂ ਦੀ ਮੰਗ ਕਰਨ ਦੀ ਪ੍ਰੇਰਨਾ ਦੇਂਦੇ ਹੋਏ ਫ਼ੁਰਮਾਂਦੇ ਹਨ :

ਸਿਧਾ ਸੇਵਨਿ ਸਿਧ ਪੀਰ ਮਾਗਹਿ ਰਿਧਿ ਸਿਧਿ ॥
ਮੈ ਇਕੁ ਨਾਮੁ ਨ ਵੀਸਰੈ ਸਾਚੇ ਗੁਰ ਬੁਧਿ ॥ *(ਆਸਾ ਮਹਲਾ ੧, ਪੰਨੇ 418-19)*

ਅਰਥ : (ਲੋਕ) ਸਿੱਧ ਤੇ ਪੀਰ (ਬਣਨ ਲਈ) ਪੁੱਗੇ ਹੋਏ ਜੋਗੀਆਂ ਦੀ ਸੇਵਾ ਕਰਦੇ ਹਨ, ਤੇ ਉਹਨਾਂ ਪਾਸੋਂ ਰਿਧੀਆਂ-ਸਿਧੀਆਂ (ਦੀ ਤਾਕਤ) ਮੰਗਦੇ ਹਨ। (ਮੇਰੀ ਇਕ ਤੇਰੇ ਅੱਗੇ ਹੀ ਇਹ ਅਰਦਾਸਿ ਹੈ ਕਿ) ਅਭੁੱਲ ਗੁਰੂ ਦੀ ਬਖ਼ਸ਼ੀ ਬੁੱਧੀ ਅਨੁਸਾਰ ਮੈਨੂੰ ਤੇਰਾ ਨਾਮ ਕਦੇ ਨਾਹ ਭੁੱਲੇ।

ਸੋ, ਗੁਰੂ ਗ੍ਰੰਥ ਸਾਹਿਬ ਵਿਚ 'ਰਿਧਿ-ਸਿਧਿ' ਦੇ ਪ੍ਰਚਲਿਤ ਭਾਵਾਰਥ ਨੂੰ ਸਵੀਕਾਰ ਨਹੀਂ ਕੀਤਾ ਗਿਆ ਹੈ। ਪ੍ਰਭੂ ਦੇ ਨਾਮ ਭਾਵ ਗਿਆਨ ਨੂੰ ਹੀ ਅਸਲ 'ਰਿਧਿ-ਸਿਧਿ' ਆਖਿਆ ਹੈ। ਇਸ 'ਰਿਧਿ-ਸਿਧਿ' ਨੂੰ ਹਾਸਲ ਕਰਨ ਲਈ ਕਿਸੇ ਵਿਸ਼ੇਸ਼ ਮੰਤ੍ਰ/ਮੰਤ੍ਰਾਂ ਨੂੰ ਕਿਸੇ ਵਿਸ਼ੇਸ਼ ਵਿਧੀ/ਆਸਣ ਨਾਲ ਜਪਣ ਦੀ ਲੋੜ ਨਹੀਂ ਹੈ। ਇਸ ਨੂੰ ਗੁਰਬਾਣੀ ਨੂੰ ਧਿਆਨ ਨਾਲ ਪੜ੍ਹ-ਸੁਣ ਅਤੇ ਵਿਚਾਰ ਕੇ, ਇਸ ਵਿਚਲੇ ਭਾਵ ਨੂੰ ਹਿਰਦੇ ਵਿਚ ਵਸਾਉਣ ਨਾਲ ਹੀ ਪ੍ਰਾਪਤ ਕਰ ਸਕੀਦਾ ਹੈ। ਗੁਰੂ ਸ਼ਬਦ ਦੀ ਬਰਕਤ ਨਾਲ ਇਨ੍ਹਾਂ ਨੂੰ ਹਾਸਲ ਕਰਕੇ ਸਾਰੀਆਂ ਮਾਇਕ ਭੁੱਖਾਂ ਤੋਂ ਰਹਿਤ ਹੋ ਕੇ ਆਤਮਿਕ ਤੌਰ 'ਤੇ ਤ੍ਰਿਪਤ ਹੋ ਕੇ ਅਨੰਦਦਾਇਕ ਜੀਵਨ ਜੀਊ ਸਕੀਦਾ ਹੈ।

ਅਠ ਸਿਧੀ ਨਿਧੀ ਨਵੈ ਰਿਧਿ ਨ ਗੁਰ ਸਿਖੁ ਢਾਕੈ ਟੰਗੈ।...
ਗੁਰ ਸਿਖੁ ਦੂਜੈ ਭਾਵਹੁ ਸੰਗੈ। *(ਭਾਈ ਗੁਰਦਾਸ ਜੀ, ਵਾਰ 28, ਪਉੜੀ 2)*

ਨਉਨਿਧਿ

ਗੁਰੂ ਗ੍ਰੰਥ ਸਾਹਿਬ ਜੀ ਵਿਚ ਆਈ ਅਨਮਤ ਦੀ ਸ਼ਬਦਾਵਲੀ 'ਚੋਂ ਇਕ 'ਨਉਨਿਧਿ' ਸ਼ਬਦ ਵੀ ਹੈ। ਜਿਸ ਤਰ੍ਹਾਂ ਬਾਣੀ ਰਚੇਤਿਆਂ ਨੇ ਅਨਮਤ ਦੇ ਹੋਰ ਕਈ ਸ਼ਬਦਾਂ ਨੂੰ ਪ੍ਰਚਲਿਤ ਅਰਥਾਂ ਵਿਚ ਸਵੀਕਾਰ ਨਹੀਂ ਕੀਤਾ ਹੋਇਆ, ਉਸੇ ਤਰ੍ਹਾਂ ਇਸ ਸ਼ਬਦ ਦੇ ਪ੍ਰਚਲਿਤ ਭਾਵਾਰਥ ਨੂੰ ਵੀ ਸਵੀਕਾਰ ਨਹੀਂ ਕੀਤਾ। ਗੁਰੂ ਗ੍ਰੰਥ ਸਾਹਿਬ ਜੀ ਵਿਚ 'ਨਉਨਿਧਿ' ਸੰਬੰਧੀ ਚਰਚਾ ਕਰਨ ਤੋਂ ਪਹਿਲਾਂ ਪੁਰਾਣ ਸਾਹਿਤ ਵਿਚ ਇਸ ਬਾਰੇ ਜੋ ਧਾਰਨਾ ਹੈ, ਉਸ ਦੀ ਸੰਖੇਪ ਵਿਚ ਚਰਚਾ ਕਰਨੀ ਅਢੁੱਕਵੀਂ ਨਹੀਂ ਹੋਵੇਗੀ।

'ਨਿਧਿ' ਦਾ ਅਰਥ ਹੈ ਖ਼ਜ਼ਾਨਾ, ਸੰਪਤੀ, ਧਨ ਦੌਲਤ। 'ਨਉਨਿਧਿ' ਦਾ ਅਰਥ ਹੈ ਨੌਂ ਖ਼ਜ਼ਾਨੇ। ਪੁਰਾਨਿਕ ਸਾਹਿਤ ਵਿਚ ਵਰਣਨ ਨਉ ਨਿਧੀਆਂ ਇਹ ਹਨ:

1. ਪਦਮ: ਧਨੀ ਬਣਨਾ, ਪੁੰਨ-ਦਾਨ ਨਾਲ ਜੱਸ ਲੈਣਾ, ਇਹ ਨਿਧੀ ਪੁੱਤ੍ਰ ਪੋਤ੍ਰਿਆਂ ਤਕ ਰਹਿੰਦੀ ਹੈ।
2. ਮਹਾਂਪਦਮ: ਬਹੁਤ ਵੱਡੇ ਸੌਦਾਗਰ ਹੋਣਾ, ਕਰੋੜਾਂ ਦਾ ਵਾਪਾਰ ਕਰਨਾ। ਇਸ ਬਾਰੇ ਇਹ ਧਾਰਨਾ ਹੈ ਕਿ ਇਹ ਨਿਧੀ ਸੱਤ ਪੀਹੜੀਆਂ ਤਕ ਰਹਿੰਦੀ ਹੈ।
3. ਸੰਖ: ਆਪਣੇ ਸਰੀਰ ਦੀ ਚੰਗੀ ਪਾਲਣਾ ਕਰਨੀ, ਆਪਣਾ ਸਰੀਰ ਹੀ ਸੁਖੀ ਰੱਖਣਾ ਤੇ ਦੂਜਿਆਂ ਨੂੰ ਕੁਝ ਨਾ ਦੇਣਾ।
4. ਮਕਰ: ਸ਼ਸਤ੍ਰਾਂ ਦਾ ਵਾਪਾਰ, ਰਾਜਿਆਂ ਨਾਲ ਮੇਲ ਇਹ ਤਮੋ ਗੁਣੀ ਨਿਧਿ ਮੰਨੀ ਹੈ। ਇੱਕੋ ਕੋਲ ਹੀ ਰਹਿੰਦੀ ਹੈ।
5. ਕੱਛਪ: ਸੂਮ ਧਨੀ ਹੋਣਾ, ਅਤੇ ਇਹ ਨਿਧਿ ਸੂਮ ਦੀ ਜ਼ਿੰਦਗੀ ਤਕ ਨਿੱਭਦੀ ਹੈ।
6. ਮੁਕੰਦ: ਵੇਸਵਾ ਗਮਨ ਆਦਿ ਕਰਨੇ।
7. ਕੁੰਦ: ਧਾਤੂਆਂ ਦਾ ਵਾਪਾਰ ਕਰਨਾ, ਸੰਤਾਨ ਨੇਕ ਚੰਗੀ ਹੋਣੀ, ਬਹੁਤ ਮੇਲ-ਮਿਲਾਪ ਹੋਣਾ।
8. ਨੀਲ: ਠੇਕੇਦਾਰੀ ਕਰਨੀ, ਅੰਨ ਕਪਾਹ ਆਦਿ ਦੀ ਸੌਦਾਗਰੀ ਕਰਨੀ, ਖੇਤੀ ਬਾੜੀ, ਤਲਾਬ, ਖੂਹ ਲਗਵਾਉਣੇ।
9. ਵਰਚ/ਖਰਵ: ਜਿਵੇਂ ਧਨ ਮਿਲੇ ਉਹੀ ਢੰਗ ਅਪਣਾਉਣਾ।

(ਗੁਰਮਤ ਨਿਰਣਯ ਭੰਡਾਰ, ਗਯਾਨੀ ਲਾਲ ਸਿੰਘ)

ਹਿੰਦੂ ਮੱਤ ਦੇ ਪੁਰਾਤਨ ਗ੍ਰੰਥਾਂ ਵਿਚ ਇਨ੍ਹਾਂ ਨਿਧੀਆਂ ਦਾ ਸੁਆਮੀ ਕੁਬੇਰ ਨੂੰ ਮੰਨਿਆ ਜਾਂਦਾ ਹੈ (ਜੋ ਦੇਵਤਿਆਂ ਦਾ ਖ਼ਜ਼ਾਨਚੀ ਹੈ)।

[*ਨੋਟ : ਮਾਰਕੰਡੇਯ ਪੁਰਾਣ* ਵਿਚ ਇਨ੍ਹਾਂ ਨਿਧੀਆਂ ਨੂੰ ਪਦਮਿਨੀ ਨਾਮ ਦੀ ਦੇਵੀ ਦੇ ਅਧੀਨ ਦੱਸਿਆ ਹੈ। ਇਨ੍ਹਾਂ ਨਿਧੀਆਂ ਦੇ, ਜੋ ਖ਼ਾਸ-ਖ਼ਾਸ ਰਤਨ ਹਨ, ਭਿੰਨ-ਭਿੰਨ ਗੁਣ ਵਰਣਨ ਕੀਤੇ ਹੋਏ ਹਨ। *(ਮਹਾਨ ਕੋਸ਼)*]

ਇਨ੍ਹਾਂ ਨਿਧੀਆਂ ਨੂੰ ਹੱਠ, ਤਪ ਆਦਿ ਕਰਨ ਨਾਲ ਪ੍ਰਾਪਤ ਹੋਣ ਦਾ ਵਿਸ਼ਵਾਸ ਕੀਤਾ ਜਾਂਦਾ ਹੈ। ਅਸਲ ਵਿਚ ਨਉ ਨਿਧੀਆਂ ਕਈ ਤਰ੍ਹਾਂ ਦੇ ਕੀਮਤੀ ਰਤਨ ਹੀ ਹਨ।

'ਨਉ ਨਿਧਿ' ਦੇ ਸੰਬੰਧ ਵਿਚ ਬਾਣੀ ਰਚੇਤਿਆਂ ਵਲੋਂ ਪੁਰਾਣ ਸਾਹਿਤ ਵਿਚ ਵਰਣਿਤ ਕਥਿਤ ਸ਼ਕਤੀਆਂ ਦੀ ਹੋਂਦ ਨੂੰ ਨਕਾਰਨ ਲਈ ਜੋ ਢੰਗ ਅਪਣਾਇਆ ਗਿਆ ਹੈ, ਉਸ ਅਨੁਸਾਰ (1) ਕਿਧਰੇ ਇਨ੍ਹਾਂ ਸ਼ਕਤੀਆਂ ਨੂੰ ਪ੍ਰਭੂ ਦੇ ਮੁਕਾਬਲੇ ਤੁੱਛ ਦਰਸਾਇਆ ਹੈ, (2) ਕਿਧਰੇ ਇਨ੍ਹਾਂ ਨੂੰ ਅਕਾਲ ਪੁਰਖ ਦੇ ਅਧੀਨ ਦਰਸਾ ਕੇ, ਪ੍ਰਭੂ ਦੇ ਹੀ ਲੜ ਲੱਗਣ ਲਈ ਪ੍ਰੇਰਿਆ ਹੈ ਅਤੇ (3) ਕਿਧਰੇ ਇਨ੍ਹਾਂ ਦੀ ਪ੍ਰਚਲਿਤ ਹੋਂਦ ਨੂੰ ਨਕਾਰ ਕੇ ਇਸ ਦੀ ਨਵੇਂ ਸਿਰਿਓਂ ਪਰਿਭਾਸ਼ਾ ਕਾਇਮ ਕਰ ਦਿੱਤੀ ਹੈ। ਨਿਮਨ ਲਿਖਤ ਸ਼ਬਦਾਂ ਦੀਆਂ ਪੰਗਤੀਆਂ ਵਿਚ ਇਸ ਵਿਧੀ ਨੂੰ ਦੇਖਿਆ ਜਾ ਸਕਦਾ ਹੈ:

(ੳ) **ਨਾਇ ਸੁਣਿਐ ਸਭ ਸਿਧਿ ਹੈ ਰਿਧਿ ਪਿਛੈ ਆਵੈ॥**
ਨਾਇ ਸੁਣਿਐ ਨਉ ਨਿਧਿ ਮਿਲੈ ਮਨ ਚਿੰਦਿਆ ਪਾਵੈ॥

(ਵਾਰ ਸਾਰੰਗ ਮਹਲਾ 4, ਪੰਨਾ 1240)

ਅਰਥ : ਪ੍ਰਭੂ ਦੇ ਨਾਮ ਵਿਚ ਸੁਰਤਿ ਜੋੜੀ ਰੱਖੀਏ ਤਾਂ ਸਾਰੀਆਂ ਕਰਾਮਾਤੀ ਤਾਕਤਾਂ ਪਿੱਛੇ ਲੱਗੀਆਂ ਫਿਰਦੀਆਂ ਹਨ (ਸੁਤੇ ਹੀ ਪ੍ਰਾਪਤ ਹੋ ਜਾਂਦੀਆਂ ਹਨ); ਜਗਤ ਦੇ ਸਾਰੇ ਪਦਾਰਥ ਹਾਸਲ ਹੋ ਜਾਂਦੇ ਹਨ, ਜੋ ਕੁਝ ਮਨ ਚਿਤਵਦਾ ਹੈ, ਮਿਲ ਜਾਂਦਾ ਹੈ।

(ਅ) **ਅੰਤਰਿ ਸਬਦੁ ਅਪਾਰਾ ਹਰਿ ਨਾਮੁ ਪਿਆਰਾ ਨਾਮੇ ਨਉ ਨਿਧਿ ਪਾਈ॥**

(ਵਡਹੰਸੁ ਮ: ੩, ਪੰਨਾ 569)

ਅਰਥ : ਉਹ ਮਨੁੱਖ ਬੇਅੰਤ ਪ੍ਰਭੂ ਦੀ ਸਿਫ਼ਤਿ-ਸਾਲਾਹ ਦਾ ਸ਼ਬਦ, ਬੇਅੰਤ ਹਰੀ ਦੀ ਸਿਫ਼ਤਿ-ਸਾਲਾਹ ਦੀ ਬਾਣੀ ਆਪਣੇ ਅੰਦਰ ਵਸਾਂਦੇ ਹਨ, ਪਰਮਾਤਮਾ ਦਾ ਨਾਮ ਉਹਨਾਂ ਨੂੰ ਪਿਆਰਾ ਲੱਗਦਾ ਹੈ, ਪ੍ਰਭੂ ਦੇ ਨਾਮ ਵਿਚ ਹੀ ਉਹਨਾਂ ਨੇ (ਮਾਨੋ, ਦੁਨੀਆਂ ਦੇ) ਨੌਂ ਹੀ ਖ਼ਜ਼ਾਨੇ ਲੱਭ ਲਏ ਹੁੰਦੇ ਹਨ।

'ਨਉ ਨਿਧਿ' ਪ੍ਰਭੂ ਦਾ ਨਾਮ ਹੀ ਹੈ:

ਨਉ ਨਿਧਿ ਨਾਮੁ ਨਿਧਾਨੁ ਹੈ ਤੁਧੁ ਵਿਚਿ ਭਰਪੂਰੁ॥

(ਵਾਰ ਰਾਮਕਲੀ ਰਾਇ ਬਲਵੰਡਿ, ਪੰਨਾ 967)

ਅਰਥ : ਜੋ (ਜਗਤ ਦੇ) ਨੌਂ ਹੀ ਖ਼ਜ਼ਾਨੇ-ਰੂਪ ਪ੍ਰਭੂ ਦਾ ਨਾਮ-ਖ਼ਜ਼ਾਨਾ ਹੈ, (ਹੇ ਗੁਰੂ!) (ਉਹ ਖ਼ਜ਼ਾਨਾ) ਤੇਰੇ ਹਿਰਦੇ ਵਿਚ ਨਕਾ-ਨਕ ਭਰਿਆ ਹੋਇਆ ਹੈ।

ਇਸ ਖ਼ਜ਼ਾਨੇ ਨੂੰ ਗੁਰੂ ਦੀ ਮਤਿ ਧਾਰਨ ਕਰ ਕੇ ਹਰੇਕ ਮਨੁੱਖ ਹਾਸਲ ਕਰ ਸਕਦਾ ਹੈ:

ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥
ਦੇਹੀ ਮਹਿ ਇਸ ਕਾ ਬਿਸ੍ਰਾਮੁ॥ *(ਗਉੜੀ ਸੁਖਮਨੀ ਮ: ੫, ਪੰਨਾ 293)*

ਅਰਥ : (ਉਸ ਮਨੁੱਖ ਦੇ) ਸਰੀਰ ਵਿਚ ਪ੍ਰਭੂ ਦੇ ਉਸ ਨਾਮ ਦਾ ਟਿਕਾਣਾ (ਹੋ ਜਾਂਦਾ ਹੈ) ਜੋ (ਮਾਨੋ, ਜਗਤ ਦੇ) ਨੌਂ ਹੀ ਖ਼ਜ਼ਾਨਿਆਂ (ਦੇ ਤੁੱਲ) ਹੈ ਤੇ ਅੰਮ੍ਰਿਤ ਹੈ।

ਚੂੰਕਿ ਇਹ ਨਉਨਿਧਿ ਖ਼ਜ਼ਾਨਾ ਮਨੁੱਖ ਦੇ ਅੰਦਰ ਹੀ ਹੈ, ਇਸ ਲਈ ਇਸ ਨੂੰ ਬਾਹਰ ਢੂੰਢਣ ਦੀ ਬਜਾਏ ਅੰਦਰੋਂ ਹੀ ਲੱਭਣਾ ਹੈ :

ਜਾ ਤੂੰ ਤੁਸਹਿ ਮਿਹਰਵਾਨ ਨਉ ਨਿਧਿ ਘਰ ਮਹਿ ਪਾਹਿ॥
(ਵਾਰ ਗੂਜਰੀ ਮ: ੫, ਪੰਨਾ 518)

ਅਰਥ : ਹੇ ਮਿਹਰਬਾਨ ਪ੍ਰਭੂ! ਜੇ ਤੂੰ ਤ੍ਰੁੱਠ ਪਏਂ ਤਾਂ ਜੀਵ, ਮਾਨੋ, ਨੌਂ ਖ਼ਜ਼ਾਨੇ (ਹਿਰਦੇ) ਘਰ ਵਿਚ ਹੀ ਲੱਭ ਲੈਂਦੇ ਹਨ।

ਇਸ ਨਉਨਿਧਿ (ਨਾਮ) ਨੂੰ ਹਾਸਲ ਕਰਨ ਲਈ ਪ੍ਰਚਲਿਤ ਤੌਰ-ਤਰੀਕੇ (ਹੱਠ ਤਪ ਆਦਿ) ਅਪਣਾਉਣ ਦੀ ਬਿਲਕੁਲ ਹੀ ਲੋੜ ਨਹੀਂ। ਇਨ੍ਹਾਂ ਨਉ ਨਿਧੀਆਂ ਦੀ ਪ੍ਰਾਪਤੀ ਦੇ ਢੰਗ ਗੁਰੂ ਗ੍ਰੰਥ ਸਾਹਿਬ ਵਿਚ ਇਉਂ ਦਰਸਾਏ ਗਏ ਹਨ :

(ੳ) **ਨਵ ਨਿਧੇ ਨਉ ਨਿਧੇ ਮੇਰੇ ਘਰ ਮਹਿ ਆਈ ਰਾਮ॥**
ਸਭੁ ਕਿਛੁ ਮੈ ਸਭੁ ਕਿਛੁ ਪਾਇਆ ਨਾਮੁ ਧਿਆਈ ਰਾਮ॥
(ਆਸਾ ਮਹਲਾ ੫, ਪੰਨਾ 452)

ਅਰਥ : ਹੇ ਭਾਈ! ਹੁਣ ਮੈਂ ਪਰਮਾਤਮਾ ਦਾ ਨਾਮ ਸਿਮਰਦਾ ਹਾਂ, ਮੈਨੂੰ ਹਰੇਕ ਪਦਾਰਥ ਮਿਲ ਗਿਆ ਹੈ, ਮੈਂ ਸਭ ਕੁਝ ਲੱਭ ਲਿਆ ਹੈ, ਸ੍ਰਿਸ਼ਟੀ ਦੇ ਸਾਰੇ ਹੀ ਨੌਂ ਖ਼ਜ਼ਾਨੇ ਮੇਰੇ ਹਿਰਦੇ-ਘਰ ਵਿਚ ਆ ਟਿਕੇ ਹਨ।

(ਅ) **ਇਸੁ ਕਾਇਆ ਅੰਦਰਿ ਨਾਮੁ ਨਉ ਨਿਧਿ ਪਾਈਐ ਗੁਰ ਕੈ ਸਬਦਿ ਵੀਚਾਰਾ॥**
(ਸੂਹੀ ਮਹਲਾ ੩, ਪੰਨਾ 754)

ਅਰਥ : ਗੁਰੂ ਦੇ ਸ਼ਬਦ ਰਾਹੀਂ ਵਿਚਾਰ ਕਰਕੇ ਇਸ ਸਰੀਰ ਦੇ ਵਿੱਚੋਂ ਹੀ ਪਰਮਾਤਮਾ ਦਾ ਨਾਮ ਪ੍ਰਾਪਤ ਹੋ ਜਾਂਦਾ ਹੈ, ਜਿਹੜਾ (ਮਾਨੋ ਧਰਤੀ ਦੇ) ਨੌਂ ਹੀ ਖ਼ਜ਼ਾਨੇ ਹਨ।

(ੲ) **ਨਾਨਕ ਨਉ ਨਿਧਿ ਪਾਈਐ ਜੇ ਚਲੈ ਤਿਸੈ ਰਜਾਇ॥**
(ਵਾਰ ਰਾਮਕਲੀ ਮ: ੩, ਪੰਨਾ 949)

ਅਰਥ : ਹੇ ਨਾਨਕ! ਮਨੁੱਖ ਨੂੰ ਸਾਰੇ ਹੀ ਨੌਂ ਖ਼ਜ਼ਾਨੇ ਮਿਲ ਜਾਂਦੇ ਹਨ, ਜੇ ਮਨੁੱਖ (ਇਸ ਸਾਗਰ ਵਿਚ ਵਿਆਪਕ ਪ੍ਰਭੂ ਦੀ) ਰਜ਼ਾ ਵਿਚ ਤੁਰੇ।

(ਸ) **ਨਉ ਨਿਧਿ ਨਾਮੁ ਨਿਧਾਨੁ ਗੁਰ ਕੈ ਸਬਦਿ ਲਾਗੁ॥**
(ਵਾਰ ਰਾਮਕਲੀ ਮ: ੫, ਪੰਨਾ 959)

ਅਰਥ : (ਹੇ ਭਾਈ!) ਗੁਰੂ ਦੇ ਸ਼ਬਦ ਵਿਚ ਜੁੜ, ਪਰਮਾਤਮਾ ਦਾ ਨਾਮ-ਰੂਪ ਨੌਂ ਖ਼ਜ਼ਾਨੇ (ਮਿਲ ਜਾਣਗੇ)।

(ਹ) **ਇਸੁ ਮਨ ਕਉ ਕੋਈ ਖੋਜਹੁ ਭਾਈ॥**
ਮਨੁ ਖੋਜਤ ਨਾਮੁ ਨਉ ਨਿਧਿ ਪਾਈ॥ *(ਭੈਰਉ ਮ: ੩, ਪੰਨਾ 1128)*

ਅਰਥ : ਹੇ ਭਾਈ! ਆਪਣੇ ਇਸ ਮਨ ਨੂੰ ਖੋਜਦੇ ਰਿਹਾ ਕਰੋ। ਮਨ (ਦੀ ਦੌੜ-ਭੱਜ) ਦੀ ਪੜਤਾਲ ਕਰਦਿਆਂ ਪਰਮਾਤਮਾ ਦਾ ਨਾਮ ਮਿਲ ਜਾਂਦਾ ਹੈ, ਇਹ ਨਾਮ ਹੀ (ਮਾਨੋ) ਧਰਤੀ ਦੇ ਸਾਰੇ ਨੌਂ ਖ਼ਜ਼ਾਨੇ ਹਨ।

ਇਸ ਨਾਮ ਧਨ (ਨਉਨਿਧਿ) ਨੂੰ ਹਾਸਲ ਕਰਨ ਵਾਲਿਆਂ ਦੇ ਮਨ ਵਿੱਚੋਂ ਹੋਰ ਧਨ ਦੀ ਅਥਵਾ ਪੁਰਾਣ ਸਾਹਿਤ ਵਿਚ ਵਰਣਿਤ ਨਿਧੀਆਂ ਦੀ ਲਾਲਸਾ ਨਹੀਂ ਰਹਿੰਦੀ :

(ੳ) **ਨਉ ਨਿਧਿ ਨਾਮੁ ਵਸਿਆ ਘਟ ਅੰਤਰਿ ਛੋਡਿਆ ਮਾਇਆ ਕਾ ਲਾਹਾ ਹੇ ॥**

(ਮਾਰੂ ਮਹਲਾ ੩, ਪੰਨਾ 1057)

ਅਰਥ : (ਜਿਸ ਮਨੁੱਖ ਦੇ ਹਿਰਦੇ ਵਿਚ ਪਰਮਾਤਮਾ ਦਾ ਪਿਆਰ ਹੈ), ਉਸ ਦੇ ਹਿਰਦੇ ਵਿਚ ਸਾਰੇ ਹੀ ਸੁੱਖਾਂ ਤੇ ਪਦਾਰਥਾਂ ਦਾ ਖ਼ਜ਼ਾਨਾ ਹਰਿ-ਨਾਮ ਵੱਸਦਾ ਹੈ, ਉਹ ਮਾਇਆ ਨੂੰ ਅਸਲ ਖੱਟੀ ਮੰਨਣਾ ਛੱਡ ਦੇਂਦਾ ਹੈ।

(ਅ) **ਨਉ ਨਿਧਿ ਤੇਰੈ ਅਖੁਟ ਭੰਡਾਰਾ ॥**
ਜਿਸੁ ਤੂੰ ਦੇਹਿ ਸੁ ਤ੍ਰਿਪਤਿ ਅਘਾਵੈ ਸੋਈ ਭਗਤੁ ਤੁਮਾਰਾ ਜੀਉ ॥

(ਮਾਝ ਮ: ੫, ਪੰਨਾ 97)

ਅਰਥ : ਹੇ ਦਾਤਾਰ! ਤੇਰੇ ਘਰ ਵਿਚ (ਜਗਤ ਦੇ ਸਾਰੇ) ਨੌਂ ਹੀ ਖ਼ਜ਼ਾਨੇ ਮੌਜੂਦ ਹਨ, ਤੇਰੇ ਖ਼ਜ਼ਾਨਿਆਂ ਵਿਚ ਕਦੇ ਤੋਟ ਨਹੀਂ ਆਉਂਦੀ। (ਪਰ) ਜਿਸ ਨੂੰ (ਤੂੰ ਆਪਣੇ ਨਾਮ ਦੀ ਦਾਤਿ) ਦੇਂਦਾ ਹੈਂ, ਉਹ (ਦੁਨੀਆਂ ਦੇ ਪਦਾਰਥਾਂ ਵੱਲੋਂ) ਰੱਜ ਜਾਂਦਾ ਹੈ, ਤ੍ਰਿਪਤ ਹੋ ਜਾਂਦਾ ਹੈ, ਤੇ ਹੇ ਪ੍ਰਭੂ! ਉਹੀ ਤੇਰਾ ਭਗਤ (ਅਖਵਾ ਸਕਦਾ) ਹੈ।

ਭਾਈ ਗੁਰਦਾਸ ਜੀ ਗੁਰਬਾਣੀ ਦੇ ਇਸ ਸੱਚ ਸੰਬੰਧੀ ਇਉਂ ਫ਼ੁਰਮਾਂਦੇ ਹਨ:

ਅਠ ਸਿਧੀ ਨਿਧੀ ਨਵੈ ਰਿਧਿ ਨ ਗੁਰੁ ਸਿਖੁ ਢਾਕੇ ਟੰਗੈ।

(ਵਾਰ 28, ਪਉੜੀ 2)

ਅਰਥ : ਅੱਠ ਸਿਧੀਆਂ, ਨੌਂ ਨਿਧਾਂ, ਅਠਾਰਾਂ ਰਿਧੀਆਂ ਨੂੰ ਗੁਰਸਿੱਖ ਲੋੜ ਵੇਲੇ ਵੀ ਨਹੀਂ ਮੰਗਦੇ।

ਸੋ, ਗੱਲ ਕੀ, ਗੁਰੂ ਗ੍ਰੰਥ ਸਾਹਿਬ ਵਿਚ 'ਨਉਨਿਧਿ' ਤੋਂ ਭਾਵ ਉਸ ਆਤਮਿਕ ਖ਼ਜ਼ਾਨੇ ਤੋਂ ਹੈ, ਜਿਸ ਨੂੰ ਗੁਰਬਾਣੀ ਵਿਚਲੇ ਭਾਵ ਨੂੰ ਹਿਰਦੇ ਵਿਚ ਵਸਾਇਆਂ ਹਾਸਲ ਕਰ ਸਕੀਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਹੀ 'ਨਉਨਿਧਿ' ਦਾ ਸਰੂਪ ਹੈ। ਇਸ ਨੂੰ ਹੀ ਹਾਸਲ ਕਰਨ ਲਈ ਮਨੁੱਖ ਨੂੰ ਹੰਭਲਾ ਮਾਰਨ ਦੀ ਪ੍ਰੇਰਨਾ ਕੀਤੀ ਗਈ ਹੈ ਅਤੇ ਨਉਨਿਧੀਆਂ ਬਾਰੇ ਇਹੀ ਗੁਰਬਾਣੀ ਦਾ ਸੱਚ ਹੈ। ਇਨ੍ਹਾਂ ਨਿਧੀਆਂ ਨੂੰ ਕਿਧਰੇ ਬਾਹਰੋਂ ਨਹੀਂ, ਬਲਕਿ ਗੁਰਬਾਣੀ ਰੂਪ ਸਾਗਰ ਵਿੱਚੋਂ ਖੋਜ ਕੇ, ਲੱਭ ਕੇ ਪੱਲੇ ਬੰਨ੍ਹਣ ਦੀ ਲੋੜ ਹੈ :

ਨਉ ਨਿਧਿ ਨਾਮੁ ਨਿਧਾਨੁ ਹਰਿ ਮੈ ਪਲੈ ਬਧਾ ਛਿਕਿ ਜੀਉ ॥

(ਸਿਰੀਰਾਗੁ ਮ: ੫, ਪੰਨਾ 73)

ਅਰਥ : ਪਰਮਾਤਮਾ ਦਾ ਨਾਮ-ਖ਼ਜ਼ਾਨਾ ਹੀ (ਮੇਰੇ ਵਾਸਤੇ) ਜਗਤ ਦੇ ਨੌਂ ਖ਼ਜ਼ਾਨੇ ਹੈ, ਮੈਂ ਉਸ ਨਾਮ-ਧਨ ਨੂੰ ਆਪਣੇ (ਹਿਰਦੇ ਦੇ) ਪੱਲੇ ਵਿਚ ਘੁੱਟ ਕੇ ਬੰਨ੍ਹ ਲਿਆ ਹੈ।

ਚੌਦਾਂ ਰਤਨ

ਗੁਰੂ ਗ੍ਰੰਥ ਸਾਹਿਬ ਵਿਚ ਆਏ ਅਨੇਕਾਂ ਪੁਰਾਣਿਕ ਹਵਾਲਿਆਂ ਵਿੱਚੋਂ ਹੀ ਇਕ ਹਵਾਲਾ 'ਚੌਦਹ ਰਤਨਾਂ' ਬਾਰੇ ਵੀ ਹੈ। ਜਿਵੇਂ ਪੁਰਾਣ ਸਾਹਿਤ ਅਤੇ ਹੋਰ ਅਨਮਤੀ ਹਵਾਲਿਆਂ ਦਾ ਗੁਰਬਾਣੀ ਦੇ ਸੱਚ ਨਾਲ ਕੋਈ ਸੰਬੰਧ ਨਹੀਂ ਹੈ, ਉਸੇ ਤਰ੍ਹਾਂ ਇਸ ਹਵਾਲੇ ਦਾ ਵੀ ਗੁਰਬਾਣੀ ਦੇ ਸੱਚ ਨਾਲ ਕੋਈ ਸੰਬੰਧ ਨਹੀਂ ਹੈ। ਭਾਵ, ਪੁਰਾਣ ਸਾਹਿਤ 'ਚ 'ਚੌਦਹ ਰਤਨਾਂ' ਦੀ ਉਤਪਤੀ ਆਦਿ ਬਾਰੇ ਜੋ ਧਾਰਨਾ ਹੈ, ਬਾਣੀ ਰਚੇਤਾ ਉਸ ਨਾਲ ਸਹਿਮਤ ਨਹੀਂ ਹਨ।

ਪੁਰਾਣ ਸਾਹਿਤ ਵਿਚ 'ਚੌਦਹ ਰਤਨਾਂ' ਬਾਰੇ ਜੋ ਧਾਰਨਾ ਹੈ, ਉਸ ਦਾ ਸੰਖੇਪ 'ਚ ਵਰਨਣ ਕਰ ਰਹੇ ਹਾਂ ਤਾਂ ਕਿ ਇਨ੍ਹਾਂ ਬਾਰੇ ਪੁਰਾਣਿਕ ਅਤੇ ਗੁਰਮਤਿ ਦਾ ਦ੍ਰਿਸ਼ਟੀਕੋਣ ਦੇਖ ਕੇ ਗੁਰਬਾਣੀ ਦਾ ਸੱਚ ਸਮਝਿਆ ਜਾ ਸਕੇ। ਪੁਰਾਣਿਕ ਵਿਸ਼ਵਾਸ ਅਨੁਸਾਰ ਦੇਵਤਿਆਂ ਅਤੇ ਦੈਂਤਾਂ ਨੇ ਜਦ ਸੁਮੇਰ ਪਰਬਤ ਦੀ ਮਧਾਣੀ ਅਤੇ ਬਾਸ਼ਕ ਨਾਗ ਦਾ ਨੇਤ੍ਰਾ ਬਣਾ ਕੇ ਖੀਰ ਸਮੁੰਦਰ ਨੂੰ ਰਿੜਕਿਆ ਸੀ, ਤਾਂ ਇਸ ਵਿੱਚੋਂ ਚੌਦਾਂ ਰਤਨ ਨਿਕਲੇ ਸਨ। ਉਹ ਚੌਦਾਂ ਰਤਨ ਇਹ ਹਨ : ਉਚੈ : ਸ਼੍ਰਵਾ (ਉੱਚੇ ਕੰਨ ਵਾਲਾ ਚਿੱਟਾ ਘੋੜਾ), ਕਾਮਧੇਨ, ਕਲਪ-ਬ੍ਰਿਛ, ਰੰਭਾ ਅਪਸਰਾ, ਲੱਛਮੀ, ਅੰਮ੍ਰਿਤ, ਕਾਲਕੂਟ/ਜ਼ਹਿਰ, ਸੁਰਾ/ਸ਼ਰਾਬ, ਚੰਦ੍ਰਮਾ, ਧਨੰਤਰਿ (ਵੈਦ), ਸੰਖ, ਕੌਸਤੁਭ ਮਣਿ, ਸਾਰੰਗ ਧਨੁਖ ਤੇ ਐਰਾਵਤੀ ਹਾਥੀ (ਚਿੱਟੇ ਰੰਗ ਦਾ ਚਾਰ ਦੰਦਾਂ ਵਾਲਾ ਹਾਥੀ)। ਸਾਡਾ ਮਨੋਰਥ ਪੁਰਾਣ ਸਾਹਿਤ ਵਿਚਲੀਆਂ ਇਨ੍ਹਾਂ ਕਥਾਵਾਂ ਦੀ ਪੜਚੋਲ ਕਰਨਾ ਨਹੀਂ ਹੈ, ਇਸ ਲਈ ਇਹ ਪੁਰਾਣਿਕ ਕਥਾ ਸੱਚ ਦੀ ਕਸਵੱਟੀ ਉੱਤੇ ਕਿੰਨੀ ਕੁ ਪੂਰੀ ਉਤਰਦੀ ਹੈ, ਇਸ ਦੀ ਚਰਚਾ ਤੋਂ ਸੰਕੋਚ ਕਰਦੇ ਹੋਏ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਸ ਦੇ ਆਏ ਹਵਾਲੇ ਤਕ ਹੀ ਸੀਮਤ ਰਹਿ ਰਹੇ ਹਾਂ।

[*ਨੋਟ:* ਕਈ ਤੇਰ੍ਹਾਂ ਰਤਨ ਮੰਨਦੇ ਹਨ, ਉਨ੍ਹਾਂ ਅਨੁਸਾਰ 'ਵਿਖ' ਰਤਨ ਨਹੀਂ ਹੈ।]

ਭਾਈ ਗੁਰਦਾਸ ਜੀ ਇਸ ਧਾਰਨਾ ਵੱਲ ਹੀ ਇਸ਼ਾਰਾ ਕਰਦਿਆਂ ਲਿਖਦੇ ਹਨ :

ਤੇਰਹ ਰਤਨ ਅਕਾਰਥੇ ਗੁਰ ਉਪਦੇਸੁ ਰਤਨੁ ਧਨੁ ਪਾਇਆ।

(ਵਾਰ 7, ਪਉੜੀ 13)

ਅਰਥ : ਤੇਰ੍ਹਾਂ ਰਤਨ ਵਿਅਰਥ ਹਨ, ਗੁਰ-ਉਪਦੇਸ਼ ਰਤਨ ਇੱਕੋ ਹੀ ਜਿਨ੍ਹਾਂ ਕੋਲ ਹੈ, ਉਨ੍ਹਾਂ ਨਾਮ ਧਨ ਪਾਇਆ ਹੈ।

ਗੁਰੂ ਗ੍ਰੰਥ ਸਾਹਿਬ ਜੀ ਦੀਆਂ ਜਿਨ੍ਹਾਂ ਪੰਗਤੀਆਂ ਵਿਚ 'ਚੌਦਾਂ ਰਤਨਾਂ' ਦਾ ਹਵਾਲਾ ਮਿਲਦਾ ਹੈ, ਉਨ੍ਹਾਂ ਵਿੱਚੋਂ ਕੁਝ ਕੁ ਇਸ ਤਰ੍ਹਾਂ ਹਨ :

(ੳ) **ਰਤਨ ਉਪਾਇ ਧਰੇ ਖੀਰੁ ਮਥਿਆ ਹੋਰਿ ਭਖਲਾਏ ਜਿ ਅਸੀ ਕੀਆ ॥**
ਕਹੈ ਨਾਨਕੁ ਛਪੈ ਕਿਉ ਛਪਿਆ ਏਕੀ ਏਕੀ ਵੰਡਿ ਦੀਆ ॥

(ਆਸਾ ਮ: ੧, ਪੰਨਾ 351)

ਅਰਥ : (ਕਹਿੰਦੇ ਹਨ ਕਿ ਦੇਵਤਿਆਂ ਤੇ ਦੈਂਤਾਂ ਨੇ ਰਲ ਕੇ) ਸਮੁੰਦਰ ਰਿੜਕਿਆ ਤੇ (ਉਸ ਵਿੱਚੋਂ) ਚੌਦਾਂ ਰਤਨ ਕੱਢੇ, (ਵੰਡਣ ਵੇਲੇ ਉਹ ਦੋਵੇਂ ਧੜੇ) ਗ਼ੁੱਸੇ ਵਿਚ ਆ ਕੇ ਆਖਣ ਲੱਗੇ ਕਿ ਇਹ ਰਤਨ ਅਸਾਂ ਕੱਢੇ ਹਨ, ਅਸਾਂ ਕੱਢੇ ਹਨ (ਆਪਣੇ ਵੱਲੋਂ ਪਰਮਾਤਮਾ ਦੀ ਵਡਿਆਈ ਬਿਆਨ ਕਰਨ ਲਈ ਕਹਿੰਦੇ ਹਨ ਕਿ ਪਰਮਾਤਮਾ ਨੇ ਮੋਹਣੀ ਅਵਤਾਰ ਧਾਰ ਕੇ ਉਹ ਰਤਨ) ਇਕ-ਇਕ ਕਰ ਕੇ ਵੰਡ ਦਿੱਤੇ, (ਪਰ) ਨਾਨਕ ਆਖਦੇ ਹਨ (ਕਿ ਨਿਰੇ ਇਹ ਰਤਨ ਵੰਡਣ ਨਾਲ ਪਰਮਾਤਮਾ ਦੀ ਕੇਹੜੀ ਵਡਿਆਈ ਬਣ ਗਈ, ਉਸ ਦੀਆਂ ਵਡਿਆਈਆਂ ਤਾਂ ਉਸ ਦੀ ਰਚੀ ਕੁਦਰਤਿ ਵਿੱਚੋਂ ਥਾਂ-ਥਾਂ ਦਿੱਸ ਰਹੀਆਂ ਹਨ)। ਉਹ ਭਾਵੇਂ ਆਪਣੀ ਕੁਦਰਤਿ ਵਿਚ ਰਮਿਆ ਹੋਇਆ ਹੈ, ਪਰ ਲੁਕਿਆ ਰਹਿ ਨਹੀਂ ਸਕਦਾ (ਪ੍ਰਤੱਖ ਉਸ ਦੀ ਬੇਅੰਤ ਕੁਦਰਤਿ ਦੱਸ ਰਹੀ ਹੈ ਕਿ ਉਹ ਬਹੁਤ ਤਾਕਤਾਂ ਦਾ ਮਾਲਕ ਹੈ)।

(ਅ) **ਅੰਮ੍ਰਿਤ ਸਸੀਅ ਧੇਨ ਲਛਿਮੀ ਕਲਪਤਰ ਸਿਖਰਿ ਸੁਨਾਗਰ ਨਦੀ ਚੇ ਨਾਥੰ ॥**

(ਧਨਾਸਰੀ ਤ੍ਰਿਲੋਚਨ ਜੀ, ਪੰਨਾ 695)

ਅਰਥ : ਭਾਵੇਂ ਉਹ (ਸਮੁੰਦਰ) ਸਾਰੀਆਂ ਨਦੀਆਂ ਦਾ ਨਾਥ ਹੈ ਤੇ ਉਸ ਵਿੱਚੋਂ ਅੰਮ੍ਰਿਤ, ਚੰਦ੍ਰਮਾ, ਕਾਮਧੇਨ, ਲੱਛਮੀ, ਕਲਪ-ਰੁੱਖ, ਸੱਤ-ਮੂੰਹਾ ਘੋੜਾ, ਧਨੰਤਰੀ ਵੈਦ (ਆਦਿਕ ਚੌਦਾਂ ਰਤਨ) ਨਿਕਲੇ ਸਨ।

(ੲ) **ਪਾਣੀ ਵਿਚਹੁ ਰਤਨ ਉਪੰਨੇ ਮੇਰੁ ਕੀਆ ਮਾਧਾਣੀ ॥** *(ਵਾਰ ਮਾਝ ਮ: ੧, ਪੰਨਾ 150)*

ਅਰਥ : ਜਦੋਂ ਦੇਵਤਿਆਂ ਨੇ ਸੁਮੇਰ ਪਰਬਤ ਨੂੰ ਮਧਾਣੀ ਬਣਾ ਕੇ (ਸਮੁੰਦਰ ਰਿੜਕਿਆ ਸੀ) ਤਦੋਂ (ਪਾਣੀ ਵਿੱਚੋਂ) ਹੀ ਰਤਨ ਨਿਕਲੇ ਸਨ।

(ਸ) **ਕਈ ਕੋਟਿ ਕੀਏ ਰਤਨ ਸਮੁਦ ॥** *(ਗਉੜੀ ਸੁਖਮਨੀ ਮ: ੫, ਪੰਨਾ 276)*

ਅਰਥ : ਸਮੁੰਦਰ ਵਿਚ ਕਰੋੜਾਂ ਰਤਨ ਪੈਦਾ ਕਰ ਦਿੱਤੇ ਹਨ।

ਇਨ੍ਹਾਂ ਉਪਰੋਕਤ ਪੰਗਤੀਆਂ ਵਿਚ ਪਹਿਲੀਆਂ ਤਿੰਨ ਪੰਗਤੀਆਂ (ੳ, ਅ ਅਤੇ ੲ) ਵਿਚ ਪੁਰਾਣ ਸਾਹਿਤ ਵਿਚ ਵਰਣਿਤ ਕਥਾ ਵੱਲ ਹੀ ਇਸ਼ਾਰਾ ਕੀਤਾ ਗਿਆ ਹੈ। ਪਰੰਤੂ ਗੁਰੂ ਸਾਹਿਬ ਨੇ ਇਨ੍ਹਾਂ ਪੰਗਤੀਆਂ ਰਾਹੀਂ ਪੁਰਾਣਾਂ ਵਿਚ ਵਰਣਿਤ ਕਥਾ ਨੂੰ ਸੱਚਾ ਸਵੀਕਾਰ ਨਹੀਂ ਕੀਤਾ ਹੈ। ਇਸ ਭਾਵ ਨੂੰ ਜਿਨ੍ਹਾਂ ਸ਼ਬਦਾਂ 'ਚੋਂ ਇਹ ਤੁਕਾਂ ਲਈਆਂ ਗਈਆਂ ਹਨ, ਉਨ੍ਹਾਂ ਦੇ ਸਮੁੱਚੇ ਭਾਵਾਰਥ ਵੱਲ ਨਿਗਾਹ ਮਾਰਿਆਂ ਸਹਿਜੇ ਹੀ ਇਸ ਗੱਲ ਨੂੰ ਸਮਝਿਆ ਜਾ ਸਕਦਾ ਹੈ।

'ੳ' ਵਾਲੀ ਪੰਗਤੀ ਜਿਸ ਸ਼ਬਦ ਵਿੱਚੋਂ ਹੈ, ਉਸ ਦੀਆਂ 'ਰਹਾਉ' ਦੀਆਂ ਪੰਗਤੀਆਂ ਹਨ :

ਕਿਆ ਉਪਮਾ ਤੇਰੀ ਆਖੀ ਜਾਇ ॥
ਤੂੰ ਸਰਬੇ ਪੂਰਿ ਰਹਿਆ ਲਿਵ ਲਾਇ ॥੧॥ *(ਆਸਾ ਮ: ੧, ਪੰਨਾ 350)*

'ਰਹਾਉ' ਦੀਆਂ ਇਨ੍ਹਾਂ ਪੰਗਤੀਆਂ ਦਾ ਹੀ ਸ਼ਬਦ ਦੇ ਬਾਕੀ ਬੰਦਾਂ ਵਿਚ ਵਿਸਤਾਰ ਹੈ। ਇਸ ਲਈ ਇਸ ਸ਼ਬਦ ਦਾ ਵਿਸ਼ਾ ਪ੍ਰਭੂ ਦੀ ਬੇਅੰਤਤਾ ਦਾ ਹੈ, ਨਾ ਕਿ ਕਿਸੇ ਪੁਰਾਣਿਕ ਵਿਸ਼ਵਾਸ ਦਾ। ਸੋ, ਹਜ਼ੂਰ ਪ੍ਰਚਲਿਤ ਪੁਰਾਣਿਕ ਕਹਾਣੀ ਵੱਲ ਇਸ਼ਾਰਾ ਕਰ ਰਹੇ ਹਨ, ਜਿਸ ਅਨੁਸਾਰ ਜਿਸ ਸਮੇਂ ਦੇਵਤਿਆਂ ਅਤੇ ਦੈਂਤਾਂ ਵਿਚ ਚੌਦਾਂ ਰਤਨਾਂ ਦੀ ਵੰਡ-ਵੰਡਾਈ ਨੂੰ ਲੈ ਕੇ ਆਪਸ ਵਿਚ ਝਗੜਾ ਹੋ ਗਿਆ। ਇਨ੍ਹਾਂ ਦੇ ਝਗੜੇ ਨੂੰ ਮਿਟਾਉਣ ਲਈ ਵਿਸ਼ਨੂੰ ਨੇ ਮੋਹਨੀ ਦਾ ਅਵਤਾਰ ਧਾਰ ਕੇ ਇਨ੍ਹਾਂ ਰਤਨਾਂ ਨੂੰ ਇਨ੍ਹਾਂ ਵਿਚ ਵੰਡਣ ਦੀ ਕਾਰਵਾਈ ਨਿਭਾਈ। ਮਹਾਰਾਜ ਇਸ ਘਟਨਾ ਦਾ ਜ਼ਿਕਰ ਕਰਦਿਆਂ ਹੋਇਆਂ ਫ਼ੁਰਮਾਂਦੇ ਹਨ ਕਿ ਇਸ ਤਰ੍ਹਾਂ ਦੀ ਵੰਡ-ਵੰਡਾਈ ਕਰਨ ਵਿਚ ਕੀ ਵਡਿਆਈ ਹੈ ? ਉਸ ਪ੍ਰਭੂ ਦੀ ਵਡਿਆਈ ਤਾਂ ਥਾਂ-ਪੁਰ-ਥਾਂ ਦਿਖਾਈ ਦੇ ਰਹੀ ਹੈ।

'ਅ' ਵਾਲੀ ਪੰਗਤੀ ਜਿਸ ਸ਼ਬਦ 'ਚੋਂ ਹੈ, ਉਸ ਸ਼ਬਦ ਦੀਆਂ 'ਰਹਾਉ' ਦੀਆਂ ਪੰਗਤੀਆਂ ਹਨ :

ਨਾਰਾਇਣ ਨਿੰਦਸਿ ਕਾਇ ਭੂਲੀ ਗਵਾਰੀ॥
ਦੁਕ੍ਰਿਤੁ ਸੁਕ੍ਰਿਤੁ ਥਾਰੋ ਕਰਮੁ ਰੀ ॥੧॥ਰਹਾਉ॥ *(ਧਨਾਸਰੀ ਤ੍ਰਿਲੋਚਨ ਜੀ, ਪੰਨਾ 695)*

ਭਗਤ ਤ੍ਰਿਲੋਚਨ ਜੀ ਅਜਿਹਾ ਵਿਸ਼ਵਾਸ ਰੱਖਣ ਵਾਲਿਆਂ ਨੂੰ ਪ੍ਰਭੂ ਦੀ ਚਰਣ ਸ਼ਰਨ ਵਿਚ ਆਉਣ ਦੀ ਪ੍ਰੇਰਨਾ ਦੇਂਦਿਆਂ ਹੋਇਆਂ ਇਹ ਆਖਦੇ ਹਨ ਕਿ ਕੇਵਲ ਅਕਾਲ ਪੁਰਖ ਹੀ ਮਨੁੱਖੀ ਮਨ ਵਿਚ ਉੱਕਰੇ ਸੰਸਕਾਰਾਂ ਨੂੰ ਮਿਟਾਉਣ ਦੇ ਸਮਰੱਥ ਹੈ। ਇਹ ਗੱਲ ਸਮਝਾਉਣ ਲਈ ਪੁਰਾਣਿਕ ਕਹਾਣੀਆਂ ਦਾ ਹਵਾਲਾ ਦੇ ਕੇ ਦਰਸਾਇਆ ਹੈ ਕਿ ਇਨ੍ਹਾਂ ਕਹਾਣੀਆਂ ਵਿਚ ਹੀ ਇਹ ਗੱਲ ਆਖੀ ਗਈ ਹੈ ਕਿ ਕੀਤੇ ਕਰਮਾਂ ਦੇ ਸੰਸਕਾਰਾਂ ਤੋਂ ਛੁਟਕਾਰਾ ਹਾਸਲ ਨਹੀਂ ਹੋ ਸਕਦਾ। ਇਸ ਲਈ ਤੁਸੀਂ ਅਵਤਾਰ, ਸੂਰਜ ਆਦਿ ਦੀ ਪੂਜਾ ਤੋਂ ਉਪਰ ਉੱਠ ਕੇ ਕੇਵਲ ਉਸ ਪ੍ਰਭੂ ਦੀ ਹੀ ਸ਼ਰਣ ਵਿਚ ਆਵੋ। ਇਸ ਉਪਰੋਕਤ ਪੰਗਤੀ ਵਿਚ ਚੰਦ੍ਰਮਾ, ਕਾਮਧੇਨ, ਕਲਪਬ੍ਰਿਛ ਆਦਿ ਦਾ ਵਰਣਨ ਕਰਦਿਆਂ ਹੋਇਆਂ ਇਹ ਸਮਝਾਇਆ ਹੈ ਕਿ ਤੁਸੀਂ ਲੋਕ ਆਪ ਹੀ ਇਹ ਗੱਲ ਮੰਨਦੇ ਹੋ ਕਿ ਜਿਸ ਸਮੁੰਦਰ ਵਿੱਚੋਂ ਇਹ ਰਤਨ ਨਿਕਲੇ ਹਨ, ਉਹ ਸਮੁੰਦਰ ਆਪਣੇ ਕਰਮ ਕਰਕੇ ਖਾਰਾ ਹੀ ਹੈ। ਜੇਕਰ ਇਹ ਰਤਨ (ਚੰਦ੍ਰਮਾ, ਕਾਮਧੇਨ, ਕਲਪਬ੍ਰਿਛ ਆਦਿ) ਉਸ (ਸਮੁੰਦਰ) ਦਾ ਖਾਰਾਪਣ ਨਹੀਂ ਮਿਟਾ ਸਕੇ ਤਾਂ ਤੁਸੀਂ ਇਨ੍ਹਾਂ ਤੋਂ ਕੀ ਆਸ ਲਗਾਈ ਬੈਠੇ ਹੋ ?

'ੲ' ਪੰਗਤੀ ਵਿਚ ਪਾਣੀ ਦੀ ਮਹੱਤਤਾ ਦਰਸਾਉਂਦਿਆਂ ਹੋਇਆਂ ਇਸ ਪੁਰਾਣਿਕ ਕਥਾ ਵੱਲ ਇਸ਼ਾਰਾ ਕਰਦੇ ਹਨ ਕਿ ਪਾਣੀ ਦੀ ਮਹੱਤਤਾ ਤੋਂ ਲੋਕ ਪੁਰਾਣੇ ਸਮੇਂ ਤੋਂ ਜਾਣੂ ਹਨ। ਇਸ ਦੇ ਨਾਲ ਗੁਰੂ ਰੂਪੀ ਸਮੁੰਦਰ ਵਿਚ ਆਤਮਿਕ ਇਸ਼ਨਾਨ ਦਾ ਵਰਣਨ ਕਰਕੇ, ਇਸ (ਆਤਮਿਕ) ਇਸ਼ਨਾਨ ਦੀ ਮਹੱਤਤਾ ਤੋਂ ਮਨੁੱਖ ਨੂੰ ਜਾਣੂ ਕਰਾ ਰਹੇ ਹਨ।

'ਸ' ਵਾਲੀ ਪੰਗਤੀ ਵਿਚ ਅਕਾਲ ਪੁਰਖ ਦੀ ਬੇਅੰਤਤਾ ਦਾ ਵਰਣਨ ਕਰਦਿਆਂ ਹੋਇਆਂ ਪ੍ਰਭੂ ਰਚਨਾ ਦੀ ਕਿਸੇ ਵੀ ਗਿਣਤੀ-ਮਿਣਤੀ ਆਦਿ ਨੂੰ ਦਰਸਾਉਣ ਵਾਲੀ ਸ਼ਬਦਾਵਲੀ ਸੰਬੰਧੀ ਵੀ ਬੇਅੰਤਤਾ ਵਾਲਾ ਭਾਵ ਪ੍ਰਗਟ ਕਰ ਰਹੇ ਹਨ।

ਬਾਣੀ ਰਚੇਤਿਆਂ ਨੇ ਪ੍ਰਚਲਿਤ ਸ਼ਬਦਾਵਲੀ ਵਿਚ ਨਵੀਂ ਰੂਹ ਫੂਕਦਿਆਂ ਹੋਇਆਂ ਇਸ ਨੂੰ ਭਿੰਨ ਅਰਥਾਂ ਵਿਚ ਨਿਮਨ ਲਿਖਤ ਪੰਗਤੀਆਂ ਵਿਚ ਇਉਂ ਵਰਤਿਆ ਹੈ:

(ੳ) **ਮਾਧਾਣਾ ਪਰਬਤੁ ਕਰਿ ਨੇਤ੍ਰਿ ਬਾਸਕੁ ਸਬਦਿ ਰਿੜਕਿਓਨੁ॥**
ਚਉਦਹ ਰਤਨ ਨਿਕਾਲਿਅਨੁ ਕਰਿ ਆਵਾ ਗਉਣੁ ਚਿਲਕਿਓਨੁ॥

(ਵਾਰ ਰਾਮਕਲੀ ਰਾਇ ਬਲਵੰਡਿ, ਪੰਨਾ 967)

ਅਰਥ: ਉਸ (ਗੁਰੂ ਨਾਨਕ) ਨੇ ਉੱਚੀ ਸੁਰਤਿ ਨੂੰ ਮਧਾਣੀ ਬਣਾ ਕੇ, (ਮਨ-ਰੂਪ) ਬਾਸਕ ਨਾਗ ਨੂੰ ਨੇਤ੍ਰੇ ਵਿਚ ਪਾ ਕੇ (ਭਾਵ, ਮਨ ਨੂੰ ਕਾਬੂ ਕਰ ਕੇ) 'ਸ਼ਬਦ' ਵਿਚ ਰੇੜਕਾ ਪਾਇਆ (ਭਾਵ, 'ਸ਼ਬਦ' ਨੂੰ ਵਿਚਾਰਿਆ; ਇਸ ਤਰ੍ਹਾਂ) ਉਸ (ਗੁਰੂ ਨਾਨਕ) ਨੇ (ਇਸ 'ਸ਼ਬਦ'-ਸਮੁੰਦਰ ਵਿੱਚੋਂ 'ਰੱਬੀ ਗੁਣ'-ਰੂਪ) ਚੌਦਾਂ ਰਤਨ (ਜਿਵੇਂ ਸਮੁੰਦਰ ਵਿੱਚੋਂ ਦੇਵਤਿਆਂ ਨੇ ਚੌਦਾਂ ਰਤਨ ਕੱਢੇ ਸਨ) ਕੱਢੇ ਤੇ (ਇਹ ਉੱਦਮ ਕਰ ਕੇ) ਸੰਸਾਰ ਨੂੰ ਸੋਹਣਾ ਬਣਾ ਦਿੱਤਾ।

(ਅ) **ਜਿਨਿ ਬਾਸਕੁ ਨੇਤ੍ਰੈ ਘਤਿਆ ਕਰਿ ਨੇਹੀ ਤਾਣੁ॥**
ਜਿਨਿ ਸਮੁੰਦੁ ਵਿਰੋਲਿਆ ਕਰਿ ਮੇਰੁ ਮਧਾਣੁ॥
ਚਉਦਹ ਰਤਨ ਨਿਕਾਲਿਅਨੁ ਕੀਤੋਨੁ ਚਾਨਾਣੁ॥

(ਵਾਰ ਰਾਮਕਲੀ ਰਾਇ ਬਲਵੰਡਿ, ਪੰਨਾ 968)

ਅਰਥ: ਗੁਰੂ ਅਮਰਦਾਸ ਨੇ ਭੀ ਆਤਮਿਕ ਬਲ ਨੂੰ ਨੇਹਣੀ ਬਣਾ ਕੇ (ਮਨ-ਰੂਪ) ਨਾਗ ਨੂੰ ਨੇਤ੍ਰੇ ਵਿਚ ਪਾਇਆ ਹੈ, (ਉੱਚੀ ਸੁਰਤਿ-ਰੂਪ) ਸੁਮੇਰ ਪਰਬਤ ਨੂੰ ਮਧਾਣੀ ਬਣਾ ਕੇ (ਗੁਰ-ਸ਼ਬਦ ਰੂਪ) ਸਮੁੰਦਰ ਨੂੰ ਰਿੜਕਿਆ ਹੈ, (ਉਸ 'ਸ਼ਬਦ-ਸਮੁੰਦਰ' ਵਿੱਚੋਂ ਰੱਬੀ ਗੁਣ-ਰੂਪ) ਚੌਦਾਂ ਰਤਨ ਕੱਢੇ (ਜਿਨ੍ਹਾਂ ਨਾਲ) ਉਸ ਨੇ (ਜਗਤ ਵਿਚ ਆਤਮਿਕ ਜੀਵਨ ਦੀ ਸੂਝ ਦਾ) ਚਾਨਣ ਪੈਦਾ ਕੀਤਾ।

ਬਾਣੀ ਰਚੇਤਿਆਂ ਨੇ ਪੁਰਾਣ ਸਾਹਿਤ ਵਿਚ ਪ੍ਰਚਲਿਤ ਕਥਾਂ ਨਾਲ ਸਪੱਸ਼ਟ ਰੂਪ ਵਿਚ ਆਪਣੀ ਅਸਹਿਮਤੀ ਪ੍ਰਗਟ ਕਰਦਿਆਂ ਹੋਇਆਂ 'ਸਮੁੰਦਰ' ਅਤੇ 'ਰਤਨਾਂ' ਬਾਰੇ ਆਪਣਾ ਦ੍ਰਿਸ਼ਟੀਕੋਣ ਇਉਂ ਪ੍ਰਗਟ ਕੀਤਾ ਹੈ:

ਖਾਰ ਸਮੁਦ੍ਰੁ ਢੰਢੋਲੀਐ ਇਕੁ ਮਣੀਆ ਪਾਵੈ॥
ਦੁਇ ਦਿਨ ਚਾਰਿ ਸੁਹਾਵਣਾ ਮਾਟੀ ਤਿਸੁ ਖਾਵੈ॥
ਗੁਰੁ ਸਾਗਰੁ ਸਤਿ ਸੇਵੀਐ ਦੇ ਤੋਟਿ ਨ ਆਵੈ॥ *(ਮਾਰੂ ਮਹਲਾ ੧, ਪੰਨਾ 1012)*

ਅਰਥ: (ਇਸ ਗੱਲ ਦੀ ਬੜੀ ਵਡਿਆਈ ਕੀਤੀ ਜਾਂਦੀ ਹੈ ਕਿ ਦੇਵਤਿਆਂ ਨੇ ਸਮੁੰਦਰ ਰਿੜਕਿਆ ਤੇ ਉਸ ਵਿੱਚੋਂ ਚੌਦਾਂ ਰਤਨ ਨਿਕਲੇ, ਭਲਾ) ਜੇ ਖਾਰਾ ਸਮੁੰਦਰ ਰਿੜਕਿਆ ਜਾਏ, ਉਸ ਵਿੱਚੋਂ ਕੋਈ ਮਨੁੱਖ ਇਕ ਰਤਨ ਲੱਭ ਲਏ (ਤਾਂ ਭੀ ਆਖ਼ਰ ਕੇਹੜੀ ਮੱਲ ਮਾਰ ਲਈ? ਉਹ ਰਤਨ) ਦੋ ਚਾਰ ਦਿਨ ਹੀ ਸੋਹਣਾ ਲੱਗਦਾ ਹੈ (ਅੰਤ) ਉਸ ਰਤਨ ਨੂੰ ਕਦੇ ਮਿੱਟੀ ਹੀ ਖਾ ਜਾਂਦੀ ਹੈ।

(ਸਤਿਗੁਰੂ ਅਸਲ ਸਮੁੰਦਰ ਹੈ) ਜੇ ਸਤਿਗੁਰੂ ਸਮੁੰਦਰ ਨੂੰ ਸੇਵਿਆ ਜਾਏ (ਜੇ

ਗੁਰੂ-ਸਮੁੰਦਰ ਦੀ ਸਰਨ ਪਈਏ, ਤਾਂ ਗੁਰੂ-ਸਮੁੰਦਰ ਐਸਾ ਨਾਮ-ਰਤਨ) ਦੇਂਦਾ ਹੈ ਜਿਸ ਨੂੰ ਕਦੇ ਘਾਟਾ ਨਹੀਂ ਪੈ ਸਕਦਾ।

ਭਾਈ ਗੁਰਦਾਸ ਜੀ ਇਸ ਕਥਨ ਨੂੰ ਇਉਂ ਬਿਆਨ ਕਰਦੇ ਹਨ:

ਗੁਰ ਉਪਦੇਸੁ ਅਮੋਲਕਾ ਰਤਨ ਪਦਾਰਥ ਨਿਧਿ ਅਗਣੀਤੇ।

(ਵਾਰ 26, ਪਉੜੀ 23)

ਅਰਥ: ਗੁਰੂ ਰੂਪ ਖੀਰ ਸਮੁੰਦਰ ਵਿਖੇ ਉਪਦੇਸ਼ ਰੂਪੀ ਬੇਸ਼ੁਮਾਰ ਤੇ ਅਮੋਲਕ ਰਤਨ ਪਦਾਰਥ ਹਨ।

ਗੁਰੂ ਗ੍ਰੰਥ ਸਾਹਿਬ ਵਿਚ ਨਾਮ ਰੂਪ ਰਤਨ ਨੂੰ ਹੀ ਸ੍ਰੇਸ਼ਟ ਰਤਨ ਕਹਿੰਦਿਆਂ ਹੋਇਆਂ ਇਨ੍ਹਾਂ ਰਤਨਾਂ ਨੂੰ ਵਿਹਾਝਣ ਲਈ ਆਖਿਆ ਹੈ। ਇਸ ਲਈ ਗੁਰਮੁਖ ਜਨ ਇਸ ਰਤਨ ਦਾ ਹੀ ਵਾਪਾਰ ਕਰਨ ਵਿਚ ਵਿਸ਼ਵਾਸ ਰੱਖਦੇ ਹਨ। ਇਸ ਨਾਮ ਰਤਨ ਨੂੰ ਗੁਰ-ਸ਼ਬਦ ਦੁਆਰਾ ਹੀ ਹਾਸਲ ਕਰ ਸਕੀਦਾ ਹੈ। ਚੂੰਕਿ ਗੁਰੂ ਹੀ ਆਤਮਿਕ ਗਿਆਨ ਤੇ ਗੁਣ ਰੂਪੀ ਨਾਮ ਰਤਨਾਂ ਦੀ ਖਾਣ ਹੈ, ਜਿਸ ਵਿਚ ਅਣਗਿਣਤ ਰਤਨ ਮੌਜੂਦ ਹਨ, ਇਨ੍ਹਾਂ ਰਤਨਾਂ ਦਾ ਸਰੂਪ ਰੱਬੀ ਗੁਣ ਅਥਵਾ ਸੁਚੱਜੀ ਜੀਵਨ-ਜਾਚ ਹੈ:

(ੳ) **ਗੁਰੁ ਸਾਗਰੋ ਰਤਨਾਗਰੁ ਤਿਤੁ ਰਤਨ ਘਣੇਰੇ ਰਾਮ॥**

(ਆਸਾ ਮਹਲਾ ੧, ਪੰਨਾ 437)

ਅਰਥ: ਗੁਰੂ (ਇਕ) ਸਮੁੰਦਰ ਹੈ, ਗੁਰੂ ਰਤਨਾਂ ਦੀ ਖਾਣ ਹੈ, ਉਸ ਵਿਚ (ਸੁਚੱਜੀ ਜੀਵਨ-ਸਿੱਖਿਆ ਦੇ), ਅਨੇਕਾਂ ਰਤਨ ਹਨ।

(ਅ) **ਉਦਧਿ ਗੁਰੁ ਗਹਿਰ ਗੰਭੀਰ ਬੇਅੰਤੁ**
ਹਰਿ ਨਾਮ ਨਗ ਹੀਰ ਮਣਿ ਮਿਲਤ ਲਿਵ ਲਾਈਐ॥

(ਸਵਈਏ ਮਹਲੇ ਚਉਥੇ ਕੇ ੪, ਪੰਨਾ 1401)

ਅਰਥ: ਸਤਿਗੁਰੂ ਡੂੰਘਾ ਗੰਭੀਰ ਤੇ ਬੇਅੰਤ ਸਮੁੰਦਰ ਹੈ, (ਉਸ ਵਿਚ) ਚੁੱਭੀ ਲਾਇਆਂ ਹਰੀ ਦਾ ਨਾਮ-ਰੂਪੀ ਨਗ, ਹੀਰੇ ਤੇ ਮਣੀਆਂ ਪ੍ਰਾਪਤ ਹੁੰਦੀਆਂ ਹਨ।

ਸੋ, ਗੁਰੂ ਗ੍ਰੰਥ ਸਾਹਿਬ ਵਿਚ 'ਚਉਦਹ/ਚੌਦਾਂ' ਰਤਨਾਂ ਦਾ ਹਵਾਲਾ ਪੁਰਾਣਿਕ ਧਾਰਨਾ ਨੂੰ ਸਵੀਕਾਰਨ ਦੇ ਰੂਪ ਵਿਚ ਨਹੀਂ ਆਇਆ ਹੈ। ਬਾਣੀ ਰਚੇਤਿਆਂ ਨੇ ਕੁਦਰਤ ਦੇ ਨਿਯਮਾਂ ਦੇ ਉਲਟ ਵਾਪਰਨ ਵਾਲੀ ਕਿਸੇ ਵੀ ਘਟਨਾ ਨੂੰ ਨਹੀਂ ਮੰਨਿਆ ਹੈ। ਗੁਰੂ ਗ੍ਰੰਥ ਸਾਹਿਬ ਅਨੁਸਾਰ ਕਰਤੇ ਦੀ ਕੁਦਰਤ ਜਦੋਂ ਤੋਂ ਹੋਂਦ ਵਿਚ ਆਈ ਹੈ, ਇਕ ਬੱਝਵੇਂ ਨੇਮ ਅਨੁਸਾਰ ਹੀ ਕੰਮ ਕਰ ਰਹੀ ਹੈ ਅਤੇ ਕਰਦੀ ਰਹੇਗੀ। ਇਸ ਲਈ ਬਾਣੀ ਵਿਚ ਜਿਥੇ ਪੁਰਾਣਿਕ ਵਿਸ਼ਵਾਸ ਅਨੁਸਾਰ ਇਨ੍ਹਾਂ ਦਾ ਵਰਣਨ ਆਇਆ ਹੈ, ਉਥੇ ਗੁਰਬਾਣੀ ਦੇ ਸੱਚ ਨੂੰ ਸਮਝਾਉਣ ਲਈ ਮਹਿਜ਼ ਹਵਾਲੇ ਵਜੋਂ ਜਾਂ ਪ੍ਰਚਲਿਤ ਧਾਰਨਾ ਦੇ ਖੰਡਨ ਦੇ ਪ੍ਰਸੰਗ ਵਿਚ ਹੀ ਆਇਆ ਹੈ।

ਚਾਰ ਖਾਣੀਆਂ

'ਖਾਣੀ' ਸ਼ਬਦ ਦਾ ਅਰਥ ਹੈ ਭੇਦ, ਪ੍ਰਕਾਰ। ਜੀਵਾਂ ਦੀ ਪੈਦਾਇਸ਼ ਦੀ ਮੁੱਖ ਵੰਡ। ਪ੍ਰਾਚੀਨ ਭਾਰਤ ਦੇ ਵਿਦਵਾਨਾਂ ਨੇ ਸਮੂਹ ਪ੍ਰਾਣੀਆਂ ਨੂੰ ਚਾਰ ਭਾਗਾਂ ਵਿਚ ਵੰਡਿਆ ਹੈ : ਅੰਡਜ : ਅੰਡਿਆਂ ਤੋਂ ਪੈਦਾ ਹੋਣ ਵਾਲੇ ਪੰਛੀ ਆਦਿਕ; ਜੇਰਜ : ਜੇਰ ਤੋਂ ਪੈਦਾ ਹੋਣ ਵਾਲੇ ਮਨੁੱਖ, ਪਸ਼ੂ ਆਦਿ; ਸੇਤਜ : ਪਸੀਨੇ ਜਾਂ ਗਰਮੀ ਵਿੱਚੋਂ ਪੈਦਾ ਹੋਣ ਵਾਲੇ ਜੂੰਆਂ ਆਦਿ ਅਤੇ ਉਤਭੁਜ : ਧਰਤੀ ਦੀ ਉਤਲੀ ਤਹਿ ਨੂੰ ਭੰਨ ਕੇ ਫੁੱਟਣ ਵਾਲੇ ਬਿਰਛ, ਬੇਲਾਂ ਆਦਿ।

ਬਾਣੀ ਰਚੇਤਿਆਂ ਵਲੋਂ ਜਿਸ ਤਰ੍ਹਾਂ ਗੁਰਮਤਿ ਦਾ ਸੱਚ ਦ੍ਰਿੜ੍ਹ ਕਰਾਉਣ ਲਈ ਕਈ ਥਾਂਈਂ ਅਨਮਤੀ ਸ਼ਬਦਾਵਲੀ ਦੀ ਵਰਤੋਂ ਕੀਤੀ ਹੋਈ ਹੈ, ਉਸੇ ਤਰ੍ਹਾਂ ਜੀਵਾਂ ਦੀ ਉਤਪਤੀ ਦੇ ਪ੍ਰਸੰਗ ਵਿਚ 'ਚਾਰ ਖਾਣੀਆਂ' ਸ਼ਬਦ ਦੀ ਵੀ ਵਰਤੋਂ ਕੀਤੀ ਹੈ। ਬਾਣੀ ਰਚੇਤਿਆਂ ਨੇ ਜਿਸ ਤਰ੍ਹਾਂ ਅਨਮਤੀ ਸ਼ਬਦਾਵਲੀ ਨੂੰ ਪ੍ਰਚਲਿਤ ਭਾਵਾਰਥ ਵਿਚ ਵਰਤਣ ਦੀ ਥਾਂ ਉਨ੍ਹਾਂ ਵਿਚ ਨਵੀਂ ਰੂਹ ਫੂਕ ਕੇ, ਭਾਵ, ਨਵੀਂ ਪਰਿਭਾਸ਼ਾ ਵਿਚ, ਵਰਤੋਂ ਕੀਤੀ ਹੈ, ਉਸੇ ਤਰ੍ਹਾਂ 'ਚਾਰ ਖਾਣੀਆਂ' ਸ਼ਬਦ ਨੂੰ ਵੀ ਬਾਣੀ ਰਚੇਤਿਆਂ ਨੇ ਚਾਰ ਤੀਕ ਹੀ ਸੀਮਤ ਨਹੀਂ ਰੱਖਿਆ, ਇਸ ਨੂੰ ਬੇਅੰਤ ਦੇ ਭਾਵਾਰਥ ਦੇ ਪ੍ਰਤੀਕ ਵਜੋਂ ਹੀ ਵਰਤਿਆ ਹੈ।

ਗੁਰੂ ਗ੍ਰੰਥ ਸਾਹਿਬ ਜੀ ਵਿਚ ਅਕਾਲ ਪੁਰਖ ਦੀ ਇਸ ਬਹੁਰੰਗੀ ਰਚਨਾ ਵਿਚ ਕਿਸੇ ਵੀ ਵਸਤੂ ਨੂੰ, ਕਿਸੇ ਵੀ ਗਿਣਤੀ-ਮਿਣਤੀ ਜਾਂ ਸੀਮਾ ਵਿਚ ਨਹੀਂ ਦਰਸਾਇਆ ਹੈ। ਜਿਥੇ ਕਿਥੇ ਵੀ ਇਸ ਸੰਬੰਧ ਵਿਚ ਚਰਚਾ ਕੀਤੀ ਹੈ, ਉਥੇ ਹੀ ਅਗਿਣਤ, ਅਮਿਣਵਾਂ ਅਤੇ ਅਸੀਮ ਸ਼ਬਦ ਹੀ ਵਰਤਿਆ ਹੈ। ਗੁਰਬਾਣੀ ਵਿਚ ਸਵੈ-ਵਿਰੋਧ ਨਹੀਂ ਹੈ। ਗੁਰਬਾਣੀ ਦਾ ਸੱਚ ਸ਼ੁਰੂ ਤੋਂ ਅੰਤ ਤਕ (੧ਓ ਤੋਂ ਲੈ ਕੇ, ਤੇਰਾ ਕੀਤਾ ਜਾਤੋ ਨਾਹੀ...ਦੇ ਸਲੋਕ ਤਕ) ਇਕ ਹੀ ਹੈ। ਜੇਕਰ ਗੁਰਬਾਣੀ ਦੇ ਭਾਵਾਰਥ ਨੂੰ ਸਮਝਣ ਲਈ, ਗੁਰਬਾਣੀ ਦੇ ਸਮੁੱਚੇ ਸਿਧਾਂਤ ਨੂੰ ਸਾਹਮਣੇ ਨਹੀਂ ਰੱਖਾਂਗੇ ਤਾਂ ਟਪਲਾ ਲੱਗ ਜਾਣਾ ਸੁਭਾਵਿਕ ਹੈ। ਇਸ ਲਈ ਗੁਰਬਾਣੀ ਦੇ ਸੱਚ ਨੂੰ ਸਮਝਣ ਲਈ ਸਮੁੱਚੀ ਬਾਣੀ ਨੂੰ ਇਕਾਈ ਦੇ ਰੂਪ ਵਿਚ ਦੇਖਣਾ ਜ਼ਰੂਰੀ ਹੈ।

ਜੇਕਰ ਬਾਣੀ ਰਚੇਤਿਆਂ ਅਨੁਸਾਰ ਵੀ ਉਤਪਤੀ ਦੇ ਚਾਰ ਹੀ ਵਸੀਲੇ ਹੁੰਦੇ ਤਾਂ ਉਨ੍ਹਾਂ ਰਾਹੀਂ ਕਦੀ ਵੀ ਪ੍ਰਭੂ ਦੇ ਪਸਾਰੇ ਨੂੰ ਅਨੰਤ ਨਹੀਂ ਸੀ ਕਹਿਣਾ। ਗੁਰੂ ਗ੍ਰੰਥ ਸਾਹਿਬ ਜੀ ਵਿਚ ਜਿਥੇ 'ਚਾਰ ਖਾਣੀਆਂ' ਸ਼ਬਦ ਆਇਆ ਹੈ :

ਤੀਨਿ ਗੁਣਾ ਤੇਰੇ ਜੁਗ ਹੀ ਅੰਤਰਿ ਚਾਰੇ ਤੇਰੀਆ ਖਾਣੀ॥

(ਆਸਾ ਮਹਲਾ ੩, ਪੰਨਾ 423)

ਅਰਥ : ਹੇ ਪ੍ਰਭੂ ! ਇਸ ਜਗਤ ਵਿਚ (ਮਾਇਆ ਦੇ) ਤਿੰਨ ਗੁਣ ਤੇਰੇ ਹੀ ਪੈਦਾ ਕੀਤੇ ਹੋਏ ਹਨ। (ਜਗਤ-ਉਤਪੱਤੀ ਦੀਆਂ) ਚਾਰ ਖਾਣੀਆਂ ਤੇਰੀਆਂ ਹੀ ਰਚੀਆਂ ਹੋਈਆਂ ਹਨ।

ਉਥੇ ਇਹ ਫ਼ੁਰਮਾਨ ਵੀ ਦਰਜ ਹੈ :

ਕਈ ਕੋਟਿ ਖਾਣੀ ਅਰੁ ਖੰਡ॥ *(ਗਉੜੀ ਸੁਖਮਨੀ ਮ: ੫, ਪੰਨਾ 276)*

ਅਰਥ : ਕਈ ਕ੍ਰੋੜ ਖਾਣੀਆਂ ਅਤੇ ਖੰਡ ਹਨ।

ਅਕਾਲ ਪੁਰਖ ਦੀ ਹੋਰ ਰਚਨਾ ਵਾਂਙ ਫਿਰ 'ਖਾਣੀਆਂ' ਬਾਰੇ ਕ੍ਰੋੜ ਸ਼ਬਦ ਵਰਤਣ ਤੋਂ ਵੀ ਸੰਕੋਚ ਕਰਦਿਆਂ ਹੋਇਆਂ ਅੱਗੇ ਫ਼ੁਰਮਾਇਆ ਹੈ :

ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ॥ *(ਜਪੁ ਜੀ, ਪੰਨਾ 7)*

ਅਰਥ : (ਜੀਵ-ਰਚਨਾ ਦੀਆਂ) ਬੇਅੰਤ ਖਾਣੀਆਂ ਹਨ, (ਜੀਵਾਂ ਦੀਆਂ ਬੋਲੀਆਂ ਭੀ ਚਾਰ ਨਹੀਂ) ਬੇਅੰਤ ਬਾਣੀਆਂ ਹਨ, ਬੇਅੰਤ ਪਾਤਸ਼ਾਹ ਤੇ ਰਾਜੇ ਹਨ।

ਗੁਰੂ ਗ੍ਰੰਥ ਸਾਹਿਬ ਜੀ ਵਿਚ ਪ੍ਰਭੂ ਨੂੰ ਸੰਬੋਧਨ ਕਰਦਿਆਂ ਆਖਿਆ ਹੈ :

ਗਾਵਹਿ ਜੋਧ ਮਹਾਬਲ ਸੂਰਾ ਗਾਵਹਿ ਖਾਣੀ ਚਾਰੇ॥ *(ਜਪੁ ਜੀ, ਪੰਨਾ 6)*

ਅਰਥ : (ਹੇ ਨਿਰੰਕਾਰ !) ਵੱਡੇ ਬਲ ਵਾਲੇ ਜੋਧੇ ਤੇ ਸੂਰਮੇ ਤੇਰੀ ਸਿਫ਼ਤ ਕਰ ਰਹੇ ਹਨ। ਚੌਹਾਂ ਹੀ ਖਾਣੀਆਂ ਦੇ ਜੀਅ-ਜੰਤ ਤੈਨੂੰ ਗਾ ਰਹੇ ਹਨ।

ਜੇਕਰ 'ਚਾਰ ਖਾਣੀਆਂ' ਤੋਂ ਭਾਵ ਪ੍ਰਚਲਿਤ 'ਚਾਰ ਖਾਣੀਆਂ' ਤੋਂ ਹੀ ਲਿਆ ਜਾਵੇ, ਤਾਂ ਕੀ ਫਿਰ ਉਪਰੋਕਤ ਪੰਗਤੀਆਂ ਦਾ ਇਹ ਭਾਵ ਲਿਆ ਜਾਵੇ ਕਿ ਅਕਾਲ ਪੁਰਖ ਨੂੰ ਕੇਵਲ 'ਚਾਰ ਖਾਣੀਆਂ' ਦੇ ਜੀਵ ਹੀ ਸਲਾਹੁੰਦੇ ਹਨ, ਬਾਕੀ ਖਾਣੀਆਂ ਦੇ ਨਹੀਂ ? ਪਰੰਤੂ ਗੁਰਬਾਣੀ ਇਸ ਸੰਬੰਧ ਵਿਚ ਆਖਦੀ ਹੈ ਕਿ ਪ੍ਰਭੂ ਜੀ ਦੀ ਹਰੇਕ ਕ੍ਰਿਤ ਹੀ ਉਸ ਨੂੰ ਸਾਲਾਹ ਰਹੀ ਹੈ, ਭਾਵ ਉਸ ਦੇ ਹੁਕਮ ਵਿਚ ਹੈ :

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥ *(ਜਪੁ ਜੀ, ਪੰਨਾ 1)*

ਅਰਥ : ਹਰੇਕ ਜੀਵ ਰੱਬ ਦੇ ਹੁਕਮ ਵਿਚ ਹੀ ਹੈ, ਕੋਈ ਜੀਵ ਹੁਕਮ ਤੋਂ ਬਾਹਰ (ਭਾਵ, ਹੁਕਮ ਤੋਂ ਆਕੀ) ਨਹੀਂ ਹੋ ਸਕਦਾ।

ਭਾਈ ਗੁਰਦਾਸ ਜੀ ਵੀ ਜਦ ਖਾਣੀਆਂ ਦੀ ਗੱਲ ਕਰਦੇ ਹਨ ਤਾਂ ਆਪ 'ਚਾਰ ਖਾਣੀਆਂ' ਸ਼ਬਦ ਹੀ ਵਰਤਦੇ ਹਨ :

ਅੰਡਜ ਜੇਰਜ ਸਾਧਿਕੈ ਸੇਤਜ ਉਤਭੁਜ ਖਾਣੀ ਬਾਣੀ। *(ਵਾਰ 7, ਪਉੜੀ 4)*

ਅਰਥ : ਅੰਡਜ, ਜੇਰਜ, ਸੇਤਜ, ਉਤਭੁਜ (ਚਾਰੇ) ਖਾਣੀਆਂ, ਚਾਰੇ ਬਾਣੀਆਂ ਸਾਧ ਲੀਤੀਆਂ ਹਨ।

ਪਰੰਤੂ ਨਿਰੋਲ ਗੁਰਮਤਿ ਦਾ ਦ੍ਰਿਸ਼ਟੀਕੋਣ ਦਰਸਾਉਣ ਸਮੇਂ ਆਪ ਲਿਖਦੇ ਹਨ :

ਕੁਦਰਤਿ ਅਤੁਲ ਨ ਤੋਲੀਐ ਤੁਲਿ ਨ ਤੋਲ ਨ ਤੋਲਣਹਾਰਾ।...
ਖਾਣੀ ਬਾਣੀ ਜੀਅ ਜੰਤੁ ਨਾਵ ਥਾਵ ਅਣਗਣਤ ਅਪਾਰਾ।
ਇਕੁ ਕਵਾਉ ਅਮਾਉ ਹੈ ਕੇਵਡੁ ਵਡਾ ਸਿਰਜਣਹਾਰਾ।

(ਭਾਈ ਗੁਰਦਾਸ ਜੀ, ਵਾਰ 26, ਪਉੜੀ 35)

ਅਰਥ : ਰਚਨਾ ਅਤੁੱਲ ਹੈ ਤੋਲ ਨਹੀਂ ਸਕੀਦੀ, ਕਿਉਂ ਜੋ ਤੱਕੜੀ ਵੱਟੇ ਅਰ ਤੋਲਣਹਾਰ ਤਿੰਨੇ ਨਹੀਂ ਹਨ...ਖਾਣੀਆਂ ਅਣਗਿਣਤ ਹਨ ਅਰ ਉਨ੍ਹਾਂ ਵਿਖੇ ਜੀਵ ਜੰਤਾਂ ਦੇ ਨਾਉਂ ਅਤੇ ਥਾਉਂ ਅਪਾਰ ਰਚੇ ਹਨ। ਇਕ ਵਾਕ ਜਿਸ ਤੋਂ ਪਸਾਰਾ ਪਸਰਿਆ ਹੈ ਮਿਣਤੀਓਂ ਬਾਹਰਾ ਹੈ, ਰਚਨਹਾਰ ਕਿੱਡਾ ਕੁ ਵੱਡਾ ਆਖੀਏ।

ਸੋ, ਸੰਖੇਪ ਵਿਚ ਅਸੀਂ ਆਖ ਸਕਦੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਵਿਚ ਭਾਵੇਂ 'ਚਾਰ ਖਾਣੀਆਂ' ਸ਼ਬਦ ਆਇਆ ਹੈ, ਪਰੰਤੂ ਇਸ ਨੂੰ ਪ੍ਰਚਲਿਤ ਅਰਥਾਂ ਤਕ ਹੀ ਸੀਮਤ ਨਹੀਂ ਰੱਖਿਆ ਗਿਆ। ਗੁਰੂ ਗ੍ਰੰਥ ਸਾਹਿਬ ਜੀ ਵਿਚ ਇਹ ਸ਼ਬਦ ਬੇਅੰਤਤਾ ਦਾ ਹੀ ਲਖਾਇਕ ਹੈ। ਬਾਣੀ ਰਚੇਤਿਆਂ ਅਨੁਸਾਰ ਜੀਵਾਂ ਦੀ ਉਤਪੱਤੀ ਦੇ ਵਸੀਲੇ ਕੇਵਲ ਚਾਰ ਹੀ ਨਹੀਂ, ਬੇਅੰਤ ਹਨ। 'ਖਾਣੀਆਂ' ਬਾਰੇ ਇਹ ਸੰਕਲਪ ਹੀ ਗੁਰਬਾਣੀ ਦਾ ਸੱਚ ਹੈ, ਇਸ ਨੂੰ ਹੀ ਗੁਰਮਤਿ ਦਾ ਦ੍ਰਿਸ਼ਟੀਕੋਣ ਸਮਝਣਾ ਚਾਹੀਦਾ ਹੈ। ਆਓ! ਗੁਰੂ ਨਾਨਕ ਸਾਹਿਬ ਦੀ ਮੁਬਾਰਕ ਰਸਨਾ ਤੋਂ ਨਿਕਲੇ ਨਿਮਨ ਲਿਖਤ ਸ਼ਬਦਾਂ ਉੱਤੇ ਭਰੋਸਾ ਰੱਖਦੇ ਹੋਏ, ਅਸੀਂ ਹਜ਼ੂਰ ਨਾਲ ਮਿਲ ਕੇ ਆਖੀਏ :

ਕੁਦਰਤਿ ਕਵਣ ਕਹਾ ਵੀਚਾਰੁ ॥
ਵਾਰਿਆ ਨ ਜਾਵਾ ਏਕ ਵਾਰ ॥ *(ਜਪੁ ਜੀ, ਪੰਨਾ 3)*

ਅਰਥ : ਮੇਰੀ ਕੀਹ ਤਾਕਤ ਹੈ ਕਿ ਕਰਤਾਰ ਦੀ ਕੁਦਰਤਿ ਦੀ ਵਿਚਾਰ ਕਰ ਸਕਾਂ ? (ਹੇ ਅਕਾਲ ਪੁਰਖ !) ਮੈਂ ਤਾਂ ਤੇਰੇ ਉੱਤੋਂ ਇਕ ਵਾਰੀ ਭੀ ਸਦਕੇ ਹੋਣ ਜੋਗਾ ਨਹੀਂ ਹਾਂ (ਭਾਵ, ਮੇਰੀ ਹਸਤੀ ਬਹੁਤ ਹੀ ਤੁੱਛ ਹੈ)।

ਅਠਾਰਹ ਭਾਰ/ਭਾਰ ਅਠਾਰਹ

ਗੁਰੂ ਗ੍ਰੰਥ ਸਾਹਿਬ ਜੀ ਵਿਚ ਕਰਤੇ ਦੀ ਕੁਦਰਤ ਦੇ ਕਿਸੇ ਵੀ ਰੂਪ ਦਾ ਹੱਦ-ਬੰਨਾ ਮੁਕੱਰਰ ਨਹੀਂ ਕੀਤਾ ਹੈ। ਗੁਰਬਾਣੀ ਵਿਚ ਪ੍ਰਭੂ ਦੀ ਕ੍ਰਿਤ ਦੀ ਸੀਮਾ ਦਰਸਾਉਣ ਵਾਲੇ ਪ੍ਰਚਲਿਤ ਸ਼ਬਦਾਂ ਦੀ ਵਰਤੋਂ ਜ਼ਰੂਰ ਮਿਲਦੀ ਹੈ, ਪਰੰਤੂ ਕੁਦਰਤ ਦੇ ਭਿੰਨ-ਭਿੰਨ ਸਰੂਪਾਂ ਦੇ ਹੱਦ-ਬੰਨਿਆਂ ਵੱਲ ਸੰਕੇਤ ਕਰਨ ਵਾਲੇ ਇਨ੍ਹਾਂ ਸ਼ਬਦਾਂ ਨੂੰ ਬੇਅੰਤਤਾ ਦੇ ਭਾਵਾਰਥਾਂ ਵਿਚ ਹੀ ਵਰਤਿਆ ਗਿਆ ਹੈ। ਉਦਾਹਰਣ ਵਜੋਂ 'ਚੌਰਾਸੀ ਲੱਖ ਜੂਨਾਂ' ਅਤੇ 'ਚਾਰ ਖਾਣੀਆਂ' ਆਦਿ ਸ਼ਬਦਾਂ ਦੀ ਵਰਤੋਂ 'ਚੋਂ ਦੇਖਿਆ ਜਾ ਸਕਦਾ ਹੈ।

ਪ੍ਰਭੂ ਦੇ ਇਸ ਪਾਸਾਰੇ ਦੀ ਵੱਖ-ਵੱਖ ਸਰੂਪਾਂ ਦੀ ਸੀਮਾ ਵਰਨਣ ਕਰਨ ਵਾਲੇ ਪ੍ਰਚਲਿਤ ਸ਼ਬਦਾਂ ਵਿੱਚੋਂ ਹੀ ਇਕ ਸ਼ਬਦ ਹੈ 'ਅਠਾਰਹ ਭਾਰ/ਭਾਰ ਅਠਾਰਹ'। ਇਹ ਮੰਨਿਆ ਜਾਂਦਾ ਸੀ ਕਿ, "ਜੇ ਸਾਰੇ ਬਿਰਛਾਂ ਬੂਟਿਆਂ ਅਤੇ ਬੇਲਾਂ ਦਾ ਇਕ-ਇਕ ਪੱਤਾ ਅਥਵਾ ਫੁੱਲ ਲਿਆ ਜਾਵੇ, ਤਾਂ ਅਠਾਰਹ ਭਾਰ, ਅਰਥਾਤ ਨੱਬੇ ਮਣ ਕੱਚੇ ਹੋ ਜਾਂਦੇ ਹਨ। ਪੰਜ ਮਣ ਕੱਚੇ ਦਾ ਇਕ ਭਾਰ ਹੁੰਦਾ ਹੈ।" *(ਮਹਾਨ ਕੋਸ਼)*

[*ਨੋਟ:* ਇਕ ਜ਼ਾਤ ਦੇ ਬੂਟਿਆਂ ਵਿੱਚੋਂ ਇਕ ਹੀ ਪੱਤਾ ਲੈਣ ਦਾ ਭਾਵ ਹੈ, ਅਰਥਾਤ ਸੇਬ ਦੇ ਬ੍ਰਿਛ ਭਾਵੇਂ ਕਿਤਨੇ ਵੀ ਹੋਣ, ਪਰ ਇਸ ਬ੍ਰਿਛ ਦਾ ਕੇਵਲ ਇਕ ਹੀ ਪੱਤਾ ਲੈਣਾ ਹੈ।]

ਗੁਰੂ ਗ੍ਰੰਥ ਸਾਹਿਬ ਵਿਚ 'ਭਾਰ ਅਠਾਰਹ' ਅਤੇ 'ਅਠਾਰਹ ਭਾਰ' ਸ਼ਬਦ ਆਏ ਹਨ। ਇਨ੍ਹਾਂ ਦੋਹਾਂ ਦਾ ਇੱਕੋ ਹੀ ਅਰਥ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿਚ ਜਿਸ ਤਰ੍ਹਾਂ ਕੁਦਰਤ ਦੇ ਦੂਜੇ ਸਰੂਪਾਂ ਬਾਰੇ ਪ੍ਰਚਲਿਤ ਗਿਣਤੀ-ਮਿਣਤੀ ਜਾਂ ਤੋਲ ਆਦਿ ਨੂੰ ਦਰਸਾਉਣ ਵਾਲੇ ਸ਼ਬਦਾਂ ਦਾ ਪ੍ਰਚਲਿਤ ਭਾਵਾਰਥ ਨਹੀਂ ਲਿਆ ਗਿਆ ਹੈ, ਉਸੇ ਤਰ੍ਹਾਂ ਇਸ ਸ਼ਬਦ ਦਾ ਪ੍ਰਚਲਿਤ ਭਾਵਾਰਥ ਨਹੀਂ ਲਿਆ ਗਿਆ ਹੈ। ਇਹ ਸ਼ਬਦ ਵੀ ਬੇਅੰਤਤਾ ਦੇ ਭਾਵਾਰਥ ਵਿਚ ਹੀ ਆਇਆ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿਚ ਪ੍ਰਭੂ ਦੀ ਕੁਦਰਤ ਦੇ ਹਰੇਕ ਰੂਪ ਸੰਬੰਧੀ ਇਹ ਸਪੱਸ਼ਟ ਕੀਤਾ ਹੈ ਕਿ ਇਸ ਦੀ ਗਿਣਤੀ-ਮਿਣਤੀ ਅਤੇ ਤੋਲ ਆਦਿ ਕਰ ਸਕਣਾ ਕਿਸੇ ਤਰ੍ਹਾਂ ਵੀ ਸੰਭਵ ਨਹੀਂ ਹੈ। ਇਸ ਲਈ ਜੇਕਰ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਏ ਸ਼ਬਦ ਅਕਾਲ ਪੁਰਖ ਦੀ ਕੁਦਰਤ ਦੇ ਕਿਸੇ ਰੂਪ ਦੀ ਗਿਣਤੀ-ਮਿਣਤੀ ਆਦਿ ਦਰਸਾ ਰਹੇ ਹਨ ਤਾਂ ਇਹ ਸ਼ਬਦ ਪ੍ਰਭੂ ਦੀ ਬੇਅੰਤਤਾ ਦਾ ਲਖਾਇਕ ਹੀ ਸਮਝਣਾ ਚਾਹੀਦਾ ਹੈ। ਜਿਸ ਤਰ੍ਹਾਂ ਅਕਾਲ ਪੁਰਖ ਦੇ ਇਸ ਪਾਸਾਰੇ ਦੇ ਹੋਰ ਸਰੂਪਾਂ ਬਾਰੇ ਇਹ ਸਪੱਸ਼ਟ ਕੀਤਾ ਹੈ ਕਿ ਇਨ੍ਹਾਂ ਦਾ ਕੋਈ ਪਾਰਾਵਾਰ ਨਹੀਂ ਹੈ, ਉਸੇ ਤਰ੍ਹਾਂ ਬਨਸਪਤੀ ਬਾਰੇ ਵੀ ਇਹ ਹੀ ਆਖਿਆ ਹੈ।

ਗੁਰੂ ਗ੍ਰੰਥ ਸਾਹਿਬ ਜੀ ਵਿਚ ਇਹ ਸ਼ਬਦ ਨਿਮਨ ਲਿਖਤ ਸ਼ਬਦਾਂ ਦੀਆਂ ਪੰਗਤੀਆਂ ਵਿਚ ਆਇਆ ਹੈ:

(ੳ) **ਭਾਰ ਅਠਾਰਹ ਮੇਵਾ ਹੋਵੈ ਗਰੁੜਾ ਹੋਇ ਸੁਆਉ ॥**
ਚੰਦੁ ਸੂਰਜੁ ਦੁਇ ਫਿਰਦੇ ਰਖੀਅਹਿ ਨਿਹਚਲੁ ਹੋਵੈ ਥਾਉ ॥
ਭੀ ਤੂੰਹੈ ਸਾਲਾਹਣਾ ਆਖਣ ਲਹੈ ਨ ਚਾਉ ॥ *(ਵਾਰ ਮਾਝ ਮ: ੧, ਪੰਨਾ 142)*

ਅਰਥ : ਜੇ ਸਾਰੀ ਬਨਸਪਤੀ ਮੇਵਾ ਬਣ ਜਾਏ, ਜਿਸ ਦਾ ਸੁਆਦ ਬਹੁਤ ਰਸੀਲਾ ਹੋਵੇ, ਜੇ ਮੇਰੀ ਰਹਿਣ ਦੀ ਥਾਂ ਅਟੱਲ ਹੋ ਜਾਏ ਤੇ ਚੰਦ ਅਤੇ ਸੂਰਜ ਦੋਵੇਂ (ਮੇਰੀ ਰਿਹਾਇਸ਼ ਦੀ ਸੇਵਾ ਕਰਨ ਲਈ) ਸੇਵਾ 'ਤੇ ਲਾਏ ਜਾਣ, (ਤਾਂ ਭੀ ਹੇ ਪ੍ਰਭੂ! ਮੈਂ ਇਹਨਾਂ ਵਿਚ ਨਾਹ ਫਸਾਂ ਤੇ) ਤੇਰੀ ਹੀ ਸਿਫ਼ਤਿ-ਸਾਲਾਹ ਕਰਾਂ, ਤੇਰੀ ਵਡਿਆਈ ਕਰਨ ਦਾ ਮੇਰਾ ਚਾਉ ਮੁੱਕ ਨਾਹ ਜਾਏ।

(ਅ) **ਨਾਮੁ ਤੇਰੋ ਆਰਤੀ ਮਜਨੁ ਮੁਰਾਰੇ ॥**
ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ ॥੧॥ਰਹਾਉ॥...
ਨਾਮੁ ਤੇਰੋ ਤਾਗਾ ਨਾਮੁ ਫੂਲ ਮਾਲਾ ਭਾਰ ਅਠਾਰਹ ਸਗਲ ਜੂਠਾਰੇ ॥
ਤੇਰੋ ਕੀਆ ਤੁਝਹਿ ਕਿਆ ਅਰਪਉ ਨਾਮੁ ਤੇਰਾ ਤੁਹੀ ਚਵਰ ਢੋਲਾਰੇ ॥੩॥
(ਧਨਾਸਰੀ ਰਵਿਦਾਸ ਜੀ, ਪੰਨਾ 694)

ਅਰਥ : ਹੇ ਪ੍ਰਭੂ! (ਅੰਞਾਣ ਲੋਕ ਮੂਰਤੀਆਂ ਦੀ ਆਰਤੀ ਕਰਦੇ ਹਨ, ਪਰ ਮੇਰੇ ਲਈ) ਤੇਰਾ ਨਾਮ (ਤੇਰੀ) ਆਰਤੀ ਹੈ, ਤੇ ਤੀਰਥਾਂ ਦਾ ਇਸ਼ਨਾਨ ਹੈ। (ਹੇ ਭਾਈ!) ਪਰਮਾਤਮਾ ਦੇ ਨਾਮ ਤੋਂ ਖੁੰਝ ਕੇ ਹੋਰ ਸਾਰੇ ਅਡੰਬਰ ਕੂੜੇ ਹਨ।੧।ਰਹਾਉ।...

ਤੇਰਾ ਨਾਮ ਮੈਂ ਧਾਗਾ ਬਣਾਇਆ ਹੈ, ਨਾਮ ਨੂੰ ਹੀ ਫੁੱਲ ਅਤੇ ਫੁੱਲਾਂ ਦੀ ਮਾਲਾ ਬਣਾਇਆ ਹੈ, ਹੋਰ ਸਾਰੀ ਬਨਸਪਤੀ (ਜਿਸ ਤੋਂ ਲੋਕ ਫੁੱਲ ਲੈ ਕੇ ਮੂਰਤੀਆਂ ਅੱਗੇ ਭੇਟ ਧਰਦੇ ਹਨ; ਤੇਰੇ ਨਾਮ ਦੇ ਟਾਕਰੇ 'ਤੇ) ਜੂਠੀ ਹੈ। (ਇਹ ਸਾਰੀ ਕੁਦਰਤ ਤਾਂ ਤੇਰੀ ਬਣਾਈ ਹੋਈ ਹੈ) ਤੇਰੀ ਪੈਦਾ ਕੀਤੀ ਹੋਈ ਵਿੱਚੋਂ ਮੈਂ ਤੇਰੇ ਅੱਗੇ ਕੀਹ ਰੱਖਾਂ? (ਸੋ,) ਮੈਂ ਤੇਰਾ ਨਾਮ-ਰੂਪ ਚੌਰ ਹੀ ਤੇਰੇ ਉੱਤੇ ਝੁਲਾਉਂਦਾ ਹਾਂ।੩।

(ੲ) **ਭਾਰ ਅਠਾਰਹ ਮਹਿ ਚੰਦਨੁ ਊਤਮ ਚੰਦਨ ਨਿਕਟਿ ਸਭ ਚੰਦਨੁ ਹੁਈਆ ॥**
ਸਾਕਤ ਕੂੜੇ ਊਭ ਸੁਕ ਹੂਏ ਮਨਿ ਅਭਿਮਾਨੁ ਵਿਛੁੜਿ ਦੂਰਿ ਗਈਆ ॥
(ਬਿਲਾਵਲੁ ਮ: ੪, ਪੰਨਾ 834)

ਅਰਥ : ਹੇ ਭਾਈ! ਸਾਰੀ ਬਨਸਪਤੀ ਵਿਚ ਚੰਦਨ ਸਭ ਤੋਂ ਸ੍ਰੇਸ਼ਟ ਰੁੱਖ ਹੈ, ਚੰਦਨ ਦੇ ਨੇੜੇ (ਉੱਗਾ ਹੋਇਆ) ਹਰੇਕ ਬੂਟਾ ਚੰਦਨ ਬਣ ਜਾਂਦਾ ਹੈ। ਪਰ ਪਰਮਾਤਮਾ ਨਾਲੋਂ ਟੁੱਟੇ ਹੋਏ ਮਾਇਆ-ਵੇੜ੍ਹੇ ਪ੍ਰਾਣੀ (ਉਹਨਾਂ ਰੁੱਖਾਂ ਵਰਗੇ ਹਨ, ਜੋ ਧਰਤੀ ਵਿੱਚੋਂ ਖ਼ੁਰਾਕ ਮਿਲ ਸਕਣ 'ਤੇ ਭੀ) ਖਲੋਤੇ ਹੀ ਸੁੱਕ ਜਾਂਦੇ ਹਨ, (ਉਹਨਾਂ ਦੇ) ਮਨ ਵਿਚ ਅਹੰਕਾਰ ਵੱਸਦਾ ਹੈ, (ਇਸ ਵਾਸਤੇ ਪਰਮਾਤਮਾ ਤੋਂ) ਵਿੱਛੁੜ ਕੇ ਉਹ ਕਿਤੇ ਦੂਰ ਪਏ ਰਹਿੰਦੇ ਹਨ।

(ਸ) **ਆਪੇ ਭਾਰ ਅਠਾਰਹ ਬਣਸਪਤਿ ਆਪੇ ਹੀ ਫਲ ਲਾਏ ॥**
ਆਪੇ ਮਾਲੀ ਆਪਿ ਸਭੁ ਸਿੰਚੈ ਆਪੇ ਹੀ ਮੁਹਿ ਪਾਏ ॥
(ਵਾਰ ਬਿਹਾਗੜੇ ਕੀ ਮ: ੪, ਪੰਨਾ 554)

ਅਰਥ : ਪ੍ਰਭੂ ਆਪ ਹੀ ਬਨਸਪਤੀ ਦੇ ਅਠਾਰਾਂ ਭਾਰ ਹੈ (ਭਾਵ, ਸਾਰੀ ਸ੍ਰਿਸ਼ਟੀ ਦੀ ਬਨਸਪਤੀ ਆਪ ਹੀ ਹੈ), ਆਪ ਹੀ ਉਸ ਨੂੰ ਫਲ ਲਾਉਂਦਾ ਹੈ, ਆਪ ਹੀ ਮਾਲੀ ਹੈ, ਆਪ ਹੀ ਪਾਣੀ ਦੇਂਦਾ ਹੈ ਤੇ ਆਪ ਹੀ (ਫਲ) ਖਾਂਦਾ ਹੈ।

(ਹ) **ਰੋਮਾਵਲਿ ਕੋਟਿ ਅਠਾਰਹ ਭਾਰ ॥** *(ਭੈਰਉ ਕਬੀਰ ਜੀ, ਪੰਨਾ 1163)*

ਅਰਥ : (ਮੈਂ ਕੇਵਲ ਉਸ ਪ੍ਰਭੂ ਦੇ ਦਰ ਦਾ ਮੰਗਤਾ ਹਾਂ) ਬਨਸਪਤੀ ਦੇ ਕ੍ਰੋੜਾਂ ਹੀ ਅਠਾਰਾਂ ਭਾਰ ਜਿਸ ਦੇ ਜਿਸਮ ਦੇ, ਮਾਨੋ ਰੋਮ ਹਨ।

(ਕ) **ਜਉ ਗੁਰਦੇਉ ਅਠਦਸ ਬਿਉਹਾਰ ॥**
ਜਉ ਗੁਰਦੇਉ ਅਠਾਰਹ ਭਾਰ ॥ *(ਭੈਰਉ ਨਾਮਦੇਉ ਜੀ, ਪੰਨਾ 1167)*

ਅਰਥ : ਜੇ ਗੁਰੂ ਮਿਲ ਪਏ ਤਾਂ ਅਠਾਰਾਂ ਸਿੰਮ੍ਰਿਤੀਆਂ ਦੇ ਦੱਸੇ ਕਰਮ-ਕਾਂਡ ਦੀ ਲੋੜ ਨਹੀਂ ਰਹਿ ਜਾਂਦੀ, ਸਾਰੀ ਬਨਸਪਤੀ ਹੀ (ਪ੍ਰਭੂ-ਦੇਵ ਦੀ ਨਿੱਤ ਭੇਟ ਹੁੰਦੀ ਦਿੱਸ ਪੈਂਦੀ ਹੈ)।

(ਖ) **ਜਾਂ ਚੈ ਘਰਿ ਕੂਰਮਾ ਪਾਲੁ ਸਹਸ ਫਨੀ ਬਾਸਕੁ ਸੇਜ ਵਾਲੂਆ ॥**
ਅਠਾਰਹ ਭਾਰ ਬਨਾਸਪਤੀ ਮਾਲਣੀ ਛਿਨਵੈ ਕਰੋੜੀ ਮੇਘ ਮਾਲਾ ਪਾਣੀਹਾਰੀਆ ॥
(ਮਲਾਰ ਨਾਮਦੇਵ ਜੀ, ਪੰਨਾ 1292)

ਅਰਥ : (ਤਿੰਨਾਂ ਭਵਨਾਂ ਦਾ ਮਾਲਕ ਉਹ ਪ੍ਰਭੂ ਇਕ ਐਸਾ ਰਾਜਾ ਹੈ ਕਿ) ਜਗਤ ਦੀ ਸਾਰੀ ਬਨਸਪਤੀ (ਉਸ ਨੂੰ ਫੁੱਲ ਭੇਟ ਕਰਨ ਵਾਲੀ) ਮਾਲਣ ਹੈ, ਛਿਆਨਵੇਂ ਕਰੋੜ ਬੱਦਲ ਉਸ ਦਾ ਪਾਣੀ ਭਰਨ ਵਾਲੇ (ਨੌਕਰ) ਹਨ।

(ਗ) **ਛਪਨ ਕੋਟਿ ਕਾ ਪੇਹਨੁ ਤੇਰਾ ਸੋਲਹ ਸਹਸ ਇਜਾਰਾ ॥**
ਭਾਰ ਅਠਾਰਹ ਮੁਦਗਰੁ ਤੇਰਾ ਸਹਨਕ ਸਭ ਸੰਸਾਰਾ ॥੨॥
(ਭੈਰਉ ਰਵਿਦਾਸ ਜੀ, ਪੰਨਾ 1167)

ਅਰਥ : (ਹੇ ਕਲੰਦਰ-ਪ੍ਰਭੂ !) ਛਪੰਜਾ ਕਰੋੜ (ਮੇਘ ਮਾਲਾ) ਤੇਰਾ ਚੋਗ਼ਾ ਹੈ, ਸੋਲਾਂ ਹਜ਼ਾਰ ਆਲਮ ਤੇਰਾ ਤੰਬਾ ਹੈ; ਹੇ ਕੇਸ਼ਵ ! ਸਾਰੀ ਬਨਸਪਤੀ ਤੇਰਾ ਸਲੋਤਰ ਹੈ, ਤੇ ਸਾਰਾ ਸੰਸਾਰ ਤੇਰੀ ਸਹਣਕੀ (ਮਿੱਟੀ ਦੀ ਰਕੇਬੀ) ਹੈ।

ਇਨ੍ਹਾਂ ਉਪਰੋਕਤ ਪੰਗਤੀਆਂ ਵਿਚ 'ਅਠਾਰਹ ਭਾਰ'/'ਭਾਰ ਅਠਾਰਹ' ਸ਼ਬਦ ਬੇਅੰਤਤਾ ਦਾ ਹੀ ਲਖਾਇਕ ਹੈ, ਨਾ ਕਿ ਪ੍ਰਚਲਿਤ ਧਾਰਨਾ ਦਾ।

ਬਾਨੀ ਰਚੇਤਿਆਂ ਦਾ ਮਨੋਰਥ ਪਰਮਾਤਮਾ ਦੀ ਕੁਦਰਤ ਦਾ ਲੇਖਾ-ਜੋਖਾ ਕਰਨਾ ਨਹੀਂ ਸੀ। ਬਾਨੀ ਰਚੇਤਿਆਂ ਨੇ ਤਾਂ ਮਨੁੱਖ ਨੂੰ ਚੰਗਾ ਇਨਸਾਨ ਬਣਨ ਲਈ ਹਰੇਕ ਪੱਖੋਂ ਅਗਵਾਈ ਪ੍ਰਦਾਨ ਕੀਤੀ ਹੈ। ਮਨੁੱਖ ਨੂੰ ਵਿਕਾਰਾਂ ਤੋਂ ਉਪਰ ਉਠਾ ਕੇ ਸੱਚਾ-ਸੁੱਚਾ ਜੀਵਨ ਜਿਊਣ ਦੀ ਪ੍ਰੇਰਨਾ ਦੇਂਦਿਆਂ ਹੋਇਆਂ ਜੀਵਨ-ਮੁਕਤ ਹੋਣ ਦੀ ਜੁਗਤੀ ਹੀ ਦਰਸਾਈ ਗਈ ਹੈ।

ਸੋ, ਗੁਰੂ ਗ੍ਰੰਥ ਸਾਹਿਬ ਵਿਚ 'ਭਾਰ ਅਠਾਰਹ' ਸ਼ਬਦ ਦਾ ਇਹ ਕਦਾਚਿਤ ਭਾਵ ਨਹੀਂ ਹੈ ਕਿ ਬਾਨੀ ਰਚੇਤਿਆਂ ਨੇ ਪੁਰਾਤਨ ਖ਼ਿਆਲ ਨਾਲ ਸਹਿਮਤੀ ਪ੍ਰਗਟ ਕੀਤੀ ਹੈ। ਬਾਨੀ ਵਿਚ ਤਾਂ ਇਹ ਸ਼ਬਦ ਅਕਾਲ ਪੁਰਖ ਦੀ ਇਸ ਕ੍ਰਿਤ (ਬਨਸਪਤੀ) ਦੀ

ਬੇਅੰਤਤਾ ਵੱਲ ਹੀ ਸੰਕੇਤ ਹੈ। ਬਾਣੀ ਰਚੇਤਿਆਂ ਨੇ ਪ੍ਰਭੂ ਦੇ ਅਨੰਤ ਪਾਸਾਰੇ ਦੀ ਕਿਧਰੇ ਵੀ ਲਕੀਰ ਨਹੀਂ ਖਿੱਚੀ। ਕੁਦਰਤ ਦੇ ਇਸ ਪਸਾਰੇ ਦਾ ਜਿਥੇ ਵੀ ਜ਼ਿਕਰ ਕੀਤਾ ਹੈ, ਇਸ ਨੂੰ ਪੂਰੀ ਤਰ੍ਹਾਂ ਬਿਆਨ ਕਰਨ ਤੋਂ ਅਸਮਰੱਥਾ ਪ੍ਰਗਟਾਉਂਦਿਆਂ ਹੋਇਆਂ ਇਹੀ ਆਖਿਆ ਹੈ :

ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ॥
ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ॥ *(ਆਸਾ ਮਹਲਾ ੧, ਪੰਨਾ 9)*

ਅਰਥ : ਹੇ ਮੇਰੇ ਵੱਡੇ ਮਾਲਕ ! ਤੂੰ (ਮਾਨੋ, ਇਕ) ਡੂੰਘਾ (ਸਮੁੰਦਰ) ਹੈਂ, ਤੂੰ ਬੜੇ ਜਿਗਰੇ ਵਾਲਾ ਹੈਂ, ਤੂੰ ਬੇਅੰਤ ਗੁਣਾਂ ਵਾਲਾ ਹੈਂ। ਕੋਈ ਭੀ ਜੀਵ ਨਹੀਂ ਜਾਣਦਾ ਕਿ ਤੇਰਾ ਕਿਤਨਾ ਵੱਡਾ ਵਿਸਥਾਰ ਹੈ।

'ਭਾਰ ਅਠਾਰਹ'/'ਅਠਾਰਹ ਭਾਰ' ਬਾਰੇ ਇਹੀ ਗੁਰਬਾਣੀ ਦਾ ਸੱਚ ਹੈ।

ਤ੍ਰਿਲੋਕ/ਤ੍ਰਿਭਵਨ

ਗੁਰਬਾਣੀ ਵਿਚ ਪੁਰਾਣਿਕ ਸ਼ਬਦਾਵਲੀ ਦੀ ਕਈ ਥਾਂਈਂ ਵਰਤੋਂ ਹੋਈ ਹੈ, ਪਰੰਤੂ ਇਸ ਸ਼ਬਦਾਵਲੀ ਨੂੰ ਪੁਰਾਣ ਸਾਹਿਤ ਵਿਚਲੇ ਭਾਵਾਰਥ ਦੇ ਰੂਪ ਵਿਚ ਨਹੀਂ ਵਰਤਿਆ ਗਿਆ। ਗੁਰਬਾਣੀ ਵਿਚ ਇਸ ਸ਼ਬਦਾਵਲੀ ਦੇ ਭਾਵਾਰਥ ਵਿਚ ਪੂਰਨ ਰੂਪ ਵਿਚ ਨਵੀਨਤਾ (ਵਿਲੱਖਣਤਾ) ਹੈ। ਜੇਕਰ ਕਿਧਰੇ ਪੁਰਾਣਿਕ ਸ਼ਬਦਾਵਲੀ ਦੀ ਪ੍ਰਚਲਿਤ ਭਾਵਾਰਥ ਵਿਚ ਵਰਤੋਂ ਹੋਈ ਹੈ ਤਾਂ ਉਥੇ ਵੀ ਪ੍ਰਚਲਿਤ ਪੁਰਾਣਿਕ ਧਾਰਨਾ ਦੀ ਸਵੀਕ੍ਰਿਤੀ ਦੇ ਰੂਪ ਵਿਚ ਨਹੀਂ, ਸਗੋਂ ਪ੍ਰਚਲਿਤ ਧਾਰਨਾ ਦੇ ਖੰਡਨ ਦੇ ਰੂਪ ਵਿਚ ਹੀ ਹੋਈ ਹੈ ਜਾਂ ਗੁਰਬਾਣੀ ਦਾ ਸੱਚ ਦ੍ਰਿੜ੍ਹ ਕਰਾਉਣ ਲਈ ਪ੍ਰਚਲਿਤ ਧਾਰਨਾ ਦੇ ਦ੍ਰਿਸ਼ਟਾਂਤ ਦੇ ਰੂਪ ਵਿਚ। ਉਦਾਹਰਣ ਵਜੋਂ ਸੁਰਗ, ਨਰਕ, ਧਰਮਰਾਜ ਆਦਿ ਸ਼ਬਦਾਂ ਦੀ ਵਰਤੋਂ ਤੋਂ ਇਸ ਭਾਵ ਨੂੰ ਭਲੀ-ਭਾਂਤ ਦੇਖਿਆ ਜਾ ਸਕਦਾ ਹੈ। ਇਸ ਲਈ ਗੁਰਬਾਣੀ ਦਾ ਸੱਚ ਸਮਝਣ ਲਈ ਅਜਿਹੇ ਸ਼ਬਦਾਂ ਦੇ ਅਰਥ ਪੁਰਾਣ ਸਾਹਿਤ ਵਿਚਲੇ ਨਹੀਂ, ਸਗੋਂ ਗੁਰਬਾਣੀ ਵਿਚਲੇ ਹੀ ਲੈਣੇ ਹਨ। ਇਸ ਤਰ੍ਹਾਂ ਹੀ ਅਸੀਂ ਗੁਰਬਾਣੀ ਦੇ ਸੱਚ ਨੂੰ ਸਮਝਣ ਵਿਚ ਸਫਲ ਹੋ ਸਕਦੇ ਹਾਂ।

ਪੁਰਾਣਿਕ ਸ਼ਬਦਾਵਲੀ ਦੇ ਆਏ ਅਨੇਕਾਂ ਸ਼ਬਦਾਂ ਵਿੱਚੋਂ ਹੀ ਇਕ ਸ਼ਬਦ ਹੈ 'ਤ੍ਰਿਲੋਕ'/'ਤ੍ਰਿਭਵਨ'। ਗੁਰੂ ਗ੍ਰੰਥ ਸਾਹਿਬ ਵਿਚ ਤ੍ਰਿਲੋਕ/ਤ੍ਰਿਭਵਨ/ਤ੍ਰਿਭਵਣ, ਤੀਨਿ ਲੋਕ, ਤਿਹੁ ਲੋਕ, ਤਿਹੁੰ ਲੋਕ, ਤ੍ਰੈ ਲੋਕ, ਤ੍ਰਿਅ ਅਸਥਾਨ ਆਦਿਕ ਸ਼ਬਦ ਸਮਾਨਾਰਥ ਸ਼ਬਦ ਹਨ, ਅਤੇ ਇਨ੍ਹਾਂ ਦਾ ਅਰਥ ਤਿੰਨ ਲੋਕ ਹੈ। ਪੁਰਾਣਿਕ ਵਿਸ਼ਵਾਸ ਅਨੁਸਾਰ ਤਿੰਨ ਲੋਕ ਇਹ ਹਨ: ਸਵਰਗ, ਪ੍ਰਿਥਵੀ ਅਤੇ ਪਾਤਾਲ। ਭਾਈ ਕਾਨ੍ਹ ਸਿੰਘ ਨਾਭਾ ਨੇ *ਮਹਾਨ ਕੋਸ਼* ਵਿਚ ਤ੍ਰਿਲੋਕ ਸ਼ਬਦ ਦਾ ਅਰਥ ਇਸ ਤਰ੍ਹਾਂ ਕੀਤਾ ਹੈ: 1. ਤਿੰਨ-ਲੋਕ—ਸੁਰਗ, ਪ੍ਰਿਥਵੀ ਤੇ ਪਾਤਾਲ। 2. ਉੱਤਮ, ਮੱਧਮ ਅਤੇ ਨੀਚ ਲੋਕ। 3. ਗੋਰੇ, ਕਣਕ ਵੰਨੇ ਅਤੇ ਕਾਲੇ ਲੋਗ।

ਗੁਰਬਾਣੀ ਵਿਚ ਆਏ ਤਿੰਨ ਲੋਕਾਂ ਦਾ ਭਾਵਾਰਥ ਦੇਖਣ ਤੋਂ ਪਹਿਲਾਂ ਇਨ੍ਹਾਂ ਬਾਰੇ ਜੋ ਪੁਰਾਣ ਸਾਹਿਤ ਵਿਚ ਕਿਹਾ ਗਿਆ ਹੈ, ਉਸ ਦੀ ਸੰਖੇਪ 'ਚ ਚਰਚਾ ਕਰਨੀ ਅਢੁਕਵੀਂ ਨਹੀਂ ਹੋਵੇਗੀ। ਪੁਰਾਣ ਸਾਹਿਤ ਵਿਚ ਇਨ੍ਹਾਂ ਤਿਨ੍ਹਾਂ ਲੋਕਾਂ ਬਾਰੇ ਇਹ ਧਾਰਨਾ ਹੈ ਕਿ ਸੁਰਗ ਲੋਕ, ਉਹ ਲੋਕ ਹੈ ਜਿਥੇ ਦੇਵਤੇ ਰਹਿੰਦੇ ਹਨ; ਮਰਤ ਲੋਕ/ ਨਰ ਲੋਕ/ਉਹ ਲੋਕ ਹੈ ਜਿਥੇ ਉਹ ਲੋਕ ਰਹਿੰਦੇ ਹਨ ਜਿਹੜੇ ਮਰ ਜਾਂਦੇ ਹਨ ਭਾਵ ਮਨੁੱਖ, ਅਤੇ ਨਾਗ ਲੋਕ ਉਹ ਲੋਕ ਹੈ ਜਿਥੇ ਨਾਗ ਜਾਤੀ ਦੇ ਲੋਕ ਰਹਿੰਦੇ ਹਨ।

ਪੁਰਾਣ ਸਾਹਿਤ ਵਿਚ ਸੁਰਗ ਲੋਕ ਨੂੰ ਹੀ ਸੁਰ ਲੋਕ, ਦੇਵ ਲੋਕ, ਦੇਵਪੁਰੀ,

ਇੰਦ੍ਰਪੁਰੀ, ਅਮਰਪੁਰੀ/ਅਮਰਾਪੁਰ/ਅਮਰਾਪੁਰੀ, ਸੁਰਪੁਰ/ਸੁਰਪੁਰੀ ਆਖਿਆ ਗਿਆ ਹੈ। ਅਮਰਾਵਤੀ ਨੂੰ ਸੁਰਗ ਲੋਕ ਦੀ ਰਾਜਧਾਨੀ ਮੰਨਿਆ ਜਾਂਦਾ ਹੈ।

ਪਾਤਾਲ ਸ਼ਬਦ ਦੇ *ਹਿੰਦੀ ਸ਼ਬਦ ਕੋਸ਼* ਵਿਚ ਦੋ ਅਰਥ ਕੀਤੇ ਹਨ: ਇਕ ਹੈ "ਬਹੁਤ ਗਹਿਰਾ ਅਤੇ ਡੂੰਘਾ ਸਥਾਨ", ਦੂਜਾ ਅਰਥ ਕੀਤਾ ਹੈ "ਧਰਤੀ ਦੇ ਹੇਠਾਂ ਕਲਪਿਤ ਲੋਕ; ਨਾਗ ਲੋਕ। ਹੇਠਲੇ ਲੋਕਾਂ ਵਿੱਚੋਂ ਸਤਵਾਂ ਲੋਕ।"

[ਨੋਟ: ਪਾਤਾਲ ਵਿਚ ਵਾਸੁਕੀ (ਸਰਪਰਾਜ) ਦਾ ਰਾਜ ਮੰਨਿਆ ਗਿਆ ਹੈ। ਪੁਰਾਣਿਕ ਕਥਾ ਅਨੁਸਾਰ ਵਾਸੁਕੀ/ਵਾਸੁਕਿ ਦਾ ਹੀ ਨੇਤ੍ਰਾ ਬਣਾ ਕੇ ਦੇਵਤਿਆਂ ਅਤੇ ਦੈਂਤਾਂ ਨੇ ਖੀਰ ਸਮੁੰਦਰ ਨੂੰ ਰਿੜਕਿਆ ਸੀ।]

ਪੁਰਾਣਾਂ ਵਿਚ ਇਕ ਪਾਤਾਲ ਹੀ ਨਹੀਂ, ਬਲਕਿ ਸੱਤ ਪਾਤਾਲ ਮੰਨੇ ਗਏ ਹਨ। ਇਨ੍ਹਾਂ ਪਾਤਾਲਾਂ ਦੇ ਨਾਵਾਂ ਅਤੇ ਇਨ੍ਹਾਂ ਦੀ ਗਿਣਤੀ ਬਾਰੇ ਪੁਰਾਣਾਂ ਦਾ ਇਕ ਮਤ ਨਹੀਂ ਹੈ। 'ਵਿਸ਼ਨੂੰ ਪੁਰਾਣ' ਅਨੁਸਾਰ ਸੱਤ ਪਾਤਾਲ ਹਨ। ਪਰੰਤੂ 'ਸ਼ਿਵ ਪੁਰਾਣ' ਵਿਚ ਇਨ੍ਹਾਂ ਦੀ ਗਿਣਤੀ ਅੱਠ ਦਰਸਾਈ ਹੈ। 'ਪਦਮ ਪੁਰਾਣ' ਅਨੁਸਾਰ ਪਾਤਾਲਾਂ ਦੀ ਗਿਣਤੀ ਤਾਂ ਸੱਤ ਹੀ ਹੈ, ਪਰ ਇਸ ਵਿਚ ਦਰਸਾਏ ਪਾਤਾਲਾਂ ਦੇ ਨਾਵਾਂ ਵਿਚ 'ਵਿਸ਼ਨੂੰ ਪੁਰਾਣ' 'ਚ ਅੰਕਤ ਨਾਵਾਂ ਨਾਲੋਂ ਦੋ ਨਾਵਾਂ ਵਿਚ ਭਿੰਨਤਾ ਹੈ।

ਪੁਰਾਣ ਸਾਹਿਤ ਵਿਚ ਵਰਣਨ ਤਿੰਨ ਲੋਕਾਂ ਬਾਰੇ ਸੰਖੇਪ ਜੇਹੀ ਚਰਚਾ ਕਰਨ ਮਗਰੋਂ ਹੁਣ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਨ੍ਹਾਂ ਬਾਰੇ ਜੋ ਦ੍ਰਿਸ਼ਟੀਕੋਣ ਹੈ, ਉਸ ਦੀ ਸੰਖੇਪ ਵਿਚ ਚਰਚਾ ਕਰ ਰਹੇ ਹਾਂ। ਗੁਰੂ ਗ੍ਰੰਥ ਸਾਹਿਬ ਵਿਚ ਕੁਦਰਤ ਦੇ ਪਾਸਾਰੇ ਦਾ ਵਰਣਨ ਕਰਦਿਆਂ ਨੇਤ ਨੇਤ/ਬੇਅੰਤ ਬੇਅੰਤ ਸ਼ਬਦ ਹੀ ਵਰਤਿਆ ਗਿਆ ਹੈ। ਜਿਸ ਤਰ੍ਹਾਂ ਉਸ ਪ੍ਰਭੂ ਦਾ ਕੋਈ ਅੰਤ ਨਹੀਂ, ਉਸੇ ਤਰ੍ਹਾਂ ਉਸ ਦੀ ਰਚਨਾ ਦਾ ਵੀ ਕੋਈ ਅੰਤ ਨਹੀਂ ਹੈ। ਅਕਾਲ ਪੁਰਖ ਆਪਣੇ ਪਸਾਰੇ ਹੋਏ ਪਸਾਰੇ ਦੇ ਰੂਪ ਵਿਚ ਹੀ ਤਾਂ ਆਪਣੇ ਆਪ ਨੂੰ ਪਸਾਰੀ ਬੈਠਾ ਹੋਇਆ ਹੈ। ਇਸ ਲਈ ਇਸ ਦਾ ਅੰਤ ਪਾਇਆ ਵੀ ਕਿਵੇਂ ਜਾ ਸਕਦਾ ਹੈ? ਗੁਰੂ ਗ੍ਰੰਥ ਸਾਹਿਬ ਜੀ ਵਿਚ ਪ੍ਰਭੂ ਦੇ ਪਸਾਰੇ ਸੰਬੰਧੀ ਕਿਹਾ ਹੈ ਕਿ:

ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥
ਨਾਨਕ ਵਡਾ ਆਖੀਐ ਆਪੇ ਜਾਣੈ ਆਪੁ ॥ *(ਜਪੁ ਜੀ, ਪੰਨਾ 5)*

ਇਸ ਲਈ ਗੁਰੂ ਗ੍ਰੰਥ ਸਾਹਿਬ ਜੀ ਵਿਚ ਜਿਤਨੇ ਵੀ ਗਿਣਤੀ-ਮਿਣਤੀ ਅਤੇ ਮਾਪ-ਤੋਲ ਦੇ ਸ਼ਬਦ ਆਏ ਹਨ, ਉਨ੍ਹਾਂ ਨੂੰ ਪ੍ਰਚਲਿਤ ਅਰਥਾਂ ਵਿਚ ਨਹੀਂ ਵਰਤਿਆ ਬਲਕਿ ਬੇਅੰਤ ਦੇ ਅਰਥਾਂ ਵਿਚ ਹੀ ਵਰਤਿਆ ਗਿਆ ਹੈ।

ਸੋ, ਗੁਰੂ ਗ੍ਰੰਥ ਸਾਹਿਬ ਜੀ ਵਿਚ ਆਏ ਤਿੰਨ ਲੋਕ ਸ਼ਬਦ ਦਾ ਅਰਥ ਸੁਰਗ, ਮਾਤ ਅਤੇ ਪਤਾਲ ਲੋਕ ਤੋਂ ਨਹੀਂ ਹੈ। ਬਾਣੀ ਵਿਚ ਇਸ ਸ਼ਬਦ ਦੇ ਅਰਥ ਤੋਂ ਭਾਵ ਸੰਸਾਰ ਤੋਂ ਹੀ ਹੈ। ਨਿਮਨ ਲਿਖਤ ਪੰਗਤੀਆਂ ਵਿਚ ਇਸ ਭਾਵ ਨੂੰ ਦੇਖਿਆ ਜਾ ਸਕਦਾ ਹੈ:

(ੳ) **ਭੈ ਬਿਨਸੇ ਤਿਹੁ ਲੋਕ ਕੇ ਪਾਏ ਸੁਖ ਥਾਨ ॥** *(ਬਿਲਾਵਲੁ ਮ: ੫, ਪੰਨਾ 813)*

ਅਰਥ: ਗੁਰੂ ਨੇ ਜਿਸ ਮਨੁੱਖ ਉੱਤੇ ਦਇਆ ਕੀਤੀ, ਉਸ ਦੇ ਮਨ ਵਿਚ ਪ੍ਰਭੂ ਦਾ ਨਾਮ ਵੱਸ ਪੈਂਦਾ ਹੈ, ਸਾਰੇ ਜਗਤ ਨੂੰ ਡਰਾਣ ਵਾਲੇ (ਉਸ ਦੇ) ਸਾਰੇ ਡਰ ਨਾਸ ਹੋ ਜਾਂਦੇ ਹਨ (ਕਿਉਂਕਿ ਗੁਰੂ ਦੀ ਕਿਰਪਾ ਨਾਲ) ਉਸ ਨੂੰ ਸੁੱਖਾਂ ਦਾ ਟਿਕਾਣਾ (ਸਾਧ-ਸੰਗ) ਮਿਲ ਜਾਂਦਾ ਹੈ।

(ਅ) **ਮਨੁ ਮਾਰਿ ਰੀਝੈ ਸਬਦਿ ਸੀਝੈ ਤ੍ਰੈ ਲੋਕ ਨਾਥੁ ਪਛਾਣਏ॥**

(ਬਿਲਾਵਲੁ ਮ: ੧, ਪੰਨਾ 844)

ਅਰਥ : (ਜਿਹੜੀ ਜੀਵ-ਇਸਤ੍ਰੀ ਆਪਣੇ) ਮਨ ਨੂੰ ਵੱਸ ਵਿਚ ਕਰਕੇ ਆਤਮਿਕ ਅਨੰਦ ਹਾਸਲ ਕਰਦੀ ਹੈ, ਗੁਰੂ ਦੇ ਸ਼ਬਦ ਦੀ ਰਾਹੀਂ ਉਹ (ਜੀਵਨ ਵਿਚ) ਕਾਮਯਾਬ ਹੁੰਦੀ ਹੈ, ਸਾਰੇ ਜਗਤ ਦੇ ਮਾਲਕ ਪ੍ਰਭੂ ਨਾਲ ਉਹ ਸਾਂਝ ਪਾ ਲੈਂਦੀ ਹੈ।

(ੲ) **ਗੁਣ ਗਾਇ ਰਾਮ ਰਸਾਇ ਰਸੀਅਹਿ ਗੁਰ ਗਿਆਨ ਅੰਜਨੁ ਸਾਰਹੇ॥**
ਤ੍ਰੈ ਲੋਕ ਦੀਪਕੁ ਸਬਦਿ ਚਾਨਣੁ ਪੰਚ ਦੂਤ ਸੰਘਾਰਹੇ॥

(ਤੁਖਾਰੀ ਮਹਲਾ ੧, ਪੰਨਾ 1113)

ਅਰਥ : ਹੇ ਮਨ! ਪ੍ਰੇਮ ਨਾਲ ਪਰਮਾਤਮਾ ਦੇ ਗੁਣ ਗਾਇਆਂ (ਗੁਣ) ਤੇਰੇ ਅੰਦਰ ਰਸ ਜਾਣਗੇ। (ਹੇ ਮੇਰੇ ਮਨ!) ਜੇ ਤੂੰ ਗੁਰੂ ਦੀ ਬਖ਼ਸ਼ੀ ਹੋਈ ਆਤਮਿਕ ਜੀਵਨ ਦੀ ਸੂਝ ਦਾ ਸੁਰਮਾ (ਆਪਣੀਆਂ ਆਤਮਿਕ ਅੱਖਾਂ ਵਿਚ) ਪਾ ਲਏਂ, ਤਾਂ ਸਾਰੇ ਜਗਤ ਨੂੰ ਚਾਨਣ ਦੇਣ ਵਾਲਾ ਦੀਵਾ (-ਪ੍ਰਭੂ ਤੇਰੇ ਅੰਦਰ ਜਗ ਪਏਗਾ), ਗੁਰੂ ਦੇ ਸ਼ਬਦ ਦੀ ਬਰਕਤਿ ਨਾਲ (ਤੇਰੇ ਅੰਦਰ ਆਤਮਿਕ ਜੀਵਨ ਦੀ ਸੂਝ ਦਾ) ਚਾਨਣ (ਹੋ ਜਾਇਗਾ)। ਤੂੰ (ਕਾਮਾਦਿਕ) ਪੰਜ ਵੈਰੀਆਂ ਨੂੰ (ਆਪਣੇ ਅੰਦਰੋਂ) ਮਾਰ ਲਏਂਗਾ।

ਇਸ ਅਰਥ ਤੋਂ ਇਲਾਵਾ ਇਹ ਸ਼ਬਦ ਹਰੇਕ ਵਰਗ ਦੇ ਪ੍ਰਾਣੀਆਂ ਦੇ ਅਰਥਾਂ ਵਿਚ ਵੀ ਆਇਆ ਹੈ :

ਪ੍ਰਥਮ ਆਏ ਕੁਲਖੇਤਿ ਗੁਰ ਸਤਿਗੁਰ ਪੁਰਬੁ ਹੋਆ॥
ਖਬਰਿ ਭਈ ਸੰਸਾਰਿ ਆਏ ਤ੍ਰੈ ਲੋਆ॥
ਦੇਖਣਿ ਆਏ ਤੀਨਿ ਲੋਕ ਸੁਰਿ ਨਰ ਮੁਨਿ ਜਨ ਸਭਿ ਆਇਆ॥
ਜਿਨ ਪਰਸਿਆ ਗੁਰੁ ਸਤਿਗੁਰੂ ਪੂਰਾ ਤਿਨ ਕੇ ਕਿਲਵਿਖ ਨਾਸ ਗਵਾਇਆ॥

(ਤੁਖਾਰੀ ਮਹਲਾ ੪, ਪੰਨਾ 1116)

ਅਰਥ : ਹੇ ਭਾਈ! ਗੁਰੂ (ਅਮਰਦਾਸ) ਜੀ ਪਹਿਲਾਂ ਕੁਲਖੇਤ (ਕੁਰੂਖੇਤ੍ਰ) 'ਤੇ ਪਹੁੰਚੇ। (ਉਥੋਂ ਦੇ ਲੋਕਾਂ ਵਾਸਤੇ ਉਹ ਦਿਨ) ਗੁਰੂ ਸਤਿਗੁਰੂ ਨਾਲ ਸੰਬੰਧ ਰੱਖਣ ਵਾਲਾ ਪਵਿੱਤਰ ਦਿਨ ਬਣ ਗਿਆ। ਸੰਸਾਰ ਵਿਚ (ਭਾਵ, ਦੂਰ-ਦੂਰ ਤਕ) (ਸਤਿਗੁਰੂ ਜੀ ਦੇ ਕੁਲਖੇਤ ਆਉਣ ਦੀ) ਖ਼ਬਰ ਹੋ ਗਈ, ਬੇਅੰਤ ਲੋਕ (ਦਰਸਨ ਕਰਨ ਲਈ) ਆ ਗਏ। ਹੇ ਭਾਈ! (ਗੁਰੂ ਅਮਰਦਾਸ ਜੀ ਦਾ) ਦਰਸ਼ਨ ਕਰਨ ਲਈ ਬਹੁਤ ਲੋਕ ਆ ਪਹੁੰਚੇ। ਦੈਵੀ ਸੁਭਾਵ ਵਾਲੇ ਮਨੁੱਖ, ਰਿਸ਼ੀ ਸੁਭਾਵ ਵਾਲੇ ਮਨੁੱਖ ਬਹੁਤ ਆ ਇਕੱਠੇ ਹੋਏ। ਹੇ ਭਾਈ! ਜਿਨ੍ਹਾਂ (ਵਡਭਾਗੀ ਮਨੁੱਖਾਂ) ਨੇ ਪੂਰੇ ਗੁਰੂ ਸਤਿਗੁਰੂ ਦਾ ਦਰਸ਼ਨ ਕੀਤਾ, ਉਹਨਾਂ ਦੇ (ਪਿਛਲੇ ਸਾਰੇ) ਪਾਪ ਨਾਸ ਹੋ ਗਏ।

ਸੋ, ਗੁਰੂ ਗ੍ਰੰਥ ਸਾਹਿਬ ਜੀ ਵਿਚ 'ਤੀਨਿ ਲੋਕ' ਸ਼ਬਦ ਦਾ ਅਰਥ ਸਾਰੇ ਸੰਸਾਰ ਅਤੇ ਮਨੁੱਖਾਂ ਤੋਂ ਹੈ। ਇਸ ਸ਼ਬਦ ਨੂੰ ਪ੍ਰਚਲਿਤ ਭਾਵਾਰਥ ਦੇ ਅਰਥ ਵਿਚ ਨਹੀਂ ਵਰਤਿਆ ਹੈ।

ਅਨਿਕ ਅਕਾਸ ਅਨਿਕ ਪਾਤਾਲ॥ *(ਸਾਰਗ ਮ: ੫, ਪੰਨਾ 1236)*

ਅਰਥ : ਅਨੇਕਾਂ ਹੀ ਆਕਾਸ਼ ਅਤੇ ਅਨੇਕਾਂ ਹੀ ਪਾਤਾਲ ਹਨ।

ਚਉਦਹ ਲੋਕ/ਭਵਨ

ਗੁਰੂ ਗ੍ਰੰਥ ਸਾਹਿਬ ਜੀ ਵਿਚ ਅਨਮਤੀ ਸ਼ਬਦਾਵਲੀ ਦੇ ਅਨੇਕਾਂ ਸ਼ਬਦਾਂ ਵਿੱਚੋਂ ਹੀ ਇਕ ਸ਼ਬਦ 'ਚਉਦਹ ਲੋਕ/ਭਵਨ' ਸ਼ਬਦ ਵੀ ਆਇਆ ਹੈ। ਬਾਣੀ ਰਚੇਤਿਆਂ ਨੇ ਜਿਸ ਤਰ੍ਹਾਂ ਅਨਮਤ ਸ਼ਬਦਾਵਲੀ ਦੇ ਅਨੇਕਾਂ ਸ਼ਬਦਾਂ ਨੂੰ ਪ੍ਰਚਲਿਤ ਅਰਥਾਂ ਵਿਚ ਵਰਤਣ ਦੀ ਥਾਂ, ਨਵੀਨ ਅਰਥ ਵਿਚ ਵਰਤਿਆ ਹੈ, ਉਸੇ ਤਰ੍ਹਾਂ 'ਚਉਦਹ ਲੋਕ' ਸ਼ਬਦ ਨੂੰ ਵੀ ਵਰਤਿਆ ਹੈ।

(ਇਸ ਪ੍ਰਕਰਣ ਵਿਚ) 'ਲੋਕ' ਸ਼ਬਦ ਦਾ ਅਰਥ ਹੈ ਸੰਸਾਰ ਦਾ ਹਿੱਸਾ ਜਾਂ ਭਾਗ ਹੈ। ਪੁਰਾਣਿਕ ਸਾਹਿਤ ਵਿਚ 'ਲੋਕਾਂ' ਦੀ ਗਿਣਤੀ 'ਤਿੰਨ ਲੋਕਾਂ' ਤੋਂ ਇਲਾਵਾ 'ਚੌਦਾਂ ਲੋਕਾਂ' ਦੀ ਧਾਰਨਾ ਵੀ ਪਾਈ ਜਾਂਦੀ ਹੈ। ਇਨ੍ਹਾਂ 'ਚੌਦਾਂ ਲੋਕਾਂ' ਵਿੱਚੋਂ ਸੱਤ ਲੋਕ ਉਪਰ ਮੰਨੇ ਗਏ ਹਨ ਅਤੇ ਸੱਤ ਹੇਠਾਂ ਮੰਨੇ ਗਏ ਹਨ। ਉਪਰਲੇ ਮੰਨੇ ਗਏ ਲੋਕ ਇਹ ਹਨ : ਭੂ, ਭੂਵਃ, ਸਵ, ਮਹਃ, ਜਨ, ਤਪ ਤੇ ਸਤ ਅਤੇ ਹੇਠਲੇ ਲੋਕ ਇਹ ਹਨ : ਅਤਲ, ਸੁਤਲ, ਵਿਤਲ, ਤਲਾਤਲ, ਮਹਾਂਤਲ, ਰਸਾਤਲ ਤੇ ਪਾਤਾਲ।

[*ਨੋਟ : ਜਯੋਤਿਸ਼ ਗ੍ਰੰਥ ਸਿਧਾਂਤ ਸਿਰੋਮਣਿ* ਵਿਚ ਜ਼ਮੀਨ ਉੱਤੇ ਹੀ ਚੌਦਾਂ ਲੋਕ ਹੋਣੇ ਮੰਨੇ ਹਨ। *(ਮਹਾਨ ਕੋਸ਼) ਗੁਰੂ ਗ੍ਰੰਥ ਸੰਕੇਤ ਕੋਸ਼* ਦੇ ਲੇਖਕ ਦਾ ਖ਼ਿਆਲ ਹੈ ਕਿ "ਨਵੀਨ ਦ੍ਰਿਸ਼ਟੀ ਤੋਂ ਇਹ ਉੱਚੇ ਨੀਵੇਂ ਥਾਵਾਂ ਦੇ ਖ਼ਾਸ ਇਲਾਕੇ ਯਾ ਮੁਲਕ ਸਨ। ਪਰ ਇਹ ਨਹੀਂ ਕਿਹਾ ਜਾ ਸਕਦਾ ਕਿ ਇਹ ਕਿਹੜੇ ਕਿਹੜੇ ਸਨ।" ਸਾਮੀ ਗ੍ਰੰਥਾਂ ਵਿਚ ਵੀ ਚੌਦਾਂ ਤਬਕਾਂ (ਲੋਕਾਂ) ਦਾ ਵਰਣਨ ਮਿਲਦਾ ਹੈ।]

ਗੁਰੂ ਗ੍ਰੰਥ ਸਾਹਿਬ ਜੀ ਵਿਚ ਕ੍ਰੋੜਾਂ ਬ੍ਰਹਿਮੰਡਾਂ ਦੀ ਗੱਲ ਕਰਕੇ ਵੀ ਫਿਰ ਇਹੀ ਸਪੱਸ਼ਟ ਕੀਤਾ ਹੈ ਕਿ ਪ੍ਰਭੂ ਦੀ ਰਚਨਾ ਬਾਰੇ ਕ੍ਰੋੜਾਂ ਸ਼ਬਦ ਵਰਤਣੇ ਵੀ ਜੋਗ ਨਹੀਂ ਹਨ। ਚੂੰਕਿ ਇਸ ਰਚਨਾ ਦਾ ਕੋਈ ਲੇਖਾ-ਜੋਖਾ ਹੈ ਹੀ ਨਹੀਂ, ਇਸੇ ਲਈ ਬਾਣੀ ਵਿਚ ਇਸ ਸੰਬੰਧੀ ਨਿਰਣਾਇਕ ਫ਼ੈਸਲਾ ਦੇਂਦਿਆਂ ਕਿਹਾ ਹੈ "ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ"।

ਜੇਕਰ ਗੁਰੂ ਗ੍ਰੰਥ ਸਾਹਿਬ ਜੀ ਵਿਚ 'ਚਉਦਹ ਲੋਕ/ਭਵਨ' ਸ਼ਬਦ ਆਇਆ ਹੈ ਤਾਂ ਇਸ ਦਾ ਹਰਗਿਜ਼ ਇਹ ਭਾਵ ਨਹੀਂ ਹੈ ਕਿ ਬਾਣੀ ਰਚੇਤਿਆਂ ਨੇ ਇਸ ਸ਼ਬਦ ਨੂੰ ਪ੍ਰਚਲਿਤ ਅਰਥਾਂ ਵਿਚ ਵਰਤ ਕੇ, ਪੁਰਾਣਿਕ ਵਿਸ਼ਵਾਸ ਅਨੁਸਾਰ ਹੀ ਇਨ੍ਹਾਂ ਦੀ ਹੋਂਦ ਨੂੰ ਸਵੀਕਾਰ ਕੀਤਾ ਹੈ। ਸਗੋਂ, ਗੁਰਬਾਣੀ ਵਿਚ ਇਸ ਸ਼ਬਦ (ਚਉਦਹ ਲੋਕ) ਨੂੰ ਸਾਰੀ ਸ੍ਰਿਸ਼ਟੀ/ਸੰਸਾਰ ਦੇ ਅਰਥ ਵਿਚ ਹੀ ਵਰਤਿਆ ਹੈ। ਜਿਵੇਂ :

(ੳ) **ਚਉਦਸਿ ਚਉਦਹ ਲੋਕ ਮਝਾਰਿ ॥**
ਰੋਮ ਰੋਮ ਮਹਿ ਬਸਹਿ ਮੁਰਾਰਿ ॥ *(ਗਉੜੀ ਕਬੀਰ ਜੀ, ਪੰਨਾ 344)*

ਅਰਥ : (ਹੇ ਭਾਈ!) ਪ੍ਰਭੂ ਜੀ ਚਉਦਹ ਲੋਕ (ਭਾਵ) ਸਾਰੀ ਸ੍ਰਿਸ਼ਟੀ ਦੇ ਜ਼ੱਰੇ ਜ਼ੱਰੇ ਵਿਚ ਵੱਸ ਰਹੇ ਹਨ।

(ਅ) **ਚਾਰਿ ਕੁੰਟ ਚਉਦਹ ਭਵਨ ਸਗਲ ਬਿਆਪਤ ਰਾਮ॥**
ਨਾਨਕ ਊਨ ਨ ਦੇਖੀਐ ਪੂਰਨ ਤਾ ਕੇ ਕਾਮ॥੧੪॥

(ਗਉੜੀ ਮਹਲਾ ੫, ਪੰਨਾ 299)

ਅਰਥ : ਚਾਰ ਪਾਸੇ ਤੇ ਚੌਦਾਂ ਲੋਕ—ਸਭਨਾਂ ਵਿਚ ਹੀ ਪਰਮਾਤਮਾ ਵੱਸ ਰਿਹਾ ਹੈ। ਹੇ ਨਾਨਕ! (ਉਸ ਪਰਮਾਤਮਾ ਦੇ ਭੰਡਾਰਿਆਂ ਵਿਚ) ਕੋਈ ਕਮੀ ਨਹੀਂ ਵੇਖੀ ਜਾਂਦੀ, ਉਸ ਦੇ ਕੀਤੇ ਸਾਰੇ ਹੀ ਕੰਮ ਸਫਲ ਹੁੰਦੇ ਹਨ।

(ੲ) **ਦੁਇ ਦੀਵੇ ਚਉਦਹ ਹਟਨਾਲੇ॥**
ਜੇਤੇ ਜੀਅ ਤੇਤੇ ਵਣਜਾਰੇ॥
ਖੁਲ੍ਹੇ ਹਟ ਹੋਆ ਵਾਪਾਰੁ॥
ਜੋ ਪਹੁਚੈ ਸੋ ਚਲਣਹਾਰੁ॥ *(ਵਾਰ ਸੂਹੀ ਮਹਲਾ ੧, ਪੰਨਾ 789)*

ਅਰਥ : ਜਗਤ-ਰੂਪ ਸ਼ਹਿਰ ਵਿਚ ਚੰਦ ਤੇ ਸੂਰਜ, ਮਾਨੋ, ਦੋ ਦੀਵੇ ਜਗ ਰਹੇ ਹਨ, ਤੇ ਚੌਦਾਂ ਲੋਕ (ਇਹ ਜਗਤ-ਸ਼ਹਿਰ ਦੇ, ਮਾਨੋ) ਬਜ਼ਾਰ ਹਨ, ਸਾਰੇ ਜੀਵ (ਇਸ ਸ਼ਹਿਰ ਦੇ) ਵਪਾਰੀ ਹਨ। ਜਦੋਂ ਹੱਟ ਖੁੱਲ੍ਹ ਪਏ (ਜਗਤ ਰਚਨਾ ਹੋਈ), ਵਪਾਰ ਹੋਣ ਲੱਗ ਪਿਆ। ਜੋ ਜੋ ਵਪਾਰੀ ਏਥੇ ਆਉਂਦਾ ਹੈ, ਉਹ ਮੁਸਾਫ਼ਰ ਹੀ ਹੁੰਦਾ ਹੈ।

(ਸ) **ਚਉਦਹ ਭਵਣ ਤੇਰੇ ਹਟਨਾਲੇ॥**
ਸਤਿਗੁਰਿ ਦਿਖਾਏ ਅੰਤਰਿ ਨਾਲੇ॥
ਨਾਵੈ ਕਾ ਵਾਪਾਰੀ ਹੋਵੈ ਗੁਰ ਸਬਦੀ ਕੋ ਪਾਇਦਾ॥੩॥

(ਮਾਰੂ ਮਹਲਾ ੩, ਪੰਨੇ 1062-63)

ਅਰਥ : ਹੇ ਪ੍ਰਭੂ! ਇਹ ਚੌਦਾਂ ਲੋਕ ਤੇਰੇ ਬਾਜ਼ਾਰ ਹਨ (ਜਿਥੇ ਤੇਰੇ ਪੈਦਾ ਕੀਤੇ ਬੇਅੰਤ ਜੀਵ ਤੇਰੀ ਦੱਸੀ ਕਾਰ ਕਰ ਰਹੇ ਹਨ। ਇਹ ਸਾਰਾ ਜਗਤ ਤੇਰਾ ਹੀ ਸਰੂਪ ਹੈ)। ਜਿਸ ਮਨੁੱਖ ਨੂੰ ਗੁਰੂ ਨੇ ਤੇਰਾ ਇਹ ਸਰਬ-ਵਿਆਪਕ ਸਰੂਪ ਉਸ ਦੇ ਅੰਦਰ ਵੱਸਦਾ ਹੀ ਵਿਖਾ ਦਿੱਤਾ ਹੈ, ਉਹ ਮਨੁੱਖ ਤੇਰੇ ਨਾਮ ਦਾ ਵਣਜਾਰਾ ਬਣ ਜਾਂਦਾ ਹੈ। (ਇਹ ਦਾਤਿ) ਜਿਹੜਾ ਕੋਈ ਪ੍ਰਾਪਤ ਕਰਦਾ ਹੈ, ਗੁਰੂ ਦੇ ਸ਼ਬਦ ਦੀ ਰਾਹੀਂ ਹੀ (ਪ੍ਰਾਪਤ ਕਰਦਾ ਹੈ)।

(ਹ) **ਨਉ ਸਤ ਚਉਦਹ ਤੀਨਿ ਚਾਰਿ ਕਰਿ ਮਹਲਤਿ ਚਾਰਿ ਬਹਾਲੀ॥**
ਚਾਰੇ ਦੀਵੇ ਚਹੁ ਹਥਿ ਦੀਏ ਏਕਾ ਏਕਾ ਵਾਰੀ॥੧॥

(ਬਸੰਤੁ ਮਹਲਾ ੧, ਪੰਨਾ 1190)

ਅਰਥ : (ਜਦੋਂ ਇਥੇ ਹਿੰਦੂ-ਰਾਜ ਸੀ ਤਾਂ ਲੋਕ ਹੇਂਦਕੇ ਲਫ਼ਜ਼ ਹੀ ਵਰਤਦੇ ਸਨ ਤੇ ਆਖਿਆ ਕਰਦੇ ਸਨ ਕਿ) ਹੇ ਪ੍ਰਭੂ! ਨੌਂ ਖੰਡ, ਸੱਤ ਦੀਪ, ਚੌਦਾਂ ਭਵਨ, ਤਿੰਨ ਲੋਕ ਤੇ ਚਾਰ ਜੁਗ ਬਣਾ ਕੇ ਤੂੰ ਚਾਰ ਖਾਣੀਆਂ ਦੀ ਰਾਹੀਂ ਇਸ (ਸ੍ਰਿਸ਼ਟੀ-) ਹਵੇਲੀ ਨੂੰ ਵਸਾ ਦਿੱਤਾ, ਤੂੰ (ਚਾਰ ਵੇਦ-ਰੂਪ) ਚਾਰ ਦੀਵੇ ਚੌਹਾਂ ਜੁਗਾਂ ਦੇ ਹੱਥ ਵਿਚ ਆਪੋ-ਆਪਣੀ ਵਾਰੀ ਫੜਾ ਦਿੱਤੇ।

ਪੁਰਾਣ ਸਾਹਿਤ ਵਿਚ ਦੇਵਤਿਆਂ ਦੇ ਰਹਿਣ ਦੀਆਂ ਪੁਰੀਆਂ ਨੂੰ ਵੀ 'ਲੋਕ' ਕਿਹਾ ਗਿਆ ਹੈ : ਬ੍ਰਹਮ-ਲੋਕ, ਸ਼ਿਵ-ਲੋਕ, ਸੂਰਜ-ਲੋਕ, ਚੰਦ੍ਰਮਾ-ਲੋਕ ਆਦਿ। ਗੁਰੂ ਗ੍ਰੰਥ ਸਾਹਿਬ ਜੀ ਵਿਚ 'ਬ੍ਰਹਮ-ਲੋਕ' ਆਦਿ ਦਾ ਵਰਣਨ ਆਇਆ ਹੈ, ਪਰੰਤੂ ਇਸ ਦਾ ਇਹ ਭਾਵ ਨਹੀਂ ਹੈ ਕਿ ਬਾਣੀ ਰਚੇਤਿਆਂ ਨੇ ਬ੍ਰਹਮ-ਲੋਕ ਆਦਿ ਦੀ ਹੋਂਦ ਨੂੰ ਮੰਨਿਆ ਹੈ। ਗੁਰਬਾਣੀ ਦੀਆਂ ਨਿਮਨ ਲਿਖਤ ਪੰਗਤੀਆਂ ਵਿਚ ਇਸ ਸ਼ਬਦ ਦੀ ਵਰਤੋਂ ਦੇ ਮਨੋਰਥ ਨੂੰ ਦੇਖਿਆ ਜਾ ਸਕਦਾ ਹੈ :

(ੳ) **ਬ੍ਰਹਮ ਲੋਕ ਅਰੁ ਰੁਦ੍ਰ ਲੋਕ ਆਈ ਇੰਦ੍ਰ ਲੋਕ ਤੇ ਧਾਇ ॥**
ਸਾਧਸੰਗਤਿ ਕਉ ਜੋਹਿ ਨ ਸਾਕੈ ਮਲਿ ਮਲਿ ਧੋਵੈ ਪਾਇ ॥੧॥

(ਗੂਜਰੀ ਮਹਲਾ ੫, ਪੰਨਾ 500)

ਇਸ ਸ਼ਬਦ ਵਿਚ ਮੁੱਖ ਰੂਪ ਵਿਚ ਜੋ ਗੱਲ ਸਮਝਾਈ ਜਾ ਰਹੀ ਹੈ, ਉਸ ਦਾ ਵਰਣਨ ਇਸ ਸ਼ਬਦ ਦੀਆਂ ਰਹਾਉ ਦੀਆਂ ਪੰਗਤੀਆਂ ਵਿਚ ਹੈ। ਰਹਾਉ ਦੀਆਂ ਪੰਗਤੀਆਂ ਹਨ :

ਅਬ ਮੋਹਿ ਆਇ ਪਰਿਓ ਸਰਨਾਇ ॥
ਗੁਹਜ ਪਾਵਕੋ ਬਹੁਤੁ ਪ੍ਰਜਾਰੈ ਮੋ ਕਉ ਸਤਿਗੁਰਿ ਦੀਓ ਹੈ ਬਤਾਇ ॥੧॥ਰਹਾਉ॥

(ਗੂਜਰੀ ਮਹਲਾ ੫, ਪੰਨਾ 500)

ਅਰਥ : (ਹੇ ਭਾਈ ! ਸੰਸਾਰ ਨੂੰ ਮਾਇਆ ਦੀ ਤ੍ਰਿਸ਼ਨਾ ਦੀ ਅੱਗ ਵਿਚ ਸੜਦਿਆਂ ਵੇਖ ਕੇ) ਹੁਣ ਮੈਂ (ਆਪਣੇ ਸਤਿਗੁਰੂ ਦੀ) ਸ਼ਰਨ ਆ ਪਿਆ ਹਾਂ। (ਤ੍ਰਿਸ਼ਨਾ ਦੀ) ਗੁੱਝੀ ਅੱਗ (ਸੰਸਾਰ ਨੂੰ) ਬਹੁਤ ਬੁਰੀ ਤਰ੍ਹਾਂ ਸਾੜ ਰਹੀ ਹੈ (ਇਸ ਤੋਂ ਬਚਣ ਲਈ) ਗੁਰੂ ਨੇ ਮੈਨੂੰ (ਤਰੀਕਾ) ਦੱਸ ਦਿੱਤਾ ਹੈ।੧।ਰਹਾਉ।

ਇਨ੍ਹਾਂ ਤੁਕਾਂ ਦਾ ਹੀ ਖ਼ੁਲਾਸਾ ਸ਼ਬਦ ਦੇ ਦੋਹਾਂ ਬੰਦਾਂ ਵਿਚ ਕਰਦਿਆਂ ਹੋਇਆਂ ਫ਼ੁਰਮਾਇਆ ਹੈ :

ਬ੍ਰਹਮ ਲੋਕ ਅਰੁ ਰੁਦ੍ਰ ਲੋਕ ਆਈ ਇੰਦ੍ਰ ਲੋਕ ਤੇ ਧਾਇ ॥
ਸਾਧਸੰਗਤਿ ਕਉ ਜੋਹਿ ਨ ਸਾਕੈ ਮਲਿ ਮਲਿ ਧੋਵੈ ਪਾਇ ॥੧॥

(ਗੂਜਰੀ ਮਹਲਾ ੫, ਪੰਨਾ 500)

ਅਰਥ : (ਹੇ ਭਾਈ ! ਮਾਇਆ ਬ੍ਰਹਮਾ ਸ਼ਿਵ ਇੰਦ੍ਰ ਆਦਿਕ ਦੇਵਤਿਆਂ ਉੱਤੇ ਭੀ ਆਪਣਾ (ਪ੍ਰਭਾਵ ਪਾ ਕੇ) ਬ੍ਰਹਮ-ਪੁਰੀ, ਸ਼ਿਵ-ਪੁਰੀ ਅਤੇ ਇੰਦ੍ਰ-ਪੁਰੀ ਤੋਂ ਹੱਲਾ ਕਰ ਕੇ (ਸੰਸਾਰਕ ਜੀਵਾਂ ਵੱਲ) ਆਈ ਹੈ। (ਪਰ) ਸਾਧ ਸੰਗਤਿ ਵੱਲ (ਤਾਂ ਇਹ ਮਾਇਆ) ਤੱਕ ਭੀ ਨਹੀਂ ਸਕਦੀ, (ਇਹ ਮਾਇਆ ਸਤਸੰਗੀਆਂ ਦੇ) ਪੈਰ ਮਲ ਮਲ ਕੇ ਧੋਂਦੀ ਹੈ।

ਸਿਧ ਸਾਧਿਕ ਅਰੁ ਜਖ੍ਯ ਕਿੰਨਰ ਨਰ ਰਹੀ ਕੰਠਿ ਉਰਝਾਇ ॥
ਜਨ ਨਾਨਕ ਅੰਗੁ ਕੀਆ ਪ੍ਰਭਿ ਕਰਤੈ ਜਾ ਕੈ ਕੋਟਿ ਐਸੀ ਦਾਸਾਇ ॥੨॥

(ਗੂਜਰੀ ਮਹਲਾ ੫, ਪੰਨਾ 500)

ਅਰਥ : ਜੋਗ-ਸਾਧਨਾਂ ਵਿਚ ਪੁੱਗੇ ਹੋਏ ਜੋਗੀ, ਜੋਗ-ਸਾਧਨ ਕਰਨ ਵਾਲੇ ਸਾਧੂ, ਜਖ੍ਯ, ਕਿੰਨਰ, ਮਨੁੱਖ—ਇਹਨਾਂ ਸਭਨਾਂ ਦੇ ਗਲ ਨਾਲ ਮਾਇਆ ਚੰਬੜੀ ਰਹਿੰਦੀ ਹੈ। ਪਰ, ਹੇ ਨਾਨਕ ! ਆਪਣੇ ਦਾਸਾਂ ਦਾ ਪੱਖ ਉਸ ਪ੍ਰਭੂ ਨੇ ਉਸ ਕਰਤਾਰ ਨੇ ਕੀਤਾ

ਹੋਇਆ ਹੈ ਜਿਸ ਦੇ ਦਰ 'ਤੇ ਇਹੋ ਜਿਹੀਆਂ (ਇਸ ਮਾਇਆ ਜਿਹੀਆਂ) ਕ੍ਰੋੜਾਂ ਹੀ ਦਾਸੀਆਂ ਹਨ।੨।

(ਅ) **ਇੰਦ੍ਰ ਲੋਕ ਸਿਵ ਲੋਕਹਿ ਜੈਬੋ ॥**
ਓਛੇ ਤਪ ਕਰਿ ਬਾਹੁਰਿ ਐਬੋ ॥੧॥ *(ਧਨਾਸਰੀ ਕਬੀਰ ਜੀ, ਪੰਨਾ 692)*

ਅਰਥ : ਜੇ ਮਨੁੱਖ ਤਪ ਆਦਿਕ ਹੌਲੇ-ਮੇਲ ਦੇ ਕੰਮ ਕਰ ਕੇ ਇੰਦ੍ਰ-ਪੁਰੀ ਜਾਂ ਸ਼ਿਵ-ਪੁਰੀ ਵਿਚ ਭੀ ਅੱਪੜ ਜਾਇਗਾ ਤਾਂ ਭੀ ਉਥੋਂ ਮੁੜ ਵਾਪਸ ਆਵੇਗਾ (ਭਾਵ, ਸ਼ਾਸਤ੍ਰ ਦੇ ਆਪਣੇ ਹੀ ਲਿਖੇ ਅਨੁਸਾਰ ਇਹਨੀਂ ਥਾਈਂ ਭੀ ਸਦਾ ਨਹੀਂ ਟਿਕੇ ਰਹਿ ਸਕੀਦਾ)।

ਇਸ ਸ਼ਬਦ ਦੀਆਂ ਰਹਾਉ ਦੀਆਂ ਪੰਗਤੀਆਂ ਹਨ :

ਕਿਆ ਮਾਂਗਉ ਕਿਛੁ ਥਿਰੁ ਨਾਹੀ ॥
ਰਾਮ ਨਾਮ ਰਖੁ ਮਨ ਮਾਹੀ ॥੧॥ਰਹਾਉ॥

ਅਰਥ : (ਮੈਂ ਆਪਣੇ ਪ੍ਰਭੂ ਪਾਸੋਂ 'ਨਾਮ' ਤੋਂ ਬਿਨਾਂ ਹੋਰ) ਕੀਹ ਮੰਗਾਂ ? ਕੋਈ ਚੀਜ਼ ਸਦਾ ਕਾਇਮ ਰਹਿਣ ਵਾਲੀ ਨਹੀਂ (ਦਿੱਸਦੀ)।੧।ਰਹਾਉ।

ਸੋਭਾ ਰਾਜ ਬਿਭੈ ਬਡਿਆਈ ॥
ਅੰਤਿ ਨ ਕਾਹੂ ਸੰਗ ਸਹਾਈ ॥੨॥

ਅਰਥ : ਜਗਤ ਵਿਚ ਨਾਮਣਾ, ਰਾਜ, ਐਸ਼੍ਵਰਜ, ਵਡਿਆਈ—ਇਹਨਾਂ ਵਿੱਚੋਂ ਭੀ ਕੋਈ ਅੰਤ ਵੇਲੇ ਸੰਗੀ-ਸਾਥੀ ਨਹੀਂ ਬਣ ਸਕਦਾ।੨।

ਪੁਤ੍ਰ ਕਲਤ੍ਰ ਲਛਮੀ ਮਾਇਆ ॥
ਇਨ ਤੇ ਕਹੁ ਕਵਨੈ ਸੁਖੁ ਪਾਇਆ ॥੩॥

ਅਰਥ : ਪੁੱਤਰ ਵਹੁਟੀ, ਧਨ ਪਦਾਰਥ—ਦੱਸ, ਹੇ ਭਾਈ ! ਇਹਨਾਂ ਤੋਂ ਭੀ ਕਿਸੇ ਨੇ ਕਦੇ ਸੁਖ ਲੱਭਾ ਹੈ ?।੩।

ਕਹਤ ਕਬੀਰ ਅਵਰ ਨਹੀ ਕਾਮਾ ॥
ਹਮਰੈ ਮਨ ਧਨ ਰਾਮ ਕੋ ਨਾਮਾ ॥੪॥ *(ਧਨਾਸਰੀ ਕਬੀਰ ਜੀ, ਪੰਨਾ 692)*

ਅਰਥ : ਕਬੀਰ ਆਖਦਾ ਹੈ—(ਪ੍ਰਭੂ ਦੇ ਨਾਮ ਤੋਂ ਖੁੰਝ ਕੇ) ਹੋਰ ਕੋਈ ਕੰਮ ਕਿਸੇ ਅਰਥ ਨਹੀਂ। ਮੇਰੇ ਮਨ ਨੂੰ ਤਾਂ ਪਰਮਾਤਮਾ ਦਾ ਨਾਮ ਹੀ (ਸਦਾ ਕਾਇਮ ਰਹਿਣ ਵਾਲਾ) ਧਨ ਪ੍ਰਤੀਤ ਹੁੰਦਾ ਹੈ।੪।

ਸੋ, ਗੁਰੂ ਗ੍ਰੰਥ ਸਾਹਿਬ ਜੀ ਵਿਚ 'ਚਉਦਹ ਲੋਕ/ਭਵਨ' ਸ਼ਬਦ ਪੁਰਾਣ ਸਾਹਿਤ ਦੇ ਭਾਵਾਰਥ ਵਿਚ ਨਹੀਂ, ਬਲਕਿ ਸੰਸਾਰ ਦੇ ਅਰਥਾਂ ਵਿਚ ਹੀ ਆਇਆ ਹੈ। ਗੁਰਬਾਣੀ ਵਿਚ ਅਕਾਲ ਪੁਰਖ ਦੀ ਰਚਨਾ ਸੰਬੰਧੀ ਬੇਅੰਤ ਦੀ ਧਾਰਨਾ ਨੂੰ ਹੀ ਅਪਣਾਉਂਦਿਆਂ ਹੋਇਆਂ, ਇਹ ਸਪੱਸ਼ਟ ਕੀਤਾ ਹੈ ਕਿ ਇਸ ਦਾ ਲੇਖਾ-ਜੋਖਾ ਸੰਭਵ ਨਹੀਂ ਹੈ। ਇਸ ਲਈ ਪ੍ਰਭੂ ਦੇ ਇਸ ਪਸਾਰੇ ਸੰਬੰਧੀ ਕਿਸੇ ਤਰ੍ਹਾਂ ਦੀ ਵੀ ਗਿਣਤੀ-ਮਿਣਤੀ ਦਾ ਮਾਪਦੰਡ ਨਹੀਂ ਅਪਣਾਇਆ ਹੈ। ਬ੍ਰਹਮ-ਲੋਕ ਆਦਿ ਪੁਰਾਣ ਸਾਹਿਤ ਦੀ ਸ਼ਬਦਾਵਲੀ ਨੂੰ ਮਹਿਜ਼ ਹਵਾਲੇ ਵਜੋਂ ਹੀ ਵਰਤ ਕੇ ਗੁਰਮਤਿ ਦਾ ਸੱਚ ਦ੍ਰਿੜ੍ਹ ਕਰਵਾਇਆ ਹੈ।

ਪੁਰੀਆਂ

'ਪੁਰੀ' ਤੋਂ ਭਾਵ ਹੈ ਮਨੁੱਖਾਂ ਦੇ ਰਹਿਣ ਜਾਂ ਨਿਵਾਸ ਕਰਨ ਦੀ ਥਾਂ, ਨਗਰ, ਸ਼ਹਿਰ ਜਾਂ ਕਸਬਾ। ਅਧਿਆਤਮਿਕ ਦ੍ਰਿਸ਼ਟੀ ਤੋਂ ਪੁਰੀ ਦਾ ਅਰਥ 'ਲੋਕ' ਕੀਤਾ ਜਾਂਦਾ ਹੈ, ਜਿਵੇਂ ਬ੍ਰਹਮ-ਪੁਰੀ, ਸ਼ਿਵ-ਪੁਰੀ, ਪਾਤਾਲ-ਪੁਰੀ ਆਦਿ। *(ਗੁਰੂ ਗ੍ਰੰਥ ਵਿਸ਼ਵਕੋਸ਼)* ਪੁਰਾਣ ਸਾਹਿਤ ਵਿਚ ਇਨ੍ਹਾਂ ਪੁਰੀਆਂ ਨੂੰ ਲੋਕ ਵੀ ਕਿਹਾ ਗਿਆ ਹੈ। ਪੁਰੀਆਂ ਅਥਵਾ ਲੋਕ ਦਾ ਅਰਥ ਹੈ ਦੇਵਤਿਆਂ ਦੇ ਰਹਿਣ ਦੀਆਂ ਪੁਰੀਆਂ/ਲੋਕ। ਅੱਠ ਲੋਕ ਇਹ ਮੰਨੇ ਗਏ ਹਨ: ਬ੍ਰਹਮ ਲੋਕ, ਗੰਧਰਬ ਲੋਕ, ਸੂਰਜ ਲੋਕ, ਚੰਦਰ ਲੋਕ, ਪਿੱਤਰ ਲੋਕ, ਇੰਦਰ ਲੋਕ, ਨਾਗ ਲੋਕ, ਯਮ ਲੋਕ।

[*ਨੋਟ:* ਪੁਰਾਣਾਂ ਵਿਚ 'ਲੋਕਾਂ' ਬਾਰੇ ਵੇਰਵਾ ਬਹੁਤ ਵਿਸਤਾਰ ਵਿਚ ਦਿੱਤਾ ਹੋਇਆ ਹੈ, ਇਥੇ ਕੇਵਲ ਟੂਕ-ਮਾਤਰ ਹੀ ਦਿੱਤਾ ਗਿਆ ਹੈ।]

ਇਨ੍ਹਾਂ ਪੁਰੀਆਂ ਅਥਵਾ ਲੋਕਾਂ ਤੋਂ ਇਲਾਵਾ ਅਯੁਧਿਆ, ਮਥਰਾ, ਮਾਯਾਪੁਰੀ (ਹਰਿਦੁਆਰ), ਕਾਂਸ਼ੀ, ਕਾਂਚੀ, ਅਵੰਤਿਕਾ, ਦੁਆਰਕਾ ਨੂੰ ਵੀ ਸੱਤ ਪਵਿੱਤਰ ਪੁਰੀਆਂ ਮੰਨਿਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਨ੍ਹਾਂ ਦੋਹਾਂ ਤਰ੍ਹਾਂ ਦੀਆਂ ਪੁਰੀਆਂ ਦਾ ਵਰਣਨ ਕੀਤਾ ਗਿਆ ਹੈ। ਜਿਵੇਂ:

(ੳ) **ਪਾਤਾਲ ਪੁਰੀਆ ਲੋਅ ਆਕਾਰਾ ॥**
ਤਿਸੁ ਵਿਚਿ ਵਰਤੈ ਹੁਕਮੁ ਕਰਾਰਾ ॥ *(ਮਾਰੂ ਮਹਲਾ ੩, ਪੰਨੇ 1060-61)*

ਅਰਥ: ਹੇ ਭਾਈ! (ਅਨੇਕਾਂ) ਪਾਤਾਲ, (ਅਨੇਕਾਂ) ਪੁਰੀਆਂ, (ਅਨੇਕਾਂ) ਮੰਡਲ—ਇਹ ਸਾਰਾ ਦਿੱਸਦਾ ਜਗਤ (ਪਰਮਾਤਮਾ ਦਾ ਪੈਦਾ ਕੀਤਾ ਹੋਇਆ ਹੈ), ਇਸ ਵਿਚ ਪਰਮਾਤਮਾ ਦਾ ਕਰੜਾ ਹੁਕਮ ਜਗਤ ਦੀ ਕਾਰ ਚਲਾ ਰਿਹਾ ਹੈ।

(ਅ) **ਗੰਗਾ ਜਮੁਨਾ ਕੇਲ ਕੇਦਾਰਾ ॥**
ਕਾਸੀ ਕਾਂਤੀ ਪੁਰੀ ਦੁਆਰਾ ॥
ਗੰਗਾ ਸਾਗਰੁ ਬੇਣੀ ਸੰਗਮੁ ਅਠਸਠਿ ਅੰਕਿ ਸਮਾਈ ਹੇ ॥
(ਮਾਰੂ ਮਹਲਾ ੧, ਪੰਨਾ 1022)

ਅਰਥ: ਗੰਗਾ, ਜਮੁਨਾ, ਬਿੰਦ੍ਰਾਬਨ, ਕੇਦਾਰ, ਕਾਂਸ਼ੀ, ਕਾਂਚੀ, ਦੁਆਰਕਾ ਪੁਰੀ, ਸਾਗਰ-ਗੰਗਾ, ਤ੍ਰਿਬੇਣੀ ਦਾ ਸੰਗਮ ਆਦਿਕ ਅਠਾਹਠ ਤੀਰਥ ਉਸ ਕਰਤਾਰ-ਪ੍ਰਭੂ ਦੀ ਆਪਣੀ ਹੀ ਗੋਦ ਵਿਚ ਟਿਕੇ ਹੋਏ ਹਨ।

ਪਰ ਇਸ ਲੇਖ ਵਿਚ ਅਸੀਂ ਪਹਿਲੀ ਤਰ੍ਹਾਂ ਦੀਆਂ ਪੁਰੀਆਂ ਦੀ ਹੀ ਗੱਲ ਕਰ ਰਹੇ ਹਾਂ। ਗੁਰੂ ਗ੍ਰੰਥ ਸਾਹਿਬ ਵਿਚ ਇਹ ਜ਼ਿਕਰ ਵੀ ਆਇਆ ਹੈ ਕਿ ਇਨ੍ਹਾਂ ਪੁਰੀਆਂ

ਦੀ ਵੀ ਕੋਈ ਗਿਣਤੀ ਨਹੀਂ ਹੈ। ਬਾਣੀ ਰਚੇਤਿਆਂ ਨੇ ਇੰਜ ਆਖ ਕੇ ਇਹ ਹੀ ਦਰਸਾਉਣ ਦਾ ਯਤਨ ਕੀਤਾ ਹੈ ਕਿ ਪ੍ਰਭੂ ਦੀ ਕੁਦਰਤ ਦਾ ਲੇਖਾ-ਜੋਖਾ ਸੰਭਵ ਨਹੀਂ ਹੈ। ਮਨੁੱਖ ਨੂੰ ਲੇਖਾ-ਜੋਖਾ ਕਰਨ ਦੀ ਬਜਾਏ ਅਕਾਲ ਪੁਰਖ ਦੀ ਪ੍ਰੇਮਾ-ਭਗਤੀ ਅਥਵਾ ਪ੍ਰਭੂ ਦੀ ਸਿਫ਼ਤਿ-ਸਾਲਾਹ ਕਰਕੇ ਆਪਣੇ ਆਚਰਣ ਨੂੰ ਸੰਵਾਰਨ ਦੀ ਪ੍ਰੇਰਨਾ ਕਰ ਰਹੇ ਹਨ।

ਇਸ ਲਈ ਹੀ ਗੁਰੂ ਗ੍ਰੰਥ ਸਾਹਿਬ ਵਿਚ ਇਨ੍ਹਾਂ ਪੁਰੀਆਂ/ਲੋਕਾਂ ਦੀ ਪ੍ਰਾਪਤੀ ਨੂੰ ਜੀਵਨ ਦਾ ਅਦਰਸ਼ ਮੰਨ ਕੇ, ਇਨ੍ਹਾਂ ਪੁਰੀਆਂ ਵਿਖੇ ਨਿਵਾਸ ਕਰਨ ਦੇ ਚਾਹਵਾਨਾਂ ਦਾ ਧਿਆਨ ਇਨ੍ਹਾਂ ਦੀ ਨਾਸ਼ਵਾਨਤਾ ਵੱਲ ਦੁਆਇਆ ਹੈ। ਇਨ੍ਹਾਂ ਪੁਰੀਆਂ/ਲੋਕਾਂ ਦੇ ਵਾਸੀ ਬਣਨ ਲਈ ਕਈ ਤਰ੍ਹਾਂ ਦੇ ਜਪ ਤਪ ਆਦਿ ਕਰਨ ਵਾਲਿਆਂ ਨੂੰ, ਜਿਊਂਦੇ-ਜੀਅ ਮੁਕਤ ਹੋਣ ਦਾ ਆਦਰਸ਼ ਦ੍ਰਿੜ੍ਹ ਕਰਵਾਇਆ ਹੈ।

(ੳ) **ਸਿਵ ਪੁਰੀ ਬ੍ਰਹਮ ਇੰਦ੍ਰ ਪੁਰੀ ਨਿਹਚਲੁ ਕੋ ਥਾਉ ਨਾਹਿ ॥**

(ਗੌੜੀ ਮਾਲਵਾ ਮ: ੫, ਪੰਨਾ 214)

ਅਰਥ : (ਹੇ ਮਿੱਤਰ! ਹਵਨ ਜੱਗ ਤੀਰਥ ਆਦਿਕ ਕਰਮ ਕਰ ਕੇ ਲੋਕ ਸ਼ਿਵ-ਪੁਰੀ ਬ੍ਰਹਮ-ਪੁਰੀ ਇੰਦਰ-ਪੁਰੀ ਆਦਿਕ ਦੀ ਪ੍ਰਾਪਤੀ ਦੀਆਂ ਆਸਾਂ ਬਣਾਂਦੇ ਹਨ, ਪਰ) ਸ਼ਿਵ-ਪੁਰੀ, ਬ੍ਰਹਮ-ਪੁਰੀ, ਇੰਦ੍ਰ-ਪੁਰੀ—ਇਹਨਾਂ ਵਿੱਚੋਂ ਕੋਈ ਭੀ ਥਾਂ ਸਦਾ ਟਿਕੇ ਰਹਿਣ ਵਾਲੀ ਨਹੀਂ ਹੈ।

(ਅ) **ਇੰਦ੍ਰ ਪੁਰੀ ਮਹਿ ਸਰਪਰ ਮਰਣਾ ॥**
ਬ੍ਰਹਮ ਪੁਰੀ ਨਿਹਚਲੁ ਨਹੀ ਰਹਣਾ ॥
ਸਿਵ ਪੁਰੀ ਕਾ ਹੋਇਗਾ ਕਾਲਾ ॥
ਤ੍ਰੈ ਗੁਣ ਮਾਇਆ ਬਿਨਸਿ ਬਿਤਾਲਾ ॥ *(ਗਉੜੀ ਮਹਲਾ ੫, ਪੰਨਾ 237)*

ਅਰਥ : ਇੰਦ੍ਰ-ਪੁਰੀ ਵਿਚ ਭੀ ਮੌਤ ਜ਼ਰੂਰ ਆ ਜਾਂਦੀ ਹੈ, ਬ੍ਰਹਮਾ ਦੀ ਪੁਰੀ ਭੀ ਸਦਾ ਅਟੱਲ ਨਹੀਂ ਰਹਿ ਸਕਦੀ, ਸ਼ਿਵ ਦੀ ਪੁਰੀ ਦਾ ਭੀ ਨਾਸ ਹੋ ਜਾਇਗਾ। (ਪਰ ਜਗਤ) ਤਿੰਨਾਂ ਗੁਣਾਂ (ਰਜੋ, ਤਮੋ ਅਤੇ ਸਤੋ) ਵਾਲੀ ਮਾਇਆ ਦੇ ਅਸਰ ਹੇਠ ਜੀਵਨ ਦੇ ਸਹੀ ਰਾਹ ਤੋਂ ਖੁੰਝ ਕੇ ਆਤਮਿਕ ਮੌਤ ਸਹੇੜਦਾ ਰਹਿੰਦਾ ਹੈ।

(ੲ) **ਇੰਦ੍ਰ ਲੋਕ ਸਿਵ ਲੋਕਹਿ ਜੈਬੋ ॥**
ਓਛੇ ਤਪ ਕਰਿ ਬਾਹੁਰਿ ਐਬੋ ॥ *(ਧਨਾਸਰੀ ਕਬੀਰ ਜੀ, ਪੰਨਾ 692)*

ਅਰਥ : ਜੇ ਮਨੁੱਖ ਤਪ ਆਦਿਕ ਹੌਲੇ-ਮੇਲ ਦੇ ਕੰਮ ਕਰਕੇ ਇੰਦਰ-ਪੁਰੀ ਜਾਂ ਸ਼ਿਵ-ਪੁਰੀ ਵਿਚ ਭੀ ਅੱਪੜ ਜਾਇਗਾ ਤਾਂ ਭੀ ਉਥੋਂ ਮੁੜ ਵਾਪਸ ਆਵੇਗਾ (ਭਾਵ, ਸ਼ਾਸਤ੍ਰ ਦੇ ਆਪਣੇ ਹੀ ਲੇਖ ਅਨੁਸਾਰ ਇਹਨੀਂ ਥਾਈਂ ਭੀ ਸਦਾ ਨਹੀਂ ਟਿਕੇ ਰਹਿ ਸਕੀਦਾ।)

ਪੁਰਾਣਿਕ ਵਿਸ਼ਵਾਸ ਮੁਤਾਬਕ ਇਨ੍ਹਾਂ ਪੁਰੀਆਂ ਦੇ ਵਾਸੀ ਵੀ ਸ਼ਾਂਤ ਚਿੱਤ ਨਹੀਂ ਹਨ, ਉਨ੍ਹਾਂ ਨੂੰ ਵੀ ਤ੍ਰਿਸ਼ਨਾ ਦੀ ਤਪਸ਼ ਵਿਆਪ ਰਹੀ ਹੈ। ਬਾਣੀ ਰਚੇਤਿਆਂ ਨੇ ਇਨ੍ਹਾਂ ਭਿੰਨ-ਭਿੰਨ ਪੁਰੀਆਂ ਵਿਚ ਨਿਵਾਸ ਕਰਨ ਦੇ ਚਾਹਵਾਨਾਂ ਨੂੰ ਤਸਵੀਰ ਦਾ

ਇਹ ਪਾਸਾ ਦਿਖਾਉਂਦਿਆਂ ਹੋਇਆਂ ਪ੍ਰਭੂ ਦੀ ਸ਼ਰਣ 'ਚ ਆਉਣ ਲਈ ਉਤਸ਼ਾਹਤ ਕੀਤਾ ਹੈ:

ਸਿਵ ਬਿਰੰਚ ਅਰੁ ਇੰਦ੍ਰ ਲੋਕ ਤਾ ਮਹਿ ਜਲਤੌ ਫਿਰਿਆ॥
ਸਿਮਰਿ ਸਿਮਰਿ ਸੁਆਮੀ ਭਏ ਸੀਤਲ ਦੂਖੁ ਦਰਦੁ ਭ੍ਰਮੁ ਹਿਰਿਆ॥੧॥

(ਸਾਰਗ ਮਹਲਾ ੫, ਪੰਨਾ 1219)

ਅਰਥ: ਹੇ ਭਾਈ! ਸ਼ਿਵ-ਲੋਕ, ਬ੍ਰਹਮ-ਲੋਕ, ਇੰਦ੍ਰ-ਲੋਕ—ਇਹਨਾਂ (ਲੋਕਾਂ) ਵਿਚ ਪਹੁੰਚਿਆ ਹੋਇਆ ਭੀ ਤ੍ਰਿਸ਼ਨਾ ਦੀ ਅੱਗ ਵਿਚ ਹੀ ਸੜਦਾ ਫਿਰਦਾ ਹੈ। ਸੁਆਮੀ-ਪ੍ਰਭੂ ਦਾ ਨਾਮ ਸਿਮਰ ਸਿਮਰ ਕੇ ਜੀਵ ਸ਼ਾਂਤ-ਮਨ ਹੋ ਜਾਂਦੇ ਹਨ। (ਸਿਮਰਨ ਦੀ ਬਰਕਤਿ ਨਾਲ) ਸਾਰਾ ਦੁਖ ਦਰਦ ਅਤੇ ਭਟਕਣਾ ਦੂਰ ਹੋ ਜਾਂਦੀ ਹੈ।

ਭੱਟ ਹਰਬੰਸ, ਗੁਰੂ ਰਾਮਦਾਸ ਜੀ ਦੀ ਉਪਮਾ ਕਰਦਿਆਂ, ਪ੍ਰਚਲਿਤ ਸ਼ਬਦਾਵਲੀ ਨੂੰ ਅਲੰਕਾਰਕ ਭਾਸ਼ਾ ਵਿਚ (ਇਸੇ ਲੋਕ ਵਿਚ ਸੱਚਖੰਡ ਬਾਰੇ) ਬਿਆਨ ਕਰਦਿਆਂ ਹੋਇਆਂ ਇਉਂ ਕਹਿੰਦੇ ਹਨ:

ਦੇਵ ਪੁਰੀ ਮਹਿ ਗਯਉ ਆਪਿ ਪਰਮੇਸ੍ਵਰ ਭਾਯਉ॥
ਹਰਿ ਸਿੰਘਾਸਣੁ ਦੀਅਉ ਸਿਰੀ ਗੁਰੁ ਤਹ ਬੈਠਾਯਉ॥

(ਸਵਈਏ ਮਹਲੇ ਪੰਜਵੇ ਕੇ ੫, ਪੰਨਾ 1409)

ਅਰਥ: (ਗੁਰੂ ਰਾਮਦਾਸ) ਸੱਚਖੰਡ ਵਿਚ ਗਿਆ ਹੈ, ਹਰੀ ਨੂੰ ਇਹੀ ਰਜ਼ਾ ਚੰਗੀ ਲੱਗੀ ਹੈ। ਹਰੀ ਨੇ (ਆਪ ਨੂੰ) ਤਖ਼ਤ ਦਿੱਤਾ ਹੈ ਤੇ ਉਸ ਉੱਤੇ ਸ੍ਰੀ ਗੁਰੂ (ਰਾਮਦਾਸ ਜੀ) ਨੂੰ ਬਿਠਾਇਆ ਹੈ।

ਦੇਵਤਿਆਂ ਨੇ ਮੰਗਲਚਾਰ ਕੀਤਾ ਹੈ, ਤੇਰਾ ਜੱਸ ਤੇ ਜੈ-ਜੈਕਾਰ ਕਰ ਰਹੇ ਹਨ।

ਜਿਹੜੇ ਸੱਜਣ ਉਪਰੋਕਤ ਪੰਗਤੀ ਵਿਚ ਦੇਵਪੁਰੀ ਦਾ ਭਾਵ ਪੁਰਾਣ ਸਾਹਿਤ ਵਾਲਾ ਲੈਂਦੇ ਹਨ, ਉਨ੍ਹਾਂ ਨੂੰ ਸਨਿਮਰ ਬੇਨਤੀ ਹੈ ਕਿ ਉਹ ਅਗਲੀ ਪੰਗਤੀ ਵੱਲ ਵੀ ਧਿਆਨ ਦੇਣ। ਅਗਲੀ ਤੁਕ ਵਿਚ ਭੱਟ ਹਰਬੰਸ ਆਖਦੇ ਹਨ:

ਅਸੁਰ ਗਏ ਤੇ ਭਾਗਿ ਪਾਪ ਤਿਨ੍ ਭੀਤਰਿ ਕੰਪਹਿ॥

ਅਰਥ: ਉਹ (ਸਾਰੇ ਦੈਂਤ (ਉਥੋਂ) ਭੱਜ ਗਏ ਹਨ, (ਉਹਨਾਂ ਦੇ ਆਪਣੇ) ਪਾਪ ਉਹਨਾਂ ਦੇ ਅੰਦਰ ਕੰਬ ਰਹੇ ਹਨ।

ਜੇਕਰ ਅੱਖਰੀ ਅਰਥ ਕਰਾਂਗੇ ਤਾਂ ਇਸ ਦਾ ਭਾਵ ਇਹ ਹੋਵੇਗਾ ਕਿ ਦੇਵਪੁਰੀ ਵਿਚ ਦੈਂਤ ਵੀ ਮੌਜੂਦ ਸਨ, ਜਿਹੜੇ ਗੁਰੂ ਰਾਮਦਾਸ ਜੀ ਦੇ ਆਗਮਨ 'ਤੇ ਉਥੋਂ ਭੱਜਣ ਲਈ ਮਜਬੂਰ ਹੋ ਗਏ ਸਨ। ਪਰ ਪੁਰਾਣਿਕ ਸਾਹਿਤ ਅਨੁਸਾਰ ਦੇਵ ਪੁਰੀ ਵਿਚ ਦੈਂਤਾਂ ਦਾ ਨਹੀਂ ਸਗੋਂ ਦੇਵਤਿਆਂ ਦਾ ਹੀ ਨਿਵਾਸ ਹੈ। ਦੂਜਾ, ਪੁਰਾਣਿਕ ਸਾਹਿਤ ਵਿਚ ਦੇਵਪੁਰੀ ਦਾ ਸੁਆਮੀ ਅਕਾਲ ਪੁਰਖ ਨਹੀਂ, ਇੰਦ੍ਰ ਨੂੰ ਮੰਨਿਆ ਗਿਆ ਹੈ।

ਭਾਈ ਗੁਰਦਾਸ ਜੀ ਗੁਰਮਤਿ ਅਨੁਸਾਰ ਜ਼ਿੰਦਗੀ ਗੁਜ਼ਾਰਨ ਵਾਲਿਆਂ ਗੁਰਸਿੱਖਾਂ ਦਾ ਇਨ੍ਹਾਂ ਪੁਰੀਆਂ ਬਾਰੇ ਜੋ ਦ੍ਰਿਸ਼ਟੀਕੋਣ ਹੈ, ਉਸ ਨੂੰ ਇਸ ਤਰ੍ਹਾਂ ਬਿਆਨ ਕਰਦੇ ਹਨ:

ਇੰਦ੍ਰ ਪੁਰੀ ਲਖ ਰਾਜ ਨੀਰ ਭਰਾਵਣੀ।
ਲਖ ਸੁਰਗ ਸਿਰਤਾਜ ਗਲਾ ਪੀਹਾਵਣੀ। *(ਵਾਰ 14, ਪਉੜੀ 18)*

ਅਰਥ: ਜੋ ਸਾਧ ਸੰਗਤ ਵਿਖੇ ਜਾ ਕੇ ਪਾਣੀ ਭਰਨ ਦੀ ਟਹਿਲ ਹੈ, ਉਹ ਇੰਦ੍ਰਪੁਰੀ ਦੇ ਲੱਖਾਂ ਰਾਜਾਂ ਤੋਂ ਸ੍ਰੇਸ਼ਟ ਹੈ। ਕਣਕ ਪੀਹਣ ਦੀ ਸਾਧ ਸੰਗਤ ਵਾਸਤੇ ਜੋ ਸੇਵਾ ਹੈ, ਉਹ ਲੱਖਾਂ ਸੁਰਗਾਂ ਦੀ ਸਿਰਤਾਜ ਹੈ।

ਸੋ, ਗੁਰੂ ਗ੍ਰੰਥ ਸਾਹਿਬ ਦੇ ਬਾਣੀ ਰਚੇਤਿਆਂ ਨੇ ਪੁਰੀਆਂ ਬਾਰੇ ਪੁਰਾਣ ਸਾਹਿਤ ਦੀ ਧਾਰਨਾ ਨੂੰ ਪ੍ਰਵਾਨ ਨਹੀਂ ਕੀਤਾ ਹੈ। ਬਾਣੀ ਰਚੇਤਿਆਂ ਨੇ ਮਨੁੱਖ ਨੂੰ ਇਨ੍ਹਾਂ ਪੁਰੀਆਂ/ਲੋਕਾਂ ਤੋਂ ਉਪਰ ਉੱਠ ਕੇ ਪ੍ਰਭੂ ਦੀ ਪ੍ਰੇਮਾ-ਭਗਤੀ ਵਿਚ ਲੀਨ ਹੋਣ ਅਥਵਾ ਪ੍ਰੇਮਾ-ਭਗਤੀ ਅਨੁਸਾਰ ਜੀਵਨ ਜਿਊਣ ਦੀ ਪ੍ਰੇਰਨਾ ਦਿੱਤੀ ਹੈ। ਗੁਰਬਾਣੀ ਵਿਚ ਪੁਰੀਆਂ/ਲੋਕਾਂ ਬਾਰੇ ਇਹੀ ਸੱਚ ਹੈ; ਇਸ ਨੂੰ ਹੀ ਅਪਣਾਉਣ ਦੀ ਲੋੜ ਹੈ।

ਸੁਰਗ

ਸੁਰਗ ਅਤੇ ਨਰਕ ਦਾ ਸੰਕਲਪ ਲਗਭਗ ਹਰੇਕ ਧਰਮ ਵਿਚ ਕਿਸੇ ਨਾ ਕਿਸੇ ਰੂਪ ਵਿਚ ਮਿਲਦਾ ਹੈ। ਇਸ ਵਿਸ਼ਵਾਸ ਅਨੁਸਾਰ ਇਹ ਮੰਨਿਆ ਜਾਂਦਾ ਹੈ ਕਿ ਹਰੇਕ ਮਨੁੱਖ ਨੂੰ ਇਸ ਸੰਸਾਰ ਵਿਚ ਕੀਤੇ ਚੰਗੇ ਜਾਂ ਮੰਦੇ ਕਰਮਾਂ ਦੀ ਸਜ਼ਾ ਜਾਂ ਫਲ ਵਜੋਂ, ਮਰਨ ਮਗਰੋਂ, ਨਰਕ ਜਾਂ ਸੁਰਗ ਮਿਲਦਾ ਹੈ। ਭਾਵੇਂ ਵੱਖ-ਵੱਖ ਧਰਮਾਂ ਦੇ ਆਪਸ ਵਿਚ ਕਈ ਤਰ੍ਹਾਂ ਮੱਤ-ਭੇਦ ਹਨ, ਪਰੰਤੂ ਨਰਕ ਅਤੇ ਸੁਰਗ ਸੰਬੰਧੀ ਲਗਭਗ ਸਮੂਹ ਮਤਾਂ ਦੀ ਇਹ ਧਾਰਨਾ ਹੈ ਕਿ ਸੁਰਗ ਵਿਚ ਹਰੇਕ ਤਰ੍ਹਾਂ ਦੇ ਸੁਖ-ਅਰਾਮ ਅਤੇ ਨਰਕ ਵਿਚ ਕਈ ਤਰ੍ਹਾਂ ਦੀਆਂ ਭਿਆਨਕ ਦਿਲ-ਹਿਲਾਊ ਸਜ਼ਾਵਾਂ ਮਿਲਦੀਆਂ ਹਨ। ਇਨ੍ਹਾਂ ਧਰਮਾਂ ਦੀ ਮਨੌਤ ਵਜੋਂ, ਨਰਕ ਵਿਚ ਮਿਲਦੀਆਂ ਸਜ਼ਾਵਾਂ ਤਾਂ ਲਗਭਗ ਮਿਲਦੀਆਂ ਜੁਲਦੀਆਂ ਹੀ ਹਨ, ਪਰੰਤੂ ਸੁਰਗ ਵਿਚ ਉਪਲਬਧ ਸੁਵਿਧਾਵਾਂ ਵਿਚ ਭਿੰਨਤਾ ਹੈ। ਇਸ ਭਿੰਨਤਾ ਦਾ ਆਧਾਰ ਭੂਗੋਲਿਕ ਸਥਿਤੀ ਹੈ। ਜਿਨ੍ਹਾਂ ਧਰਮਾਂ ਦੀ ਉਤਪੱਤੀ ਅਤੇ ਵਿਕਾਸ ਸਰਦ ਇਲਾਕੇ ਵਿਚ ਹੋਇਆ, ਉਨ੍ਹਾਂ ਦੇ ਮੰਨੇ ਹੋਏ ਸੁਰਗ ਵਿਚ ਮਿਲਣ ਵਾਲੀਆਂ ਸੁਵਿਧਾਵਾਂ, ਗਰਮ ਇਲਾਕਿਆਂ 'ਚ ਪ੍ਰਫੁਲਿਤ ਹੋਣ ਵਾਲੇ ਧਰਮਾਂ ਦੇ ਸੁਰਗ 'ਚ ਮਿਲਣ ਵਾਲੀਆਂ ਸੁਵਿਧਾਵਾਂ ਨਾਲੋਂ ਭਿੰਨ ਹਨ। ਹਾਂ, ਇਸ ਗੱਲ ਨਾਲ ਸਾਰੇ ਹੀ ਸਹਿਮਤ ਹਨ ਕਿ ਸੁਰਗ ਵਿਚ ਹਰੇਕ ਤਰ੍ਹਾਂ ਦੀਆਂ ਸੁਖ ਸੁਵਿਧਾਵਾਂ ਮਿਲਦੀਆਂ ਹਨ। ਇਸ ਸੰਬੰਧ ਵਿਚ ਸੰਖੇਪ ਵਿਚ ਇਤਨਾ ਕੁ ਹੀ ਕਿਹਾ ਜਾ ਸਕਦਾ ਹੈ ਕਿ ਜੋ ਵਸਤੂ ਮਨੁੱਖ ਨੂੰ ਇਸ ਧਰਤੀ 'ਤੇ ਹਾਸਲ ਨਹੀਂ, ਉਸ ਦੀ ਪ੍ਰਾਪਤੀ ਸੁਰਗ ਵਿਚ ਕਲਪੀ ਗਈ ਹੈ।

ਸਾਡਾ ਮਨੋਰਥ ਚੂੰਕਿ ਗੁਰੂ ਗ੍ਰੰਥ ਸਾਹਿਬ 'ਚੋਂ ਗੁਰਬਾਨੀ ਦੇ ਸੱਚ ਨੂੰ ਸਮਝਣਾ ਅਥਵਾ ਦੇਖਣਾ ਹੀ ਹੈ, ਇਸ ਲਈ ਅਸੀਂ ਨਰਕ-ਸੁਰਗ ਬਾਰੇ ਅਨਮਤੀ ਧਾਰਨਾ ਦੀ ਵਿਸਤ੍ਰਿਤ ਚਰਚਾ ਕਰਨ ਤੋਂ ਸੰਕੋਚ ਕਰਦੇ ਹੋਏ ਕੇਵਲ ਬਾਨੀ ਰਚੇਤਿਆਂ ਵਲੋਂ ਵਰਤੇ ਇਹਨਾਂ ਸ਼ਬਦਾਂ (ਸੁਰਗ, ਬੈਕੁੰਠ, ਬਹਿਸ਼ਤ ਅਤੇ ਭਿਸ਼ਤ) ਦੀ ਹੀ ਚਰਚਾ ਕਰ ਰਹੇ ਹਾਂ।

ਸੁਰਗ : ਪੁਰਾਣਾਂ ਵਿਚ ਸੁਰਗ/ਸਵਰਗ ਨੂੰ ਦੇਵਪੁਰੀ, ਇੰਦ੍ਰਪੁਰੀ, ਦੇਵਭਵਨ, ਸੇਵਾਲਯ, ਦੇਵਲੋਕ ਆਦਿ ਵੀ ਕਿਹਾ ਗਿਆ ਹੈ। ਸੁਰਗ ਦਾ ਸੁਆਮੀ ਦੇਵਤਿਆਂ ਦੇ ਰਾਜਾ ਇੰਦ੍ਰ ਦੇਵਤੇ ਨੂੰ ਮੰਨਿਆ ਗਿਆ ਹੈ। ਸੁਰਗ ਅਥਵਾ ਇੰਦ੍ਰਪੁਰੀ ਤੋਂ ਇਲਾਵਾ ਕੁਝ ਹੋਰ ਪੁਰੀਆਂ/ਲੋਕ ਵੀ ਮੰਨੇ ਗਏ ਹਨ ਜਿਵੇਂ ਬ੍ਰਹਮ ਪੁਰੀ, ਸ਼ਿਵ ਪੁਰੀ ਆਦਿ। ਹਰੇਕ ਦੇਵਤੇ ਦੀ ਆਪਣੀ ਵੱਖਰੀ ਪੁਰੀ ਮੰਨੀ ਗਈ ਹੈ। ਆਪੋ-ਆਪਣੇ ਦੇਵਤੇ/ਇਸ਼ਟ ਦੀ ਪੁਰੀ/ਲੋਕ ਵਿਚ ਪਹੁੰਚਣ ਲਈ ਸ਼ਰਧਾਲੂ ਆਪਣੇ ਇਸ਼ਟ ਨੂੰ ਪ੍ਰਸੰਨ ਕਰਕੇ ਉਸ ਨਾਲ ਸੰਬੰਧਿਤ ਲੋਕ/ਪੁਰੀ ਵਿਚ ਜਾਣ ਦੀ ਇੱਛਾ ਰੱਖਦੇ ਹਨ।

ਵੇਦਾਂ (ਰਿਗ, ਯਜੁਰ ਅਤੇ ਸਾਮ) ਵਿਚ ਸੁਰਗ-ਨਰਕ ਦਾ ਸੰਕਲਪ ਨਹੀਂ ਹੈ। ਸੁਰਗ-ਨਰਕ ਦੀ ਧਾਰਨਾ ਕਾਫ਼ੀ ਬਾਅਦ ਵਿਚ, ਪਹਿਲਾਂ ਉਪਨਿਸ਼ਦਾਂ ਅਤੇ ਫਿਰ ਪੁਰਾਣ ਸਾਹਿਤ ਵਿਚ ਪ੍ਰਚਲਿਤ ਹੋਈ ਹੈ। ਡਾਕਟਰ ਰਤਨ ਸਿੰਘ ਜੱਗੀ ਇਸ ਸੰਬੰਧ ਵਿਚ ਲਿਖਦੇ ਹਨ : "ਉਪਨਿਸ਼ਦਾਂ ਅਨੁਸਾਰ ਜਿਨ੍ਹਾਂ ਲੋਕਾਂ ਨੂੰ ਪੂਰਣ-ਗਿਆਨ ਪ੍ਰਾਪਤ ਹੋ ਜਾਂਦਾ ਹੈ, ਉਹ ਬ੍ਰਹਮ-ਲੋਕ ਵਿਚ ਜਾਂਦੇ ਹਨ। ਜਿਨ੍ਹਾਂ ਪ੍ਰਾਣੀਆਂ ਦਾ ਗਿਆਨ ਅਪੂਰਣ ਹੁੰਦਾ ਹੈ, ਉਹ ਸਵਰਗ ਵਿਚ ਜਾਂਦੇ ਹਨ ਅਤੇ ਆਪਣੇ ਸ਼ੁਭ ਕਰਮਾਂ ਅਨੁਸਾਰ ਫਲ ਭੋਗ ਕੇ ਫਿਰ ਸੰਸਾਰ ਵਿਚ ਜਨਮ ਲੈਂਦੇ ਹਨ। ਪਰ ਜੋ ਲੋਕ ਅਗਿਆਨੀ ਹਨ, ਉਹ ਨਰਕਾਂ ਵਿਚ ਦੁਖ ਭੋਗਦੇ ਹਨ ਜਾਂ ਫਿਰ ਜਨਮ ਧਾਰਨ ਕਰਦੇ ਹਨ।"

ਸਵਰਗ ਅਤੇ ਨਰਕ ਦਾ ਸੰਕਲਪ ਪੁਰਾਣਾਂ ਵਿਚ ਅਧਿਕ ਵਿਕਸਿਤ ਹੋਇਆ ਹੈ। 'ਪਦਮ-ਪੁਰਾਣ' (ਸਵਰਗ-ਖੰਡ) ਵਿਚ ਸਵਰਗ ਦਾ ਵਰਣਨ ਕਰਦਿਆਂ ਲਿਖਿਆ ਗਿਆ ਹੈ ਕਿ ਇਸ ਵਿਚ ਬਹੁਤ ਸੁੰਦਰ ਬਾਗ਼ ਅਤੇ ਉਪਵਨ ਹਨ। ਹਰ ਪਾਸੇ ਫੁੱਲਾਂ ਨਾਲ ਲੱਦੇ ਬ੍ਰਿਛ ਲਹਿਰਾ ਰਹੇ ਹਨ। ਬੈਠਣ ਲਈ ਚਾਂਦੀ ਦੇ ਆਸਣ ਅਤੇ ਸੌਣ ਲਈ ਸੁਨਹਿਰੀ ਪਲੰਘ ਹਨ। ਰਹਿਣ ਲਈ ਸੁੰਦਰ ਮਹੱਲ ਹਨ, ਸੇਵਾ ਲਈ ਮਨਮੋਹਣੀਆਂ ਅਪੱਛਰਾਵਾਂ ਹਨ। [*ਨੋਟ:* ਕਈਆਂ ਅਨੁਸਾਰ ਅਪੱਛਰਾਂ ਕੇਵਲ ਉਨ੍ਹਾਂ ਸੂਰਬੀਰ ਯੋਧਿਆਂ ਨੂੰ ਹੀ ਮਿਲਦੀਆਂ ਹਨ, ਜਿਨ੍ਹਾਂ ਨੇ ਯੁੱਧ ਵਿਚ ਸੂਰ-ਬੀਰਤਾ ਨਾਲ ਲੜਦਿਆਂ ਹੋਇਆਂ ਆਪਣੇ ਪ੍ਰਾਣ ਤਿਆਗੇ ਹਨ।] ਮਨੋਰੰਜਨ ਲਈ ਗੰਧਰਵਾਂ ਦੀ ਵਿਵਸਥਾ ਹੈ। ਅਸਲ ਵਿਚ, ਸਵਰਗ ਵਿਚ ਹਰ ਪ੍ਰਕਾਰ ਦੀਆਂ ਸੁਵਿਧਾਵਾਂ ਉਪਲਬਧ ਹਨ। ਇਸ ਵਿਚ ਕਿਸੇ ਕਿਸਮ ਦੀ ਕੋਈ ਬੀਮਾਰੀ ਜਾਂ ਦੁਖ-ਸੰਤਾਪ ਨਹੀਂ। ਸ਼ੁਭ ਕਰਮਾਂ ਕਰਕੇ ਹੀ ਵਿਅਕਤੀ ਇਥੇ ਪਹੁੰਚ ਸਕਦਾ ਹੈ।

ਇਸ ਦੀ ਸਥਿਤੀ ਬਾਰੇ ਵੀ ਕਈ ਪ੍ਰਕਾਰ ਦੇ ਵਿਵਰਣ ਮਿਲਦੇ ਹਨ। ਇਕ ਮਤ ਅਨੁਸਾਰ ਇਹ (ਸਵਰਗ) ਧਰਤੀ ਤੋਂ ਉਪਰ, ਸੂਰਜ ਲੋਕ ਤੋਂ ਪਰ੍ਹੇ, ਸੂਰਜ ਅਤੇ ਧ੍ਰੂ ਲੋਕ ਦੇ ਵਿਚਕਾਰ ਸਥਿਤ ਹੈ। ਦੂਜੇ ਮਤ ਅਨੁਸਾਰ ਇਹ ਇਲਾਵ੍ਰਿਤ ਦੀਪ (ਜੰਬੂ ਦੀਪ ਦੇ ਨੌਂ ਭਾਗਾਂ ਵਿੱਚੋਂ ਇਕ) ਵਿਚ ਸੁਮੇਰ ਪਰਬਤ ਦੇ ਉੱਤਰ ਵੱਲ ਹੈ। ਸਾਧਾਰਨ ਰੂਪ ਵਿਚ ਇੰਦ੍ਰ ਨੂੰ ਸਵਰਗ ਦਾ ਸੁਆਮੀ ਮੰਨਿਆ ਜਾਂਦਾ ਹੈ। ਇੰਦ੍ਰ-ਪਦ ਵਿਅਕਤੀ ਸੂਚਕ ਨਹੀਂ, ਉਪਾਧੀ ਦਾ ਲਖਾਇਕ ਹੈ। ਹਰ ਸੌ ਦੈਵੀ-ਵਰ੍ਹਿਆਂ ਬਾਦ ਇੰਦ੍ਰ ਦੀ ਬਦਲੀ ਹੁੰਦੀ ਹੈ। ਇਸ ਪਦ ਨੂੰ ਪ੍ਰਾਪਤ ਕਰਨ ਲਈ ਰਿਸ਼ੀਆਂ, ਮੁਨੀਆਂ, ਰਾਜਿਆਂ, ਦੈਂਤਾਂ ਨੇ ਵੀ ਯੱਗ ਅਤੇ ਤਪੱਸਿਆ ਕੀਤੀ ਹੈ।

ਤਿੰਨ-ਲੋਕਾਂ ਦੀ ਕਲਪਨਾ ਅਨੁਸਾਰ 'ਸਵਰਗ-ਲੋਕ' ਆਕਾਸ਼ ਵਿਚ ਹੈ, 'ਪਾਤਾਲ-ਲੋਕ' ਧਰਤੀ ਦੇ ਹੇਠਾਂ ਹੈ ਅਤੇ 'ਮਾਤ-ਲੋਕ' ਧਰਤੀ ਉਪਰ ਹੈ। ਪੁਰਾਣਾਂ ਅਨੁਸਾਰ ਸਵਰਗ ਦੀ ਸਥਾਨਗਤ/ਸਥਾਨਕ ਹੋਂਦ ਹੈ।

('ਸਿੱਖ ਪੰਥ ਵਿਸ਼ਵਕੋਸ਼', ਭਾਗ ਪਹਿਲਾ)

ਪੁਰਾਣ ਗ੍ਰੰਥ ਲੇਖਕਾਂ ਦੇ ਸੁਰਗ ਲੋਕ ਦੇ ਸਥਾਨ ਅਤੇ ਇਹਨਾਂ ਦੀ ਗਿਣਤੀ ਬਾਰੇ ਆਪਸ ਵਿਚ ਚੋਖੇ ਮਤ-ਭੇਦ ਹਨ। 'ਸ਼੍ਰੀ ਨਰ ਸਿੰਘ ਪੁਰਾਣ' ਅਨੁਸਾਰ, ਮੇਰੂਗਿਰੀ ਦੇ ਉਪਰੀ ਭਾਗ ਵਿਚ ਤਿੰਨ ਸ਼ਿਖਰ ਹਨ, ਜਿਥੇ ਸਵਰਗ ਲੋਕ ਵੱਸਿਆ ਹੋਇਆ

ਹੈ। ਮੇਰੂ ਦੇ ਉਹ ਸਵਰਗੀਯ ਸ਼ਿਖਰ ਕਈ ਪ੍ਰਕਾਰ ਦੇ ਬ੍ਰਿਛ ਅਤੇ ਲਤਾਵਾਂ (ਬੇਲਾਂ) ਨਾਲ ਆਵ੍ਰਿਤ (ਢਕਿਆ/ਘਿਰਿਆ) ਤਥਾ ਭਾਂਤ-ਭਾਂਤ ਦੇ ਫੁੱਲਾਂ ਨਾਲ ਸੁਸ਼ੋਭਤ ਹਨ। "ਮੇਰੂ ਪਰਬਤ ਦੀ ਚੋਟੀ 'ਤੇ ਕੁਲ ਇੱਕੀ ਸਵਰਗ ਵਸੇ ਹੋਏ ਹਨ।" ਇਸੇ ਪੁਰਾਣ ਅਨੁਸਾਰ ਇਨ੍ਹਾਂ ਇੱਕੀ ਸੁਰਗਾਂ ਦੇ ਨਾਮ ਇਸ ਤਰ੍ਹਾਂ ਹਨ : ਅਨੰਦ, ਪ੍ਰਮੋਦ, ਸੌਖਯ, ਨਿਰਮਲ ਜਾਂ ਅਤਿਨਿਰਮਲ, ਤ੍ਰਿਵਿਸ਼ਟ, ਨਾਕਪ੍ਰਿਸ਼ਟ, ਨਿਵ੍ਰਿਤੀ, ਪੌਸ਼ਟਕ, ਸੌਭਾਗਯ, ਅਪਸਰਾ, ਨਿਰਹੰਕਾਰ, ਸ਼ਾਂਤੀਕ, ਨਿਰਮਲ, ਪੁਨੰਯਾਹ, ਮੰਗਲ, ਸ਼੍ਵੇਤ, ਪਰਮਾਰਥ, ਮਨਮੰਥ, ਉਪਸ਼ੋਭਨ, ਸਵਰਗਰਾਜ, ਸ਼ੁਭ, ਨਿਰਮਲ, ਨਿਰਹੰਕਾਰ। (ਅਧਿਆਏ 30)

[ਨੋਟ : 'ਸ਼੍ਰੀ ਨਰਸਿੰਹੁ ਪੁਰਾਣ' ਅਨੁਸਾਰ ਹੀ ਮੇਰੂਗਿਰੀ ਦੇ ਵਿਚਕਾਰਲੇ ਭਾਗ ਵਿਚ ਬ੍ਰਹਮਪੁਰੀ ਹੈ, ਪੂਰਵੀ ਭਾਗ ਵਿਚ ਇੰਦ੍ਰ ਦੀ ਪੁਰੀ ਅਮਰਾਵਤੀ ਹੈ, ਅਗਨਿਕੋਣ ਵਿਚ ਤੇਜੋਵਤੀ ਪੁਰੀ ਹੈ, ਦੱਖਣ ਵਿਚ ਯਮਰਾਜ ਦੀ ਸੰਜਮਨੀ ਆਦਿ ਪੁਰੀਆਂ ਹਨ।]

'ਸ਼੍ਰੀ ਨਰਸਿੰਹੁ ਪੁਰਾਣ' ਦੇ ਲੇਖਕ ਦਾ ਇਹ ਮੰਨਣਾ ਹੈ ਕਿ "ਸੁਰਗ ਕੇਵਲ ਭਾਰਤ ਵਰਸ਼ ਵਿਚ ਹੀ ਕਰਮ ਕਰਨ ਵਾਲੇ ਮਨੁੱਖ ਪ੍ਰਾਪਤ ਕਰਨਗੇ। ਜਿਨ੍ਹਾਂ ਨੇ ਭਾਰਤ ਵਰਸ਼ ਵਿਚ ਰਹਿ ਕੇ ਪੁੰਨ ਕਰਮ ਕੀਤੇ ਹਨ, ਉਨ੍ਹਾਂ ਦਾ ਤਥਾ ਦੇਵਤਿਆਂ ਦਾ ਉਥੇ (ਸੁਰਗ) ਨਿਵਾਸ ਹੈ।" ਇਸ ਪੁਰਾਣ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਮਨੁੱਖ ਕਿਹੜੇ ਕਰਮ ਨਾਲ ਕਿਸ ਸੁਰਗ ਵਿਚ ਜਾਂਦਾ ਹੈ। ਜਿਵੇਂ : "ਸੋਨਾ ਅਤੇ ਗਊ ਦਾਨ ਕਰਨ ਨਾਲ ਦਾਨੀ 'ਨਿਰਹੰਕਾਰ' ਨਾਮ ਵਾਲੇ ਸੁਰਗ ਨੂੰ ਪਾਉਂਦਾ ਹੈ। ਸ਼ੁੱਧ ਭਾਵ ਨਾਲ ਭੂਮੀ ਦਾਨ ਕਰਕੇ ਮਨੁੱਖ 'ਸ਼ਾਂਤੀ' ਨਾਮਕ ਪ੍ਰਸਿੱਧ ਸੁਰਗਧਾਮ ਨੂੰ ਪਾਉਂਦਾ ਹੈ। ਚਾਂਦੀ ਦਾਨ ਕਰਨ ਨਾਲ ਮਨੁੱਖ ਨੂੰ 'ਨਿਰਮਲ' ਨਾਮਕ ਸੁਰਗ ਦੀ ਪ੍ਰਾਪਤੀ ਹੁੰਦੀ ਹੈ।...ਬ੍ਰਾਹਮਣਾਂ ਨੂੰ ਤ੍ਰਿਪਤ ਕਰਕੇ ਉਨ੍ਹਾਂ ਨੂੰ ਭਗਤੀ ਭਾਵ ਨਾਲ ਵਸਤ੍ਰ ਦਾਨ ਕਰਨ ਵਾਲਾ 'ਸ਼ਵੇਤ' ਨਾਮਕ ਸੁਰਗ ਨੂੰ ਪਾਉਂਦਾ ਹੈ।"

ਗੁਰੂ ਗ੍ਰੰਥ ਸਾਹਿਬ ਵਿਚ 'ਸੁਰਗ' ਸ਼ਬਦ ਤੋਂ ਇਲਾਵਾ ਇਸ ਸ਼ਬਦ ਦੇ ਸਮਾਨਾਰਥ ਸ਼ਬਦ ਬੈਕੁੰਠ, ਬਹਿਸ਼ਤ, ਭਿਸ਼ਤ ਆਦਿਕ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਬਹਿਸ਼ਤ ਅਤੇ ਭਿਸ਼ਤ ਇਸਲਾਮਿਕ ਸ਼ਬਦਾਵਲੀ ਹੈ ਅਤੇ ਇਸ ਦਾ ਭਾਵ-ਅਰਥ ਸੁਰਗ ਹੀ ਹੈ। ਗੁਰਮਤਿ ਦਾ ਸੁਰਗ ਆਦਿ ਬਾਰੇ ਦ੍ਰਿਸ਼ਟੀਕੋਣ ਜਾਣਨ ਤੋਂ ਪ੍ਰਹਿਲਾਂ ਬੈਕੁੰਠ ਅਤੇ ਬਹਿਸ਼ਤ/ਭਿਸਤ ਬਾਰੇ ਵੀ ਸੰਖੇਪ ਵਿਚ ਚਰਚਾ ਕਰ ਰਹੇ ਹਾਂ।

ਬੈਕੁੰਠ : ਪੁਰਾਣਾਂ ਅਨੁਸਾਰ ਵਿਸ਼ਨੂੰ ਜਗਤ ਦੇ ਪਾਲਣਹਾਰ ਹਨ, ਇਨ੍ਹਾਂ ਦੀ ਪੁਰੀ ਦਾ ਨਾਮ 'ਵਿਸ਼ਨੂੰਪੁਰੀ' ਹੈ। ਇਸ ਵਿਸ਼ਨੂੰਪੁਰੀ ਨੂੰ ਹੀ ਬੈਕੁੰਠ ਕਿਹਾ ਗਿਆ ਹੈ। ਪਿੱਛੋਂ ਆ ਕੇ ਇਸ ਸ਼ਬਦ (ਬੈਕੁੰਠ) ਲਈ ਸੁਰਗ ਸ਼ਬਦ ਦੀ ਵਰਤੋਂ ਹੋਣ ਲੱਗ ਪਈ। ਇਸ ਦਾ ਟਿਕਾਣਾ ਕਈ ਸੁਮੇਰ ਪਰਬਤ ਉੱਤੇ ਅਤੇ ਕਈ ਉੱਤਰੀ ਸਾਗਰ ਵਿਚ ਮੰਨਦੇ ਹਨ।

[ਨੋਟ : 'ਵਿਸ਼ਨੂੰ ਪੁਰਾਣ' ਅਨੁਸਾਰ ਸੁਮੇਰ ਪਰਬਤ ਉੱਤਰਾ ਖੰਡ ਦਾ ਇਕ ਬਹੁਤ ਉੱਚਾ ਪਰਬਤ ਹੈ, ਜੋ ਦਰਿਆ ਗੰਗਾ ਦਾ ਨਿਕਾਸ-ਸਥਾਨ ਹੋਣ ਕਰ ਕੇ ਰੁਦ੍ਰ ਹਿਮਾਲਯ ਦੇ ਨਾਂ ਨਾਲ ਮਸ਼ਹੂਰ ਹੈ। ਇਸ ਪਰਬਤ ਦੀਆਂ ਪੰਜ ਚੋਟੀਆਂ ਹਨ : ਰੁਦ੍ਰ ਹਿਮਾਲਯ, ਵਿਸ਼ਨੂੰ ਪੁਰੀ, ਬ੍ਰਹਮ ਪੁਰੀ, ਉਦਗਾਰੀ ਕੰਠ ਅਤੇ ਸਵਰਗਾਰੋਹਣ।]

ਗੁਰੂ ਗ੍ਰੰਥ ਵਿਸ਼ਵਕੋਸ਼ ਦੇ ਕਰਤਾ ਡਾਕਟਰ ਰਤਨ ਸਿੰਘ ਜੱਗੀ ਅਨੁਸਾਰ, "ਹਿੰਦੂ ਧਰਮ ਵਿਚ ਇਹ ਸਵਰਗ ਦਾ ਹੀ ਇਕ ਭੇਦ ਮੰਨਿਆ ਜਾਂਦਾ ਹੈ। ਭਾਰਤੀ ਮਿਥਿਹਾਸ ਵਿਚ ਕਈ ਪ੍ਰਕਾਰ ਦੇ ਸਵਰਗਾਂ ਦੀ ਕਲਪਨਾ ਕੀਤੀ ਗਈ ਹੈ। ਅਸਲ ਵਿਚ, ਪੁਰਾਣ-ਯੁਗ ਵਿਚ ਜਦੋਂ ਸੰਪ੍ਰਦਾਇਕ ਰੁਚੀਆਂ ਦਾ ਵਿਕਾਸ ਹੋਇਆ ਤਾਂ ਜਗਿਆਸੂਆਂ ਨੇ ਆਪਣੇ-ਆਪਣੇ ਇਸ਼ਟ ਦੇਵ ਅਨੁਸਾਰ ਸਵਰਗ ਦੀ ਕਲਪਨਾ ਸ਼ੁਰੂ ਕਰ ਦਿੱਤੀ। ਫਲਸਰੂਪ ਵੱਖਰੇ-ਵੱਖਰੇ ਸਵਰਗ ਵਿਚਾਰੇ ਗਏ। ਉਨ੍ਹਾਂ ਸਾਰਿਆਂ ਸਵਰਗਾਂ ਵਿੱਚੋਂ 'ਬੈਕੁੰਠ' (ਵੈਕੁੰਠ) ਸਰਵ-ਸ੍ਰੇਸ਼ਠ ਹੈ। ਇਥੇ ਵਿਸ਼ਨੂੰ ਦਾ ਨਿਵਾਸ ਦੱਸਿਆ ਜਾਂਦਾ ਹੈ।

ਪੁਰਾਣਾਂ ਵਿਚ ਵਰਣਿਤ ਵਿਖਿਆਨਾਂ (ਕਥਾ) ਵਿਚ ਬੈਕੁੰਠ ਨੂੰ ਅੱਸੀ ਹਜ਼ਾਰ ਮੀਲ ਦੇ ਘੇਰੇ ਵਿਚ ਪਸਰਿਆ ਹੋਇਆ ਦੱਸਿਆ ਗਿਆ ਹੈ। ਇਸ ਦਾ ਵਾਤਾਵਰਣ ਸੁੰਦਰ ਅਤੇ ਸ਼ਾਂਤ ਹੈ। ਧਰਤੀ ਸੋਨਰੰਗੀ ਹੈ, ਜਿਸ ਉੱਤੇ ਕੀਮਤੀ ਪੱਥਰਾਂ ਨਾਲ ਜੜ੍ਹੇ ਹੋਏ ਆਵਾਸ (ਘਰ, ਰਹਿਣ ਦੀ ਥਾਂ) ਬਣੇ ਹੋਏ ਹਨ। ਬੈਕੁੰਠ ਵਿਚ ਪੰਜ ਸਰੋਵਰ ਵੀ ਹਨ, ਜਿਨ੍ਹਾਂ ਵਿਚ ਚਿੱਟੇ, ਲਾਲ, ਅਤੇ ਨੀਲੇ ਕਮਲ ਸੁਭਾਇਮਾਨ ਹਨ ਅਤੇ ਉਨ੍ਹਾਂ ਦੇ ਸੱਜੇ ਪਾਸੇ ਲਕਸ਼ਮੀ ਬੈਠੀ ਹੋਈ ਹੈ। ਵਿਸ਼ਨੂੰ ਦੀ ਆਭਾ ਨਾਲ ਬੈਕੁੰਠ ਪ੍ਰਕਾਸ਼ਿਤ ਰਹਿੰਦਾ ਹੈ ਅਤੇ ਲਕਸ਼ਮੀ ਦੇ ਸਰੀਰ ਦੀ ਸੁਗੰਧੀ ਨਾਲ ਮਹਿਕਦਾ ਰਹਿੰਦਾ ਹੈ।

ਧਰਮ-ਸ਼ਾਸਤ੍ਰ ਅਨੁਸਾਰ ਕੋਈ ਜੀਵਾਤਮਾ ਗਿਆਨ ਦਾ ਲਾਭ ਅਤੇ ਮੋਕਸ਼ ਦੀ ਪ੍ਰਾਪਤੀ ਈਸ਼ਵਰ ਦੀ ਕ੍ਰਿਪਾ ਤੋਂ ਬਿਨਾਂ ਨਹੀਂ ਕਰ ਸਕਦੀ। ਜਦੋਂ ਉਸ ਉੱਤੇ ਈਸ਼ਵਰ ਦੀ ਕ੍ਰਿਪਾ ਹੋ ਜਾਂਦੀ ਹੈ ਅਤੇ ਉਹ ਉਸ ਦੀ ਭਗਤੀ ਵਿਚ ਮਗਨ ਹੋ ਜਾਂਦੀ ਹੈ ਤਾਂ ਉਸ ਨੂੰ ਈਸ਼ਵਰ ਵਿਚ ਵਿਲੀਨਤਾ ਪ੍ਰਾਪਤ ਨਹੀਂ ਹੁੰਦੀ, ਸਗੋਂ ਬੈਕੁੰਠ ਵਿਚ ਈਸ਼ਵਰ ਦਾ 'ਸਾਯੁਜਯ (ਅਭੇਦਤਾ, ਇਕਮਿਕਤਾ ਦੀ ਅਵਸਥਾ) ਪ੍ਰਾਪਤ ਹੁੰਦਾ ਹੈ।"

ਬਹਿਸ਼ਤ : *ਗੁਰੂ ਗ੍ਰੰਥ ਵਿਸ਼ਵਕੋਸ਼* ਵਿਚ ਇਸ ਦੇ ਸੰਬੰਧ ਵਿਚ ਇਉਂ ਲਿਖਿਆ ਹੋਇਆ ਹੈ, "ਹਿੰਦੂ ਧਰਮ ਵਿਚਲੀ ਸਵਰਗ ਦੀ ਕਲਪਨਾ ਦੇ ਸਮਾਨਾਂਤਰ ਇਸਲਾਮ ਵਿਚ 'ਬਹਿਸ਼ਤ' ਦੀ ਕਲਪਨਾ ਹੋਈ ਹੈ। ਇਸ ਦਾ ਇਕ ਨਾਮਾਂਤਰ 'ਜੰਨਤ' ਵੀ ਹੈ। (ਪੁਰਾਣ ਸਾਹਿਤ ਵਿਚ ਜਿਵੇਂ ਇਕ ਤੋਂ ਵਧੀਕ ਸੁਰਗ ਲੋਕਾਂ ਦੀ ਹੋਂਦ ਮੰਨੀ ਗਈ ਹੈ, ਉਸੇ ਤਰ੍ਹਾਂ ਬਹਿਸ਼ਤ 'ਚ ਵਿਸ਼ਵਾਸ ਕਰਨ ਵਾਲਿਆਂ ਅਨੁਸਾਰ ਵੀ ਇਹ ਇਕ ਤੋਂ ਵਧੀਕ ਹਨ) ਇਨ੍ਹਾਂ ਦੀ ਗਿਣਤੀ ਅੱਠ ਮੰਨੀ ਗਈ ਹੈ : ਖੁਲਦ, ਦਾਰੁੱਸਲਾਮ, ਦਾਰੁਲਕਰਾਰ, ਜੰਨਤਿਲਅਦਨ, ਜੰਨਤੁਲਮਾਵਾ, ਜੰਨਤੁਲਈਮ, ਅਲਈਅਨ ਅਤੇ ਫ਼ਿਰਦੌਸ। ਬਹਿਸ਼ਤ ਬਾਰੇ ਇਹ ਵੀ ਸੰਕਲਪ ਹੈ ਕਿ ਉਥੇ ਖ਼ੂਬਸੂਰਤ ਹੂਰਾਂ, ਗਿਲਮਾਨ ਅਤੇ ਹੋਰ ਅਨੇਕ ਸੁਖਦਾਇਕ ਵਸਤੂਆਂ ਪ੍ਰਾਪਤ ਹੁੰਦੀਆਂ ਹਨ।" ਜਿਸ ਤਰ੍ਹਾਂ ਪੁਰਾਣ ਸਾਹਿਤ ਵਿਚ ਸੁਰਗਾਂ ਵਿਚ ਮਿਲਣ ਵਾਲੀਆਂ ਸੁਵਿਧਾਵਾਂ ਦਾ ਵਰਣਨ ਹੈ, ਉਸੇ ਤਰ੍ਹਾਂ ਬਹਿਸ਼ਤ ਬਾਰੇ ਵੀ ਇਸੇ ਤਰ੍ਹਾਂ ਦੀ ਧਾਰਨਾ ਪ੍ਰਚਲਿਤ ਹੈ। ਇਹ ਵੀ ਵਿਸ਼ਵਾਸ ਹੈ ਕਿ ਇਹ ਸਿਰਫ਼ ਮੋਮਨਾਂ ਨੂੰ ਹੀ ਨਸੀਬ ਹੋਵੇਗੀ।

ਭਿਸ਼ਤ : ਫ਼ਾਰਸੀ 'ਬਹਿਸ਼ਤ' ਸ਼ਬਦ ਦਾ ਦੇਸੀ ਰੂਪ 'ਭਿਸ਼ਤ' ਹੈ, ਜਿਸ ਦਾ ਭਾਵ ਹੈ ਸੁਰਗ। ਸਾਮੀ ਮਜ਼੍ਹਬਾਂ ਅਨੁਸਾਰ ਮਰਨ ਪਿੱਛੋਂ ਬਹਿਸ਼ਤ ਨੇਕ ਆਤਮਾਵਾਂ ਲਈ ਹੈ ਤੇ ਦੋਜ਼ਖ਼ ਬਦੀ ਕਰਨ ਵਾਲਿਆਂ ਲਈ। ਇਸ ਵਿਚ ਸੁੰਦਰ ਹੂਰਾਂ, ਗਿਲਮਾਨ

(ਗ਼ੁਲਾਮ ਦਾ ਬਹੁਵਚਨ; ਜਵਾਨ ਲੜਕੇ) ਤੇ ਚੰਗੀ ਸ਼ਰਾਬ ਦੀਆਂ ਨਦੀਆਂ ਵਹਿੰਦੀਆਂ ਦੱਸੀਆਂ ਜਾਂਦੀਆਂ ਹਨ। *(ਗੁਰੂ ਗ੍ਰੰਥ ਸੰਕੇਤ ਕੋਸ਼)*

ਜਿਵੇਂ ਅਨਮਤਾਂ ਵਿਚ ਮਰਨ ਮਗਰੋਂ ਨੇਕੀ ਦਾ ਫਲ ਭੋਗਣ ਲਈ ਸੁਰਗ/ਬਹਿਸ਼ਤ ਆਦਿ ਸਥਾਨਾਂ ਦੀ ਹੋਂਦ ਮੰਨੀ ਗਈ ਹੈ, ਸਿੱਖ ਜਗਤ ਨਾਲ ਸੰਬੰਧ ਰੱਖਣ ਵਾਲੇ ਕਈ ਵਿਦਵਾਨਾਂ ਨੇ ਵੀ ਸਚਖੰਡ ਦੀ ਹੋਂਦ ਮੰਨੀ ਹੋਈ ਹੈ। ਇਸ ਦੀ ਚਰਚਾ ਸੱਚਖੰਡ ਦੇ ਪ੍ਰਕਰਣ ਵਿਚ ਕਰਾਂਗੇ।

ਗੁਰੂ ਗ੍ਰੰਥ ਸਾਹਿਬ ਵਿਚ ਜਿਨ੍ਹਾਂ ਸ਼ਬਦਾਂ ਵਿਚ ਸੁਰਗ, ਬੈਕੁੰਠ, ਬਹਿਸ਼ਤ ਅਤੇ ਭਿਸ਼ਤ ਸ਼ਬਦ ਆਇਆ ਹੈ, ਉਨ੍ਹਾਂ ਦੇ ਭਾਵਾਰਥ ਦੀ ਚਰਚਾ ਕਰਨ ਤੋਂ ਪਹਿਲਾਂ, ਸੁਰਗ ਦੀ ਕਲਪਨਾ ਦਾ ਮਨੋਰਥ ਅਤੇ ਇਸ ਦੀ (ਸੁਰਗ) ਹੋਂਦ ਨੂੰ ਮੰਨ ਲੈਣ ਨਾਲ ਨਿਕਲੇ/ਨਿਕਲਦੇ ਸਿੱਟਿਆਂ ਆਦਿ ਬਾਰੇ ਸੰਖੇਪ ਵਿਚ ਚਰਚਾ ਦੇ ਨਾਲ ਬਾਣੀਕਾਰਾਂ ਦੇ ਦ੍ਰਿਸ਼ਟੀਕੋਣ ਦਾ ਵਰਣਨ ਕਰ ਰਹੇ ਹਾਂ।

ਆਮ ਤੌਰ 'ਤੇ ਇਹ ਆਖਿਆ ਜਾਂਦਾ ਹੈ ਕਿ ਨਰਕ-ਸੁਰਗ ਦੀ ਧਾਰਨਾ ਦੀ ਕਲਪਨਾ ਅਥਵਾ ਪ੍ਰਚਾਰ ਕਰਨ ਵਾਲਿਆਂ ਨੇ ਮਾੜੀ ਨੀਅਤ ਨਾਲ ਇਸ ਦੀ ਕਲਪਣਾ ਨਹੀਂ ਕੀਤੀ। ਸੁਰਗ-ਨਰਕ ਦੀ ਧਾਰਨਾ ਨੂੰ ਪ੍ਰਚਾਰਨ ਵਾਲਿਆਂ ਨੇ ਇਹ ਸਭ ਕੁਝ ਇਸ ਭਾਵਨਾ ਨਾਲ ਕੀਤਾ ਸੀ ਕਿ ਮਨੁੱਖ ਭੈੜੇ ਕਰਮਾਂ ਤੋਂ ਸੰਕੋਚ ਕਰਕੇ ਸ਼ੁਭ ਕਰਮ ਕਰਨ ਲਈ ਉਤਸ਼ਾਹਤ ਹੋਵੇ। ਪਰੰਤੂ ਜਦ ਅਸੀਂ ਸੁਰਗ-ਨਰਕ ਦੀ ਧਾਰਨਾ ਦਾ ਪ੍ਰਚਾਰ ਕਰਨ ਵਾਲਿਆਂ ਦੀਆਂ ਲਿਖਤਾਂ ਨੂੰ ਗਹੁ ਨਾਲ ਪੜ੍ਹਦੇ ਹਾਂ ਤਾਂ ਉਨ੍ਹਾਂ ਦੀ ਇਸ ਪਿੱਛੇ ਜੋ ਭਾਵਨਾ ਹੈ, ਉਹ ਭਲੀ ਪ੍ਰਕਾਰ ਉਘੜ ਕੇ ਸਾਹਮਣੇ ਆ ਜਾਂਦੀ ਹੈ। ਅਜਿਹੀ ਸ਼੍ਰੇਣੀ (ਪੁਜਾਰੀ ਸ਼੍ਰੇਣੀ) ਦੀ ਭਾਵਨਾ ਜੇਕਰ ਸੱਚ-ਮੁੱਚ ਹੀ ਸ਼ੁੱਭ ਹੁੰਦੀ ਤਾਂ ਧਾਰਮਿਕ ਦੁਨੀਆਂ ਵਿਚ ਪਾਖੰਡ ਦਾ ਬੋਲ-ਬਾਲਾ ਨਾ ਹੁੰਦਾ।

ਇਸ ਵਿਚ ਕੋਈ ਸੰਦੇਹ ਨਹੀਂ ਹੈ ਕਿ ਸੁਰਗ ਦੀ ਕਲਪਨਾ ਕਰਨ ਵਾਲਿਆਂ ਨੇ ਸੁਰਗ ਦਾ ਇਹੋ ਜਿਹਾ ਮਨਮੋਹਕ ਨਕਸ਼ਾ ਉਲੀਕਿਆ ਕਿ ਹਰੇਕ ਮਨੁੱਖ ਦਾ ਇਹੋ ਜਿਹੇ ਸੁਰਗ ਵਿਚ ਨਿਵਾਸ ਲਈ ਮਨ ਲਲਚਾਉਣ ਲੱਗ ਪਿਆ। ਦੂਜੇ ਪਾਸੇ ਨਰਕ ਦਾ ਇਹੋ ਜਿਹਾ ਭਿਆਨਕ ਦਿਲ-ਕੰਬਾਊ ਦ੍ਰਿਸ਼ ਪੇਸ਼ ਕੀਤਾ ਕਿ ਮਨੁੱਖ ਇਸ ਬਾਰੇ ਪੜ੍ਹ-ਸੁਣ ਕੇ ਹੀ ਕੰਬ ਉੱਠਿਆ। ਪਰ ਕੀ ਮਨੁੱਖ ਨੇ ਇਹ ਸਭ ਕੁਝ ਪੜ੍ਹ-ਸੁਣ ਕੇ ਜਾਂ ਮੰਨ ਕੇ ਬੇਈਮਾਨੀ, ਹੇਰਾ-ਫੇਰੀ, ਚੋਰੀ, ਜਾਰੀ, ਪਾਖੰਡ ਆਦਿ ਦਾਂ ਤਿਆਗ ਕਰ ਕੇ, ਇਨਸਾਨੀਅਤ ਭਰਪੂਰ ਜੀਵਨ ਜਿਊਣ ਲਈ ਹੰਭਲਾ ਮਾਰਿਆ ? ਨਹੀਂ, ਅਜਿਹਾ ਕੁਝ ਦਿਖਾਈ ਨਹੀਂ ਦੇਂਦਾ। ਚੂੰਕਿ ਸੁਰਗ-ਨਰਕ ਦੀ ਮੁਦਈ ਸ਼੍ਰੇਣੀ ਆਪ ਇਨ੍ਹਾਂ ਕਮਜ਼ੋਰੀਆਂ ਦਾ ਸ਼ਿਕਾਰ ਰਹੀ ਹੈ। ਅੱਜ ਵੀ ਇਸ ਦੇ (ਜ਼ਿਆਦਤਰ) ਮੁਦਈ, ਇਨ੍ਹਾਂ ਕਮਜ਼ੋਰੀਆਂ ਦਾ, ਕਿਸੇ ਨਾ ਕਿਸੇ ਰੂਪ ਵਿਚ ਬੁਰੀ ਤਰ੍ਹਾਂ ਸ਼ਿਕਾਰ ਹਨ।

ਹਾਂ, ਇਸ ਵਿਚ ਕੋਈ ਸ਼ੱਕ ਨਹੀਂ ਕਿ ਜਨ-ਸਾਧਾਰਨ ਮਨੁੱਖ, ਨਰਕ ਦੇ ਭਿਆਨਕ ਕਸ਼ਟਾਂ ਤੋਂ ਬਚਣ ਅਤੇ ਸੁਰਗ ਵਿਚ ਐਸ਼-ਆਰਾਮ ਦੀ ਜ਼ਿੰਦਗੀ ਜਿਊਣ ਲਈ ਆਪਣੇ ਵਰਤਮਾਨ ਨੂੰ ਨਰਕ ਬਣਾ ਕੇ ਨਰਕੀ ਜ਼ਿੰਦਗੀ ਗੁਜ਼ਾਰਨ ਲੱਗ ਪਿਆ। (ਇਹ ਵਰਤਾਰਾ ਅੱਜ ਵੀ ਜਾਰੀ ਹੈ। ਅਜੋਕੇ ਸਮੇਂ ਵਿਚ ਵੀ ਸਾਡੇ ਆਲੇ-ਦੁਆਲੇ

ਕਈ ਅਜਿਹੇ ਪ੍ਰਾਣੀ ਮੌਜੂਦ ਹਨ, ਜਿਹੜੇ ਸੁਰਗ ਪ੍ਰਾਪਤੀ ਲਈ ਆਪਣੇ ਅਤੇ ਦੂਜਿਆਂ ਦੇ ਜੀਵਨ ਨੂੰ ਨਰਕ ਬਣਾਈ ਬੈਠੇ ਹਨ।) ਇਸ ਧਾਰਨਾ ਨੂੰ ਪ੍ਰਚਾਰਨ ਵਾਲੀ ਸ਼੍ਰੇਣੀ, ਮਨੁੱਖ ਨੂੰ ਸੁਰਗ ਦੇ ਸਰਸਬਜ਼ ਬਾਗ ਦਿਖਾ ਕੇ, ਸੁਰਗ 'ਚ ਪਹੁੰਚਣ ਦੇ ਚਾਹਵਾਨ ਪ੍ਰਾਣੀਆਂ ਨੂੰ ਸੁਰਗਾਂ 'ਚ ਪਹੁੰਚਾਉਣ ਦਾ ਪ੍ਰਬੰਧ ਕਰਨ ਦੇ ਪਰਉਪਕਾਰ ਵਿਚ ਜੁੱਟ ਪਈ (?)। ਇਸ ਤਰ੍ਹਾਂ ਮਨੁੱਖਤਾ ਨੂੰ ਸੁਰਗ ਦਾ ਲਾਲਚ ਅਤੇ ਨਰਕ ਦਾ ਡਰ ਦੇਣ ਵਾਲੀ ਸ਼੍ਰੇਣੀ ਆਪ ਕਥਿਤ ਨਰਕ ਦੇ ਡਰ ਅਤੇ ਸੁਰਗ ਦੀ ਚਾਹਤ ਤੋਂ ਉਪਰ ਉੱਠ ਕੇ ਐਸ਼-ਆਰਾਮ ਦੀ ਜ਼ਿੰਦਗੀ ਬਤੀਤ ਕਰਨ ਲੱਗ ਪਈ। ਇਹ ਸਿਲਸਿਲਾ ਸਦੀਆਂ ਤੋਂ ਤੁਰਿਆ ਆ ਰਿਹਾ ਹੈ ਅਤੇ ਅਜੇ ਵੀ ਤੁਰਿਆ ਜਾ ਰਿਹਾ ਹੈ। ਆਮ ਮਨੁੱਖ ਨੂੰ ਨਰਕ-ਸੁਰਗ ਦੇ ਸੰਕਲਪ ਨੂੰ ਪ੍ਰਚਾਰਨ ਵਾਲਿਆਂ ਦੀ ਨੀਅਤ ਉੱਤੇ ਸ਼ੱਕ ਇਸ ਲਈ ਨਹੀਂ ਹੋਇਆ ਕਿ ਇਨ੍ਹਾਂ ਨੇ ਇਹ ਸਭ ਕੁਝ ਆਪਣੇ ਰਹਿਬਰਾਂ ਦੇ ਮੁਖਾਰਬਿੰਦ 'ਚੋਂ ਕਢਵਾਇਆ ਹੈ। ਜਨ-ਸਾਧਾਰਨ ਇਸ ਗੱਲ ਨੂੰ ਨਾ ਸਮਝ ਸਕਿਆ ਕਿ ਇਹ ਸਭ ਕੁਝ ਰੱਬ ਦੇ ਸੱਚੇ ਆਸ਼ਕਾਂ ਨੇ ਨਹੀਂ ਆਖਿਆ ਹੋਇਆ, ਸਗੋਂ ਸੁਰਗ ਬਾਰੇ ਇਹੋ ਜਿਹਾ ਲਿਖਣ ਵਾਲਿਆਂ ਨੇ ਉਨ੍ਹਾਂ ਦੇ ਮੂੰਹੋਂ ਅਖਵਾਇਆ/ਕਢਵਾਇਆ ਹੈ। ਭਾਵ, ਨਰਕ-ਸੁਰਗ ਦੇ ਸੰਕਲਪ ਨੂੰ ਪ੍ਰਚਾਰਨ ਵਾਲਿਆਂ ਨੇ ਆਪਣੇ ਸੁਆਰਥ ਲਈ ਸਤਿਪੁਰਸ਼ਾਂ ਦੇ ਨਾਮ ਨੂੰ ਵਰਤਿਆ ਹੈ, ਜੋ ਕੁਝ ਲਿਖਿਆ/ਆਖਿਆ ਹੈ, ਉਹ ਇਨ੍ਹਾਂ ਦੀ ਆਪਣੀ ਮੱਤ/ਸੋਚ ਦਾ ਹੀ ਚਮਤਕਾਰ ਹੈ। ਮਨੁੱਖਤਾ ਨੂੰ ਇਨਸਾਨੀਅਤ ਦਾ ਪਾਠ ਪੜ੍ਹਾਉਣ ਵਾਲੀਆਂ ਸ਼ਖ਼ਸੀਅਤਾਂ ਦਾ ਇਨ੍ਹਾਂ ਗੱਲਾਂ ਨਾਲ ਕੋਈ ਸਰੋਕਾਰ ਨਹੀਂ ਹੈ।

ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਮਨੁੱਖ ਨੂੰ ਨਰਕ-ਸੁਰਗ ਦੇ ਡਰ ਅਤੇ ਲਾਲਚ ਤੋਂ ਉਪਰ ਉਠਾ ਕੇ ਸਪੱਸ਼ਟ ਕੀਤਾ ਹੈ ਕਿ ਇਹ ਧਾਰਨਾ ਤਾਂ ਮਨੁੱਖ ਨੂੰ ਬੰਧਨਾਂ ਵਿਚ ਪਾਉਣ ਵਾਲੀ ਹੈ। ਬਾਣੀਕਾਰਾਂ ਨੇ ਮਨੁੱਖ ਨੂੰ ਸਹੀ ਦਿਸ਼ਾ ਪ੍ਰਦਾਨ ਕਰਦਿਆਂ ਹੋਇਆਂ ਆਖਿਆ ਹੈ ਕਿ ਮਨੁੱਖ ਦੇ ਜੀਵਨ ਦਾ ਆਦਰਸ਼ ਮੌਤ ਮਗਰੋਂ ਨਰਕ ਤੋਂ ਆਪਣਾ ਬਚਾਓ ਕਰਨਾ ਅਤੇ ਸੁਰਗਾਂ ਵਿਚ ਵਾਸਾ ਨਹੀਂ ਹੈ। ਜੀਵਨ ਦਾ ਉਦੇਸ਼ ਤਾਂ ਸਤਿਗੁਰੂ ਦੇ ਗਿਆਨ ਦੁਆਰਾ ਅਕਾਲ ਪੁਰਖ ਦੀ ਰਜ਼ਾ ਨੂੰ ਸਮਝ ਕੇ, ਜੀਵਨ-ਮੁਕਤ ਹੋ ਕੇ ਇਨਸਾਨੀਅਤ ਭਰਪੂਰ ਪਰਉਪਕਾਰੀ ਜੀਵਨ ਜਿਊਣਾ ਹੈ।

ਜਿਥੋਂ ਤਕ ਇਸ ਗੱਲ ਦਾ ਸਵਾਲ ਹੈ ਕਿ ਸੁਰਗ-ਨਰਕ ਦੀ ਧਾਰਨਾ ਵਿਚ ਵਿਸ਼ਵਾਸ, ਮਨੁੱਖ ਨੂੰ ਮਾੜੇ ਕੰਮਾਂ ਤੋਂ ਤੌਬਾ ਕਰਕੇ ਸ਼ੁੱਭ ਕੰਮ ਕਰਨ ਲਈ ਉਤਸ਼ਾਹਿਤ ਕਰਦਾ ਹੈ, ਇਸ ਬਾਰੇ ਇਤਿਹਾਸ ਦੇ ਪੰਨਿਆਂ ਨੂੰ ਫਰੋਲਿਆਂ ਅਤੇ ਆਲੇ-ਦੁਆਲੇ ਵੱਲ ਝਾਤੀ ਮਾਰਿਆਂ ਅਜਿਹਾ ਕੁਝ ਦਿਖਾਈ ਨਹੀਂ ਦੇਂਦਾ। ਜਿਸ ਸੁਰਗ ਦੇ ਸੰਕਲਪ ਬਾਰੇ ਇਹ ਸਮਝਿਆ ਜਾ ਰਿਹਾ ਹੈ ਕਿ ਮਨੁੱਖ ਸ਼ੁਭ ਕਰਮ ਕਰਨ ਲਈ ਉਤਸ਼ਾਹਤ ਹੁੰਦਾ ਹੈ, ਉਸੇ ਸੁਰਗ ਦੀ ਲਾਲਸਾ ਨੇ ਮਨੁੱਖ ਨੂੰ ਮਨੁੱਖ ਨਾਲੋਂ ਤੋੜਿਆ ਹੈ। ਮਨੁੱਖ ਨੇ ਇਕ ਦੂਜੇ ਦੇ ਨੇੜੇ ਹੋਣ ਦੀ ਥਾਂ ਦੂਰੀ ਬਣਾ ਲਈ ਹੈ। ਇਨਸਾਨ ਨੇ ਆਪਣੇ ਵਰਤਮਾਨ ਨੂੰ ਸੁਧਾਰਨ ਦੀ ਬਜਾਏ ਅੱਗਾ ਸਵਾਰਨ ਦੀ ਦੌੜ ਵਿਚ ਸ਼ਾਮਲ ਹੋ ਕੇ ਵਰਤਮਾਨ ਨੂੰ ਨਰਕ ਬਣਾ ਲਿਆ ਹੈ। ਮਨੁੱਖ ਨੇ ਸੱਚਾ ਧਰਮੀ ਬਣਨ ਦੀ ਥਾਂ ਕਰਮ-ਕਾਂਡੀ ਬਣ ਕੇ ਧਰਮ ਦੀਆਂ ਉੱਚ ਕਦਰਾਂ-ਕੀਮਤਾਂ ਤੋਂ ਮੂੰਹ ਮੋੜ ਲਿਆ ਹੈ। ਸਿੱਟੇ ਵਜੋਂ ਮਨੁੱਖ ਧਰਮ

ਕਰਮ ਕਰਦਾ ਹੋਇਆ ਵੀ ਧਰਮੀ ਨਾ ਬਣ ਸਕਿਆ। ਸੰਸਾਰ ਦਾ ਇਤਿਹਾਸ ਇਸ ਗੱਲ ਦੀ ਭਲੀ ਪ੍ਰਕਾਰ ਗਵਾਹੀ ਭਰਦਾ ਹੈ। ਅਜੋਕੇ ਜੁਗ ਵਿਚ ਵੀ ਅਸੀਂ ਦੇਖਦੇ ਹਾਂ ਕਿ ਧਾਰਮਿਕ ਜਨੂੰਨ ਦਾ ਸ਼ਿਕਾਰ ਹੋਏ ਹੋਏ ਮਨੁੱਖ, ਜੇਕਰ ਦੂਜਿਆਂ ਧਰਮਾਂ ਦੇ ਪੈਰੋਕਾਰਾਂ ਨੂੰ ਤੰਗ-ਪਰੇਸ਼ਾਨ ਕਰਨ ਅਤੇ ਮੌਤ ਆਦਿ ਦੇ ਘਾਟ ਉਤਾਰਨ ਜਿਹੇ ਕਰਮ ਕਰਦੇ ਹਨ ਜਾਂ ਇਹੋ ਜਿਹੇ ਕਰਮ ਕਰਨ ਲਈ ਉਤਸੁਕ ਹਨ, ਤਾਂ ਇਸ ਪਿੱਛੇ ਉਨ੍ਹਾਂ ਦੀ ਭਾਵਨਾ ਆਪਣੇ ਇਸ਼ਟ ਨੂੰ ਖ਼ੁਸ਼ ਕਰਕੇ ਸੁਰਗ 'ਚ ਨਿਵਾਸ ਕਰਨ ਦੀ ਹੀ ਹੈ। ਇਥੇ ਅਸੀਂ ਇਤਿਹਾਸ 'ਚੋਂ ਬਾਦਸ਼ਾਹ ਸਿਕੰਦਰ ਲੋਧੀ ਦੀ ਉਦਾਹਰਣ ਦੇਣਾ ਚਾਹੁੰਦੇ ਹਾਂ, ਜਿਸ ਨੇ ਕਿਹਾ ਹੈ ਕਿ "ਉਸ ਨੇ ਆਪਣੇ ਜੀਵਨ-ਕਾਲ ਵਿਚ ਚਾਰ ਲੱਖ ਬੱਤੀ ਹਜ਼ਾਰ ਮੋਮਨ ਤੇ ਦੋ ਲੱਖ ਤ੍ਰੈਪਨ ਹਜ਼ਾਰ ਹਿੰਦੂ ਕਤਲ ਕੀਤਾ ਹੈ, ਜਿਸ ਤੋਂ ਇਕ ਮੇਰੇ ਵਾਸਤੇ ਕੀ ਮੇਰੀ ਉਲਾਦ ਵਾਸਤੇ ਭੀ ਖ਼ੁਦਾਵੰਦ ਕਰੀਮ ਹਮੇਸ਼ਾਂ ਬਹਿਸ਼ਤ ਦਾ ਦਰਵਾਜ਼ਾ ਖੁੱਲ੍ਹਾ ਰੱਖੇਗਾ।" (ਗਿਆਨੀ ਗਿਆਨ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ*) ਇਹੋ ਜਿਹੀ ਸੋਚ ਸਦਾ ਹੀ ਮਨੁੱਖ 'ਤੇ ਭਾਰੂ ਰਹੀ ਹੈ। ਅੱਜ ਵੀ ਇਹੀ ਕੁਝ ਹੋ ਰਿਹਾ ਹੈ। ਚੌਗਿਰਦੇ ਵੱਲ ਨਿਗਾਹ ਮਾਰਿਆਂ ਇਸ ਦੇ ਅਨੇਕਾਂ ਕੋਝੇ ਰੂਪ ਦਿਖਾਈ ਦੇਂਦੇ ਹਨ।

ਇਸ ਤੋਂ ਇਲਾਵਾ ਸੁਰਗ ਵਿਚ ਪਹੁੰਚਣ ਦੀ ਲਾਲਸਾ ਨੇ ਮਨੁੱਖ ਨੂੰ ਆਪਣੇ ਆਚਰਣ ਦੀ ਸੁੰਦਰ ਘਾੜਤ ਘੜਨ ਦੀ ਬਜਾਏ ਕਰਮ-ਕਾਂਡ ਦਾ ਆਸਰਾ ਲੈਣ ਲਈ ਹੀ ਉਤਸ਼ਾਹਤ ਕੀਤਾ ਹੈ। ਜਿਸ ਦੇ ਸਿੱਟੇ ਵਜੋਂ ਧਾਰਮਿਕ ਦੁਨੀਆਂ ਵਿਚ ਧਰਮ ਤਾਂ ਘੱਟ ਹੀ ਦਿਖਾਈ ਦੇਂਦਾ ਹੈ, ਪਰ ਧਰਮ ਦੇ ਨਾਮ 'ਤੇ ਰਸਮੀ ਕਰਮ-ਧਰਮ ਦੀ ਜ਼ਰੂਰ ਭਰਮਾਰ ਦਿਖਾਈ ਦੇਂਦੀ ਹੈ ? ਇਹੀ ਕਾਰਨ ਹੈ ਕਿ ਧਰਮ ਦੀ ਦੁਨੀਆਂ ਵਿਚ ਕਰਮ-ਕਾਂਡ 'ਚ ਦਿਨ-ਪ੍ਰਤਿਦਿਨ ਵਾਧਾ ਹੋ ਰਿਹਾ ਹੈ ? ਗੁਰੂ ਗ੍ਰੰਥ ਸਾਹਿਬ ਦਾ ਕਰਮ-ਕਾਂਡ ਦੇ ਸੰਬੰਧ ਵਿਚ ਬੜਾ ਸਪੱਸ਼ਟ ਨਿਰਣਾ ਹੈ ਕਿ :

ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨ ਜਾਇ ॥
ਨਹ ਜਾਇ ਸਹਸਾ ਕਿਤੈ ਸੰਜਮਿ ਰਹੇ ਕਰਮ ਕਮਾਏ ॥

(ਰਾਮਕਲੀ ਮਹਲਾ ੩ ਅਨੰਦੁ, ਪੰਨਾ 919)

ਅਰਥ : ਆਤਮਿਕ ਅਨੰਦ ਬਾਹਰੋਂ ਧਾਰਮਿਕ ਜਾਪਦੇ ਕਰਮ ਕੀਤਿਆਂ ਪੈਦਾ ਨਹੀਂ ਹੋ ਸਕਦਾ। ਅਨੇਕਾਂ ਬੰਦੇ (ਅਜਿਹੇ) ਕਰਮ ਕਰ ਕਰ ਕੇ ਹਾਰ ਗਏ ਹਨ, ਪਰ ਮਨ ਦਾ ਤੌਖ਼ਲਾ-ਸਹਿਮ ਅਜਿਹੇ ਕਿਸੇ ਤਰੀਕੇ ਨਾਲ ਨਹੀਂ ਜਾਂਦਾ।

ਭਾਈ ਗੁਰਦਾਸ ਜੀ ਗੁਰੂ ਨਾਨਕ ਸਾਹਿਬ ਬਾਰੇ ਲਿਖਦੇ ਹਨ ਕਿ :

ਗੁਰਮੁਖਿ ਕੋਇ ਨ ਦਿਸਈ ਢੂੰਡੇ ਤੀਰਥਿ ਜਾਤ੍ਰੀ ਮੇਲੇ। *(ਵਾਰ 1, ਪਉੜੀ 26)*

ਭਾਵ, ਗੁਰੂ ਨਾਨਕ ਸਾਹਿਬ ਜੀ ਨੇ ਤੀਰਥਾਂ ਦੇ ਮੇਲਿਆਂ 'ਤੇ ਅਨੇਕਾਂ ਸ਼ਰਧਾਲੂਆਂ ਨੂੰ ਦੇਖਿਆ ਪਰੰਤੂ ਇਨ੍ਹਾਂ ਸ਼ਰਧਾਲੂਆਂ ਵਿਚ ਬਾਬਾ ਨਾਨਕ ਜੀ ਨੂੰ ਕੋਈ ਗੁਰਮੁਖ ਦਿਖਾਈ ਨਹੀਂ ਦਿੱਤਾ। ਜੇਕਰ ਰਸਮੀ ਧਰਮ-ਕਰਮ ਕਰਨ ਵਾਲਿਆਂ ਵਿਚ ਕੋਈ ਗੁਰਮੁਖ ਹੁੰਦਾ ਤਾਂ ਉਹ ਗੁਰਦੇਵ ਦੀ ਨਜ਼ਰੀਂ ਜ਼ਰੂਰ ਪੈਂਦਾ। ਅੱਜ ਵੀ ਇਹ ਵਰਤਾਰਾ ਹੀ ਵਰਤ ਰਿਹਾ ਹੈ। ਧਾਰਮਿਕ ਸਥਾਨਾਂ ਦੀ ਯਾਤਰਾ ਕਰਨ ਵਾਲਿਆਂ ਦੀ ਭੀੜ ਦਿਨੋ-ਦਿਨ ਵੱਧਦੀ ਜਾ ਰਹੀ ਹੈ, ਪਰ ਇਸ ਭੀੜ ਵਿਚ ਇਨਸਾਨੀਅਤ ਦੀ ਝਲਕ

ਘੱਟ ਹੀ ਪੈਂਦੀ ਹੈ। ਧਾਰਮਿਕ ਸਥਾਨਾਂ ਵਿਚ ਧਰਮ ਦੀ ਆੜ ਹੇਠ ਜੋ ਕੁਛ ਹੋ ਰਿਹਾ ਹੈ, ਉਹ ਵਧੇਰੇ ਵਿਆਖਿਆ ਦਾ ਮੁਥਾਜ ਨਹੀਂ ਹੈ। ਆਮ ਮਨੁੱਖ ਜੇਕਰ ਸੰਸਾਰਕ ਭੋਗਾਂ ਦਾ ਤਿਆਗ ਕਰ ਰਿਹਾ ਹੈ ਤਾਂ ਇਸ ਆਸ ਨਾਲ ਕਿ ਅੱਗੇ ਸੁਰਗ ਵਿਚ ਉਸ ਨੂੰ ਨਾਨਾ ਤਰ੍ਹਾਂ ਦੇ ਭੋਗ ਭੋਗਣ ਨੂੰ ਨਸੀਬ ਹੋਣਗੇ। ਇਹ ਸੁਰਗ ਦੀ ਧਾਰਨਾ ਦਾ ਚਮਤਕਾਰ ਹੈ ਕਿ ਆਮ ਧਰਮੀ ਅਖਵਾਉਣ ਵਾਲਾ ਮਨੁੱਖ ਕਿਸੇ ਲੋੜਵੰਦ ਨੂੰ ਤਾਂ ਫੁੱਟੀ ਕੌਡੀ ਦੇ ਕੇ ਵੀ ਰਾਜ਼ੀ ਨਹੀਂ, ਪਰ ਇਕ ਰੁਪਏ ਦੇ ਬਦਲੇ ਅਗਾਂਹ ਸੱਤਰ ਗੁਣਾਂ ਵਧੀਕ ਦਾ (ਝੂਠਾ) ਭਰੋਸਾ ਦਿਵਾਉਣ ਵਾਲਿਆਂ ਨੂੰ ਆਪ ਭੁੱਖ-ਨੰਗ ਸਹਿ ਕੇ ਵੀ ਦੇਣ ਲਈ ਉਤਾਵਲਾ ਹੁੰਦਾ ਹੈ। ਇਹੋ ਜਿਹੀ ਧਾਰਨਾ ਕਾਰਨ ਹੀ ਆਮ ਮਨੁੱਖ ਸਕੂਲ, ਕਾਲਜ, ਹਸਪਤਾਲ ਆਦਿ ਬਣਾਉਣ 'ਚ ਯੋਗਦਾਨ ਪਾਉਣ ਤੋਂ ਤਾਂ ਕੰਨੀ ਕਤਰਾਉਂਦਾ ਹੈ, ਪਰ ਕਿਸੇ ਧਾਰਮਿਕ ਸਥਾਨ ਵਿਚ ਆਪਣਾ ਯੋਗਦਾਨ ਪਾਉਣ ਸਮੇਂ ਦੇਰੀ ਨਹੀਂ ਲਾਉਂਦਾ। ਚੂੰਕਿ ਇਹੋ ਜਿਹੇ ਸਥਾਨਾਂ 'ਚ ਪਾਇਆ ਹੋਇਆ ਯੋਗਦਾਨ ਕਈ ਗੁਣਾਂ ਵੱਧ ਸੁਰਗ ਲੋਕ ਵਿਚ ਮਿਲ ਜਾਣ ਦਾ ਭਰੋਸਾ ਜੁ ਬੱਝਾ ਹੋਇਐ ਹੈ! ਪਰ ਇਹੋ ਜਿਹਾ ਕਰਮ, ਧਰਮ-ਕਰਮ ਦਾ ਹਿੱਸਾ ਨਹੀਂ ਹੈ:

> **ਜੰਨਤ ਕੇ ਲਾਲਚ ਮੇਂ ਜੋ ਖ਼ੁਦਾ ਕਾ ਨਾਮ ਲੇਤੇ ਹੈਂ,**
> **ਸਚੀ ਬੰਦਗੀ ਨਹੀਂ ਮਹਿਜ ਏਕ ਤਜਾਰਤ ਹੈ।**
> **ਅਰ ਜੋ ਡਰ ਕੇ ਦੋਜਖ ਸੇ ਖ਼ੁਦਾ ਕਾ ਨਾਮ ਲੇਤੇ ਹੈਂ,**
> **ਸਚੀ ਬੰਦਗੀ ਨਹੀਂ ਬੁਜ਼ਦਿਲਾਨਾ ਸ਼ਿਕਾਇਤ ਹੈ।** *(ਡਾ. ਮੁਹੰਮਦ ਇਕਬਾਲ)*

ਅਜਿਹੀ ਧਾਰਨਾ ਕਾਰਨ ਆਮ ਮਨੁੱਖ ਆਪਣੇ ਆਪ ਨੂੰ ਪਛਾਣਨ ਦੀ ਲੋੜ ਮਹਿਸੂਸ ਨਹੀਂ ਕਰਦਾ। ਬਸ! ਇਹੋ ਜਿਹੇ ਕਰਮਕਾਂਡਾਂ ਦੁਆਰਾ ਸੁਰਗ 'ਚ ਮਿਲਣ ਵਾਲੇ ਫਲਾਂ ਦੀ ਆਸ ਵਿਚ ਹੀ ਧਰਮ-ਕਰਮ ਕਰਦਾ ਰਹਿੰਦਾ ਹੈ। ਇਹੀ ਕਾਰਨ ਹੈ ਕਿ ਆਮ ਮਨੁੱਖ ਕਰਮ ਕਰਦਾ ਹੋਇਆ ਵੀ ਧਰਮ ਤੋਂ ਕੋਹਾਂ ਦੂਰ ਹੀ ਭਟਕਦਾ ਰਹਿੰਦਾ ਹੈ। ਅਖੌਤੀ ਧਾਰਮਿਕ ਆਗੂਆਂ ਨੇ, ਸੁਰਗਾਂ 'ਚ ਨਿਵਾਸ ਕਰਨ ਦੇ ਚਾਹਵਾਨਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰਦਿਆਂ ਹੋਇਆਂ, ਜਿਸ ਤਰ੍ਹਾਂ ਉਨ੍ਹਾਂ ਦਾ ਸ਼ੋਸ਼ਣ ਕੀਤਾ ਅਤੇ ਕਰ ਰਹੇ ਹਨ, ਇਹ ਗੱਲ ਵਧੇਰੇ ਵਿਆਖਿਆ ਦੀ ਮੁਥਾਜ ਨਹੀਂ ਹੈ। ਸੁਰਗ ਦੇ ਸੰਕਲਪ ਦਾ ਕਿਨ੍ਹਾਂ ਲੋਕਾਂ ਨੂੰ ਲਾਭ ਹੋਇਆ ਜਾਂ ਹੋ ਰਿਹਾ ਹੈ? ਇਸ ਦਾ ਉੱਤਰ ਦੁਨੀਆਂ ਦਾ ਧਾਰਮਿਕ ਇਤਿਹਾਸ ਪੜ੍ਹਿਆਂ ਅਤੇ ਚੌਗਿਰਦੇ ਵੱਲ ਨਿਗਾਹ ਮਾਰਿਆਂ ਭਲੀ ਪ੍ਰਕਾਰ ਮਿਲ ਜਾਂਦਾ ਹੈ।

ਇਹ ਗੱਲ ਵੀ ਵਿਚਾਰਨ ਵਾਲੀ ਹੈ ਕਿ ਜਿਹੜੀ ਸ਼੍ਰੇਣੀ ਇਸ ਦਾ ਸਭ ਤੋਂ ਵੱਧ ਪ੍ਰਚਾਰ ਕਰਦੀ ਹੈ, ਉਨ੍ਹਾਂ 'ਚੋਂ ਬਹੁ-ਗਿਣਤੀ ਆਪ ਅਜਿਹੇ ਕੁਕਰਮ ਕਰਦੀ ਹੈ ਜਿਸ ਨੂੰ ਪੜ੍ਹ, ਸੁਣ ਅਤੇ ਦੇਖ ਕੇ ਮਨੁੱਖ ਦਾ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ। ਕਈ ਵਾਰ ਤਾਂ ਅਜਿਹੇ ਪ੍ਰਾਣੀਆਂ ਦੇ ਕੁਕਰਮਾਂ ਨੂੰ ਦੇਖ ਕੇ ਮਨੁੱਖ ਦਾ ਸਿਰ ਸ਼ਰਮ ਨਾਲ ਕੇਵਲ ਝੁਕਦਾ ਹੀ ਨਹੀਂ ਸਗੋਂ ਇਨਸਾਨ ਦਾ ਇਨਸਾਨੀਅਤ ਤੋਂ ਭਰੋਸਾ ਵੀ ਡਗਮਗਾ ਜਾਂਦਾ ਹੈ। ਇਸ ਸ਼੍ਰੇਣੀ ਦੇ ਅਜਿਹੇ ਕਿਰਦਾਰ ਤੋਂ ਤਾਂ ਇਹ ਗੱਲ ਹੀ ਸਪੱਸ਼ਟ ਹੁੰਦੀ ਹੈ ਕਿ ਅਸਲ ਵਿਚ ਇਸ ਤਰ੍ਹਾਂ ਦਾ ਪ੍ਰਚਾਰ ਕਰਨ ਵਾਲੀ ਸ਼੍ਰੇਣੀ, ਇਸ ਗੱਲ ਤੋਂ ਭਲੀ

ਪ੍ਰਕਾਰ ਜਾਣੂ ਹੈ ਕਿ ਅੱਗੇ ਕੋਈ ਸੁਰਗ ਆਦਿ ਨਹੀਂ ਹੈ, ਇਥੇ ਹੀ ਜੋ ਮੌਜਾਂ ਮਾਣੀਆਂ ਜਾ ਸਕਦੀਆਂ ਹਨ, ਉਹ ਮਾਣੀਆਂ ਜਾਣ। ਤਾਹੀਓਂ ਤਾਂ ਉਹ ਆਪਣੀਆਂ ਮੰਦੀਆਂ ਵਾਸ਼ਨਾਵਾਂ ਆਦਿ ਦੀ ਪੂਰਤੀ ਲਈ ਕੁਝ ਵੀ ਕਰਨ ਲਈ ਤਿਆਰ ਹੋ ਜਾਂਦੇ ਹਨ। ਇਸ ਗੱਲ ਤੋਂ ਹੀ ਅਸੀਂ ਅੰਦਾਜ਼ਾ ਲਗਾ ਸਕਦੇ ਹਾਂ ਕਿ ਜਿਹੜੇ ਲੋਕ ਇਸ ਦੇ ਮੁਦਈ ਹਨ ਜਦ ਉਹ ਸ਼ੁਭ ਕਰਮ ਕਰਨ ਤੋਂ ਕੰਨੀ ਕਤਰਾ ਰਹੇ ਹਨ ਤਾਂ ਆਮ ਮਨੁੱਖ ਤੋਂ ਕੀ ਆਸ ਰੱਖੀ ਜਾ ਸਕਦੀ ਹੈ? ਇਸ ਕਾਰਨ ਹੀ ਭਾਵੇਂ ਸਦੀਆਂ ਤੋਂ ਸੁਰਗ ਦੀ ਇਹ ਧਾਰਨਾ ਪ੍ਰਚਲਿਤ ਹੈ, ਦੁਨੀਆਂ 'ਚੋਂ ਪਾਪ ਘਟਣ ਦੀ ਬਜਾਏ ਵੱਧਦਾ ਹੀ ਜਾ ਰਿਹਾ ਹੈ। ਹਾਂ, ਕਰਮ-ਕਾਂਡਾਂ ਵਿਚ ਵੀ ਜ਼ਰੂਰ ਵਾਧਾ ਹੋਇਆ ਹੈ ਅਤੇ ਲਗਾਤਾਰ ਇਹਨਾਂ ਵਿਚ ਵਾਧਾ ਹੁੰਦਾ ਜਾ ਰਿਹਾ ਹੈ। ਕਰਮ-ਕਾਂਡ ਵਿਚ ਵਾਧੇ ਦਾ ਮੁੱਖ ਕਾਰਨ ਇਹੀ ਹੈ ਕਿ ਅਖੌਤੀ ਧਾਰਮਿਕ ਆਗੂਆਂ ਨੇ ਮਨੁੱਖ ਨੂੰ ਇਹ ਗੱਲ ਸਮਝਾਈ ਹੈ ਅਤੇ ਅੱਜ ਵੀ ਸਮਝਾ ਰਹੇ ਹਨ ਕਿ ਜੇਕਰ ਤੁਸੀਂ ਕੋਈ ਗ਼ਲਤ ਕੰਮ ਕਰ ਬੈਠੇ ਹੋ ਤਾਂ ਘਬਰਾਉਣ ਦੀ ਲੋੜ ਨਹੀਂ, ਅਮਕੇ ਅਮਕੇ ਕਰਮ ਕਰਕੇ ਪਛਤਾਵਾ ਕਰਨ ਨਾਲ ਤੁਸੀਂ ਇਨ੍ਹਾਂ ਪਾਪਾਂ ਤੋਂ ਮੁਕਤ ਹੋ ਜਾਵੋਗੇ। ਪਰ ਪਾਪਾਂ ਤੋਂ ਮੁਕਤ ਹੋਣ ਵਾਲੇ ਕਰਮ ਉਨ੍ਹਾਂ ਦੀ ਵਿਚੋਲਗੀ ਦੁਆਰਾ ਹੀ ਸੰਭਵ ਹਨ। ਭਾਵ, ਇਸ ਦਾ ਉਪਾਉ ਇਸ ਸ਼੍ਰੇਣੀ ਦੇ ਪਾਸ ਹੀ ਹੈ। ਇਸ ਤਰ੍ਹਾਂ ਦੀ ਸਿੱਖਿਆ ਦਾ ਹੀ ਇਹ ਸਿੱਟਾ ਹੈ ਕਿ ਆਪਣੀਆਂ ਨੀਚ ਖ਼ਾਹਿਸ਼ਾਂ ਨੂੰ ਪੂਰਿਆਂ ਕਰਨ ਦੇ ਚਾਹਵਾਨਾਂ ਨੂੰ ਇਹਨਾਂ ਖ਼ਾਹਿਸ਼ਾਂ ਨੂੰ ਪੂਰਿਆਂ ਕਰਨ ਸਮੇਂ ਰੰਚ-ਮਾਤਰ ਵੀ ਕਿਸੇ ਤਰ੍ਹਾਂ ਦਾ ਸੰਗ-ਸੰਗਾਅ ਨਾ ਹੋਇਆ?

ਮਨੁੱਖਤਾ ਨੂੰ ਗੁਮਰਾਹ ਕਰਨ ਵਾਲੀ ਇਸ ਸਿੱਖਿਆ ਨੂੰ ਪੱਲੇ ਬੰਨ੍ਹ ਕੇ ਮਨੁੱਖ ਆਪਣੇ ਆਪ ਨੂੰ ਬਦਲਣ ਦੀ ਥਾਂ ਇਨ੍ਹਾਂ ਕਰਮ-ਕਾਂਡਾਂ ਵਿਚ ਪ੍ਰਵਿਰਤ ਹੋ ਰਿਹਾ ਹੈ। ਇਕ ਸ਼ਾਇਰ ਨੇ ਮਨੁੱਖ ਦੀ ਇਸ ਸੋਚ ਉੱਤੇ ਹੀ ਵਿਅੰਗ ਕਰਦਿਆਂ ਹੋਇਆਂ ਲਿਖਿਆ ਹੈ:

ਸ਼ਬ ਕੋ ਮੈ ਖ਼ੂਬ ਸੇ ਪੀ ਸੁਬਹ ਤੌਬਾ ਕਰ ਲੀ।
ਰਿੰਦ ਕੇ ਰਿੰਦ ਰਹੇ ਹਾਥ ਸੇ ਜੰਨਤ ਨ ਗਈ।

ਗੁਰਦੇਵ, ਮਨੁੱਖੀ ਆਚਰਨ ਨੂੰ ਕਮਜ਼ੋਰ ਬਣਾ ਕੇ ਪਾਖੰਡੀ, ਢੌਂਗੀ, ਫ਼ਰੇਬੀ ਬਣਾਉਣ ਵਾਲੀ ਕੁਰੀਤੀ ਦਾ ਵਰਣਨ ਕਰਦਿਆਂ ਹੋਇਆਂ ਕਹਿੰਦੇ ਹਨ ਕਿ ਮਨੁੱਖ, ਮਨੁੱਖੀ ਕਮਜ਼ੋਰੀਆਂ ਦਾ ਸ਼ਿਕਾਰ ਹੋ ਕੇ ਮੰਦ-ਕਰਮ ਕਰਦਾ ਹੈ। ਮੰਦ-ਕਰਮ ਕਰਕੇ ਇਨ੍ਹਾਂ ਤੋਂ ਛੁਟਕਾਰਾ ਪਾਉਣ ਲਈ ਧਾਰਮਿਕ ਸਥਾਨਾਂ ਦੀ ਯਾਤਰਾ ਆਦਿ ਕਰਕੇ ਆਪਣੇ ਆਪ ਨੂੰ ਇਹ ਤਸੱਲੀ ਦੇ ਲੈਂਦਾ ਹੈ ਕਿ ਹੁਣ ਉਸ ਦੇ ਪਾਪ-ਕਰਮ ਧੋਤੇ ਗਏ ਹਨ। ਗੁਨਾਹਾਂ ਤੋਂ ਤੌਬਾ ਕਰਕੇ ਆਪਣੇ ਆਪ ਨੂੰ ਸੁਧਾਰਨ ਦੀ ਬਜਾਏ ਫਿਰ ਪਹਿਲਾਂ ਨਾਲੋਂ ਵੀ ਜ਼ਿਆਦਾ ਗੁਨਾਹ ਕਰਨ ਲੱਗ ਪੈਂਦਾ ਹੈ, ਚੂੰਕਿ ਹੁਣ ਇਸ ਦੇ ਹੱਥ ਚਾਬੀ ਲੱਗ ਗਈ ਹੈ। ਭਾਵ, ਤੀਰਥ ਇਸ਼ਨਾਨ ਆਦਿ ਕਰਕੇ ਮੰਦੇ-ਕਰਮਾਂ ਤੋਂ ਛੁਟਕਾਰਾ ਪਾਉਣ ਦੀ ਜੁਗਤੀ ਸਮਝ 'ਚ ਆ ਗਈ ਹੈ। ਫਿਰ ਹੁਣ ਚਿੰਤਾ ਕਾਹਦੀ? ਸਤਿਗੁਰੂ ਜੀ ਮਨੁੱਖ ਦੇ ਇਸ ਭਰਮ-ਜਾਲ ਨੂੰ ਲੀਰੋ-ਲੀਰ ਕਰਕੇ ਮਨੁੱਖ ਨੂੰ ਇਸ ਭਰਮ-ਜਾਲ ਤੋਂ ਬਾਹਰ ਕੱਢਦਿਆਂ ਫ਼ੁਰਮਾਂਦੇ ਹਨ:

ਪਾਪ ਕਰਹਿ ਪੰਚਾਂ ਕੇ ਬਸਿ ਰੇ ॥
ਤੀਰਥਿ ਨਾਇ ਕਹਹਿ ਸਭਿ ਉਤਰੇ ॥
ਬਹੁਰਿ ਕਮਾਵਹਿ ਹੋਇ ਨਿਸੰਕ ॥
ਜਮ ਪੁਰਿ ਬਾਂਧਿ ਖਰੇ ਕਾਲੰਕ ॥ *(ਪ੍ਰਭਾਤੀ ਮਹਲਾ ੫, ਪੰਨਾ 1348)*

ਅਰਥ : ਹੇ ਭਾਈ ! (ਜਿਹੜੇ ਮਨੁੱਖ ਕਾਮਾਦਿਕ) ਪੰਜਾਂ (ਵਿਕਾਰਾਂ) ਦੇ ਵੱਸ ਵਿਚ (ਰਹਿ ਕੇ) ਪਾਪ ਕਰਦੇ ਰਹਿੰਦੇ ਹਨ, (ਫਿਰ ਕਿਸੇ) ਤੀਰਥ ਉੱਤੇ ਇਸ਼ਨਾਨ ਕਰ ਕੇ ਆਖਦੇ ਹਨ (ਕਿ ਸਾਡੇ) ਸਾਰੇ (ਪਾਪ) ਲਹਿ ਗਏ ਹਨ, (ਤੇ) ਝਾਕਾ ਲਾਹ ਕੇ ਮੁੜ-ਮੁੜ (ਉਹੀ ਪਾਪ) ਕਰੀ ਜਾਂਦੇ ਹਨ। (ਤੀਰਥ-ਇਸ਼ਨਾਨ ਉਹਨਾਂ ਨੂੰ ਜਮਰਾਜ ਤੋਂ ਬਚਾ ਨਹੀਂ ਸਕਦਾ, ਉਹ ਤਾਂ ਕੀਤੇ) ਪਾਪਾਂ ਦੇ ਕਾਰਨ ਬੰਨ੍ਹ ਕੇ ਜਮਰਾਜ ਦੇ ਦੇਸ ਵਿਚ ਅਪੜਾਏ ਜਾਂਦੇ ਹਨ।

ਇਹੀ ਕਾਰਨ ਹੈ ਕਿ ਹਰੇਕ ਧਰਮ ਦੇ ਜਾਗਰੂਕ ਵਿਅਕਤੀਆਂ ਨੇ, ਹਰੇਕ ਸਮੇਂ ਇਸ ਧਾਰਨਾ ਦੇ ਵਿਰੁੱਧ ਆਵਾਜ਼ ਉਠਾਈ ਹੈ। ਅਜਿਹੇ ਵਿਅਕਤੀਆਂ 'ਚੋਂ ਕੇਵਲ ਇਕ ਦੀ ਲਿਖਤ ਹੀ ਪਾਠਕਾਂ ਨਾਲ ਸਾਂਝਿਆਂ ਕਰ ਰਹੇ ਹਾਂ :

ਬਹਿਸ਼ਤੋ ਹੂਰੋ ਗਿਲਿਮਾਂ ਇਵਜ਼ਿ ਤਾਇਤ ਮੈਂ ਨ ਮਾਨੂੰਗਾ।
ਇਨਹੀਂ ਬਾਤੋਂ ਸੇ ਐ ਜ਼ਾਹਿਦ ! ਜ਼ਈਫ਼ ਈਮਾਨ ਹੋਤਾ ਹੈ। *(ਡਾ. ਮੁਹੰਮਦ ਇਕਬਾਲ)*

(ਭਾਵ, ਮੈਂ ਇਹ ਲਾਰਾ ਕਿ ਇਸਲਾਮੀ ਸ਼ਰ੍ਹਾ ਦੀ ਤਾਬੇਦਾਰੀ ਦੇ ਬਦਲੇ ਅੱਗੇ ਬਹਿਸ਼ਤ ਵਿਚ ਹੂਰਾਂ ਤੇ ਲੌਂਡੇ ਮਿਲਣਗੇ, ਕਦਾਚਿਤ ਨਹੀਂ ਮੰਨਦਾ, ਕਿਉਂਕਿ ਅਜਿਹੀਆਂ ਗੱਲਾਂ ਤੇ ਲਾਰਿਆਂ ਨਾਲ ਈਮਾਨ ਹੀ ਪਤਲਾ/ਕਮਜ਼ੋਰ ਪੈ ਜਾਂਦਾ ਹੈ।)

ਗੁਰੂ ਗ੍ਰੰਥ ਸਾਹਿਬ ਵਿਚ ਹਰੇਕ ਉਸ ਗੱਲ ਨੂੰ, ਜਿਹੜੀ ਮਨੁੱਖੀ ਆਚਰਨ ਲਈ ਗਿਰਾਵਟ ਦਾ ਕਾਰਨ ਬਣ ਸਕਦੀ ਹੈ, ਕਿਸੇ ਵੀ ਰੂਪ ਵਿਚ ਪ੍ਰਵਾਨ ਨਹੀਂ ਕੀਤਾ ਹੈ। ਇਸ ਲਈ ਸਾਨੂੰ ਸੁਰਗ ਦੇ ਪ੍ਰਚਲਿਤ ਸੰਕਲਪ ਤੋਂ ਉਪਰ ਉੱਠ ਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਆਸ਼ੇ ਨੂੰ ਹੀ ਸਮਝ ਕੇ ਇਸ ਨੂੰ ਅਪਣਾਉਣ ਦੀ ਲੋੜ ਹੈ।

ਕਈ ਵਿਦਵਾਨਾਂ ਦਾ ਇਹ ਕਹਿਣਾ ਹੈ ਕਿ ਜੇਕਰ ਕੋਈ ਪ੍ਰਾਣੀ ਸੁਰਗ ਦੀ ਲਾਲਸਾ ਕਰਕੇ ਮੰਦੇ ਕਰਮ ਨਹੀਂ ਕਰਦਾ ਹੈ ਤਾਂ ਇਸ ਕਾਰਨ ਸੁਰਗ ਦੇ ਸੰਕਲਪ ਨੂੰ ਮਾੜਾ ਕਿਵੇਂ ਕਿਹਾ ਜਾ ਸਕਦਾ ਹੈ ? ਇਸ ਤਰ੍ਹਾਂ ਦੀ ਸੋਚ ਰੱਖਣ ਵਾਲੇ ਸੱਜਣਾਂ ਨੂੰ ਸਨਿਮਰ ਬੇਨਤੀ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਦਰਸਾਈ ਜੀਵਨ-ਜਾਚ ਨੂੰ ਅਪਣਾਉਣ ਲਈ ਇਹ ਜ਼ਰੂਰੀ ਹੈ ਕਿ ਅਸੀਂ ਕਿਸੇ ਵੀ ਅਜਿਹੇ ਵਿਸ਼ਵਾਸ ਤੋਂ ਉਪਰ ਉੱਠੀਏ, ਜਿਸ ਦੀ ਨੀਂਹ ਝੂਠ 'ਤੇ ਟਿਕੀ ਹੋਈ ਹੈ। ਗੁਰੂ ਗ੍ਰੰਥ ਸਾਹਿਬ ਮਨੁੱਖ ਨੂੰ ਇਸ ਲਈ ਚੰਗਾ ਬਣਨ ਲਈ ਨਹੀਂ ਆਖ ਰਹੇ ਕਿ ਇਸ ਤਰ੍ਹਾਂ ਕਰਨ ਨਾਲ ਇਸ ਨੂੰ ਸੁਰਗ ਦੀ ਪ੍ਰਾਪਤੀ ਹੋਵੇਗੀ, ਬਲਕਿ ਇਸ ਲਈ ਕਹਿ ਰਹੇ ਹਨ ਕਿ ਚੰਗਾ ਬਣਿਆਂ ਹੀ ਅਸੀਂ ਮਨੁੱਖ ਕਹਾਉਣ ਦੇ ਅਧਿਕਾਰੀ ਹਾਂ। ਅਰਥਾਤ ਚੰਗਾ ਜੀਵਨ ਜਿਊਣਾ ਹੀ ਮਨੁੱਖੀ ਜੀਵਨ ਦਾ ਉਦੇਸ਼ ਹੈ। ਇਸ ਮਨੋਰਥ ਕਾਰਨ ਹੀ ਤਾਂ ਅਸੀਂ ਪਸ਼ੂ ਆਦਿ ਜੂਨੀਆਂ ਤੋਂ ਭਿੰਨ ਅਥਵਾ ਸ੍ਰੇਸ਼ਟ ਹਾਂ। ਗੁਰੂ ਸਾਹਿਬ ਮਨੁੱਖ ਨੂੰ ਇਸ ਲਈ ਕਿਸੇ ਤਰ੍ਹਾਂ ਦੇ ਲਾਲਚ ਦੇਣ 'ਚ ਵਿਸ਼ਵਾਸ ਨਹੀਂ ਰੱਖਦੇ। ਚੂੰਕਿ ਜਦ ਇਨਸਾਨ ਕਿਸੇ ਲਾਲਚ ਜਾਂ ਇਨਾਮ

ਦੀ ਪ੍ਰਾਪਤੀ ਲਈ ਕੋਈ ਕਰਮ ਕਰਦਾ ਹੈ ਤਾਂ ਉਹ ਇਸ ਦੇ ਜੀਵਨ ਦਾ ਅੰਗ ਨਹੀਂ ਬਣ ਸਕਦਾ। ਮਨੁੱਖ ਦੀ ਨਜ਼ਰ ਆਪਣੇ 'ਤੇ ਹੀ ਕੇਂਦਰਿਤ ਰਹਿੰਦੀ ਹੈ। ਜੇਕਰ ਇਸ ਨੂੰ ਇਹ ਲਾਭ ਕਿਸੇ ਉਸ ਕਰਮ ਤੋਂ ਉਲਟ ਕਰਨ ਵਿਚ ਮਿਲ ਰਿਹਾ ਹੋਵੇ ਤਾਂ ਮਨੁੱਖ ਝੱਟ ਹੀ ਉਹ ਕਰਮ ਕਰਨ ਲਈ ਤਿਆਰ ਹੋ ਜਾਂਦਾ ਹੈ। ਇਹੋ ਜਿਹੇ ਜੀਵਨ ਦੀ ਨੀਂਹ ਬੜੀ ਕਮਜ਼ੋਰ ਹੋਇਆ ਕਰਦੀ ਹੈ; ਮਾੜੇ ਜਿਹੇ ਹਵਾ ਦੇ ਬੁੱਲ੍ਹੇ ਨਾਲ ਹੀ ਇਹੋ ਜਿਹਾ ਜੀਵਨ ਤਹਿਸ-ਨਹਿਸ ਹੋ ਜਾਂਦਾ ਹੈ। ਇਤਿਹਾਸ ਵੱਲ ਨਜ਼ਰ ਮਾਰਿਆਂ ਸਾਨੂੰ ਐਸੀਆਂ ਇਕ ਨਹੀਂ ਬੇਅੰਤ ਉਦਾਹਰਣਾਂ ਮਿਲ ਜਾਂਦੀਆਂ ਹਨ। ਇਸ ਵਿਸ਼ਵਾਸ ਅਨੁਸਾਰ ਜੇ ਕਿਸੇ ਇਨਸਾਨ ਨੇ ਦੂਜੇ ਪ੍ਰਾਣੀ ਦੀ ਮਦਦ ਕੀਤੀ ਤਾਂ ਇਸ ਕਰਕੇ ਕਿ ਇਸ ਦਾ ਇਸ ਨੂੰ ਪਰਲੋਕ ਵਿਚ ਫਲ ਮਿਲੇਗਾ। ਜੇਕਰ ਕਿਸੇ ਨੂੰ ਜਾਨੋਂ ਮਾਰ ਦਿੱਤਾ ਤਾਂ ਉਹ ਵੀ ਇਸ ਕਰਕੇ ਕਿ ਇਸ ਨਾਲ ਇਸ ਨੂੰ ਸੁਰਗ ਵਿਚ ਇਨਾਮ ਮਿਲੇਗਾ। ਦੋਹਾਂ ਹਾਲਤਾਂ ਵਿਚ ਮਨੁੱਖ ਦੀ ਨਜ਼ਰ ਆਪਣੇ 'ਤੇ ਹੀ ਕੇਂਦਰਿਤ ਹੈ; ਦੂਜੇ ਨਾਲ ਇਸ ਦਾ ਕੋਈ ਲੈਣ-ਦੇਣ ਨਹੀਂ ਹੈ। ਇਸ ਵਿਚ ਮਨੁੱਖਤਾ ਨਾਲ ਸਾਂਝ-ਪਿਆਰ ਵਾਲੀ ਕੋਈ ਸੋਚ ਨਹੀਂ ਹੈ। ਅਜਿਹੀ ਧਾਰਨਾ ਕਾਰਨ ਹੀ ਮਨੁੱਖ ਧਰਮੀ (ਰਸਮੀ ਧਰਮ ਕਰਮ ਕਰਨ ਵਿਚ ਵਿਸ਼ਵਾਸ ਰੱਖਣ ਵਾਲਾ) ਹੁੰਦਾ ਹੋਇਆ ਵੀ ਇਕ ਚੰਗਾ ਇਨਸਾਨ ਨਾ ਬਣ ਸਕਿਆ। ਇਸ ਵਿਸ਼ਵਾਸ ਨਾਲ ਮਨੁੱਖ ਆਪਣੇ ਆਚਰਨ ਨੂੰ ਉਚਿਆਉਣ ਦੀ ਬਜਾਇ ਕਰਮ-ਕਾਂਡੀ ਬਣ ਕੇ ਹੀ ਰਹਿ ਗਿਆ ਹੈ। ਜਦ ਅਸੀਂ ਆਪਣੇ ਹੀ ਇਤਿਹਾਸ ਵੱਲ ਨਜ਼ਰ ਮਾਰਦੇ ਹਾਂ ਤਾਂ ਦੇਖਦੇ ਹਾਂ ਕਿ ਜਿਨ੍ਹਾਂ ਗੁਰਸਿੱਖਾਂ ਨੇ ਬੰਦ ਬੰਦ ਕਟਵਾਏ, ਚਰਖੜੀਆਂ 'ਤੇ ਚੜ੍ਹੇ, ਆਰਿਆਂ ਨਾਲ ਚੀਰੇ ਗਏ, ਦੇਗਾਂ ਵਿਚ ਉਬਾਲੇ ਗਏ, ਇਸ ਤਰ੍ਹਾਂ ਦੇ ਅਨੇਕਾਂ ਅਸਹਿ ਤੇ ਅਕਹਿ ਤਸੀਏ ਸਹਿਣ ਵਾਲੇ ਇਨ੍ਹਾਂ ਗੁਰੂ ਦੇ ਸੱਚੇ ਆਸ਼ਕਾਂ ਨੇ ਕਿਸੇ ਸੁਰਗ ਦੇ ਲਾਲਚ ਵਿਚ ਇਨ੍ਹਾਂ ਤਸੀਹਿਆਂ ਨੂੰ ਨਹੀਂ ਸਹਿਆ। ਇਨ੍ਹਾਂ ਨੇ ਤਾਂ ਗੁਰੂ ਗ੍ਰੰਥ ਸਾਹਿਬ ਦੇ ਇਨ੍ਹਾਂ ਗੁਰਵਾਕਾਂ ਨੂੰ ਪੱਲੇ ਬੰਨ੍ਹਿਆ ਹੋਇਆ ਸੀ ਕਿ:

ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ॥

(ਦੇਵਗੰਧਾਰੀ ਮ: ੫, ਪੰਨਾ 534)

ਅਰਥ : ਹੇ ਪਿਆਰੇ ਪ੍ਰਭੂ! ਮੈਂ ਰਾਜ ਨਹੀਂ ਮੰਗਦਾ, ਮੈਂ ਮੁਕਤੀ ਨਹੀਂ ਮੰਗਦਾ, (ਮੇਹਰ ਕਰ, ਸਿਰਫ਼ ਤੇਰੇ) ਸੋਹਣੇ ਕੋਮਲ ਚਰਨਾਂ ਦਾ ਪਿਆਰ ਮੇਰੇ ਮਨ ਵਿਚ ਟਿਕਿਆ ਰਹੇ।

ਕਈ ਸੱਜਣ ਇਹ ਸਵਾਲ ਕਰਦੇ ਹਨ ਕਿ ਜੇਕਰ ਗੁਰਮਤਿ ਦੀ ਜੀਵਨ-ਜੁਗਤ ਵਿਚ ਨਰਕ-ਸੁਰਗ ਦੀ ਧਾਰਨਾ ਨੂੰ ਸਵੀਕਾਰ ਨਹੀਂ ਕੀਤਾ ਗਿਆ ਤਾਂ ਗੁਰਬਾਣੀ ਵਿਚ ਇਹ ਸ਼ਬਦ ਕਿਉਂ ਵਰਤੇ ਗਏ ਹਨ? ਇਸ ਸੰਬੰਧ ਵਿਚ ਅਸੀਂ ਇਤਨੀ ਕੁ ਹੀ ਬੇਨਤੀ ਕਰਨਾ ਚਾਹੁੰਦੇ ਹਾਂ ਕਿ ਇਹਨਾਂ ਸ਼ਬਦਾਂ ਦੀ ਵਰਤੋਂ ਇਸ ਗੱਲ ਦਾ ਲਖਾਇਕ ਨਹੀਂ ਹੈ ਕਿ ਬਾਣੀ ਰਚੇਤਿਆਂ ਨੇ ਇਸ ਧਾਰਨਾ ਨੂੰ ਸਵੀਕਾਰ ਕੀਤਾ ਹੈ? ਜੇਕਰ ਅਸੀਂ ਧਿਆਨ ਨਾਲ, ਵਿਚਾਰ ਸਹਿਤ ਗੁਰਬਾਣੀ ਨੂੰ ਪੜ੍ਹਾਂ-ਸੁਣਾਂਗੇ ਤਾਂ ਇਹ ਗੱਲ ਸਪੱਸ਼ਟ ਰੂਪ ਵਿਚ ਉੱਭਰ ਕੇ ਸਾਡੇ ਸਾਹਮਣੇ ਆਵੇਗੀ ਕਿ ਗੁਰੂ ਗ੍ਰੰਥ ਸਾਹਿਬ

ਵਿਚ ਨਰਕ-ਸੁਰਗ ਸ਼ਬਦਾਂ ਦੀ ਵਰਤੋਂ ਪ੍ਰਤੀਕ ਅਤੇ ਮੁਹਾਵਰਿਆਂ ਦੇ ਰੂਪ ਵਿਚ ਹੋਈ ਹੈ। ਇਸ ਤੋਂ ਇਲਾਵਾ ਜਿਨ੍ਹਾਂ ਲੋਕਾਂ ਵਿਚ ਵਿਚਰਦਿਆਂ ਹੋਇਆਂ ਗੁਰਬਾਣੀ ਦੀ ਜੀਵਨ-ਜੁਗਤ ਦ੍ਰਿੜ੍ਹ ਕਰਵਾਈ ਹੈ, ਉਹਨਾਂ ਦਾ ਇਹਨਾਂ ਗੱਲਾਂ ਵਿਚ ਅਟੁੱਟ ਵਿਸ਼ਵਾਸ ਸੀ। ਇਸ ਲਈ ਬਾਣੀ ਰਚੇਤਿਆਂ ਨੇ ਪ੍ਰਚਲਿਤ ਸ਼ਬਦਾਵਲੀ ਦੀ ਵਰਤੋਂ ਕਰਦਿਆਂ ਹੋਇਆਂ ਜਨ-ਸਾਧਾਰਨ ਨੂੰ ਗੁਰਮਤਿ ਦਾ ਸਿਧਾਂਤਕ ਸੱਚ ਦ੍ਰਿੜ੍ਹ ਕਰਵਾਉਣ ਲਈ ਇਹਨਾਂ ਦਾ ਦ੍ਰਿਸ਼ਟਾਂਤ ਜਾਂ ਹਵਾਲਾ ਦਿੱਤਾ ਹੈ?

ਬਾਣੀਕਾਰਾਂ ਨੇ ਨਰਕ ਜਾਂ ਸੁਰਗ ਦੀ ਭੂਗੋਲਿਕ ਹੋਂਦ ਨੂੰ ਨਹੀਂ ਮੰਨਿਆ। ਨਰਕ ਸੁਰਗ ਨੂੰ ਇਨ੍ਹਾਂ (ਬਾਣੀਕਾਰਾਂ) ਨੇ ਮਨੁੱਖੀ ਮਨ ਦੀ ਅਵਸਥਾ ਦੇ ਰੂਪ ਵਿਚ ਸਵੀਕਾਰ ਕਰਦਿਆਂ ਹੋਇਆਂ, ਇਨ੍ਹਾਂ ਦਾ ਸੰਬੰਧ ਮਰਨ ਮਗਰੋਂ ਨਹੀਂ ਸਗੋਂ ਇਸ ਜਨਮ ਵਿਚ ਹੀ ਦਰਸਾਇਆ ਹੈ। ਇਸ ਕਾਰਨ ਗੁਰੂ ਗ੍ਰੰਥ ਸਾਹਿਬ ਵਿਚ ਮਨੁੱਖ ਨੂੰ ਸ਼ੁਭ ਕਰਮ ਕਰਨ ਲਈ ਪ੍ਰੇਰਿਆ ਹੀ ਨਹੀਂ ਸਗੋਂ ਇਹ ਦਰਸਾਇਆ ਹੈ ਕਿ ਸਾਡੇ ਜੀਵਨ ਦਾ ਮਨੋਰਥ ਹੀ ਇਹੀ ਹੈ:

ਭਈ ਪਰਾਪਤਿ ਮਾਨੁਖ ਦੇਹੁਰੀਆ ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥
ਅਵਰਿ ਕਾਜ ਤੇਰੈ ਕਿਤੈ ਨ ਕਾਮ ॥
ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥੧॥
ਸਰੰਜਾਮਿ ਲਾਗੁ ਭਵਜਲ ਤਰਨ ਕੈ ॥
ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥੧॥ਰਹਾਉ॥ *(ਆਸਾ ਮਹਲਾ ੫, ਪੰਨਾ 12)*

ਅਰਥ: ਹੇ ਭਾਈ! ਤੈਨੂੰ ਸੋਹਣਾ ਮਨੁੱਖਾ ਜੀਵਨ ਮਿਲਿਆ ਹੈ? ਪਰਮਾਤਮਾ ਨੂੰ ਮਿਲਣ ਦਾ ਤੇਰੇ ਲਈ ਇਹੀ ਮੌਕਾ ਹੈ। (ਜੇ ਪ੍ਰਭੂ ਨੂੰ ਮਿਲਣ ਲਈ ਕੋਈ ਉੱਦਮ ਨਾਹ ਕੀਤਾ, ਤਾਂ) ਹੋਰ ਸਾਰੇ ਕੰਮ ਤੇਰੇ ਆਪਣੇ ਕਿਸੇ ਭੀ ਅਰਥ ਨਹੀਂ (ਤੇਰੀ ਜਿੰਦ ਨੂੰ ਕੋਈ ਲਾਭ ਨਹੀਂ ਅਪੜਾਣਗੇ)। (ਇਸ ਵਾਸਤੇ) ਸਾਧ ਸੰਗਤਿ ਵਿਚ (ਭੀ) ਮਿਲ ਬੈਠਿਆ ਕਰ, (ਸਾਧ ਸੰਗਤਿ ਵਿਚ ਬੈਠ ਕੇ ਭੀ) ਸਿਰਫ਼ ਪਰਮਾਤਮਾ ਦਾ ਨਾਮ ਸਿਮਰਿਆ ਕਰ, (ਸਾਧ ਸੰਗਤਿ ਵਿਚ ਬੈਠਣ ਦਾ ਭੀ ਤਦੋਂ ਹੀ ਲਾਭ ਹੈ, ਜੇ ਉਥੇ ਤੂੰ ਪਰਮਾਤਮਾ ਦੀ ਸਿਫ਼ਤਿ-ਸਾਲਹ ਵਿਚ ਜੁੜੇਂ)। (ਹੇ ਭਾਈ!) ਸੰਸਾਰ-ਸਮੁੰਦਰ ਤੋਂ ਪਾਰ ਲੰਘਣ ਦੇ (ਭੀ) ਆਹਰੇ ਲੱਗ। (ਨਿਰੇ) ਮਾਇਆ ਦੇ ਪਿਆਰ ਵਿਚ ਮਨੁੱਖਾ ਜਨਮ ਵਿਅਰਥ ਜਾ ਰਿਹਾ ਹੈ।੧।ਰਹਾਉ।

ਬਾਣੀ ਵਿਚ ਮਨੁੱਖ ਨੂੰ ਮਨੁੱਖਾ ਜਨਮ ਦਾ ਮਨੋਰਥ ਦਰਸਾਉਣ ਦੇ ਨਾਲ ਇਹ ਵੀ ਸਪੱਸ਼ਟ ਕੀਤਾ ਹੈ ਕਿ ਇਸ ਜੀਵਨ ਆਸ਼ੇ ਨੂੰ ਵਿਸਾਰਿਆਂ ਜਨਮ ਬਿਰਥਾ ਚਲਾ ਜਾਵੇਗਾ:

ਆਇਓ ਸੁਨਨ ਪੜਨ ਕਉ ਬਾਣੀ ॥
ਨਾਮੁ ਵਿਸਾਰਿ ਲਗਹਿ ਅਨ ਲਾਲਚਿ ਬਿਰਥਾ ਜਨਮੁ ਪਰਾਣੀ ॥

(ਸਾਰਗ ਮਹਲਾ ੫, ਪੰਨਾ 1219)

ਅਰਥ: ਹੇ ਭਾਈ! (ਜਗਤ ਵਿਚ ਜੀਵ) ਪਰਮਾਤਮਾ ਦੀ ਸਿਫ਼ਤਿ-ਸਾਲਾਹ

ਸੁਣਨ-ਪੜ੍ਹਨ ਵਾਸਤੇ ਆਇਆ ਹੈ (ਇਹੀ ਹੈ ਇਸ ਦਾ ਅਸਲ ਜਨਮ-ਮਨੋਰਥ)। ਪਰ ਜਿਹੜੇ ਪ੍ਰਾਣੀ (ਪਰਮਾਤਮਾ ਦਾ) ਨਾਮ ਭੁਲਾ ਕੇ ਹੋਰ ਲਾਲਚ ਵਿਚ ਲੱਗੇ ਰਹਿੰਦੇ ਹਨ, ਉਹਨਾਂ ਦਾ ਮਨੁੱਖਾ ਜਨਮ ਵਿਅਰਥ ਚਲਾ ਜਾਂਦਾ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਤਾਂ ਮਨੁੱਖ ਨੂੰ ਗੁਰਮਤਿ ਦਾ ਧਾਰਨੀ ਬਣ ਕੇ ਜੀਵਨ ਬਤੀਤ ਕਰਨ ਦੀ ਪ੍ਰੇਰਨਾ ਹੈ। ਇਸ ਵਿਚ ਸੁਰਗ ਦੀ ਲਾਲਸਾ ਅਤੇ ਨਰਕ ਦੇ ਡਰ ਵਾਲਾ ਭਾਵ ਨਹੀਂ ਹੈ:

ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੇ ਪਰਸਾਦਿ॥
ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ॥

(ਸਲੋਕ ਕਬੀਰ ਜੀ, ਪੰਨਾ 1370)

ਅਰਥ : ਹੇ ਕਬੀਰ! ਮੈਂ ਤਾਂ ਸਦਾ ਹੀ ਪਰਮਾਤਮਾ ਦੇ ਸੋਹਣੇ ਚਰਨਾਂ (ਦੀ ਯਾਦ) ਦੇ ਹੁਲਾਰੇ ਵਿਚ ਰਹਿੰਦਾ ਹਾਂ; (ਤੇ ਇਸ ਤਰ੍ਹਾਂ) ਆਪਣੇ ਸਤਿਗੁਰੂ ਦੀ ਕਿਰਪਾ ਨਾਲ ਮੈਂ ਸੁਰਗ (ਦੀ ਲਾਲਸਾ) ਅਤੇ ਨਰਕ (ਦੇ ਡਰ) ਤੋਂ ਬਚ ਗਿਆ ਹਾਂ।

ਗੁਰੂ ਗ੍ਰੰਥ ਸਾਹਿਬ ਵਿਚ ਉਨ੍ਹਾਂ ਪ੍ਰਾਣੀਆਂ ਨੂੰ ਇਸ ਲਈ ਧੰਨਤਾ ਯੋਗ ਕਿਹਾ ਹੈ, ਜਿਹੜੇ ਇਹੋ ਜਿਹੇ ਸੁਰਗਾਂ ਦੀ ਚਾਹਤ ਤੋਂ ਉਪਰ ਉੱਠ ਕੇ ਕੇਵਲ ਗੁਰੂ ਦੇ ਚਰਨਾਂ ਦੀ ਧੂੜ ਮੰਗਦੇ ਹਨ, ਅਰਥਾਤ ਆਪਣਾ ਆਪ ਤਿਆਗ ਕੇ ਗੁਰੂ ਉਪਦੇਸ਼/ਸਿੱਖਿਆ ਨੂੰ ਹਿਰਦੇ ਵਿਚ ਵਸਾਉਂਦੇ ਹਨ:

ਧਧਾ ਧੂਰਿ ਪੁਨੀਤ ਤੇਰੇ ਜਨੂਆ॥
ਧਨਿ ਤੇਊ ਜਿਹ ਰੁਚ ਇਆ ਮਨੂਆ॥
ਧਨੁ ਨਹੀ ਬਾਛਹਿ ਸੁਰਗ ਨ ਆਛਹਿ॥
ਅਤਿ ਪ੍ਰਿਅ ਪ੍ਰੀਤਿ ਸਾਧ ਰਜ ਰਾਚਹਿ॥ *(ਗਉੜੀ ਮਹਲਾ ੫, ਪੰਨਾ 251)*

ਅਰਥ : ਹੇ ਪ੍ਰਭੂ! ਤੇਰੇ ਸੇਵਕਾਂ ਦੇ ਚਰਨਾਂ ਦੀ ਧੂੜ ਪਵਿੱਤਰ (ਕਰਨ ਵਾਲੀ ਹੁੰਦੀ) ਹੈ। ਉਹ ਬੰਦੇ ਭਾਗਾਂ ਵਾਲੇ ਹਨ, ਜਿਨ੍ਹਾਂ ਦੇ ਮਨ ਵਿਚ ਇਸ ਧੂੜ ਦੀ ਤਾਂਘ ਹੈ। (ਅਜਿਹੇ ਮਨੁੱਖ ਇਸ ਚਰਨ-ਧੂੜ ਦੇ ਟਾਕਰੇ 'ਤੇ ਦੁਨੀਆਂ ਵਾਲਾ) ਧਨ ਨਹੀਂ ਲੋੜਦੇ, ਸੁਰਗ ਦੀ ਭੀ ਤਾਂਘ ਨਹੀਂ ਰੱਖਦੇ, ਉਹ ਤਾਂ ਆਪਣੇ ਅਤਿ ਪਿਆਰੇ ਪ੍ਰਭੂ ਦੀ ਪ੍ਰੀਤ ਵਿਚ ਅਤੇ ਗੁਰਮੁਖਾਂ ਦੀ ਚਰਨ-ਧੂੜ ਵਿਚ ਹੀ ਮਸਤ ਰਹਿੰਦੇ ਹਨ।

ਭਾਈ ਗੁਰਦਾਸ ਜੀ ਗੁਰਬਾਣੀ ਦੀ ਰੌਸ਼ਨੀ ਵਿਚ ਹੀ ਗੁਰਸਿੱਖਾਂ ਦੀ ਰਹਿਣੀ ਦਾ ਵਰਣਨ ਕਰਦਿਆਂ ਲਿਖਦੇ ਹਨ:

ਬਾਛੈ ਨ ਸੁਰਗ ਬਾਸ ਮਾਨੈ ਨ ਨਰਕ ਤ੍ਰਾਸ,
ਆਸਾ ਨ ਕਰਤ ਚਿਤ ਹੋਨਹਾਰ ਹੁਇ ਹੈ॥ *(ਕਬਿੱਤ ਸਵੱਯੇ)*

ਅਰਥ : (ਸਤਿਗੁਰੂ ਦਾ ਆਗਿਆਕਾਰੀ ਸਿੱਖ) ਸੁਰਗ ਦਾ ਵਾਸ ਨਹੀਂ ਮੰਗਦਾ ਅਤੇ ਨਰਕਾਂ ਦੇ ਡਰ ਨੂੰ ਨਹੀਂ ਮੰਨਦਾ ਹੈ, ਨਾ ਹੀ ਉਹ ਚਿਤ ਵਿਚ ਕੋਈ (ਦੁਨਿਆਵੀ) ਆਸ਼ਾ ਤ੍ਰਿਸ਼ਨਾ ਕਰਦਾ ਹੈ, (ਸਗੋਂ ਇਹ ਹੀ ਮੰਨਦਾ ਹੈ ਕਿ ਪ੍ਰਭੂ ਵਲੋਂ) ਜੋ ਹੋਣਾ ਹੈ, ਸੋਈ ਠੀਕ ਹੈ।

ਸੁਰਗ, ਬੈਕੁੰਠ, ਬਹਿਸ਼ਤ, ਅਤੇ ਭਿਸ਼ਤ ਸ਼ਬਦ ਦਾ ਜੋ ਭਾਵਾਰਥ ਲਿਆ ਅਥਵਾ ਸਮਝਿਆ ਜਾਂਦਾ ਹੈ, ਇਸ ਦੀ ਅਤੇ ਗੁਰਮਤਿ ਵਿਚ ਸੁਰਗ ਦੇ ਸੰਕਲਪ ਦੀ ਸੰਖੇਪ ਚਰਚਾ ਕਰਨ ਮਗਰੋਂ ਗੁਰੂ ਗ੍ਰੰਥ ਸਾਹਿਬ ਵਿਚ ਜਿਨ੍ਹਾਂ ਗੁਰਬਾਣੀ ਸ਼ਬਦਾਂ ਵਿਚ ਇਨ੍ਹਾਂ ਸ਼ਬਦਾਂ (ਸੁਰਗ, ਬੈਕੁੰਠ, ਬਹਿਸ਼ਤ ਅਤੇ ਭਿਸ਼ਤ) ਦਾ ਜ਼ਿਕਰ ਆਇਆ ਹੈ, ਉਨ੍ਹਾਂ ਦਾ ਵਰਣਨ ਕਰ ਰਹੇ ਹਾਂ। ਪਹਿਲਾਂ 'ਸੁਰਗ' ਸ਼ਬਦ ਬਾਰੇ ਜ਼ਿਕਰ ਕੀਤਾ ਜਾ ਰਿਹਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਜਿਨ੍ਹਾਂ ਸ਼ਬਦਾਂ ਵਿਚ 'ਸੁਰਗ' ਸ਼ਬਦ ਆਇਆ ਹੈ, ਉਨ੍ਹਾਂ ਵਿੱਚੋਂ ਕੁਝ ਕੁ ਦਾ ਵਰਣਨ ਕਰ ਰਹੇ ਹਾਂ।

[*ਨੋਟ :* ਸਾਰਾ ਸ਼ਬਦ ਲਿਖਣ ਦੀ ਬਜਾਏ ਕੇਵਲ ਸੰਬੰਧਿਤ ਪੰਗਤੀਆਂ ਦਾ ਹੀ ਜ਼ਿਕਰ ਕੀਤਾ ਜਾ ਰਿਹਾ ਹੈ। ਹਾਂ, ਕਿਤੇ ਕਿਤੇ ਭਾਵ ਦੀ ਸਪੱਸ਼ਟਤਾ ਲਈ ਪੂਰਾ ਸ਼ਬਦ/ਸ਼ਲੋਕ ਲਿਖਿਆ ਹੈ।]

ਸੁਰਗ

ਗੁਰੂ ਗ੍ਰੰਥ ਸਾਹਿਬ ਵਿਚ 'ਸੁਰਗ' ਦੀ ਧਾਰਨਾ ਬਾਰੇ ਗੁਰੂ ਸਾਹਿਬਾਨ (ਗੁਰੂ ਨਾਨਕ ਸਾਹਿਬ ਅਤੇ ਗੁਰੂ ਅੰਗਦ ਸਾਹਿਬ) ਦੇ ਸਾਰੰਗ ਕੀ ਵਾਰ ਵਿਚ ਦਰਜ ਸਲੋਕਾਂ ਨਾਲ ਸ਼ੁਰੂ ਕਰ ਰਹੇ ਹਾਂ ਤਾਂ ਕਿ ਇਨ੍ਹਾਂ ਦੀ ਰੌਸ਼ਨੀ ਵਿਚ ਹੀ ਜਿਨ੍ਹਾਂ ਸ਼ਬਦਾਂ ਵਿਚ 'ਸੁਰਗ' ਸ਼ਬਦ ਆਇਆ ਹੈ, ਉਸ ਦਾ ਭਾਵ-ਅਰਥ ਸਮਝ ਸਕੀਏ। ਇਹਨਾਂ ਸਲੋਕਾਂ ਵਿਚ ਵੇਦ-ਬਾਨੀ ਅਥਵਾ ਵੇਦਾਂ ਦੀ ਤਾਲੀਮ ਦੀ ਰੌਸ਼ਨੀ ਵਿਚ ਪ੍ਰਚਾਰੀ ਜਾਂ ਪ੍ਰਚਲਿਤ ਵਿਚਾਰਧਾਰਾ ਨਾਲੋਂ ਸਪੱਸ਼ਟ ਤੌਰ 'ਤੇ ਗੁਰਮਤਿ ਦੀ ਵਿਚਾਰਧਾਰਾ ਦਾ ਨਿਖੇੜਾ ਕੀਤਾ ਗਿਆ ਹੈ :

(ੳ) **ਕਥਾ ਕਹਾਣੀ ਬੇਦੀਂ ਆਣੀ ਪਾਪੁ ਪੁੰਨੁ ਬੀਚਾਰੁ ॥**
ਦੇ ਦੇ ਲੈਣਾ ਲੈ ਲੈ ਦੇਣਾ ਨਰਕਿ ਸੁਰਗਿ ਅਵਤਾਰ ॥
ਉਤਮ ਮਧਿਮ ਜਾਤੀਂ ਜਿਨਸੀ ਭਰਮਿ ਭਵੈ ਸੰਸਾਰੁ ॥
ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ ॥
ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੀ ਕਰਮਿ ਧਿਆਈ ॥
ਹੁਕਮੁ ਸਾਜਿ ਹੁਕਮੈ ਵਿਚਿ ਰਖੈ ਹੁਕਮੈ ਅੰਦਰਿ ਵੇਖੈ ॥
ਨਾਨਕ ਅਗਹੁ ਹਉਮੈ ਤੁਟੈ ਤਾਂ ਕੋ ਲਿਖੀਐ ਲੇਖੈ ॥੧॥

(ਵਾਰ ਸਾਰੰਗ, ਮਹਲਾ ੨, ਪੰਨਾ 1243)

ਅਰਥ : (ਜੋ) ਤਾਲੀਮ ਵੇਦਾਂ ਨੇ ਲਿਆਂਦੀ (ਭਾਵ, ਦਿੱਤੀ), (ਉਸ ਵਿਚ ਇਹ) ਵਿਚਾਰ ਹੈ ਕਿ ਪਾਪ ਕੀਹ ਹੈ ਤੇ ਪੁੰਨ ਕੀਹ ਹੈ, (ਵੇਦਾਂ ਨੇ ਇਹ ਦੱਸਿਆ ਹੈ ਕਿ ਹੱਥੋਂ) ਦੇ ਕੇ ਹੀ (ਮੁੜ) ਲਈਦਾ ਹੈ ਤੇ ਜੋ ਕੁਝ ਕਿਸੇ ਤੋਂ ਲੈਂਦੇ ਹਾਂ ਉਹ (ਅਗਲੇ ਜਨਮ ਵਿਚ) ਮੋੜੀਦਾ ਹੈ, (ਆਪਣੇ ਕੀਤੇ ਕਰਮਾਂ ਅਨੁਸਾਰ) ਨਰਕ ਵਿਚ ਜਾਂ ਸੁਰਗ ਵਿਚ ਅੱਪੜੀਦਾ ਹੈ, (ਇਸ ਤਾਲੀਮ ਅਨੁਸਾਰ) ਦੁਨੀਆਂ ਉੱਚੀਆਂ ਨੀਵੀਆਂ ਜਾਤਾਂ ਤੇ ਕਿਸਮਾਂ ਦੇ ਵਹਿਮਾਂ ਵਿਚ ਖ਼ੁਆਰ ਹੁੰਦੀ ਹੈ।

(ਪਰ ਜੋ) ਬਾਨੀ ਗੁਰੂ ਨੇ ਉਚਾਰੀ ਹੈ, (ਜਿਸ ਦੇ ਡੂੰਘੇ ਭੇਤ ਨੂੰ) ਗੁਰੂ ਨੇ ਸਮਝਿਆ ਹੈ ਤੇ (ਜਿਸ ਨੂੰ) ਸੁਰਤਿਆਂ ਨੇ ਜਪਿਆ ਹੈ ਉਹ ਬਾਨੀ ਨਾਮ-ਅੰਮ੍ਰਿਤ ਨਾਲ ਭਰੀ

ਹੋਈ ਹੈ, ਤੇ ਪ੍ਰਭੂ ਦੇ ਗੁਣ ਬਿਆਨ ਕਰਦੀ ਹੈ, ਇਹ ਬਾਣੀ ਪ੍ਰਭੂ ਦੇ ਗੁਣਾਂ ਦੀ ਵਿਚਾਰ ਕੀਤਿਆਂ ਤੇ ਪ੍ਰਭੂ ਵਿਚ ਸੁਰਤਿ ਜੋੜਿਆਂ ਪ੍ਰਗਟ ਹੋਈ ਹੈ। (ਇਹ ਬਾਣੀ ਦੱਸਦੀ ਹੈ ਕਿ) ਪਰਮਾਤਮਾ ਨੇ ਆਪਣੀ ਹੁਕਮ (-ਰੂਪ ਸੱਤਿਆ) ਸਾਜ ਕੇ (ਸਭ ਜੀਵਾਂ ਨੂੰ) ਆਪਣੇ ਹੁਕਮ ਵਿਚ ਹੀ ਰੱਖਿਆ ਹੈ ਤੇ ਹੁਕਮ ਵਿਚ ਹੀ ਸੰਭਾਲ ਕਰਦਾ ਹੈ। ਹੇ ਨਾਨਕ ! (ਇਸ ਬਾਣੀ ਦੀ ਬਰਕਤਿ ਨਾਲ) ਪਹਿਲਾਂ (ਜੀਵ ਦੀ) ਹਉਮੈ ਦੂਰ ਹੁੰਦੀ ਹੈ ਤਾਂ (ਫਿਰ) ਜੀਵ ਪ੍ਰਭੂ ਦੀ ਹਜ਼ੂਰੀ ਵਿਚ ਪ੍ਰਵਾਨ ਹੁੰਦਾ ਹੈ।

(ਅ) **ਬੇਦੁ ਪੁਕਾਰੇ ਪੁੰਨੁ ਪਾਪੁ ਸੁਰਗ ਨਰਕ ਕਾ ਬੀਉ ॥**
ਜੋ ਬੀਜੈ ਸੋ ਉਗਵੈ ਖਾਂਦਾ ਜਾਣੈ ਜੀਉ ॥
ਗਿਆਨੁ ਸਲਾਹੇ ਵਡਾ ਕਰਿ ਸਚੋ ਸਚਾ ਨਾਉ ॥
ਸਚੁ ਬੀਜੈ ਸਚੁ ਉਗਵੈ ਦਰਗਹ ਪਾਈਐ ਥਾਉ ॥
ਬੇਦੁ ਵਪਾਰੀ ਗਿਆਨੁ ਰਾਸਿ ਕਰਮੀ ਪਲੈ ਹੋਇ ॥
ਨਾਨਕ ਰਾਸੀ ਬਾਹਰਾ ਲਦਿ ਨ ਚਲਿਆ ਕੋਇ ॥

(ਵਾਰ ਸਾਰੰਗ ਮਹਲਾ ੧, ਪੰਨੇ 1243-44)

ਅਰਥ : ਵੇਦ ਦੀ ਤਾਲੀਮ ਇਹ ਹੈ ਕਿ (ਜੀਵ ਦਾ ਕੀਤਾ ਹੋਇਆ) ਪੁੰਨ-ਕਰਮ (ਉਸ ਦੇ ਵਾਸਤੇ) ਸੁਰਗ (ਮਿਲਣ) ਦਾ ਸਬੱਬ (ਬਣਦਾ) ਹੈ ਤੇ ਪਾਪ (ਜੀਵ ਲਈ) ਨਰਕ (ਵਿਚ ਪੈਣ) ਦਾ ਕਾਰਨ ਹੋ ਜਾਂਦਾ ਹੈ; (ਆਪਣੇ ਕੀਤੇ ਹੋਏ ਪੁੰਨ ਜਾਂ ਪਾਪ ਦਾ ਫਲ) ਖਾਣ ਵਾਲਾ (ਹਰੇਕ) ਜੀਵ (ਆਪ ਹੀ) ਜਾਣ ਲੈਂਦਾ ਹੈ ਕਿ ਜੋ ਕੁਝ ਕੋਈ ਬੀਜਦਾ ਹੈ ਉਹੀ ਉੱਗਦਾ ਹੈ। (ਸੋ, ਇਸ ਕਰਮ-ਕਾਂਡ ਦੀ ਤਾਲੀਮ ਵਿਚ ਪ੍ਰਭੂ ਦੀ ਸਿਫ਼ਤਿ-ਸਾਲਾਹ ਤੇ ਪ੍ਰਭੂ ਦੀ ਮਿਹਰ ਨੂੰ ਕੋਈ ਥਾਂ ਨਹੀਂ ਹੈ)।

(ਪਰ ਗੁਰੂ ਦਾ ਬਖ਼ਸ਼ਿਆ) ਗਿਆਨ ਪਰਮਾਤਮਾ ਨੂੰ ਵੱਡਾ ਆਖ ਕੇ (ਉਸ ਦੀ) ਸਿਫ਼ਤਿ-ਸਾਲਾਹ ਕਰਦਾ ਹੈ (ਤੇ ਦੱਸਦਾ ਹੈ ਕਿ) ਪ੍ਰਭੂ ਦਾ ਨਾਮ ਸਦਾ ਕਾਇਮ ਰਹਿਣ ਵਾਲਾ ਹੈ, ਜੋ ਮਨੁੱਖ ਪ੍ਰਭੂ ਦਾ ਨਾਮ (ਹਿਰਦੇ ਵਿਚ) ਬੀਜਦਾ ਹੈ ਉਸ ਦੇ ਅੰਦਰ ਨਾਮ ਹੀ ਪ੍ਰਫੁਲਤ ਹੁੰਦਾ ਹੈ ਤੇ ਉਸ ਨੂੰ ਪ੍ਰਭੂ ਦੀ ਹਜ਼ੂਰੀ ਵਿਚ ਆਦਰ ਮਿਲਦਾ ਹੈ।

(ਸੋ, ਪਾਪ ਤੇ ਪੁੰਨ ਦੇ ਫਲ ਦੱਸ ਕੇ) ਵੇਦ ਤਾਂ ਵਪਾਰ ਦੀਆਂ ਗੱਲਾਂ ਕਰਦਾ ਹੈ; (ਪਰ ਮਨੁੱਖ ਲਈ ਅਸਲ) ਰਾਸਿ-ਪੂੰਜੀ (ਪ੍ਰਭੂ ਦੇ ਗੁਣਾਂ ਦਾ) ਗਿਆਨ ਹੈ ਤੇ ਇਹ ਗਿਆਨ ਪ੍ਰਭੂ ਦੀ ਮਿਹਰ ਨਾਲ (ਗੁਰੂ ਤੋਂ) ਮਿਲਦਾ ਹੈ; ਹੇ ਨਾਨਕ ! (ਇਸ ਗਿਆਨ-ਰੂਪ) ਪੂੰਜੀ ਤੋਂ ਬਿਨਾਂ ਕੋਈ ਮਨੁੱਖ (ਜਗਤ ਤੋਂ) ਨਫ਼ਾ ਖੱਟ ਕੇ ਨਹੀਂ ਜਾਂਦਾ।

ਉਪਰੋਕਤ ਸਲੋਕਾਂ ਵਿਚ ਵੇਦ ਬਾਣੀ ਅਤੇ ਗੁਰਬਾਣੀ ਦਾ ਟਾਕਰਾ ਕਰਦਿਆਂ ਹੋਇਆਂ ਦੋਹਾਂ ਦਾ ਫ਼ਰਕ ਦਰਸਾਇਆ ਹੈ। ਇਹਨਾਂ ਦੋਹਾਂ ਸਲੋਕਾਂ ਵਿਚ ਸਪੱਸ਼ਟ ਰੂਪ ਵਿਚ ਦਰਸਾਇਆ ਗਿਆ ਹੈ ਕਿ ਨਰਕ-ਸੁਰਗ ਦੀ ਧਾਰਨਾ ਦੀ ਗੁਰਮਤਿ ਦਰਸ਼ਨ ਵਿਚ ਕੋਈ ਥਾਂ ਨਹੀਂ ਹੈ। ਗੁਰਬਾਣੀ ਵਿਚ ਜਿਥੇ ਵੀ 'ਸੁਰਗ' ਸ਼ਬਦ ਆਇਆ ਹੈ, ਉਸ ਦੇ ਅਰਥ ਕਰਨ ਸਮੇਂ ਇਹਨਾਂ ਸਲੋਕਾਂ ਵਿਚ ਦਰਸਾਈ ਗੁਰਮਤਿ ਦੀ ਵਿਚਾਰਧਾਰਾ ਨੂੰ ਸਾਹਮਣੇ ਰੱਖ ਕੇ ਹੀ ਸਮਝਣ ਦੀ ਲੋੜ ਹੈ। ਗੁਰੂ ਗ੍ਰੰਥ ਸਾਹਿਬ ਵਿਚ ਬਾਣੀਕਾਰਾਂ ਦੇ ਕਥਨ ਵਿਚ ਕਿਧਰੇ ਵੀ ਸਵੈ-ਵਿਰੋਧ ਨਹੀਂ ਹੈ। ਇਸ ਲਈ ਅਜਿਹਾ ਨਹੀਂ ਹੈ

ਕਿ ਇਕ ਸ਼ਬਦ ਵਿਚ ਬਾਣੀਕਾਰਾਂ ਨੇ 'ਸੁਰਗ' ਦੀ ਧਾਰਨਾ ਨੂੰ ਰੱਦ ਕਰ ਦਿੱਤਾ ਹੈ ਅਤੇ ਦੂਜੇ ਸ਼ਬਦ ਵਿਚ ਉਸ ਨੂੰ ਸਵੀਕਾਰ ਕਰ ਲਿਆ ਹੈ।

[*ਨੋਟ :* ਜਿਥੋਂ ਤਕ ਇਸ ਗੱਲ ਦਾ ਸਵਾਲ ਹੈ ਕਿ ਜੇਕਰ ਬਾਣੀ ਰਚੇਤਿਆਂ ਦਾ 'ਸੁਰਗ' ਦੀ ਧਾਰਨਾ ਵਿਚ ਵਿਸ਼ਵਾਸ ਨਹੀਂ ਹੈ ਤਾਂ ਫਿਰ ਉਨ੍ਹਾਂ ਨੇ ਇਸ ਦਾ ਜ਼ਿਕਰ ਕਿਉਂ ਕੀਤਾ ਹੈ ? ਇਸ ਗੱਲ ਦੀ ਚਰਚਾ ਅਸੀਂ ਸ਼ੁਰੂ ਵਿਚ ਮਿਥਿਹਾਸ ਦੀ ਵਰਤੋਂ ਦੇ ਕਾਰਨਾਂ ਦੀ ਚਰਚਾ ਵਿਚ ਕਰ ਚੁੱਕੇ ਹਾਂ। ਇਸ ਲਈ ਇਸ ਨੂੰ ਫਿਰ ਨਹੀਂ ਦੁਹਰਾ ਰਹੇ।]

ਗੁਰੂ ਗ੍ਰੰਥ ਸਾਹਿਬ ਵਿਚ ਜਿਨ੍ਹਾਂ ਸ਼ਬਦਾਂ ਦੀਆਂ ਪੰਗਤੀਆਂ ਵਿਚ 'ਸੁਰਗ' ਸ਼ਬਦ ਆਇਆ ਹੈ, ਉਹਨਾਂ ਵਿੱਚੋਂ ਕੁਝ ਕੁ ਇਸ ਤਰ੍ਹਾਂ ਹਨ :

(ੳ) **ਗਾਵਹਿ ਮੋਹਣੀਆ ਮਨੁ ਮੋਹਨਿ ਸੁਰਗਾ ਮਛ ਪਇਆਲੇ ॥** *(ਜਪੁ ਜੀ, ਪੰਨਾ 6)*

ਅਰਥ : ਸੁੰਦਰ ਇਸਤ੍ਰੀਆਂ, ਜੋ ਸੁਰਗ, ਮਾਤ-ਲੋਕ ਤੇ ਪਾਤਾਲ ਵਿਚ (ਭਾਵ, ਹਰ ਥਾਂ) ਮਨੁੱਖ ਦੇ ਮਨ ਨੂੰ ਮੋਹ ਲੈਂਦੀਆਂ ਹਨ, ਤੈਨੂੰ ਗਾ ਰਹੀਆਂ ਹਨ।

[*ਨੋਟ :* ਇਸ ਪਉੜੀ ਵਿਚ ਗੁਰਦੇਵ ਅਕਾਲ ਪੁਰਖ ਵਲੋਂ ਬਹੁ-ਰੰਗੀ ਅਤੇ ਬਹੁ-ਭਾਂਤੀ ਰਚਨਾ ਦਾ ਵਰਣਨ ਕਰਦਿਆਂ ਹੋਇਆਂ ਆਖਦੇ ਹਨ ਕਿ ਪ੍ਰਭੂ ਕੇਵਲ ਕਰਤਾ ਹੀ ਨਹੀਂ ਹੈ ਬਲਕਿ ਇਸ ਦੀ ਸੰਭਾਲ ਵੀ ਉਹ ਆਪ ਹੀ ਕਰਦਾ ਹੈ। ਇਸ ਭੇਤ ਨੂੰ ਕੋਈ ਨਹੀਂ ਜਾਣਦਾ ਕਿ ਉਹ ਅਕਾਲ ਪੁਰਖ ਕਿਸ ਸਥਾਨ 'ਤੇ ਬੈਠ ਕੇ ਇਹ ਸਭ ਕਾਰ ਕਰ ਰਿਹਾ ਹੈ। ਪ੍ਰਭੂ ਦੀ ਹਰੇਕ ਕ੍ਰਿਤ ਉਸ ਨੂੰ ਧਿਆ ਰਹੀ ਹੈ ਅਥਵਾ ਹੁਕਮ ਵਿਚ ਹੈ। ਉਸ ਦੇ ਹੁਕਮ ਨੂੰ ਸਮਝਿਆਂ ਹੀ ਉਸ ਨਾਲ ਜੁੜ ਸਕੀਦਾ ਹੈ।]

ਹਰੇਕ ਸ਼ੈਅ ਵਿਚ ਗੁਰਦੇਵ ਹਰ ਇਕ ਉਸ ਵਿਅਕਤੀ, ਸਥਾਨ ਆਦਿ ਦੀ ਵੀ ਸ਼ਾਮੂਲੀਅਤ ਕਰਦੇ ਹਨ, ਜਿਸ ਦੀ ਹੋਂਦ ਮਨੁੱਖ ਨੇ ਮੰਨੀ ਅਥਵਾ ਕਲਪਿਤ ਕੀਤੀ ਹੋਈ ਹੈ। ਇਸ ਪ੍ਰਸੰਗ ਵਿਚ ਹੀ ਸਤਿਗੁਰੂ ਜੀ ਤ੍ਰਿੰਨ ਲੋਕ (ਸੁਰਗ, ਮਾਤ ਅਤੇ ਪਤਾਲ) ਦਾ ਜ਼ਿਕਰ ਕਰ ਰਹੇ ਹਨ।

[*ਨੋਟ :* ਤ੍ਰਿੰਨ ਲੋਕਾਂ ਬਾਰੇ ਬਾਣੀਕਾਰਾਂ ਦਾ ਦ੍ਰਿਸ਼ਟੀਕੋਣ ਅਸੀਂ 'ਲੋਕ' ਪ੍ਰਕਰਣ ਵਿਚ ਕਰਾਂਗੇ।]

(ਅ) **ਬਿਆਪਤ ਸੁਰਗ ਨਰਕ ਅਵਤਾਰ ॥** *(ਗਉੜੀ ਮਹਲਾ ੫, ਪੰਨਾ 182)*

ਅਰਥ : ਕਿਤੇ ਜੀਵ ਨਰਕਾਂ ਵਿਚ ਪੈਂਦੇ ਹਨ, ਕਿਤੇ ਸੁਰਗਾਂ ਵਿਚ ਪਹੁੰਚਦੇ ਹਨ, (ਹੇ ਪ੍ਰਭੂ ! (ਤੇਰੀ ਰਚੀ) ਮਾਇਆ ਅਨੇਕਾਂ ਤਰੀਕਿਆਂ ਨਾਲ (ਜੀਵਾਂ ਉੱਤੇ) ਪ੍ਰਭਾਵ ਪਾਈ ਰੱਖਦੀ ਹੈ (ਤੇ ਆਤਮਿਕ ਮੌਤੇ ਜੀਵਾਂ ਨੂੰ ਮਾਰ ਦੇਂਦੀ ਹੈ)।

[*ਨੋਟ :* ਇਸ ਸ਼ਬਦ ਵਿਚ ਮੁੱਖ ਰੂਪ ਵਿਚ ਇਹ ਦਰਸਾਇਆ ਹੈ ਕਿ ਮਾਇਆ ਮਨੁੱਖ ਨੂੰ ਕਈ ਰੂਪਾਂ ਵਿਚ ਭਰਮਾਉਂਦੀ ਹੈ। ਇਹਨਾਂ ਅਨੇਕਾਂ ਰੂਪਾਂ ਵਿਚ ਇਕ ਰੂਪ 'ਸੁਰਗ' ਵੀ ਹੈ। ਭਾਵ, ਮਨੁੱਖ ਦੀ ਸੁਰਗ ਵਿਚ ਪਹੁੰਚਣ ਦੀ ਚਾਹਤ ਰਾਹੀਂ ਵੀ ਮਾਇਆ ਮਨੁੱਖ ਨੂੰ ਭਰਮਾਉਂਦੀ ਹੈ।]

(ੲ) **ਸੁਰਗ ਪਇਆਲ ਮਿਰਤ ਭੂਅ ਮੰਡਲ ਸਰਬ ਸਮਾਨੋ ਏਕੈ ਓਹੀ ॥**

(ਗਉੜੀ ਮਹਲਾ ੫, ਪੰਨਾ 207)

ਅਰਥ : (ਹੇ ਭਾਈ !) ਸੁਰਗ-ਲੋਕ, ਪਾਤਾਲ-ਲੋਕ, ਮਾਤ-ਲੋਕ ਸਾਰਾ ਬ੍ਰਹਿਮੰਡ, ਸਭਨਾਂ ਵਿਚ ਇਕ ਉਹ ਪਰਮਾਤਮਾ ਹੀ ਸਮਾਇਆ ਹੋਇਆ ਹੈ।

[ਨੋਟ : ਇਸ ਸ਼ਬਦ ਵਿਚ ਪਰਮਾਤਮਾ ਦੀ ਸਰਬ-ਵਿਆਪਕਤਾ ਦਾ ਵਰਣਨ ਕਰਦਿਆਂ ਆਖਿਆ ਹੈ ਕਿ ਪਰਮਾਤਮਾ ਹਰੇਕ ਥਾਂ ਮੌਜੂਦ ਹੈ। ਇਸ ਪ੍ਰਸੰਗ ਵਿਚ ਹੀ ਹਜ਼ੂਰ ਲੋਕਾਂ ਵਲੋਂ ਮੰਨੇ ਹੋਏ 'ਸੁਰਗ ਲੋਕ' ਦਾ ਵਰਣਨ ਕਰ ਰਹੇ ਹਨ।]

(ਸ) **ਸੁਰਗ ਨਰਕ ਅੰਮ੍ਰਿਤ ਬਿਖੁ ਏ ਸਭ ਤਿਉ ਕੰਚਨ ਅਰੁ ਪੈਸਾ॥**

(ਗਉੜੀ ਮਹਲਾ ੯, ਪੰਨਾ 220)

ਅਰਥ : (ਹੇ ਸੰਤ ਜਨੋਂ ! ਉਹ ਮਨੁੱਖ ਪਰਮਾਤਮਾ ਦਾ ਰੂਪ ਹੈ, ਜਿਸ ਨੂੰ) ਸੁਰਗ ਅਤੇ ਨਰਕ, ਅੰਮ੍ਰਿਤ ਅਤੇ ਜ਼ਹਿਰ ਇੱਕੋ ਜਿਹੇ ਜਾਪਦੇ ਹਨ, ਜਿਸ ਨੂੰ ਸੋਨਾ ਅਤੇ ਤਾਂਬਾ ਇਕ ਸਮਾਨ ਪ੍ਰਤੀਤ ਹੁੰਦਾ ਹੈ, ਭਾਵ ਇਨ੍ਹਾਂ ਦਾ ਲਾਲਚ ਨਹੀਂ ਹੈ।

[ਨੋਟ : ਇਸ ਸ਼ਬਦ ਵਿਚ ਮਹਾਰਾਜ ਗਿਆਨਵਾਨ ਮਨੁੱਖ ਦੇ ਲੱਛਣਾਂ ਦੀ ਚਰਚਾ ਕਰਦਿਆਂ ਹੋਇਆਂ 'ਸੁਰਗ' ਸ਼ਬਦ ਦੀ ਵਰਤੋਂ ਕਰ ਰਹੇ ਹਨ। ਭਾਵ ਇਹ ਹੈ ਕਿ ਗਿਆਨਵਾਨ ਪ੍ਰਾਣੀ ਨੂੰ ਸੁਰਗ ਦਾ ਲਾਲਚ ਨਹੀਂ ਹੈ। ਉਹ ਜੋ ਕੁਝ ਵੀ ਕਰ ਰਿਹਾ ਹੈ ਉਹ ਸੁਰਗ ਦੀ ਪ੍ਰਾਪਤੀ ਲਈ ਨਹੀਂ, ਬਲਕਿ ਮਨੁੱਖੀ ਫ਼ਰਜ਼ ਸਮਝ ਕੇ ਕਰਦਾ ਹੈ।]

(ਹ) **ਧਨੁ ਨਹੀ ਬਾਛਹਿ ਸੁਰਗ ਨ ਆਛਹਿ॥**
ਅਤਿ ਪ੍ਰਿਅ ਪ੍ਰੀਤਿ ਸਾਧ ਰਜ ਰਾਚਹਿ॥ *(ਗਉੜੀ ਮਹਲਾ ੫, ਪੰਨਾ 251)*

ਅਰਥ : (ਗੁਰਮੁਖ ਜਨ ਧਨ ਨਹੀਂ ਲੋੜਦੇ, ਸੁਰਗ ਦੀ ਭੀ ਤਾਂਘ ਨਹੀਂ ਰੱਖਦੇ, ਉਹ ਤਾਂ ਆਪਣੇ ਅਤਿ ਪਿਆਰੇ ਪ੍ਰਭੂ ਦੀ ਪ੍ਰੀਤ ਵਿਚ ਅਤੇ ਗੁਰਮੁਖਾਂ ਦੀ ਚਰਨ-ਧੂੜ ਵਿਚ ਹੀ ਮਸਤ ਰਹਿੰਦੇ ਹਨ।

[ਨੋਟ : ਇਸ ਸ਼ਬਦ ਵਿਚ ਵੀ ਜਾਗਰੂਕ ਮਨੁੱਖ ਦੀ ਰਹਿਣੀ ਦਾ ਜ਼ਿਕਰ ਕਰਦਿਆਂ ਹੋਇਆਂ ਦੱਸਿਆ ਹੈ ਕਿ ਉਨ੍ਹਾਂ ਨੂੰ ਪੁਰਾਣ ਸਾਹਿਤ ਦੇ ਕਿਸੇ 'ਸੁਰਗ ਲੋਕ' ਵਿਚ ਪਹੁੰਚਣ ਦੀ ਖ਼ਾਹਿਸ਼ ਨਹੀਂ, ਉਹ ਤਾਂ ਕੇਵਲ ਗੁਰੂ ਦੇ ਉਪਦੇਸ਼ ਅਨੁਸਾਰ ਜੀਵਨ ਜਿਊਣ ਵਿਚ ਹੀ ਵਿਸ਼ਵਾਸ ਕਰਦੇ ਹਨ।]

(ਕ) **ਅਨਿਕ ਤਪਸਿਆ ਕਰੇ ਅਹੰਕਾਰ॥**
ਨਰਕ ਸੁਰਗ ਫਿਰਿ ਫਿਰਿ ਅਵਤਾਰ॥ *(ਗਉੜੀ ਸੁਖਮਨੀ ਮ: ੫, ਪੰਨਾ 278)*

ਅਰਥ : ਅਨੇਕਾਂ ਤਪ ਦੇ ਸਾਧਨ ਕਰ ਕੇ ਜੇ ਇਹਨਾਂ ਦਾ ਮਾਣ ਕਰੇ, (ਤਾਂ ਉਹ ਭੀ) ਨਰਕਾਂ-ਸੁਰਗਾਂ ਵਿਚ ਹੀ ਮੁੜ-ਮੁੜ ਜੰਮਦਾ ਹੈ (ਭਾਵ, ਕਦੇ ਸੁਖ ਤੇ ਕਦੇ ਦੁਖ ਭੋਗਦਾ ਹੈ)।

[ਨੋਟ : ਇਸ ਪੰਗਤੀ ਵਿਚ 'ਸੁਰਗ' ਸ਼ਬਦ ਸੁਖ ਦੇ ਅਰਥ ਵਿਚ ਆਇਆ ਹੈ।]

(ਖ) **ਕਈ ਕੋਟਿ ਨਰਕ ਸੁਰਗ ਨਿਵਾਸੀ॥** *(ਗਉੜੀ ਸੁਖਮਨੀ ਮ: ੫, ਪੰਨਾ 276)*

ਅਰਥ : ਕਰੋੜਾਂ ਜੀਵ ਪਾਤਾਲ ਵਿਚ ਵੱਸਣ ਵਾਲੇ ਹਨ ਅਤੇ ਕਰੋੜਾਂ ਹੀ ਨਰਕਾਂ ਤੇ ਸੁਰਗਾਂ ਵਿਚ ਵੱਸਦੇ ਹਨ (ਭਾਵ, ਦੁਖੀ ਤੇ ਸੁਖੀ ਹਨ)।

[ਨੋਟ : ਇਸ ਅਸਟਪਦੀ ਵਿਚ ਗੁਰੂ ਅਰਜਨ ਸਾਹਿਬ ਜੀ ਅਕਾਲ ਪੁਰਖ ਵਲੋਂ ਬਹੁ-ਰੰਗੀ/ਬਹੁ-ਭਾਂਤੀ ਰਚਨਾ ਦਾ ਵਰਣਨ ਕਰਦੇ ਹੋਏ, (ਙ) ਨਾ ਤਦਿ ਸੁਰਗੁ ਮਛੁ ਪਇਆਲਾ॥ ਦੋਜਕੁ ਭਿਸਤੁ ਨਹੀ ਖੈ ਕਾਲਾ॥ ਨਰਕੁ ਸੁਰਗੁ ਨਹੀ ਜੰਮਣੁ ਮਰਣਾ ਨਾ ਕੋ ਆਇ ਨ ਜਾਇਦਾ॥੩॥ ਇਸ ਵਿਵਰਣ ਵਿਚ 'ਸੁਰਗ' ਦੀ ਕਲਪਿਤ ਧਾਰਨਾ ਦਾ ਜ਼ਿਕਰ ਕਰ ਰਹੇ ਹਨ।]

(ਗ) **ਕੋਊ ਨਰਕ ਕੋਊ ਸੁਰਗ ਬੰਛਾਵਤ ॥** *(ਗਉੜੀ ਸੁਖਮਨੀ ਮ: ੫, ਪੰਨਾ 292)*

ਅਰਥ : ਤਦੋਂ ਕੋਈ ਜੀਵ ਨਰਕਾਂ ਦਾ ਭਾਗੀ ਤੇ ਕੋਈ ਸੁਰਗਾਂ ਦਾ ਚਾਹਵਾਨ ਬਣਿਆ।

[*ਨੋਟ :* ਇਸ ਅਸਟਪਦੀ ਵਿਚ ਸਤਿਗੁਰੂ ਜੀ ਅਕਾਲ ਪੁਰਖ ਵਲੋਂ ਰਚਨਾ ਰਚਨ ਮਗਰੋਂ, ਜੋ ਕਈ ਤਰ੍ਹਾਂ ਦੀਆਂ ਧਾਰਨਾਵਾਂ ਪ੍ਰਚਲਿਤ ਹੋ ਗਈਆਂ, ਉਸ ਦਾ ਵਰਣਨ ਕਰਦੇ ਹੋਏ ਸੁਰਗ ਦੀ ਧਾਰਨਾ ਦਾ ਵੀ ਵਰਣਨ ਕਰ ਰਹੇ ਹਨ।]

(ਘ) **ਸੁਰਗ ਬਾਸੁ ਨ ਬਾਛੀਐ ਡਰੀਐ ਨ ਨਰਕਿ ਨਿਵਾਸੁ ॥**
ਹੋਨਾ ਹੈ ਸੋ ਹੋਈ ਹੈ ਮਨਹਿ ਨ ਕੀਜੈ ਆਸ ॥

(ਗਉੜੀ ਪੂਰਬੀ ਕਬੀਰ ਜੀ, ਪੰਨਾ 337)

ਅਰਥ : ਨਾਹ ਇਹ ਤਾਂਘ ਰੱਖਣੀ ਚਾਹੀਦੀ ਹੈ ਕਿ (ਮਰਨ ਪਿੱਛੋਂ) ਸੁਰਗ ਦਾ ਵਸੇਬਾ ਮਿਲ ਜਾਏ ਅਤੇ ਨਾਹ ਇਸ ਗੱਲੋਂ ਡਰਦੇ ਰਹੀਏ ਕਿ ਕਿਤੇ ਨਰਕ ਵਿਚ ਹੀ ਨਿਵਾਸ ਨਾਹ ਮਿਲ ਜਾਏ। ਜੋ ਕੁਝ (ਪ੍ਰਭੂ ਦੀ ਰਜ਼ਾ ਵਿਚ) ਹੋਣਾ ਹੈ ਉਹੀ ਹੋਵੇਗਾ। ਸੋ, ਮਨ ਵਿਚ ਆਸਾਂ ਨਹੀਂ ਬਣਾਉਣੀਆਂ ਚਾਹੀਦੀਆਂ।

[*ਨੋਟ :* ਇਸ ਸ਼ਬਦ ਵਿਚ ਕਬੀਰ ਜੀ ਫ਼ੁਰਮਾਉਂਦੇ ਹਨ ਕਿ ਜੋ ਮਨੁੱਖ ਪ੍ਰਭੂ ਦਾ ਭਜਨ ਕਰਦਾ ਹੈ, ਉਸ ਦੀ ਐਸੀ ਉੱਚੀ ਆਤਮਿਕ ਅਵਸਥਾ ਬਣਦੀ ਹੈ ਕਿ ਜਗਤ ਦੇ ਦੁਖ-ਸੁਖ ਉਸ ਨੂੰ ਪ੍ਰਭੂ ਦੀ ਰਜ਼ਾ ਵਿਚ ਹੀ ਆਉਂਦੇ ਦਿੱਸਦੇ ਹਨ, ਇਸ ਵਾਸਤੇ ਉਹ ਮਨੁੱਖ ਨਾਹ ਕਿਸੇ ਸੁਰਗ ਲਈ ਤਾਂਘਦਾ ਹੈ ਨਾਹ ਕਿਸੇ ਨਰਕ ਤੋਂ ਡਰਦਾ ਹੈ।]

(ङ) **ਅਗੀ ਪਾਲਾ ਕਪੜੁ ਹੋਵੈ ਖਾਣਾ ਹੋਵੈ ਵਾਉ ॥**
ਸੁਰਗੈ ਦੀਆ ਮੋਹਣੀਆ ਇਸਤਰੀਆ ਹੋਵਨਿ ਨਾਨਕ ਸਭੋ ਜਾਉ ॥
ਭੀ ਤੂਹੈ ਸਾਲਾਹਣਾ ਆਖਣ ਲਹੈ ਨ ਚਾਉ ॥ *(ਵਾਰ ਮਾਝ ਮ: ੧, ਪੰਨਾ 142)*

ਅਰਥ : (ਜੇ ਗਰਮੀਆਂ ਦੀ) ਧੁੱਪ ਤੇ (ਸਿਆਲ ਦਾ) ਪਾਲਾ ਮੇਰੇ (ਪਹਿਨਣ ਦਾ) ਕੱਪੜਾ ਹੋਣ (ਭਾਵ, ਜੇ ਮੈਂ ਨੰਗਾ ਰਹਿ ਕੇ ਧੁੱਪ ਤੇ ਪਾਲਾ ਭੀ ਸਹਾਰਾਂ), ਜੇ ਹਵਾ ਮੇਰੀ ਖ਼ੁਰਾਕ ਹੋਵੇ (ਭਾਵ, ਜੇ ਮੈਂ ਪਉਣ-ਅਹਾਰੀ ਹੋ ਜਾਵਾਂ, ਤਾਂ ਭੀ, ਹੇ ਪ੍ਰਭੂ! ਤੇਰੀ ਸਿਫ਼ਤਿ-ਸਾਲਾਹ ਦੇ ਸਾਹਮਣੇ ਇਹ ਤੁੱਛ ਹਨ)। ਜੇ ਸੁਰਗ ਦੀਆਂ ਅਪੱਛਰਾਂ ਭੀ ਮੇਰੇ ਘਰ ਵਿਚ ਹੋਣ ਤਾਂ ਭੀ, ਹੇ ਨਾਨਕ! ਇਹ ਤਾਂ ਨਾਸਵੰਤ ਹਨ (ਇਹਨਾਂ ਦੇ ਮੋਹ ਵਿਚ ਫਸ ਕੇ ਮੈਂ ਤੈਨੂੰ ਨਾਹ ਵਿਸਾਰਾਂ) ਤੇਰੀ ਹੀ ਸਿਫ਼ਤਿ-ਸਾਲਾਹ ਕਰਦਾ ਰਹਾਂ, ਤੇਰੀ ਵਡਿਆਈ ਕਰਨ ਦਾ ਮੇਰਾ ਚਾਉ ਨਾ ਮੁੱਕੇ।

[*ਨੋਟ :* ਇਸ ਸਲੋਕ ਵਿਚ ਹਜ਼ੂਰ 'ਸੁਰਗ ਲੋਕ' ਜਾਂ ਇਸ ਵਿਚ ਅਪੱਛਰਾਂ ਦੀ ਹੋਂਦ ਦੀ ਪ੍ਰਚਲਿਤ ਧਾਰਨਾ ਨੂੰ ਸਵੀਕਾਰ ਨਹੀਂ ਕਰ ਰਹੇ। ਗੁਰਦੇਵ ਇਸ ਸਲੋਕ ਵਿਚ ਅਕਾਲ ਪੁਰਖ ਦੀ ਸਿਫ਼ਤਿ-ਸਾਲਾਹ ਦੇ ਟਾਕਰੇ 'ਤੇ ਹੋਰ ਸਭ ਕੁਝ ਤੁੱਛ ਅਥਵਾ ਨਾਸਵੰਤ ਹੈ, ਦਾ ਭਾਵ ਦਰਸਾ ਰਹੇ ਹਨ।]

(ਚ) **ਨਰ ਤੇ ਸੁਰ ਹੋਇ ਜਾਤ ਨਿਮਖ ਮੈ ਸਤਿਗੁਰ ਬੁਧਿ ਸਿਖਲਾਈ ॥**
ਨਰ ਤੇ ਉਪਜਿ ਸੁਰਗ ਕਉ ਜੀਤਿਓ ਸੋ ਅਵਖਧ ਮੈ ਪਾਈ ॥

(ਗੋਂਡ ਨਾਮਦੇਉ ਜੀ, ਪੰਨਾ 873)

ਅਰਥ : (ਹੇ ਬੀਠੁਲ ਪਿਤਾ! ਮੈਨੂੰ ਭੀ ਗੁਰੂ ਮਿਲਾ) ਗੁਰੂ ਤੋਂ ਮਿਲੀ ਮੱਤ ਦੀ ਬਰਕਤ ਨਾਲ ਅੱਖ ਦੇ ਫੋਰ ਵਿਚ ਮਨੁੱਖਾਂ ਤੋਂ ਦੇਵਤੇ ਬਣ ਜਾਈਦਾ ਹੈ, ਹੇ ਪਿਤਾ! (ਮਿਹਰ ਕਰ) ਮੈਂ ਭੀ ਉਹ ਦਵਾਈ ਹਾਸਲ ਕਰ ਲਵਾਂ, ਜਿਸ ਨਾਲ ਮਨੁੱਖਾਂ ਤੋਂ ਜੰਮ ਕੇ (ਭਾਵ, ਮਨੁੱਖ-ਜਾਤੀ ਵਿੱਚੋਂ ਹੋ ਕੇ) ਸੁਰਗ ਨੂੰ ਜਿੱਤਿਆ ਜਾ ਸਕਦਾ ਹੈ (ਭਾਵ, ਸੁਰਗ ਦੀ ਭੀ ਪ੍ਰਵਾਹ ਨਹੀਂ ਰਹਿੰਦੀ)।

[*ਨੋਟ :* ਇਸ ਸ਼ਬਦ ਵਿਚ ਵੀ ਪੁਰਾਣ ਸਾਹਿਤ ਦੇ 'ਸੁਰਗ' ਪ੍ਰਾਪਤੀ ਦੀ ਚਾਹਤ ਨਹੀਂ ਪ੍ਰਗਟਾਈ ਹੈ, ਬਲਕਿ ਇਸ ਤੋਂ ਉਪਰ ਉੱਠਣ ਦੀ ਖ਼ਾਹਸ਼ ਪ੍ਰਗਟ ਕੀਤੀ ਹੈ।]

(ਛ) **ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ ॥**
ਹਮ ਕਾਹੂ ਕੀ ਕਾਣਿ ਨ ਕਢਤੇ ਅਪਨੇ ਗੁਰ ਪਰਸਾਦੇ ॥

(ਰਾਮਕਲੀ ਕਬੀਰ ਜੀ, ਪੰਨਾ 969)

ਅਰਥ : (ਇਹ ਲੋਕ ਆਖਦੇ ਹਨ ਕਿ ਕਾਸ਼ੀ ਵਿਚ ਰਹਿਣ ਵਾਲਾ ਸੁਰਗ ਮਾਣਦਾ ਹੈ, ਪਰ) ਨਰਕ ਕੀਹ, ਤੇ, ਵਿਚਾਰਾ ਸੁਰਗ ਕੀਹ ? ਸੰਤਾਂ ਨੇ ਦੋਵੇਂ ਹੀ ਰੱਦ ਕਰ ਦਿੱਤੇ ਹਨ; ਕਿਉਂਕਿ ਸੰਤ ਆਪਣੇ ਗੁਰੂ ਦੀ ਕਿਰਪਾ ਨਾਲ (ਨਾਹ ਸੁਰਗ ਤੇ ਨਾਹ ਨਰਕ) ਕਿਸੇ ਦੇ ਭੀ ਮੁਥਾਜ ਨਹੀਂ ਹਨ।

[*ਨੋਟ :* ਇਸ ਸਲੋਕ ਵਿਚ ਕਬੀਰ ਸਾਹਿਬ ਗੁਰੂ ਬਖ਼ਸ਼ਸ਼ ਦੁਆਰਾ ਨਰਕ ਸੁਰਗ ਦੀ ਮੁਥਾਜੀ ਤੋਂ ਉਪਰ ਦੀ ਹੀ ਗੱਲ ਕਰਦੇ ਹਨ।]

(ਜ) **ਨਾ ਤਦਿ ਸੁਰਗੁ ਮਛੁ ਪਇਆਲਾ ॥**
ਦੋਜਕੁ ਭਿਸਤੁ ਨਹੀ ਖੈ ਕਾਲਾ ॥
ਨਰਕੁ ਸੁਰਗੁ ਨਹੀ ਜੰਮਣੁ ਮਰਣਾ ਨਾ ਕੋ ਆਇ ਨ ਜਾਇਦਾ ॥੩॥

(ਮਾਰੂ ਮਹਲਾ ੧, ਪੰਨਾ 1035)

ਅਰਥ : ਤਦੋਂ ਨਾਹ ਸੁਰਗ-ਲੋਕ ਸੀ, ਨਾਹ ਮਾਤ-ਲੋਕ ਸੀ ਤੇ ਨਾਹ ਹੀ ਪਤਾਲ ਸੀ। ਤਦੋਂ ਨਾਹ ਕੋਈ ਦੋਜ਼ਖ਼ ਸੀ ਨਾਹ ਬਹਿਸ਼ਤ ਸੀ, ਤੇ ਨਾਹ ਹੀ ਮੌਤ ਲਿਆਉਣ ਵਾਲਾ ਕਾਲ ਸੀ। ਤਦੋਂ ਨਾਹ ਸੁਰਗ ਸੀ ਨਾਹ ਨਰਕ ਸੀ, ਨਾਹ ਜੰਮਣ ਸੀ ਨਾਹ ਮਰਨ ਸੀ, ਨਾਹ ਕੋਈ ਜੰਮਦਾ ਸੀ ਨਾਹ ਮਰਦਾ ਸੀ।

[*ਨੋਟ :* ਇਸ ਸ਼ਬਦ ਵਿਚ ਸਤਿਗੁਰੂ ਜੀ ਉਸ ਦਸ਼ਾ ਦਾ ਵਰਣਨ ਕਰ ਰਹੇ ਹਨ ਜਦ ਅਕਾਲ ਪੁਰਖ ਨੇ ਇਹ ਪਸਾਰਾ ਨਹੀਂ ਸੀ ਪਸਾਰਿਆ, ਕੇਵਲ ਉਹ ਆਪ ਹੀ ਸੀ। ਫਿਰ ਜਦ ਉਸ ਨੇ ਇਹ ਪਸਾਰਾ ਪਸਾਰਿਆ ਤਾਂ ਨਾਨਾ ਪ੍ਰਕਾਰ ਦੀ ਰਚਨਾ ਹੋਂਦ ਵਿਚ ਆਈ। ਇਸ ਪ੍ਰਕਰਣ ਵਿਚ ਮਹਾਰਾਜ ਲੋਕਾਂ ਵਲੋਂ ਕਲਪਿਤ ਕੀਤੇ ਸਥਾਨਾਂ ਦਾ ਵੀ ਵਰਣਨ ਕਰਦਿਆਂ ਕਹਿੰਦੇ ਹਨ ਕਿ ਸੁਰਗ, ਬਹਿਸ਼ਤ ਆਦਿ ਦੀ ਕਲਪਨਾ ਮਨੁੱਖ ਨੇ ਬਾਅਦ ਵਿਚ ਕੀਤੀ ਹੈ। ਚੂੰਕਿ ਸਤਿਗੁਰੂ ਜੀ ਮੁੱਖ ਰੂਪ ਵਿਚ ਇਸ ਗੱਲ ਦਾ ਹੀ ਵਰਣਨ ਕਰ ਰਹੇ ਹਨ ਕਿ ਅਨਾਦੀ ਕੇਵਲ ਪ੍ਰਭੂ ਹੀ ਹੈ, ਹੋਰ ਜੋ ਕੁਛ ਵੀ ਦਿਖਾਈ ਦੇ ਰਿਹਾ ਹੈ, ਉਸ ਦਾ ਆਦਿ/ਸ਼ੁਰੂਆਤ ਹੈ। ਇਸ ਵਰਣਨ ਵਿਚ ਹਜ਼ੂਰ ਲੋਕਾਂ ਵਲੋਂ ਕਲਪਿਤ 'ਸੁਰਗ' ਆਦਿ ਦਾ ਵੀ ਵਰਣਨ ਕਰਦੇ ਹਨ।]

ਗੁਰੂ ਗ੍ਰੰਥ ਸਾਹਿਬ ਵਿਚ ਉਪਰੋਕਤ ਸ਼ਬਦਾਂ/ਪੰਗਤੀਆਂ ਤੋਂ ਇਲਾਵਾ ਹੋਰ ਵੀ ਜਿਥੇ 'ਸੁਰਗ' ਸ਼ਬਦ ਆਇਆ ਹੈ, ਉਸ ਦਾ ਕਦਾਚਿਤ ਇਹ ਭਾਵ ਨਹੀਂ ਹੈ ਕਿ

ਬਾਣੀਕਾਰਾਂ ਨੇ ਇਸ ਦੀ ਭੂਗੋਲਿਕ ਹੋਂਦ ਨੂੰ ਸਵੀਕਾਰ ਕੀਤਾ ਹੈ; ਇਸ ਲਈ ਗੁਰੂ ਗ੍ਰੰਥ ਸਾਹਿਬ ਵਿਚ ਬਾਣੀਕਾਰਾਂ ਵਲੋਂ 'ਸੁਰਗ' ਸ਼ਬਦ ਦੀ ਕੇਵਲ ਵਰਤੋਂ ਦੇਖ ਕੇ ਹੀ ਇਹ ਮੰਨ ਲੈਣਾ ਕਿ ਗੁਰੂ ਗ੍ਰੰਥ ਸਾਹਿਬ ਵਿਚ ਵੀ ਅਨਮਤਾਂ ਵਾਂਗ ਸੁਰਗ ਦੀ ਹੋਂਦ ਨੂੰ ਸਵੀਕਾਰ ਕੀਤਾ ਗਿਆ ਹੈ, ਬਾਣੀਕਾਰਾਂ ਨਾਲ ਨਿਆਂ ਨਹੀਂ, ਅਨਿਆਂ ਹੋਵੇਗਾ।

ਬੈਕੁੰਠ

ਗੁਰੂ ਗ੍ਰੰਥ ਸਾਹਿਬ ਵਿਚ ਜਿਨ੍ਹਾਂ ਪੰਗਤੀਆਂ ਅਥਵਾ ਸ਼ਬਦਾਂ ਵਿਚ 'ਸੁਰਗ' ਸ਼ਬਦ ਆਇਆ ਹੈ, ਉਹਨਾਂ ਵਿੱਚੋਂ ਕੁਝ ਕੁ ਪੰਗਤੀਆਂ ਵੱਲ ਪਾਠਕਾਂ ਦਾ ਧਿਆਨ ਦਿਵਾਇਆ ਹੈ। ਗੁਰੂ ਗ੍ਰੰਥ ਸਾਹਿਬ ਵਿਚ ਜਿਥੇ ਵੀ 'ਸੁਰਗ' ਸ਼ਬਦ ਆਇਆ ਹੈ, ਪੁਰਾਨਿਕ 'ਸੁਰਗ' ਦੀ ਧਾਰਨਾ ਦੀ ਸਵੀਕ੍ਰਿਤੀ ਦੇ ਅਰਥ ਵਿਚ ਨਹੀਂ ਆਇਆ ਹੈ। ਇਹ ਸ਼ਬਦ (ਸੁਰਗ) ਕੇਵਲ ਪ੍ਰਤੀਕ, ਮੁਹਾਵਰੇ ਅਤੇ ਅਲੰਕਾਰ ਦੇ ਰੂਪ ਵਿਚ ਹੀ ਆਇਆ ਹੈ। ਬਾਣੀਕਾਰਾਂ ਨੇ ਸੁਰਗ ਦੀ ਭੂਗੋਲਿਕ ਹੋਂਦ ਨੂੰ ਨਹੀਂ ਮੰਨਿਆ ਹੈ। ਗੁਰੂ ਗ੍ਰੰਥ ਸਾਹਿਬ ਵਿਚ ਕਿਧਰੇ ਵੀ ਇਸ ਗੱਲ ਦਾ ਵਰਣਨ ਨਹੀਂ ਕੀਤਾ ਗਿਆ ਕਿ ਫਲਾਣੇ ਕਰਮ ਕਰਨ ਨਾਲ ਤੁਹਾਨੂੰ ਸੁਰਗ ਵਿਚ ਨਾਨਾ ਪ੍ਰਕਾਰ ਦੇ ਭੋਗ ਭੋਗਣ ਨੂੰ ਮਿਲਣਗੇ। ਇਤਨੀ ਸਪੱਸ਼ਟਤਾ ਦੇ ਬਾਵਜੂਦ ਜੇਕਰ ਕੋਈ ਸੱਜਣ ਇਹ ਆਖਦਾ ਜਾਂ ਪ੍ਰਚਾਰਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਵੀ ਪੁਰਾਨਿਕ ਸੁਰਗ ਦੀ ਧਾਰਨਾ ਨੂੰ ਪ੍ਰਵਾਨ ਕੀਤਾ ਗਿਆ ਹੈ ਤਾਂ ਇਹ ਉਸ ਸੱਜਣ ਦੀ ਆਪਣੀ ਹੀ ਮੱਤ ਆਖੀ ਜਾ ਸਕਦੀ ਹੈ, ਗੁਰੂ ਦੀ ਨਹੀਂ।

ਗੁਰੂ ਗ੍ਰੰਥ ਸਾਹਿਬ ਵਿਚ 'ਸੁਰਗ' ਸ਼ਬਦ ਦੇ ਭਾਵਾਰਥ ਦੀ ਸੰਖੇਪ ਵਿਚ ਚਰਚਾ ਕਰਨ ਮਗਰੋਂ 'ਬੈਕੁੰਠ' ਸ਼ਬਦ ਦੇ ਭਾਵਾਰਥ ਦੀ ਚਰਚਾ ਕਰ ਰਹੇ ਹਾਂ:

ਗੁਰੂ ਗ੍ਰੰਥ ਸਾਹਿਬ ਵਿਚ ਸੁਰਗ ਵਾਂਗ 'ਬੈਕੁੰਠ' ਦੀ ਵੀ ਕੋਈ ਭੂਗੋਲਿਕ ਹੋਂਦ ਨਹੀਂ ਮੰਨੀ ਗਈ ਹੈ। ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਦਾ 'ਬੈਕੁੰਠ' ਤੋਂ ਕੀ ਭਾਵ ਹੈ, ਨਿਮਨ ਲਿਖਤ ਪੰਗਤੀਆਂ ਵਿਚ ਦੇਖਿਆ ਜਾ ਸਕਦਾ ਹੈ:

(ੳ) **ਬੈਕੁੰਠ ਨਗਰੁ ਜਹਾ ਸੰਤ ਵਾਸਾ॥**
ਪ੍ਰਭ ਚਰਣ ਕਮਲ ਰਿਦ ਮਾਹਿ ਨਿਵਾਸਾ॥ *(ਸੂਹੀ ਮਹਲਾ ੫, ਪੰਨਾ 742)*

ਅਰਥ: ਹੇ ਭਾਈ! ਜਿਸ ਥਾਂ (ਪਰਮਾਤਮਾ ਦੇ) ਸੰਤ ਜਨ ਵੱਸਦੇ ਹੋਣ, ਉਹੀ ਹੈ (ਅਸਲ) ਬੈਕੁੰਠ ਦਾ ਸ਼ਹਿਰ ਹੈ। (ਸੰਤ ਜਨਾਂ ਦੀ ਸੰਗਤਿ ਵਿਚ ਰਹਿ ਕੇ) ਪ੍ਰਭੂ ਦੇ ਸੋਹਣੇ ਚਰਨ (ਨਿਮ੍ਰਤਾ ਸਹਿਤ ਸਵੀਕਾਰੀ ਗੁਰੂ ਦੀ ਸਿੱਖਿਆ) ਹਿਰਦੇ ਵਿਚ ਆ ਵੱਸਦੇ ਹਨ।

(ਅ) **ਤਹਾ ਬੈਕੁੰਠੁ ਜਹ ਕੀਰਤਨੁ ਤੇਰਾ ਤੂੰ ਆਪੇ ਸਰਧਾ ਲਾਇਹਿ॥**
(ਸੂਹੀ ਮਹਲਾ ੫, ਪੰਨਾ 749)

ਅਰਥ: ਹੇ ਪ੍ਰਭੂ! ਜਿਸ ਥਾਂ ਤੇਰੀ ਸਿਫ਼ਤਿ-ਸਾਲਾਹ ਹੋ ਰਹੀ ਹੋਵੇ, (ਮੇਰੇ ਵਾਸਤੇ) ਉਹੀ ਥਾਂ ਬੈਕੁੰਠ ਹੈ, ਤੂੰ ਆਪ ਹੀ (ਸਿਫ਼ਤਿ-ਸਾਲਾਹ ਕਰਨ ਦੀ) ਸ਼ਰਧਾ (ਸਾਡੇ ਅੰਦਰ) ਪੈਦਾ ਕਰਦਾ ਹੈਂ।

(ੲ) **ਅਠਸਠਿ ਤੀਰਥ ਜਹ ਸਾਧ ਪਗ ਧਰਹਿ॥**
ਤਹ ਬੈਕੁੰਠੁ ਜਹ ਨਾਮੁ ਉਚਰਹਿ॥
ਸਰਬ ਅਨੰਦ ਜਬ ਦਰਸਨੁ ਪਾਈਐ॥ *(ਰਾਮਕਲੀ ਮਹਲਾ ੫, ਪੰਨਾ 890)*

ਅਰਥ : (ਹੇ ਭਾਈ!) ਜਿਥੇ ਗੁਰਮੁਖ ਮਨੁੱਖ (ਆਪਣੇ) ਪੈਰ ਧਰਦੇ ਹਨ ਉਹ ਥਾਂ ਅਠਾਹਠ ਤੀਰਥ ਸਮਝੋ, (ਕਿਉਂਕਿ) ਜਿਥੇ ਸੰਤ ਜਨ ਪਰਮਾਤਮਾ ਦਾ ਨਾਮ ਉਚਾਰਦੇ ਹਨ ਉਹ ਥਾਂ ਸੱਚਖੰਡ (ਬੈਕੁੰਠ) ਬਣ ਜਾਂਦਾ ਹੈ।

(ਸ) **ਮੁਕਤਿ ਭੁਗਤਿ ਜੁਗਤਿ ਤੇਰੀ ਸੇਵਾ ਜਿਸੁ ਤੂੰ ਆਪਿ ਕਰਾਇਹਿ॥**
ਤਹਾ ਬੈਕੁੰਠੁ ਜਹ ਕੀਰਤਨੁ ਤੇਰਾ ਤੂੰ ਆਪੇ ਸਰਧਾ ਲਾਇਹਿ॥

(ਸੂਹੀ ਮਹਲਾ ੫, ਪੰਨਾ 749)

ਅਰਥ : ਹੇ ਪ੍ਰਭੂ! ਤੇਰੀ ਸੇਵਾ-ਭਗਤੀ ਵਿਚ ਹੀ (ਵਿਕਾਰਾਂ ਤੋਂ) ਖ਼ਲਾਸੀ ਹੈ, ਸੰਸਾਰ ਦੇ ਸੁਖ ਹਨ, ਸੁਚੱਜੀ ਜੀਵਨ-ਜਾਚ ਹੈ (ਪਰ ਤੇਰੀ ਭਗਤੀ ਉਹੀ ਕਰਦਾ ਹੈ) ਜਿਸ ਪਾਸੋਂ ਤੂੰ ਆਪ ਕਰਾਂਦਾ ਹੈਂ। ਹੇ ਪ੍ਰਭੂ! ਜਿਸ ਥਾਂ ਤੇਰੀ ਸਿਫ਼ਤਿ-ਸਾਲਾਹ ਹੋ ਰਹੀ ਹੋਵੇ, (ਮੇਰੇ ਵਾਸਤੇ) ਉਹੀ ਥਾਂ ਬੈਕੁੰਠ ਹੈ, ਤੂੰ ਆਪ ਹੀ (ਸਿਫ਼ਤਿ-ਸਾਲਾਹ ਕਰਨ ਦੀ) ਸ਼ਰਧਾ (ਸਾਡੇ ਅੰਦਰ) ਪੈਦਾ ਕਰਦਾ ਹੈਂ।

(ਹ) **ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪੁਨਾ ਨਿਕਟਿ ਨ ਆਵੈ ਜਾਮ॥**
ਮੁਕਤਿ ਬੈਕੁੰਠ ਸਾਧ ਕੀ ਸੰਗਤਿ ਜਨ ਪਾਇਓ ਹਰਿ ਕਾ ਧਾਮ॥

(ਧਨਾਸਰੀ ਮਹਲਾ ੫, ਪੰਨਾ 682)

ਅਰਥ : ਹੇ ਭਾਈ! ਆਪਣੇ ਮਾਲਕ-ਪ੍ਰਭੂ ਦਾ ਨਾਮ ਮੁੜ ਮੁੜ ਸਿਮਰ ਕੇ (ਸੇਵਕਾਂ ਦੇ) ਨੇੜੇ ਆਤਮਿਕ ਮੌਤ ਨਹੀਂ ਢੁਕਦੀ। ਸੇਵਕ ਗੁਰੂ ਦੀ ਸੰਗਤਿ ਪ੍ਰਾਪਤ ਕਰ ਲੈਂਦੇ ਹਨ, ਜੇਹੜੀ ਪਰਮਾਤਮਾ ਦਾ ਘਰ ਹੈ। (ਇਹ ਸਾਧ ਸੰਗਤਿ ਹੀ ਉਹਨਾਂ ਵਾਸਤੇ) ਵਿਸ਼ਨੂੰ ਦੀ ਪੁਰੀ ਹੈ, ਵਿਕਾਰਾਂ ਤੋਂ ਖ਼ਲਾਸੀ (ਪਾਣ ਦੀ ਥਾਂ) ਹੈ।

(ਕ) **ਬੈਕੁੰਠ ਗੋਬਿੰਦ ਚਰਨ ਨਿਤ ਧਿਆਉ॥**
ਮੁਕਤਿ ਪਦਾਰਥੁ ਸਾਧੂ ਸੰਗਤਿ ਅੰਮ੍ਰਿਤੁ ਹਰਿ ਕਾ ਨਾਉ॥੧॥ਰਹਾਉ॥

(ਸਾਰੰਗ ਮਹਲਾ ੫, ਪੰਨਾ 1220)

ਅਰਥ : ਹੇ ਭਾਈ! ਮੈਂ ਤਾਂ ਸਦਾ ਪਰਮਾਤਮਾ ਦੇ ਚਰਨਾਂ ਦਾ ਧਿਆਨ ਧਰਦਾ ਹਾਂ (ਇਹ ਮੇਰੇ ਲਈ) ਬੈਕੁੰਠ ਹੈ। ਗੁਰੂ ਦੀ ਸੰਗਤਿ ਵਿਚ ਟਿਕੇ ਰਹਿਣਾ (ਮੇਰੇ ਵਾਸਤੇ ਚੌਹਾਂ ਪਦਾਰਥਾਂ ਵਿੱਚੋਂ ਸ੍ਰੇਸ਼ਟ) ਮੁਕਤੀ ਪਦਾਰਥ ਹੈ। ਪਰਮਾਤਮਾ ਦਾ ਨਾਮ ਹੀ (ਮੇਰੇ ਲਈ) ਆਤਮਿਕ ਜੀਵਨ ਦੇਣ ਵਾਲਾ ਜਲ ਹੈ।੧।ਰਹਾਉ।

(ਖ) **ਪ੍ਰਭ ਤੁਮ ਤੇ ਲਹਣਾ ਤੂੰ ਮੇਰਾ ਗਹਣਾ॥ ਜੋ ਤੂੰ ਦੇਹਿ ਸੋਈ ਸੁਖੁ ਸਹਣਾ॥**
ਜਿਥੈ ਰਖਹਿ ਬੈਕੁੰਠੁ ਤਿਥਾਈ ਤੂੰ ਸਭਨਾ ਕੇ ਪ੍ਰਤਿਪਾਲਾ ਜੀਉ॥

(ਮਾਝ ਮਹਲਾ ੫, ਪੰਨਾ 106)

ਅਰਥ : ਹੇ ਪ੍ਰਭੂ (ਸਾਰੇ ਪਦਾਰਥ) ਮੈਂ ਤੇਰੇ ਪਾਸੋਂ ਹੀ ਲੈਣੇ ਹਨ (ਸਦਾ ਲੈਂਦਾ ਰਹਿੰਦਾ ਹਾਂ), ਤੂੰਹੀ ਮੇਰੇ ਆਤਮਿਕ-ਜੀਵਨ ਦੀ ਸੁੰਦਰਤਾ ਦਾ ਵਸੀਲਾ ਹੈਂ। (ਸੁਖ ਚਾਹੇ ਦੁਖ) ਜੋ ਕੁਝ ਤੂੰ ਮੈਨੂੰ ਦੇਂਦਾ ਹੈਂ ਮੈਂ ਉਸ ਨੂੰ ਸੁਖ ਜਾਣ ਕੇ ਸਹਾਰਦਾ ਹਾਂ (ਕਬੂਲਦਾ

ਹਾਂ)। ਹੇ ਪ੍ਰਭੂ! ਤੂੰ ਸਭ ਜੀਵਾਂ ਦੀ ਪਾਲਣਾ ਕਰਨ ਵਾਲਾ ਹੈਂ, ਮੈਨੂੰ ਤੂੰ ਜਿਥੇ ਰੱਖਦਾ ਹੈਂ ਮੇਰੇ ਵਾਸਤੇ ਉਥੇ ਹੀ ਬੈਕੁੰਠ (ਸੁਰਗ) ਹੈ।

(ਗ) **ਘੰਟਾ ਜਾ ਕਾ ਸੁਨੀਐ ਚਹੁ ਕੁੰਟ॥**
ਆਸਨੁ ਜਾ ਕਾ ਸਦਾ ਬੈਕੁੰਠ॥ *(ਆਸਾ ਮਹਲਾ ੫, ਪੰਨਾ 393)*

ਅਰਥ : (ਹੇ ਪੰਡਿਤ!) ਉਸ (ਹਰਿ-ਸਾਲਗਰਾਮ ਦੀ ਰਜ਼ਾ) ਦਾ ਘੰਟਾ (ਸਿਰਫ਼ ਮੰਦਰ ਵਿਚ ਸੁਣੇ ਜਾਣ ਦੀ ਥਾਂ) ਸਾਰੇ ਜਗਤ ਵਿਚ ਹੀ ਸੁਣਿਆ ਜਾਂਦਾ ਹੈ। (ਸਾਧ ਸੰਗਤਿ-ਰੂਪ) ਬੈਕੁੰਠ ਵਿਚ ਉਸ ਦਾ ਨਿਵਾਸ ਸਦਾ ਹੀ ਟਿਕਿਆ ਰਹਿੰਦਾ ਹੈ।

(ਘ) **ਜਿਥੈ ਰਖਹਿ ਬੈਕੁੰਠੁ ਤਿਥਾਈ ਤੂੰ ਸਭਨਾ ਕੇ ਪ੍ਰਤਿਪਾਲਾ ਜੀਉ॥**
(ਮਾਝ ਮਹਲਾ ੫, ਪੰਨਾ 106)

ਅਰਥ : ਹੇ ਪ੍ਰਭੂ! ਤੂੰ ਸਭ ਜੀਵਾਂ ਦੀ ਪਾਲਣਾ ਕਰਨ ਵਾਲਾ ਹੈਂ, ਮੈਨੂੰ ਤੂੰ ਜਿਥੇ ਰੱਖਦਾ ਹੈਂ ਮੇਰੇ ਵਾਸਤੇ ਉਥੇ ਹੀ ਬੈਕੁੰਠ (ਸੁਰਗ) ਹੈ।

ਪੁਰਾਣ ਸਾਹਿਤ ਵਿਚ ਵਰਣਿਤ 'ਬੈਕੁੰਠ' ਬਾਰੇ ਚਰਚਾ ਕਰਦਿਆਂ ਹੋਇਆਂ, ਗੁਰੂ ਗ੍ਰੰਥ ਸਾਹਿਬ ਵਿਚ ਇਹ ਕਿਹਾ ਹੈ:

ਸਭੁ ਕੋਈ ਚਲਨ ਕਹਤ ਹੈ ਊਹਾਂ॥
ਨਾ ਜਾਨਉ ਬੈਕੁੰਠੁ ਹੈ ਕਹਾਂ॥੧॥ਰਹਾਉ॥ *(ਪੰਨਾ 1161)*

ਅਰਥ : ਹਰ ਕੋਈ ਆਖ ਰਿਹਾ ਹੈ ਕਿ ਮੈਂ ਉਸ ਬੈਕੁੰਠ ਵਿਚ ਅੱਪੜਨਾ ਹੈ। ਪਰ ਮੈਨੂੰ ਤਾਂ ਸਮਝ ਨਹੀਂ ਆਈ, (ਕਿ ਇਹਨਾਂ ਦਾ ਉਹ) ਬੈਕੁੰਠ ਕਿਥੇ ਹੈ।੧।ਰਹਾਉ।

ਕਬੀਰ ਸਾਹਿਬ ਇਨ੍ਹਾਂ ਪੰਗਤੀਆਂ ਤੋਂ ਅਗਲੀਆਂ ਤੁਕਾਂ ਵਿਚ ਫ਼ੁਰਮਾਉਂਦੇ ਹਨ:

ਆਪ ਆਪ ਕਾ ਮਰਮੁ ਨ ਜਾਨਾਂ॥
ਬਾਤਨ ਹੀ ਬੈਕੁੰਠੁ ਬਖਾਨਾਂ॥੧॥

ਅਰਥ : (ਇਹਨਾਂ ਲੋਕਾਂ ਨੇ) ਆਪਣੇ ਆਪ ਦਾ ਤਾਂ ਭੇਤ ਨਹੀਂ ਪਾਇਆ, ਨਿਰੀਆਂ ਗੱਲਾਂ ਨਾਲ ਹੀ 'ਬੈਕੁੰਠ' ਆਖ ਰਹੇ ਹਨ।੧।

ਕਬੀਰ ਜੀ ਫਿਰ ਕਹਿੰਦੇ ਹਨ:

ਜਬ ਲਗੁ ਮਨ ਬੈਕੁੰਠ ਕੀ ਆਸ॥
ਤਬ ਲਗੁ ਨਾਹੀ ਚਰਨ ਨਿਵਾਸ॥੨॥

ਅਰਥ : ਹੇ ਮਨ! ਜਦ ਤਕ ਤੇਰੀਆਂ ਬੈਕੁੰਠ ਅੱਪੜਨ ਦੀਆਂ ਆਸਾਂ ਹਨ, ਤਦ ਤਕ ਪ੍ਰਭੂ ਦੇ ਚਰਨਾਂ ਵਿਚ ਨਿਵਾਸ ਨਹੀਂ ਹੋ ਸਕਦਾ।੨।

ਕਬੀਰ ਸਾਹਿਬ ਪੁਰਾਨਿਕ ਬੈਕੁੰਠ' ਦੀ ਗੱਲ ਕਰਦਿਆਂ ਆਖਦੇ ਹਨ:

ਖਾਈ ਕੋਟੁ ਨ ਪਰਲ ਪਗਾਰਾ॥
ਨਾ ਜਾਨਉ ਬੈਕੁੰਠ ਦੁਆਰਾ॥੩॥

ਅਰਥ : ਮੈਨੂੰ ਤਾਂ ਪਤਾ ਨਹੀਂ (ਇਹਨਾਂ ਲੋਕਾਂ ਦੇ) ਬੈਕੁੰਠ ਦਾ ਬੂਹਾ ਕਿਹੋ ਜਿਹਾ ਹੈ, ਕਿਹੋ ਜਿਹਾ ਸ਼ਹਿਰ ਹੈ, ਕਿਹੋ ਜਿਹੀ ਉਸ ਦੀ ਫ਼ਸੀਲ ਹੈ, ਤੇ ਕਿਹੋ ਜਿਹੀ ਉਸ ਦੇ ਦੁਆਲੇ ਖਾਈ ਹੈ।੩।

ਸ਼ਬਦ ਦੀਆਂ ਅੰਤਲੀਆਂ ਪੰਗਤੀਆਂ ਵਿਚ ਕਬੀਰ ਸਾਹਿਬ ਅਸਲ 'ਬੈਕੁੰਠ' ਦਾ ਵਰਣਨ ਕਰਦੇ ਹੋਏ ਕਹਿੰਦੇ ਹਨ:

ਕਹਿ ਕਮੀਰ ਅਬ ਕਹੀਐ ਕਾਹਿ ॥
ਸਾਧਸੰਗਤਿ ਬੈਕੁੰਠੈ ਆਹਿ ॥੪॥ *(ਭੈਰਉ ਕਬੀਰ ਜੀ, ਪੰਨਾ 1161)*

ਅਰਥ: ਕਬੀਰ ਆਖਦਾ ਹੈ—(ਇਹ ਲੋਕ ਸਮਝਦੇ ਨਹੀਂ ਕਿ ਅਗਾਂਹ ਕਿਤੇ ਬੈਕੁੰਠ ਨਹੀਂ ਹੈ) ਕਿਸ ਨੂੰ ਹੁਣ ਆਖੀਏ ਕਿ ਸਾਧ-ਸੰਗਤ ਹੀ ਬੈਕੁੰਠ ਹੈ? (ਤੇ ਉਹ ਬੈਕੁੰਠ ਇਥੇ ਹੀ ਹੈ)।੪।

ਗੁਰੂ ਗ੍ਰੰਥ ਸਾਹਿਬ ਵਿਚ 'ਬੈਕੁੰਠ' ਸ਼ਬਦ ਪੁਰਾਣ ਸਾਹਿਤ 'ਚ ਵਰਣਿਤ 'ਬੈਕੁੰਠ' ਦੇ ਅਰਥਾਂ ਵਿਚ ਵੀ ਆਇਆ ਹੈ। ਪਰੰਤੂ ਬਾਣੀਕਾਰਾਂ ਨੇ ਪੁਰਾਣਿਕ ਸਾਹਿਤ ਦੇ 'ਬੈਕੁੰਠ' ਦੀ ਅਹਿਮੀਅਤ ਨੂੰ ਦ੍ਰਿੜ੍ਹ ਕਰਾਉਣ ਜਾਂ ਇਸ ਵਿਚ ਨਿਵਾਸ ਦੀ ਰੁਚੀ ਨਹੀਂ ਪ੍ਰਗਟਾਈ, ਸਗੋਂ ਇਸ ਦੇ ਉਲਟ ਅਕਾਲ ਪੁਰਖ ਦੇ ਨਾਮ ਦੀ ਮਹਿਮਾਂ ਹੀ ਦ੍ਰਿੜ੍ਹ ਕਰਵਾਈ ਹੈ। 'ਬੈਕੁੰਠ' ਦੀ ਭੂਗੋਲਿਕ ਹੋਂਦ ਨੂੰ ਨਾ ਸਵੀਕਾਰਦੇ ਹੋਏ, ਇਸ ਵਿਚ ਨਿਵਾਸੀ ਬਣਨ ਦੇ ਚਾਹਵਾਨਾਂ ਨੂੰ ਪ੍ਰਭੂ ਦੀ ਸਿਫ਼ਤਿ-ਸਾਲਾਹ ਦੀ ਮਹੱਤਤਾ ਦਰਸਾਉਂਦਿਆਂ ਕਹਿੰਦੇ ਹਨ ਕਿ ਅਕਾਲ ਪੁਰਖ ਦਾ ਨਾਮ ਜਪਿਆਂ ਇਹੋ ਜਿਹੇ ਅਨੇਕਾਂ ਬੈਕੁੰਠ ਹਾਸਲ ਕਰ ਲਈਦੇ ਹਨ। ਭਾਵ, ਨਾਮ ਵਿਚ ਹੀ ਅਨੰਦ ਹੈ:

(ੳ) **ਜਾਸੁ ਜਪਤ ਕਈ ਬੈਕੁੰਠ ਵਾਸੁ ॥** *(ਗਉੜੀ ਮਹਲਾ ੫, ਪੰਨਾ 236)*

ਅਰਥ: ਜਿਸ ਦਾ ਨਾਮ ਜਪਿਆਂ ਮਾਨੋ, ਅਨੇਕਾਂ ਬੈਕੁੰਠਾਂ ਦਾ ਨਿਵਾਸ ਹਾਸਲ ਹੋ ਜਾਂਦਾ ਹੈ।

[*ਨੋਟ:* ਇਸ ਪੰਗਤੀ ਵਿਚ ਕੇਵਲ ਇਹ ਗੱਲ ਹੀ ਦ੍ਰਿੜ੍ਹ ਕਰਵਾਈ ਗਈ ਹੈ ਕਿ ਪ੍ਰਭੂ ਦਾ ਨਾਮ ਜਪਣਾ, ਭਾਵ ਵਾਹਿਗੁਰੂ ਦੇ ਗੁਣਾਂ ਨੂੰ ਹਿਰਦੇ ਵਿਚ ਧਾਰਨ ਕਰਨਾ ਹੀ ਬੈਕੁੰਠ ਦਾ ਨਿਵਾਸ ਹੈ।]

(ਅ) **ਗੁਰ ਕੀ ਸਾਖੀ ਅੰਮ੍ਰਿਤ ਬਾਣੀ ਪੀਵਤ ਹੀ ਪਰਵਾਣੁ ਭਇਆ ॥**
ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ ॥
(ਆਸਾ ਮਹਲਾ ੧, ਪੰਨਾ 360)

ਅਰਥ: ਜਿਸ ਮਨੁੱਖ ਨੇ ਅਟੱਲ ਆਤਮਿਕ ਜੀਵਨ ਦੇਣ ਵਾਲੀ ਗੁਰੂ ਦੀ ਸਿੱਖਿਆ-ਭਰੀ ਬਾਣੀ ਦਾ ਰਸ ਪੀਤਾ ਹੈ, ਉਹ ਪੀਂਦਿਆਂ ਹੀ ਪ੍ਰਭੂ ਦੀਆਂ ਨਜ਼ਰਾਂ ਵਿਚ ਕਬੂਲ ਹੋ ਜਾਂਦਾ ਹੈ, ਉਹ ਪਰਮਾਤਮਾ ਦੇ ਦਰ ਦੇ ਦੀਦਾਰ ਦਾ ਪ੍ਰੇਮੀ ਬਣ ਜਾਂਦਾ ਹੈ, ਉਸ ਨੂੰ ਨਾਹ ਮੁਕਤੀ ਦੀ ਲੋੜ ਰਹਿੰਦੀ ਹੈ ਨਾਹ ਬੈਕੁੰਠ ਦੀ।

(ੲ) **ਸੁਰਗ ਮੁਕਤਿ ਬੈਕੁੰਠ ਸਭਿ ਬਾਂਛਹਿ ਨਿਤਿ ਆਸਾ ਆਸ ਕਰੀਜੈ ॥**
ਹਰਿ ਦਰਸਨ ਕੇ ਜਨ ਮੁਕਤਿ ਨ ਮਾਂਗਹਿ ਮਿਲਿ ਦਰਸਨ ਤ੍ਰਿਪਤਿ ਮਨੁ ਧੀਜੈ ॥
(ਕਲਿਆਣ ਮ: ੪, ਪੰਨਾ 1324)

ਅਰਥ: ਹੇ ਭਾਈ! ਸਾਰੇ ਲੋਕ ਸੁਰਗ ਮੁਕਤੀ ਬੈਕੁੰਠ (ਹੀ) ਮੰਗਦੇ ਰਹਿੰਦੇ ਹਨ, ਸਦਾ (ਸੁਰਗ ਮੁਕਤੀ ਬੈਕੁੰਠ ਦੀ ਹੀ) ਆਸ ਕੀਤੀ ਜਾ ਰਹੀ ਹੈ। ਪਰ ਪਰਮਾਤਮਾ

ਵੇ ਦਰਸ਼ਨ ਦੇ ਪ੍ਰੇਮੀ ਭਗਤ ਮੁਕਤੀ ਨਹੀਂ ਮੰਗਦੇ। (ਪਰਮਾਤਮਾ ਨੂੰ) ਮਿਲ ਕੇ (ਪਰਮਾਤਮਾ ਦੇ) ਦਰਸ਼ਨ ਦੇ ਰਜੇਵੇਂ ਨਾਲ (ਉਹਨਾਂ ਦਾ) ਮਨ ਸ਼ਾਂਤ ਰਹਿੰਦਾ ਹੈ।

(ਸ) **ਅੰਤਰਿ ਮੈਲੁ ਜੇ ਤੀਰਥ ਨਾਵੈ ਤਿਸੁ ਬੈਕੁੰਠ ਨ ਜਾਨਾਂ ॥**
ਲੋਕ ਪਤੀਣੇ ਕਛੂ ਨ ਹੋਵੈ ਨਾਹੀ ਰਾਮੁ ਅਯਾਨਾ ॥

(ਆਸਾ ਕਬੀਰ ਜੀ, ਪੰਨਾ 484)

ਅਰਥ : ਜੇ ਮਨ ਵਿਚ ਵਿਕਾਰਾਂ ਦੀ ਮੈਲ (ਭੀ ਟਿਕੀ ਰਹੇ, ਤੇ) ਕੋਈ ਮਨੁੱਖ ਤੀਰਥਾਂ ਉੱਤੇ ਨ੍ਹਾਉਂਦਾ ਫਿਰੇ, ਤਾਂ ਇਸ ਤਰ੍ਹਾਂ ਉਸ ਨੇ ਸੁਰਗ ਵਿਚ ਨਹੀਂ ਜਾ ਅੱਪੜਨਾ; (ਤੀਰਥਾਂ ਉੱਤੇ ਨ੍ਹਾਤਿਆਂ ਲੋਕ ਤਾਂ ਕਹਿਣ ਲੱਗ ਪੈਣਗੇ ਕਿ ਇਹ ਭਗਤ ਹੈ, ਪਰ) ਲੋਕਾਂ ਦੇ ਪਤੀਜਿਆਂ ਕੋਈ ਲਾਭ ਨਹੀਂ ਹੁੰਦਾ, ਕਿਉਂਕਿ ਪਰਮਾਤਮਾ (ਜੋ ਹਰੇਕ ਦੇ ਦਿਲ ਦੀ ਜਾਣਦਾ ਹੈ) ਅੰਞਾਣਾ ਨਹੀਂ ਹੈ।

[*ਨੋਟ :* ਕਬੀਰ ਸਾਹਿਬ ਨੇ ਇਸ ਸ਼ਬਦ ਵਿਚ ਰਸਮੀ ਧਰਮ-ਕਰਮ ਸੰਬੰਧੀ ਪ੍ਰਚਲਿਤ ਭਰਮ-ਭੁਲੇਖਿਆਂ ਤੋਂ ਮਨੁੱਖਤਾ ਨੂੰ ਉਪਰ ਉਠਾਇਆ ਹੈ। ਲੋਕਾਈ ਨੂੰ ਸੁਚੇਤ ਕਰਦਿਆਂ ਹੋਇਆਂ ਸਪੱਸ਼ਟ ਕੀਤਾ ਹੈ ਕਿ ਰਸਮੀ ਧਰਮ-ਕਰਮ ਦਾ ਮਨੁੱਖ ਨੂੰ ਆਤਮਿਕ ਲਾਭ ਨਹੀਂ ਹੁੰਦਾ। ਆਮ ਲੋਕਾਂ ਵਲੋਂ ਕਿਸੇ ਨੂੰ ਕਰਮ-ਕਾਂਡ ਕਰਦਿਆਂ ਦੇਖ ਕੇ ਧਰਮੀ ਹੋਣ ਦਾ ਸਰਟੀਫ਼ਿਕੇਟ ਜਾਰੀ ਕਰ ਦੇਣ ਨਾਲ ਆਤਮਿਕ-ਮੌਤ ਤੋਂ ਬਚਾਓ ਨਹੀਂ ਹੁੰਦਾ। ਜਨ-ਸਾਧਾਰਨ ਲੋਕਾਈ ਜੋ ਰਸਮੀ ਧਰਮ-ਕਰਮ ਦੁਆਰਾ ਬੈਕੁੰਠ ਵਿਚ ਪਹੁੰਚਣ ਦੀ ਆਸ ਲਗਾਈ ਬੈਠੀ ਹੈ, ਕਬੀਰ ਸਾਹਿਬ ਉਨ੍ਹਾਂ ਨੂੰ ਧਰਮ ਦਾ ਸਹੀ ਮਾਰਗ ਦੱਸਦਿਆਂ ਹੋਇਆਂ ਕਹਿੰਦੇ ਹਨ ਅਸਲ ਤੀਰਥ ਇਸ਼ਨਾਨ ਤਾਂ "ਪੂਜਹੁ ਰਾਮੁ ਏਕੁ ਹੀ ਦੇਵਾ॥ ਸਾਚਾ ਨਾਵਣੁ ਗੁਰ ਕੀ ਸੇਵਾ॥" ਹੈ। ਇਸ ਇਸ਼ਨਾਨ ਦੀ ਬਰਕਤਿ ਨਾਲ ਹੀ ਹਿਰਦੇ ਦੀ ਪਵਿੱਤਰਤਾ ਦੇ ਧਾਰਨੀ ਬਣ ਸਕੀਦਾ ਹੈ।]

(ਹ) **ਚਲੁ ਰੇ ਬੈਕੁੰਠ ਤੁਝਹਿ ਲੇ ਤਾਰਉ ॥**
ਹਿਚਹਿ ਤ ਪ੍ਰੇਮ ਕੈ ਚਾਬੁਕ ਮਾਰਉ ॥ *(ਗਉੜੀ ਕਬੀਰ ਜੀ, ਪੰਨਾ 329)*

ਅਰਥ : ਚੱਲ, ਹੇ (ਮਨ-ਰੂਪ ਘੋੜੇ)! ਤੈਨੂੰ ਬੈਕੁੰਠ ਦੀ ਸੈਰ ਕਰਾਵਾਂ; ਜੇ ਅੜੀ ਕੀਤੀਓਈ, ਤਾਂ ਤੈਨੂੰ ਮੈਂ ਪ੍ਰੇਮ ਦਾ ਚਾਬਕ ਮਾਰਾਂਗਾ।

ਕਬੀਰ ਸਾਹਿਬ ਜੀ ਦੇ ਜਿਸ ਸ਼ਬਦ ਦੀਆਂ ਇਹ ਪੰਗਤੀਆਂ ਹਨ, ਉਸ ਨੂੰ ਪੜ੍ਹਿਆਂ ਠੀਕ ਪਤਾ ਚੱਲਦਾ ਹੈ ਕਿ ਕਬੀਰ ਸਾਹਿਬ ਇਸ ਸ਼ਬਦ ਵਿਚ ਮਨ ਨੂੰ ਕਿਹੜੇ ਬੈਕੁੰਠ ਦੀ ਸੈਰ ਕਰਾਉਣ ਦੀ ਗੱਲ ਕਰ ਰਹੇ ਹਨ। ਸ਼ਬਦ ਦੀਆਂ ਬਾਕੀ ਪੰਗਤੀਆਂ ਹਨ :

ਦੇਇ ਮੁਹਾਰ ਲਗਾਮੁ ਪਹਿਰਾਵਉ ॥
ਸਗਲ ਤ ਜੀਨੁ ਗਗਨ ਦਉਰਾਵਉ ॥੧॥
ਅਪਨੈ ਬੀਚਾਰਿ ਅਸਵਾਰੀ ਕੀਜੈ ॥
ਸਹਜ ਕੈ ਪਾਵੜੈ ਪਗੁ ਧਰਿ ਲੀਜੈ ॥੧॥ਰਹਾਉ॥...
ਕਹਤ ਕਬੀਰ ਭਲੇ ਅਸਵਾਰਾ ॥
ਬੇਦ ਕਤੇਬ ਤੇ ਰਹਹਿ ਨਿਰਾਰਾ ॥੩॥ *(ਗਉੜੀ ਕਬੀਰ ਜੀ, ਪੰਨਾ 329)*

ਅਰਥ : ਮੈਂ ਤਾਂ (ਆਪਣੇ ਮਨ-ਰੂਪ ਘੋੜੇ ਨੂੰ ਉਸਤਤਿ ਨਿੰਦਾ ਤੋਂ ਰੋਕਣ ਦੀ) ਪੂਜੀ (ਘੋੜੇ ਦੇ ਪੂਜ/ਮੂੰਹ ਦਾ ਬੰਧਨ) ਦੇ ਕੇ (ਪ੍ਰੇਮ ਦੀ ਲਗਨ ਦੀ) ਲਗਾਮ ਪਾਂਦਾ

ਹਾਂ ਅਤੇ ਪ੍ਰਭੂ ਨੂੰ ਸਭ ਥਾਈਂ ਵਿਆਪਕ ਜਾਣਨਾ—ਇਹ ਕਾਠੀ ਪਾ ਕੇ (ਮਨ ਨੂੰ) ਨਿਰੰਕਾਰ ਦੇ ਦੇਸ ਦੀ ਉਡਾਰੀ ਲਵਾਉਂਦਾ ਹਾਂ (ਭਾਵ, ਮਨ ਨੂੰ ਪ੍ਰਭੂ ਦੀ ਯਾਦ ਵਿਚ ਜੋੜਦਾ ਹਾਂ)।੧।

(ਆਓ, ਭਾਈ !) ਆਪਣੇ ਸਰੂਪ ਦੇ ਗਿਆਨ-ਰੂਪ ਘੋੜੇ ਉੱਤੇ ਸਵਾਰ ਹੋ ਜਾਈਏ (ਭਾਵ, ਅਸਾਡਾ ਅਸਲਾ ਕੀਹ ਹੈ, ਇਸ ਵਿਚਾਰ ਨੂੰ ਘੋੜਾ ਬਣਾ ਕੇ ਇਸ ਉੱਤੇ ਸਵਾਰ ਹੋਵੀਏ; ਹਰ ਵੇਲੇ ਆਪਣੇ ਅਸਲੇ ਦਾ ਚੇਤਾ ਰੱਖੀਏ), ਅਤੇ ਆਪਣੀ ਅਕਲ-ਰੂਪ ਪੈਰ ਨੂੰ ਸਹਿਜ ਅਵਸਥਾ ਦੀ ਰਕਾਬ ਵਿਚ ਰੱਖੀ ਰੱਖੀਏ।੧।ਰਹਾਉ।

ਕਬੀਰ ਆਖਦਾ ਹੈ—(ਇਹੋ ਜਿਹੇ) ਸਿਆਣੇ ਅਸਵਾਰ (ਜੋ ਆਪਣੇ ਮਨ ਉੱਤੇ ਸਵਾਰ ਹੁੰਦੇ ਹਨ) ਵੇਦਾਂ ਤੇ ਕਤੇਬਾਂ (ਨੂੰ ਸੱਚੇ-ਝੂਠੇ ਆਖਣ ਦੇ ਝਗੜੇ) ਤੋਂ ਵੱਖਰੇ ਰਹਿੰਦੇ ਹਨ।੩।

ਪ੍ਰੋਫ਼ੈਸਰ ਸਾਹਿਬ ਸਿੰਘ ਇਸ ਸ਼ਬਦ ਦੇ ਭਾਵ ਸੰਬੰਧੀ ਲਿਖਦੇ ਹਨ, "ਹੋਰਨਾਂ ਮਤਾਂ ਦੇ ਧਰਮ-ਪੁਸਤਕਾਂ ਨੂੰ ਨਿੰਦਣ ਦੇ ਥਾਂ, ਧਰਮ ਦਾ ਸਹੀ ਰਸਤਾ ਇਹ ਹੈ ਕਿ ਆਪਣੇ ਅਸਲੇ ਪਰਮਾਤਮਾ ਨੂੰ ਸਦਾ ਚੇਤੇ ਰੱਖੀਏ, ਤੇ ਇਸ ਤਰ੍ਹਾਂ ਮਨ ਨੂੰ ਵਿਕਾਰਾਂ ਵਿਚ ਨਾਹ ਡੋਲਣ ਦੇਈਏ। ਜੋ ਮਨੁੱਖ ਸਰਬ-ਵਿਆਪਕ ਪ੍ਰਭੂ ਦੇ ਚਰਨਾਂ ਨਾਲ ਪ੍ਰੇਮ ਜੋੜਦਾ ਹੈ, ਉਹ ਮਾਨੋ ਬੈਕੁੰਠ ਵਿਚ ਉਡਾਰੀਆਂ ਲਾਉਂਦਾ ਹੈ।"

(ਕ) **ਅਜੈਮਲ ਕੀਓ ਬੈਕੁੰਠਹਿ ਥਾਨ ॥** *(ਗੋਂਡ ਨਾਮਦੇਉ ਜੀ, ਪੰਨਾ 874)*

ਅਰਥ : ਅਜਾਮਲ ਪਾਪੀ ਨੂੰ ਬੈਕੁੰਠ ਵਿਚ ਥਾਂ ਦਿੱਤੀ।

[*ਨੋਟ :* ਇਸ ਸ਼ਬਦ ਦੀਆਂ ਰਹਾਉ ਦੀਆਂ ਪੰਗਤੀਆਂ ਹਨ : ਹਰਏ ਨਮਸਤੇ ਹਰਏ ਨਮਹ॥ ਹਰਿ ਹਰਿ ਕਰਤ ਨਹੀ ਦੁਖੁ ਜਮਹ॥ (*ਅਰਥ :* ਮੇਰੀ ਉਸ ਪਰਮਾਤਮਾ ਨੂੰ ਨਮਸਕਾਰ ਹੈ, ਜਿਸ ਦਾ ਸਿਮਰਨ ਕੀਤਿਆਂ ਜਮਾਂ ਦਾ ਦੁਖ ਨਹੀਂ ਰਹਿੰਦਾ।) ਭਗਤ ਨਾਮਦੇਵ ਜੀ ਇਸ ਸ਼ਬਦ ਵਿਚ ਮੁੱਖ ਰੂਪ ਵਿਚ ਇਹ ਗੱਲ ਹੀ ਸਮਝਾ ਰਹੇ ਹਨ ਕਿ ਪ੍ਰਭੂ ਦਾ ਸਿਮਰਨ ਹੀ ਸਭ ਤੋਂ ਸ੍ਰੇਸ਼ਟ ਹੈ। ਸਿਮਰਨ ਦੀ ਬਰਕਤ ਨਾਲ ਹੀ ਸਾਰੀਆਂ ਆਤਮਿਕ ਔਕੜਾਂ ਦੂਰ ਹੁੰਦੀਆਂ ਹਨ; ਇਸ ਦੀ ਬਦੌਲਤ ਹੀ ਵਿਕਾਰੀ ਮਨੁੱਖਾਂ ਨੇ ਵਿਕਾਰਾਂ ਤੋਂ ਤੌਬਾ ਕਰਕੇ ਪਵਿੱਤਰ ਜੀਵਨ ਜੀਵਿਆ ਹੈ।]

ਚੂੰਕਿ ਆਮ ਲੋਕਾਂ ਵਿਚ ਪੁਰਾਣਿਕ ਕਥਾਵਾਂ ਪ੍ਰਚਲਿਤ ਸਨ, ਲੋਕੀਂ ਇਨ੍ਹਾਂ ਕਥਾਵਾਂ ਨੂੰ ਸੱਚੀਆਂ ਮੰਨੀ ਬੈਠੇ ਸਨ। (ਉਸ ਸਮੇਂ ਹੀ ਨਹੀਂ ਅੱਜ ਵੀ ਪੁਰਾਣਾਂ ਵਿਚ ਵਿਸ਼ਵਾਸ ਰੱਖਣ ਵਾਲੇ ਇਨ੍ਹਾਂ ਨੂੰ ਸੱਚ ਹੀ ਮੰਨਦੇ ਹਨ। ਅਸੀਂ ਸਿੱਖ ਜਗਤ ਵੱਲ ਹੀ ਨਿਗਾਹ ਮਾਰੀਏ ਤਾਂ ਅਨੇਕਾਂ ਸਿੱਖ ਅਖਵਾਉਣ ਵਾਲੇ ਵੀ ਇਨ੍ਹਾਂ ਪੁਰਾਣਿਕ ਕਥਾਵਾਂ ਨੂੰ ਸੱਚ ਹੀ ਮੰਨਦੇ ਹਨ।) ਪਰ ਗੁਰਬਾਣੀ ਰਚੇਤਿਆਂ ਨੇ ਇਨ੍ਹਾਂ ਦੇ ਦ੍ਰਿਸ਼ਟਾਂਤ ਦੇ ਕੇ ਕੇਵਲ ਆਪਣੀ ਗੱਲ ਹੀ ਸਮਝਾਈ ਹੈ।

(ਖ) **ਕਰ ਧਰੇ ਚਕ੍ਰ ਬੈਕੁੰਠ ਤੇ ਆਏ ਗਜ ਹਸਤੀ ਕੇ ਪ੍ਰਾਨ ਉਧਾਰੀਅਲੇ ॥**

(ਮਾਲੀ ਗਉੜਾ ਨਾਮਦੇਉ ਜੀ, ਪੰਨਾ 988)

ਅਰਥ : ਹੇ ਮਾਧੋ ! ਹੱਥਾਂ ਵਿਚ ਚੱਕਰ ਫੜ ਕੇ ਬੈਕੁੰਠ ਤੋਂ (ਹੀ) ਆਇਆ ਸੈਂ ਤੇ ਗਜ (ਹਾਥੀ) ਦੀ ਜਿੰਦ (ਤੰਦੂਏ ਤੋਂ) ਤੂੰ ਹੀ ਬਚਾਈ ਸੀ।

[ਨੋਟ: ਇਸ ਸ਼ਬਦ ਵਿਚ ਪੁਰਾਣਿਕ ਕਥਾ ਦਾ ਹਵਾਲਾ ਦੇਂਦਿਆਂ ਇਹ ਗੱਲ ਸਮਝਾਈ ਹੈ ਕਿ ਅਕਾਲ ਪੁਰਖ ਹੀ ਸਹਾਇਤਾ ਕਰਨ ਵਾਲਾ ਹੈ। ਪੁਰਾਣਾਂ ਦੀ ਕਥਾ ਅਨੁਸਾਰ ਗਜ ਦੀ ਵਿਸ਼ਨੂੰ ਨੇ ਸਹਾਇਤਾ ਕੀਤੀ ਸੀ, ਪਰੰਤੂ ਇਥੇ ਇਸ ਗੱਲ ਨੂੰ ਦਰਸਾਇਆ ਗਿਆ ਹੈ ਕਿ ਸਹਾਇਤਾ ਕੇਵਲ ਪ੍ਰਭੂ ਹੀ ਕਰਨ ਦੇ ਸਮਰੱਥ ਹੈ। ਗੁਰੂ ਤੇਗ਼ ਬਹਾਦਰ ਜੀ ਵੀ ਇਸ ਪੁਰਾਣ ਕਥਾ ਦਾ ਦ੍ਰਿਸ਼ਟਾਂਤ ਦੇਂਦੇ ਹੋਏ ਫ਼ੁਰਮਾਉਂਦੇ ਹਨ: ਜਬ ਹੀ ਸਰਨਿ ਗਹੀ ਕਿਰਪਾ ਨਿਧਿ ਗਜ ਗਰਾਹ ਤੇ ਛੂਟਾ॥ ਮਹਮਾ ਨਾਮ ਕਹਾ ਲਉ ਬਰਨਉ ਰਾਮ ਕਹਤ ਬੰਧਨ ਤਿਹ ਤੂਟਾ॥ (ਪੰਨਾ 632) ਗੁਰੂ ਤੇਗ਼ ਬਹਾਦਰ ਜੀ ਮਹਾਰਾਜ 'ਕਿਰਪਾ ਨਿਧਿ' ਸ਼ਬਦ ਅਕਾਲ ਪੁਰਖ ਲਈ ਵਰਤ ਰਹੇ ਹਨ। ਮੂਲ ਰੂਪ ਵਿਚ ਗੁਰਦੇਵ ਨੇ ਇਸ ਸ਼ਬਦ ਵਿਚ ਵੀ ਨਾਮ ਦੀ ਮਹਿਮਾਂ ਹੀ ਦ੍ਰਿੜ੍ਹ ਕਰਵਾਈ ਹੈ। ਇਸ ਲਈ ਉਪਰੋਕਤ ਪੰਗਤੀ (ਕਰ ਧਰੇ ਚਕ੍ਰ ਬੈਕੁੰਠ ਤੇ ਆਏ ਗਜ ਹਸਤੀ ਕੇ ਪ੍ਰਾਨ ਉਧਾਰੀਅਲੇ॥) ਵਿਚ ਵੀ ਇਹੀ ਗੱਲ ਦ੍ਰਿੜ੍ਹ ਕਰਵਾਈ ਗਈ ਹੈ ਕਿ ਹਰੇਕ ਦੀ ਸਹਾਇਤਾ ਕਰਨ ਦੇ ਸਮਰੱਥ ਕੇਵਲ ਅਕਾਲ ਪੁਰਖ ਆਪ ਹੀ ਹੈ; ਗਜ ਦੀ ਸਹਾਇਤਾ ਵੀ ਉਸੇ ਨੇ ਹੀ ਕੀਤੀ ਹੈ। ਧਿਆਨ ਰਹੇ ਇਥੇ ਜਾਂ ਗੁਰਬਾਣੀ ਵਿਚ ਜਿਥੇ ਕਿਤੇ ਵੀ ਪੁਰਾਣਿਕ ਕਥਾਵਾਂ ਦਾ ਵਰਣਨ ਹੈ, ਉਥੇ ਇਹ ਵਰਣਨ ਇਹਨਾਂ ਕਥਾਵਾਂ ਦੀ ਸਵੀਕ੍ਰਿਤੀ ਦੇ ਰੂਪ ਵਿਚ ਨਹੀਂ ਸਗੋਂ ਕੇਵਲ ਦ੍ਰਿਸ਼ਟਾਂਤ ਵਜੋਂ ਜਾਂ ਅਲੰਕਾਰਕ ਰੂਪ ਵਿਚ ਹੀ ਕੀਤਾ ਗਿਆ ਹੈ]

(ਗ) **ਕਈ ਬੈਕੁੰਠ ਨਾਹੀ ਲਵੈ ਲਾਗੇ॥**
ਮੁਕਤਿ ਬਪੁੜੀ ਭੀ ਗਿਆਨੀ ਤਿਆਗੇ॥ *(ਮਾਰੂ ਮਹਲਾ ੫, ਪੰਨਾ 1078)*

ਅਰਥ: ਹੇ ਭਾਈ! ਅਨੇਕਾਂ ਬੈਕੁੰਠ (ਗੁਰੂ ਦੇ ਦਰਸ਼ਨ ਦੀ) ਬਰਾਬਰੀ ਨਹੀਂ ਕਰ ਸਕਦੇ। ਜਿਹੜਾ ਮਨੁੱਖ (ਗੁਰੂ ਦੀ ਰਾਹੀਂ) ਪਰਮਾਤਮਾ ਨਾਲ ਸਾਂਝ ਪਾਂਦਾ ਹੈ, ਉਹ ਮੁਕਤੀ ਨੂੰ ਭੀ ਇਕ ਨਿਮਾਣੀ ਜਿਹੀ ਚੀਜ਼ ਸਮਝ ਕੇ (ਇਸ ਦੀ ਲਾਲਸਾ) ਛੱਡ ਦੇਂਦਾ ਹੈ।

[ਨੋਟ: ਸ਼ਬਦ ਦੀਆਂ ਇਨ੍ਹਾਂ ਪੰਗਤੀਆਂ ਵਿਚ ਵੀ ਪੁਰਾਣ ਸਾਹਿਤ ਦੇ 'ਬੈਕੁੰਠ' ਦੇ ਮੁਕਾਬਲੇ ਗੁਰਮਤਿ ਦੀ ਸ੍ਰੇਸ਼ਟਤਾ ਦਰਸਾਈ ਹੈ।]

(ਘ) **ਸ੍ਰੀਰੰਗ ਬੈਕੁੰਠ ਕੇ ਵਾਸੀ॥**
ਮਛੁ ਕਛੁ ਕੂਰਮੁ ਆਗਿਆ ਅਉਤਰਾਸੀ॥
ਕੇਸਵ ਚਲਤ ਕਰਹਿ ਨਿਰਾਲੇ ਕੀਤਾ ਲੋੜਹਿ ਸੋ ਹੋਇਗਾ॥
(ਮਾਰੂ ਮਹਲਾ ੫, ਪੰਨਾ 1082)

ਅਰਥ: ਹੇ ਲੱਛਮੀ ਦੇ ਪਤੀ! ਹੇ ਬੈਕੁੰਠ ਦੇ ਰਹਿਣ ਵਾਲੇ! ਮੱਛ ਤੇ ਕੱਛੂ ਕੂੰਮਾ (ਆਦਿਕ) ਤੇਰੀ ਹੀ ਆਗਿਆ ਵਿਚ ਅਵਤਾਰ ਹੋਇਆ। ਹੇ ਸੋਹਣੇ ਲੰਮੇ ਕੇਸਾਂ ਵਾਲੇ! ਤੂੰ (ਸਦਾ) ਅਨੋਖੇ ਕੌਤਕ ਕਰਦਾ ਹੈਂ। ਜੋ ਕੁਝ ਤੂੰ ਕਰਨਾ ਚਾਹੁੰਦਾ ਹੈਂ, ਜ਼ਰੂਰ ਉਹੀ ਹੁੰਦਾ ਹੈ।

[ਨੋਟ: ਇਨ੍ਹਾਂ ਪੰਗਤੀਆਂ ਵਿਚ ਹਜ਼ੂਰ ਪੁਰਾਣ ਸਾਹਿਤ ਦੇ ਵਿਸ਼ਨੂੰ ਨੂੰ ਨਹੀਂ ਸਗੋਂ ਅਕਾਲ ਪੁਰਖ ਨੂੰ ਹੀ ਬੈਕੁੰਠ ਦਾ ਨਿਵਾਸੀ ਆਖ ਰਹੇ ਹਨ। ਜਿਸ ਤਰ੍ਹਾਂ ਬਾਣੀ ਵਿਚ ਪ੍ਰਭੂ ਦੀ ਸਰਬ-ਵਿਆਪਕਤਾ ਦਰਸਾਉਣ ਲਈ ਬਾਣੀਕਾਰਾਂ ਨੇ ਕਈ ਥਾਂਈਂ ਪੁਰਾਣ ਸਾਹਿਤ ਦੇ ਕਈ ਲੋਕਾਂ/ਪੁਰੀਆਂ ਦਾ ਵਰਣਨ ਕੀਤਾ ਹੈ, ਉਸੇ ਤਰ੍ਹਾਂ ਇਥੇ ਪਰਮਾਤਮਾ ਨੂੰ 'ਬੈਕੁੰਠ' ਵਾਸੀ

ਆਖਿਆ ਹੈ। ਹਰੇਕ ਸ਼ਕਤੀ ਦਾ ਸੋਮਾ ਅਕਾਲ ਪੁਰਖ ਆਪ ਹੀ ਹੈ ਕੋਈ ਹੋਰ ਨਹੀਂ। ਧਿਆਨ ਰਹੇ ਕਿ ਗੁਰਬਾਣੀ ਦੀ ਜੀਵਨ-ਜੁਗਤ ਵਿਚ ਅਵਤਾਰਵਾਦ ਦੇ ਸੰਕਲਪ ਨੂੰ ਪ੍ਰਵਾਨ ਨਹੀਂ ਕੀਤਾ ਗਿਆ ਹੈ। ਉਪਰੋਕਤ ਪੰਗਤੀ ਵਿਚ ਗੁਰੂ ਸਾਹਿਬ ਅਕਾਲ ਪੁਰਖ ਦੀ ਸਰਬ-ਵਿਆਪਕਤਾ, ਸਮਰੱਥਾ ਅਤੇ ਉਸ ਦੇ ਕਰਤਾ ਭਾਵ ਦਾ ਵਰਣਨ ਕਰ ਰਹੇ ਹਨ। ਇਸੇ ਪ੍ਰਕਰਣ ਵਿਚ ਹਜ਼ੂਰ ਲੋਕਾਂ ਵਲੋਂ ਸਵੀਕਾਰ ਕੀਤੀ ਪੁਰਾਣਿਕ ਧਾਰਨਾ ਦਾ ਜ਼ਿਕਰ ਕਰਦੇ ਹੋਏ ਕਹਿੰਦੇ ਹਨ ਕਿ 'ਬੈਕੁੰਠ' ਵਿਚ ਵੀ ਉਸ ਪ੍ਰਭੂ ਦਾ ਹੀ ਨਿਵਾਸ ਹੈ ਅਤੇ ਉਸ ਦੀ ਆਗਿਆ ਅਥਵਾ ਉਸ ਤੋਂ ਹੀ ਮੱਛ-ਕੱਛ ਆਦਿ ਦਾ ਅਵਤਾਰ ਹੋਇਆ ਹੈ।]

(ਙ) **ਕੋਟਿ ਬੈਕੁੰਠ ਜਾ ਕੀ ਦ੍ਰਿਸਟੀ ਮਾਹਿ ॥** *(ਭੈਰਉ ਮਹਲਾ ੫, ਪੰਨਾ 1156)*

ਅਰਥ : ਕ੍ਰੋੜਾਂ ਹੀ ਬੈਕੁੰਠ ਉਸ ਦੀ (ਮਿਹਰ ਦੀ) ਨਿਗਾਹ ਵਿਚ ਹਨ।

[*ਨੋਟ :* ਇਸ ਪੰਗਤੀ ਵਿਚ ਪ੍ਰਭੂ ਦੀ ਮਿਹਰ ਦੀ ਦ੍ਰਿਸ਼ਟੀ ਦੇ ਮੁਕਾਬਲੇ ਪੁਰਾਣ ਸਾਹਿਤ ਦੇ ਬੈਕੁੰਠ ਦੀ ਤੁੱਛਤਾ ਦਰਸਾਈ ਹੈ।]

(ਚ) **ਹਰਿ ਜਨ ਰਾਮ ਰਾਮ ਰਾਮ ਧਿਆਂਏ ॥**
ਏਕ ਪਲਕ ਸੁਖ ਸਾਧ ਸਮਾਗਮ ਕੋਟਿ ਬੈਕੁੰਠਹ ਪਾਂਏ ॥੧॥ਰਹਾਉ॥
(ਸਾਰਗ ਮਹਲਾ ੫, ਪੰਨਾ 1208)

ਅਰਥ : ਹੇ ਭਾਈ! ਪਰਮਾਤਮਾ ਦੇ ਭਗਤ ਸਦਾ ਹੀ ਪਰਮਾਤਮਾ ਦਾ ਨਾਮ ਸਿਮਰਦੇ ਹਨ। ਸਾਧ ਸੰਗਤਿ ਦੇ ਇਕ ਪਲ ਭਰ ਦੇ ਸੁਖ (ਨੂੰ ਉਹ ਇਉਂ ਸਮਝਦੇ ਹਨ ਕਿ) ਕ੍ਰੋੜਾਂ ਬੈਕੁੰਠ ਹਾਸਲ ਕਰ ਲਏ ਹਨ।੧।ਰਹਾਉ।

ਭਾਈ ਗੁਰਦਾਸ ਜੀ ਗੁਰਮਤਿ ਦੀ ਵਡੱਪਣ ਦਰਸਾਉਂਦਿਆਂ ਲਿਖਦੇ ਹਨ :

ਚਰਣੋਦਕੁ ਹੋਇ ਸੁਰਸਰੀ ਤਜਿ ਬੈਕੁੰਠ ਧਰਤਿ ਵਿਚਿ ਆਈ।
ਨਉ ਸੈ ਨਦੀ ਨੜਿੰਨਵੈ ਅਠਸਠਿ ਤੀਰਥਿ ਅੰਗਿ ਸਮਾਈ।
ਤਿਹੂ ਲੋਈ ਪਰਵਾਣੁ ਹੈ ਮਹਾਦੇਵ ਲੈ ਸੀਸ ਚੜ੍ਹਾਈ।
ਦੇਵੀ ਦੇਵ ਸਰੇਵਦੇ ਜੈ ਜੈ ਕਾਰ ਵਡੀ ਵਡਿਆਈ।
ਸਣੁ ਗੰਗਾ ਬੈਕੁੰਠ ਲਖ ਲਖ ਬੈਕੁੰਠ ਨਾਥਿ ਲਿਵ ਲਾਈ।
ਸਾਧੂ ਧੂੜਿ ਦੁਲੰਭ ਹੈ ਸਾਧ ਸੰਗਤਿ ਸਤਿਗੁਰੁ ਸਰਣਾਈ।
ਚਰਨ ਕਵਲ ਦਲ ਕੀਮ ਨ ਪਾਈ ॥੪॥ *(ਵਾਰ 23, ਪਉੜੀ 4)*

ਅਰਥ : ਲੋਕ ਪ੍ਰਸਿੱਧ ਕਥਾ ਹੈ ਕਿ ਗੰਗਾ ਬਾਵਨ ਦੇ ਚਰਨਾਂ ਦਾ ਚਰਣਾਂਮ੍ਰਿਤ ਹੋਣ ਕਰ ਕੇ, ਬੈਕੁੰਠ ਛੱਡ ਕੇ ਧਰਤੀ ਵਿਖੇ ਆਈ। ਨੌਂ ਸੈ ਨੜਿੰਨਵੇਂ ਨਦੀਆਂ ਤੇ ਅਠਾਹਠ ਤੀਰਥਾਂ ਨੇ ਗੰਗਾ ਵਿਖੇ ਸਮਾਈ ਕੀਤੀ, ਗੰਗਾ ਇਸ਼ਨਾਨ ਦਾ ਫਲ ਸਭ ਤੋਂ ਸ੍ਰੇਸ਼ਟ ਮੰਨਦੇ ਹਨ। ਤਿੰਨਾਂ ਲੋਕਾਂ ਵਿਖੇ ਪ੍ਰਮਾਣੀਕ ਹੋਈ ਅਰਥਾਤ ਉਸ ਦੀਆਂ ਤਿੰਨ ਧਾਰਾਂ ਹੋ ਗਈਆਂ, ਪਾਤਾਲ ਧਾਰਾ ਦਾ ਨਾਮ ਭੋਗਾਵਤੀ, ਸੁਰਗ ਧਾਰਾ ਦਾ ਨਾਮ ਅਮਰਾਵਤੀ, ਅਰ ਭੂਲਕ ਲੋਕ ਵਿਖੇ ਗੰਗਾ ਨਾਮ ਕਹੀਦਾ ਹੈ। ਇਸੇ ਨੂੰ ਸ਼ਿਵ ਨੇ ਲੈ ਕੇ ਸਿਰ ਪੁਰ ਰੱਖਿਆ। ਦੇਵੀਆਂ ਅਰ ਦੇਵਤੇ ਸੇਂਵਦੇ ਹਨ, ਜੈ ਜੈ ਕਾਰ ਹੁੰਦੀ ਅਰ ਵੱਡੀ ਸ਼ੋਭਾ ਹੁੰਦੀ ਹੈ। ਪਰ ਲੱਖਾਂ ਬੈਕੁੰਠ ਅਰ ਲੱਖਾਂ ਬੈਕੁੰਠਾਂ ਦੇ ਸੁਆਮੀ ਇਸ ਗੰਗਾ ਸਮੇਤ ਲਿਵ ਲਾ ਕੇ ਧਿਆਨ ਕਰਕੇ ਇਹ ਗੱਲ ਆਖਦੇ ਹਨ ਕਿ ਸੰਤਾਂ ਦੇ

ਚਰਣਾਂ ਦੀ ਧੂੜ ਬਹੁਤ ਹੀ ਦੁਰਲੱਭ ਹੈ, ਜੋ ਸਤਿਗੁਰੂ ਅਤੇ ਸਾਧ ਸੰਗਤ ਦੀ ਸ਼ਰਨ ਆਉਣ ਦਾ ਨਾਮ ਹੈ। ਚਰਣ ਕਵਲਾਂ ਦੇ ਇਕ ਦਲ (ਪੱਤ੍ਰ) ਦੀ ਕੀਮਤ ਨਹੀਂ ਕਿਸੇ ਪਾਈ।

ਸੋ, ਗੱਲ ਕੀ, ਗੁਰੂ ਗ੍ਰੰਥ ਸਾਹਿਬ ਵਿਚ ਪੁਰਾਣਿਕ 'ਬੈਕੁੰਠ' ਦੀ ਹੋਂਦ ਨੂੰ ਸਵੀਕਾਰ ਨਹੀਂ ਕੀਤਾ ਗਿਆ ਹੈ। ਬਾਣੀ ਵਿਚ 'ਬੈਕੁੰਠ' ਸ਼ਬਦ ਦੀ ਵਰਤੋਂ ਦੇਖ ਕੇ ਹੀ ਇਹ ਕਹਿਣਾ ਜਾਂ ਲਿਖਣਾ ਕਿ ਬਾਣੀਕਾਰ 'ਬੈਕੁੰਠ' ਦੇ ਸੰਕਲਪ ਨੂੰ ਮੰਨਦੇ ਹਨ, ਬਾਣੀਕਾਰਾਂ ਨਾਲ ਭਾਰੀ ਅਨਿਆਂ ਹੈ।

ਭਿਸ਼ਤ

ਗੁਰੂ ਗ੍ਰੰਥ ਸਾਹਿਬ ਵਿਚ ਜਿਸ ਤਰ੍ਹਾਂ ਸੁਰਗ, ਬੈਕੁੰਠ ਦੀ ਕੋਈ ਭੂਗੋਲਿਕ ਹੋਂਦ ਨਹੀਂ ਮੰਨੀ ਗਈ ਹੈ, ਉਸੇ ਤਰ੍ਹਾਂ 'ਭਿਸ਼ਤ' ਦੀ ਵੀ ਸਥਾਨਗਤ ਹੋਂਦ ਸਵੀਕਾਰ ਨਹੀਂ ਕੀਤੀ ਹੈ। ਬਾਣੀਕਾਰਾਂ ਨੇ ਜਿਵੇਂ ਸੁਰਗ, ਬੈਕੁੰਠ ਸ਼ਬਦਾਂ ਦੀ ਵਰਤੋਂ ਕੀਤੀ ਹੈ, ਉਸੇ ਤਰ੍ਹਾਂ 'ਭਿਸ਼ਤ' ਸ਼ਬਦ ਦੀ ਵੀ ਵਰਤੋਂ ਕੀਤੀ ਹੈ। ਭਾਵ, ਇਸ ਸ਼ਬਦ ਦੀ, ਪ੍ਰਤੀਕ ਅਤੇ ਮੁਹਾਵਰੇ ਦੇ ਰੂਪ ਵਿਚ ਵਰਤੋਂ ਹੋਈ ਹੈ। ਜੇਹੜੇ ਲੋਕ 'ਭਿਸ਼ਤ ਦੀ ਸਥਾਨਗਤ ਹੋਂਦ ਮੰਨਦੇ ਸਨ, ਬਾਣੀਕਾਰਾਂ ਨੇ ਉਹਨਾਂ ਨਾਲ ਗੱਲ-ਬਾਤ ਕਰਨ ਸਮੇਂ, ਉਹਨਾਂ 'ਚ ਪ੍ਰਚਲਿਤ ਧਾਰਨਾਵਾਂ ਦਾ ਹਵਾਲਾ/ਦ੍ਰਿਸ਼ਟਾਂਤ ਦੇ ਕੇ ਉਹਨਾਂ ਨੂੰ ਗੁਰਮਤਿ ਦ੍ਰਿੜ੍ਹ ਕਰਵਾਈ ਹੈ। ਗੁਰੂ ਗ੍ਰੰਥ ਸਾਹਿਬ ਵਿਚ ਜਿਨ੍ਹਾਂ ਸ਼ਬਦਾਂ ਵਿਚ 'ਭਿਸ਼ਤ' ਸ਼ਬਦ ਆਇਆ ਹੈ, ਉਹਨਾਂ ਵਿੱਚੋਂ ਕੁਝ ਕੁ ਦਾ ਵਰਣਨ ਕੀਤਾ ਜਾ ਰਿਹਾ ਹੈ ਤਾਂ ਕਿ ਇਸ ਭਾਵ ਨੂੰ ਹੋਰ ਸਪੱਸ਼ਟਤਾ ਨਾਲ ਸਮਝਿਆ ਜਾ ਸਕੇ।

(ੳ) **ਅਮਲੁ ਕਰਿ ਧਰਤੀ ਬੀਜੁ ਸਬਦੋ ਕਰਿ ਸਚ ਕੀ ਆਬ ਨਿਤ ਦੇਹਿ ਪਾਣੀ॥**
ਹੋਇ ਕਿਰਸਾਣੁ ਈਮਾਨੁ ਜੰਮਾਇ ਲੈ ਭਿਸਤੁ ਦੋਜਕੁ ਮੂੜੇ ਏਵ ਜਾਣੀ॥

(ਸਿਰੀਰਾਗੁ ਮ: ੧, ਪੰਨਾ 24)

ਅਰਥ : (ਹੇ ਕਾਜ਼ੀ!) ਆਪਣੇ (ਰੋਜ਼ਾਨਾ) ਹਰੇਕ ਕਰਮ ਨੂੰ ਭੁਇੰ ਬਣਾ, (ਇਸ ਕਰਮ-ਭੁਇੰ ਵਿਚ) ਗੁਰੂ ਦਾ ਸ਼ਬਦ ਬੀਜ ਪਾ, ਸਿਮਰਨ (ਗੁਰੂ ਦੇ ਸ਼ਬਦ ਦੀ ਸਿੱਖਿਆ) ਤੋਂ ਪੈਦਾ ਹੋਣ ਵਾਲੀ ਆਤਮਿਕ ਸੁੰਦਰਤਾ ਦਾ ਪਾਣੀ (ਉਸ ਅਮਲ ਭੁਇੰ ਵਿਚ) ਸਦਾ ਦੇਂਦਾ ਰਹੁ। ਕਿਸਾਨ (ਵਰਗਾ ਉੱਦਮੀ) ਬਣ, (ਤੇਰੀ ਇਸ ਕਿਰਸਾਣੀ ਵਿਚ) ਸ਼ਰਧਾ (ਦੀ ਖੇਤੀ) ਉੱਗੇਗੀ। ਹੇ ਮੂਰਖ! ਸਿਰਫ਼ ਇਸ ਤਰੀਕੇ ਨਾਲ ਸਮਝ ਆਵੇਗੀ ਕਿ ਬਹਿਸ਼ਤ ਕੀਹ ਹੈ ਤੇ ਦੋਜ਼ਖ਼ ਕੀਹ ਹੈ।

[*ਨੋਟ :* ਇਸ ਸ਼ਬਦ ਦੀਆਂ 'ਰਹਾਉ' ਦੀਆਂ ਪੰਗਤੀਆਂ "ਮਤੁ ਜਾਣ ਸਹਿ ਗਲੀ ਪਾਇਆ॥ ਮਾਲ ਕੈ ਮਾਣੈ ਰੂਪ ਕੀ ਸੋਭਾ ਇਤੁ ਬਿਧੀ ਜਨਮੁ ਗਵਾਇਆ॥" ਹਨ। *ਅਰਥ :* (ਹੇ ਕਾਜ਼ੀ!) ਇਹ ਨ ਸਮਝੀਂ ਕਿ ਨਿਰੀਆਂ ਗੱਲਾਂ ਨਾਲ ਹੀ (ਰੱਬ) ਮਿਲ ਪੈਂਦਾ ਹੈ। ਜੇ (ਬੇਈਮਾਨੀਆਂ ਕਰ ਕੇ ਇਕੱਠੇ ਕੀਤੇ ਹੋਏ) ਧਨ ਦੇ ਅਹੰਕਾਰ ਵਿਚ ਟਿਕੇ ਰਹੇ, ਜੇ (ਕਾਮਾਤੁਰ ਹੋ ਕੇ) ਰੂਪ ਦੀ ਸ਼ੋਭਾ ਵਿਚ (ਮਨ ਜੁੜਿਆ ਰਿਹਾ) ਤਾਂ (ਬਾਹਰੋਂ ਮਜ਼ਹਬ ਦੀਆਂ ਗੱਲਾਂ ਕੁਝ ਨਹੀਂ ਸਵਾਰ ਸਕਦੀਆਂ) ਇਸ ਤਰ੍ਹਾਂ ਮਨੁੱਖਾ ਜਨਮ ਅਜਾਈਂ ਚਲਾ ਜਾਂਦਾ ਹੈ। 'ਰਹਾਉ' ਦੀਆਂ

ਇਨ੍ਹਾਂ ਤੁਕਾਂ ਦਾ ਹੀ ਵਿਸਤਾਰ ਸ਼ਬਦ ਦੇ ਬਾਕੀ ਪਦਿਆਂ ਵਿਚ ਕੀਤਾ ਗਿਆ ਹੈ। ਸੋ, ਮੁੱਖ ਰੂਪ ਵਿਚ ਸਤਿਗੁਰੂ ਜੀ ਸੁੱਚ-ਆਚਾਰ ਦੀ ਹੀ ਗੱਲ ਕਰਦਿਆਂ ਹੋਇਆਂ ਸੁੱਚ ਆਚਰਣ ਨੂੰ ਧਾਰਨ ਕਰਨ ਨੂੰ ਹੀ, ਇਨ੍ਹਾਂ ਪੰਗਤੀਆਂ ਵਿਚ 'ਭਿਸ਼ਤ' ਆਖਦੇ ਹਨ।]

(ਅ) **ਦਿਲ ਮਹਿ ਸੋਚਿ ਬਿਚਾਰਿ ਕਵਾਦੇ ਭਿਸਤ ਦੋਜਕ ਕਿਨਿ ਪਾਈ॥**

(ਆਸਾ ਕਬੀਰ ਜੀ, ਪੰਨਾ 477)

ਅਰਥ : ਹੇ ਕਾਜ਼ੀ! ਤੂੰ ਕਿਹੜੀਆਂ ਕਿਤਾਬਾਂ ਵਿੱਚੋਂ ਦੱਸ ਰਿਹਾ ਹੈਂ (ਕਿ ਮੁਸਲਮਾਨ ਨੂੰ ਬਹਿਸ਼ਤ ਤੇ ਹਿੰਦੂ ਨੂੰ ਦੋਜ਼ਕ ਮਿਲੇਗਾ)?

[*ਨੋਟ :* ਕਬੀਰ ਸਾਹਿਬ ਦੇ ਇਸ ਸ਼ਬਦ ਦੀਆਂ 'ਰਹਾਉ' ਦੀਆਂ ਪੰਗਤੀਆਂ "ਕਾਜੀ ਤੈ ਕਵਨ ਕਤੇਬ ਬਖਾਨੀ॥ ਪੜ੍ਹਤ ਗੁਨਤ ਐਸੇ ਸਭ ਮਾਰੇ ਕਿਨਹੂੰ ਖਬਰਿ ਨ ਜਾਨੀ॥" ਹਨ। *ਅਰਥ :* ਹੇ ਕਾਜ਼ੀ! ਤੂੰ ਕਿਹੜੀਆਂ ਕਿਤਾਬਾਂ ਵਿੱਚੋਂ ਦੱਸ ਰਿਹਾ ਹੈਂ (ਕਿ ਮੁਸਲਮਾਨ ਨੂੰ ਬਹਿਸ਼ਤ ਤੇ ਹਿੰਦੂ ਨੂੰ ਦੋਜ਼ਕ ਮਿਲੇਗਾ)? (ਹੇ ਕਾਜ਼ੀ!) ਤੇਰੇ ਵਰਗੇ ਪੜ੍ਹਨ ਤੇ ਵਿਚਾਰਨ ਵਾਲੇ (ਭਾਵ, ਜੋ ਮਨੁੱਖ ਤੇਰੇ ਵਾਂਗ ਤਅੱਸਬ ਦੀ ਪੱਟੀ ਅੱਖਾਂ ਅੱਗੇ ਬੰਨ੍ਹ ਕੇ ਮਜ਼ਹਬੀ ਕਿਤਾਬਾਂ ਪੜ੍ਹਦੇ ਹਨ) ਸਭ ਖ਼ੁਆਰ ਹੁੰਦੇ ਹਨ। ਕਿਸੇ ਨੂੰ ਅਸਲੀਅਤ ਦੀ ਸਮਝ ਨਹੀਂ ਪਈ।]

ਇਸ ਸ਼ਬਦ ਦੀਆਂ ਅੰਤਲੀਆਂ ਪੰਗਤੀਆਂ ਵਿਚ ਕਬੀਰ ਜੀ ਫ਼ੁਰਮਾਉਂਦੇ ਹਨ :

ਛਾਡਿ ਕਤੇਬ ਰਾਮੁ ਭਜੁ ਬਉਰੇ ਜੁਲਮ ਕਰਤ ਹੈ ਭਾਰੀ॥
ਕਬੀਰੈ ਪਕਰੀ ਟੇਕ ਰਾਮ ਕੀ ਤੁਰਕ ਰਹੇ ਪਚਿਹਾਰੀ॥

(ਆਸਾ ਕਬੀਰ ਜੀ, ਪੰਨਾ 477)

ਅਰਥ : ਹੇ ਭਾਈ! ਮਜ਼ਹਬੀ ਕਿਤਾਬਾਂ ਦੀਆਂ ਬਹਿਸਾਂ ਛੱਡ ਕੇ ਪਰਮਾਤਮਾ ਦਾ ਭਜਨ ਕਰ, (ਬੰਦਗੀ ਛੱਡ ਕੇ, ਤੇ ਬਹਿਸਾਂ ਵਿਚ ਪੈ ਕੇ) ਤੂੰ ਆਪਣੇ ਆਪ ਉੱਤੇ ਬੜਾ ਜ਼ੁਲਮ ਕਰ ਰਿਹਾ ਹੈਂ। ਕਬੀਰ ਨੇ ਤਾਂ ਇਕ ਪਰਮਾਤਮਾ (ਦੇ ਸਿਮਰਨ) ਦਾ ਆਸਰਾ ਲਿਆ ਹੈ, (ਝਗੜਾਲੂ) ਮੁਸਲਮਾਨ (ਬਹਿਸਾਂ ਵਿਚ ਹੀ) ਖ਼ੁਆਰ ਹੋ ਰਹੇ ਹਨ।

[*ਨੋਟ :* ਇਸ ਸ਼ਬਦ ਵਿਚ ਕਬੀਰ ਸਾਹਿਬ 'ਭਿਸ਼ਤ' ਦੇ ਇਸਲਾਮੀ ਵਿਸ਼ਵਾਸ ਨੂੰ ਸਵੀਕਾਰ ਨਹੀਂ ਕਰ ਰਹੇ ਹਨ। ਸਗੋਂ ਆਪ ਤਾਂ ਮਨੁੱਖ ਨੂੰ ਮਜ਼ਬੀ ਝਗੜਿਆਂ ਤੋਂ ਉਪਰ ਉੱਠ ਕੇ ਪਵਿੱਤਰਤਾ ਦੀ ਜ਼ਿੰਦਗੀ ਜਿਊਣ ਦੀ ਪ੍ਰੇਰਨਾ ਹੀ ਦੇ ਰਹੇ ਹਨ।]

(ੲ) **ਰੋਜਾ ਧਰੈ ਨਿਵਾਜ ਗੁਜਾਰੈ ਕਲਮਾ ਭਿਸਤਿ ਨ ਹੋਈ॥**
ਸਤਰਿ ਕਾਬਾ ਘਟ ਹੀ ਭੀਤਰਿ ਜੇ ਕਰਿ ਜਾਨੈ ਕੋਈ॥...
ਆਪੁ ਜਨਾਇ ਅਵਰ ਕਉ ਜਾਨੈ ਤਬ ਹੋਇ ਭਿਸਤ ਸਰੀਕੀ॥੪॥
ਮਾਟੀ ਏਕ ਭੇਖ ਧਰਿ ਨਾਨਾ ਤਾ ਮਹਿ ਬ੍ਰਹਮੁ ਪਛਾਨਾ॥
ਕਹੈ ਕਬੀਰਾ ਭਿਸਤ ਛੋਡਿ ਕਰਿ ਦੋਜਕ ਸਿਉ ਮਨੁ ਮਾਨਾ॥੫॥

(ਆਸਾ ਕਬੀਰ ਜੀ, ਪੰਨਾ 480)

ਅਰਥ : (ਨਿਰਾ) ਰੋਜ਼ਾ ਰੱਖਿਆਂ, ਨਿਮਾਜ਼ ਪੜ੍ਹਿਆਂ ਤੇ ਕਲਮਾ ਆਖਿਆਂ ਭਿਸ਼ਤ ਨਹੀਂ ਮਿਲ ਜਾਂਦਾ। ਰੱਬ ਦਾ ਗੁਪਤ ਘਰ ਤਾਂ ਮਨੁੱਖ ਦੇ ਦਿਲ ਵਿਚ ਹੀ ਹੈ, (ਪਰ ਲੱਭਦਾ ਤਾਂ ਹੀ ਹੈ) ਜੇ ਕੋਈ ਸਮਝ ਲਏ। ਜਦੋਂ ਮਨੁੱਖ ਆਪਣੇ ਆਪ ਨੂੰ ਸਮਝਾ ਕੇ ਦੂਜਿਆਂ ਨੂੰ (ਆਪਣੇ ਵਰਗਾ) ਸਮਝਦਾ ਹੈ, ਤਦ ਭਿਸ਼ਤ ਦਾ ਭਾਈਵਾਲ ਬਣਦਾ ਹੈ।੪। ਮਿੱਟੀ ਇੱਕੋ ਹੀ ਹੈ, (ਪ੍ਰਭੂ ਨੇ ਇਸ ਦੇ) ਅਨੇਕਾਂ ਵੇਸ ਧਾਰੇ ਹੋਏ ਹਨ।

(ਅਸਲ ਮੋਮਨ ਨੇ) ਇਹਨਾਂ (ਵੇਸਾਂ) ਵਿਚ ਰੱਬ ਨੂੰ ਪਛਾਣਿਆ ਹੈ (ਤੇ ਇਹੀ ਹੈ ਭਿਸ਼ਤ ਦਾ ਰਾਹ); ਪਰ, ਕਬੀਰ ਆਖਦਾ ਹੈ, (ਹੇ ਕਾਜ਼ੀ!) ਤੁਸੀ ਤਾਂ (ਦੂਜਿਆਂ ਉੱਤੇ ਜ਼ੋਰ-ਧੱਕਾ ਕਰ ਕੇ) ਭਿਸ਼ਤ (ਦਾ ਰਸਤਾ) ਛੱਡ ਕੇ, ਦੋਜ਼ਕ ਨਾਲ ਮਨ ਜੋੜੀ ਬੈਠੇ ਹੋ।੫।

[ਨੋਟ: ਇਸ ਸ਼ਬਦ ਵਿਚ ਵੀ ਕਬੀਰ ਸਾਹਿਬ ਕਿਸੇ ਅਸਮਾਨੀ 'ਭਿਸ਼ਤ' ਦੀ ਗੱਲ ਨਹੀਂ ਕਰ ਰਹੇ। ਆਪ ਇਸੇ ਜਨਮ ਵਿਚ ਪ੍ਰਭੂ ਦੀ ਰਜ਼ਾ ਵਿਚ ਵਿਚਰਦਿਆਂ ਹੋਇਆਂ ਮਨੁੱਖ ਮਾਤਰ ਨੂੰ ਖ਼ੁਦਾ ਦੀ ਸੰਤਾਨ ਸਮਝ ਕੇ ਪਿਆਰਨ ਨੂੰ 'ਭਿਸ਼ਤ' ਆਖ ਰਹੇ ਹਨ।]

(ਸ) **ਭਿਸਤੁ ਪੀਰ ਲਫਜ ਕਮਾਇ ਅੰਦਾਜਾ॥** *(ਮਾਰੂ ਮਹਲਾ ੫, ਪੰਨਾ 1083)*

ਅਰਥ: ਹੇ ਖ਼ੁਦਾ ਦੇ ਬੰਦੇ! ਗੁਰੂ ਦੇ ਬਚਨਾਂ ਉੱਤੇ ਪੂਰੇ ਤੌਰ 'ਤੇ ਤੁਰਨਾ—ਇਹ ਹੈ ਬਹਿਸ਼ਤ।

[ਨੋਟ: ਇਨ੍ਹਾਂ ਤੁਕਾਂ ਵਿਚ ਹਜ਼ੂਰ ਗੁਰੂ ਦੀ ਆਗਿਆ ਵਿਚ ਜ਼ਿੰਦਗੀ ਰੂਪ ਰਾਤ ਗੁਜ਼ਾਰਨ ਨੂੰ ਹੀ 'ਭਿਸ਼ਤ' ਕਹਿੰਦੇ ਹਨ। ਇਸ 'ਭਿਸ਼ਤ' ਨੂੰ ਮਰਨ ਮਗਰੋਂ ਨਹੀਂ ਬਲਕਿ ਜਿਉਂਦਿਆਂ ਹੀ ਹਾਸਲ ਕਰੀਦਾ ਹੈ।)

(ਹ) **ਪੀਰੁ ਪਛਾਣੈ ਭਿਸਤੀ ਸੋਈ ਅਜਰਾਈਲੁ ਨ ਦੋਜ ਠਰਾ॥੧੧॥**
(ਮਾਰੂ ਮਹਲਾ ੫, ਪੰਨਾ 1084)

ਅਰਥ: ਹੇ ਅੱਲ੍ਹਾ ਦੇ ਬੰਦੇ! ਜਿਹੜਾ ਮਨੁੱਖ ਆਪਣੇ ਗੁਰੂ-ਪੀਰ (ਦੇ ਹੁਕਮ) ਨੂੰ ਪਛਾਣਦਾ ਹੈ, ਉਹ ਬਹਿਸ਼ਤ ਦਾ ਹੱਕਦਾਰ ਬਣ ਜਾਂਦਾ ਹੈ, ਅਜ਼ਰਾਈਲ ਉਸ ਨੂੰ ਦੋਜ਼ਕ ਵਿਚ ਨਹੀਂ ਸੁੱਟਦਾ।

[ਨੋਟ: ਇਨ੍ਹਾਂ ਪੰਗਤੀਆਂ ਵਿਚ ਹਜ਼ੂਰ 'ਭਿਸ਼ਤ' ਦੀ ਭੂਗੋਲਿਕ ਹੋਂਦ ਮੰਨ ਕੇ ਮਰਨ ਮਗਰੋਂ ਇਸ 'ਚ ਅਪੜਨ ਦੇ ਚਾਹਵਾਨਾਂ ਨੂੰ ਅਸਲ 'ਭਿਸ਼ਤ' ਦੇ ਅਧਿਕਾਰੀ ਦੀ ਸੋਝੀ ਕਰਾਉਂਦੇ ਹਨ।]

(ਕ) **ਰਾਹੁ ਦਸਾਇ ਓਥੈ ਕੋ ਜਾਇ॥**
ਕਰਣੀ ਬਾਝਹੁ ਭਿਸਤਿ ਨ ਪਾਇ॥ *(ਵਾਰ ਰਾਮਕਲੀ, ਮ: ੧, ਪੰਨਾ 952)*

ਅਰਥ: (ਬਹਿਸ਼ਤ ਦਾ) ਰਸਤਾ ਤਾਂ ਹਰ ਕੋਈ ਪੁੱਛਦਾ ਹੈ, ਪਰ ਉਸ ਰਸਤੇ ਉੱਤੇ ਤੁਰਦਾ ਕੋਈ ਵਿਰਲਾ ਹੈ ਤੇ ਨੇਕ ਅਮਲਾਂ ਤੋਂ ਬਿਨਾਂ ਬਹਿਸ਼ਤ ਮਿਲਦਾ ਨਹੀਂ ਹੈ।

[ਨੋਟ: ਇਸ ਸਲੋਕ ਵਿਚ ਗੁਰੂ ਨਾਨਕ ਸਾਹਿਬ ਧਾਰਮਿਕ ਦੁਨੀਆਂ ਵਿਚ ਪਸਰੇ ਕਰਮ-ਕਾਂਡ, ਪਾਖੰਡ ਆਦਿ ਦੀ ਪੁਰਜ਼ੋਰ ਸ਼ਬਦਾਂ ਵਿਚ ਨਿਖੇਧੀ ਕਰਦੇ ਹੋਏ ਅਮਲੀ ਜੀਵਨ ਜਿਊਣ ਦੀ ਪ੍ਰੇਰਨਾ ਕਰ ਰਹੇ ਹਨ। ਨਾ ਕਿ ਕਿਸੇ ਅਸਮਾਨੀ 'ਭਿਸ਼ਤ' 'ਚ ਅਪੜਨ ਦੀ।]

(ਖ) **ਬਾਬਾ ਆਦਮ ਕਉ ਕਿਛੁ ਨਦਰਿ ਦਿਖਾਈ॥**
ਉਨਿ ਭੀ ਭਿਸਤਿ ਘਨੇਰੀ ਪਾਈ॥੨॥...
ਤੁਮ ਦਾਤੇ ਹਮ ਸਦਾ ਭਿਖਾਰੀ॥
ਦੇਉ ਜਬਾਬੁ ਹੋਇ ਬਜਗਾਰੀ॥
ਦਾਸੁ ਕਬੀਰੁ ਤੇਰੀ ਪਨਹ ਸਮਾਨਾਂ॥
ਭਿਸਤੁ ਨਜੀਕਿ ਰਾਖੁ ਰਹਮਾਨਾ॥੪॥ *(ਭੈਰਉ ਕਬੀਰ ਜੀ, ਪੰਨਾ 1161)*

ਅਰਥ: (ਹੇ ਭਾਈ! ਤੁਸੀ ਦੱਸਦੇ ਹੋ ਕਿ ਖ਼ੁਦਾ ਨੇ ਬਾਬਾ ਆਦਮ ਨੂੰ ਬਹਿਸ਼ਤ

ਵਿਚ ਰੱਖਿਆ ਸੀ, ਪਰ ਤੁਹਾਡੇ ਹੀ ਆਖਣ ਅਨੁਸਾਰ) ਜਦੋਂ ਬਾਬਾ ਆਦਮ ਨੂੰ ਰੱਬ ਨੇ (ਉਸ ਦੀ ਹੁਕਮ-ਅਦੂਲੀ 'ਤੇ) ਰਤਾ ਕੁ ਅੱਖ ਵਿਖਾਈ, ਤਾਂ ਉਸ ਆਦਮ ਨੇ ਭੀ ਉਹ ਬਹਿਸ਼ਤ ਥੋੜਾ ਚਿਰ ਹੀ ਮਾਣਿਆ (ਉਥੋਂ ਛੇਤੀ ਕੱਢਿਆ ਗਿਆ, ਤੇ ਜੇ ਬਾਬਾ ਆਦਮ ਵਰਗੇ ਕੱਢੇ ਗਏ, ਤਾਂ ਦੱਸ, ਮੈਨੂੰ ਗ਼ਰੀਬ ਨੂੰ ਉਥੇ ਕੋਈ ਕਿਤਨਾ ਚਿਰ ਰਹਿਣ ਦੇਵੇਗਾ ?)।੨।...

(ਹੇ ਮੇਰੇ ਪ੍ਰਭੂ ! ਮੈਨੂੰ ਕਿਸੇ ਬਹਿਸ਼ਤ ਬੈਕੁੰਠ ਦੀ ਲੋੜ ਨਹੀਂ ਹੈ) ਤੂੰ ਮੇਰਾ ਦਾਤਾ ਹੈਂ, ਮੈਂ ਸਦਾ (ਤੇਰੇ ਦਰ ਦਾ) ਮੰਗਤਾ ਹਾਂ (ਜੋ ਕੁਝ ਤੂੰ ਮੈਨੂੰ ਦੇ ਰਿਹਾ ਹੈਂ ਉਹੀ ਠੀਕ ਹੈ, ਤੇਰੀ ਕਿਸੇ ਭੀ ਦਾਤ ਅੱਗੇ) ਜੇ ਮੈਂ ਨਾਂਹ-ਨੁੱਕਰ ਕਰਾਂ ਤਾਂ ਇਹ ਮੇਰੀ ਗੁਨਹਗਾਰੀ ਹੋਵੇਗੀ। ਮੈਂ ਤੇਰਾ ਦਾਸ ਕਬੀਰ ਤੇਰੀ ਸ਼ਰਨ ਆਇਆ ਹਾਂ। ਹੇ ਰਹਿਮ ਕਰਨ ਵਾਲੇ ! ਮੈਨੂੰ ਆਪਣੇ ਚਰਨਾਂ ਦੇ ਨੇੜੇ ਰੱਖ, (ਇਹੀ ਮੇਰੇ ਲਈ) ਬਹਿਸ਼ਤ ਹੈ।੪।

[*ਨੋਟ :* ਇਸ ਸ਼ਬਦ ਵਿਚ 'ਭਿਸ਼ਤ' ਦੀ ਪ੍ਰਚਲਿਤ ਧਾਰਨਾ ਨੂੰ ਰੱਦ ਕਰਦਿਆਂ ਕਬੀਰ ਸਾਹਿਬ ਕਹਿੰਦੇ ਹਨ ਕਿ ਪ੍ਰਭੂ ਦੀ ਰਜ਼ਾ ਵਿਚ ਵਿਚਰਦਿਆਂ ਹੋਇਆਂ, ਉਸ ਦੇ ਗੁਣਾਂ/ਸਿਫ਼ਤਾਂ ਨੂੰ ਧਾਰਨ ਕਰਨਾ ਹੀ 'ਭਿਸ਼ਤ' ਨਿਵਾਸੀ ਹੋਣਾ ਹੈ।]

(ਗ) **ਤੂੰ ਨਾਪਾਕੁ ਪਾਕੁ ਨਹੀ ਸੂਝਿਆ ਤਿਸ ਕਾ ਮਰਮੁ ਨ ਜਾਨਿਆ॥**
ਕਹਿ ਕਬੀਰ ਭਿਸਤਿ ਤੇ ਚੂਕਾ ਦੋਜਕ ਸਿਉ ਮਨੁ ਮਾਨਿਆ॥੪॥

(ਪ੍ਰਭਾਤੀ ਕਬੀਰ ਜੀ, ਪੰਨਾ 1350)

ਅਰਥ : ਹੇ ਮੁੱਲਾਂ ! ਤੂੰ ਅੰਦਰੋਂ ਤਾਂ ਪਲੀਤ ਹੀ ਰਿਹਾ, ਤੈਨੂੰ ਉਸ ਪਵਿੱਤਰ ਪ੍ਰਭੂ ਦੀ ਸਮਝ ਨਹੀਂ ਪਈ, ਤੂੰ ਉਸ ਦਾ ਭੇਤ ਨਹੀਂ ਪਾਇਆ। ਕਬੀਰ ਆਖਦਾ ਹੈ—(ਇਸ ਭੁਲੇਖੇ ਵਿਚ ਫਸੇ ਰਹਿ ਕੇ) ਤੂੰ ਬਹਿਸ਼ਤ ਤੋਂ ਖੁੰਝ ਗਿਆ ਹੈਂ, ਤੇ ਦੋਜ਼ਕ ਨਾਲ ਤੇਰਾ ਮਨ ਪਤੀਜ ਗਿਆ ਹੈ।੪।

[*ਨੋਟ :* ਇਸ ਸ਼ਬਦ ਵਿਚ ਭਗਤ ਜੀ ਸਪੱਸ਼ਟ ਕਰ ਰਹੇ ਹਨ ਕਿ ਜੇਕਰ ਪ੍ਰਾਣੀ ਪ੍ਰਭੂ ਨਾਲ ਜੁੜ ਕੇ ਅਨੰਦ ਭਰਪੂਰ ਜੀਵਨ ਨਹੀਂ ਜਿਊ ਰਿਹਾ ਤਾਂ ਉਹ ਦੋਜ਼ਕ ਦੀ ਅਗਨੀ ਭਾਵ ਵਿਕਾਰਾਂ ਵਿਚ ਹੀ ਸੜ-ਬਲ ਰਿਹਾ ਹੈ। ਵਿਕਾਰਾਂ ਵਿਚ ਸੜਦਾ-ਬਲਦਾ ਮਨੁੱਖ ਆਤਮਿਕ ਮੌਤ ਦਾ ਸ਼ਿਕਾਰ ਹੋ ਕੇ 'ਭਿਸ਼ਤ' ਨਿਵਾਸੀ ਨਾ ਬਣ ਸਕਿਆ, ਭਾਵ ਸੁਖ-ਅਰਾਮ ਦੀ ਜ਼ਿੰਦਗੀ ਨਾ ਜਿਊ ਸਕਿਆ।]

(ਘ) **ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ॥**
ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ॥ *(ਰਾਮਕਲੀ ਮਹਲਾ ੫, ਪੰਨਾ 885)*

ਅਰਥ : ਹੇ ਭਾਈ ! ਕੋਈ ਮਨੁੱਖ ਆਖਦਾ ਹੈ 'ਮੈਂ ਮੁਸਲਮਾਨ ਹਾਂ', ਕੋਈ ਆਖਦਾ ਹੈ 'ਮੈਂ ਹਿੰਦੂ ਹਾਂ'। ਕੋਈ ਮਨੁੱਖ (ਪਰਮਾਤਮਾ ਪਾਸੋਂ) ਬਹਿਸ਼ਤ ਮੰਗਦਾ ਹੈ, ਕੋਈ ਸੁਰਗ ਮੰਗਦਾ ਹੈ।

[*ਨੋਟ :* ਇਨ੍ਹਾਂ ਪੰਗਤੀਆਂ ਵਿਚ ਆਮ ਮਨੁੱਖ ਵਲੋਂ ਆਪੋ-ਆਪਣੇ ਧਾਰਮਿਕ ਅਕੀਦੇ ਅਨੁਸਾਰ ਸੁਰਗ ਅਤੇ ਬਹਿਸ਼ਤ ਦੀ ਮੰਗ ਦਾ ਵਰਣਨ ਕੀਤਾ ਗਿਆ ਹੈ। ਸਤਿਗੁਰੂ ਜੀ ਨੇ ਇਸ ਸ਼ਬਦ ਦੀਆਂ ਅੰਤਲੀਆਂ ਪੰਗਤੀਆਂ ਵਿਚ ਆਪਣਾ ਮਤਿ ਪ੍ਰਗਟ ਕਰਦਿਆਂ ਫ਼ੁਰਮਾਇਆ ਹੈ : ਕਹੁ ਨਾਨਕ ਜਿਨਿ ਹੁਕਮੁ ਪਛਾਤਾ॥ ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ॥ *ਅਰਥ :* ਹੇ

ਨਾਨਕ ! ਆਖ—ਜਿਸ ਮਨੁੱਖ ਨੇ ਪਰਮਾਤਮਾ ਦਾ ਹੁਕਮ (ਹੁਕਮੀ ਖੇਡ ਨੂੰ) ਪਛਾਣਿਆ ਹੈ, ਉਸ ਨੇ ਮਾਲਕ-ਪ੍ਰਭੂ ਦਾ ਭੇਤ ਪਾ ਲਿਆ ਹੈ (ਕਿ ਉਸ ਨੂੰ ਕਿਵੇਂ ਪ੍ਰਸੰਨ ਕਰ ਸਕੀਦਾ ਹੈ)।]

(ਙ) **ਨਾ ਤਦਿ ਸੁਰਗੁ ਮਛੁ ਪਇਆਲਾ॥ ਦੋਜਕੁ ਭਿਸਤੁ ਨਹੀ ਖੈ ਕਾਲਾ॥**
ਨਰਕੁ ਸੁਰਗੁ ਨਹੀ ਜੰਮਣੁ ਮਰਣਾ ਨਾ ਕੋ ਆਇ ਨ ਜਾਇਦਾ॥੩॥

(ਮਾਰੂ ਮਹਲਾ ੧, ਪੰਨਾ 1035)

ਅਰਥ : ਤਦੋਂ ਨਾਹ ਸੁਰਗ-ਲੋਕ ਸੀ, ਨਾਹ ਮਾਤ-ਲੋਕ ਸੀ ਤੇ ਨਾਹ ਹੀ ਪਤਾਲ ਸੀ। ਤਦੋਂ ਨਾਹ ਕੋਈ ਦੋਜ਼ਖ਼ ਸੀ ਨਾਹ ਬਹਿਸ਼ਤ ਸੀ, ਤੇ ਨਾਹ ਹੀ ਮੌਤ ਲਿਆਉਣ ਵਾਲਾ ਕਾਲ ਸੀ। ਤਦੋਂ ਨਾਹ ਸੁਰਗ ਸੀ ਨਾਹ ਨਰਕ ਸੀ, ਨਾਹ ਜੰਮਣ ਸੀ ਨਾਹ ਮਰਨ ਸੀ, ਨਾਹ ਕੋਈ ਜੰਮਦਾ ਸੀ ਨਾਹ ਮਰਦਾ ਸੀ।

[*ਨੋਟ :* ਇਨ੍ਹਾਂ ਪੰਗਤੀਆਂ ਵਿਚ ਹਜ਼ੂਰ ਨੇ ਉਸ ਸਮੇਂ ਦਾ ਜ਼ਿਕਰ ਕੀਤਾ ਹੈ, ਜਦ ਅਕਾਲ ਪੁਰਖ ਨੇ ਇਹ ਬਹੁ-ਰੰਗੀ ਸੰਸਾਰ ਦੀ ਰਚਨਾ ਨਹੀਂ ਸੀ ਰਚੀ। ਪ੍ਰਭੂ ਵਲੋਂ ਬਹੁ-ਭਾਂਤੀ ਰਚਨਾ ਰਚਨ ਮਗਰੋਂ ਹੀ ਭਿੰਨ-ਭਿੰਨ ਇਲਾਕਿਆਂ, ਧਰਮਾਂ ਆਦਿ ਵਿਚ ਸੁਰਗ, ਭਿਸ਼ਤ ਆਦਿ ਦੀ ਧਾਰਨਾ ਪ੍ਰਚਲਿਤ ਹੋਈ ਹੈ। ਇਹ ਭਿੰਨ-ਭਿੰਨ ਧਾਰਨਾਵਾਂ ਇਸ ਗੱਲ ਦਾ ਹੀ ਲਖਾਇਕ ਹਨ ਕਿ ਇਹ ਮਨੁੱਖ ਦੀ ਆਪਣੀ ਕਲਪਨਾ ਦਾ ਹੀ ਸਿੱਟਾ ਹਨ। ਪ੍ਰਭੂ/ਕੁਦਰਤ ਦਾ ਨਿਯਮ ਸਾਰੇ ਪ੍ਰਾਣੀਆਂ ਲਈ ਇੱਕੋ ਜੇਹਾ ਹੈ। ਅਕਾਲ ਪੁਰਖ ਨੇ ਵੱਖ-ਵੱਖ ਧਰਮ ਦੇ ਪੈਰੋਕਾਰਾਂ ਲਈ ਵੱਖੋ-ਵੱਖਰਾ ਵਿਧਾਨ ਨਹੀਂ ਬਣਾਇਆ ਹੋਇਆ। ਚੂੰਕਿ ਉਸ ਨੇ ਮਨੁੱਖ ਪੈਦਾ ਕੀਤੇ ਹਨ ਹਿੰਦੂ, ਮੁਸਲਮਾਨ, ਈਸਾਈ ਜਾਂ ਸਿੱਖ ਆਦਿ ਨਹੀਂ।]

ਸੋ, ਇਨ੍ਹਾਂ ਉਪਰੋਕਤ ਪ੍ਰਮਾਣਾਂ ਤੋਂ ਇਹ ਭਲੀ ਪ੍ਰਕਾਰ ਸਪੱਸ਼ਟ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ 'ਭਿਸ਼ਤ' ਸ਼ਬਦ ਦੀ ਵਰਤੋਂ ਇਸਲਾਮਿਕ ਵਿਸ਼ਵਾਸ ਦੀ ਸਵੀਕ੍ਰਿਤੀ ਦੇ ਰੂਪ ਵਿਚ ਨਹੀਂ ਹੋਈ ਹੈ। ਬਾਣੀਕਾਰਾਂ ਨੇ ਇਸਲਾਮਿਕ ਸ਼ਬਦਾਵਲੀ ਦੀ ਵਰਤੋਂ ਜ਼ਰੂਰ ਕੀਤੀ ਹੈ, ਪਰੰਤੂ ਇਸ ਸ਼ਬਦ ਵਿਚ ਰੂਹ ਆਪਣੀ ਵਿਚਾਰਧਾਰਾ ਦੀ ਫੂਕੀ ਹੈ। ਇਸ ਲਈ ਕੁਝ ਸੱਜਣਾਂ ਦਾ ਗੁਰੂ ਗ੍ਰੰਥ ਸਾਹਿਬ ਵਿਚ ਇਸ ਸ਼ਬਦ ਦੀ ਵਰਤੋਂ ਦੇਖ ਕੇ ਹੀ ਇਹ ਕਹਿਣਾ ਜਾਂ ਲਿਖਣਾ ਕਿ ਬਾਣੀਕਾਰ ਵੀ ਇਸਲਾਮਿਕ ਵਿਸ਼ਵਾਸ ਨੂੰ ਪ੍ਰਵਾਨ ਕਰਦੇ ਹਨ, ਬਿਲਕੁਲ ਹੀ ਨਿਰਮੂਲ ਹੈ। ਗੁਰੂ ਗ੍ਰੰਥ ਸਾਹਿਬ ਵਿਚ 'ਭਿਸ਼ਤ' ਦੀ ਭੂਗੋਲਿਕ ਹੋਂਦ ਨੂੰ ਨਹੀਂ ਮੰਨਿਆ ਗਿਆ ਹੈ। ਜਿਸ ਤਰ੍ਹਾਂ ਬਾਣੀਕਾਰਾਂ ਨੇ 'ਸੁਰਗ' ਦੇ ਪੁਰਾਣਿਕ ਵਿਸ਼ਵਾਸ ਨੂੰ ਸਵੀਕਾਰ ਨਹੀਂ ਕੀਤਾ, ਉਸੇ ਤਰ੍ਹਾਂ ਇਸਲਾਮ ਦੇ 'ਭਿਸ਼ਤ' ਸੰਬੰਧੀ ਵਿਸ਼ਵਾਸ ਨੂੰ ਵੀ ਪ੍ਰਵਾਨ ਨਹੀਂ ਕੀਤਾ ਹੈ। ਗੁਰੂ ਗ੍ਰੰਥ ਸਾਹਿਬ ਵਿਚ 'ਭਿਸ਼ਤ' ਦਾ ਜੋ ਸਰੂਪ ਹੈ, ਉਹ ਹੀ ਗੁਰਬਾਣੀ ਦਾ ਸੱਚ ਹੈ। ਇਸ ਸੱਚ ਨੂੰ ਹੀ ਸਵੀਕਾਰ ਕਰਨ ਦੀ ਲੋੜ ਹੈ ਨਾ ਕਿ 'ਭਿਸ਼ਤ' ਸ਼ਬਦ ਦੇ ਪ੍ਰਚਲਿਤ ਅਰਥਾਂ ਨੂੰ। 'ਭਿਸ਼ਤ' ਸ਼ਬਦ ਤੋਂ ਇਲਾਵਾ ਗੁਰੂ ਗ੍ਰੰਥ ਸਾਹਿਬ ਵਿਚ ਅਜਿਹੇ ਹੋਰ ਕਈ ਸ਼ਬਦ ਹਨ ਜਿਨ੍ਹਾਂ ਦੀ ਬਾਣੀਕਾਰਾਂ ਨੇ ਪ੍ਰਚਲਿਤ ਅਰਥਾਂ ਵਿਚ ਵਰਤੋਂ ਨਹੀਂ ਕੀਤੀ ਹੈ। ਸਾਨੂੰ ਬਾਣੀਕਾਰਾਂ ਵਲੋਂ ਜਿਨ੍ਹਾਂ ਅਰਥਾਂ ਵਿਚ ਕਿਸੇ ਸ਼ਬਦ ਦੀ ਵਰਤੋਂ ਕੀਤੀ ਹੋਈ ਹੈ, ਉਹਨਾਂ ਅਰਥਾਂ ਨੂੰ ਹੀ ਗ੍ਰਹਿਣ ਕਰਨ ਦੀ ਲੋੜ ਹੈ। ਚੂੰਕਿ ਇਹਨਾਂ ਅਰਥਾਂ ਵਿਚ ਹੀ ਗੁਰਬਾਣੀ ਦਾ ਸੱਚ ਅਥਵਾ ਗੁਰਮਤਿ ਵਿਚਾਰਧਾਰਾ ਦੀ ਵਿਲੱਖਣਤਾ ਦਾ ਰਹੱਸ ਹੈ।

ਸੱਚਖੰਡ (ਭਾਗ ਪਹਿਲਾ)

ਜਪੁਜੀ ਦੀ 37ਵੀਂ ਪਉੜੀ ਵਿਚ ਆਈ ਪੰਗਤੀ "ਸਚ ਖੰਡਿ ਵਸੈ ਨਿਰੰਕਾਰੁ" ਨੂੰ ਆਧਾਰ ਬਣਾ ਕੇ ਕਈ ਸੱਜਣ ਇਹ ਕਹਿੰਦੇ ਹਨ ਕਿ ਗੁਰੂ ਨਾਨਕ ਸਾਹਿਬ ਨੇ 'ਸੱਚਖੰਡ' ਵਿਚ ਨਿਰੰਕਾਰ ਦੇ ਟਿਕਾਣੇ ਦਾ ਆਪ ਪਤਾ ਦਿੱਤਾ ਹੈ। ਪਰੰਤੂ ਇਸ ਪਉੜੀ ਵਿਚ ਗੁਰੂ ਨਾਨਕ ਸਾਹਿਬ ਨੇ ਅਕਾਲ ਪੁਰਖ ਦੇ ਟਿਕਾਣੇ ਦਾ ਨਹੀਂ ਸਗੋਂ ਆਤਮਿਕ ਅਵਸਥਾ ਦੀ ਉੱਚਤਮ ਦਸ਼ਾ ਦਾ ਵਰਣਨ ਕਰਦਿਆਂ ਹੋਇਆਂ ਇਸ ਨੂੰ ਹੀ ਸੱਚਖੰਡ ਆਖਿਆ ਹੈ। ਇਸ ਗੱਲ ਨਾਲ ਲਗਭਗ ਸਾਰੇ ਹੀ ਟੀਕਾਕਾਰ ਸਹਿਮਤ ਹਨ ਕਿ ਜਪੁ ਬਾਣੀ ਦੀਆਂ ਇਨ੍ਹਾਂ ਚਾਰ ਪਉੜੀਆਂ (34 ਤੋਂ 37 ਤਕ) ਵਿਚ ਗੁਰੂ ਨਾਨਕ ਸਾਹਿਬ ਨੇ ਆਤਮਿਕ ਚੜ੍ਹਾਈ ਦੀਆਂ ਪੰਜ ਅਵਸਥਾਵਾਂ ਦਾ ਵਰਣਨ ਕੀਤਾ ਹੈ। ਇਨ੍ਹਾਂ ਆਤਮਿਕ ਅਵਸਥਾਵਾਂ ਨੂੰ 'ਖੰਡ' ਆਖਿਆ ਹੈ। ਇਹ ਖੰਡ ਹਨ : ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਅਤੇ ਸੱਚਖੰਡ। ਸੱਚਖੰਡ ਨੂੰ ਆਤਮਿਕ ਅਵਸਥਾ ਦੇ ਰੂਪ ਵਿਚ ਦਰਸਾਇਆ ਹੈ ਨਾ ਕਿ ਕਿਸੇ (ਭੂਗੋਲਿਕ) ਸਥਾਨ ਦੇ ਰੂਪ ਵਿਚ। ਪਾਠਕਾਂ ਦੇ ਗਿਆਤ ਲਈ ਕੁਝ ਕੁ ਵਿਦਵਾਨਾਂ ਵਲੋਂ ਇਸ ਪੰਗਤੀ ਦੇ ਕੀਤੇ ਹੋਏ ਅਰਥ ਲਿਖ ਰਹੇ ਹਾਂ, ਤਾਂ ਕਿ ਪਾਠਕ ਇਸ ਗੱਲ ਤੋਂ ਭਲੀ ਪ੍ਰਕਾਰ ਜਾਣੂ ਹੋ ਸਕਣ।

ਭਾਈ ਵੀਰ ਸਿੰਘ ਜੀ ਇਸ ਪੰਗਤੀ ਦੇ ਅਰਥ ਕਰਦੇ ਹੋਏ ਲਿਖਦੇ ਹਨ :

> "ਸਚ ਖੰਡ ਵਿਚ ਆਕਾਰ ਤੋਂ ਰਹਿਤ (ਅਕਾਲ ਪੁਰਖ ਆਪ) ਵੱਸਦਾ ਹੈ (ਜੋ) ਰਚੀ ਹੋਈ ਨੂੰ ਵੇਖਦਾ ਸੰਭਾਲਦਾ ਹੈ ਤੇ ਕ੍ਰਿਪਾ ਦ੍ਰਿਸ਼ਟੀ ਨਾਲ ਨਿਹਾਲ ਕਰਦਾ ਹੈ।"

ਭਾਈ ਸਾਹਿਬ ਸੱਚਖੰਡ ਬਾਰੇ ਫ਼ੁਟ ਨੋਟ ਵਿਚ ਲਿਖਦੇ ਹਨ :

> "ਨਿਰੰਕਾਰ ਸਾਰੇ ਹੈ, ਨਿਰੰਕਾਰ ਅਨੰਤ ਹੈ, ਅਨੰਤ ਹਰ ਥਾਂ ਹੈ। ਸੋ ਉਸ ਦਾ ਸੱਚਖੰਡ ਵੱਖਰੇ ਦੇਸ ਵਿਚ ਨਹੀਂ, ਉਸ ਦੇ ਸੱਚਖੰਡ ਵਿਚ ਹੈਨ ਸਾਰੇ ਖੰਡ, ਮੰਡਲ, ਬ੍ਰਹਿਮੰਡ, ਲੋਕ ਤੇ ਆਕਾਰ।" *('ਪੰਜ ਗ੍ਰੰਥੀ ਸਟੀਕ', ਭਾਈ ਸਾਹਿਬ ਭਾਈ ਵੀਰ ਸਿੰਘ ਜੀ)*

ਪ੍ਰਿੰਸੀਪਲ ਸਤਿਬੀਰ ਸਿੰਘ ਹੁਰਾਂ ਨੇ ਇਸ ਸੰਬੰਧ ਵਿਚ ਲਿਖਿਆ ਹੈ :

> "ਸੱਚਖੰਡ, ਉਸ ਦੀ ਹੋਂਦ ਨੂੰ ਅੰਦਰ ਦੇਖ ਲੈਣ ਵਾਲੀ ਅਵਸਥਾ ਹੈ। ਉਸ ਦਾ ਨਿਰਆਕਾਰ ਰੂਪ ਅੰਦਰ ਟਿਕ ਜਾਂਦਾ ਹੈ। ਇਹ ਪ੍ਰਤੱਖ ਦਿੱਸ ਜਾਂਦਾ ਹੈ ਕਿ ਵਾਹਿਗੁਰੂ ਸ੍ਰਿਸ਼ਟੀ ਦੀ ਰਚਨਾ ਕਰ ਕੇ ਉਸ ਦੀ ਸੰਭਾਲ ਵੀ ਚਾਅ ਨਾਲ ਕਰਦਾ ਹੈ।"
>
> *(ਅਨਾਦਿ ਅਨਾਹਤਿ, ਜਪੁ ਤੇ ਉਹਦੇ ਪੱਖ)*

ਪ੍ਰੋਫ਼ੈਸਰ ਸਾਹਿਬ ਸਿੰਘ ਹੁਰਾਂ ਨੇ ਇਸ ਪੰਗਤੀ ਦਾ ਅਰਥ ਇਸ ਤਰ੍ਹਾਂ ਕੀਤਾ ਹੈ :

> "ਸੱਚਖੰਡ ਵਿਚ (ਭਾਵ, ਅਕਾਲ ਪੁਰਖ ਨਾਲ ਇਕ ਰੂਪ ਹੋਣ ਵਾਲੀ ਅਵਸਥਾ ਵਿਚ) ਮਨੁੱਖ ਦੇ ਅੰਦਰ ਉਹ ਅਕਾਲ ਪੁਰਖ ਆਪ ਹੀ ਵੱਸਦਾ ਹੈ।"

ਸੰਪ੍ਰਦਾਈ ਵਿਦਵਾਨ ਇਸ ਪੰਗਤੀ ਦਾ ਅਰਥ ਕਰਦੇ ਹਨ:

"ਹੇ ਸਿੱਧੋ! ਉਹ ਨਿਰੰਕਾਰ ਪਰਮਾਤਮਾ ਪ੍ਰਤੱਖ ਸੱਚਖੰਡ, ਵਾ: ਸਤਿਸੰਗ ਰੂਪ ਸੱਚਖੰਡ ਵਿਚ ਵੱਸਦਾ ਹੈ।"

ਦੂਜਾ ਅਰਥ: "ਸੱਚਾ ਜੋ ਨਿਰੰਕਾਰ ਹੈ ਖੰਡਿ = ਭੇਦ ਤੋਂ ਰਹਿਤ, ਉਸ ਵਿਖੇ ਵੱਡੇ ਵੱਡੇ ਭਗਤ ਲੋਕ ਵੱਸਦੇ ਹਨ।"

('ਸੰਪ੍ਰਦਾਈ ਟੀਕਾ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਸੰਤ ਕਿਰਪਾਲ ਸਿੰਘ ਜੀ)

ਭਾਵੇਂ ਗੁਰੂ ਗ੍ਰੰਥ ਸਾਹਿਬ ਵਿਚ 'ਸਚ ਖੰਡਿ' ਸ਼ਬਦ ਸੁਰਗ ਆਦਿ ਦਾ ਸਮਾਨਾਰਥ/ਪ੍ਰਜਾਯਵਾਚੀ ਦੇ ਰੂਪ ਵਿਚ ਨਹੀਂ ਆਇਆ ਹੈ, ਪਰੰਤੂ ਫਿਰ ਵੀ ਕਈ ਸਿੱਖ ਵਿਦਵਾਨ 'ਸਚ-ਖੰਡ' ਦੀ ਸੁਰਗ ਆਦਿ ਵਾਂਗ ਭੂਗੋਲਿਕ ਹੋਂਦ ਮੰਨਦੇ ਹਨ। ਪਰੰਤੂ ਇਹ ਗੱਲ ਜ਼ਰੂਰ ਹੈ ਕਿ 'ਸੱਚਖੰਡ' ਦੀ ਸਥਾਨਗਤ ਹੋਂਦ ਮੰਨਣ ਵਾਲੇ' 'ਸੱਚਖੰਡ' ਵਿਚ 'ਸੁਰਗ ਲੋਕ' ਵਾਂਙ ਨਾਨਾ ਪ੍ਰਕਾਰ ਦੇ ਐਸ਼-ਆਰਾਮ ਆਦਿ ਬਾਰੇ ਚਰਚਾ ਨਹੀਂ ਕਰਦੇ। ਜਨਮ ਸਾਖੀਆਂ ਅਤੇ ਇਨ੍ਹਾਂ ਸਾਖੀਆਂ ਨੂੰ ਆਧਾਰ ਬਣਾਉਣ ਵਾਲੇ ਲੇਖਕਾਂ (*ਸੂਰਜ ਪ੍ਰਕਾਸ਼* ਆਦਿ) ਦੀਆਂ ਲਿਖਤਾਂ ਵਿਚ 'ਸੱਚਖੰਡ' ਬਾਰੇ ਵੇਰਵੇ ਮਿਲਦੇ ਹਨ। ਇਨ੍ਹਾਂ ਲੇਖਕਾਂ ਨੇ 'ਸੱਚਖੰਡ' ਸੰਬੰਧੀ ਜੋ ਵੇਰਵਾ ਦਿੱਤਾ ਹੈ, ਉਹ ਇਨ੍ਹਾਂ ਲੇਖਕਾਂ ਦੀ ਆਪਣੀ ਹੀ ਕਲਪਨਾ ਦੇ ਸਿੱਟੇ 'ਤੇ ਆਧਾਰਿਤ ਹੈ। 'ਕਲਪਨਾ' ਸ਼ਬਦ ਇਸ ਲਈ ਲਿਖਣ ਦੀ ਗੁਸਤਾਖ਼ੀ ਕਰ ਰਹੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਵਿਚ 'ਸੱਚਖੰਡ' ਬਾਰੇ ਅਜਿਹਾ ਕਿਧਰੇ ਵੀ ਵਰਨਣ ਨਹੀਂ ਕੀਤਾ ਹੋਇਆ ਹੈ। ਗੁਰਬਾਣੀ ਦਾ ਸੱਚ ਉਸ ਦੀ ਪ੍ਰੋੜ੍ਹਤਾ ਨਹੀਂ ਕਰਦਾ, ਜਿਸ ਦਾ ਜਨਮ ਸਾਖੀਆਂ ਆਦਿ ਵਿਚ 'ਸੱਚਖੰਡ' ਦੀ ਭੂਗੋਲਿਕ ਕਲਪਨਾ ਕਰ ਕੇ, ਜਿਹੋ ਜਿਹਾ ਅਕਾਲ ਪੁਰਖ ਦਾ ਸਰੂਪ ਦਰਸਾਇਆ ਹੈ।

ਜਿਵੇਂ ਜਨਮ ਸਾਖੀ ਸਾਹਿਤ ਦੀਆਂ ਬਹੁਤ ਸਾਰੀਆਂ ਅਜਿਹੀਆਂ ਸਾਖੀਆਂ ਨੂੰ ਵੀ ਅਸੀਂ ਚੇਤ-ਅਚੇਤ ਰੂਪ ਵਿਚ ਸਵੀਕਾਰ ਕੀਤਾ ਹੋਇਆ ਹੈ, ਜਿਨ੍ਹਾਂ ਵਿਚ ਗੁਰਮਤਿ ਸਿਧਾਂਤਾਂ ਦੀ ਘੋਰ ਉਲੰਘਣਾ ਕੀਤੀ ਹੋਈ ਹੈ, ਉਸੇ ਤਰ੍ਹਾਂ 'ਸੱਚਖੰਡ' ਵਾਲੀ ਧਾਰਨਾ ਨੂੰ ਵੀ ਪ੍ਰਵਾਨ ਕੀਤਾ ਹੋਇਆ ਹੈ। ਅਸੀਂ ਗੁਰੂ ਗ੍ਰੰਥ ਸਾਹਿਬ ਦੇ ਸੱਚ ਨੂੰ ਮੰਨਣਾ ਹੈ ਨਾ ਕਿ ਜਨਮ ਸਾਖੀਆਂ ਅਤੇ ਇਨ੍ਹਾਂ ਦੀ ਹੀ ਤਰਜ਼ 'ਤੇ ਲਿਖੀਆਂ ਹੋਈਆਂ ਹੋਰਨਾਂ ਲੇਖਕਾਂ ਦੀਆਂ ਲਿਖਤਾਂ ਨੂੰ।

ਪਾਠਕਾਂ ਦੀ ਜਾਣਕਾਰੀ ਲਈ 'ਸੱਚਖੰਡ' ਬਾਰੇ ਜਨਮ ਸਾਖੀਆਂ ਅਤੇ ਇਨ੍ਹਾਂ ਜਨਮ ਸਾਖੀਆਂ ਨੂੰ ਆਧਾਰ ਬਣਾ ਕੇ ਲਿਖੀਆਂ ਹੋਈਆਂ ਪੁਸਤਕਾਂ ਵਿੱਚੋਂ ਟੂਕ-ਮਾਤਰ ਵਰਨਣ ਕਰ ਰਹੇ ਹਾਂ। ਇਹ ਵਰਨਣ ਕੇਵਲ ਇਸ ਖ਼ਿਆਲ ਨਾਲ ਕਰ ਰਹੇ ਹਾਂ ਤਾਂ ਕਿ ਪਾਠਕ ਇਹ ਦੇਖ ਸਕਣ ਕਿ ਪੁਰਾਣਾਂ ਦੇ ਲੇਖਕਾਂ ਵਾਂਙ ਇਨ੍ਹਾਂ ਲੇਖਕਾਂ ਨੇ ਵੀ ਕਿਸ ਤਰ੍ਹਾਂ ਕਾਲਪਨਿਕ ਉਡਾਰੀਆਂ ਮਾਰਦਿਆਂ ਹੋਇਆਂ 'ਸੱਚਖੰਡ' ਅਤੇ ਅਕਾਲ ਪੁਰਖ ਦੇ ਸਰੂਪ ਬਾਰੇ ਆਪਣੀਆਂ ਲਿਖਤਾਂ ਵਿਚ ਵੇਰਵੇ ਦਿੱਤੇ ਹੋਏ ਹਨ।

ਭਾਈ ਬਾਲੇ ਵਾਲੀ ਜਨਮ ਸਾਖੀ ਦਾ ਲੇਖਕ ਇਸ ਸੰਬੰਧ ਵਿਚ ਲਿਖਦਾ ਹੈ:

"ਤਾਂ ਗੁਰੁ ਨਾਨਕ ਜੀ ਧੁਰ ਸੱਚਖੰਡ ਦਰਬਾਰ ਮੇਂ ਜਾਇ ਪਹੁੰਚੇ ਜਹਾਂ ਬਡਾ ਪ੍ਰਕਾਸ਼ ਹੈ ਪ੍ਰਕਾਸ਼ ਰੂਪ ਤਖ਼ਤ ਕੇ ਉਪਰ ਸਤ ਨਿਰੰਕਾਰ ਜੋਤੀ ਸਰੂਪ ਬੈਠੇ ਹੈਂ ਸੰਪੂਰਨ

ਭਗਤ ਅਵਤਾਰ ਹਾਥ ਜੋੜ ਕਰ ਖੜੇ ਹੈਂ ਅਤੇ ਬਾਬਾ ਨਾਨਕ ਜੀ ਨੇ ਓਹ ਜੋ ਕੋਟਾਨ ਸੂਰਜ ਕੇ ਸਮਾਨ ਪ੍ਰਕਾਸ਼ ਹੈ ਕੋਟਾਨ ਚੰਦ੍ਰਮਾਂ ਜੈਸਾ ਸੀਤਲ ਇਸ ਕਾ ਪ੍ਰਕਾਸ਼ ਹੈ ਉਸ ਸੱਚੇ ਪ੍ਰਕਾਸ਼ ਵਿਖੇ ਪਰਵੇਸ਼ ਕੀਆ ਉਸ ਜੋਤ ਰੂਪ ਭਗਵਾਨ ਕੀ ਉਸਤਤ ਕਰੀ ਔਰ ਆਗੇ ਸਤ ਸਰੂਪ ਨਿਰੰਕਾਰ ਵਿਸ਼ਨੂੰ ਜੀ ਬਿਰਾਜਮਾਨ ਹੈਂ।..

ਮਰਦਾਨੇ ਕਹਿਆ ਸੁਆਮੀ ਜੀ ਅਸੀਂ ਪ੍ਰਿਥਵੀ ਤੋਂ ਕਿਤਨੇ ਜੋਜਨ (ਚਾਰ ਕੋਹ ਪ੍ਰਮਾਣ) ਆਏ ਹਾਂ ਤਾਂ ਗੁਰੂ ਨਾਨਕ ਜੀ ਕਹਿਆ ਮਰਦਾਨਾ ਚਾਲੀ ਲੱਖ ਜੋਜਨ ਉੱਚੇ ਆਏ ਹਾਂ ਤੇ ਧ੍ਰੂ ਭਗਤ ਉਨਤਾਲੀ ਲੱਖ ਜੋਜਨ ਹੈ ਅਤੇ ਸ੍ਰੀ ਨਿਰੰਕਾਰ ਜੀ ਕਾ ਆਸਨ ਇਕ ਲੱਖ ਜੋਜਨ ਧ੍ਰੂ ਸੇ ਪਰੇ ਹੈ, ਫੇਰ ਮਰਦਾਨੇ ਕਹਿਆ ਜੀ ਉਸ ਤੋਂ ਪਰੇ ਵੀ ਕੁਛ ਹੈ ਤਾਂ ਸ੍ਰੀ ਗੁਰੂ ਜੀ ਕਹਿਆ ਮਰਦਾਨਾ ਪਰਮੇਸ਼ਰ ਦਾ ਸ਼ੁਮਾਰ ਨਹੀਂ ਹੈ ਓਹ ਬੇਸ਼ੁਮਾਰ ਹੈ ਅਤੇ ਜੋ ਕਰਤਾਰ ਸਾਨੂੰ ਦਿਖਾਯਾ ਹੈ ਸੋ ਕੁਛ ਦੇਖਿਆ ਹੈ।" *(ਜਨਮ ਸਾਖੀ ਭਾਈ ਬਾਲੇ ਵਾਲੀ ?)*

ਪੁਰਾਤਨ ਜਨਮ ਸਾਖੀ ਅਨੁਸਾਰ :

"ਤਿਉ ਆਗਿਆ ਪਰਮੇਸਰ ਦੀ ਹੋਈ ਜੁ ਸੇਵਕੁ ਹੁਕਮੁ ਨਾਲ ਦਰਗਾਹਿ ਲੈ ਗਏ। ਸੇਵਕਾਂ (ਨਿਰੰਕਾਰ ਅੱਗੇ) ਜਾਇ ਅਰਜ ਕੀਤਾ ਜੋ, "ਨਾਨਕ ਹਾਜਰ ਹੈ।" ਤਬ ਸਚੀ ਦਰਗਾਹਿ ਦਰਸਨ ਹੋਇਆ।...ਆਗਿਆ ਪਰਮੇਸਰ ਕੀ ਹੋਈ। ਤਬ ਬਾਬਾ ਨਾਨਕ ਦਰੀਆਉ ਵਿਚ ਪਇਆ ਆਹਾ। ਸੇਵਕਾਂ ਅਰਜ ਕੀਤਾ ਜੁ "ਨਾਨਕੁ ਸੇਵਕੁ ਹਾਜਰ ਹੈ। 'ਤਬ ਦੁਧੁ ਕਾ ਕਟੋਰਾ ਭਰਿ ਕਰਿ ਮਿਲਿਆ,' 'ਏਹੁ ਦੁਧੁ ਨਾਹੀ ਮੇਰੇ ਨਾਮੁ ਕਾ ਪਿਆਲਾ ਹੈ। ਤੂੰ ਪੀਉ।' ਤਬ ਬਾਬੇ ਤਸਲੀਮੁ ਕੀਤੀ। ਅਤੇ ਪਿਆਲਾ ਪੀਤਾ।"

"ਜਦ ਗੁਰੂ ਜੀ ਨੇ ਵੇਈਂ ਵਿਚ ਡੁਬਕੀ ਲਾਈ ਤਦ ਵਰੁਣ ਦਿਉਤਾ ਉਨ੍ਹਾਂ ਨੂੰ ਵਾਹਿਗੁਰੂ ਦੇ ਹੁਕਮ ਅਨੁਸਾਰ ਸਚਖੰਡ ਵਿਚ ਲੈ ਗਿਆ ਜਿਥੇ ਬ੍ਰਹਮਾ, ਬਿਸ਼ਨ, ਸ਼ਿਵ, ਇੰਦਰ, ਕੁਬੇਰ, ਬਯਾਸ, ਨਾਰਦ, ਸਨਕਾਦਿਕ, ਰਾਮ ਕ੍ਰਿਸ਼ਨ, ਜਰਦਸਤ, ਈਸਾ, ਮੂਸਾ, ਮੁਹੰਮਦ ਆਦਿਕ ਅਨੇਕਾਂ ਹੀ ਮੰਗਤਿਆਂ ਵਾਂਗ ਖਲੋਤੇ ਹੈਨ ਅਤੇ ਇਕ ਮਹਾਂ ਪੁਰਖ ਅੰਦਰੋਂ ਆਇਆ ਅਤੇ ਬਾਬਾ ਜੀ ਨੂੰ ਅਕਾਲ ਪੁਰਖ ਦੇ ਹਜ਼ੂਰ ਲੈ ਗਿਆ ਤਾਂ ਕ੍ਰੋੜਾਂ ਹੀ ਬਿਜਲੀਆਂ ਨਾਲੋਂ ਵਧ ਤੇਜ ਨੂਰ ਹੀ ਨੂਰ ਦਿਸਿਆ।"

('ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਨਿਰੰਕਾਰੀ ਚਮਤਕਾਰ',
ਭਾਈ ਉਤਮ ਸਿੰਘ ਗੁਰਬਚਨ ਸਿੰਘ)

ਭਾਈ ਸੰਤੋਖ ਸਿੰਘ *ਸ੍ਰੀ ਗੁਰ ਨਾਨਕ ਪ੍ਰਕਾਸ਼* ਵਿਚ ਇਸ ਸੰਬੰਧ ਵਿਚ ਚਰਚਾ ਕਰਦਿਆਂ ਹੋਇਆਂ ਲਿਖਦੇ ਹਨ :

ਏਕ ਸਮੈ ਜਲਈਸ਼ੁਰ (ਵਰੁਣ ਦੇਵਤਾ) ਕੋ ਸੁਖਰਾਸ ਅਕਾਸ਼ ਭਈ ਸ਼ੁਭ ਬਾਨੀ।
'ਨਾਨਕ ਪਾਸ ਹੁਲਾ-ਸਯ ਸੌਂ ਪਠਵੋ ਤੁਮ ਜਾ ਸੁ ਰਿਦੇ ਸੁਖ ਦਾਨੀ'।
ਕਾਨ ਸੁਨੀ ਮਨ ਮਾਨ ਗੁਨੀ ਭਈ ਦੇਹਿ ਦੁਨੀ ਤਰੁ ਜਯੋਂ ਮਿਲਪਾਨੀ।
ਦੇਹਧਰੀ ਕਰਤਾਰ ਹਰੀ, ਬਿਧਿ ਹੋਇ ਖਰੀ, ਪਰਸੋਂ ਗਤਿਦਾਨੀ (ਗੁਰੂ ਨਾਨਕ ਸਾਹਿਬ) ॥੧੩॥...
ਬਾਰਿ ਵਿਖੇ ਇਕ ਬਾਰ ਕਿਯੋ ਬਪੁ ਆਨਿ ਪਤਿਬਾਰਿ ਅਗਾਰੀ।
ਆਨੰਦ ਕੰਦ ਪਦੰ ਅਰਬਿੰਦ ਦੁਊ ਕਰ ਬੰਦਿ ਹੈ ਬੰਦਨ ਧਾਰੀ।...

ਬਾਨੀ ਅਕਾਸ਼ ਭਈ ਸੁਖਰਾਸ ਕੀ ਜਾਵਹੁ ਪਾਸ ਅਬੈ ਕਰਤਾਰਾ।
ਸ਼੍ਰੀ ਸਚੁ ਖੰਡ ਅਖੰਡ ਸਦਾ ਭਵ ਮੰਡਨ ਬਾਸ ਜਹਾਂ ਸੁਖ ਭਾਰਾ।...
ਯੋਂ ਕਹਿ ਬੈਨ ਗਏ ਗਤਿ ਦੈਨ ਗੁਰੂ ਗੁਨ ਐਨ ਜਹਾਂ ਦਰਬਾਰਾ।

(ਪੁਰਬਾਰਧ ਅਧਯਾਯ 28)

ਭਾਈ ਸੰਤੋਖ ਸਿੰਘ ਜੀ ਜਦ ਗੁਰੂ ਨਾਨਕ ਸਾਹਿਬ ਜੀ ਦੇ ਦੂਜੀ ਵਾਰ (ਉਦਾਸੀਆਂ ਦੇ ਸਮੇਂ) 'ਸੱਚਖੰਡ' ਜਾਣ ਦਾ ਵਰਣਨ ਕਰਦੇ ਹਨ, ਤਦ ਕਿਸੇ ਵਰੁਣ ਦੇਵਤੇ ਦਾ ਵਰਨਣ ਨਹੀਂ ਕਰਦੇ। ਭਾਈ ਸਾਹਿਬ ਅਨੁਸਾਰ ਇਸ ਸਮੇਂ ਹਜ਼ੂਰ ਅਕਾਲ ਪੁਰਖ ਦੇ ਬੁਲਾਵੇ 'ਤੇ ਤਾਂ ਨਹੀਂ ਸਗੋਂ ਆਪ ਹੀ ਪ੍ਰਭੂ ਨੂੰ ਮਿਲਣ ਲਈ 'ਸੱਚਖੰਡ' ਗਏ। ਭਾਈ ਸੰਤੋਖ ਸਿੰਘ ਹੁਰਾਂ ਨੇ ਭਾਈ ਬਾਲੇ ਵਾਲੀ (?) ਜਨਮ ਸਾਖੀ ਦੇ ਆਧਾਰਿਤ ਹੀ 'ਸੱਚਖੰਡ' ਦਾ ਵੇਰਵਾ ਦਿੱਤਾ ਹੈ। ਭਾਈ ਸੰਤੋਖ ਸਿੰਘ ਲਿਖਦੇ ਹਨ:

ਪੁਨ ਆਵਾ ਸ਼੍ਰੀ ਪ੍ਰਭੁ ਦਰਬਾਰਾ।
ਕੋਟ ਸੂਰ ਸਮ ਜਗਮਗਕਾਰਾ।
ਮਰਕਤਿ (ਪੰਨੇ, ਨੀਲਮ) ਪਦਮ-ਰਾਗ (ਲਾਲ ਮਣੀਆਂ) ਛਬਿ ਭਾਰੀ।
ਮੀਨਾਕਾਰ ਜਹਾਂ ਗਚਕਾਰੀ॥੧੭॥
ਹਾਟਕ (ਸੋਨੇ) ਫਟਕ (ਬਿਲੌਰ) ਪ੍ਰਵਾਲਨ (ਗੁਲੀਆਂ ਦੇ) ਥੰਭਾ।
ਜਿਨ ਬਿਲੋਕਿ ਮਨ ਹੋਤਿ ਅਚੰਭਾ।
ਹਰਿਤ ਮਣਿਨ ਮਾਣਿਕ ਬਿਚਿ ਹੀਰੇ।
ਬਿਰਚੇ (ਬਣਾਏ) ਕੋਰ ਕਾਢਿ ਸੁਠ ਚੀਰੇ॥੧੮॥
ਮੁਕਤਾ ਮਾਲਨ ਝਾਲਰ ਝਾਈ।
ਦੂਸਰ ਦਿਪਹਿ ਤਿਨਹਿ ਕੀ ਨਯਾਈ।
ਚੀਰ ਪਰੋਜਨ ਰਚੇ ਸਰੋਜਾ।
ਜਿਨਹਿਂ ਬਿਲੋਕਿ ਲਜਾਇ ਮਨੋਜਾ (ਕਾਮਦੇਵ)॥੧੯॥
ਮੇਚਕ ਮਣਿ ਕੇ ਭ੍ਰਿੰਗੁ ਬਨਾਏ।
ਰਚੇ ਰੁਚਿਰ ਛਬਿ ਕੌਨ ਗਨਾਏ।
ਬੀਚ ਬਚਿੱਤ੍ਰ ਬਿਤਾਨ ਬਨਾਵਾ।
ਲਗੀ ਡੋਰ ਮਖਤੂਲ ਸੁਹਾਵਾ॥੨੦॥
ਸੱਚਖੰਡ ਕੀ ਉਪਮਾ ਜੋਈ।
ਉਚਰਿ ਸਕੈ ਅਸ ਕਵਿ ਨਹਿਂ ਕੋਈ।
ਜਹਿਂ ਕੁੰਠਤਿ (ਸੰਕੁਚਿਤ) ਹ੍ਵੈ ਹੈ ਮਨ ਬਾਨੀ।
ਕੈਸੇ ਪਰੈ ਤਾਸ ਗਤਿ ਜਾਨੀ॥੨੧॥

ਇਸੇ ਪ੍ਰਸੰਗ ਵਿਚ ਫਿਰ ਆਪ ਲਿਖਦੇ ਹਨ:

ਮਨ ਠਹਿਰਾਵਨ ਹੇਤੁ ਸੁਖਾਰੇ।
ਕਹੌਂ ਰੁਚਿਰਤਾ ਕਛੁਕ ਸੁਧਾਰੇ।
ਸਬਜ਼ ਸ਼ਯਾਮ ਮਣਿ ਰੰਗ ਅਨੇਕਾ।
ਪਦਮਰਾਗ (ਲਾਲ ਮਣੀਆਂ) ਕੋ ਕਰੈ ਬਿਬੇਕਾ॥੨੨॥

ਫਰਸ਼ ਰੁਚਿਰ ਕਿਯ ਅਜਰ ਮਝਾਰੀ।
ਅਦਭੁਤ ਦੇਖਤਿ ਹੀ ਮਨੁਹਾਰੀ।
ਮੱਧ ਸਿੰਘਾਸਨ ਸੁੰਦਰ ਸੋਹੈ।
ਭਾਨੁ ਅਨਿਕ ਨ ਪਟੰਤਰ ਕੋ ਹੈ॥੨੩॥
ਸਦਾ ਸੱਚਿਦਾ ਨੰਦ ਕ੍ਰਿਪਾਲਾ।
ਜਨੁ ਸੋਹੈ ਘਨ ਸੁਖਦ ਅਕਾਲਾ।... *(ਅਧਯਾਯ 73)*

ਇਸ ਤੋਂ ਅੱਗੇ ਭਾਈ ਸੰਤੋਖ ਸਿੰਘ ਨੇ ਅਕਾਲ ਪੁਰਖ ਦੀ ਸਰੀਰਕ ਡੀਲ-ਡੌਲ ਦਾ ਵਰਣਨ ਕੀਤਾ ਹੈ ਕਿ ਉਸ ਪ੍ਰਭੂ ਦੀਆਂ, "ਸੁੰਦਰ ਜੰਘ ਸਰਸ ਕਦਲੀ ਕੀ (ਕੇਲੇ ਵਰਗੀਆਂ)। ਚਲਿਤ ਲਲਿਤ ਗਤਿ ਭਾਵਤਿ ਜੀ ਕੀ। ਪ੍ਰਿਥੁਲ (ਚੌੜੇ) ਨਿਤੰਬ (ਪੱਟ) ਪੀਤ ਕਟ (ਲੱਕ ਨਾਲ) ਧੋਤੀ। ਛੁਦ੍ਰ ਘੰਟਿਕਾ (ਤੜਾਗੀ) ਮਨਿਮਯ ਜੋਤੀ।" ਆਦਿ

ਭਾਈ ਸਾਹਿਬ ਦਾ ਪ੍ਰਭੂ ਦੀ ਸਰੀਰਕ ਬਣਤਰ ਬਾਰੇ ਇਹ ਵਰਣਨ ਕਿੰਨਾ ਕੁ ਗੁਰਬਾਣੀ ਦੇ ਆਸ਼ੇ ਦੇ ਅਨੁਕੂਲ ਹੈ, ਪਾਠਕ ਜਨ ਖ਼ੁਦ ਹੀ ਅੰਦਾਜ਼ਾ ਲਗਾ ਸਕਦੇ ਹਨ।

ਭਾਈ ਸੰਤੋਖ ਸਿੰਘ ਹੁਰਾਂ ਨੇ ਜਨਮ ਸਾਖੀਆਂ ਤੋਂ ਭਿੰਨ ਇਕ ਹੋਰ ਗੱਲ ਦਾ ਵਰਣਨ ਵੀ ਕੀਤਾ ਹੈ। ਉਹ ਇਹ ਕਿ ਅਕਾਲ ਪੁਰਖ ਨੇ ਗੁਰੂ ਨਾਨਕ ਸਾਹਿਬ ਨੂੰ ਪੁੱਛਿਆ :

ਜਗ ਪ੍ਰਗਟੇ ਤੁਮ ਦੰਭ ਬਿਦਾਰਨ।
ਸੋ ਕਾਰਜ ਸਭਿ ਹੀ ਕਰਿ ਆਏ।
ਕਿਧੋਂ ਰਹਯੋ ਕਰਨੋ ਕਿਤ ਥਾਏ ?

ਗੁਰੂ ਨਾਨਕ ਸਾਹਿਬ ਉੱਤਰ ਵਿਚ ਕਹਿੰਦੇ ਹਨ :

ਸੁਨਿ-ਸਤਿ ਸ੍ਰੀ ਅਕਾਲ ਤੇ ਅਸ ਪ੍ਰਕਾਰ ਕੇ ਬੈਨ।
ਬੋਲੇ ਸ਼੍ਰੀ ਨਾਨਕ ਤਬੈ ਜੇ ਸਿੱਖਨ ਸੁਖ ਦੈਨ॥੪੬॥
ਹੁਤੇ ਅਠਾਰਹਿ ਸਾਗਰ ਟਾਪੂ।
ਪਸਰ ਰਹਯੋ ਤਹਿਂ ਨਾਮ ਪ੍ਰਤਾਪੂ।
ਜੰਬੂ ਦੀਪ ਬਿਖੈ ਬਹੁ ਥਾਈਂ।
ਪਸਰੀ ਭਗਤਿ ਮਹਾਂ ਸੁਖਦਾਈ॥੪੭॥
ਅਬ ਨਵ ਖੰਡਨ ਜਾਇ ਬਹੋਰੀ।
ਦੈ ਉਪਦੇਸ਼ ਕਟੌਂ ਦੁਖ ਘੋਰੀ।
ਸਪਤ ਦੀਪ ਮਹਿਂ ਨਾਮ ਪ੍ਰਤਾਪਾ।
ਸੁਨਿ ਕਰਿ ਸ਼ਬਦਿ ਕਰਹਿੰਗੇ ਜਾਪਾ॥੪੮॥

(ਸ੍ਰੀ ਗੁਰ ਨਾਨਕ ਪ੍ਰਕਾਸ਼, ਪੂਰਬਾਰਧ, ਅਧਯਾਯ 73)

ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ ਦੇ ਲੇਖਕ ਕਵਿ ਸੰਤ ਰੇਣ ਪ੍ਰੇਮ ਸਿੰਘ ਨੇ ਵੇਈਂ ਨਦੀ ਦੀ ਘਟਨਾ ਦਾ ਵਰਣਨ ਕਰਦੇ ਹੋਏ ਲਿਖਿਆ ਹੈ ਕਿ ਗੁਰੂ ਨਾਨਕ ਸਾਹਿਬ

ਨੂੰ ਪਾਣੀ ਦਾ ਦੇਵਤਾ (ਵਰਣ) ਵਿਸ਼ਨੂੰ ਦੇ ਨਿਵਾਸ ਸਥਾਨ 'ਤੇ ਲੈ ਕੇ ਗਏ। ਵਿਸ਼ਨੂੰ ਜੀ ਨੂੰ ਜਦ ਗੁਰੂ ਨਾਨਕ ਸਾਹਿਬ ਦੇ ਆਗਮਨ ਦਾ ਪਤਾ ਲੱਗਾ ਤਾਂ ਉਹ:

ਲਛਮੀ ਯੁਤ ਆਵਤ ਭਯੋ ਦਰਸੇ ਕਰਨਾ ਭਵਨ।
ਮਿਲੇ ਪਰਸਪਰ ਕੀਨ ਪ੍ਰਨਾਮੂ।
ਪੁਨ ਲੇ ਚਲੇ ਬਿਸ਼ਨ ਨਿਜ ਧਾਮੂ।
ਸੇਸ ਸੇਜ ਪਰ ਗੁਰ ਬੈਠਾਏ।
ਬਹੁ ਬਿਧ ਉਸਤਤ ਮੁਖਹੁ ਅਲਾਏ।
ਗੁਰੂ ਰੂਪ ਤੁਮ ਕੀਨੋ ਧਾਰਨ।
ਕਾਰਨ ਜਗ ਕੇ ਹੇਤ ਸੁਧਾਰਨ।
ਕ੍ਰਿਪਾ ਕੀਨ ਨਿਜ ਦਰਸ਼ਨ ਦੀਨਾ।
ਮੈਂ ਹੋ ਰਾਵਰ ਸਦਾ ਅਧੀਨਾ।
ਸੁਨ ਸ੍ਰੀ ਸਤਿਗੁਰ ਬਚਨ ਉਚਾਰੇ।
ਨਿਰੰਕਾਰ ਹਮ ਸਭ ਆਧਾਰੇ।
ਹਮ ਤੁਮ ਸੇਵਕ ਸਭੈ ਤਿਸੀ ਕੇ।
ਕਰੈਂ ਜੋਊ ਆਗਯਾ ਹਵੈ ਨੀਕੇ।
ਕਿਤਕ ਕਾਲ ਬੈਠੇ ਹਰ ਪਾਸ।
ਬਹੁ ਬਿਧ ਕੀਨੇ ਬਚਨ ਬਿਲਾਸ।...
ਕਹੇਂ ਗੁਰੁ ਹੇ ਪਤ (ਵਿਸ਼ਨੂੰ) ਅਬ ਜਾਵੈਂ।
ਪ੍ਰੇਮ ਵਸੀ ਅਬ ਰਹਿ ਨ ਸਕਾਵੈਂ।
ਅਸ ਕਹਿ ਬਰਨ ਬੁਲਾਯੋ ਪਾਸ।
ਮਿਲ ਹਰ ਸੋਂ ਚਢ ਵਾਹਿਨ ਖ਼ਾਸ।

ਉਪਰੋਕਤ ਲੇਖਕਾਂ ਦੀਆਂ ਲਿਖਤਾਂ ਵਿਚ ਇੱਕੋ ਘਟਨਾ ਦੇ ਸੰਬੰਧ ਵਿਚ ਵੱਖ-ਵੱਖ ਵਿਚਾਰ ਪ੍ਰਗਟ ਕੀਤੇ ਗਏ ਹਨ। ਕਿਸੇ ਨੇ ਵੇਈਂ ਨਦੀ 'ਚ ਇਸ਼ਨਾਨ ਕਰਨ ਸਮੇਂ ਵਰੁਣ ਦੇਵਤੇ ਨਾਲ, ਕਿਸੇ ਨੇ ਉਦਾਸੀਆਂ ਦੇ ਸਮੇਂ, ਕਿਸੇ ਨੇ ਦੋ ਵਾਰੀ ਗੁਰੂ ਸਾਹਿਬ ਨੂੰ 'ਸੱਚਖੰਡ' ਜਾਂਦੇ ਦਿਖਾਇਆ ਹੈ। ਵੇਈਂ ਨਦੀ ਵਿਚ ਇਸ਼ਨਾਨ ਕਰਨ ਵੇਲੇ ਜਿਨ੍ਹਾਂ ਲੇਖਕਾਂ ਨੇ ਗੁਰਦੇਵ ਦੇ 'ਸੱਚਖੰਡ' ਜਾਣ ਦਾ ਵਰਣਨ ਕੀਤਾ ਹੈ, ਉਨ੍ਹਾਂ ਦਾ ਇਸ ਗੱਲ ਵਿਚ ਮੱਤ-ਭੇਦ ਹੈ ਕਿ ਗੁਰੂ ਸਾਹਿਬ ਇਕੱਲੇ ਗਏ ਸਨ ਜਾਂ ਵਰੁਣ ਦੇਵਤੇ ਨਾਲ। ਫਿਰ ਜਿਨ੍ਹਾਂ ਨੇ ਵਰੁਣ ਦੇਵਤੇ ਦਾ ਵਰਣਨ ਕੀਤਾ ਹੈ ਉਨ੍ਹਾਂ ਦਾ ਇਸ ਗੱਲ ਵਿਚ ਇਕ ਮੱਤ ਨਹੀਂ ਹੈ ਕਿ ਵਰੁਣ ਦੇਵਤਾ ਆਪਣੀ ਮਰਜ਼ੀ ਨਾਲ ਹਜ਼ੂਰ ਨੂੰ 'ਸੱਚਖੰਡ' ਲੈ ਕੇ ਗਿਆ ਜਾਂ ਨਿਰੰਕਾਰ ਜੀ ਦੀ ਆਗਿਆ ਨਾਲ। ਇਸ ਤੋਂ ਇਲਾਵਾ ਕਈਆਂ ਨੇ ਇਕ ਸੇਵਕ ਦਾ ਨਹੀਂ ਬਲਕਿ ਕਈਆਂ ਸੇਵਕਾਂ ਦਾ ਵਰਣਨ ਕੀਤਾ ਹੈ, ਜਿਹੜੇ ਗੁਰੂ ਸਾਹਿਬ ਨੂੰ 'ਸੱਚਖੰਡ' ਲੈ ਕੇ ਗਏ ਹਨ। ਵੇਈਂ ਨਦੀ 'ਚ ਇਸ਼ਨਾਨ ਕਰਨ ਸਮੇਂ ਸਤਿਗੁਰੂ ਜੀ ਅਕਾਲ ਪੁਰਖ ਨੂੰ ਮਿਲੇ ਜਾਂ ਵਿਸ਼ਨੂੰ ਨੂੰ, ਇਸ ਬਾਰੇ ਵੀ ਇਨ੍ਹਾਂ ਲੇਖਕਾਂ ਦੀ ਆਪਸ ਵਿਚ ਸਹਿਮਤੀ ਨਹੀਂ ਹੈ।

ਇਸੇ ਤਰ੍ਹਾਂ ਜਿਨ੍ਹਾਂ ਲੇਖਕਾਂ ਨੇ ਉਦਾਸੀਆਂ ਦੇ ਸਮੇਂ ਗੁਰੂ ਨਾਨਕ ਪਾਤਸ਼ਾਹ ਜੀ ਦੇ 'ਸੱਚਖੰਡ' ਜਾਣ ਦਾ ਜ਼ਿਕਰ ਕੀਤਾ ਹੈ, ਉਨ੍ਹਾਂ ਵਿਚ ਵੀ ਆਪਸ ਵਿਚ ਕਈ ਮੱਤ-ਭੇਦ ਹਨ। ਕਈਆਂ ਨੇ ਦੋਵੇਂ ਵਾਰ (ਵੇਈਂ ਨਦੀ 'ਚ ਇਸ਼ਨਾਨ ਕਰਨ ਸਮੇਂ ਅਤੇ ਉਦਾਸੀਆਂ ਦੇ ਸਮੇਂ) ਹੀ ਗੁਰੂ ਸਾਹਿਬ ਦੇ 'ਸੱਚਖੰਡ' ਜਾਣ ਦਾ ਜ਼ਿਕਰ ਕੀਤਾ ਹੈ।

ਇਨ੍ਹਾਂ ਗੱਲਾਂ ਤੋਂ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਨ੍ਹਾਂ ਲੇਖਕਾਂ ਨੇ ਵੀ ਪੁਰਾਣ ਸਾਹਿਤ ਦੇ ਲੇਖਕਾਂ ਦੀ ਤਰ੍ਹਾਂ ਕਿਆਸ-ਅਰਾਈਆਂ ਹੀ ਲਗਾਈਆਂ ਹਨ। ਇਨ੍ਹਾਂ ਲੇਖਕਾਂ ਨੇ ਸਤਿਗੁਰੂ ਜੀ ਦੇ ਆਪਣੇ ਮੁਖਾਰਬਿੰਦ 'ਚੋਂ ਨਿਕਲੇ ਬਚਨਾਂ/ਗੁਰਬਾਣੀ ਨੂੰ ਆਧਾਰ ਬਣਾਉਣ ਦੀ ਖੇਚਲ ਨਹੀਂ ਕੀਤੀ। ਜੇਕਰ ਇਨ੍ਹਾਂ ਲਿਖਾਰੀਆਂ ਨੇ ਗੁਰੂ ਸਾਹਿਬ ਦੇ ਬਚਨਾਂ ਨੂੰ ਆਧਾਰ ਬਣਾਇਆ ਹੁੰਦਾ ਤਾਂ ਨਿਰਸੰਦੇਹ ਇਸ ਤਰ੍ਹਾਂ ਦੀਆਂ ਕਿਆਸ-ਅਰਾਈਆਂ ਕਰਨ ਦੀ, ਇਨ੍ਹਾਂ ਨੂੰ ਲੋੜ ਹੀ ਨਾ ਭਾਸਦੀ।

[*ਨੋਟ :* ਜੇਕਰ ਇਨ੍ਹਾਂ ਲੇਖਕਾਂ ਦੀਆਂ ਲਿਖਤਾਂ ਵਿਚ ਮੱਤ-ਭੇਦ ਨਾ ਵੀ ਹੁੰਦੇ, ਤਾਂ ਵੀ ਜਿਸ ਤਰ੍ਹਾਂ ਇਨ੍ਹਾਂ ਲੇਖਕਾਂ ਨੇ 'ਸੱਚਖੰਡ' ਦਾ ਵੇਰਵਾ ਦਿੱਤਾ ਹੈ, ਉਹ ਮੰਨਣ ਜੋਗ ਨਹੀਂ ਹੈ। ਚੂੰਕਿ ਗੁਰਬਾਣੀ ਦਾ ਸੱਚ ਨਾ ਤਾਂ ਕਿਸੇ ਇਹੋ ਅਜਿਹੇ ਲੋਕ ਦੀ ਇਸ ਤਰ੍ਹਾਂ ਦੀ ਕਿਸੇ ਭੂਗੋਲਿਕ ਹੋਂਦ ਨੂੰ ਸਵੀਕਾਰ ਕਰਦਾ ਹੈ ਅਤੇ ਨਾ ਹੀ ਨਿਰੰਕਾਰ ਦੇ ਅਜਿਹੇ ਸਰੂਪ ਨੂੰ।]

ਭਾਈ ਕਾਨ੍ਹ ਸਿੰਘ ਨਾਭਾ *ਗੁਰਮਤਿ ਮਾਰਤੰਡ* ਵਿਚ 'ਸੱਚਖੰਡ' ਸੰਬੰਧੀ ਲਿਖਦੇ ਹਨ :

> "ਅਨੇਕ ਮਤਾਂ ਵਾਲੇ ਪਰਮੇਸ਼ਵਰ ਦੇ ਅਨੇਕ ਭੇਦ ਅਰ ਸਰੂਪ ਕਲਪ ਕੇ ਉਸ ਦੇ ਰਹਿਣ ਦੇ ਖ਼ਾਸ ਲੋਕ ਮੰਨਦੇ ਹਨ, ਪਰ ਗੁਰਮਤ ਵਿਚ ਕਰਤਾਰ ਨੂੰ ਇਕ ਦੇਸੀ ਨਹੀਂ ਮੰਨਿਆ, ਉਸ ਸਰਵ ਵਯਾਪੀ ਨੂੰ ਸਾਮਾਨਯ ਰੀਤੀ ਕਰ ਕੇ—'ਸਭ ਮਧੇ ਰਵਿਆ ਮੇਰਾ ਠਾਕੁਰੁ' ਕਥਨ ਕਰਕੇ, ਵਿਸ਼ੇਸ਼ ਰੀਤੀ ਕਰਕੇ ਉਸ ਦਾ ਨਿਵਾਸ 'ਸੱਚਖੰਡ' ਵਿਚ ਕਥਨ ਕੀਤਾ ਹੈ, 'ਆਪਿ ਸਤਿ ਕੀਆ ਸਭ ਸਤਿ'—ਬਚਨ ਅਨੁਸਾਰ ਸਭ ਵਿਸ਼ਵ ਸੱਚਖੰਡ ਹੈ, ਪਰ ਖ਼ਾਸ ਕਰਕੇ ਸਤਸੰਗ ਅਤੇ ਆਤਮ ਅਭਿਆਸੀ ਦਾ ਨਿਰਮਲ ਅੰਤਹਕਰਣ ਗੁਰੂ ਸਾਹਿਬ ਨੇ ਸੱਚਖੰਡ ਵਰਣਨ ਕੀਤਾ ਹੈ। ਕਿਤੇ ਤੁਰੀਯ ਪਦ (ਨਿਰਬਾਣ) ਦਾ ਨਾਉਂ ਭੀ ਸੱਚਖੰਡ ਆਉਂਦਾ ਹੈ।"

[*ਨੋਟ :* ਖ਼ਾਲਸਈ ਬੋਲਿਆਂ ਵਿਚ 'ਸੱਚਖੰਡ' ਗੁਰਪੁਰ ਅਤੇ ਖ਼ਾਲਸਾ ਦੀਵਾਨ ਨੂੰ ਕਹਿੰਦੇ ਹਨ, ਅਤੇ 'ਸੱਚਖੰਡ ਵਾਸਾ' ਗੁਰਪੁਰ ਵਿਚ ਨਿਵਾਸ; ਪਰਲੋਕ ਗਮਨ ਨੂੰ ਕਿਹਾ ਹੈ।]

ਭਾਈ ਗੁਰਦਾਸ ਜੀ ਗੁਰਮਤਿ ਦੀ ਇਸ ਧਾਰਨਾ ਨੂੰ ਸਪੱਸ਼ਟ ਕਰਦਿਆਂ ਹੋਇਆਂ ਕਹਿੰਦੇ ਹਨ :

ਧਰਮ ਸਾਲ ਕਰਤਾਰ ਪੁਰੁ ਸਾਧੁ ਸੰਗਤਿ ਸਚਖੰਡ ਵਸਾਇਆ।

(ਵਾਰ 24, ਪਉੜੀ 1)

ਅਰਥ : ਧਰਮਸਾਲਾ ਕਰਤਾਰਪੁਰ ਵਿਖੇ ਬਣਾ ਕੇ ਸਾਧ ਸੰਗਤ ਰੂਪੀ ਸੱਚਖੰਡ ਵਸਾ ਦਿੱਤਾ।

ਸੱਚਖੰਡ (ਭਾਗ ਦੂਜਾ)

ਭਾਈ ਵੀਰ ਸਿੰਘ *ਸ੍ਰੀ ਗੁਰ ਨਾਨਕ ਪ੍ਰਕਾਸ਼* ਵਿਚ ਭਾਈ ਸੰਤੋਖ ਸਿੰਘ ਵਲੋਂ 'ਸੱਚਖੰਡ' ਅਤੇ ਪ੍ਰਭੂ ਸਰੂਪ ਬਾਰੇ ਕੀਤੀ ਵਿਸਤ੍ਰਿਤ ਚਰਚਾ ਦੇ ਸੰਬੰਧ ਵਿਚ ਲਿਖਦੇ ਹਨ :

> "...ਸੱਚਖੰਡ ਅਦੇਸ਼, ਅਥਾਂਵ ਟਿਕਾਣਾ ਹੈ, ਜਿਸ ਦਾ ਰੂਪ ਰੇਖ ਨਹੀਂ, ਫੇਰ ਓਹ ਹਰ ਥਾਵੇਂ ਹੈ। ਵਾਹਿਗੁਰੂ ਹੈ, ਤੇ ਉਸਦੀ ਹੈ ਦਾ ਟਿਕਾਣਾ ਆਖੋ ਤਾਂ ਕਹੀਦਾ ਹੈ 'ਸਚ ਦੇ ਖੰਡ' ਵਿਚ, ਮੁਰਾਦ ਇਹ ਨਹੀਂ ਕਿ ਉਹ ਖੰਡ ਕੋਈ ਦੇਸ਼ ਹੈ, ਪਰ ਸਦਾ ਅਦੇਸ਼ ਤੇ ਫੇਰ ਸਰਬ ਦੇਸ਼ੀ ਹੈ। ਗੁਰੂ ਜੀ ਦਾ ਓਥੇ ਜਾਣਾ ਤੇ ਦਰਸ਼ਨ ਹੋਣੇ ਤੇ ਹੁਕਮ ਮਿਲਣਾ, ਸਭ ਆਤਮ ਖੇਡਾਂ ਹਨ। ਸਾਡੀ ਬੁੱਧੀ ਹੱਦ ਵਾਲੀ ਹੈ, ਜੋ ਦੇਸ਼ਕਾਲ ਨਾਲ ਬੱਧੀ ਪਈ ਹੈ, ਸਾਡੀ ਸਮਝ ਵਿਚ ਨਾ ਆ ਸਕਣ ਕਰਕੇ ਵਰਣਨ ਐਉਂ ਕਰੀਦਾ ਹੈ ਕਿ ਜਿਵੇਂ ਉਹ ਕਿਸੇ ਮੁਕਾਮ ਵਿਚ ਕਿਸੇ ਸਰੀਰਾਂ ਦੇ ਮਿਲਾਪ ਵਾਂਙ ਹੋ ਰਹੀ ਹੈ, ਸ਼੍ਰੀ ਸਤਿਗੁਰੂ ਨਾਨਕ ਦੇਵ ਜੀ ਨੇ ਆਪ ਬੀ ਇਸ ਕੌਤਕ ਦਾ ਪਤਾ ਦਿੱਤਾ ਹੈ, ਓਥੇ ਬੀ 'ਸੱਦਿਆ ਜਾਣਾ' 'ਸਿਰੋਪਾ ਮਿਲਣਾ' 'ਅੰਮ੍ਰਿਤ ਦਾਨ ਹੋਣਾ' ਆਦਿ ਪਦ ਸਾਡੀ ਸਮਝ ਗੋਚਰਾ ਕਰਨ ਲਈ ਆਪ ਨੇ ਵਰਤੇ ਹਨ।"
>
> *(ਪੁਰਬਾਰਧ, ਅਧਯਾਯ 29)*

ਪਰ ਕੁਝ ਕੁ ਵਿਦਵਾਨ ਜਪੁ ਜੀ ਵਿਚ ਆਏ 'ਸੱਚਖੰਡ' ਨੂੰ ਆਤਮਿਕ ਉੱਚਤਾ ਦਾ ਸਿਖਰ ਮੰਨਣ ਦੀ ਬਜਾਏ ਇਸ ਦੀ ਭੂਗੋਲਿਕ ਹੋਂਦ ਨੂੰ ਹੀ ਮੰਨਦੇ ਹਨ। ਜਿਸ ਤਰ੍ਹਾਂ ਅਨਮਤਾਂ ਵਿਚ ਪ੍ਰਭੂ ਦਾ ਵਿਸ਼ੇਸ਼ ਸਥਾਨ ਮੰਨਿਆ ਗਿਆ ਹੈ, ਉਸੇ ਤਰ੍ਹਾਂ ਹੀ 'ਸੱਚਖੰਡ' ਦੀ ਸਥਾਨਗਤ ਹੋਂਦ ਮੰਨਣ ਵਾਲੇ ਵਿਦਵਾਨਾਂ ਦੀ ਧਾਰਨਾ ਹੈ। ਅਜਿਹੇ ਸੱਜਣਾਂ ਦਾ ਇਹ ਮੰਨਣਾ ਹੈ ਕਿ ਪ੍ਰਭੂ ਦਾ ਖ਼ਾਸ ਟਿਕਾਣਾ 'ਸੱਚਖੰਡ' ਹੀ ਹੈ। ਅਜਿਹੀ ਧਾਰਨਾ ਰੱਖਣ ਵਾਲਿਆਂ ਵਿੱਚੋਂ ਹੀ ਇਕ ਵਿਦਵਾਨ ਦੇ ਵਿਚਾਰ ਪਾਠਕਾਂ ਨਾਲ ਸਾਂਝਿਆਂ ਕਰ ਰਹੇ ਹਾਂ।

> "ਜਿਨ੍ਹਾਂ ਜਗਿਆਸੂਆਂ ਨੂੰ ਇਹ ਭੁਲੇਖਾ ਹੈ ਕਿ ਵਾਸਤਵ ਵਿਚ ਕੋਈ ਖੰਡ ਨਹੀਂ, ਕੇਵਲ ਅਲੰਕਾਰ ਬੰਨ੍ਹਣ ਲਈ 'ਪੰਜ ਖੰਡਾਂ' ਦਾ ਵਰਣਨ ਕੀਤਾ ਗਿਆ ਹੈ, ਉਨ੍ਹਾਂ ਦੇ ਇਹ ਵਿਚਾਰ ਗੁਰਬਾਣੀ ਦੇ ਅਨੁਸਾਰ ਠੀਕ ਨਹੀਂ ਹਨ। ਜੇ ਇਨ੍ਹਾਂ ਖੰਡਾਂ ਦੀ ਹੋਂਦ ਨੂੰ ਵਾਸਤਵ ਵਿਚ ਨਾ ਮੰਨਿਆ ਜਾਵੇ, ਤਾਂ ਬ੍ਰਹਮਾ, ਵਿਸ਼ਨੂੰ, ਸ਼ਿਵਜੀ, ਧਰਮ ਰਾਜ, ਨਰਕ ਅਤੇ ਸੁਰਗ ਪੁਰੀ ਆਦਿ ਸਭ ਹੀ ਬਣਾਉਟੀ ਰੂਪ ਮੰਨਣੇ ਪੈਣਗੇ।" *('ਸ੍ਰੀ ਗੁਰੂ ਗ੍ਰੰਥ ਸਾਹਿਬ ਦਰਸ਼ਨ ਨਿਰਣੈ ਸਟੀਕ', ਗਿਆਨੀ ਹਰਬੰਸ ਸਿੰਘ)*

[ਨੋਟ : ਪੁਰਾਣ ਸਾਹਿਤ ਵਿਚ ਵਰਣਿਤ ਇਨ੍ਹਾਂ ਪੁਰੀਆਂ ਬਾਰੇ ਗੁਰੂ ਗ੍ਰੰਥ ਸਾਹਿਬ ਦੇ ਦ੍ਰਿਸ਼ਟੀਕੋਣ ਦੀ ਅਸੀਂ ਅੱਗੇ ਚੱਲ ਕੇ ਵਿਚਾਰ ਕਰਾਂਗੇ।]

ਆਪ ਅੱਗੇ ਲਿਖਦੇ ਹਨ, "ਜਿਹੜੇ ਸੱਜਣ ਇਹ ਆਖਦੇ ਹਨ ਜੇ ਅਕਾਲ ਪੁਰਖ ਦੇ ਬਿਰਾਜਮਾਨ ਹੋਣ ਦਾ ਟਿਕਾਣਾ 'ਸਚ ਖੰਡ' ਮੰਨ ਲਈਏ ਤਾਂ ਓਹ ਇਕ ਦੇਸੀ ਹੋ ਜਾਂਦਾ ਹੈ। ਇਸ ਲਈ ਵਾਸਤਵ ਵਿਚ ਕੋਈ ਖੰਡ ਨਹੀਂ, ਠੀਕ ਨਹੀਂ ਜਾਪਦਾ। ਸਚੇ ਨਿਰੰਕਾਰ ਜੀ ਆਪਣੇ ਨਿਜ ਅਸਥਾਨ ਤੇ ਸਸ਼ੋਭਤ ਹਨ; ਨਿਰਗੁਣ ਤੇ ਸਰਗੁਣ ਦੋਹਾਂ ਸਰੂਪਾਂ ਵਿਚ ਹੀ ਵਿਆਪਕ ਹਨ। ਸੁਆਮੀ ਜੀ, ਜਲਾਂ ਥਲਾਂ ਵਿਚ ਹਰ ਥਾਂ ਹੀ ਪਰੀ-ਪੂਰਨ ਹਨ :

ਜਲਿ ਥਲਿ ਮਹੀਅਲਿ ਪੂਰਿਆ ਸੁਆਮੀ ਸਿਰਜਨਹਾਰੁ ॥
ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰੁ ॥ *(ਗਉੜੀ ਮਹਲਾ ੫, ਪੰਨਾ 296)*

ਗੁਰਮਤਿ ਅਨੁਸਾਰ 'ਤਹਾ ਬੈਕੁੰਠ ਜਹ ਕੀਰਤਨ ਤੇਰਾ' ਅਤੇ 'ਸਾਧ ਸੰਗਤਿ ਸਚ ਖੰਡ ਵਸਾਯਾ' ਦੇ ਭਾਵ ਬੜੇ ਸਪੱਸ਼ਟ ਹਨ।"...

ਆਪ ਫਿਰ ਲਿਖਦੇ ਹਨ ਕਿ, "ਗੁਰੂ ਨਾਨਕ ਦੇਵ ਜੀ ਮਹਾਰਾਜ ਆਪ ਵੀ ਆਪਣੇ ਪਵਿੱਤਰ ਮੁਖਾਰਬਿੰਦ ਤੋਂ 'ਸਚ ਖੰਡ' ਵਿਚ ਜਾਣ ਦਾ ਵਰਣਨ ਹੇਠ ਲਿਖੇ ਸ਼ਬਦ ਦੁਆਰਾ ਕਰਦੇ ਹਨ :

ਹਉ ਢਾਢੀ ਵੇਕਾਰੁ ਕਾਰੈ ਲਾਇਆ ॥
ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ ॥
ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥
ਸਚੀ ਸਿਫਤਿ ਸਾਲਾਹ ਕਪੜਾ ਪਾਇਆ ॥
ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ ॥
ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ ॥
ਢਾਢੀ ਕਰੇ ਪਸਾਉ ਸਬਦੁ ਵਜਾਇਆ ॥
ਨਾਨਕ ਸਚੁ ਸਾਲਾਹਿ ਪੂਰਾ ਪਾਇਆ ॥ *(ਵਾਰ ਮਾਝ ਮਹਲਾ ੧, ਪੰਨਾ 150)*

ਗਿਆਨੀ ਹਰਬੰਸ ਸਿੰਘ ਜੀ ਹੁਰਾਂ ਵਲੋਂ ਆਪਣੇ ਕਥਨ ਦੀ ਪੁਸ਼ਟੀ ਲਈ ਜਿਹੜੇ ਤਰਕ ਪੇਸ਼ ਕੀਤੇ ਹਨ, ਉਨ੍ਹਾਂ ਦੀ ਅਸੀਂ ਅੱਗੇ ਚੱਲ ਕੇ ਵਿਚਾਰ ਕਰਾਂਗੇ। ਇਥੇ ਫਿਲਹਾਲ ਜਿਸ ਪਉੜੀ ਦਾ ਆਪ ਜੀ ਨੇ ਹਵਾਲਾ ਦੇ ਕੇ ਇਹ ਕਿਹਾ ਹੈ ਕਿ ਇਸ ਪਉੜੀ ਵਿਚ ਗੁਰੂ ਨਾਨਕ ਸਾਹਿਬ ਨੇ ਆਪ 'ਸੱਚਖੰਡ' ਜਾਣ ਦਾ ਵਰਣਨ ਕੀਤਾ ਹੈ, ਉਸ ਦੀ ਚਰਚਾ ਕਰ ਰਹੇ ਹਾਂ। ਇਹ ਪਉੜੀ (ਹਉ ਢਾਢੀ ਵੇਕਾਰੁ ਕਾਰੈ ਲਾਇਆ) ਰਾਗ ਮਾਝ ਕੀ ਵਾਰ ਵਿਚ ਗੁਰੂ ਨਾਨਕ ਸਾਹਿਬ ਦੀ ਉਚਾਰਨ ਕੀਤੀ ਹੋਈ ਹੈ। ਇਸ ਪਉੜੀ ਦਾ ਅਰਥ *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ* ਵਿਚ ਪ੍ਰੋਫ਼ੈਸਰ ਸਾਹਿਬ ਸਿੰਘ ਜੀ ਨੇ ਇਉਂ ਕੀਤਾ ਹੈ :

> "ਮੈਂ ਵੇਹਲਾ ਸਾਂ, ਮੈਨੂੰ ਢਾਢੀ ਬਣਾ ਕੇ ਪ੍ਰਭੂ ਨੇ (ਅਸਲ) ਕੰਮ ਵਿਚ ਲਾ ਦਿੱਤਾ, ਪ੍ਰਭੂ ਨੇ ਧੁਰੋਂ ਹੁਕਮ ਦਿੱਤਾ ਕਿ ਭਾਵੇਂ ਰਾਤ ਹੋਵੇ ਭਾਵੇਂ ਦਿਨ, ਜਸ ਕਰੋ। ਮੈਨੂੰ ਢਾਢੀ ਨੂੰ (ਭਾਵ, ਜਦੋਂ ਮੈਂ ਉਸ ਦੀ ਸਿਫ਼ਤਿ-ਸਾਲਾਹ ਵਿਚ ਲੱਗਾ ਤਾਂ) ਖ਼ਸਮ ਨੇ ਆਪਣੇ ਸੱਚੇ ਮਹਲ ਵਿਚ (ਆਪਣੀ ਹਜ਼ੂਰੀ ਵਿਚ) ਸੱਦਿਆ। (ਉਸ ਨੇ) ਸੱਚੀ ਸਿਫ਼ਤਿ-ਸਾਲਾਹ-ਰੂਪ ਮੈਨੂੰ ਸਿਰੋਪਾਉ ਦਿੱਤਾ। ਸਦਾ ਕਾਇਮ ਰਹਿਣ ਵਾਲਾ

ਆਤਮਿਕ ਜੀਵਨ ਦੇਣ ਵਾਲਾ ਨਾਮ (ਮੇਰੇ ਆਤਮਾ ਦੇ ਆਧਾਰ ਲਈ ਮੈਨੂੰ) ਭੋਜਨ (ਉਸ ਪਾਸੋਂ) ਮਿਲਿਆ। ਜਿਸ ਜਿਸ ਮਨੁੱਖ ਨੇ ਗੁਰੂ ਦੀ ਸਿੱਖਿਆ 'ਤੇ ਤੁਰ ਕੇ (ਇਹ 'ਅੰਮ੍ਰਿਤ ਨਾਮੁ ਭੋਜਨ') ਰੱਜ ਕੇ ਖਾਧਾ ਹੈ ਉਸ ਨੇ ਸੁਖ ਪਾਇਆ ਹੈ। ਮੈਂ ਢਾਢੀ (ਭੀ ਜਿਉਂ ਜਿਉਂ) ਸਿਫ਼ਤਿ-ਸਾਲਾਹ ਦਾ ਗੀਤ ਗਾਉਂਦਾ ਹਾਂ, ਪ੍ਰਭੂ-ਦਰ ਤੋਂ ਮਿਲੇ ਇਸ ਨਾਮ-ਪ੍ਰਸ਼ਾਦ ਨੂੰ ਛਕਦਾ ਹਾਂ (ਭਾਵ, ਨਾਮ ਦਾ ਅਨੰਦ ਮਾਣਦਾ ਹਾਂ)। ਹੇ ਨਾਨਕ! ਸੱਚੇ ਪ੍ਰਭੂ ਦੀ ਸਿਫ਼ਤਿ-ਸਾਲਾਹ ਕਰ ਕੇ ਉਸ ਪੂਰਨ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ।"

ਗਿਆਨੀ ਹਰਬੰਸ ਸਿੰਘ ਜੀ ਅਤੇ ਹੋਰ ਜਿਹੜੇ ਵਿਦਵਾਨ ਇਹ ਸਮਝਦੇ ਹਨ ਕਿ ਸਤਿਗੁਰੂ ਜੀ ਨੇ ਪਉੜੀ ਦੀਆਂ ਇਨ੍ਹਾਂ ਪੰਗਤੀਆਂ 'ਢਾਢੀ ਸਚੈ ਮਹਲਿ ਖਸਮਿ ਬੁਲਾਇਆ' ਆਦਿ ਵਿਚ ਆਪ 'ਸੱਚਖੰਡ' ਜਾਣ ਦਾ ਵਰਣਨ ਕੀਤਾ ਹੈ, ਉਨ੍ਹਾਂ ਨੂੰ ਨਿਮ੍ਰਤਾ ਸਹਿਤ ਬੇਨਤੀ ਹੈ ਕਿ ਇਸ ਤਰ੍ਹਾਂ ਦੇ ਭਾਵਾਰਥ ਵਾਲੀਆਂ ਪਉੜੀਆਂ, ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਸਾਹਿਬ ਦੀਆਂ ਵੀ ਉਚਾਰਨ ਕੀਤੀਆਂ ਹੋਈਆਂ ਹਨ।

ਗੁਰੂ ਰਾਮਦਾਸ ਜੀ ਦੀ ਉਚਾਰਨ ਕੀਤੀ ਹੋਈ ਸਿਰੀ ਰਾਗ ਵਿਚਲੀ ਵਾਰ ਦੀ ਅੰਤਲੀ (21ਵੀਂ) ਪਉੜੀ ਵਿਚ ਵੀ ਹੂ-ਬ-ਹੂ ਇਹੀ ਭਾਵ ਦਰਸਾਇਆ ਗਿਆ ਹੈ। ਸਤਿਗੁਰੂ ਜੀ ਵਲੋਂ ਅਕਾਲ ਪੁਰਖ ਦੇ ਮਹਲ 'ਚ ਜਾਣ, ਪ੍ਰਭੂ ਦੇ ਦਰਸ਼ਨ ਕਰਨ, ਪਰਮਾਤਮਾ ਵਲੋਂ ਇਨ੍ਹਾਂ ਨੂੰ ਕਿਸ ਕੰਮ ਲਈ ਆਉਣ ਦੀ ਪੁੱਛ ਕਰਨ, ਗੁਰੂ ਰਾਮਦਾਸ ਜੀ ਵਲੋਂ ਹਰੀ ਤੋਂ ਨਾਮ-ਦਾਨ ਮੰਗਣ ਅਤੇ ਪ੍ਰਭੂ ਵਲੋਂ ਇਸ ਦਾਨ ਦੀ ਬਖ਼ਸ਼ਸ਼ ਕਰਕੇ ਵਡਿਆਈ ਬਖ਼ਸ਼ਣ ਦਾ ਵਰਣਨ ਹੈ:

ਹਉ ਢਾਢੀ ਹਰਿ ਪ੍ਰਭ ਖਸਮ ਕਾ ਹਰਿ ਕੈ ਦਰਿ ਆਇਆ॥
ਹਰਿ ਅੰਦਰਿ ਸੁਣੀ ਪੂਕਾਰ ਢਾਢੀ ਮੁਖਿ ਲਾਇਆ॥
ਹਰਿ ਪੁਛਿਆ ਢਾਢੀ ਸਦਿ ਕੈ ਕਿਤੁ ਅਰਥਿ ਤੂੰ ਆਇਆ॥
ਨਿਤ ਦੇਵਹੁ ਦਾਨੁ ਦਇਆਲ ਪ੍ਰਭ ਹਰਿ ਨਾਮੁ ਧਿਆਇਆ॥
ਹਰਿ ਦਾਤੈ ਹਰਿ ਨਾਮੁ ਜਪਾਇਆ ਨਾਨਕੁ ਪੈਨਾਇਆ॥

(ਵਾਰ ਸਿਰੀਰਾਗੁ ਮ: ੪, ਪੰਨਾ 91)

ਅਰਥ: ਮੈਂ ਪ੍ਰਭੂ ਖ਼ਸਮ ਦਾ ਢਾਢੀ ਪ੍ਰਭੂ ਦੇ ਦਰ 'ਤੇ ਅੱਪੜਿਆ, ਪ੍ਰਭੂ ਦੇ ਦਰਬਾਰ ਵਿਚ ਮੇਰੀ ਢਾਢੀ ਦੀ ਪੁਕਾਰ ਸੁਣੀ ਗਈ ਤੇ ਮੈਨੂੰ ਦਰਸ਼ਨ ਪ੍ਰਾਪਤ ਹੋਇਆ। ਮੈਨੂੰ ਢਾਢੀ ਨੂੰ ਹਰੀ ਨੇ ਸੱਦ ਕੇ, ਪੁੱਛਿਆ, ਹੇ ਢਾਢੀ! ਤੂੰ ਕਿਸ ਕੰਮ ਆਇਆ ਹੈਂ? (ਮੈਂ ਬੇਨਤੀ ਕੀਤੀ) 'ਹੇ ਦਇਆਲ ਪ੍ਰਭੂ! ਸਦਾ (ਇਹੀ ਦਾਨ ਬਖ਼ਸ਼ੋ ਕਿ) ਤੇਰੇ ਨਾਮ ਦਾ ਸਿਮਰਨ ਕਰਾਂ।' (ਬੇਨਤੀ ਸੁਣ ਕੇ) ਦਾਤਾਰ ਹਰੀ ਨੇ ਆਪਣਾ ਨਾਮ ਮੈਥੋਂ ਜਪਾਇਆ ਅਤੇ ਮੈਨੂੰ ਨਾਨਕ ਨੂੰ ਵਡਿਆਈ (ਭੀ) ਦਿੱਤੀ।

ਗੁਰੂ ਅਰਜਨ ਸਾਹਿਬ ਜੀ ਦੀ ਰਚਿਤ ਮਾਰੂ ਰਾਗ ਵਿਚਲੀ ਵਾਰ ਦੀ 9ਵੀਂ ਪਉੜੀ ਵਿਚ ਵੀ ਇਸ ਤਰ੍ਹਾਂ ਦਾ ਭਾਵ ਹੀ ਦਰਸਾਇਆ ਗਿਆ ਹੈ:

ਹਉ ਢਾਢੀ ਦਰਿ ਗੁਣ ਗਾਵਦਾ ਜੇ ਹਰਿ ਪ੍ਰਭ ਭਾਵੈ॥
ਪ੍ਰਭੁ ਮੇਰਾ ਥਿਰ ਥਾਵਰੀ ਹੋਰ ਆਵੈ ਜਾਵੈ॥
ਸੋ ਮੰਗਾ ਦਾਨੁ ਗੁੋਸਾਈਆ ਜਿਤੁ ਭੁਖ ਲਹਿ ਜਾਵੈ॥
ਪ੍ਰਭ ਜੀਉ ਦੇਵਹੁ ਦਰਸਨੁ ਆਪਣਾ ਜਿਤੁ ਢਾਢੀ ਤ੍ਰਿਪਤਾਵੈ॥
ਅਰਦਾਸਿ ਸੁਣੀ ਦਾਤਾਰਿ ਪ੍ਰਭਿ ਢਾਢੀ ਕਉ ਮਹਲਿ ਬੁਲਾਵੈ॥
ਪ੍ਰਭ ਦੇਖਦਿਆ ਦੁਖ ਭੁਖ ਗਈ ਢਾਢੀ ਕਉ ਮੰਗਣੁ ਚਿਤਿ ਨ ਆਵੈ॥
ਸਭੇ ਇਛਾ ਪੂਰੀਆ ਲਗਿ ਪ੍ਰਭ ਕੈ ਪਾਵੈ॥
ਹਉ ਨਿਰਗੁਣੁ ਢਾਢੀ ਬਖਸਿਓਨੁ ਪ੍ਰਭਿ ਪੁਰਖਿ ਵੇਦਾਵੈ॥

(ਮਾਰੂ ਵਾਰ ਮਹਲਾ ੫, ਪੰਨਾ 1097)

ਅਰਥ : ਜੇ ਹਰੀ ਪ੍ਰਭੂ ਨੂੰ ਚੰਗਾ ਲੱਗੇ (ਜੇ ਪ੍ਰਭੂ ਦੀ ਰਜ਼ਾ ਹੋਵੇ, ਮੇਹਰ ਹੋਵੇ) ਤਾਂ ਮੈਂ ਢਾਢੀ (ਉਸ ਦੇ) ਦਰ 'ਤੇ (ਉਸ ਦੇ) ਗੁਣ ਗਾਂਦਾ ਹਾਂ। ਮੇਰਾ ਪ੍ਰਭੂ ਸਦਾ-ਥਿਰ ਟਿਕਾਣੇ ਵਾਲਾ ਹੈ, ਹੋਰ (ਸ੍ਰਿਸ਼ਟੀ) ਜੰਮਦੀ-ਮਰਦੀ ਹੈ। ਹੇ ਧਰਤੀ ਦੇ ਸਾਂਈਂ! ਮੈਂ (ਤੈਥੋਂ) ਉਹ ਦਾਨ ਮੰਗਦਾ ਹਾਂ ਜਿਸ ਨਾਲ ਮੇਰੀ (ਮਾਇਆ ਦੀ) ਭੁੱਖ ਦੂਰ ਹੋ ਜਾਏ। ਹੇ ਪ੍ਰਭੂ ਜੀ! ਮੈਨੂੰ ਆਪਣਾ ਦਰਸ਼ਨ ਦਿਉ ਜਿਸ ਨਾਲ ਮੈਂ ਢਾਢੀ (ਮਾਇਆ ਦੀ ਤ੍ਰਿਸ਼ਨਾ ਵਲੋਂ) ਰੱਜ ਜਾਵਾਂ।

ਦਾਤਾਰ ਪ੍ਰਭੂ ਨੇ (ਮੇਰੀ) ਅਰਦਾਸ ਸੁਣ ਲਈ ਤੇ (ਮੈਨੂੰ) ਢਾਢੀ ਨੂੰ ਆਪਣੇ ਮਹਲ ਵਿਚ ਬੁਲਾ ਲਿਆ (ਬੁਲਾਉਂਦਾ ਹੈ); ਪ੍ਰਭੂ ਦਾ ਦੀਦਾਰ ਕਰਦਿਆਂ ਹੀ ਮੇਰੀ (ਮਾਇਆ ਵਾਲੀ) ਭੁੱਖ ਤੇ ਹੋਰ ਦੁਖ ਦੂਰ ਹੋ ਗਏ, ਮੈਨੂੰ ਢਾਢੀ ਨੂੰ ਇਹ ਚੇਤੇ ਹੀ ਨਾਹ ਰਿਹਾ ਕਿ ਮੈਂ ਕੁਝ ਮੰਗਾਂ, ਪ੍ਰਭੂ ਦੀ ਚਰਨੀਂ ਲੱਗ ਕੇ ਮੇਰੀਆਂ ਸਾਰੀਆਂ ਹੀ ਕਾਮਨਾਂ ਪੂਰੀਆਂ ਹੋ ਗਈਆਂ (ਮੇਰੀ ਕੋਈ ਵਾਸਨਾ ਰਹਿ ਹੀ ਨਾਹ ਗਈ)। ਉਸ ਪ੍ਰਭੂ-ਪੁਰਖ ਨੇ ਮੈਨੂੰ ਨਿਮਾਣੇ ਗੁਣ-ਹੀਨ ਢਾਢੀ ਨੂੰ ਬਖ਼ਸ਼ ਲਿਆ।

ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਸਾਹਿਬ ਵਲੋਂ ਉਚਾਰਨ ਇਨ੍ਹਾਂ ਪਉੜੀਆਂ ਦੇ ਸੰਬੰਧ ਵਿਚ ਕਿਸੇ ਵੀ ਲੇਖਕ ਨੇ ਇਹ ਨਹੀਂ ਲਿਖਿਆ ਕਿ ਗੁਰੂ ਸਾਹਿਬਾਨ ਨੇ ਇਨ੍ਹਾਂ ਪਉੜੀਆਂ ਵਿਚ ਕਿਸੇ ਭੂਗੋਲਿਕ 'ਸੱਚਖੰਡ' ਵਿਚ, ਪ੍ਰਭੂ ਵਲੋਂ ਬੁਲਾਉਣ, ਸਿਰੋਪਾ ਆਦਿ ਦੇਣ ਦਾ ਵਰਣਨ ਕੀਤਾ ਹੈ ਜਾਂ ਇਹ ਗੁਰੂ ਸਾਹਿਬਾਨ ਵੀ ਗੁਰੂ ਨਾਨਕ ਸਾਹਿਬ ਵਾਂਙ ਕਿਸੇ ਅਸਮਾਨੀ 'ਸੱਚਖੰਡ' ਵਿਚ ਜਾਣ ਦਾ ਪਤਾ ਦੇਂਦੇ ਹਨ। ਜਦ ਕਿ ਇਨ੍ਹਾਂ ਪਉੜੀਆਂ ਵਿਚ ਵੀ ਉਹੀ ਭਾਵ ਦਰਸਾਇਆ ਗਿਆ ਹੈ ਜੋ ਗੁਰੂ ਨਾਨਕ ਸਾਹਿਬ ਦੀ ਉਚਾਰਨ ਕੀਤੀ ਹੋਈ ਪਉੜੀ ਵਿਚ ਹੈ।

[*ਨੋਟ :* ਗੁਰੂ ਗ੍ਰੰਥ ਸਾਹਿਬ ਵਿਚ ਪ੍ਰਭੂ ਦੇ ਮਹਲ/ਦਰਬਾਰ ਬਾਰੇ ਬਾਣੀ ਰਚੇਤਿਆਂ ਨੇ ਜੋ ਆਪਣੇ ਮੁੱਖੋਂ ਫ਼ੁਰਮਾਇਆ ਹੈ, ਉਸ ਦੀ ਚਰਚਾ ਅਗਲੇ ਅੰਕ ਵਿਚ ਕਰਾਂਗੇ।]

ਚੂੰਕਿ ਜ਼ਿਆਦਾਤਰ ਸਿੱਖ ਸੰਗਤਾਂ ਨੇ ਗੁਰਬਾਣੀ ਦੇ ਸੱਚ ਨਾਲੋਂ ਜਨਮ ਸਾਖੀਆਂ ਆਦਿ ਵਿਚਲੀਆਂ ਕਥਾਵਾਂ ਦਾ ਪ੍ਰਭਾਵ ਵਧੇਰੇ ਕਬੂਲ ਕੀਤਾ ਹੋਇਆ ਹੈ, ਇਸ ਲਈ ਅਸੀਂ ਇਕ ਵਾਰ ਫਿਰ ਪਾਠਕਾਂ ਦਾ ਧਿਆਨ ਜਨਮ ਸਾਖੀ ਸਾਹਿਤ ਅਤੇ ਇਨ੍ਹਾਂ 'ਤੇ ਆਧਾਰਿਤ ਲਿਖਤਾਂ ਵਿਚ ਇਸ ਘਟਨਾ ਸੰਬੰਧੀ ਵਰਣਿਤ ਵੇਰਵਿਆਂ ਵੱਲ ਦਿਵਾ

ਰਹੇ ਹਾਂ। ਗੁਰੂ ਨਾਨਕ ਸਾਹਿਬ ਜੀ ਦੇ 'ਸੱਚਖੰਡ' ਦੀ ਯਾਤਰਾ ਸੰਬੰਧੀ ਜਿਸ ਤਰ੍ਹਾਂ ਲੇਖਕਾਂ ਵਿਚ ਮੱਤ-ਭੇਦ ਹਨ, ਇਸੇ ਤਰ੍ਹਾਂ ਅਕਾਲ ਪੁਰਖ ਅਤੇ ਹਜ਼ੂਰ ਵਿਚ ਹੋਈ ਗੱਲ-ਬਾਤ ਬਾਰੇ ਵੀ ਮੱਤ-ਭੇਦ ਹਨ। ਪਾਠਕਾਂ ਦੇ ਗਿਆਤ ਲਈ ਸੰਖੇਪ ਵਿਚ ਇਸ ਦਾ ਵਰਣਨ ਕਰ ਰਹੇ ਹਾਂ ਤਾਂ ਕਿ ਪਾਠਕ-ਜਨ ਇਹ ਦੇਖ ਸਕਣ ਕਿ ਕਿਸ ਤਰ੍ਹਾਂ ਲਿਖਣ ਵਾਲਿਆਂ ਨੇ ਆਪਣੀ ਹੀ ਕਲਪਨਾ ਦੇ ਆਧਾਰਿਤ ਇਹ ਸਭ ਕੁਝ ਲਿਖਿਆ ਹੈ।

(ੳ) ਜਿਸ ਵੇਲੇ ਗੁਰੂ ਸਾਹਿਬ ਜੀ ਸੁਮੇਰ ਪਰਬਤ ਤੋਂ ਸਿੱਧਾਂ ਨਾਲ ਚਰਚਾ ਕਰਕੇ ਕਾਗ ਭਸੁੰਡ, ਦੱਤਾਤ੍ਰੇਹ, ਪ੍ਰਹਿਲਾਦ, ਧ੍ਰੂ ਭਗਤ ਨਾਲ ਬਚਨ-ਬਿਲਾਸ ਕਰਦੇ ਹੋਏ ਸੱਚਖੰਡ ਵਿਖੇ ਅਕਾਲ ਪੁਰਖ ਪਾਸ ਨਮਸ਼ਕਾਰ ਕਰ ਕੇ ਬੈਠ ਗਏ ਤਾਂ ਅਕਾਲ ਪੁਰਖ ਨੇ ਕਿਹਾ ਕਿ ਸਾਡਾ ਦਰਵਾਜ਼ਾ ਅਤੇ ਘਰ ਤੁਸਾਂ ਨੇ ਕਿਹੜਾ ਨਿਸਚੇ ਕੀਤਾ ਹੈ? ਗੁਰੂ ਨਾਨਕ ਦੇਵ ਜੀ ਨੇ ਉਸ ਵੇਲੇ ਅੰਮ੍ਰਿਤ ਵੇਲਾ ਵਿਚਾਰ ਕੇ ਆਸਾ ਰਾਗ ਵਿਚ ਸੋਦਰ ਦਾ ਸ਼ਬਦ ਉਚਾਰਿਆ, ਕਿਉਂਕਿ ਆਸਾ ਰਾਗ ਦੇ ਗਾਇਣ ਦਾ ਸਮਾਂ ਅੰਮ੍ਰਿਤ ਵੇਲਾ ਹੈ:

ਰਾਗੁ ਆਸਾ ਮਹਲਾ ੧ ਘਰੁ ੧ ਸੋ ਦਰੁ॥
ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ॥... *(ਪੰਨਾ 347)*

[ਨੋਟ: ਪਾਠਕ ਜਨ ਧਿਆਨ ਦੇਣ ਕਿ ਹਜ਼ੂਰ 'ਸੋ ਦਰੁ' ਸ਼ਬਦ ਦੀ ਵਰਤੋਂ ਕਰ ਰਹੇ ਹਨ ਨਾ ਕਿ ਇਹ ਦਰ ਜਾਂ ਤੇਰਾ/ਤੁਹਾਡਾ ਦਰ। ਅਜਿਹੇ ਭਾਵ ਵਾਲੇ ਗੁਰੂ ਗ੍ਰੰਥ ਸਾਹਿਬ ਵਿਚ ਕਈ ਸ਼ਬਦ ਹਨ। ਕਈਆਂ ਸ਼ਬਦਾਂ ਵਿਚ ਤਾਂ ਅਕਾਲ ਪੁਰਖ ਨੂੰ ਹੀ ਸੰਬੋਧਨ ਕੀਤਾ ਹੋਇਆ ਹੈ।]

ਫ਼ੁਟ ਨੋਟ ਵਿਚ ਸੰਤ ਕਿਰਪਾਲ ਸਿੰਘ ਜੀ ਲਿਖਦੇ ਹਨ: "ਸੋਦਰੁ ਤਿੰਨ ਵੇਰ ਉਚਾਰਿਆ ਗਿਆ ਹੈ—ਜਪੁਜੀ ਵਿਖੇ, ਰਹਿਰਾਸ ਵਿਖੇ, ਆਸਾ ਰਾਗ ਵਿਖੇ। ਤਿੰਨਾਂ ਦੀ ਉਥਾਨਕਾ ਵੱਖੋ-ਵੱਖਰੀ ਹੈ। ਪਹਿਲਾ ਸੋਦਰ ਜਪੁਜੀ ਸਾਹਿਬ ਵਾਲਾ ਸੁਮੇਰ ਪਰਬਤ ਉੱਤੇ ਸਿੱਧਾਂ ਨਾਲ ਗੋਸ਼ਟਿ ਕਰਦਿਆਂ ਉਚਾਰਿਆ ਹੈ। ਦੂਜਾ ਸੋਦਰ ਰਹਿਰਾਸ ਵਾਲਾ ਉਸ ਵੇਲੇ ਅਕਾਲ ਪੁਰਖ ਦੇ ਸਨਮੁਖ ਉਚਾਰਿਆ ਗਿਆ ਹੈ, ਜਦ ਵੇਈਂ ਨਦੀ ਵਿਚ ਚੁੱਭੀ ਮਾਰ ਕੇ ਗੁਰੂ ਜੀ ਸੱਚਖੰਡ ਵਿਚ ਗਏ। ਤੀਜਾ ਸੋਦਰ ਤਿਸ ਵੇਲੇ ਅਕਾਲ ਪੁਰਖ ਦੇ ਸਨਮੁਖ ਉਚਾਰਿਆ ਹੈ, ਜਦ ਗੁਰੂ ਜੀ ਧ੍ਰੂ ਭਗਤ ਨੂੰ ਮਿਲ ਕੇ ਸੱਚਖੰਡ ਵਿਖੇ ਗਏ ਹਨ।" *('ਸੰਪ੍ਰਦਾਈ ਟੀਕਾ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ', ਸੰਤ ਕਿਰਪਾਲ ਸਿੰਘ ਜੀ)*

(ਅ) ਭਾਈ ਸੰਤੋਖ ਸਿੰਘ ਜੀ ਲਿਖਦੇ ਹਨ:

ਸ੍ਰੀ ਗੁਰੁ ਜੀ ਸੁਨਿ ਬੈਨ ਭਨੇ ਸਿਰੀ ਰਾਗ ਵਿਖੇ, ਹਿਯਰਾ ਅਨੁਰਾਗੇ॥੪॥
ਸ੍ਰੀ ਮੁਖਵਾਕ॥ ਸਿਰੀ ਰਾਗੁ ਮਹਲਾ ੧॥
ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ॥...
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥੪॥
ਦੋਹਰਾ॥ ਪਾਰਬ੍ਰਹਮ ਬਿਗਸੇ ਸੁਨਤਿ ਮੰਤ੍ਰ ਦੀਨ ਗੁਰੁ ਹੋਇ।
ਸ੍ਰੀ ਨਾਨਕ ਧਾਰਨ ਕਰਯੋ ਬਰਨ ਸੁਨਾਵੋਂ ਸੋਇ॥੫॥
ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

ਭਾਵ, ਅਕਾਲ ਪੁਰਖ ਨੇ ਗੁਰੂ ਹੋ ਕੇ ਗੁਰੂ ਨਾਨਕ ਸਾਹਿਬ ਨੂੰ ਮੰਤ੍ਰ ਦਿੱਤਾ। ਭਾਈ ਸੰਤੋਖ ਸਿੰਘ ਜੀ ਅੱਗੇ ਲਿਖਦੇ ਹਨ:

ਬਹੁਰੋ ਧੁਨਿ ਭੁਰ ਗੰਭੀਰ ਭਨੈ 'ਤਜਿਯੇ ਕ੍ਰਿਤਿ ਕੋ, ਬਿਦਤਾਵਹੁ ਜਾਈ।

(ਸ੍ਰੀ ਗੁਰ ਨਾਨਕ ਪ੍ਰਕਾਸ਼, ਪੂਰਬਾਰਧ, ਅਧਯਾਯ 29)

ਅਰਥਾਤ ਰੱਬ ਜੀ ਨੇ ਸਤਿਗੁਰੂ ਜੀ ਨੂੰ ਫਿਰ ਆਖਿਆ ਕਿ ਮਾਤਲੋਕ ਵਿਚ ਜਾ ਕੇ ਇਸ ਮੰਤ੍ਰ ਨੂੰ ਪ੍ਰਗਟ ਕਰੋ।

[ਨੋਟ: ਭਾਈ ਬਾਲੇ ਵਾਲੀ ਜਨਮ ਸਾਖੀ ਵਿਚ 'ਕੋਟਿ ਕੋਟੀ' ਵਾਲਾ ਸ਼ਬਦ ਮੀਆਂ ਮਿੱਠੇ ਨੂੰ ਮਿਲਣ ਸਮੇਂ ਉਚਾਰਨ ਕੀਤੇ ਜਾਣ ਦਾ ਵਰਣਨ ਹੈ। ਦੂਜੀ ਵਾਰ ਅਜਿਤੇ ਰੰਧਾਵੇ ਨਾਲ ਹੋਈ ਗੋਸ਼ਟਿ ਸਮੇਂ ਵੀ ਇਸ ਸ਼ਬਦ ਦਾ ਵਰਣਨ ਕੀਤਾ ਹੈ।]

ਭਾਈ ਸੰਤੋਖ ਸਿੰਘ ਅਨੁਸਾਰ ਜਦ ਗੁਰੂ ਸਾਹਿਬ ਦੂਜੀ ਵਾਰ 'ਸੱਚਖੰਡ' ਵਿਖੇ ਗਏ ਤਾਂ ਅਕਾਲ ਪੁਰਖ ਨੇ ਗੁਰੂ ਨਾਨਕ ਸਾਹਿਬ ਜੀ ਨੂੰ ਕਿਹਾ:

ਉਚਰਹੁ ਮਹਿਮਾ ਨਾਮ ਮਨੋਗਾ।
ਜੋ ਮਤਿਮੰਦਨ ਤਾਰਨ ਜੋਗਾ॥੫੦॥
ਨਿਜ ਮੁਖ ਤੇ ਤੁਮ ਗਾਇ ਸੁਨਾਵਹੁ।
ਬਹੁਰ ਜਾਇ ਉਪਦੇਸ਼ ਦ੍ਰਿੜਾਵਹੁ।
ਸੁਨਿ ਬੋਲੇ ਸ਼੍ਰੀ ਨਾਨਕ ਬਾਨੀ।
ਆਸਾ ਰਾਗ ਬਿਖੇ ਸ਼ੁਭ ਸਾਨੀ॥੫੧॥
ਸ੍ਰੀ ਮੁਖਵਾਕ॥
ਸੋ ਦਰ ਤੇਰਾ ਕੇਹਾ...
ਸੋ ਪਾਤਿਸਾਹੁ ਸਾਹਾ ਪਤਿ ਸਾਹਿਬੁ ਨਾਨਕ ਰਹਣ ਰਜਾਈ॥੧॥..
ਮਹਿਮਾ ਸ਼੍ਰੀ ਅਕਾਲ ਸੁਨਿ ਕਾਨੇ।
ਭੇ ਪਰਸੀਦ ਮੰਦ ਮੁਸਕਾਨੇ।
ਸ਼੍ਰੀ ਮੁਖ ਤੇ ਪੁਨ ਗਿਰਾ ਉਚਾਰੀ।
'ਅਬ ਤੁਮ ਜਾਵਹੁ ਜਗਤ ਮਝਾਰੀ।
ਜਿਹ ਕਾਰਨ ਨਿਜ ਧਰਯੋ ਸਰੀਰਾ।
ਕਰਹੁ ਕਾਜ ਭੰਜਹੁ ਭਵ ਪੀਰਾ॥੫੪॥'

(ੲ) ਪੁਰਾਤਨ ਜਨਮ ਸਾਖੀ ਵਿਚ ਇਸ ਘਟਨਾ ਦਾ ਵਰਣਨ ਕਰਨ ਸਮੇਂ, ਗੁਰੂ ਸਾਹਿਬ ਵਲੋਂ ਕਿਸੇ ਸ਼ਬਦ ਦੇ ਉਚਾਰਨ ਦਾ ਵਰਣਨ ਨਹੀਂ ਕੀਤਾ ਹੋਇਆ। ਇਸ ਸਾਖੀ ਵਿਚ ਕੇਵਲ ਨਿਰੰਕਾਰ ਵਲੋਂ ਗੁਰੂ ਨਾਨਕ ਸਾਹਿਬ ਨੂੰ ਇਹ ਕਹਿੰਦਿਆਂ ਹੀ ਦਰਸਾਇਆ ਹੈ:

ਨਾਨਕੁ ਮੈਂ ਤੇਰੇ ਨਾਲ ਹਾਂ।
ਮੈਂ ਤੇਰੇ ਤਾਈਂ ਨਿਹਾਲੁ ਕੀਆ ਹੈਂ,...
ਤੂੰ ਜਾਇ ਕਰਿ ਮੇਰਾ ਨਾਮੁ ਜਪ, ਅਰੁ ਲੋਕਾ ਥੀਂ ਭੀ ਜਪਾਇ।
ਅਰੁ ਸੰਸਾਰ ਥੀਂ ਨਿਰਲੇਪੁ ਰਹੁ।
ਨਾਮੁ ਦਾਨੁ ਇਸਨਾਨੁ, ਸੇਵਾ ਸਿਮਰਨੁ ਵਿਚਿ ਰਹੁ।

ਮੈਂ ਤੇਰੇ ਨਾਲ ਹਾਂ ਮੈਂ ਤੇਰੇ ਤਾਈ ਆਪਣਾ ਨਾਮੁ ਦੀਆ ਹੈ।
ਤੂ ਏਹਾ ਕਿਰਤਿ ਕਰੁ।'
ਤਬਿ ਗੁਰੂ ਨਾਨਕ ਸਲਾਮ ਕੀਤਾ, ਖੜਾ ਹੋਆ...।"

(ਸ) ਭਾਈ ਬਾਲੇ ਵਾਲੀ ਜਨਮ ਸਾਖੀ ਵਿਚ ਵੇਈਂ ਨਦੀ ਵਿਚ ਇਸ਼ਨਾਨ ਸਮੇਂ ਤਿੰਨ ਦਿਨ ਅਲੋਪ ਰਹਿਣ ਦੀ ਘਟਨਾ ਦਾ ਵਰਣਨ ਤਾਂ ਕੀਤਾ ਹੋਇਆ ਹੈ, ਪਰੰਤੂ ਗੁਰੂ ਨਾਨਕ ਸਾਹਿਬ ਦੇ 'ਸੱਚਖੰਡ' ਜਾਣ ਦਾ ਵਰਣਨ ਨਹੀਂ ਕੀਤਾ ਹੈ। ਇਸ ਜਨਮ ਸਾਖੀ ਅਨੁਸਾਰ ਗੁਰੂ ਨਾਨਕ ਸਾਹਿਬ ਉਦਾਸੀਆਂ ਦੇ ਸਮੇਂ 'ਸੱਚਖੰਡ' ਗਏ ਹਨ। ਹਜ਼ੂਰ ਵਲੋਂ ਅਕਾਲ ਪੁਰਖ ਦੇ ਸਨਮੁਖ 'ਸੋਦਰੁ' ਸ਼ਬਦ ਦੇ ਉਚਾਰਨ ਦਾ ਜ਼ਿਕਰ ਵੀ ਕੀਤਾ ਹੈ। ਇਸ ਜਨਮ ਸਾਖੀ ਦਾ ਲੇਖਕ ਨਿਰੰਕਾਰ ਦੇ ਮੂੰਹੋਂ ਗੁਰਦੇਵ ਨੂੰ ਮੁਖ਼ਾਤਬ ਕਰਦਿਆਂ ਇਹ ਕਹਿਣ ਦਾ ਜ਼ਿਕਰ ਕਰਦਾ ਹੈ, "ਹੇ ਨਾਨਕ ਚਾਰ ਬੇਦ ਅੱਗੇ ਬ੍ਰਹਮੇ ਕੋ ਦੀਏ ਹੈਨ, ਸੋ ਤਿਨਾਂ ਵੇਦਾਂ ਦੀ ਸਮਝ ਅਮਕੇ ਜੀਆਂ ਕੇ ਨਹੀਂ ਆਂਵਦੀ ਕਲਜੁਗ ਦੇ ਪ੍ਰਤਾਪ ਕਰਕੇ ਜੀਵਾਂ ਦੀ ਬੁਧ ਮਲੀਨ ਹੋ ਗਈ ਹੈ, ਕੂੜ ਕੁਸਤਿ ਕਰਕੇ ਬੇਦਾਂ ਦੀ ਵੀਚਾਰ ਨਹੀਂ ਕਰ ਸਕਦੇ ਅਬ ਤੂੰ ਜਾਇ ਕਰ ਮਾਤ ਲੋਕ ਮੇਂ ਪੰਜਵਾਂ ਵੇਦ ਨਾਮ ਕੀ ਉਪਾਸ਼ਨਾਂ ਕਾ ਭਾਖਾ ਬਾਨੀ ਦੁਆਰੇ ਪ੍ਰਗਟ ਕਰ ਜਿਸ ਕੋ ਪੜ੍ਹ ਕੇ ਜੀਵਾਂ ਕਾ ਉਧਾਰ ਹੋਵੇਗਾ ਤਾਂ ਗੁਰੂ ਬਾਬੇ ਜੀ ਮੱਥਾ ਟੇਕਿਆ ਅਤੇ ਹੱਥ ਜੋੜ ਕਰ ਬੇਨਤੀ ਕਰੀ—ਹੇ ਭਗਵਾਨ ਸੰਤ ਸਰੂਪ ਨਿਰੰਕਾਰ ਆਪ ਕੀ ਕ੍ਰਿਪਾ ਤੇ ਸੰਪੂਰਨ ਕਾਰਜ ਹੋਵਨਗੇ, ਏਹ ਅਰਜ ਕਰਕੇ ਸ੍ਰੀ ਬਾਬਾ ਨਾਨਕ ਜੀ ਉਸ ਪ੍ਰਕਾਸ਼ ਵਿੱਚੋਂ ਬਾਹਰ ਆਏ ਨਿਰੰਕਾਰ ਜੀ ਕਾ ਦਰਸ਼ਨ ਕਰਕੇ ਔਰ ਆਗਿਆ ਲੇ ਕਰ ਮਹਾਰਾਜ ਦੇ ਸੱਚਖੰਡ ਥੀਂ ਵਿਦਿਆ ਹੂਏ।"

ਉਪਰੋਕਤ ਸੰਖੇਪ ਜਿਹੇ ਵਰਣਨ 'ਚ ਪਾਠਕ-ਜਨ ਆਪ ਹੀ ਅੰਦਾਜ਼ਾ ਲਗਾ ਸਕਦੇ ਹਨ ਕਿ ਲਿਖਾਰੀਆਂ ਨੇ ਇਸ ਘਟਨਾ ਦਾ ਵਰਣਨ ਕਰਨ ਸਮੇਂ ਕਿਸ ਤਰ੍ਹਾਂ ਕਲਪਨਾ ਦੀਆਂ ਉਡਾਰੀਆਂ ਮਾਰੀਆਂ ਹਨ। ਇਨ੍ਹਾਂ ਲੇਖਕਾਂ ਨੇ ਗੁਰੂ ਨਾਨਕ ਸਾਹਿਬ ਮੁੱਖੋਂ ਹੀ ਨਹੀਂ, ਸਗੋਂ ਅਕਾਲ ਪੁਰਖ ਦੇ ਮੁੱਖੋਂ ਵੀ ਆਪਣੀ ਹੀ ਸੋਚ ਅਨੁਸਾਰ ਬੋਲ ਕਢਵਾਏ ਹਨ। ਗੁਰਬਾਣੀ ਦੇ ਸ਼ਬਦਾਂ ਬਾਰੇ ਵੀ ਆਪ ਹੀ ਇਹੋ ਜਿਹੀਆਂ ਕਿਆਸ-ਆਰਾਈਆਂ ਲਗਾ ਕੇ ਲਿਖ ਦਿੱਤਾ ਹੈ।

ਢਾਢੀ ਸਚੈ ਮਹਲਿ ਖਸਮਿ ਬੁਲਾਇਆ

ਗੁਰੂ ਗ੍ਰੰਥ ਸਾਹਿਬ ਦੇ ਇਸ ਫ਼ੁਰਮਾਨ 'ਢਾਢੀ ਸਚੈ ਮਹਲਿ ਖਸਮਿ ਬੁਲਾਇਆ' ਬਾਰੇ ਕਈ ਵਿਦਵਾਨਾਂ ਦੀ ਇਹ ਰਾਏ ਹੈ ਕਿ ਇਨ੍ਹਾਂ ਪੰਗਤੀਆਂ ਵਿਚ ਗੁਰੂ ਸਾਹਿਬ ਨੇ ਪ੍ਰਭੂ ਵਲੋਂ ਉਨ੍ਹਾਂ ਨੂੰ ਆਪਣੇ ਮਹਿਲ ਵਿਚ ਬੁਲਾਉਣ ਦਾ ਜ਼ਿਕਰ ਕੀਤਾ ਹੈ। ਇਨ੍ਹਾਂ ਪੰਗਤੀਆਂ ਦਾ ਅਜਿਹਾ ਭਾਵ ਲੈਣ ਵਾਲੇ ਵਿਦਵਾਨਾਂ ਦਾ ਇਹ ਮੰਨਣਾ ਹੈ ਕਿ ਮਹਿਲ ਤੋਂ ਇਥੇ ਭਾਵ ਅਕਾਲ ਪੁਰਖ ਦੇ ਖ਼ਾਸ ਟਿਕਾਣੇ ਤੋਂ ਹੈ, ਜਿਥੇ ਪ੍ਰਭੂ ਨੇ ਗੁਰੂ ਸਾਹਿਬ ਨੂੰ ਬੁਲਾਇਆ। ਜੇਕਰ ਅਸੀਂ ਇਸ ਧਾਰਨਾ ਨੂੰ ਇਸ ਰੂਪ ਵਿਚ ਸਵੀਕਾਰ ਕਰਦੇ ਹਾਂ ਤਾਂ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਭੂ ਦਾ ਜੋ ਸਰੂਪ ਦਰਸਾਇਆ ਹੈ, ਉਸ ਦੀ ਸਪੱਸ਼ਟ ਰੂਪ ਵਿਚ ਉਲੰਘਣਾ ਹੁੰਦੀ ਹੈ। ਗੁਰਬਾਣੀ ਦੇ ਕਿਸੇ ਵੀ ਸ਼ਬਦ ਦੀ ਵਿਚਾਰ ਕਰਨ ਸਮੇਂ ਇਹ ਗੱਲ ਚੇਤੇ ਰੱਖਣੀ ਚਾਹੀਦੀ ਹੈ ਕਿ ਗੁਰਬਾਣੀ ਵਿਚ ਕਿਧਰੇ ਵੀ ਸਵੈ-ਵਿਰੋਧ ਨਹੀਂ ਹੈ।

ਇਨ੍ਹਾਂ ਪੰਗਤੀਆਂ ਦਾ ਭਾਵਾਰਥ ਸਮਝਣ ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਵਿਚ 'ਮਹਲ' ਸ਼ਬਦ ਜਿਨ੍ਹਾਂ ਅਰਥਾਂ ਵਿਚ ਆਇਆ ਹੈ, ਉਸ ਦੀ ਸੰਖੇਪ ਵਿਚ ਚਰਚਾ ਕਰਨੀ ਅਢੁੱਕਵੀਂ ਨਹੀਂ ਹੋਵੇਗੀ। ਗੁਰੂ ਗ੍ਰੰਥ ਸਾਹਿਬ ਵਿਚ 'ਮਹਲ' ਸ਼ਬਦ ਨਿਮਨ ਲਿਖਤ ਅਰਥਾਂ ਵਿਚ ਆਇਆ ਹੈ:

(ੳ) **ਜੀਵ-ਇਸਤ੍ਰੀ :**

ਮਹਲ ਕੁਚਜੀ ਮੜਵੜੀ ਕਾਲੀ ਮਨਹੁ ਕਸੁਧ ॥
ਜੇ ਗੁਣ ਹੋਵਨਿ ਤਾ ਪਿਰੁ ਰਵੈ ਨਾਨਕ ਅਵਗੁਣ ਮੁੰਧ ॥

(ਵਾਰ ਮਾਰੂ, ਮ: ੧, ਪੰਨਾ 1088)

ਅਰਥ : ਉਸ (ਜੀਵ-) ਇਸਤ੍ਰੀ ਨੂੰ ਕੋਈ ਚੱਜ ਨਹੀਂ, ਜੋ ਨਿਰਾ ਆਪਣੇ ਸਰੀਰ ਨਾਲ ਪਿਆਰ ਕਰਦੀ ਹੈ, ਉਹ ਅੰਦਰੋਂ ਕਾਲੀ ਹੈ, ਮੈਲੀ ਹੈ। ਹੇ ਨਾਨਕ! (ਜੀਵ-ਇਸਤ੍ਰੀ) ਖ਼ਸਮ ਪ੍ਰਭੂ ਨੂੰ ਤਾਂ ਹੀ ਮਿਲ ਸਕਦੀ ਹੈ ਜੇ (ਉਸ ਦੇ) ਅੰਦਰ ਗੁਣ ਹੋਣ, (ਪਰ ਕੁਚੱਜੀ) ਇਸਤ੍ਰੀ ਦੇ ਪਾਸ ਹੋਏ ਨਿਰੇ ਔਗੁਣ ਹੀ।

(ਅ) **ਵੱਡੀਆਂ ਵੱਡੀਆਂ ਇਮਾਰਤਾਂ :**

ਕਿਤੈ ਦੇਸਿ ਨ ਆਇਆ ਸੁਣੀਐ ਤੀਰਥ ਪਾਸਿ ਨ ਬੈਠਾ ॥
ਦਾਤਾ ਦਾਨੁ ਕਰੇ ਤਹ ਨਾਹੀ ਮਹਲ ਉਸਾਰਿ ਨ ਬੈਠਾ ॥

(ਰਾਮਕਲੀ ਮ: ੧, ਪੰਨਾ 902)

ਅਰਥ : ਕਿਸੇ ਨੇ ਕਦੇ ਨਹੀਂ ਸੁਣਿਆ ਕਿ ਕਲਿਜੁਗ ਕਿਸੇ ਖ਼ਾਸ ਦੇਸ ਵਿਚ

ਆਇਆ ਹੋਇਆ ਹੈ, ਕਿਸੇ ਖ਼ਾਸ ਤੀਰਥ ਕੋਲ ਬੈਠਾ ਹੋਇਆ ਹੈ। ਜਿਥੇ ਕੋਈ ਦਾਨੀ ਦਾਨ ਕਰਦਾ ਹੈ ਉਥੇ ਭੀ ਬੈਠਾ ਹੋਇਆ ਕਿਸੇ ਨਹੀਂ ਸੁਣਿਆ, ਕਿਸੇ ਥਾਂ ਕਲਿਜੁਗ ਮਹਲ ਉਸਾਰ ਕੇ ਨਹੀਂ ਬੈਠ ਰਿਹਾ।

(ੲ) **ਥਾਂ-ਕੁਥਾਂ :**

ਮਹਲੁ ਕੁਮਹਲੁ ਨ ਜਾਣਨੀ ਮੂਰਖ ਅਪਣੈ ਸੁਆਇ॥
ਸਬਦੁ ਚੀਨਹਿ ਤਾ ਮਹਲੁ ਲਹਹਿ ਜੋਤੀ ਜੋਤਿ ਸਮਾਇ॥

(ਵਾਰ ਸੋਰਠਿ ਮ: ੪, ਪੰਨਾ 649)

ਅਰਥ : ਮੂਰਖ ਆਪਣੀ ਗ਼ਰਜ਼ ਦੇ ਕਾਰਨ ਥਾਂ-ਕੁਥਾਂ ਨਹੀਂ ਜਾਣਦੇ, (ਕਿ ਕਿਥੇ ਗ਼ਰਜ਼ ਪੂਰੀ ਹੋ ਸਕਦੀ ਹੈ) ਜੇ ਸਤਿਗੁਰੂ ਦੇ ਸ਼ਬਦ ਨੂੰ ਖੋਜਣ ਤਾਂ ਹਰੀ ਦੀ ਜੋਤਿ ਵਿਚ ਬਿਰਤੀ ਜੋੜ ਕੇ (ਹਰੀ ਦਾ ਹਜ਼ੂਰੀ-ਰੂਪ ਅਸਲ) ਟਿਕਾਣਾ ਲੱਭ ਲੈਣ।

(ਸ) **ਸਰੀਰ/ਦੇਹ :**

ਮਹਲੈ ਅੰਦਰਿ ਮਹਲੁ ਕੋ ਪਾਏ॥
ਗੁਰ ਕੈ ਸਬਦਿ ਸਚਿ ਚਿਤੁ ਲਾਏ॥
ਜਿਸ ਨੋ ਸਚੁ ਦੇਇ ਸੋਈ ਸਚੁ ਪਾਏ ਸਚੇ ਸਚਿ ਮਿਲਾਇਦਾ॥

(ਮਾਰੂ ਮਹਲਾ ੩, ਪੰਨਾ 1064)

ਅਰਥ : ਹੇ ਭਾਈ! ਜਿਹੜਾ ਕੋਈ ਮਨੁੱਖ ਗੁਰੂ ਦੇ ਸ਼ਬਦ ਦੀ ਰਾਹੀਂ (ਆਪਣੇ) ਸਰੀਰ ਵਿਚ ਪ੍ਰਭੂ ਦਾ ਟਿਕਾਣਾ ਲੱਭ ਲੈਂਦਾ ਹੈ, ਉਹ ਸਦਾ-ਥਿਰ ਹਰਿ-ਨਾਮ ਵਿਚ ਚਿੱਤ ਜੋੜੀ ਰੱਖਦਾ ਹੈ। ਪਰ ਜਿਸ ਮਨੁੱਖ ਨੂੰ ਸਦਾ-ਥਿਰ ਪ੍ਰਭੂ ਆਪਣਾ ਸਦਾ-ਥਿਰ ਹਰਿ-ਨਾਮ ਦੇਂਦਾ ਹੈ, ਉਹੀ ਇਹ ਹਰਿ-ਨਾਮ ਹਾਸਲ ਕਰਦਾ ਹੈ, ਤੇ, ਉਹ ਹਰ ਵੇਲੇ ਇਸ ਸਦਾ-ਥਿਰ ਹਰਿ-ਨਾਮ ਵਿਚ ਇਕ-ਮਿਕ ਹੋਇਆ ਰਹਿੰਦਾ ਹੈ।

(ਸ) **ਉਹ ਅਵਸਥਾ ਜਿਥੇ ਅਕਾਲ ਪੁਰਖ ਸਾਖਿਆਤ ਹੁੰਦਾ ਹੈ :**

ਖੋਜਤ ਖੋਜਤ ਦੁਆਰੇ ਆਇਆ॥
ਤਾ ਨਾਨਕ ਜੋਗੀ ਮਹਲੁ ਘਰੁ ਪਾਇਆ॥ *(ਰਾਮਕਲੀ ਮ: ੫, ਪੰਨਾ 886)*

ਅਰਥ : ਹੇ ਨਾਨਕ! (ਆਖ—ਹੇ ਜੋਗੀ!) ਜਦੋਂ ਕੋਈ ਮਨੁੱਖ (ਪਰਮਾਤਮਾ ਦੇ ਦੇਸ ਦੀ) ਭਾਲ ਕਰਦਾ ਕਰਦਾ (ਗੁਰੂ ਦੇ) ਦਰ 'ਤੇ ਆ ਪਹੁੰਚਦਾ ਹੈ, ਤਦੋਂ ਪ੍ਰਭੂ-ਚਰਨਾਂ ਵਿਚ ਜੁੜੇ ਉਸ ਮਨੁੱਖ ਨੂੰ ਪਰਮਾਤਮਾ ਦਾ ਮਹਲ (ਪਰਮਾਤਮਾ ਦਾ ਘਰ) ਲੱਭ ਪੈਂਦਾ ਹੈ।

(ਹ) **ਸਬੱਬ/ਮੌਕਾ :**

ਟਹਲ ਮਹਲ ਤਾ ਕਉ ਮਿਲੈ ਜਾ ਕਉ ਸਾਧ ਕ੍ਰਿਪਾਲ॥
ਸਾਧੂ ਸੰਗਤਿ ਤਉ ਬਸੈ ਜਉ ਆਪਨ ਹੋਹਿ ਦਇਆਲ॥

(ਗਉੜੀ ਮ: ੫, ਪੰਨਾ 255)

ਅਰਥ : ਸੇਵਾ-ਭਗਤੀ ਦਾ ਮੌਕਾ ਉਸੇ ਨੂੰ ਮਿਲਦਾ ਹੈ, ਜਿਸ ਉੱਤੇ ਗੁਰੂ ਦਿਆਲ ਹੋਵੇ। ਤੇ, ਗੁਰੂ ਦੀ ਸੰਗਤਿ ਵਿਚ ਮਨੁੱਖ ਤਦੋਂ ਟਿਕਦਾ ਹੈ, ਜੇ ਪ੍ਰਭੂ ਆਪ ਕਿਰਪਾ ਕਰੇ।

[ਨੋਟ: ਇਸ ਸੰਬੰਧੀ ਹੋਰ ਵਿਸਤਾਰ ਸਹਿਤ ਦੇਖੋ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ*, ਪ੍ਰੋ. ਸਾਹਿਬ ਸਿੰਘ ਜੀ।]

[ਨੋਟ: ਇਥੇ ਅਸੀਂ ਕੇਵਲ ਪ੍ਰਭੂ ਦੇ ਮਹਲ ਦੀ ਹੀ ਚਰਚਾ ਕਰ ਰਹੇ ਹਾਂ।]

'ਮਹਲ' ਸ਼ਬਦ ਦੇ ਭਿੰਨ-ਭਿੰਨ ਅਰਥਾਂ ਦੀ ਸੰਖੇਪ ਵਿਚ ਚਰਚਾ ਕਰਨ ਮਗਰੋਂ, ਪਾਠਕਾਂ ਦਾ ਇਸ ਪਹਿਲੂ ਵੱਲ ਵੀ ਧਿਆਨ ਦਿਵਾ ਰਹੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਦਾ ਸੱਚ ਇੱਕੋ ਹੀ ਹੈ। ਭਾਵ, ਬਾਣੀ ਰਚੇਤਿਆਂ ਦਾ ਰੱਬ/ਰੱਬੀ ਹੁਕਮ ਅਤੇ ਸਚਿਆਰ ਆਦਿ ਬਾਰੇ ਇਕ ਦੂਜੇ ਨਾਲ ਵਿਰੋਧਾਭਾਸ ਨਹੀਂ ਹੈ। ਗੁਰੂ ਗ੍ਰੰਥ ਸਾਹਿਬ ਵਿਚ ਆਦਿ ਤੋਂ ਲੈ ਕੇ ਅੰਤ ਤਕ ਭਾਵਾਂ/ਵਿਚਾਰਾਂ ਵਿਚ ਇਕਸਾਰਤਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦੇ ਇਸ ਸੰਪੂਰਨ ਰੂਪ ਨੂੰ ਹੀ ਅਸੀਂ ਗੁਰੂ ਦੇ ਰੂਪ ਵਿਚ ਸਵੀਕਾਰਦੇ ਹਾਂ।

✓ [ਨੋਟ: ਸਾਡੀ ਸਮਝ ਦੀ ਸੀਮਾ ਦੇ ਕਾਰਨ ਇਸ ਗੱਲ ਦੀ ਸੰਭਾਵਨਾ ਅਵੱਸ਼ ਹੈ ਕਿ ਬਾਣੀ ਦੇ ਕਿਸੇ ਸ਼ਬਦ ਦਾ ਭਾਵਾਰਥ ਚੰਗੀ ਤਰ੍ਹਾਂ ਸਾਡੀ ਸਮਝ ਵਿਚ ਨਾ ਆਵੇ। ਅਜਿਹੀ ਸਥਿਤੀ ਵਿਚ ਜੇਕਰ ਕਿਧਰੇ ਗੁਰੂ ਗ੍ਰੰਥ ਸਾਹਿਬ ਦੇ ਭਾਵਾਂ ਵਿਚ ਇਕਸਾਰਤਾ ਨਜ਼ਰ ਨਹੀਂ ਆ ਰਹੀ ਤਾਂ ਇਹ ਸਾਡੀ ਅਸਮਰੱਥਾ ਹੀ ਸਮਝਣੀ ਚਾਹੀਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਕਿਧਰੇ ਵੀ ਬਾਣੀ ਰਚੇਤਿਆਂ ਦੇ ਵਿਚਾਰਾਂ ਵਿਚ ਵਿਰੋਧ ਨਹੀਂ ਹੈ।] ✓

ਇਸ ਲਈ ਇਹ ਨਹੀਂ ਹੋ ਸਕਦਾ ਕਿ ਗੁਰੂ ਗ੍ਰੰਥ ਸਾਹਿਬ ਵਿਚ ਇਕ ਥਾਂ 'ਤੇ ਬਾਣੀ ਰਚੇਤਿਆਂ ਨੇ ਕੁਝ ਆਖਿਆ ਹੈ ਅਤੇ ਦੂਜੀ ਜਗ੍ਹਾ 'ਤੇ ਆਪ ਹੀ ਉਸ ਦਾ ਖੰਡਨ ਕਰ ਦਿੱਤਾ ਹੈ ਜਾਂ ਇਕ ਬਾਣੀ ਰਚੇਤਾ ਨੇ ਦੂਜੇ ਬਾਣੀ ਰਚੇਤਿਆਂ ਦੇ ਵਿਚਾਰਾਂ ਨਾਲ ਅਸਹਿਮਤੀ ਪ੍ਰਗਟਾਈ ਹੈ।

[ਨੋਟ: ਬਾਬਾ ਫ਼ਰੀਦ ਅਤੇ ਕਬੀਰ ਸਾਹਿਬ ਦੇ ਸਲੋਕਾਂ ਵਿਚ ਗੁਰੂ ਸਾਹਿਬਾਨ ਦੇ ਸਲੋਕਾਂ ਸੰਬੰਧੀ ਵੱਖਰੇ ਪ੍ਰਕਰਣ ਵਿਚ ਚਰਚਾ ਕਰਾਂਗੇ।]

ਇਸ ਸੰਖੇਪ ਜਿਹੀ ਚਰਚਾ ਮਗਰੋਂ 'ਢਾਢੀ ਸਚੈ ਮਹਲਿ ਖਸਮਿ ਬੁਲਾਇਆ' ਦਾ ਭਾਵਾਰਥ ਸਮਝਣ ਦਾ ਯਤਨ ਕਰਦੇ ਹਾਂ।

ਇਨ੍ਹਾਂ ਪੰਗਤੀਆਂ ਦਾ ਠੀਕ ਭਾਵਾਰਥ ਸਮਝਣ ਲਈ ਇਹ ਜ਼ਰੂਰੀ ਹੈ ਕਿ ਪਹਿਲਾਂ ਇਹ ਦੇਖਿਆ ਜਾਵੇ ਕਿ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਭੂ ਦੇ ਮਹਲ, ਇਸ 'ਚ ਪਹੁੰਚਣ ਅਤੇ ਪ੍ਰਭੂ ਵਲੋਂ ਮਹਲ 'ਚ ਬੁਲਾਉਣ ਤੋਂ ਕੀ ਭਾਵ ਲਿਆ ਗਿਆ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਅਕਾਲ ਪੁਰਖ ਦੇ ਮਹਲ ਬਾਰੇ ਚਰਚਾਂ ਕਰਦਿਆਂ ਹੋਇਆਂ ਇਹ ਸਪੱਸ਼ਟ ਕੀਤਾ ਹੈ ਕਿ ਰੱਬੀ ਮਹਲ ਤਕ ਗੁਰੂ/ਗੁਰ ਸ਼ਬਦ ਦੀ ਕਮਾਈ ਦੁਆਰਾ ਹੀ ਪਹੁੰਚ ਸਕੀਦਾ ਹੈ:

ਸਾਚ ਮਹਲਿ ਗੁਰਿ ਅਲਖੁ ਲਖਾਇਆ॥
ਨਿਹਚਲ ਮਹਲੁ ਨਹੀ ਛਾਇਆ ਮਾਇਆ॥
ਸਾਚਿ ਸੰਤੋਖੇ ਭਰਮੁ ਚੁਕਾਇਆ॥ *(ਗਉੜੀ ਮਹਲਾ ੧, ਪੰਨਾ 228)*

ਅਰਥ: ਸਦਾ-ਥਿਰ ਪ੍ਰਭੂ ਦੇ ਮਹਲ ਵਿਚ (ਅਪੜਾ ਕੇ) ਗੁਰੂ ਨੇ ਜਿਸ ਮਨੁੱਖ ਨੂੰ ਅਲੱਖ ਪ੍ਰਭੂ ਦਾ ਸਰੂਪ (ਹਿਰਦੇ ਵਿਚ) ਪ੍ਰਤੱਖ ਕਰ ਦਿੱਤਾ ਹੈ, ਉਸ ਨੂੰ ਉਹ ਅਚੱਲ ਟਿਕਾਣਾ (ਸਦਾ ਲਈ ਪ੍ਰਾਪਤ ਹੋ ਜਾਂਦਾ ਹੈ) ਜਿਸ ਉੱਤੇ ਮਾਇਆ ਦਾ ਪ੍ਰਭਾਵ ਨਹੀਂ

ਪੈਂਦਾ। ਜੇਹੜੇ ਜੇਹੜੇ ਬੰਦੇ ਸਦਾ-ਥਿਰ ਪ੍ਰਭੂ ਵਿਚ ਜੁੜ ਕੇ ਮਾਇਆ ਵਲੋਂ ਰੱਜ ਜਾਂਦੇ ਹਨ, ਉਹਨਾਂ ਦੀ ਭਟਕਣਾ ਮੁੱਕ ਜਾਂਦੀ ਹੈ।

ਗੁਰਬਾਣੀ ਅਨੁਸਾਰ ਆਪਣੇ ਜੀਵਨ ਨੂੰ ਢਾਲ ਕੇ ਪਰਮਾਤਮਾ ਦੇ ਮਹਲ 'ਚ ਅਪੜੇ ਹੋਏ ਸੁਭਾਗੇ ਪ੍ਰਾਣੀਆਂ ਦਾ ਪ੍ਰਭੂ ਮਹਲ 'ਚ ਨਿਵਾਸ ਵਕਤੀ ਨਹੀਂ, ਸਦੀਵੀ ਹੈ :

ਸਚਾ ਅਮਰੁ ਸਚਾ ਪਾਤਿਸਾਹੁ ॥
ਮਨਿ ਸਾਚੈ ਰਾਤੇ ਹਰਿ ਵੇਪਰਵਾਹੁ ॥
ਸਚੈ ਮਹਲਿ ਸਚਿ ਨਾਮਿ ਸਮਾਹੁ ॥ *(ਗਉੜੀ ਮਹਲਾ ੩, ਪੰਨਾ 161)*

ਅਰਥ : ਪਰਮਾਤਮਾ (ਜਗਤ ਦਾ) ਸਦਾ-ਥਿਰ ਰਹਿਣ ਵਾਲਾ ਪਾਤਿਸ਼ਾਹ ਹੈ, ਉਸ ਦਾ ਹੁਕਮ ਅਟੱਲ ਹੈ। ਜੇਹੜੇ ਮਨੁੱਖ (ਆਪਣੇ) ਮਨ ਦੀ ਰਾਹੀਂ ਉਸ ਸਦਾ-ਥਿਰ ਪਰਮਾਤਮਾ (ਦੇ ਨਾਮ-ਰੰਗ) ਵਿਚ ਰੰਗੇ ਜਾਂਦੇ ਹਨ, ਉਹ ਉਸ ਬੇਪ੍ਰਵਾਹ ਹਰੀ ਦਾ ਰੂਪ ਹੋ ਜਾਂਦੇ ਹਨ, ਉਹ ਉਸ ਸਦਾ ਕਾਇਮ ਰਹਿਣ ਵਾਲੇ ਪਰਮਾਤਮਾ ਦੀ ਹਜ਼ੂਰੀ ਵਿਚ ਰਹਿੰਦੇ ਹਨ, ਉਸ ਦੇ ਸਦਾ-ਥਿਰ ਨਾਮ ਵਿਚ ਲੀਨਤਾ ਪ੍ਰਾਪਤ ਕਰ ਲੈਂਦੇ ਹਨ।

ਗੁਰੂ ਗ੍ਰੰਥ ਸਾਹਿਬ ਵਿਚ ਦਰਸਾਈ ਜੀਵਨ-ਜਾਚ ਨੂੰ ਅਪਨਾ ਕੇ ਪਰਮਾਤਮਾ ਦੇ ਮਹਲ ਵਿਚ ਸਦੀਵੀ ਨਿਵਾਸ ਦਾ ਅਨੰਦ ਮਾਣ ਰਹੇ ਗੁਰਮੁਖਾਂ ਦੀ ਰਹਿਣੀ ਦਾ ਵਰਣਨ ਕਰਦਿਆਂ ਆਖਿਆ ਹੈ :

ਗੁਰਮੁਖਿ ਕਰਣੀ ਹਰਿ ਕੀਰਤਿ ਸਾਰੁ ॥
ਗੁਰਮੁਖਿ ਪਾਏ ਮੋਖ ਦੁਆਰੁ ॥
ਅਨਦਿਨੁ ਰੰਗਿ ਰਤਾ ਗੁਣ ਗਾਵੈ ਅੰਦਰਿ ਮਹਲਿ ਬੁਲਾਵਣਿਆ ॥
(ਮਾਝ ਮਹਲਾ ੩, ਪੰਨਾ 115)

ਅਰਥ : ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ ਪਰਮਾਤਮਾ ਦੀ ਸਿਫ਼ਤਿ-ਸਾਲਾਹ ਨੂੰ ਹੀ ਕਰਨ-ਜੋਗ ਕੰਮ ਸਮਝਦਾ ਹੈ ਅਤੇ ਸਭ ਤੋਂ ਸ੍ਰੇਸ਼ਟ ਉੱਦਮ ਜਾਣਦਾ ਹੈ। ਗੁਰੂ ਦੇ ਸਨਮੁਖ ਰਹਿ ਕੇ ਉਹ (ਸਿਫ਼ਤਿ-ਸਾਲਾਹ ਦੀ ਬਰਕਤਿ ਨਾਲ) ਵਿਕਾਰਾਂ ਤੋਂ ਖ਼ਲਾਸੀ ਦਾ ਦਰਵਾਜ਼ਾ ਲੱਭ ਲੈਂਦਾ ਹੈ। ਉਹ ਹਰ ਵੇਲੇ ਪ੍ਰਭੂ ਦੇ ਨਾਮ-ਰੰਗ ਵਿਚ ਰੰਗਿਆ ਰਹਿ ਕੇ ਪ੍ਰਭੂ ਦੇ ਗੁਣ ਗਾਂਦਾ ਰਹਿੰਦਾ ਹੈ। ਪ੍ਰਭੂ ਉਸ ਨੂੰ ਆਪਣੇ ਚਰਨਾਂ ਵਿਚ, ਆਪਣੀ ਹਜ਼ੂਰੀ ਵਿਚ ਬੁਲਾਈ ਰੱਖਦਾ ਹੈ (ਭਾਵ ਜੋੜੀ ਰੱਖਦਾ ਹੈ)।

ਪ੍ਰਭੂ ਦੇ ਜਿਸ ਮਹਲ ਵਿਚ ਸਤਿਗੁਰੂ ਦਾ ਗਿਆਨ ਮਨੁੱਖ ਨੂੰ ਪਹੁੰਚਾਉਂਦਾ ਹੈ, ਉਹ ਮਹਲ ਕਿਥੇ ਹੈ ? ਇਸ ਦਾ ਉੱਤਰ ਗੁਰੂ ਗ੍ਰੰਥ ਸਾਹਿਬ ਵਿਚ ਇਉਂ ਦਿੱਤਾ ਹੈ :

ਪਰ ਦਾਰਾ ਪਰ ਧਨੁ ਪਰ ਲੋਭਾ ਹਉਮੈ ਬਿਖੈ ਬਿਕਾਰ ॥
ਦੁਸਟ ਭਾਉ ਤਜਿ ਨਿੰਦ ਪਰਾਈ ਕਾਮੁ ਕ੍ਰੋਧੁ ਚੰਡਾਰ ॥੧॥
ਮਹਲ ਮਹਿ ਬੈਠੇ ਅਗਮ ਅਪਾਰ ॥
ਭੀਤਰਿ ਅੰਮ੍ਰਿਤੁ ਸੋਈ ਜਨੁ ਪਾਵੈ ਜਿਸੁ ਗੁਰ ਕਾ ਸਬਦੁ ਰਤਨੁ ਆਚਾਰ ॥੧॥ਰਹਾਉ॥
ਦੁਖ ਸੁਖ ਦੋਊ ਸਮ ਕਰਿ ਜਾਨੈ ਬੁਰਾ ਭਲਾ ਸੰਸਾਰ ॥
ਸੁਧਿ ਬੁਧਿ ਸੁਰਤਿ ਨਾਮਿ ਹਰਿ ਪਾਈਐ ਸਤਸੰਗਤਿ ਗੁਰ ਪਿਆਰ ॥੨॥

ਅਹਿਨਿਸਿ ਲਾਹਾ ਹਰਿ ਨਾਮੁ ਪਰਾਪਤਿ ਗੁਰੁ ਦਾਤਾ ਦੇਵਣਹਾਰੁ॥
ਗੁਰਮੁਖਿ ਸਿਖ ਸੋਈ ਜਨੁ ਪਾਏ ਜਿਸ ਨੋ ਨਦਰਿ ਕਰੇ ਕਰਤਾਰੁ॥੩॥
ਕਾਇਆ ਮਹਲੁ ਮੰਦਰੁ ਘਰੁ ਹਰਿ ਕਾ ਤਿਸੁ ਮਹਿ ਰਾਖੀ ਜੋਤਿ ਅਪਾਰ॥
ਨਾਨਕ ਗੁਰਮੁਖਿ ਮਹਲਿ ਬੁਲਾਈਐ ਹਰਿ ਮੇਲੇ ਮੇਲਣਹਾਰ॥੪॥

(ਮਲਾਰ ਮਹਲਾ ੧, ਪੰਨਾ 1255-56)

ਅਰਥ : ਅਪਹੁੰਚ ਤੇ ਬੇਅੰਤ ਪ੍ਰਭੂ ਜੀ ਹਰੇਕ ਸਰੀਰ ਵਿਚ ਬੈਠੇ ਹੋਏ ਹਨ (ਮੌਜੂਦ ਹਨ), ਪਰ ਉਹੀ ਮਨੁੱਖ ਪ੍ਰਭੂ ਜੀ ਦਾ ਨਾਮ-ਅੰਮ੍ਰਿਤ ਹਾਸਲ ਕਰਦਾ ਹੈ, ਜਿਸ ਦੀ ਨਿੱਤ ਦੀ ਕ੍ਰਿਆ ਗੁਰੂ ਦਾ ਸ੍ਰੇਸ਼ਟ ਸ਼ਬਦ (ਆਪਣੇ ਅੰਦਰ ਵਸਾਣਾ) ਹੋ ਜਾਏ।੧।ਰਹਾਉ।

(ਜੇਹੜਾ ਮਨੁੱਖ ਗੁਰੂ ਦਾ ਸ਼ਬਦ ਹਿਰਦੇ ਵਿਚ ਵਸਾਂਦਾ ਹੈ ਤੇ ਆਤਮਿਕ ਜੀਵਨ ਦੇਣ ਵਾਲਾ ਨਾਮ-ਰਸ ਹਾਸਲ ਕਰਦਾ ਹੈ, ਉਹ) ਪਰਾਈ ਇਸਤ੍ਰੀ (ਦਾ ਸੰਗ), ਪਰਾਇਆ ਧਨ, ਬਹੁਤ ਲਾਲਚ, ਹਉਮੈ, ਵਿਸ਼ਿਆਂ (ਵਾਲੀ ਰੁਚੀ), ਮੰਦੇ ਕਰਮ, ਭੈੜੀ ਨੀਅਤ, ਪਰਾਈ ਨਿੰਦਿਆ, ਕਾਮ ਅਤੇ ਚੰਡਾਲ ਕ੍ਰੋਧ—ਇਹ ਸਭ ਕੁਝ ਤਿਆਗ ਦੇਂਦਾ ਹੈ।੧।

ਉਹ ਮਨੁੱਖ ਦੁੱਖਾਂ ਨੂੰ ਇੱਕੋ ਜਿਹਾ ਜਾਣਦਾ ਹੈ, ਜਗਤ ਵੱਲੋਂ ਮਿਲਦੇ ਚੰਗੇ-ਮੰਦੇ ਸਲੂਕ ਨੂੰ ਭੀ ਬਰਾਬਰ ਜਾਣ ਕੇ ਹੀ ਸਹਾਰਦਾ ਹੈ (ਇਹ ਸਭ ਕੁਝ ਹਰਿ-ਨਾਮ ਦੀ ਬਰਕਤਿ ਹੈ)। ਪਰ ਇਹ ਸੂਝ-ਬੂਝ ਪ੍ਰਭੂ ਦੇ ਨਾਮ ਵਿਚ ਸੁਰਤਿ ਜੋੜਿਆਂ ਹੀ ਪ੍ਰਾਪਤ ਹੁੰਦੀ ਹੈ, ਸਾਧ ਸੰਗਤਿ ਵਿਚ ਰਹਿ ਕੇ ਗੁਰੂ-ਚਰਨਾਂ ਨਾਲ ਪਿਆਰ ਕੀਤਿਆਂ ਹੀ ਮਿਲਦੀ ਹੈ।੨।

ਗੁਰੂ ਦੇ ਸਨਮੁਖ ਹੋ ਕੇ ਸਿੱਖਿਆ ਭੀ ਉਹੀ ਮਨੁੱਖ ਲੈ ਸਕਦਾ ਹੈ, ਜਿਸ ਉੱਤੇ ਕਰਤਾਰ ਮਿਹਰ ਦੀ ਨਜ਼ਰ ਕਰਦਾ ਹੈ। ਗੁਰੂ ਨਾਮ ਦੀ ਦਾਤਿ ਦੇਣ ਦੇ ਸਮਰੱਥ ਹੈ, (ਜਿਸ ਮਨੁੱਖ ਉੱਤੇ ਕਰਤਾਰ ਦੀ ਨਜ਼ਰ ਹੁੰਦੀ ਹੈ, ਉਸ ਮਨੁੱਖ ਨੂੰ ਗੁਰੂ ਪਾਸੋਂ) ਦਿਨ ਰਾਤ ਪ੍ਰਭੂ-ਨਾਮ ਦਾ ਲਾਭ ਮਿਲਿਆ ਰਹਿੰਦਾ ਹੈ।੩।

ਇਹ ਮਨੁੱਖਾ ਸਰੀਰ ਪਰਮਾਤਮਾ ਦਾ ਮਹਲ ਹੈ, ਪਰਮਾਤਮਾ ਦਾ ਮੰਦਰ ਹੈ, ਪਰਮਾਤਮਾ ਦਾ ਘਰ ਹੈ, ਬੇਅੰਤ ਪਰਮਾਤਮਾ ਨੇ ਇਸ ਵਿਚ ਆਪਣੀ ਜੋਤਿ ਟਿਕਾ ਰੱਖੀ ਹੈ। (ਜੀਵ ਆਪਣੇ ਹਿਰਦੇ-ਮਹਲ ਵਿਚ ਵੱਸਦੇ ਪ੍ਰਭੂ ਨੂੰ ਛੱਡ ਕੇ ਬਾਹਰ ਭਟਕਦਾ ਫਿਰਦਾ ਹੈ)। ਹੇ ਨਾਨਕ! (ਬਾਹਰ ਭਟਕਦਾ ਜੀਵ) ਗੁਰੂ ਦੀ ਰਾਹੀਂ ਹੀ ਹਿਰਦੇ-ਮਹਲ ਵਿਚ ਮੋੜ ਕੇ ਲਿਆਂਦਾ ਜਾ ਸਕਦਾ ਹੈ, ਤੇ ਤਦੋਂ ਮੇਲਣ ਦੇ ਸਮਰੱਥ ਪ੍ਰਭੂ ਉਸ ਨੂੰ ਆਪਣੇ ਚਰਨਾਂ ਵਿਚ ਜੋੜ ਲੈਂਦਾ ਹੈ।੪।

ਗੁਰੂ ਗ੍ਰੰਥ ਸਾਹਿਬ ਜੀ ਅਕਾਲ ਪੁਰਖ ਦੇ ਮਹਲ ਸੰਬੰਧੀ ਰੌਸ਼ਨੀ ਪਾਉਂਦਿਆਂ ਹੋਇਆਂ ਕਹਿੰਦੇ ਹਨ ਕਿ ਪ੍ਰਭੂ ਜੀ ਦਾ ਉਹ ਮਹਲ ਮਨੁੱਖ ਦੇ ਹਿਰਦੇ ਵਿਚ ਹੀ ਹੈ। ਇਸ ਮਹਲ 'ਚ ਵੱਸਦੇ ਵਾਹਿਗੁਰੂ ਦੇ ਦਰਸ਼ਨ ਹੀ, ਗੁਰੂ ਆਤਮਿਕ ਜੀਵਨ ਦੀ ਸੋਝੀ ਪ੍ਰਦਾਨ ਕਰਕੇ ਕਰਾਉਂਦਾ ਹੈ:

ਖੋਲਿ ਕਿਵਾਰਾ ਮਹਲਿ ਬੁਲਾਇਆ॥
ਜੈਸਾ ਸਾ ਤੈਸਾ ਦਿਖਲਾਇਆ॥

ਕਹੁ ਨਾਨਕ ਸਭੁ ਪੜਦਾ ਤੂਟਾ॥
ਹਉ ਤੇਰਾ ਤੂ ਮੈ ਮਨਿ ਵੂਠਾ॥੪॥ *(ਰਾਮਕਲੀ ਮਹਲਾ ੫, ਪੰਨਾ 887)*

ਅਰਥ : ਹੇ ਨਾਨਕ! ਆਖ–(ਹੇ ਪ੍ਰਭੂ! ਮੇਰੇ ਮਨ ਦੇ) ਕਿਵਾੜ ਖੋਲ੍ਹ ਕੇ ਤੂੰ ਮੈਨੂੰ ਆਪਣੇ ਚਰਨਾਂ ਵਿਚ ਜੋੜ ਲਿਆ ਹੈ। ਤੂੰ ਮੈਨੂੰ ਸਾਖਿਆਤ ਆਪਣਾ ਦੀਦਾਰ ਬਖ਼ਸ਼ਿਆ ਹੈ। (ਤੇਰੇ ਨਾਲੋਂ ਵਿੱਥ ਪਾਣ ਵਾਲਾ ਮੇਰੇ ਅੰਦਰੋਂ) ਸਾਰਾ ਪਰਦਾ ਹੁਣ ਟੁੱਟ ਗਿਆ ਹੈ, ਹੁਣ ਤੂੰ ਮੇਰੇ ਮਨ ਵਿਚ ਆ ਵੱਸਿਆ ਹੈਂ, ਮੈਂ ਤੇਰਾ ਹੋ ਚੁੱਕਾ ਹਾਂ।

ਅਕਾਲ ਪੁਰਖ ਦੇ ਇਸ ਮਹਲ ਸੰਬੰਧੀ ਹੀ ਚਰਚਾ ਕਰਦਿਆਂ ਹੋਇਆਂ ਕਿਹਾ ਹੈ ਕਿ ਮਾਲਕ ਨੇ ਆਪਣੇ ਮਹਲ ਵਿਚ ਆਪਣੇ ਸੇਵਕ/ਸੇਵਕਾਂ ਨੂੰ ਬੁਲਾਇਆ ਹੈ ਜਾਂ ਬੁਲਾਉਂਦਾ ਹੈ :

(ੳ) **ਸਚੇ ਦੈ ਦਰਿ ਜਾਇ ਸਚੁ ਚਵਾਂਈਐ॥**
ਸਚੈ ਅੰਦਰਿ ਮਹਲਿ ਸਚਿ ਬੁਲਾਈਐ॥ *(ਵਾਰ ਮਾਝ ਮਹਲਾ ੧, ਪੰਨਾ 145)*

ਅਰਥ : ਜੇ ਸੱਚੇ ਪ੍ਰਭੂ ਦੇ ਚਰਨਾਂ ਵਿਚ ਜੁੜ ਕੇ ਸੱਚੇ ਦਾ ਨਾਮ ਜਪੀਏ, ਤਾਂ ਇਸ ਸੱਚੇ ਨਾਮ ਦੀ ਰਾਹੀਂ ਸੱਚੇ ਪ੍ਰਭੂ ਦੀ ਹਜ਼ੂਰੀ ਵਿਚ ਥਾਂ ਮਿਲਦਾ ਹੈ। ਹੇ ਨਾਨਕ! (ਜਿਸ ਦੇ ਪੱਲੇ) ਸਦਾ ਸੱਚ ਹੈ ਉਹ ਸੱਚ ਦਾ ਵਪਾਰੀ ਹੈ, ਉਹ ਸੱਚ ਵਿਚ ਲੀਨ ਰਹਿੰਦਾ ਹੈ।

(ਅ) **ਜੋ ਸਚੈ ਲਾਏ ਸੇ ਸਚਿ ਲਗੇ ਨਿਤ ਸਚੀ ਕਾਰ ਕਰੰਨਿ॥**
ਤਿਨਾ ਨਿਜ ਘਰਿ ਵਾਸਾ ਪਾਇਆ ਸਚੈ ਮਹਲਿ ਰਹੰਨਿ॥
ਨਾਨਕ ਭਗਤ ਸੁਖੀਏ ਸਦਾ ਸਚੈ ਨਾਮਿ ਰਚੰਨਿ॥
(ਸਿਰੀਰਾਗੁ ਮਹਲਾ ੫, ਪੰਨਾ 70)

ਅਰਥ : ਜਿਨ੍ਹਾਂ ਜੀਵਾਂ ਨੂੰ ਸਦਾ-ਥਿਰ ਪ੍ਰਭੂ ਨੇ ਆਪਣੀ ਯਾਦ ਵਿਚ ਜੋੜਿਆ, ਉਹੀ ਸਦਾ-ਥਿਰ (ਪ੍ਰਭੂ) ਦੇ ਨਾਮ ਵਿਚ ਲੱਗੇ ਹਨ, ਉਹੀ ਸਦਾ ਇਹ ਨਾਲ ਨਿਭਣ ਵਾਲੀ ਕਾਰ ਕਰਦੇ ਹਨ। ਉਹਨਾਂ ਬੰਦਿਆਂ ਨੇ (ਮਾਇਆ ਦੀ ਭਟਕਣਾ ਤੋਂ ਬਚ ਕੇ) ਅੰਤਰ-ਆਤਮੇ ਟਿਕਾਣਾ ਪ੍ਰਾਪਤ ਕਰ ਲਿਆ ਹੈ, ਉਹ ਬੰਦੇ ਸਦਾ-ਥਿਰ ਰਹਿਣ ਵਾਲੇ ਪ੍ਰਭੂ ਦੀ ਹਜ਼ੂਰੀ ਵਿਚ ਰਹਿੰਦੇ ਹਨ। ਹੇ ਨਾਨਕ! ਪਰਮਾਤਮਾ ਦੀ ਭਗਤੀ ਕਰਨ ਵਾਲੇ ਬੰਦੇ ਸਦਾ ਸੁਖੀ ਰਹਿੰਦੇ ਹਨ, ਉਹ ਸਦਾ-ਥਿਰ ਪ੍ਰਭੂ ਦੇ ਨਾਮ ਵਿਚ ਸਦਾ ਮਸਤ ਰਹਿੰਦੇ ਹਨ।

ਗੁਰੂ ਗ੍ਰੰਥ ਸਾਹਿਬ ਜੀ ਦੇ ਉਪਰੋਕਤ ਫ਼ੁਰਮਾਨਾਂ ਵਿਚ ਅਕਾਲ ਪੁਰਖ ਦਾ ਮਹਲ ਮਨੁੱਖ ਦੇ ਅੰਦਰ ਹੀ ਦਰਸਾਇਆ ਹੈ। ਪਰਮਾਤਮਾ ਦਾ ਆਪਣੇ ਮਹਲ ਵਿਚ ਬੁਲਾਉਣ ਤੋਂ ਭਾਵ ਪ੍ਰਭੂ-ਚਰਨਾਂ ਵਿਚ ਜੁੜਨਾ ਲਿਆ ਗਿਆ ਹੈ। ਇਨ੍ਹਾਂ ਉਪਰੋਕਤ ਫ਼ੁਰਮਾਨਾਂ ਵਿਚ ਹੀ ਨਹੀਂ, ਸਗੋਂ ਗੁਰੂ ਗ੍ਰੰਥ ਸਾਹਿਬ ਵਿਚ ਜਿਥੇ ਵੀ ਅਕਾਲ ਪੁਰਖ ਵਲੋਂ ਆਪਣੇ ਮਹਲ ਵਿਚ ਬੁਲਾਉਣ ਦਾ ਜ਼ਿਕਰ ਆਇਆ ਹੈ, ਉਥੇ ਮਹਲ 'ਚ ਬੁਲਾਉਣ ਤੋਂ ਇਹੀ ਭਾਵ ਲਿਆ ਗਿਆ ਹੈ। ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਭੂ-ਮਿਲਾਪ ਸੰਬੰਧੀ ਇਹ ਨਿਰਣਾਇਕ ਫ਼ੈਸਲਾ ਹੈ ਕਿ ਜਿਸ ਕਿਸੇ ਨੂੰ ਵੀ ਅਕਾਲ ਪੁਰਖ ਨੂੰ ਮਿਲਣ ਅਥਵਾ

ਜੁੜਨ ਦਾ ਸੁਭਾਗ ਪ੍ਰਾਪਤ ਹੋਇਆ ਹੈ, ਬਾਹਰੋਂ ਨਹੀਂ ਅੰਦਰੋਂ ਹੀ ਹੋਇਆ ਹੈ। ਚੂੰਕਿ ਪਰਮਾਤਮਾ ਦੇਖਣ ਦਾ ਨਹੀਂ, ਅਨੁਭਵ ਦਾ ਵਿਸ਼ਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦਾ ਇਹ ਫ਼ੁਰਮਾਨ ਇਸ ਪਹਿਲੂ ਉੱਤੇ ਹੀ ਰੌਸ਼ਨੀ ਪਾਉਂਦਾ ਹੈ:

ਅਨਭਉ ਕਿਨੈ ਨ ਦੇਖਿਆ ਬੈਰਾਗੀਅੜੇ ॥
ਬਿਨੁ ਭੈ ਅਨਭਉ ਹੋਇ ਵਣਾਹੰਬੈ ॥ *(ਮਾਰੂ ਕਬੀਰ ਜੀ, ਪੰਨਾ 1104)*

ਅਰਥ : ਹੇ ਅੰਞਾਣ ਵੈਰਾਗੀ! (ਪਰਮਾਤਮਾ ਨੂੰ ਇਹਨਾਂ ਅੱਖਾਂ ਨਾਲ ਕਦੇ) ਕਿਸੇ ਨੇ ਨਹੀਂ ਵੇਖਿਆ, ਉਸ ਦਾ ਤਾਂ ਆਤਮਿਕ ਝਲਕਾਰਾ ਹੀ ਵੱਜਦਾ ਹੈ। ਤੇ, ਇਹ ਆਤਮਿਕ ਝਲਕਾਰਾ ਤਦੋਂ ਵੱਜਦਾ ਹੈ, ਜਦੋਂ ਮਨੁੱਖ ਦੁਨੀਆਂ ਦੇ ਡਰਾਂ ਤੋਂ ਰਹਿਤ ਹੋ ਜਾਂਦਾ ਹੈ।

ਅਜਿਹੇ ਅਨੁਭਵ ਨਾਲ ਹੀ ਇਹ ਸਮਝ ਆਉਂਦੀ ਹੈ ਕਿ ਉਹ ਪ੍ਰਭੂ ਆਪ ਹੀ ਇਕ ਤੋਂ ਅਨੇਕ ਹੋ ਕੇ ਵਿਚਰ ਰਿਹਾ ਹੈ। ਉਸ ਨੂੰ ਪਾਉਣ ਅਥਵਾ ਜੁੜਨ ਲਈ ਬਾਹਰ ਭਟਕਣ ਦੀ ਲੋੜ ਨਹੀਂ ਹੈ। ਗੁਰਬਾਣੀ ਦਾ ਇਹ ਫ਼ੁਰਮਾਨ ਇਸ ਸੱਚ ਨੂੰ ਇਉਂ ਬਿਆਨ ਕਰਦਾ ਹੈ:

ਬਾਹਰਿ ਢੂਢਨ ਤੇ ਛੂਟਿ ਪਰੇ ਗੁਰਿ ਘਰ ਹੀ ਮਾਹਿ ਦਿਖਾਇਆ ਥਾ ॥
ਅਨਭਉ ਅਚਰਜ ਰੂਪੁ ਪ੍ਰਭ ਪੇਖਿਆ ਮੇਰਾ ਮਨੁ ਛੋਡਿ ਨ ਕਤਹੂ ਜਾਇਆ ਥਾ ॥
(ਮਾਰੂ ਮਹਲਾ ੫, ਪੰਨਾ 1002)

ਅਰਥ : (ਮੇਰੇ) ਗੁਰਦੇਵ ਜੀ ਨੇ ਮੇਰੇ ਹਿਰਦੇ-ਘਰ ਵਿਚ ਹੀ ਮੈਨੂੰ ਪਰਮਾਤਮਾ ਦੇ ਦਰਸ਼ਨ ਕਰਾ ਦਿੱਤੇ ਹਨ, ਸੋ ਹੁਣ ਬਾਹਰ ਭਾਲ ਕਰਨ ਦੀ ਲੋੜ ਨਹੀਂ ਰਹੀ। ਉਹ ਅਚਰਜ ਰੂਪ ਪਰਮਾਤਮਾ ਦਾ ਅਜਿਹਾ (ਆਤਮਿਕ) ਝਲਕਾਰਾ ਵੱਜਾ ਹੈ ਕਿ ਹੁਣ ਮੇਰਾ ਮਨ ਉਸ ਨੂੰ ਛੱਡ ਕੇ ਬਾਹਰ ਕਿਤੇ ਨਹੀਂ ਜਾਂਦਾ।

ਅਕਾਲ ਪੁਰਖ ਦੇ ਮਹਲ, ਇਸ ਦੇ ਸਰੂਪ ਅਤੇ ਇਸ ਮਹਲ 'ਚ ਪ੍ਰਭੂ ਵਲੋਂ ਬੁਲਾਉਣ ਦੀ ਸੰਖੇਪ ਚਰਚਾ ਉਪਰੰਤ 'ਢਾਢੀ ਕਉ ਮਹਲਿ ਬੁਲਾਵੈ' ਦੀ ਪੰਗਤੀ ਨੂੰ ਵਿਚਾਰਦੇ ਹਾਂ ਤਾਂ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਇਸ ਪੰਗਤੀ ਵਿਚ ਵੀ ਗੁਰਦੇਵ ਪ੍ਰਭੂ ਦੀ ਹਜ਼ੂਰੀ ਲਈ ਹੀ 'ਮਹਲ' ਸ਼ਬਦ ਦੀ ਵਰਤੋਂ ਕਰ ਰਹੇ ਹਨ। ਇਹ ਹਜ਼ੂਰੀ ਕਿਧਰੇ ਬਾਹਰ ਨਹੀਂ, ਸਗੋਂ ਮਨੁੱਖ ਦਾ ਅੰਤਰ-ਆਤਮੇ ਟਿਕ ਕੇ ਆਪਣੇ ਮੂਲ ਸੋਮੇ ਪ੍ਰਭੂ ਨਾਲ ਜੁੜਨਾ ਹੈ। ਗੁਰਬਾਣੀ ਦੇ ਸਿਧਾਂਤ ਨੂੰ ਸਮਝਣ ਲਈ ਇਹ ਜ਼ਰੂਰੀ ਹੈ ਕਿ ਹਰੇਕ ਸ਼ਬਦ/ਪੰਗਤੀ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਸਮੁੱਚੇ ਸਿਧਾਂਤ ਨੂੰ ਸਾਹਮਣੇ ਰੱਖ ਕੇ ਹੀ ਸਮਝਣ ਦਾ ਯਤਨ ਕੀਤਾ ਜਾਵੇ। ਜੇਕਰ ਅਸੀਂ ਇਸ ਗੱਲ ਨੂੰ ਨਜ਼ਰ-ਅੰਦਾਜ਼ ਕਰਕੇ ਕਿਸੇ ਸ਼ਬਦ/ਪੰਗਤੀ ਨੂੰ ਸਮਝਣ ਦਾ ਯਤਨ ਕਰਾਂਗੇ ਤਾਂ ਅਵੱਸ਼ ਉਕਾਈ ਖਾ ਜਾਵਾਂਗੇ। ਗੁਰੂ ਗ੍ਰੰਥ ਸਾਹਿਬ ਜੀ ਦੇ ਸਮੁੱਚੇ ਸਿਧਾਂਤ ਨੂੰ ਸਾਹਮਣੇ ਰੱਖ ਕੇ ਜਦ ਅਸੀਂ 'ਮਹਲਿ ਬੁਲਾਵੈ' ਵਾਲੀ ਪੰਗਤੀ ਦਾ ਭਾਵ-ਅਰਥ ਸਮਝਣ ਦੀ ਕੋਸ਼ਿਸ਼ ਕਰਾਂਗੇ ਤਾਂ ਕਿਸੇ ਤਰ੍ਹਾਂ ਦੇ ਭਰਮ-ਭੁਲੇਖੇ ਦੀ ਸੰਭਾਵਨਾ ਦੀ ਗੁੰਜ਼ਾਇਸ਼ ਨਹੀਂ ਰਹੇਗੀ। ਇਸ ਲਈ 'ਮਹਲਿ ਬੁਲਾਵੈ' ਸ਼ਬਦ ਪ੍ਰਭੂ ਵਲੋਂ ਆਪਣੇ ਕਿਸੇ ਖ਼ਾਸ ਟਿਕਾਣੇ 'ਚ ਬੁਲਾਉਣ ਦਾ ਲਖਾਇਕ ਨਹੀਂ, ਬਲਕਿ

ਮਨੁੱਖ ਦਾ ਆਪਣੇ ਅੰਦਰੋਂ ਕੂੜ ਦੀ ਕੰਧ ਨੂੰ ਢਾਹ ਕੇ, ਪ੍ਰਭੂ ਨਾਲ ਇਕਮਿਕਤਾ ਦਾ ਨਿੱਘ ਮਾਣਦਿਆਂ ਹੋਇਆਂ, ਉਸ ਦੀ ਹਜ਼ੂਰੀ ਵਿਚ ਵਿਚਰਨ ਦਾ ਪ੍ਰਤੀਕ ਹੈ। ਮਨੁੱਖ ਦਾ ਗੁਰਬਾਣੀ ਦੇ ਆਸ਼ੇ ਅਨੁਸਾਰ ਆਪਣੇ ਜੀਵਨ ਨੂੰ ਢਾਲ ਕੇ ਗੁਰਮੁਖਤਾਈ ਦਾ ਜੀਵਨ ਜਿਊਂਦਿਆਂ, ਆਪਣੇ ਨਿਜ ਘਰ ਵਿਚ ਟਿਕੇ ਰਹਿਣ ਦਾ ਲਖਾਇਕ ਹੈ।

ਇਸ ਭਾਵ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਇਸ ਤਰ੍ਹਾਂ ਵੀ ਦਰਸਾਇਆ ਹੈ:

(ੳ) **ਗੁਸਾਈ ਤੇਰਾ ਕਹਾ ਨਾਮੁ ਕੈਸੇ ਜਾਤੀ ॥**
ਜਾ ਤਉ ਭੀਤਰਿ ਮਹਲਿ ਬੁਲਾਵਹਿ ਪੂਛਉ ਬਾਤ ਨਿਰੰਤੀ ॥

(ਮਾਰੂ ਮਹਲਾ ੧, ਪੰਨਾ 992)

ਅਰਥ: ਹੇ ਧਰਤੀ ਦੇ ਖ਼ਸਮ-ਪ੍ਰਭੂ! ਜਦੋਂ ਤੂੰ ਮੈਨੂੰ ਅੰਤਰ-ਆਤਮੇ ਚਰਨਾਂ ਵਿਚ ਸੱਦਦਾ ਹੈਂ (ਜੋੜਦਾ ਹੈਂ) ਤਦੋਂ ਮੈਂ (ਤੈਥੋਂ) ਇਹ ਭੇਦ ਦੀ ਗੱਲ ਪੁੱਛਦਾ ਹਾਂ ਕਿ ਤੇਰਾ ਕਿਥੇ ਕੋਈ ਖ਼ਾਸ ਨਾਮ ਹੈ ਤੇ ਕਿਵੇਂ ਤੇਰੀ ਕੋਈ ਖ਼ਾਸ ਜਾਤਿ ਹੈ (ਭਾਵ, ਜਦੋਂ ਤੂੰ ਆਪਣੀ ਮੇਹਰ ਨਾਲ ਮੈਨੂੰ ਆਪਣੇ ਚਰਨਾਂ ਵਿਚ ਜੋੜਦਾ ਹੈਂ, ਤਦੋਂ ਮੈਨੂੰ ਸਮਝ ਆਉਂਦੀ ਹੈ ਕਿ ਨਾਹ ਕੋਈ ਤੇਰਾ ਖ਼ਾਸ ਨਾਮ ਹੈ ਅਤੇ ਨਾਹ ਹੀ ਤੇਰੀ ਕੋਈ ਖ਼ਾਸ ਜਾਤਿ ਹੈ)।

(ਅ) **ਸਤਿਗੁਰ ਮਿਲੈ ਤ ਮਹਲਿ ਬੁਲਾਏ ॥**
ਸਾਚੀ ਦਰਗਹ ਗਤਿ ਪਤਿ ਪਾਏ ॥
ਸਾਕਤ ਠਉਰ ਨਾਹੀ ਹਰਿ ਮੰਦਰ ਜਨਮ ਮਰੈ ਦੁਖੁ ਪਾਇਦਾ ॥

(ਮਾਰੂ ਮਹਲਾ ੧, ਪੰਨਾ 1042)

ਅਰਥ: ਜਿਸ ਮਨੁੱਖ ਨੂੰ ਗੁਰੂ ਮਿਲ ਪੈਂਦਾ ਹੈ, ਪਰਮਾਤਮਾ ਉਸ ਨੂੰ ਆਪਣੀ ਹਜ਼ੂਰੀ ਵਿਚ ਸੱਦਦਾ ਹੈ (ਭਾਵ, ਆਪਣੇ ਚਰਨਾਂ ਵਿਚ ਜੋੜੀ ਰੱਖਦਾ ਹੈ)। ਉਹ ਮਨੁੱਖ ਪ੍ਰਭੂ ਦੇ ਚਰਨਾਂ ਵਿਚ ਜੁੜ ਕੇ ਉੱਚੀ ਆਤਮਿਕ ਅਵਸਥਾ ਪ੍ਰਾਪਤ ਕਰਦਾ ਹੈ (ਲੋਕ ਪਰਲੋਕ ਵਿਚ) ਇੱਜ਼ਤ ਪਾਂਦਾ ਹੈ। ਪਰ ਮਾਇਆ-ਵੇੜ੍ਹੇ ਬੰਦੇ ਨੂੰ ਪਰਮਾਤਮਾ ਦੇ ਮਹਲ ਦਾ ਟਿਕਾਣਾ ਨਹੀਂ ਲੱਭਦਾ, ਉਹ ਜਨਮਾਂ ਦੇ ਗੇੜ ਵਿਚ ਪੈ ਕੇ ਮਰਦਾ ਤੇ ਦੁਖ ਸਹਾਰਦਾ ਹੈ।

(ੲ) **ਤਿਨਿ ਕਰਤੈ ਇਕੁ ਖੇਲੁ ਰਚਾਇਆ ॥**
ਕਾਇਆ ਸਰੀਰੈ ਵਿਚਿ ਸਭੁ ਕਿਛੁ ਪਾਇਆ ॥
ਸਬਦਿ ਭੇਦਿ ਕੋਈ ਮਹਲੁ ਪਾਏ ਮਹਲੇ ਮਹਲਿ ਬੁਲਾਵਣਿਆ ॥...
ਆਪੇ ਦੇਵੈ ਸਬਦਿ ਬੁਲਾਏ ॥ ਮਹਲੀ ਮਹਲਿ ਸਹਜ ਸੁਖੁ ਪਾਏ ॥
ਨਾਨਕ ਨਾਮਿ ਮਿਲੈ ਵਡਿਆਈ ਆਪੇ ਸੁਣਿ ਸੁਣਿ ਧਿਆਵਣਿਆ ॥

(ਮਾਝ ਮਹਲਾ ੩, ਪੰਨਾ 117)

ਅਰਥ: (ਹੇ ਭਾਈ!) ਉਸ ਕਰਤਾਰ ਨੇ (ਇਹ ਜਗਤ) ਇਕ ਤਮਾਸ਼ਾ ਰਚਿਆ ਹੋਇਆ ਹੈ, ਉਸ ਨੇ ਮਨੁੱਖਾ ਸਰੀਰ ਵਿਚ ਹਰੇਕ ਗੁਣ ਭਰ ਦਿੱਤਾ ਹੈ। ਜੇਹੜਾ ਕੋਈ ਮਨੁੱਖ ਗੁਰੂ ਦੇ ਸ਼ਬਦ ਦੀ ਰਾਹੀਂ (ਆਪਣੇ ਆਪੇ ਦੀ) ਖੋਜ ਕਰ ਕੇ ਪਰਮਾਤਮਾ ਦੀ ਹਜ਼ੂਰੀ ਹਾਸਲ ਕਰ ਲੈਂਦਾ ਹੈ, ਪਰਮਾਤਮਾ ਉਸ ਨੂੰ ਆਪਣੀ ਹਜ਼ੂਰੀ ਵਿਚ ਹੀ ਟਿਕਾਈ ਰੱਖਦਾ

ਹੈ।...ਪਰਮਾਤਮਾ ਆਪ ਹੀ ਗੁਰੂ ਦੇ ਸ਼ਬਦ ਵਿਚ ਜੋੜ ਕੇ (ਇਹ ਨਾਮ ਵੱਥ) ਦੇਂਦਾ ਹੈ ਤੇ ਆਪ ਹੀ (ਜੀਵਾਂ ਨੂੰ ਆਪਣੇ ਨੇੜੇ) ਸੱਦਦਾ ਹੈ। (ਜਿਸ ਨੂੰ ਸੱਦਦਾ ਹੈ ਉਹ) ਮਹਲ ਦੇ ਮਾਲਕ-ਪ੍ਰਭੂ ਦੀ ਹਜ਼ੂਰੀ ਵਿਚ (ਪਹੁੰਚ ਕੇ) ਆਤਮਿਕ ਅਡੋਲਤਾ ਦਾ ਅਨੰਦ ਮਾਣਦਾ ਹੈ। ਹੇ ਨਾਨਕ! ਜੋ ਮਨੁੱਖ ਪ੍ਰਭੂ-ਨਾਮ ਵਿਚ ਜੁੜਦਾ ਹੈ, ਉਸ ਨੂੰ (ਪ੍ਰਭੂ ਦੀ ਦਰਗਾਹ ਵਿਚ) ਆਦਰ ਮਿਲਦਾ ਹੈ, (ਉਸ ਨੂੰ ਯਕੀਨ ਬਣ ਜਾਂਦਾ ਹੈ ਕਿ ਪ੍ਰਭੂ) ਆਪ ਹੀ (ਜੀਵਾਂ ਦੀ ਅਰਜ਼ੋਈ) ਸੁਣ ਸੁਣ ਕੇ ਆਪ ਹੀ ਉਹਨਾਂ ਦਾ ਧਿਆਨ ਰੱਖਦਾ ਹੈ।

ਸੋ, ਗੁਰੂ ਗ੍ਰੰਥ ਸਾਹਿਬ ਵਿਚ ਅਕਾਲ ਪੁਰਖ ਵਲੋਂ ਆਪਣੇ ਮਹਲ ਵਿਚ ਬੁਲਾਉਣ ਤੋਂ ਭਾਵ, ਪ੍ਰਭੂ ਵਲੋਂ ਮਨੁੱਖ ਨੂੰ ਕਿਸੇ ਵਿਸ਼ੇਸ਼ ਸਥਾਨ 'ਤੇ ਬੁਲਾਉਣ ਤੋਂ ਨਹੀਂ ਹੈ, ਸਗੋਂ ਪਰਮਾਤਮਾ ਵਲੋਂ ਪ੍ਰਾਣੀ ਨੂੰ ਅੰਤਰ-ਆਤਮੇ ਆਪਣੇ ਨਾਮ ਨਾਲ ਜੋੜਨ ਤੋਂ ਹੈ। ਇਸ ਤੋਂ ਭਾਵ ਉਸ ਆਤਮਿਕ ਅਵਸਥਾ ਤੋਂ ਹੈ, ਜਿਸ ਵਿਚ ਮਨੁੱਖ ਅਕਾਲ ਪੁਰਖ ਦੀ ਹਜ਼ੂਰੀ ਦਾ ਸਦੈਵੀ ਨਿੱਘ ਮਾਣਦਾ ਹੈ। ਅਕਾਲ ਪੁਰਖ ਦੇ ਇਸ ਮਹਲ ਤਕ ਗੁਰੂ ਦੇ ਤੱਤ-ਗਿਆਨ ਨੂੰ ਸਮਝ ਕੇ, ਉਸ ਅਨੁਸਾਰ ਆਪਣੇ ਜੀਵਨ ਨੂੰ ਢਾਲਣ ਨਾਲ ਹੀ ਪਹੁੰਚ ਸਕੀਦਾ ਹੈ।

[*ਨੋਟ :* ਗੁਰੂ ਗ੍ਰੰਥ ਸਾਹਿਬ ਵਿਚ ਅਜਿਹੇ ਭਾਵ ਵਾਲੇ ਸ਼ਬਦਾਂ ਵਿਚਲੇ ਪ੍ਰਤੀਕ, ਅਲੰਕਾਰ ਆਦਿ ਨੂੰ ਸਮਝ ਕੇ ਗੁਰਬਾਣੀ ਦੀ ਰੌਸ਼ਨੀ ਵਿਚ ਭਾਵਾਰਥ ਨੂੰ ਸਮਝਣ ਦੀ ਲੋੜ ਹੈ।]

ਹਰਿਮੰਦਰ

ਗੁਰੂ ਗ੍ਰੰਥ ਸਾਹਿਬ ਦਾ ਨਿਮਨ ਲਿਖਤ ਫ਼ੁਰਮਾਨ ਅਕਾਲ ਪੁਰਖ ਦੇ ਸਰੂਪ ਸੰਬੰਧੀ ਗੁਰਮਤਿ ਦਾ ਦ੍ਰਿਸ਼ਟੀਕੋਣ ਸਪਸ਼ਟ ਕਰਦਾ ਹੈ:

ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ॥
ਤਿਸਹਿ ਬੁਝਾਏ ਨਾਨਕਾ ਜਿਸੁ ਹੋਵੈ ਸੁਪ੍ਰਸੰਨ॥

(ਗਉੜੀ ਸੁਖਮਨੀ ਮਹਲਾ ੫, ਪੰਨਾ 283)

ਅਰਥ: ਪ੍ਰਭੂ ਦਾ ਨ ਕੋਈ ਰੂਪ ਹੈ, ਨ ਚਿਹਨ-ਚੱਕ੍ਰ ਅਤੇ ਨ ਕੋਈ ਰੰਗ। ਪ੍ਰਭੂ ਮਾਇਆ ਦੇ ਤਿੰਨ ਗੁਣਾਂ ਤੋਂ ਬੇ-ਦਾਗ਼ ਹੈ। ਹੇ ਨਾਨਕ! ਪ੍ਰਭੂ ਆਪਣਾ ਆਪ ਉਸ ਮਨੁੱਖ ਨੂੰ ਸਮਝਾਉਂਦਾ ਹੈ ਜਿਸ ਉੱਤੇ ਆਪ ਤ੍ਰੁੱਠਦਾ ਹੈ।

ਗੁਰੂ ਗ੍ਰੰਥ ਸਾਹਿਬ ਜੀ ਰੂਪ, ਰੰਗ, ਚਿਹਨ-ਚੱਕ੍ਰ ਤੋਂ ਰਹਿਤ ਪਰਮਾਤਮਾ ਦੇ ਨਿਵਾਸ ਸਥਾਨ ਬਾਰੇ ਸਾਨੂੰ ਇਉਂ ਸੋਝੀ ਬਖ਼ਸ਼ਸ਼ ਕਰਦੇ ਹਨ:

ਸੋ ਅੰਤਰਿ ਸੋ ਬਾਹਰਿ ਅਨੰਤ॥
ਘਟਿ ਘਟਿ ਬਿਆਪਿ ਰਹਿਆ ਭਗਵੰਤ॥
ਧਰਨਿ ਮਾਹਿ ਆਕਾਸ ਪਇਆਲ॥
ਸਰਬ ਲੋਕ ਪੂਰਨ ਪ੍ਰਤਿਪਾਲ॥
ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ॥
ਜੈਸੀ ਆਗਿਆ ਤੈਸਾ ਕਰਮੁ॥
ਪਉਣ ਪਾਣੀ ਬੈਸੰਤਰ ਮਾਹਿ॥
ਚਾਰਿ ਕੁੰਟ ਦਹ ਦਿਸੇ ਸਮਾਹਿ॥
ਤਿਸ ਤੇ ਭਿੰਨ ਨਹੀ ਕੋ ਠਾਉ॥
ਗੁਰ ਪ੍ਰਸਾਦਿ ਨਾਨਕ ਸੁਖੁ ਪਾਉ॥ *(ਗਉੜੀ ਸੁਖਮਨੀ ਮਹਲਾ ੫, ਪੰਨੇ 293-94)*

ਅਰਥ: ਉਹ ਬੇਅੰਤ ਭਗਵਾਨ ਅੰਦਰ-ਬਾਹਰ (ਸਭ ਥਾਈਂ) ਹਰੇਕ ਸਰੀਰ ਵਿਚ ਮੌਜੂਦ ਹੈ; ਧਰਤੀ ਆਕਾਸ਼ ਤੇ ਪਾਤਾਲ ਵਿਚ ਹੈ, ਸਾਰੇ ਭਵਨਾਂ ਵਿਚ ਮੌਜੂਦ ਹੈ ਤੇ ਸਭ ਦੀ ਪਾਲਨਾ ਕਰਦਾ ਹੈ; ਉਹ ਪਾਰਬ੍ਰਹਮ ਜੰਗਲ ਵਿਚ ਹੈ, ਘਾਹ (ਆਦਿਕ) ਵਿਚ ਹੈ ਤੇ ਪਰਬਤ ਵਿਚ ਹੈ; ਜਿਹੋ ਜਿਹਾ ਉਹ ਹੁਕਮ (ਕਰਦਾ ਹੈ), ਉਹੋ ਜਿਹਾ (ਜੀਵ) ਕੰਮ ਕਰਦਾ ਹੈ; ਪਉਣ ਵਿਚ, ਪਾਣੀ ਵਿਚ, ਅੱਗ ਵਿਚ, ਚਹੁੰ ਕੂਟਾਂ ਵਿਚ ਦਸੀਂ ਪਾਸੀਂ (ਸਭ ਥਾਈਂ) ਸਮਾਇਆ ਹੋਇਆ ਹੈ; ਕੋਈ (ਭੀ) ਥਾਂ ਉਸ ਪ੍ਰਭੂ ਤੋਂ ਵੱਖਰਾ ਨਹੀਂ ਹੈ; (ਪਰ) ਹੇ ਨਾਨਕ! (ਇਸ ਨਿਸਚੇ ਦਾ) ਅਨੰਦ ਗੁਰੂ ਦੀ ਕਿਰਪਾ ਨਾਲ ਮਿਲਦਾ ਹੈ।

ਗੁਰੂ ਗ੍ਰੰਥ ਸਾਹਿਬ ਜੀ ਦੇ ਉਪਰੋਕਤ ਫ਼ੁਰਮਾਨ ਵਿਚ ਪ੍ਰਭੂ ਦੇ ਨਿਵਾਸ ਸੰਬੰਧੀ ਭਰਪੂਰ ਚਰਚਾ ਕੀਤੀ ਹੈ। ਪਰੰਤੂ ਕਈ ਵਿਦਵਾਨਾਂ ਦਾ ਇਹ ਵੀ ਮੰਨਣਾ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਅਕਾਲ ਪੁਰਖ ਦੇ ਕਿਸੇ ਵਿਸ਼ੇਸ਼ ਸਥਾਨ ਦਾ ਵਰਣਨ ਹੈ। ਅਜਿਹੇ ਵਿਦਵਾਨਾਂ ਦੀ ਇਸ ਧਾਰਨਾ ਦਾ ਕਾਰਨ ਗੁਰੂ ਗ੍ਰੰਥ ਸਾਹਿਬ ਵਿਚ ਆਏ ਕੁਝ ਵਿਸ਼ੇਸ਼ ਸ਼ਬਦ ਹਨ। ਇਹ ਸ਼ਬਦ ਹਨ: ਹਰਿ ਮੰਦਰ, ਅਕਾਲ ਪੁਰਖ ਦਾ ਮਹਲ ਅਤੇ ਦਰਗਾਹ ਆਦਿ। ਗੁਰੂ ਗ੍ਰੰਥ ਸਾਹਿਬ ਵਿਚ ਆਏ ਇਨ੍ਹਾਂ ਸ਼ਬਦਾਂ ਦੇ ਭਾਵ-ਅਰਥਾਂ ਨੂੰ ਗੁਰਬਾਣੀ ਦੇ ਪਰਿਪੇਖ ਵਿਚ ਹੀ ਸਮਝਣ ਦਾ ਯਤਨ ਕਰਦੇ ਹਾਂ।

ਹਰਿ ਮੰਦਰ : ਗੁਰੂ ਗ੍ਰੰਥ ਸਾਹਿਬ ਵਿਚ 'ਹਰਿ ਮੰਦਰ' ਸ਼ਬਦ ਇੱਟਾਂ, ਪੱਥਰਾਂ ਆਦਿ ਦੇ ਬਣੇ ਹੋਏ ਮੰਦਰ ਦੇ ਅਰਥ ਵਿਚ ਨਹੀਂ ਆਇਆ ਹੈ। ਬਾਣੀ ਰਚੇਤਿਆਂ ਨੇ ਮਨੁੱਖੀ ਦੇਹ ਅਤੇ ਸੰਸਾਰ ਨੂੰ ਹੀ 'ਹਰਿ ਮੰਦਰ' ਆਖਿਆ ਹੈ। ਕੁਝ ਇਤਿਹਾਸਕ ਸਥਾਨਾਂ ਨੂੰ ਵੀ ਸਿੱਖ ਜਗਤ ਵਿਚ ਹਰਿਮੰਦਰ ਆਖਿਆ ਜਾਂਦਾ ਹੈ : ਹਰਿਮੰਦਰ/ਦਰਬਾਰ ਸਾਹਿਬ ਅੰਮ੍ਰਿਤਸਰ, ਕੀਰਤਪੁਰ ਵਿਖੇ ਗੁਰੂ ਹਰਿਗੋਬਿੰਦ ਜੀ ਦਾ ਨਿਵਾਸ ਸਥਾਨ, ਪਟਨਾ ਸਾਹਿਬ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਸਥਾਨ। ਪਰੰਤੂ ਇਨ੍ਹਾਂ ਇਤਿਹਾਸਕ ਸਥਾਨਾਂ ਦੇ ਇਹ ਨਾਮ ਗੁਰੂ ਸਾਹਿਬ ਨੇ ਨਹੀਂ ਰੱਖੇ ਅਥਵਾ ਗੁਰੂ ਸਾਹਿਬ ਦੇ ਸਮੇਂ ਇਹ ਨਾਮ ਪ੍ਰਚਲਿਤ ਨਹੀਂ ਸਨ। ਗੁਰੂ-ਕਾਲ ਤੋਂ ਬਾਅਦ ਸਿੱਖਾਂ ਨੇ ਹੀ ਇਨ੍ਹਾਂ ਸਥਾਨਾਂ ਦੀ ਇਤਿਹਾਸਕ ਮਹੱਤਤਾ ਨੂੰ ਦੇਖਦਿਆਂ ਹੋਇਆਂ, ਇਨ੍ਹਾਂ ਗੁਰਧਾਮਾਂ ਦੇ ਇਹ ਨਾਮ ਰੱਖੇ ਹਨ। ਇਸ ਦਾ ਹਰਗਿਜ਼ ਇਹ ਭਾਵ ਨਹੀਂ ਹੈ ਕਿ ਇਹ ਸਥਾਨ ਹੀ ਕੇਵਲ ਹਰੀ ਦਾ ਮੰਦਰ ਹਨ ਅਰਥਾਤ ਪ੍ਰਭੂ ਇਥੇ ਹੀ ਨਿਵਾਸ ਕਰਦਾ ਹੈ। ਜੇਕਰ ਅਸੀਂ ਅਜਿਹਾ ਮੰਨਦੇ ਹਾਂ ਤਾਂ ਫਿਰ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤ ਤੋਂ ਮੂੰਹ ਫੇਰ ਰਹੇ ਹੋਵਾਂਗੇ। ਗੁਰੂ ਗ੍ਰੰਥ ਸਾਹਿਬ ਜੀ ਵਿਚ ਇਸ ਤਰ੍ਹਾਂ ਦੀ ਸੋਚ ਰੱਖਣ ਵਾਲਿਆਂ ਦੀ ਇਸ ਧਾਰਨਾ ਨੂੰ ਰੱਦ ਕਰਦਿਆਂ ਹੋਇਆਂ ਆਖਿਆ ਹੈ :

ਅਲਹੁ ਏਕੁ ਮਸੀਤਿ ਬਸਤੁ ਹੈ ਅਵਰੁ ਮੁਲਖੁ ਕਿਸੁ ਕੇਰਾ॥
ਹਿੰਦੂ ਮੂਰਤਿ ਨਾਮ ਨਿਵਾਸੀ ਦੁਹ ਮਹਿ ਤਤੁ ਨ ਹੇਰਾ॥੧॥
ਅਲਹ ਰਾਮ ਜੀਵਉ ਤੇਰੇ ਨਾਈ॥
ਤੂ ਕਰਿ ਮਿਹਰਾਮਤਿ ਸਾਈ॥੧॥ਰਹਾਉ॥
ਦਖਨ ਦੇਸਿ ਹਰੀ ਕਾ ਬਾਸਾ ਪਛਿਮਿ ਅਲਹ ਮੁਕਾਮਾ॥
ਦਿਲ ਮਹਿ ਖੋਜਿ ਦਿਲੈ ਦਿਲਿ ਖੋਜਹੁ ਏਹੀ ਠਉਰ ਮੁਕਾਮਾ॥੨॥

(ਪ੍ਰਭਾਤੀ ਕਬੀਰ ਜੀ, ਪੰਨਾ 1349)

ਅਰਥ : ਹੇ ਅੱਲ੍ਹਾ! ਹੇ ਰਾਮ! ਹੇ ਸਾਈਂ! ਤੂੰ ਮੇਰੇ ਉੱਤੇ ਮਿਹਰ ਕਰ, (ਮੈਂ ਤੈਨੂੰ ਇਕ ਹੀ ਜਾਣ ਕੇ) ਤੇਰਾ ਨਾਮ ਸਿਮਰ ਕੇ ਜੀਵਾਂ (ਆਤਮਿਕ ਜੀਵਨ ਹਾਸਲ ਕਰਾਂ)।੧।ਰਹਾਉ। ਜੇ (ਉਹ) ਇਕ ਖ਼ੁਦਾ (ਸਿਰਫ਼) ਕਾਅਬੇ ਵਿਚ ਵੱਸਦਾ ਹੈ ਤਾਂ ਬਾਕੀ ਦਾ ਮੁਲਕ ਕਿਸ ਦਾ (ਕਿਹਾ ਜਾਏ)? (ਸੋ, ਮੁਸਲਮਾਨ ਦਾ ਇਹ ਅਕੀਦਾ ਠੀਕ ਨਹੀਂ ਹੈ)। ਹਿੰਦੂ ਪਰਮਾਤਮਾ ਦਾ ਨਿਵਾਸ ਮੂਰਤੀ ਵਿਚ ਸਮਝਦਾ ਹੈ; (ਇਸ ਤਰ੍ਹਾਂ ਹਿੰਦੂ ਮੁਸਲਮਾਨ) ਦੋਹਾਂ ਵਿੱਚੋਂ ਕਿਸੇ ਨੇ ਪਰਮਾਤਮਾ ਨੂੰ ਨਹੀਂ ਵੇਖਿਆ।੧।

(ਹਿੰਦੂ ਆਖਦਾ ਹੈ ਕਿ) ਹਰੀ ਦਾ ਨਿਵਾਸ ਦੱਖਣ ਦੇਸ ਵਿਚ (ਜਗਨ ਨਾਥ ਪੁਰੀ ਵਿਚ) ਹੈ, ਮੁਸਲਮਾਨ ਆਖਦਾ ਹੈ ਕਿ ਖ਼ੁਦਾ ਦਾ ਘਰ ਪੱਛਮ ਵੱਲ (ਕਾਅਬੇ ਵਿਚ) ਹੈ। (ਪਰ ਹੇ ਸੱਜਣ!) ਆਪਣੇ ਦਿਲ ਵਿਚ (ਰੱਬ ਨੂੰ) ਭਾਲ, ਸਿਰਫ਼ ਦਿਲ ਵਿਚ ਹੀ ਲੱਭ, ਇਹ ਦਿਲ ਹੀ ਉਸ ਦਾ ਨਿਵਾਸ ਥਾਂ ਹੈ, ਉਸ ਦਾ ਮੁਕਾਮ ਹੈ।੨।

ਕਿਸੇ ਸਥਾਨ ਨੂੰ ਰੱਬ ਦਾ ਘਰ ਆਖਣ/ਸਮਝਣ ਦੀ ਧਾਰਨਾ ਸੰਬੰਧੀ ਗੁਰੂ ਗ੍ਰੰਥ ਸਾਹਿਬ ਦਾ ਇਹ ਸਪੱਸ਼ਟ ਨਿਰਣਾ ਹੈ। ਗੁਰੂ ਗ੍ਰੰਥ ਸਾਹਿਬ ਵਿਚ 'ਹਰਿ ਮੰਦਰ' ਸ਼ਬਦ ਜਿਨ੍ਹਾਂ ਸ਼ਬਦਾਂ/ਪੰਗਤੀਆਂ ਵਿਚ ਆਇਆ ਹੈ, ਉਹ ਇਸ ਤਰ੍ਹਾਂ ਹਨ:

(ੳ) **ਦਹ ਦਿਸ ਖੋਜਤ ਹਮ ਫਿਰੇ ਮੇਰੇ ਲਾਲ ਜੀਉ**
ਹਰਿ ਪਾਇਅੜਾ ਘਰਿ ਆਏ ਰਾਮ॥
ਹਰਿ ਮੰਦਰੁ ਹਰਿ ਜੀਉ ਸਾਜਿਆ ਮੇਰੇ ਲਾਲ ਜੀਉ
ਹਰਿ ਤਿਸੁ ਮਹਿ ਰਹਿਆ ਸਮਾਏ ਰਾਮ॥ *(ਬਿਹਾਗੜਾ ਮਹਲਾ ੫, ਪੰਨਾ 542)*

ਅਰਥ : ਹੇ ਮੇਰੇ ਪਿਆਰੇ! (ਪਰਮਾਤਮਾ ਨੂੰ ਲੱਭਣ ਵਾਸਤੇ) ਅਸੀਂ ਦਸੀਂ ਪਾਸੀਂ ਭਾਲ ਕਰਦੇ ਫਿਰੇ, ਪਰ ਉਸ ਪਰਮਾਤਮਾ ਨੂੰ ਹੁਣ ਹਿਰਦੇ-ਘਰ ਵਿਚ ਹੀ ਲੱਭ ਲਿਆ ਹੈ। ਹੇ ਮੇਰੇ ਪਿਆਰੇ! (ਇਸ ਮਨੁੱਖਾ ਸਰੀਰ ਨੂੰ) ਪਰਮਾਤਮਾ ਨੇ ਆਪਣੇ ਰਹਿਣ ਲਈ ਘਰ ਬਣਾਇਆ ਹੋਇਆ ਹੈ, ਪਰਮਾਤਮਾ ਇਸ (ਸਰੀਰ-ਘਰ) ਵਿਚ ਟਿਕਿਆ ਰਹਿੰਦਾ ਹੈ।

(ਅ) **ਹਰਿ ਜਪੇ ਹਰਿ ਮੰਦਰੁ ਸਾਜਿਆ ਸੰਤ ਭਗਤ ਗੁਣ ਗਾਵਹਿ ਰਾਮ॥**
ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪਨਾ ਸਗਲੇ ਪਾਪ ਤਜਾਵਹਿ ਰਾਮ॥
(ਸੂਹੀ ਮਹਲਾ ੫, ਪੰਨਾ 781)

ਅਰਥ : ਹੇ ਭਾਈ! (ਮਨੁੱਖ ਦਾ ਇਹ ਸਰੀਰ-) ਘਰ ਪਰਮਾਤਮਾ ਨੇ ਨਾਮ ਜਪਣ ਲਈ ਬਣਾਇਆ ਹੈ, (ਇਸ ਘਰ ਵਿਚ) ਸੰਤ-ਜਨ ਭਗਤ-ਜਨ (ਪਰਮਾਤਮਾ ਦੇ ਗੁਣ ਗਾਂਦੇ ਰਹਿੰਦੇ ਹਨ। ਆਪਣੇ ਮਾਲਕ-ਪ੍ਰਭੂ (ਦਾ ਨਾਮ) ਹਰ ਵੇਲੇ ਸਿਮਰ ਸਿਮਰ ਕੇ (ਸੰਤ ਜਨ ਆਪਣੇ ਅੰਦਰੋਂ) ਸਾਰੇ ਪਾਪ ਦੂਰ ਕਰ ਲੈਂਦੇ ਹਨ।

(ੲ) **ਹਰਿ ਮੰਦਰੁ ਸੋਈ ਆਖੀਐ ਜਿਥਹੁ ਹਰਿ ਜਾਤਾ॥**
ਮਾਨਸ ਦੇਹ ਗੁਰ ਬਚਨੀ ਪਾਇਆ ਸਭੁ ਆਤਮ ਰਾਮੁ ਪਛਾਤਾ॥
ਬਾਹਰਿ ਮੂਲਿ ਨ ਖੋਜੀਐ ਘਰ ਮਾਹਿ ਬਿਧਾਤਾ॥
ਮਨਮੁਖ ਹਰਿ ਮੰਦਰ ਕੀ ਸਾਰ ਨ ਜਾਣਨੀ ਤਿਨੀ ਜਨਮੁ ਗਵਾਤਾ॥
ਸਭ ਮਹਿ ਇਕੁ ਵਰਤਦਾ ਗੁਰ ਸਬਦੀ ਪਾਇਆ ਜਾਈ॥੧੨॥
(ਵਾਰ ਰਾਮਕਲੀ ਮ: ੩, ਪੰਨਾ 953)

ਅਰਥ : (ਉਂਜ ਤਾਂ ਸਾਰੇ ਸਰੀਰ "ਹਰਿ ਮੰਦਰੁ" ਭਾਵ, ਰੱਬ ਦੇ ਰਹਿਣ ਦੇ ਥਾਂ ਹਨ, ਪਰ ਅਸਲ ਵਿਚ) ਉਹੀ ਸਰੀਰ "ਹਰਿ ਮੰਦਰੁ" ਕਿਹਾ ਜਾਣਾ ਚਾਹੀਦਾ ਹੈ, ਜਿਸ ਵਿਚ ਰੱਬ ਪਛਾਣਿਆ ਜਾਏ; (ਸੋ, ਮਨੁੱਖਾ ਸਰੀਰ 'ਹਰਿ ਮੰਦਰੁ' ਹੈ, ਕਿਉਂਕਿ) ਮਨੁੱਖਾ-ਸਰੀਰ ਵਿਚ ਗੁਰੂ ਦੇ ਹੁਕਮ 'ਤੇ ਤੁਰ ਕੇ ਰੱਬ ਲੱਭਦਾ ਹੈ, ਹਰ ਥਾਂ ਵਿਆਪਕ ਜੋਤਿ ਦਿੱਸਦੀ ਹੈ।

(ਸਰੀਰ ਤੋਂ) ਬਾਹਰ ਭਾਲਣ ਦੀ ਉੱਕਾ ਲੋੜ ਨਹੀਂ, (ਇਸ ਸਰੀਰ-) ਘਰ ਵਿਚ ਹੀ ਸਿਰਜਣਹਾਰ ਵੱਸ ਰਿਹਾ ਹੈ। ਪਰ ਮਨ ਦੇ ਪਿੱਛੇ ਤੁਰਨ ਵਾਲੇ ਬੰਦੇ (ਇਸ ਮਨੁੱਖਾ ਸਰੀਰ) "ਹਰਿ ਮੰਦਰੁ" ਦੀ ਕਦਰ ਨਹੀਂ ਜਾਣਦੇ, ਉਹ ਮਨੁੱਖਾ ਜਨਮ (ਮਨ ਦੇ ਪਿੱਛੇ ਤੁਰ ਕੇ ਹੀ) ਗੰਵਾ ਜਾਂਦੇ ਹਨ।

(ਉਂਜ ਤਾਂ) ਸਾਰਿਆਂ ਵਿਚ ਇਕ ਪ੍ਰਭੂ ਹੀ ਵਿਆਪਕ ਹੈ, ਪਰ ਲੱਭਦਾ ਹੈ ਗੁਰੂ ਦੇ ਸ਼ਬਦ (ਗੁਰੂ ਦੇ ਉਪਦੇਸ਼/ਗੁਰਬਾਣੀ) ਦੀ ਰਾਹੀਂ।

(ਸ) **ਸਤਿਗੁਰੁ ਮਿਲੈ ਤ ਮਹਲਿ ਬੁਲਾਏ ॥**
ਸਾਚੀ ਦਰਗਹ ਗਤਿ ਪਤਿ ਪਾਏ ॥
ਸਾਕਤ ਠਉਰ ਨਾਹੀ ਹਰਿ ਮੰਦਰ ਜਨਮ ਮਰੈ ਦੁਖੁ ਪਾਇਆ ॥੭॥

(ਮਾਰੂ ਮ: ੧, ਪੰਨਾ 1043)

ਅਰਥ : ਜਿਸ ਮਨੁੱਖ ਨੂੰ ਗੁਰੂ ਮਿਲ ਪੈਂਦਾ ਹੈ, ਪਰਮਾਤਮਾ ਉਸ ਨੂੰ ਆਪਣੀ ਹਜ਼ੂਰੀ ਵਿਚ ਸੱਦਦਾ ਹੈ (ਭਾਵ, ਆਪਣੇ ਚਰਨਾਂ ਵਿਚ ਜੋੜੀ ਰੱਖਦਾ ਹੈ)। ਉਹ ਮਨੁੱਖ ਪ੍ਰਭੂ ਦੇ ਚਰਨਾਂ ਵਿਚ ਜੁੜ ਕੇ ਉੱਚੀ ਆਤਮਿਕ ਅਵਸਥਾ ਪ੍ਰਾਪਤ ਕਰਦਾ ਹੈ (ਲੋਕ ਪਰਲੋਕ ਵਿਚ) ਇੱਜ਼ਤ ਪਾਂਦਾ ਹੈ। ਪਰ ਮਾਇਆ-ਵੇੜ੍ਹੇ ਬੰਦੇ ਨੂੰ ਪਰਮਾਤਮਾ ਦੇ ਮਹਲ ਦਾ ਟਿਕਾਣਾ ਨਹੀਂ ਲੱਭਦਾ, ਉਹ ਜਨਮਾਂ ਦੇ ਗੇੜ ਵਿਚ ਪੈ ਕੇ ਮਰਦਾ ਤੇ ਦੁਖ ਸਹਾਰਦਾ ਹੈ।੭।

(ਹ) **ਕਾਇਆ ਹਰਿ ਮੰਦਰੁ ਹਰਿ ਆਪਿ ਸਵਾਰੇ ॥**
ਤਿਸੁ ਵਿਚਿ ਹਰਿ ਜੀਉ ਵਸੈ ਮੁਰਾਰੇ ॥
ਗੁਰ ਕੈ ਸਬਦਿ ਵਣਜਨਿ ਵਾਪਾਰੀ ਨਦਰੀ ਆਪਿ ਮਿਲਾਇਦਾ ॥੪॥

(ਮਾਰੂ ਮਹਲਾ ੩, ਪੰਨਾ 1059)

ਅਰਥ : ਹੇ ਭਾਈ! ਇਹ ਮਨੁੱਖਾ ਸਰੀਰ ਪਰਮਾਤਮਾ ਦਾ (ਪਵਿੱਤਰ) ਘਰ ਹੈ, ਪਰਮਾਤਮਾ ਇਸ ਨੂੰ ਆਪ ਹੀ ਸੋਹਣਾ ਬਣਾਂਦਾ ਹੈ, ਇਸ ਵਿਚ ਵਿਚਾਰ-ਦੈਂਤਾਂ ਦੇ ਮਾਰਨ ਵਾਲਾ ਪ੍ਰਭੂ ਆਪ ਵੱਸਦਾ ਹੈ। ਹੇ ਭਾਈ! ਜਿਹੜੇ ਜੀਵ-ਵਣਜਾਰੇ (ਇਸ ਸਰੀਰ ਵਿਚ) ਗੁਰੂ ਦੇ ਸ਼ਬਦ ਦੀ ਰਾਹੀਂ ਹਰਿ-ਨਾਮ ਦਾ ਵਣਜ ਕਰਦੇ ਹਨ, ਪ੍ਰਭੂ ਮਿਹਰ ਦੀ ਨਿਗਾਹ ਨਾਲ ਉਹਨਾਂ ਨੂੰ (ਆਪਣੇ ਨਾਲ) ਮਿਲਾ ਲੈਂਦਾ ਹੈ।

(ਕ) **ਗੁਰ ਪਰਸਾਦੀ ਵੇਖੁ ਤੂ ਹਰਿ ਮੰਦਰੁ ਤੇਰੈ ਨਾਲਿ ॥**
ਹਰਿ ਮੰਦਰੁ ਸਬਦੇ ਖੋਜੀਐ ਹਰਿ ਨਾਮੋ ਲੇਹੁ ਸਮ੍ਾਲਿ ॥੧॥
ਮਨ ਮੇਰੇ ਸਬਦਿ ਰਪੈ ਰੰਗੁ ਹੋਇ ॥
ਸਚੀ ਭਗਤਿ ਸਚਾ ਹਰਿ ਮੰਦਰੁ ਪ੍ਰਗਟੀ ਸਾਚੀ ਸੋਇ ॥੧॥ਰਹਾਉ॥
ਹਰਿ ਮੰਦਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟੁ ਹੋਇ ॥
ਮਨਮੁਖ ਮੂਲੁ ਨ ਜਾਣਨੀ ਮਾਣਸਿ ਹਰਿ ਮੰਦਰੁ ਨ ਹੋਇ ॥੨॥
ਹਰਿ ਮੰਦਰੁ ਹਰਿ ਜੀਉ ਸਾਜਿਆ ਰਖਿਆ ਹੁਕਮਿ ਸਵਾਰਿ ॥
ਧੁਰਿ ਲੇਖੁ ਲਿਖਿਆ ਸੁ ਕਮਾਵਣਾ ਕੋਇ ਨ ਮੇਟਣਹਾਰੁ ॥੩॥
ਸਬਦੁ ਚੀਨਿ੍ ਸੁਖੁ ਪਾਇਆ ਸਚੈ ਨਾਇ ਪਿਆਰ ॥
ਹਰਿ ਮੰਦਰੁ ਸਬਦੇ ਸੋਹਣਾ ਕੰਚਨੁ ਕੋਟੁ ਅਪਾਰ ॥੪॥

ਹਰਿ ਮੰਦਰੁ ਏਹੁ ਜਗਤੁ ਹੈ ਗੁਰ ਬਿਨੁ ਘੋਰੰਧਾਰ ॥
ਦੂਜਾ ਭਾਉ ਕਰਿ ਪੂਜਦੇ ਮਨਮੁਖ ਅੰਧ ਗਵਾਰ ॥੫॥
ਜਿਥੈ ਲੇਖਾ ਮੰਗੀਐ ਤਿਥੈ ਦੇਹ ਜਾਤਿ ਨ ਜਾਇ ॥
ਸਾਚਿ ਰਤੇ ਸੇ ਉਬਰੇ ਦੁਖੀਏ ਦੂਜੈ ਭਾਇ ॥੬॥
ਹਰਿ ਮੰਦਰ ਮਹਿ ਨਾਮੁ ਨਿਧਾਨੁ ਹੈ ਨਾ ਬੂਝਹਿ ਮੁਗਧ ਗਵਾਰ ॥
ਗੁਰ ਪਰਸਾਦੀ ਚੀਨ੍ਹਿਆ ਹਰਿ ਰਾਖਿਆ ਉਰਿ ਧਾਰਿ ॥੭॥
ਗੁਰ ਕੀ ਬਾਣੀ ਗੁਰ ਤੇ ਜਾਤੀ ਜਿ ਸਬਦਿ ਰਤੇ ਰੰਗੁ ਲਾਇ ॥
ਪਵਿਤੁ ਪਾਵਨ ਸੇ ਜਨ ਨਿਰਮਲ ਹਰਿ ਕੈ ਨਾਮਿ ਸਮਾਇ ॥੮॥
ਹਰਿ ਮੰਦਰੁ ਹਰਿ ਕਾ ਹਾਟੁ ਹੈ ਰਖਿਆ ਸਬਦਿ ਸਵਾਰਿ ॥
ਤਿਸੁ ਵਿਚਿ ਸਉਦਾ ਏਕੁ ਨਾਮੁ ਗੁਰਮੁਖਿ ਲੈਨਿ ਸਵਾਰਿ ॥੯॥
ਹਰਿ ਮੰਦਰ ਮਹਿ ਮਨੁ ਲੋਹਟੁ ਹੈ ਮੋਹਿਆ ਦੂਜੈ ਭਾਇ ॥
ਪਾਰਸਿ ਭੇਟਿਐ ਕੰਚਨੁ ਭਇਆ ਕੀਮਤਿ ਕਹੀ ਨ ਜਾਇ ॥੧੦॥
ਹਰਿ ਮੰਦਰ ਮਹਿ ਹਰਿ ਵਸੈ ਸਰਬ ਨਿਰੰਤਰਿ ਸੋਇ ॥
ਨਾਨਕ ਗੁਰਮੁਖਿ ਵਣਜੀਐ ਸਚਾ ਸਉਦਾ ਹੋਇ ॥੧੧॥

(ਪ੍ਰਭਾਤੀ ਮਹਲਾ ੩, ਪੰਨਾ 1346)

ਅਰਥ : ਹੇ ਮੇਰੇ ਮਨ! (ਜਿਹੜਾ ਮਨੁੱਖ ਗੁਰੂ ਦੇ) ਸ਼ਬਦ ਵਿਚ ਰੰਗਿਆ ਜਾਂਦਾ ਹੈ (ਭਾਵ ਗੁਰੂ ਦੇ ਉਪਦੇਸ਼ ਨੂੰ ਆਪਣੇ ਹਿਰਦੇ ਵਿਚ ਵਸਾ ਲੈਂਦਾ ਹੈ) (ਉਸ ਦੇ ਮਨ ਨੂੰ ਪਰਮਾਤਮਾ ਦੀ ਭਗਤੀ ਦਾ) ਰੰਗ ਚੜ੍ਹ ਜਾਂਦਾ ਹੈ। ਉਸ ਨੂੰ ਸਦਾ-ਥਿਰ ਪ੍ਰਭੂ ਦੀ ਭਗਤੀ ਪ੍ਰਾਪਤ ਹੋ ਜਾਂਦੀ ਹੈ, ਉਸ ਦੀ ਸੋਭਾ ਸਦਾ ਲਈ (ਲੋਕ-ਪਰਲੋਕ ਵਿਚ) ਖਿੱਲਰ ਜਾਂਦੀ ਹੈ। (ਉਸ ਮਨੁੱਖ ਦਾ ਸਰੀਰ) ਪਰਮਾਤਮਾ ਦਾ ਕਦੇ ਨਾਹ ਡੋਲਣ ਵਾਲਾ ਘਰ ਬਣ ਜਾਂਦਾ ਹੈ (ਉਸ ਦਾ ਸਰੀਰ ਅਜਿਹਾ 'ਹਰਿ ਮੰਦਰ' ਬਣ ਜਾਂਦਾ ਹੈ ਜਿਸ ਨੂੰ ਵਿਕਾਰਾਂ ਦਾ ਝੱਖੜ ਹਿਲਾ ਨਹੀਂ ਸਕਦਾ)।੧।ਰਹਾਉ।

ਹੇ ਭਾਈ! ਤੂੰ ਗੁਰੂ ਦੀ ਕਿਰਪਾ ਨਾਲ ਵੇਖ, ਪਰਮਾਤਮਾ ਦਾ ਘਰ ਤੇਰੇ ਨਾਲ ਹੈ (ਤੇਰੇ ਅੰਦਰ ਹੀ ਹੈ, ਇਸ) 'ਹਰਿ ਮੰਦਰ' ਨੂੰ ਗੁਰੂ ਦੇ ਸ਼ਬਦ ਦੀ ਰਾਹੀਂ ਹੀ ਲੱਭਿਆ ਜਾ ਸਕਦਾ ਹੈ (ਹੇ ਭਾਈ! ਗੁਰੂ ਦੇ ਸ਼ਬਦ ਵਿਚ ਜੁੜ, ਅਤੇ) ਪਰਮਾਤਮਾ ਦਾ ਨਾਮ ਆਪਣੇ ਅੰਦਰ ਸਾਂਭ ਕੇ ਰੱਖ।੧।

ਹੇ ਭਾਈ! (ਮਨੁੱਖ ਦਾ) ਇਹ ਸਰੀਰ 'ਹਰਿ-ਮੰਦਰ' ਹੈ (ਪਰ ਇਹ ਭੇਤ ਸਤਿਗੁਰੂ ਦੀ ਬਖ਼ਸ਼ੀ) ਆਤਮਿਕ ਜੀਵਨ ਦੀ ਕੀਮਤੀ ਸੂਝ ਦੀ ਰਾਹੀਂ ਖੁੱਲ੍ਹਦਾ ਹੈ। ਆਪਣੇ ਮਨ ਦੇ ਪਿੱਛੇ ਤੁਰਨ ਵਾਲੇ (ਜਗਤ ਦੇ) ਮੂਲ (ਪਰਮਾਤਮਾ) ਨਾਲ ਸਾਂਝ ਨਹੀਂ ਪਾਂਦੇ (ਇਸ ਵਾਸਤੇ ਉਹ ਸਮਝਦੇ ਹਨ ਕਿ) ਮਨੁੱਖ ਦੇ ਅੰਦਰ 'ਹਰਿ-ਮੰਦਰ' ਨਹੀਂ ਹੋ ਸਕਦਾ।੨।

ਹੇ ਭਾਈ! (ਇਹ ਮਨੁੱਖਾ ਸਰੀਰ) 'ਹਰਿ-ਮੰਦਰ' ਪ੍ਰਭੂ ਜੀ ਨੇ ਆਪ ਬਣਾਇਆ ਹੈ (ਅਤੇ ਆਪਣੇ) ਹੁਕਮ ਨਾਲ ਸਜਾ ਰੱਖਿਆ ਹੈ। ਧੁਰ ਦਰਗਾਹ ਤੋਂ (ਹਰੇਕ ਮਨੁੱਖ ਦੇ ਕੀਤੇ ਕਰਮਾਂ ਅਨੁਸਾਰ ਜਿਹੜਾ) ਲੇਖ (ਹਰੇਕ ਸਰੀਰ...ਹਰਿ-ਮੰਦਰ ਵਿਚ) ਲਿਖਿਆ ਜਾਂਦਾ ਹੈ ਉਸ ਲੇਖ ਅਨੁਸਾਰ ਹਰੇਕ ਪ੍ਰਾਣੀ ਨੂੰ ਤੁਰਨਾ ਪੈਂਦਾ ਹੈ। ਕੋਈ ਮਨੁੱਖ (ਆਪਣੇ ਕਿਸੇ ਉੱਦਮ ਨਾਲ ਉਸ ਲੇਖ ਨੂੰ) ਮਿਟਾਣ ਜੋਗਾ ਨਹੀਂ ਹੈ।੩।

ਹੇ ਭਾਈ! (ਗੁਰੂ ਦੇ ਸ਼ਬਦ ਦੀ ਰਾਹੀਂ) ਸਦਾ-ਥਿਰ ਹਰਿ-ਨਾਮ ਵਿਚ (ਜਿਸ ਮਨੁੱਖ ਨੇ) ਪਿਆਰ ਪਾਇਆ, ਉਸ ਨੇ ਗੁਰੂ ਦੇ ਸ਼ਬਦ ਨਾਲ ਸਾਂਝ ਪਾ ਕੇ ਆਤਮਿਕ ਅਨੰਦ ਪ੍ਰਾਪਤ ਕੀਤਾ। (ਉਸ ਮਨੁੱਖ ਦਾ ਸਰੀਰ-) ਹਰਿ-ਮੰਦਰ ਗੁਰੂ ਦੇ ਸ਼ਬਦ ਦੀ ਬਰਕਤਿ ਨਾਲ ਸੋਹਣਾ ਬਣ ਗਿਆ, (ਉਹ ਹਰਿ-ਮੰਦਰ) ਬੇਅੰਤ ਪ੍ਰਭੂ (ਦੇ ਨਿਵਾਸ) ਵਾਸਤੇ (ਮਾਨੋ) ਸੋਨੇ ਦਾ ਕਿਲ੍ਹਾ ਬਣ ਗਿਆ।੪।

ਹੇ ਭਾਈ! ਇਹ ਸਾਰਾ ਸੰਸਾਰ ਭੀ 'ਹਰਿ-ਮੰਦਰ' ਹੀ ਹੈ (ਪਰਮਾਤਮਾ ਦੇ ਰਹਿਣ ਦਾ ਘਰ ਹੈ)। ਪਰ ਗੁਰੂ (ਦੀ ਸ਼ਰਨ) ਤੋਂ ਬਿਨਾਂ (ਆਤਮਿਕ ਜੀਵਨ ਵਲੋਂ) ਘੁੱਪ ਹਨੇਰਾ ਬਣਿਆ ਰਹਿੰਦਾ ਹੈ (ਤੇ, ਜੀਵਾਂ ਨੂੰ ਇਸ ਭੇਤ ਦੀ ਸਮਝ ਨਹੀਂ ਪੈਂਦੀ)। ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ, ਆਤਮਿਕ ਜੀਵਨ ਵਲੋਂ ਅੰਨ੍ਹੇ ਹੋਏ ਹੋਏ ਮੂਰਖ ਮਨੁੱਖ (ਪਰਮਾਤਮਾ ਤੋਂ ਬਿਨਾਂ) ਹੋਰਾਂ ਨਾਲ ਪਿਆਰ ਪਾ ਕੇ ਉਸ ਨੂੰ ਪੂਜਦੇ-ਸਤਿਕਾਰਦੇ ਰਹਿੰਦੇ ਹਨ।੫।

ਹੇ ਭਾਈ! ਜਿਥੇ (ਪਰਮਾਤਮਾ ਦੀ ਦਰਗਾਹ ਵਿਚ ਮਨੁੱਖ ਪਾਸੋਂ ਉਸ ਦੇ ਕੀਤੇ ਕਰਮਾਂ ਦਾ) ਹਿਸਾਬ ਮੰਗਿਆ ਜਾਂਦਾ ਹੈ, ਉਥੇ (ਮਨੁੱਖ ਦੇ ਨਾਲ) ਨਾਹ (ਇਹ) ਸਰੀਰ ਜਾਂਦਾ ਹੈ ਨਾਹ (ਉੱਚੀ-ਨੀਵੀਂ) ਜਾਤਿ ਜਾਂਦੀ ਹੈ। (ਜਿਹੜੇ ਮਨੁੱਖ) ਸਦਾ-ਥਿਰ ਹਰਿ-ਨਾਮ ਵਿਚ ਰੰਗੇ ਰਹਿੰਦੇ ਹਨ, ਉਹ (ਉਥੇ ਲੇਖਾ ਹੋਣ ਸਮੇ) ਸੁਰਖ਼ਰੂ ਹੋ ਜਾਂਦੇ ਹਨ, (ਜਿਹੜੇ) ਮਾਇਆ ਦੇ ਪਿਆਰ ਵਿਚ (ਹੀ ਜ਼ਿੰਦਗੀ ਦੇ ਦਿਨ ਗੁਜ਼ਾਰ ਜਾਂਦੇ ਹਨ, ਉਹ ਉਥੇ) ਦੁਖੀ ਹੁੰਦੇ ਹਨ।੬।

ਹੇ ਭਾਈ! (ਇਸ ਸਰੀਰ-) 'ਹਰਿ-ਮੰਦਰ' ਵਿਚ ਪਰਮਾਤਮਾ ਦਾ ਨਾਮ (ਮਨੁੱਖ ਵਾਸਤੇ) ਖ਼ਜ਼ਾਨਾ ਹੈ, ਪਰ ਮੂਰਖ ਬੰਦੇ (ਇਹ ਗੱਲ) ਨਹੀਂ ਸਮਝਦੇ। ਜਿਨ੍ਹਾਂ ਨੇ ਗੁਰੂ ਦੀ ਕਿਰਪਾ ਨਾਲ (ਇਹ ਭੇਤ) ਸਮਝ ਲਿਆ, ਉਹਨਾਂ ਨੇ ਪਰਮਾਤਮਾ ਦਾ ਨਾਮ ਆਪਣੇ ਹਿਰਦੇ ਵਿਚ ਸਾਂਭ ਕੇ ਰੱਖ ਲਿਆ।੭।

ਹੇ ਭਾਈ! ਜਿਹੜੇ ਮਨੁੱਖ (ਗੁਰੂ ਦੀ ਰਾਹੀਂ ਪਰਮਾਤਮਾ ਨਾਲ) ਪਿਆਰ ਬਣਾ ਕੇ ਗੁਰੂ ਦੇ ਸ਼ਬਦ ਵਿਚ ਰੰਗੇ ਰਹਿੰਦੇ ਹਨ, ਉਹ ਮਨੁੱਖ ਗੁਰੂ ਪਾਸੋਂ ਗੁਰੂ ਦੀ ਬਾਣੀ (ਦੀ ਕਦਰ) ਸਮਝ ਲੈਂਦੇ ਹਨ। ਉਹ ਮਨੁੱਖ ਪਰਮਾਤਮਾ ਦੇ ਨਾਮ ਵਿਚ ਲੀਨ ਰਹਿ ਕੇ ਸੁੱਚੇ ਪਵਿੱਤਰ ਜੀਵਨ ਵਾਲੇ ਬਣ ਜਾਂਦੇ ਹਨ।੮।

ਹੇ ਭਾਈ! (ਇਹ ਮਨੁੱਖਾ ਸਰੀਰ) 'ਹਰਿ-ਮੰਦਰ' ਪਰਮਾਤਮਾ (ਦੇ ਨਾਮ-ਵੱਖਰ) ਦਾ ਹੱਟ ਹੈ, ਇਸ (ਹੱਟ) ਨੂੰ ਗੁਰੂ ਦੇ ਸ਼ਬਦ ਦੀ ਬਰਕਤਿ ਨਾਲ ਸਜਾ ਕੇ ਰੱਖਿਆ ਜਾ ਸਕਦਾ ਹੈ। ਇਸ (ਸਰੀਰ ਹੱਟ) ਵਿਚ ਪਰਮਾਤਮਾ ਦਾ ਨਾਮ-ਸੌਦਾ (ਮਿਲ ਸਕਦਾ) ਹੈ। (ਪਰ ਸਿਰਫ਼) ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖ (ਹੀ ਆਪਣੇ ਜੀਵਨ ਨੂੰ) ਸੋਹਣਾ ਬਣਾ ਕੇ (ਇਹ ਸੌਦਾ) ਲੈਂਦੇ ਹਨ।੯।

ਹੇ ਭਾਈ! (ਜਿਹੜਾ ਮਨੁੱਖ) ਮਾਇਆ ਦੇ ਮੋਹ ਵਿਚ (ਫਸ ਕੇ ਆਤਮਿਕ ਜੀਵਨ ਦੀ ਰਾਸਿ-ਪੂੰਜੀ) ਲੁਟਾ ਬੈਠਦਾ ਹੈ, (ਉਸ ਦਾ) ਮਨ (ਇਸ ਸਰੀਰ-) ਹਰਿ-ਮੰਦਰ ਵਿਚ ਲੋਹਾ (ਹੀ ਬਣਿਆ ਰਹਿੰਦਾ) ਹੈ। (ਪਰ, ਹਾਂ) ਜੇ ਗੁਰੂ-ਪਾਰਸ ਮਿਲ ਪਏ (ਤਾਂ ਲੋਹੇ ਵਰਗਾ ਨਿਕੰਮਾ ਬਣਿਆ ਉਸ ਦਾ ਮਨ) ਸੋਨਾ ਹੋ ਜਾਂਦਾ ਹੈ (ਫਿਰ ਉਹ ਇਤਨੇ ਉੱਚੇ ਜੀਵਨ ਵਾਲਾ ਹੋ ਜਾਂਦਾ ਹੈ ਕਿ ਉਸ ਦਾ) ਮੁੱਲ ਨਹੀਂ ਦੱਸਿਆ ਜਾ ਸਕਦਾ।੧੦।

ਹੇ ਭਾਈ! (ਇਸ ਸਰੀਰ-) 'ਹਰਿ-ਮੰਦਰ' ਵਿਚ ਪਰਮਾਤਮਾ (ਆਪ) ਵੱਸਦਾ ਹੈ, ਉਹ ਪਰਮਾਤਮਾ ਸਭ ਜੀਵਾਂ ਵਿਚ ਹੀ ਇਕ-ਰਸ ਵੱਸ ਰਿਹਾ ਹੈ। ਹੇ ਨਾਨਕ! (ਸਰਬ-ਨਿਵਾਸੀ ਪ੍ਰਭੂ ਦੇ ਨਾਮ ਦਾ ਸੌਦਾ) ਗੁਰੂ ਦੀ ਰਾਹੀਂ ਵਣਜਿਆ ਜਾ ਸਕਦਾ ਹੈ। ਇਹ ਸੌਦਾ ਸਦਾ ਕਾਇਮ ਰਹਿਣ ਵਾਲਾ ਸੌਦਾ ਹੈ।੧੧।

(ਖ) **ਹਰਿ ਮੰਦਰੁ ਹਰਿ ਸਾਜਿਆ ਹਰਿ ਵਸੈ ਜਿਸੁ ਨਾਲਿ ॥**
ਗੁਰਮਤੀ ਹਰਿ ਪਾਇਆ ਮਾਇਆ ਮੋਹ ਪਰਜਾਲਿ ॥
ਹਰਿ ਮੰਦਰਿ ਵਸਤੁ ਅਨੇਕ ਹੈ ਨਵ ਨਿਧਿ ਨਾਮੁ ਸਮਾਲਿ ॥

(ਵਾਰਾਂ ਤੇ ਵਧੀਕ ਸਲੋਕ, ਮ: ੩, ਪੰਨਾ 1418)

ਅਰਥ : ਹੇ ਭਾਈ! (ਮਨੁੱਖ ਦਾ ਇਹ ਸਰੀਰ-) ਹਰਿ-ਮੰਦਰ ਪਰਮਾਤਮਾ ਨੇ (ਆਪ) ਬਣਾਇਆ ਹੈ, ਇਸ ਸਰੀਰ-ਹਰਿਮੰਦਰ ਵਿਚ ਪਰਮਾਤਮਾ ਆਪ ਵੱਸਦਾ ਹੈ। (ਪਰ) ਗੁਰੂ ਦੀ ਮਤਿ ਉੱਤੇ ਤੁਰ ਕੇ (ਅੰਦਰੋਂ) ਮਾਇਆ ਦਾ ਮੋਹ ਚੰਗੀ ਤਰ੍ਹਾਂ ਸਾੜ ਕੇ (ਹੀ, ਕਿਸੇ ਭਾਗਾਂ ਵਾਲੇ ਨੇ ਅੰਦਰ-ਵੱਸਦਾ) ਪਰਮਾਤਮਾ ਲੱਭਾ ਹੈ।

ਹੇ ਭਾਈ! ਪਰਮਾਤਮਾ ਦਾ ਨਾਮ, ਮਾਨੋ, ਨੌ ਖ਼ਜ਼ਾਨੇ ਹੈ (ਇਸ ਨੂੰ ਹਿਰਦੇ ਵਿਚ) ਸਾਂਭ ਕੇ ਰੱਖ (ਜੇ ਹਰਿ-ਨਾਮ ਸੰਭਾਲਿਆ ਜਾਏ, ਤਾਂ) ਇਸ ਸਰੀਰ-ਹਰਿਮੰਦਰ ਵਿਚ ਅਨੇਕਾਂ ਹੀ ਉੱਤਮ ਕੀਮਤੀ ਗੁਣ (ਲੱਭ ਪੈਂਦੇ) ਹਨ।

(ਗ) **ਕਰਿ ਅਪੁਨੀ ਦਾਸੀ ਮਿਟੀ ਉਦਾਸੀ ਹਰਿ ਮੰਦਰਿ ਥਿਤਿ ਪਾਈ ॥**
ਅਨਦ ਬਿਨੋਦ ਸਿਮਰਹੁ ਪ੍ਰਭੁ ਸਾਚਾ ਵਿਛੁੜਿ ਕਬਹੂ ਨ ਜਾਈ ॥

(ਸੂਹੀ ਮਹਲਾ ੫, ਪੰਨਾ 782)

ਅਰਥ : ਠਾਕੁਰ-ਪ੍ਰਭੂ ਨੇ ਉਸ ਜੀਵ-ਇਸਤ੍ਰੀ ਨੂੰ ਆਪਣੀ ਦਾਸੀ ਬਣਾ ਲਿਆ, (ਉਸ ਦੇ ਅੰਦਰੋਂ ਮਾਇਆ ਆਦਿਕ ਲਈ) ਭਟਕਣਾ ਮੁੱਕ ਗਈ, ਉਸ ਨੇ ਪਰਮਾਤਮਾ ਦੇ ਬਣਾਏ ਇਸ ਸਰੀਰ-ਮੰਦਰ ਵਿਚ ਹੀ ਟਿਕਾਉ ਹਾਸਲ ਕਰ ਲਿਆ। ਹੇ ਭਾਈ! ਸਦਾ ਕਾਇਮ ਰਹਿਣ ਵਾਲੇ ਪਰਮਾਤਮਾ ਦਾ ਨਾਮ ਸਿਮਰਦੇ ਰਹੋ (ਤੁਹਾਡੇ ਅੰਦਰ) ਆਤਮਿਕ ਅਨੰਦ ਬਣੇ ਰਹਿਣਗੇ।

(ਘ) **ਬਰਸੈ ਅੰਮ੍ਰਿਤ ਧਾਰ ਬੂੰਦ ਸੁਹਾਵਣੀ ॥**
ਸਾਜਨ ਮਿਲੇ ਸਹਜਿ ਸੁਭਾਇ ਹਰਿ ਸਿਉ ਪ੍ਰੀਤਿ ਬਣੀ ॥
ਹਰਿ ਮੰਦਰਿ ਆਵੈ ਜਾ ਪ੍ਰਭ ਭਾਵੈ ਧਨ ਊਭੀ ਗੁਣ ਸਾਰੀ ॥
ਘਰਿ ਘਰਿ ਕੰਤੁ ਰਵੈ ਸੋਹਾਗਣਿ ਹਉ ਕਿਉ ਕੰਤਿ ਵਿਸਾਰੀ ॥

(ਤੁਖਾਰੀ ਮ: ੧, ਪੰਨਾ 1107)

ਅਰਥ : (ਜਿਸ ਜੀਵ-ਇਸਤ੍ਰੀ ਦੇ ਹਿਰਦੇ-ਘਰ ਵਿਚ), ਪ੍ਰਭੂ ਦੀ ਸਿਫ਼ਤਿ-ਸਾਲਾਹ ਦੀਆਂ ਸੁਹਾਵਣੀਆਂ ਬੂੰਦਾਂ ਦੀ ਧਾਰ ਵਰ੍ਹਦੀ ਹੈ, ਉਸ ਅਡੋਲ ਅਵਸਥਾ ਵਿਚ ਟਿਕੀ ਹੋਈ ਨੂੰ ਪ੍ਰੇਮ ਵਿਚ ਟਿਕੀ ਹੋਈ ਨੂੰ ਸੱਜਣ ਪ੍ਰਭੂ ਆ ਮਿਲਦਾ ਹੈ, ਪ੍ਰਭੂ ਨਾਲ ਉਸ ਦੀ ਪ੍ਰੀਤ ਬਣ ਜਾਂਦੀ ਹੈ। (ਉਸ ਜੀਵ-ਇਸਤ੍ਰੀ ਦਾ ਹਿਰਦਾ ਪ੍ਰਭੂ-ਦੇਵ ਦੇ ਟਿਕਣ ਲਈ ਮੰਦਰ ਬਣ ਜਾਂਦਾ ਹੈ) ਜਦੋਂ ਪ੍ਰਭੂ ਨੂੰ ਚੰਗਾ ਲੱਗਦਾ ਹੈ, ਉਹ ਉਸ ਜੀਵ-ਇਸਤ੍ਰੀ ਦੇ ਹਿਰਦੇ-ਮੰਦਰ ਵਿਚ ਆ ਟਿਕਦਾ ਹੈ, ਉਹ ਜੀਵ-ਇਸਤ੍ਰੀ ਉਤਾਵਲੀ

ਹੋ ਹੋ ਕੇ ਉਸ ਦੇ ਗੁਣ ਗਾਂਦੀ ਹੈ, (ਤੇ ਆਖਦੀ ਹੈ...) ਹਰੇਕ ਭਾਗਾਂ ਵਾਲੀ ਦੇ ਹਿਰਦੇ-ਘਰ ਵਿਚ ਪ੍ਰਭੂ-ਪਤੀ ਰਲੀਆਂ ਮਾਣਦਾ ਹੈ, ਪ੍ਰਭੂ-ਪਤੀ ਨੇ ਮੈਨੂੰ ਕਿਉਂ ਭੁਲਾ ਦਿੱਤਾ ਹੈ?

(ਛ) **ਹਰਿ ਕਾ ਮੰਦਰੁ ਆਖੀਐ ਕਾਇਆ ਕੋਟੁ ਗੜੁ ॥**
ਅੰਦਰਿ ਲਾਲ ਜਵੇਹਰੀ ਗੁਰਮੁਖਿ ਹਰਿ ਨਾਮੁ ਪੜੁ ॥
ਹਰਿ ਕਾ ਮੰਦਰੁ ਸਰੀਰੁ ਅਤਿ ਸੋਹਣਾ ਹਰਿ ਹਰਿ ਨਾਮੁ ਦਿੜੁ ॥

(ਵਾਰ ਰਾਮਕਲੀ ਮ: ੩, ਪੰਨਾ 952)

ਅਰਥ : ਇਸ ਸਰੀਰ ਨੂੰ ਪਰਮਾਤਮਾ ਦੇ ਰਹਿਣ ਲਈ ਸੋਹਣਾ ਘਰ ਆਖਣਾ ਚਾਹੀਦਾ ਹੈ, ਕਿਲ੍ਹਾ ਗੜ੍ਹ ਕਹਿਣਾ ਚਾਹੀਦਾ ਹੈ। ਜੇ ਗੁਰੂ ਦੇ ਹੁਕਮ ਵਿਚ ਤੁਰ ਕੇ ਪਰਮਾਤਮਾ ਦਾ ਨਾਮ ਜਪੋਗੇ ਤਾਂ ਇਸ ਸਰੀਰ ਦੇ ਅੰਦਰੋਂ ਹੀ ਚੰਗੇ ਗੁਣ-ਰੂਪ ਲਾਲ ਜਵਾਹਰ ਮਿਲ ਜਾਣਗੇ। (ਹੇ ਮਨ!) ਪਰਮਾਤਮਾ ਦਾ ਨਾਮ (ਭਾਵ ਰੱਬੀ ਗੁਣਾਂ ਨੂੰ) (ਹਿਰਦੇ ਵਿਚ) ਪੱਕਾ ਕਰ ਕੇ ਰੱਖ, ਤਾਂ ਹੀ ਇਹ ਸਰੀਰ ਇਹ ਪ੍ਰਭੂ-ਦਾ-ਮੰਦਰ ਬੜਾ ਸੋਹਣਾ ਹੋ ਸਕਦਾ ਹੈ।

(ਚ) **ਹਰਿ ਕਾ ਮੰਦਰੁ ਤਿਸੁ ਮਹਿ ਲਾਲੁ ॥**
ਗੁਰਿ ਖੋਲਿਆ ਪੜਦਾ ਦੇਖਿ ਭਈ ਨਿਹਾਲੁ ॥੪॥
ਜਿਨਿ ਚਾਖਿਆ ਤਿਸੁ ਆਇਆ ਸਾਦੁ ॥ *(ਬਿਲਾਵਲੁ ਮ: ੫, ਪੰਨਾ 801)*

ਅਰਥ : (ਇਹ ਸਰੀਰ ਹੀ) ਪਰਮਾਤਮਾ ਦੇ ਰਹਿਣ ਦਾ ਘਰ ਹੈ, ਇਸ (ਸਰੀਰ) ਵਿਚ ਉਹ ਲਾਲ ਵੱਸ ਰਿਹਾ ਹੈ। ਜਦੋਂ ਗੁਰੂ ਨੇ (ਮੇਰੇ ਅੰਦਰੋਂ ਭਰਮ ਭੁਲੇਖੇ ਦਾ) ਪਰਦਾ ਖੋਲ੍ਹ ਦਿੱਤਾ, ਮੈਂ (ਉਸ ਲਾਲ ਨੂੰ ਆਪਣੇ ਅੰਦਰ ਹੀ) ਵੇਖ ਕੇ ਲੂੰ-ਲੂੰ ਖਿੜ ਗਈ।

ਉਪਰੋਕਤ ਸ਼ਬਦਾਂ/ਪੰਗਤੀਆਂ ਵਿਚ ਬਾਣੀ ਰਚੇਤਿਆਂ ਨੇ ਕਿਧਰੇ ਵੀ 'ਹਰਿਮੰਦਰ' ਸ਼ਬਦ ਕਿਸੇ ਇੱਟਾਂ, ਪੱਥਰਾਂ ਆਦਿ ਦੇ ਬਣੇ ਹੋਏ ਸਥਾਨ ਦੇ ਅਰਥਾਂ ਵਿਚ ਨਹੀਂ ਵਰਤਿਆ ਹੈ। ਇਸ ਲਈ 'ਹਰਿ ਮੰਦਰ' ਸ਼ਬਦ ਬਾਰੇ ਇਹ ਨਹੀਂ ਕਿਹਾ ਜਾ ਸਕਦਾ ਕਿ ਇਸ ਵਿਚ ਬਾਣੀ ਰਚੇਤਿਆਂ ਨੇ ਵਾਹਿਗੁਰੂ ਦੇ ਕਿਸੇ ਆਸਮਾਨੀ ਜਾਂ ਧਰਤੀ ਦੇ ਕਿਸੇ ਹਿੱਸੇ 'ਚ ਉਸਰੇ ਕਿਸੇ ਸਥਾਨ ਨੂੰ 'ਹਰਿਮੰਦਰ' ਕਿਹਾ ਹੈ।

ਅਕਾਲ ਪੁਰਖ ਦਾ ਤਖ਼ਤ

ਗੁਰੂ ਗ੍ਰੰਥ ਸਾਹਿਬ ਵਿਚ ਪ੍ਰਭੂ ਦਾ ਮਹਲ, ਹਰਿ ਮੰਦਰ ਆਦਿ ਸ਼ਬਦਾਂ ਦੀ ਵਰਤੋਂ ਦੇਖ ਕੇ, ਜਿਵੇਂ ਕਈ ਸੱਜਣ ਕਿਸੇ ਵਿਸ਼ੇਸ਼ ਸਥਾਨ ਦੀ ਕਲਪਨਾ ਕਰਨ ਲੱਗ ਪੈਂਦੇ ਹਨ, ਉਸੇ ਤਰ੍ਹਾਂ ਪ੍ਰਭੂ ਦੇ ਤਖ਼ਤ ਸੰਬੰਧੀ ਵੀ ਅਜਿਹੇ ਸੱਜਣਾਂ ਦੀ ਕੁਝ ਅਜਿਹੀ ਹੀ ਧਾਰਨਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਸ ਸ਼ਬਦ ਤੋਂ ਕੀ ਭਾਵ ਹੈ, ਇਹ ਗੱਲ ਗੁਰਬਾਨੀ ਵਿੱਚੋਂ ਹੀ ਸਮਝੀ ਜਾ ਸਕਦੀ ਹੈ। ਗੁਰਬਾਨੀ ਵਿਚ ਅਜਿਹੇ ਸ਼ਬਦਾਂ ਦੇ ਭਾਵਾਰਥ ਨੂੰ ਬਾਨੀ ਰਚੇਤਿਆਂ ਨੇ ਆਪ ਹੀ ਸਪੱਸ਼ਟ ਕੀਤਾ ਹੋਇਆ ਹੈ। ਅਸੀਂ ਕਿਸੇ ਵਿਸ਼ੇਸ਼ ਸਥਾਨ ਬਾਰੇ ਭਰਮ-ਭੁਲੇਖੇ ਦਾ ਤਦ ਹੀ ਸ਼ਿਕਾਰ ਹੁੰਦੇ ਹਾਂ, ਜਦ ਇਹੋ ਜਿਹੇ ਭਾਵ ਵਾਲੇ ਸ਼ਬਦਾਂ ਨੂੰ ਬਾਨੀ ਦੀ ਰੌਸ਼ਨੀ ਵਿਚ ਸਮਝਣ ਦੀ ਬਜਾਏ ਇਨ੍ਹਾਂ ਸ਼ਬਦਾਂ ਦੇ ਪ੍ਰਚਲਿਤ ਅਰਥ ਕਰਨ ਲੱਗ ਪੈਂਦੇ ਹਾਂ। ਬਾਨੀ ਨੂੰ ਸਮਝਣ ਲਈ ਬਾਨੀ ਦੇ ਸਮੁੱਚੇ ਸਿਧਾਂਤ ਨੂੰ ਹੀ ਸਾਹਮਣੇ ਰੱਖਣ ਦੀ ਲੋੜ ਹੁੰਦੀ ਹੈ, ਨਾ ਕਿ ਕਿਸੇ ਇਕ ਪੰਗਤੀ ਜਾਂ ਸ਼ਬਦ ਨੂੰ। ਜਦ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦੇ ਸਮੁੱਚੇ ਸਿਧਾਂਤ ਨੂੰ ਸਾਹਮਣੇ ਨਹੀਂ ਰੱਖਾਂਗੇ ਤਾਂ ਬਾਨੀ ਦੇ ਭਾਵਾਰਥ ਨੂੰ ਸਮਝਣ 'ਚ ਜ਼ਰੂਰ ਟਪਲਾ ਖਾ ਜਾਵਾਂਗੇ। ਉਦਾਹਰਣ ਵਜੋਂ ਜਿਵੇਂ ਗੁਰੂ ਗ੍ਰੰਥ ਸਾਹਿਬ ਵਿਚ ਇਸ ਗੱਲ ਦਾ ਕਈ ਵਾਰ ਵਰਣਨ ਆਇਆ ਹੈ ਕਿ ਨੀਚ ਜਾਤ ਵਾਲੇ ਵੀ ਪ੍ਰਭੂ ਦਾ ਨਾਮ ਜਪ ਕੇ ਉੱਚਾ ਆਤਮਿਕ ਦਰਜਾ ਪ੍ਰਾਪਤ ਕਰ ਸਕਦੇ ਹਨ:

ਨੀਚ ਜਾਤਿ ਹਰਿ ਜਪਤਿਆ ਉਤਮ ਪਦਵੀ ਪਾਇ॥
ਪੂਛਹੁ ਬਿਦਰ ਦਾਸੀ ਸੁਤੈ ਕਿਸਨੁ ਉਤਰਿਆ ਘਰਿ ਜਿਸੁ ਜਾਇ॥

(ਸੂਹੀ ਮਹਲਾ 4, ਪੰਨਾ 733)

ਗੁਰੂ ਗ੍ਰੰਥ ਸਾਹਿਬ ਵਿਚ ਵਰਨ-ਵੰਡ ਨੂੰ ਸਵੀਕਾਰ ਨਹੀਂ ਕੀਤਾ ਹੈ। ਗੁਰਬਾਣੀ ਅਨੁਸਾਰ ਕਿਸੇ ਖ਼ਾਸ ਕੁਲ ਵਿਚ ਜਨਮ ਲੈਣ ਕਾਰਨ ਹੀ ਕੋਈ ਪ੍ਰਾਨੀ ਉੱਚਾ ਜਾਂ ਨੀਵਾਂ ਨਹੀਂ ਹੈ; ਸਗੋਂ ਕਰਮ ਤੋਂ ਹੀ ਉੱਚਾ ਜਾਂ ਨੀਵਾਂ ਹੈ:

ਭਗਤਿ ਰਤੇ ਸੇ ਊਤਮਾ ਜਤਿ ਪਤਿ ਸਬਦੇ ਹੋਇ॥
ਬਿਨੁ ਨਾਵੈ ਸਭ ਨੀਚ ਜਾਤਿ ਹੈ ਬਿਸਟਾ ਕਾ ਕੀੜਾ ਹੋਇ॥

(ਆਸਾ ਮਹਲਾ 3, ਪੰਨਾ 426)

ਜੇਕਰ ਕੋਈ ਸੱਜਣ ਇਸ ਭਾਵ ਵਾਲੇ ਸ਼ਬਦਾਂ ਦੀਆਂ ਉਦਾਹਰਣਾਂ ਦੇ ਕੇ ਇਹ ਆਖੇ ਕਿ ਗੁਰੂ ਗ੍ਰੰਥ ਸਾਹਿਬ ਵਿਚ ਵੀ ਜਾਤ-ਪਾਤ ਨੂੰ ਮੰਨਿਆ ਗਿਆ ਹੈ, ਤਾਂ ਅਜਿਹਾ ਸੱਜਣ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਨਾਲ ਕਿੰਨਾ ਕੁ ਨਿਆਂ

ਕਰ ਰਿਹਾ ਹੋਵੇਗਾ; ਇਸ ਗੱਲ ਦਾ ਪਾਠਕ-ਜਨ ਖ਼ੁਦ ਹੀ ਅੰਦਾਜ਼ਾ ਲਗਾ ਸਕਦੇ ਹਨ। ਇਸ ਲਈ ਗੁਰੂ ਗ੍ਰੰਥ ਸਾਹਿਬ ਜੀ ਦੇ ਕਿਸੇ ਵੀ ਸ਼ਬਦ ਦਾ ਠੀਕ ਭਾਵਾਰਥ ਸਮਝਣ ਲਈ ਬਾਣੀ ਦੇ ਸਮੁੱਚੇ ਸਿਧਾਂਤ ਨੂੰ ਹੀ ਵਿਚਾਰਨ ਦੀ ਲੋੜ ਹੈ।

ਗੁਰੂ ਗ੍ਰੰਥ ਸਾਹਿਬ ਵਿਚ "ਵਡਾ ਤੇਰਾ ਦਰਬਾਰੁ ਸਚਾ ਤੁਧੁ ਤਖਤੁ॥ ਸਿਰਿ ਸਾਹਾ ਪਾਤਿਸਾਹੁ ਨਿਹਚਲੁ ਚਉਰੁ ਛਤੁ॥" ਦਾ ਭਾਵ ਪ੍ਰਗਟ ਕਰਨ ਵਾਲੀਆਂ ਪੰਗਤੀਆਂ ਨੂੰ ਆਧਾਰ ਬਣਾ ਕੇ ਕਈ ਵਿਦਵਾਨ ਸੱਜਣ ਇਹ ਧਾਰਨਾ ਬਣਾ ਲੈਂਦੇ ਹਨ ਕਿ ਗੁਰੂ ਸਾਹਿਬਾਨ ਨੇ ਰੱਬੀ ਤਖ਼ਤ ਦੀ ਹੋਂਦ ਬਾਰੇ ਆਪ ਜ਼ਿਕਰ ਕੀਤਾ ਹੈ। ਇਸ ਪੰਗਤੀ ਜਾਂ ਇਹੋ ਜਿਹੇ ਭਾਵ ਵਾਲੀਆਂ ਹੋਰ ਤੁਕਾਂ ਨੂੰ ਆਧਾਰ ਬਣਾ ਕੇ ਇਹ ਅੰਦਾਜ਼ਾ ਲਗਾ ਲੈਣਾ ਠੀਕ ਨਹੀਂ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਕਿਸੇ ਵਿਸ਼ੇਸ਼ ਸਥਾਨ ਨੂੰ ਹੀ ਅਕਾਲ ਪੁਰਖ ਦਾ ਤਖ਼ਤ ਆਖਿਆ ਹੈ। ਚੂੰਕਿ ਬਾਣੀ ਵਿਚ ਅਕਾਲ ਪੁਰਖ ਦੇ ਇਸ ਤਖ਼ਤ ਅਤੇ ਇਸ ਨਾਲ ਜੁੜੇ ਹੋਏ ਹਰੇਕ ਪ੍ਰਸ਼ਨ ਦਾ ਉੱਤਰ ਦਿੱਤਾ ਹੋਇਆ ਹੈ; ਅਰਥਾਤ ਇਸ ਤਖ਼ਤ ਦੇ ਸਰੂਪ, ਇਸ ਦੇ ਸਥਾਨ ਆਦਿ ਬਾਰੇ ਭਰਪੂਰ ਚਰਚਾ ਕੀਤੀ ਹੋਈ ਹੈ, ਜਿਸ ਦੀ ਮੌਜੂਦਗੀ ਵਿਚ ਕਿਸੇ ਤਰ੍ਹਾਂ ਦੇ ਭਰਮ-ਭੁਲੇਖੇ ਦੀ ਸੰਭਾਵਨਾ ਨਹੀਂ ਹੈ। ਗੁਰੂ ਗ੍ਰੰਥ ਸਾਹਿਬ ਵਿਚ ਪਰਮਾਤਮਾ ਦੇ ਤਖ਼ਤ ਸੰਬੰਧੀ ਜੋ ਸਾਡੀ ਦ੍ਰਿਸ਼ਟੀਗੋਚਰ ਹੁੰਦਾ ਹੈ, ਉਸ ਦੀ ਸੰਖਿਪਤ ਚਰਚਾ ਕਰ ਰਹੇ ਹਾਂ।

(ੳ) **ਸਚੁ ਹੁਕਮੁ ਤੁਮਾਰਾ ਤਖਤਿ ਨਿਵਾਸੀ॥** *(ਵਡਹੰਸੁ ਮ: ੫, ਪੰਨਾ 562)*

ਅਰਥ: ਹੇ ਪ੍ਰਭੂ! ਤੇਰਾ ਹੁਕਮ ਸਦਾ-ਥਿਰ ਰਹਿਣ ਵਾਲਾ ਹੈ, ਤੂੰ (ਸਦਾ) ਤਖ਼ਤ ਉੱਤੇ ਨਿਵਾਸ ਰੱਖਣ ਵਾਲਾ ਹੈਂ (ਤੂੰ ਸਦਾ ਸਭ ਦਾ ਹਾਕਮ ਹੈਂ)।

(ਅ) **ਸਚੈ ਤਖਤਿ ਸਚ ਮਹਲੀ ਬੈਠੇ ਨਿਰਭਉ ਤਾੜੀ ਲਾਈ॥੮॥**
(ਰਾਮਕਲੀ ਮ: ੧, ਪੰਨਾ 907)

ਅਰਥ: (ਮੇਰਾ ਗੁਰੂ ਇਕ ਐਸਾ ਨਾਥਾਂ ਦਾ ਭੀ ਨਾਥ ਹੈ ਜੋ) ਸਦਾ ਅਟੱਲ ਰਹਿਣ ਵਾਲੇ ਅਡੋਲਤਾ ਦੇ ਤਖ਼ਤ ਉੱਤੇ ਬੈਠਾ ਹੋਇਆ ਹੈ, ਜੋ ਸਦਾ-ਥਿਰ ਰਹਿਣ ਵਾਲੇ ਮਹਿਲ ਵਿਚ ਬੈਠਾ ਹੋਇਆ ਹੈ, (ਉਥੇ ਆਸਣ ਜਮਾਈ) ਬੈਠੇ (ਮੇਰੇ ਗੁਰੂ-ਜੋਗੀ) ਨੇ ਨਿਡਰਤਾ ਦੀ ਸਮਾਧੀ ਲਾਈ ਹੋਈ ਹੈ।

(ੲ) **ਕਹੁ ਨਾਨਕ ਥਿਰੁ ਤਖਤਿ ਨਿਵਾਸੀ ਸਚੁ ਤਿਸੈ ਦੀਬਾਣੋ॥੩॥**
(ਰਾਮਕਲੀ ਮਹਲਾ ੫, ਪੰਨਾ 924)

ਅਰਥ: ਹੇ ਨਾਨਕ! ਆਖ—ਪ੍ਰਭੂ ਸਦਾ ਕਾਇਮ ਰਹਿਣ ਵਾਲਾ ਹੈ, (ਸਦਾ ਆਪਣੇ) ਤਖ਼ਤ ਉੱਤੇ ਟਿਕਿਆ ਰਹਿਣ ਵਾਲਾ ਹੈ। (ਸਿਰਫ਼) ਉਸ ਦਾ ਹੀ ਦਰਬਾਰ ਸਦਾ ਕਾਇਮ ਰਹਿਣ ਵਾਲਾ ਹੈ।

ਅਕਾਲ ਪੁਰਖ ਦਾ ਇਹ ਤਖ਼ਤ ਹਮੇਸ਼ਾਂ ਕਾਇਮ ਰਹਿਣ ਵਾਲਾ ਹੈ:

ਸਾਚਾ ਤਖਤੁ ਸਚੀ ਪਾਤਿਸਾਹੀ॥ *(ਮਾਰੂ ਮਹਲਾ ੫, ਪੰਨਾ 1073)*

ਅਰਥ: ਹੇ ਭਾਈ! ਉਹ ਪਰਮਾਤਮਾ ਸਦਾ ਕਾਇਮ ਰਹਿਣ ਵਾਲਾ ਸ਼ਾਹਨਸ਼ਾਹ ਹੈ, ਉਸ ਦਾ ਖ਼ਜ਼ਾਨਾ ਸਦਾ ਕਾਇਮ ਰਹਿਣ ਵਾਲਾ ਹੈ, ਉਸ ਦੀ ਪਾਤਸ਼ਾਹੀ ਸਦਾ ਕਾਇਮ ਰਹਿਣ ਵਾਲੀ ਹੈ, ਉਸ ਦਾ ਤਖ਼ਤ ਸਦਾ ਕਾਇਮ ਰਹਿਣ ਵਾਲਾ ਹੈ।

ਪਰਮਾਤਮਾ ਦਾ ਸਦਾ-ਥਿਰ ਇਹ ਤਖ਼ਤ ਕਿਥੇ ਕੁ ਹੈ ? ਇਸ ਦਾ ਉੱਤਰ ਗੁਰੂ ਗ੍ਰੰਥ ਸਾਹਿਬ ਵਿਚ ਇਉਂ ਦਿੱਤਾ ਹੋਇਆ ਹੈ :

ਘਰੁ ਦਰੁ ਮੰਦਰੁ ਜਾਣੈ ਸੋਈ ॥
ਜਿਸੁ ਪੂਰੇ ਗੁਰ ਤੇ ਸੋਝੀ ਹੋਈ ॥
ਕਾਇਆ ਗੜ ਮਹਲ ਮਹਲੀ ਪ੍ਰਭੁ ਸਾਚਾ ਸਚੁ ਸਾਚਾ ਤਖਤੁ ਰਚਾਇਆ ॥

(ਮਾਰੂ ਮਹਲਾ ੧, ਪੰਨਾ 1039)

ਅਰਥ : ਉਹੀ ਬੰਦਾ ਪਰਮਾਤਮਾ ਦਾ ਘਰ, ਪਰਮਾਤਮਾ ਦਾ ਦਰ, ਪਰਮਾਤਮਾ ਦਾ ਮਹਲ ਪਛਾਣ ਲੈਂਦਾ ਹੈ, ਜਿਸ ਨੂੰ ਪੂਰੇ ਗੁਰੂ ਤੋਂ (ਉੱਚੀ) ਸਮਝ ਮਿਲਦੀ ਹੈ। ਉਸ ਨੂੰ ਸਮਝ ਆ ਜਾਂਦੀ ਹੈ ਕਿ ਇਹ ਸਰੀਰ ਪਰਮਾਤਮਾ ਦੇ ਕਿਲ੍ਹੇ ਹਨ, ਮਹਲ ਹਨ। ਉਹ ਮਹਲਾਂ ਦਾ ਮਾਲਕ ਪ੍ਰਭੂ ਸਦਾ ਹੀ ਥਿਰ ਰਹਿਣ ਵਾਲਾ ਹੈ (ਮਨੁੱਖਾ ਸਰੀਰ) ਉਸ ਨੇ ਆਪਣੇ ਬੈਠਣ ਲਈ ਤਖ਼ਤ ਬਣਾਇਆ ਹੋਇਆ ਹੈ।

ਇਸ ਹਿਰਦੇ ਤਖ਼ਤ 'ਤੇ ਬੈਠਾ ਹੋਇਆ ਹੀ ਵਾਹਿਗੁਰੂ ਜੀਵਾਂ ਦਾ ਲੇਖਾ-ਜੋਖਾ ਕਰ ਰਿਹਾ ਹੈ :

ਅੰਦਰਿ ਰਾਜਾ ਤਖਤੁ ਹੈ ਆਪੇ ਕਰੇ ਨਿਆਉ ॥
ਗੁਰ ਸਬਦੀ ਦਰੁ ਜਾਣੀਐ ਅੰਦਰਿ ਮਹਲੁ ਅਸਰਾਉ ॥
ਖਰੇ ਪਰਖਿ ਖਜਾਨੈ ਪਾਈਅਨਿ ਖੋਟਿਆ ਨਾਹੀ ਥਾਉ ॥
ਸਭੁ ਸਚੋ ਸਚੁ ਵਰਤਦਾ ਸਦਾ ਸਚੁ ਨਿਆਉ ॥
ਅੰਮ੍ਰਿਤ ਕਾ ਰਸੁ ਆਇਆ ਮਨਿ ਵਸਿਆ ਨਾਉ ॥੧੮॥

(ਵਾਰ ਮਾਰੂ ਮ: ੩, ਪੰਨਾ 1092)

ਅਰਥ : (ਜੀਵ ਦੇ) ਅੰਦਰ ਹੀ (ਜੀਆਂ ਦਾ) ਮਾਲਕ (ਬੈਠਾ) ਹੈ, (ਜੀਵ ਦੇ) ਅੰਦਰ ਹੀ (ਉਸ ਦਾ) ਤਖ਼ਤ ਹੈ, ਉਹ ਆਪ ਹੀ (ਅੰਦਰ ਬੈਠਾ ਹੋਇਆ, ਜੀਵ ਦੇ ਕੀਤੇ ਕਰਮਾਂ ਦਾ) ਨਿਆਂ ਕਰੀ ਜਾਂਦਾ ਹੈ; (ਜੀਵ ਦੇ) ਅੰਦਰ ਹੀ (ਉਸ ਦਾ) ਮਹਲ ਹੈ, (ਜੀਵ ਦੇ) ਅੰਦਰ ਹੀ (ਬੈਠਾ ਜੀਵ ਨੂੰ) ਆਸਰਾ (ਦੇਈ ਜਾ ਰਿਹਾ) ਹੈ, ਪਰ ਉਸ ਦੇ ਮਹਲ ਦਾ ਬੂਹਾ ਗੁਰੂ ਦੇ ਸ਼ਬਦ ਦੀ ਰਾਹੀਂ ਲੱਭਦਾ ਹੈ।

(ਜੀਵ ਦੇ ਅੰਦਰ ਹੀ ਬੈਠੇ ਹੋਏ ਦੀ ਹਜ਼ੂਰੀ ਵਿਚ) ਖਰੇ ਜੀਵ ਪਰਖ ਕੇ ਖ਼ਜ਼ਾਨੇ ਵਿਚ ਰੱਖੇ ਜਾਂਦੇ ਹਨ (ਭਾਵ, ਅੰਦਰ ਬੈਠਾ ਹੋਇਆ ਹੀ ਖਰੇ ਜੀਵਾਂ ਦੀ ਆਪ ਸੰਭਾਲ ਕਰੀ ਜਾਂਦਾ ਹੈ), ਖੋਟਿਆਂ ਨੂੰ ਥਾਂ ਨਹੀਂ ਮਿਲਦੀ। ਉਹ ਸਦਾ-ਥਿਰ ਰਹਿਣ ਵਾਲਾ ਪ੍ਰਭੂ ਹਰ ਥਾਂ ਮੌਜੂਦ ਹੈ, ਉਸ ਦਾ ਨਿਆਂ ਸਦਾ ਅਟੱਲ ਹੈ; ਉਨ੍ਹਾਂ ਨੂੰ ਉਸ ਦੇ ਨਾਮ-ਅੰਮ੍ਰਿਤ ਦਾ ਸੁਆਦ ਆਉਂਦਾ ਹੈ, ਜਿਨ੍ਹਾਂ ਦੇ ਮਨ ਵਿਚ ਨਾਮ ਵੱਸਦਾ ਹੈ।

ਅਕਾਲ ਪੁਰਖ ਇਸ ਹਿਰਦੇ ਤਖ਼ਤ 'ਤੇ ਹੀ ਆਪਣੇ ਪਿਆਰ ਵਿਚ ਰੰਗੀਜਿਆਂ ਨੂੰ ਬੁਲਾਉਂਦਾ ਹੈ :

ਸਚੈ ਤਖਤਿ ਬੁਲਾਵੈ ਸੋਇ ॥
ਦੇ ਵਡਿਆਈ ਕਰੇ ਸੁ ਹੋਇ ॥ *(ਆਸਾ ਮਹਲਾ ੧, ਪੰਨਾ 355)*

ਅਰਥ : ਆਪਣੇ ਸਦਾ-ਅਟੱਲ ਤਖ਼ਤ ਉੱਤੇ (ਬੈਠਾ ਹੋਇਆ ਪ੍ਰਭੂ) ਉਸ ਸੇਵਕ

ਨੂੰ ਸੱਦਦਾ ਹੈ, ਤੇ ਉਹ ਸਭ ਕੁਝ ਕਰਨ ਦੇ ਸਮਰੱਥ ਪ੍ਰਭੂ ਉਸ ਨੂੰ ਮਾਣ-ਆਦਰ ਦੇਂਦਾ ਹੈ।

ਪ੍ਰਭੂ ਪਾਸੋਂ ਪ੍ਰੇਮ ਦਾ ਪਟੋਲਾ ਹਾਸਲ ਕਰਨ ਵਾਲੇ ਗੁਰਮੁਖ ਸਦਾ ਇਸ ਤਖ਼ਤ ਉੱਤੇ ਬੈਠੇ ਰਹਿੰਦੇ ਹਨ:

ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣ ਰਤੁ ॥

(ਮਾਰੂ ਮਹਲਾ ੧, ਪੰਨਾ 992)

ਅਰਥ: ਪ੍ਰਭੂ ਦੇ ਡਰ-ਅਦਬ ਵਿਚ ਰੱਤਾ ਹੋਇਆ ਜੀਵਾਤਮਾ ਪ੍ਰਭੂ ਦੇ ਗੁਣਾਂ ਵਿਚ ਪਰਵਿਰਤ ਰਹਿਣ ਕਰਕੇ ਅੰਦਰ ਹੀ ਹਿਰਦੇ-ਤਖ਼ਤ ਉੱਤੇ ਟਿਕਿਆ ਰਹਿੰਦਾ ਹੈ (ਬਾਹਰ ਨਹੀਂ ਭਟਕਦਾ)।

ਹਰਿ ਕੈ ਤਖਤਿ ਬਹਾਲੀਐ ਨਿਜ ਘਰਿ ਸਦਾ ਵਸੀਜੈ ॥

(ਵਾਰ ਗੂਜਰੀ ਮ: ੩, ਪੰਨਾ 515)

ਅਰਥ: ਗੁਰਮੁਖ! ਵਾਹਿਗੁਰੂ ਦੇ ਰਾਜ-ਸਿੰਘਾਸਣ ਉੱਤੇ ਬਿਠਾਲਿਆ ਜਾਂਦਾ ਹੈ ਅਤੇ ਉਹ ਹਮੇਸ਼ਾ ਆਪਣੇ ਨਿੱਜ ਦੇ ਗ੍ਰਹਿ ਵਿਚ ਵੱਸਦਾ ਹੈ।

ਕੀ ਇਸ ਬੇਅੰਤ/ਅਨੰਤ ਪਸਾਰਾ ਪਸਾਰਨ ਵਾਲੇ ਪ੍ਰਭੂ ਦਾ ਕੇਵਲ ਮਨੁੱਖੀ ਹਿਰਦਾ ਹੀ ਤਖ਼ਤ ਹੈ ? ਇਸ ਸੰਬੰਧ ਵਿਚ ਗੁਰੂ ਗ੍ਰੰਥ ਸਾਹਿਬ ਜੀ ਦਾ ਫ਼ੁਰਮਾਨ ਹੈ:

(ੳ) **ਕੁਦਰਤਿ ਤਖਤੁ ਰਚਾਇਆ ਸਚਿ ਨਿਬੇੜਣਹਾਰੋ ॥** *(ਪੰਨਾ 580)*

ਅਰਥ: ਹੇ ਪ੍ਰਭੂ! ਇਹ ਸਾਰੀ ਰਚਨਾ (-ਰੂਪ) ਤਖ਼ਤ ਤੂੰ (ਆਪਣੇ ਬੈਠਣ ਵਾਸਤੇ) ਬਣਾਇਆ ਹੈ, ਆਪਣੇ ਸਦਾ-ਥਿਰ ਨਾਮ ਵਿਚ (ਜੋੜ ਕੇ ਜੀਵਾਂ ਦੇ ਕਰਮਾਂ ਦੇ ਲੇਖ ਭੀ) ਤੂੰ ਆਪ ਹੀ ਮੁਕਾਣ ਵਾਲਾ ਹੈਂ।

(ਅ) **ਆਪੇ ਤਖਤੁ ਰਚਾਇਓਨੁ ਆਕਾਸ ਪਤਾਲਾ ॥**
ਹੁਕਮੇ ਧਰਤੀ ਸਾਜੀਅਨੁ ਸਚੀ ਧਰਮ ਸਾਲਾ ॥ *(ਵਾਰ ਸੂਹੀ ਮ: ੩, ਪੰਨਾ 785)*

ਅਰਥ: ਆਕਾਸ਼ ਤੇ ਪਾਤਾਲ ਦੇ ਵਿਚਲਾ ਸਾਰਾ ਜਗਤ-ਰੂਪ ਤਖ਼ਤ ਪ੍ਰਭੂ ਨੇ ਹੀ ਬਣਾਇਆ ਹੈ, ਉਸ ਨੇ ਆਪਣੇ ਹੁਕਮ ਵਿਚ ਹੀ ਧਰਤੀ ਦੇ ਜੀਵਾਂ ਦੇ ਧਰਮ ਕਮਾਣ ਲਈ ਥਾਂ ਬਣਾਈ ਹੈ।

(ੲ) **ਸਚੈ ਤਖਤੁ ਰਚਾਇਆ ਬੈਸਣ ਕਉ ਜਾਂਈ ॥** *(ਵਾਰ ਰਾਮਕਲੀ ਮ: ੩, ਪੰਨਾ 947)*

ਅਰਥ: ਸਦਾ ਕਾਇਮ ਰਹਿਣ ਵਾਲੇ ਪਰਮਾਤਮਾ ਨੇ ਇਹ (ਜਗਤ-ਰੂਪ) ਤਖ਼ਤ ਆਪਣੇ ਬੈਠਣ ਲਈ ਥਾਂ ਬਣਾਇਆ ਹੈ।

ਉਪਰੋਕਤ ਗੁਰ-ਫ਼ੁਰਮਾਨਾਂ ਤੋਂ ਸਪੱਸ਼ਟ ਹੈ ਕਿ ਅਕਾਲ ਪੁਰਖ ਆਪਣੀ ਕੁਦਰਤ ਵਿਚ ਹੀ ਵੱਸਿਆ ਹੋਇਆ ਅਥਵਾ ਪ੍ਰਭੂ ਦੀ ਕ੍ਰਿਤ ਹੀ ਉਸ ਦਾ ਤਖ਼ਤ ਹੈ। ਇਕ ਤੋਂ ਅਨੇਕ ਹੋ ਕੇ ਵਿਚਰਨ ਵਾਲੇ ਨਿਰੰਕਾਰ ਬਾਰੇ ਫਿਰ ਇਹ ਵੀ ਸਪੱਸ਼ਟ ਕੀਤਾ ਹੈ:

ਏਕੋ ਤਖਤੁ ਏਕੋ ਪਾਤਿਸਾਹੁ ॥
ਸਰਬੀ ਥਾਈ ਵੇਪਰਵਾਹੁ ॥ *(ਬਸੰਤੁ ਮਹਲਾ ੧, ਪੰਨਾ 1188)*

ਅਰਥ: (ਜੇਹੜਾ ਮਨੁੱਖ ਗੁਰੂ ਦੇ ਸ਼ਬਦ ਵਿਚ ਜੁੜਦਾ ਹੈ, ਉਸ ਨੂੰ ਯਕੀਨ

ਬਣ ਜਾਂਦਾ ਹੈ ਕਿ ਸਾਰੇ ਜਗਤ ਦਾ ਮਾਲਕ ਪਰਮਾਤਮਾ ਹੀ ਸਦਾ-ਥਿਰ) ਇੱਕੋ ਇਕ ਪਾਤਿਸ਼ਾਹ ਹੈ (ਤੇ ਉਸੇ ਦਾ ਹੀ ਸਦਾ-ਥਿਰ ਰਹਿਣ ਵਾਲਾ) ਇੱਕੋ ਇਕ ਤਖ਼ਤ ਹੈ, ਉਹ ਪਾਤਿਸ਼ਾਹ ਸਭ ਥਾਵਾਂ ਵਿਚ ਵਿਆਪਕ ਹੈ (ਸਾਰੇ ਜਗਤ ਦੀ ਕਾਰ ਚਲਾਂਦਾ ਹੋਇਆ ਭੀ ਉਹ ਸਦਾ) ਬੇ-ਫ਼ਿਕਰ ਰਹਿੰਦਾ ਹੈ।

ਗੁਰੂ ਗ੍ਰੰਥ ਸਾਹਿਬ ਜੀ ਦਾ ਨਿਮਨ ਲਿਖਤ ਫ਼ੁਰਮਾਨ ਪ੍ਰਭੂ ਦੇ ਇਸ ਤਖ਼ਤ ਵੱਲ ਹੀ ਇਸ਼ਾਰਾ ਕਰ ਰਿਹਾ ਹੈ:

ਵਡਾ ਤੇਰਾ ਦਰਬਾਰੁ ਸਚਾ ਤੁਧੁ ਤਖਤੁ ॥
ਸਿਰਿ ਸਾਹਾ ਪਾਤਿਸਾਹੁ ਨਿਹਚਲੁ ਚਉਰੁ ਛਤੁ ॥ *(ਵਾਰ ਰਾਮਕਲੀ ਮ: ੫, ਪੰਨਾ 964)*

ਅਰਥ: ਹੇ ਪ੍ਰਭੂ! ਤੇਰਾ ਦਰਬਾਰ ਵੱਡਾ ਹੈ, ਤੇਰਾ ਤਖ਼ਤ ਸਦਾ-ਥਿਰ ਰਹਿਣ ਵਾਲਾ ਹੈ, ਤੇਰਾ ਚਵਰ ਤੇ ਛਤਰ ਅਟੱਲ ਹੈ, ਤੂੰ (ਦੁਨੀਆਂ ਦੇ ਸਾਰੇ) ਸ਼ਾਹਾਂ ਦੇ ਸਿਰ ਉੱਤੇ ਪਾਤਿਸ਼ਾਹ ਹੈਂ।

ਇਸ ਭਾਵ ਨੂੰ ਵਿਸਤਾਰ ਨਾਲ ਇਉਂ ਦਰਸਾਇਆ ਹੈ:

ਆਪੀਨੈ੍ ਆਪੁ ਸਾਜਿ ਆਪੁ ਪਛਾਣਿਆ ॥
ਅੰਬਰੁ ਧਰਤਿ ਵਿਛੋੜਿ ਚੰਦੋਆ ਤਾਣਿਆ ॥
ਵਿਣੁ ਥੰਮ੍ਾ ਗਗਨੁ ਰਹਾਇ ਸਬਦੁ ਨੀਸਾਣਿਆ ॥
ਸੂਰਜੁ ਚੰਦੁ ਉਪਾਇ ਜੋਤਿ ਸਮਾਣਿਆ ॥
ਕੀਏ ਰਾਤਿ ਦਿਨੰਤੁ ਚੋਜ ਵਿਡਾਣਿਆ ॥
ਤੀਰਥ ਧਰਮ ਵੀਚਾਰ ਨਾਵਣ ਪੁਰਬਾਣਿਆ ॥
ਤੁਧੁ ਸਰਿ ਅਵਰੁ ਨ ਕੋਇ ਕਿ ਆਖਿ ਵਖਾਣਿਆ ॥
ਸਚੈ ਤਖਤਿ ਨਿਵਾਸੁ ਹੋਰ ਆਵਣ ਜਾਣਿਆ ॥ *(ਵਾਰ ਮਲਾਰ ਮ: ੧, ਪੰਨਾ 1279)*

ਅਰਥ: (ਪ੍ਰਭੂ ਨੇ) ਆਪ ਹੀ ਆਪਣੇ ਆਪ ਨੂੰ ਪ੍ਰਗਟ ਕਰ ਕੇ ਆਪਣਾ ਅਸਲਾ ਸਮਝਿਆ ਹੈ, ਆਕਾਸ਼ ਤੇ ਧਰਤੀ ਨੂੰ ਵੱਖੋ-ਵੱਖ ਕਰ ਕੇ (ਇਹ ਆਕਾਸ਼ ਉਸ ਨੇ ਮਾਨੋ, ਆਪਣੇ ਤਖ਼ਤ ਉੱਤੇ) ਚੰਦੋਆ ਤਾਣਿਆ ਹੋਇਆ ਹੈ; (ਸਾਰੇ ਜਗਤ-ਰੂਪ ਦਰਬਾਰ ਉੱਤੇ) ਆਕਾਸ਼ ਨੂੰ ਥੰਮ੍ਹਾਂ ਤੋਂ ਬਿਨਾਂ ਟਿਕਾ ਕੇ ਆਪਣੇ ਹੁਕਮ ਨੂੰ ਨਗਾਰਾ ਬਣਾਇਆ ਹੈ; (ਆਪਣੀ) ਜੋਤਿ ਟਿਕਾਈ ਹੈ; (ਜੀਵਾਂ ਦੇ ਵਿਹਾਰ-ਕਾਰ ਲਈ) ਰਾਤ ਤੇ ਦਿਨ (-ਰੂਪ) ਅਚਰਜ ਤਮਾਸ਼ੇ ਬਣਾ ਦਿੱਤੇ ਹਨ। ਪੁਰਬਾਂ ਸਮੇ ਤੀਰਥਾਂ ਉੱਤੇ ਨ੍ਹਾਉਣ ਆਦਿਕ ਧਰਮਾਂ ਦੇ ਖ਼ਿਆਲ (ਭੀ ਪ੍ਰਭੂ ਨੇ ਆਪ ਹੀ ਜੀਵਾਂ ਦੇ ਅੰਦਰ ਪੈਦਾ ਕੀਤੇ ਹਨ)। (ਹੇ ਪ੍ਰਭੂ!) (ਤੇਰੀ ਇਸ ਅਸਚਰਜ ਖੇਡ ਦਾ) ਕੀਹ ਬਿਆਨ ਕਰੀਏ? ਤੇਰੇ ਵਰਗਾ ਹੋਰ ਕੋਈ ਨਹੀਂ ਹੈ; ਤੂੰ ਤਾਂ ਸਦਾ ਕਾਇਮ ਰਹਿਣ ਵਾਲੇ ਤਖ਼ਤ ਉੱਤੇ ਬੈਠਾ ਹੈਂ ਤੇ ਹੋਰ (ਸ੍ਰਿਸ਼ਟੀ) ਜੰਮਦੀ ਹੈ (ਪੈਦਾ ਹੁੰਦੀ ਹੈ ਤੇ ਨਾਸ ਹੁੰਦੀ ਹੈ)।

ਸੋ, ਉਪਰੋਕਤ ਗੁਰ-ਫ਼ੁਰਮਾਨਾਂ ਤੋਂ ਸਪੱਸ਼ਟ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਰੱਬੀ ਤਖ਼ਤ ਦੀ ਚਰਚਾ ਕਰਦਿਆਂ ਹੋਇਆਂ, ਤਖ਼ਤ ਸ਼ਬਦ ਦਾ ਭਾਵ ਕੋਸ਼ਾਂ ਵਿਚਲਾ ਨਹੀਂ ਲਿਆ ਹੈ। ਅਕਾਲ ਪੁਰਖ ਦਾ ਤਖ਼ਤ ਕਿਸੇ ਇਕ ਵਿਸ਼ੇਸ਼ ਸਥਾਨ 'ਤੇ ਨਹੀਂ,

ਸਗੋਂ ਸਾਰਾ ਸੰਸਾਰ/ਸ੍ਰਿਸ਼ਟੀ ਅਥਵਾ ਕਣ-ਕਣ ਹੀ ਪਰਮਾਤਮਾ ਦਾ ਤਖ਼ਤ ਹੈ। ਪਰਮਾਤਮਾ ਆਪਣੀ ਨਾਨਾ ਪ੍ਰਕਾਰ ਦੀ ਕ੍ਰਿਤ ਵਿਚ ਹੀ ਸਮਾਇਆ ਹੋਇਆ ਹੈ।

ਸਚਾ ਆਪਿ ਤਖਤੁ ਸਚਾ ਬਹਿ ਸਚਾ ਕਰੇ ਨਿਆਉ ॥

(ਵਾਰ ਰਾਮਕਲੀ ਮ: ੩, ਪੰਨਾ 949)

ਅਰਥ : ਪ੍ਰਭੂ ਆਪ ਸਦਾ ਇਕ-ਰਸ ਰਹਿਣ ਵਾਲਾ ਹੈ, (ਜਗਤ-ਰੂਪ ਉਸ ਦਾ) ਤਖ਼ਤ (ਭੀ) (ਉਸੇ ਦਾ ਸਰੂਪ) ਸੱਚਾ ਹੈ, (ਇਸ ਤਖ਼ਤ ਉੱਤੇ) ਬੈਠ ਕੇ ਉਹ ਅਟੱਲ ਨਿਆਂ ਕਰ ਰਿਹਾ ਹੈ।

ਤਖਤਿ ਨਿਵਾਸੁ ਸਚੁ ਮਨਿ ਭਾਣੈ ॥੧੭॥ *(ਬਿਲਾਵਲੁ ਮ: ੧, ਪੰਨਾ 840)*

ਅਰਥ : ਜਿਸ ਮਨੁੱਖ ਨੂੰ ਆਪਣੇ ਮਨ ਵਿਚ ਸਦਾ-ਥਿਰ ਪ੍ਰਭੂ ਪਿਆਰਾ ਲੱਗਣ ਲੱਗ ਪੈਂਦਾ ਹੈ, ਉਸ ਨੂੰ (ਉੱਚੇ ਆਤਮਿਕ ਜੀਵਨ ਦੇ ਰੱਬੀ) ਤਖ਼ਤ ਉੱਤੇ ਨਿਵਾਸ ਮਿਲਦਾ ਹੈ।

ਸਚੈ ਸਚਾ ਤਖਤੁ ਰਚਾਇਆ ॥
ਨਿਜ ਘਰਿ ਵਸਿਆ ਤਿਥੈ ਮੋਹੁ ਨ ਮਾਇਆ ॥
ਸਦ ਹੀ ਸਾਚੁ ਵਸਿਆ ਘਟ ਅੰਤਰਿ ਗੁਰਮੁਖਿ ਕਰਣੀ ਸਾਰੀ ਹੇ ॥੧॥

(ਮਾਰੂ ਮਹਲਾ ੩, ਪੰਨਾ 1050)

ਅਰਥ : ਹੇ ਭਾਈ ! ਸਦਾ ਕਾਇਮ ਰਹਿਣ ਵਾਲੇ ਪਰਮਾਤਮਾ ਨੇ (ਆਪਣੇ 'ਨਿਜ ਘਰ' ਵਿਚ ਬੈਠਣ ਵਾਸਤੇ) ਸਦਾ ਕਾਇਮ ਰਹਿਣ ਵਾਲਾ ਤਖ਼ਤ ਬਣਾ ਰੱਖਿਆ ਹੈ, ਉਸ ਸ੍ਵੈ-ਸਰੂਪ ਵਿਚ ਉਹ ਅਡੋਲ ਬੈਠਾ ਹੈ, ਉਥੇ ਮਾਇਆ ਦਾ ਮੋਹ ਅਸਰ ਨਹੀਂ ਕਰ ਸਕਦਾ। ਹੇ ਭਾਈ ! ਗੁਰੂ ਦੀ ਸ਼ਰਨ ਪੈ ਕੇ ਜਿਹੜਾ ਮਨੁੱਖ (ਹਰਿ-ਨਾਮ ਜਪਣ ਦਾ) ਸ੍ਰੇਸ਼ਟ ਕਰਨ-ਜੋਗ ਕੰਮ ਕਰਦਾ ਹੈ, ਉਸ ਦੇ ਹਿਰਦੇ ਵਿਚ ਉਹ ਸਦਾ-ਥਿਰ ਪ੍ਰਭੂ ਸਦਾ ਵੱਸਦਾ ਹੈ।

ਮੇਰੇ ਠਾਕੁਰ ਪੂਰੈ ਤਖਤਿ ਅਡੋਲੁ ॥
ਗੁਰਮੁਖਿ ਪੂਰਾ ਜੇ ਕਰੇ ਪਾਈਐ ਸਾਚੁ ਅਤੋਲੁ ॥੧॥ਰਹਾਉ॥...
ਪੂਰੋ ਪੂਰੋ ਆਖੀਐ ਪੂਰੈ ਤਖਤਿ ਨਿਵਾਸ ॥
ਪੂਰੈ ਥਾਨਿ ਸੁਹਾਵਣੈ ਪੂਰੈ ਆਸ ਨਿਰਾਸ ॥ *(ਸਿਰੀਰਾਗੁ ਮ: ੧, ਪੰਨਾ 17)*

ਅਰਥ : ਮੇਰੇ ਪਾਲਣਹਾਰ ਪ੍ਰਭੂ ਦਾ ਅਹਿੱਲ ਟਿਕਾਣਾ ਉਸ ਤਖ਼ਤ ਉੱਤੇ ਹੈ ਜੇਹੜਾ (ਪ੍ਰਭੂ ਵਾਂਗ ਹੀ) ਸੰਪੂਰਨ ਹੈ (ਜਿਸ ਵਿਚ ਕੋਈ ਉਕਾਈ ਨਹੀਂ ਹੈ)। ਉਹ ਪ੍ਰਭੂ ਸਦਾ-ਥਿਰ ਰਹਿਣ ਵਾਲਾ ਹੈ, ਉਸ ਦਾ ਤੋਲ-ਮਾਪ ਦੱਸਿਆ ਨਹੀਂ ਜਾ ਸਕਦਾ। ਪੂਰਾ ਗੁਰੂ ਜੇ ਮਿਹਰ ਕਰੇ, ਤਾਂ ਹੀ ਉਹ ਮਿਲ ਸਕਦਾ ਹੈ।੧।ਰਹਾਉ।...ਹਰ ਕੋਈ ਆਖਦਾ ਹੈ ਕਿ ਪਰਮਾਤਮਾ ਵਿਚ ਕੋਈ ਉਕਾਈ ਨਹੀਂ ਹੈ, ਉਸ ਦਾ ਨਿਵਾਸ ਭੀ ਐਸੇ ਤਖ਼ਤ ਉੱਤੇ ਹੈ ਜਿਸ ਵਿਚ ਕੋਈ ਘਾਟ ਨਹੀਂ ਹੈ ਉਹ ਪੂਰਾ ਪ੍ਰਭੂ ਸੋਹਣੇ ਉਕਾਈ-ਹੀਣ ਥਾਂ 'ਤੇ ਬੈਠਾ ਹੈ ਤੇ ਟੁੱਟੇ ਦਿਲਾਂ ਵਾਲੇ ਬੰਦਿਆਂ ਦੀਆਂ ਆਸਾਂ ਪੂਰੀਆਂ ਕਰਦਾ ਹੈ।

ਰਸਿ ਰਸਿਆ ਮਤਿ ਏਕੈ ਭਾਇ ॥
ਤਖਤ ਨਿਵਾਸੀ ਪੰਚ ਸਮਾਇ ॥

ਕਾਰ ਕਮਾਈ ਖਸਮ ਰਜਾਇ॥
ਅਵਿਗਤ ਨਾਥੁ ਨ ਲਖਿਆ ਜਾਇ॥ *(ਆਸਾ ਮ: ੧, ਪੰਨਾ 411)*

ਅਰਥ : (ਹੇ ਜੋਗੀ!) ਜਿਸ ਮਨੁੱਖ ਦਾ ਮਨ ਨਾਮ-ਰਸ ਵਿਚ ਭਿੱਜ ਜਾਂਦਾ ਹੈ; ਜਿਸ ਦੀ ਮਤਿ ਇਕ ਪ੍ਰਭੂ ਦੇ ਪ੍ਰੇਮ ਵਿਚ ਭਿੱਜ ਜਾਂਦੀ ਹੈ, ਉਹ ਕਾਮਾਦਿਕ ਪੰਜਾਂ ਨੂੰ ਮੁਕਾ ਕੇ ਅੰਤਰ-ਆਤਮੇ ਅਡੋਲ ਹੋ ਜਾਂਦਾ ਹੈ, ਖ਼ਸਮ-ਪ੍ਰਭੂ ਦੀ ਰਜ਼ਾ ਵਿਚ ਤੁਰਨਾ ਉਸ ਦੀ ਨਿੱਤ ਦੀ ਕਾਰ, ਨਿੱਤ ਦੀ ਕਮਾਈ ਹੋ ਜਾਂਦੀ ਹੈ। ਉਹ ਮਨੁੱਖ ਉਸ 'ਨਾਥ' ਦਾ ਰੂਪ ਹੋ ਜਾਂਦਾ ਹੈ, ਜੋ ਅਦ੍ਰਿਸ਼ਟ ਹੈ ਤੇ ਜਿਸ ਦਾ ਸਰੂਪ ਦੱਸਿਆ ਨਹੀਂ ਜਾ ਸਕਦਾ।

ਮੂ ਥੀਆਊ ਤਖਤੁ ਪਿਰੀ ਮਹਿੰਜੇ ਪਾਤਿਸਾਹ॥
ਪਾਵ ਮਿਲਾਵੇ ਕੋਲਿ ਕਵਲ ਜਿਵੈ ਬਿਗਸਾਵਦੋ॥੧॥

(ਵਾਰ ਮਾਰੂ ਮ: ੫, ਪੰਨਾ 1098)

ਅਰਥ : ਹੇ ਮੇਰੇ ਪਤੀ ਪਾਤਿਸ਼ਾਹ! ਮੈਂ (ਤੇਰੇ ਬੈਠਣ ਲਈ) ਆਪਣੇ ਹਿਰਦੇ ਨੂੰ ਤਖ਼ਤ ਬਣਾਇਆ ਹੈ। ਜਦੋਂ ਤੂੰ ਆਪਣੇ ਚਰਨ ਮੇਰੇ ਹਿਰਦੇ-ਤਖ਼ਤ ਨਾਲ ਛੁਹਾਂਦਾ ਹੈਂ, ਮੈਂ ਕੌਲ ਫੁੱਲ ਵਾਂਗ ਖਿੜ ਪੈਂਦਾ ਹਾਂ।

ਸਭੁ ਕੋ ਆਸੈ ਤੇਰੀ ਬੈਠਾ॥
ਘਟ ਘਟ ਅੰਤਰਿ ਤੂੰਹੈ ਵੁਠਾ॥
ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥

(ਮਾਝ ਮਹਲਾ ੫, ਪੰਨਾ 97)

ਅਰਥ : ਹੇ ਦਾਤਾਰ! ਹਰੇਕ ਜੀਵ ਤੇਰੀ (ਬਖ਼ਸ਼ਸ਼ ਦੀ) ਆਸ ਰੱਖੀ ਬੈਠਾ ਹੈ, ਹਰੇਕ ਸਰੀਰ ਵਿਚ ਤੂੰ ਆਪ ਹੀ ਵੱਸ ਰਿਹਾ ਹੈਂ। (ਦੁਨੀਆਂ ਦੇ) ਸਾਰੇ ਜੀਅ ਜੰਤ ਤੇਰੇ ਨਾਲ ਹੀ ਸਾਂਝ ਰੱਖਣ ਵਾਲੇ ਅਖਵਾਂਦੇ ਹਨ। ਕੋਈ ਜੀਵ ਐਸਾ ਨਹੀਂ ਦਿੱਸਦਾ, ਜੋ ਤੈਥੋਂ ਵੱਖਰਾ ਹੋਵੇ (ਜਿਸ ਵਿਚ ਤੂੰ) ਨਾਹ ਹੋਵੇਂ।

ਆਪੇ ਤਖਤਿ ਬਹੈ ਸਚੁ ਨਿਆਈ ਸਭ ਚੂਕੀ ਕੂਕ ਪੁਕਾਰਿਆ ਜੀਉ॥੩॥

(ਮਾਝ ਮਹਲਾ ੫, ਪੰਨਾ 97)

ਅਰਥ : ਉਹ ਸਦਾ-ਥਿਰ ਰਹਿਣ ਵਾਲਾ ਪ੍ਰਭੂ ਆਪ ਹੀ ਤਖ਼ਤ ਉੱਤੇ ਬੈਠਾ ਹੋਇਆ ਹੈ ਤੇ ਨਿਆਂ ਕਰ ਰਿਹਾ ਹੈ (ਇਸ ਵਾਸਤੇ ਸੁਖ ਆਵੇ ਚਾਹੇ ਦੁਖ ਵਾਪਰੇ, ਮੇਰੀ) ਸਾਰੀ ਗਿਲਾ-ਗੁਜ਼ਾਰੀ ਮੁੱਕ ਚੁੱਕੀ ਹੈ।

ਤਖਤਿ ਬੈਠਾ ਅਰਜਨ ਗੁਰੂ ਸਤਿਗੁਰ ਕਾ ਖਿਵੈ ਚੰਦੋਆ॥

(ਵਾਰ ਰਾਮਕਲੀ ਰਾਇ ਬਲਵੰਡਿ, ਪੰਨਾ 968)

ਅਰਥ : (ਉਸ ਨਵੇਂ ਨਿਰੋਏ ਪ੍ਰਭੂ ਦੇ ਬਖ਼ਸ਼ੇ) ਤਖ਼ਤ ਉੱਤੇ (ਜਿਸ ਉੱਤੇ ਪਹਿਲੇ ਚਾਰੇ ਗੁਰੂ ਆਪੋ-ਆਪਣੇ ਸਮੇਂ ਰੌਸ਼ਨ ਹੋਏ ਸਨ, ਹੁਣ) ਗੁਰੂ ਅਰਜਨ (ਸਾਹਿਬ) ਬੈਠਾ ਹੋਇਆ ਹੈ, ਸਤਿਗੁਰੂ ਦਾ ਚੰਦੋਆ ਚਮਕ ਰਿਹਾ ਹੈ, (ਭਾਵ, ਸਤਿਗੁਰੂ ਅਰਜਨ ਸਾਹਿਬ ਦਾ ਤੇਜ-ਪ੍ਰਤਾਪ ਸਾਰੇ ਪਸਰ ਰਿਹਾ ਹੈ)।

ਤਖਤਿ ਬਹੈ ਅਦਲੀ ਪ੍ਰਭੁ ਆਪੇ ਭਰਮੁ ਭੇਦੁ ਭਉ ਜਾਈ ਹੇ॥੧੦॥

(ਮਾਰੂ ਮਹਲਾ ੧, ਪੰਨਾ 1022)

ਅਰਥ : ਨਿਆਂ ਕਰਨ ਵਾਲਾ ਪ੍ਰਭੂ ਆਪ ਹੀ ਤਖ਼ਤ ਉੱਤੇ ਬੈਠਾ ਹੋਇਆ ਹੈ, (ਉਸ ਦੀ ਆਪਣੀ ਹੀ ਮੇਹਰ ਨਾਲ ਜਗਤ ਵਿੱਚੋਂ) ਭਟਕਣਾ, (ਪਰਸਪਰ) ਵਿੱਥ ਤੇ ਡਰ-ਸਹਿਮ ਦੂਰ ਹੁੰਦਾ ਹੈ।

ਤਿਨ ਕਉ ਤਖਤਿ ਮਿਲੀ ਵਡਿਆਈ ॥
ਨਿਰਭਉ ਮਨਿ ਵਸਿਆ ਲਿਵ ਲਾਈ ॥
ਖੰਡੀ ਬ੍ਰਹਮੰਡੀ ਪਾਤਾਲੀ ਪੁਰੀਈ ਤ੍ਰਿਭਵਣ ਤਾੜੀ ਲਾਈ ਹੇ ॥

(ਮਾਰੂ ਮਹਲਾ ੧, ਪੰਨਾ 1023)

ਅਰਥ : ਜੇਹੜਾ ਪਰਮਾਤਮਾ ਸਾਰੇ ਖੰਡਾਂ, ਬ੍ਰਹਿਮੰਡਾਂ, ਪਾਤਾਲਾਂ ਅਤੇ ਮੰਡਲਾਂ ਵਿਚ ਤਿੰਨਾਂ ਹੀ ਭਵਨਾਂ ਵਿਚ ਗੁਪਤ ਰੂਪ ਵਿਚ ਵਿਆਪਕ ਹੈ, ਉਹ ਨਿਰਭਉ ਪ੍ਰਭੂ ਜਿਨ੍ਹਾਂ ਮਨੁੱਖਾਂ ਦੇ ਮਨ ਵਿਚ ਵੱਸ ਪੈਂਦਾ ਹੈ, ਜੇਹੜੇ ਮਨੁੱਖ ਉਸ ਪ੍ਰਭੂ ਦੀ ਯਾਦ ਵਿਚ ਜੁੜਦੇ ਹਨ (ਉਹ, ਮਾਨੋ, ਆਤਮਿਕ ਮੰਡਲ ਵਿਚ ਬਾਦਸ਼ਾਹ ਬਣ ਜਾਂਦੇ ਹਨ), ਉਹਨਾਂ ਨੂੰ ਤਖ਼ਤ ਉੱਤੇ ਬੈਠਣ ਦੀ ਵਡਿਆਈ ਮਿਲਦੀ ਹੈ (ਉਹ ਸਦਾ ਆਪਣੇ ਹਿਰਦੇ-ਤਖ਼ਤ ਉੱਤੇ ਬੈਠਦੇ ਹਨ)।

ਸਾਚੀ ਨਗਰੀ ਤਖਤੁ ਸਚਾਵਾ ॥
ਗੁਰਮੁਖਿ ਸਾਚੁ ਮਿਲੈ ਸੁਖੁ ਪਾਵਾ ॥
ਸਾਚੇ ਸਾਚੈ ਤਖਤਿ ਵਡਾਈ ਹਉਮੈ ਗਣਤ ਗਵਾਈ ਹੇ ॥੧੧॥

(ਮਾਰੂ ਮਹਲਾ ੧, ਪੰਨਾ 1023)

ਸਚੀ ਕੀਮਤਿ ਪਾਇ ਤਖਤੁ ਰਚਾਇਆ ॥ *(ਵਾਰ ਮਲਾਰ ਮ: ੧, ਪੰਨਾ 1279)*

ਅਰਥ : (ਪ੍ਰਭੂ ਨੇ) ਸਦਾ ਅਟੱਲ ਰਹਿਣ ਵਾਲੇ ਮੁੱਲ ਵਾਲੀ (ਆਪਣੀ ਸੱਤਿਆ) ਪਾ ਕੇ (ਇਹ ਜਗਤ, ਮਾਨੋ, ਆਪਣਾ) ਤਖ਼ਤ ਬਣਾਇਆ ਹੈ, ਇਸ ਵਿਚ ਦੁਨੀਆਂ (ਦੇ ਜੀਵਾਂ) ਨੂੰ ਧੰਧੇ ਵਿਚ ਰੁੰਨ੍ਹ ਕੇ (ਪ੍ਰਭੂ ਨੇ) ਆਪਣੇ ਆਪ ਨੂੰ ਲੁਕਾ ਰੱਖਿਆ ਹੈ।

ਤੁਧੁ ਸਰਿ ਅਵਰੁ ਨ ਕੋਇ ਕਿ ਆਖਿ ਵਖਾਣਿਆ ॥
ਸਚੈ ਤਖਤਿ ਨਿਵਾਸੁ ਹੋਰ ਆਵਣ ਜਾਣਿਆ ॥੧॥

(ਵਾਰ ਮਲਾਰ ਮ: ੧, ਪੰਨਾ 1279)

ਅਰਥ : (ਹੇ ਪ੍ਰਭੂ !) (ਤੇਰੀ ਇਸ ਅਸਚਰਜ ਖੇਡ ਦਾ) ਕੀਹ ਬਿਆਨ ਕਰੀਏ ? ਤੇਰੇ ਵਰਗਾ ਹੋਰ ਕੋਈ ਨਹੀਂ ਹੈ; ਤੂੰ ਤਾਂ ਸਦਾ ਕਾਇਮ ਰਹਿਣ ਵਾਲੇ ਤਖ਼ਤ ਉੱਤੇ ਬੈਠਾ ਹੈਂ ਤੇ ਹੋਰ (ਸ੍ਰਿਸ਼ਟੀ) ਜੰਮਦੀ ਹੈ (ਪੈਦਾ ਹੁੰਦੀ ਹੈ ਤੇ ਨਾਸ ਹੁੰਦੀ ਹੈ)।

ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ ॥

(ਸਵਈਏ ਮਹਲੇ ਚਉਥੇ ਕੇ ੪, ਪੰਨਾ 1399)

ਅਰਥ : ਉਸ (ਅਕਾਲ ਪੁਰਖ) ਨੇ ਗੁਰੂ ਰਾਮਦਾਸ (ਜੀ) ਨੂੰ ਰਾਜ ਤੇ ਜੋਗ (ਵਾਲਾ) ਤਖ਼ਤ ਦਿੱਤਾ ਹੈ।

ਕਰਨ ਕਰਾਵਨ ਸੋਈ ॥
ਆਨ ਨ ਦੀਸੈ ਕੋਈ ॥

ਠਾਕੁਰੁ ਮੇਰਾ ਸੁਘੜੁ ਸੁਜਾਨਾ ॥
ਗੁਰਮੁਖਿ ਮਿਲਿਆ ਰੰਗੁ ਮਾਨਾ ॥੧॥
ਐਸੋ ਰੇ ਹਰਿ ਰਸੁ ਮੀਠਾ ॥
ਗੁਰਮੁਖਿ ਕਿਨੈ ਵਿਰਲੈ ਡੀਠਾ ॥੧॥ਰਹਾਉ॥
ਨਿਰਮਲ ਜੋਤਿ ਅੰਮ੍ਰਿਤੁ ਹਰਿ ਨਾਮ ॥
ਪੀਵਤ ਅਮਰ ਭਏ ਨਿਹਕਾਮ ॥
ਤਨੁ ਮਨੁ ਸੀਤਲੁ ਅਗਨਿ ਨਿਵਾਰੀ ॥
ਅਨਦ ਰੂਪ ਪ੍ਰਗਟੇ ਸੰਸਾਰੀ ॥੨॥
ਕਿਆ ਦੇਵਉ ਜਾ ਸਭੁ ਕਿਛੁ ਤੇਰਾ ॥
ਸਦ ਬਲਿਹਾਰਿ ਜਾਉ ਲਖ ਬੇਰਾ ॥
ਤਨੁ ਮਨੁ ਜੀਉ ਪਿੰਡੁ ਦੇ ਸਾਜਿਆ ॥
ਗੁਰ ਕਿਰਪਾ ਤੇ ਨੀਚੁ ਨਿਵਾਜਿਆ ॥੩॥
ਖੋਲਿ ਕਿਵਾਰਾ ਮਹਲਿ ਬੁਲਾਇਆ ॥
ਜੈਸਾ ਸਾ ਤੈਸਾ ਦਿਖਲਾਇਆ ॥
ਕਹੁ ਨਾਨਕ ਸਭੁ ਪੜਦਾ ਤੂਟਾ ॥
ਹਉ ਤੇਰਾ ਤੂ ਮੈ ਮਨਿ ਵੂਠਾ ॥੪॥ *(ਰਾਮਕਲੀ ਮਹਲਾ ੫, ਪੰਨੇ 886-87)*

ਅਰਥ : ਹੇ ਭਾਈ! ਪਰਮਾਤਮਾ ਦੇ ਨਾਮ ਦਾ ਸੁਆਦ ਅਸਚਰਜ ਹੈ, ਮਿੱਠਾ ਹੈ। ਕਿਸੇ ਵਿਰਲੇ ਮਨੁੱਖ ਨੇ ਗੁਰੂ ਦੀ ਸ਼ਰਨ ਪੈ ਕੇ ਉਸ ਦਾ ਦਰਸ਼ਨ ਕੀਤਾ ਹੈ।੧।ਰਹਾਉ।

ਹੇ ਭਾਈ! ਉਹ ਪਰਮਾਤਮਾ ਹੀ ਸਭ ਕੁਝ ਕਰਨ-ਜੋਗ ਹੈ ਅਤੇ (ਸਭ ਵਿਚ ਵਿਆਪਕ ਹੋ ਕੇ ਸਭ ਜੀਵਾਂ ਪਾਸੋਂ) ਕਰਾਵਣ ਵਾਲਾ ਹੈ। (ਕਿਤੇ ਭੀ) ਉਸ ਤੋਂ ਬਿਨਾਂ ਕੋਈ ਦੂਜਾ ਨਹੀਂ ਦਿੱਸਦਾ। ਹੇ ਭਾਈ! ਮੇਰਾ ਉਹ ਮਾਲਕ-ਪ੍ਰਭੂ ਗੰਭੀਰ ਸੁਭਾਉ ਵਾਲਾ ਹੈ ਤੇ ਸਭ ਦੇ ਦਿਲ ਦੀ ਜਾਨਣ ਵਾਲਾ ਹੈ। ਗੁਰੂ ਦੀ ਰਾਹੀਂ, ਜਿਸ ਨੂੰ ਉਹ ਮਿਲ ਪੈਂਦਾ ਹੈ, ਉਹ ਮਨੁੱਖ ਆਤਮਿਕ ਅਨੰਦ ਮਾਣਦਾ ਹੈ।੧।

ਹੇ ਭਾਈ! ਉਸ ਪਰਮਾਤਮਾ ਦਾ ਨੂਰ ਮੈਲ ਰਹਿਤ ਹੈ, ਉਸ ਦਾ ਨਾਮ ਆਤਮਿਕ ਜੀਵਨ ਦੇਣ ਵਾਲਾ ਜਲ ਸਮਝੋ। ਉਸ ਨਾਮ-ਅੰਮ੍ਰਿਤ ਨੂੰ ਪੀਂਦਿਆਂ ਹੀ ਮਨੁੱਖ ਅਟੱਲ ਆਤਮਿਕ ਜੀਵਨ ਵਾਲੇ ਅਤੇ ਵਾਸਨਾ-ਰਹਿਤ ਹੋ ਜਾਂਦੇ ਹਨ। ਉਹਨਾਂ ਦਾ ਤਨ, ਉਹਨਾਂ ਦਾ ਮਨ ਸ਼ਾਂਤ ਹੋ ਜਾਂਦਾ ਹੈ। ਪਰਮਾਤਮਾ (ਉਹਨਾਂ ਦੇ ਅੰਦਰੋਂ ਤ੍ਰਿਸ਼ਨਾ ਦੀ) ਅੱਗ ਬੁਝਾ ਦੇਂਦਾ ਹੈ। ਉਹ ਹਰ ਵੇਲੇ ਅਨੰਦ ਭਰਪੂਰ ਰਹਿੰਦੇ ਹਨ, ਅਤੇ ਜਗਤ ਵਿਚ ਨਾਮਣੇ ਵਾਲੇ ਹੋ ਜਾਂਦੇ ਹਨ।੨।

(ਹੇ ਪ੍ਰਭੂ! ਤੇਰਾ ਉਹ ਨਾਮ-ਅੰਮ੍ਰਿਤ ਪ੍ਰਾਪਤ ਕਰਨ ਵਾਸਤੇ) ਮੈਂ ਤੇਰੇ ਅੱਗੇ ਕੀਹ ਲਿਆ ਧਰਾਂ, ਕਿਉਂਕਿ (ਮੇਰੇ ਪਾਸ ਤਾਂ) ਸਭ ਕੁਝ ਤੇਰਾ ਹੀ ਦਿੱਤਾ ਹੋਇਆ ਹੈ। ਹੇ ਪ੍ਰਭੂ! ਮੈਂ ਤੈਥੋਂ ਸਦਾ ਹੀ ਲੱਖਾਂ ਵਾਰੀ ਸਦਕੇ ਜਾਂਦਾ ਹਾਂ। ਇਹ ਤਨ, ਇਹ ਮਨ, ਇਹ ਜਿੰਦ, ਇਹ ਸਰੀਰ ਦੇ ਕੇ ਤੂੰ ਮੈਨੂੰ ਪੈਦਾ ਕੀਤਾ ਹੈ, ਅਤੇ ਗੁਰੂ ਦੀ ਮਿਹਰ ਨਾਲ ਤੂੰ ਮੈਨੂੰ ਨਿਕਾਰੇ ਨੂੰ ਵਡਿਆਈ ਦਿੱਤੀ ਹੈ।੩।

ਹੇ ਨਾਨਕ ! ਆਖ—(ਹੇ ਪ੍ਰਭੂ ! ਮੇਰੇ ਮਨ ਦੇ) ਕਿਵਾੜ ਖੋਲ੍ਹ ਕੇ ਤੂੰ ਮੈਨੂੰ ਆਪਣੇ ਚਰਨਾਂ ਵਿਚ ਜੋੜ ਲਿਆ ਹੈ, ਤੂੰ ਮੈਨੂੰ ਸਾਖਿਆਤ ਆਪਣਾ ਦੀਦਾਰ ਬਖ਼ਸ਼ਿਆ ਹੈ। (ਤੇਰੇ ਨਾਲੋਂ ਵਿੱਥ ਪਾਣ ਵਾਲਾ ਮੇਰੇ ਅੰਦਰੋਂ) ਸਾਰਾ ਪਰਦਾ ਹੁਣ ਟੁੱਟ ਗਿਆ ਹੈ, ਹੁਣ ਤੂੰ ਮੇਰੇ ਮਨ ਵਿਚ ਆ ਵੱਸਿਆ ਹੈਂ, ਮੈਂ ਤੇਰਾ ਹੋ ਚੁੱਕਾ ਹਾਂ।੪।

ਗੁਰੂ ਗਿਆਨ ਦੁਆਰਾ ਰੱਬੀ ਮਹਿਲ ਵਿਚ ਪਹੁੰਚਣ ਵਾਲਾ ਸ਼ੁਕਰਾਨੇ ਵਿਚ ਇਉਂ ਕਹਿੰਦਾ ਹੈ :

ਬਾਹਰਿ ਢੂਢਨ ਤੇ ਛੂਟਿ ਪਰੇ ਗੁਰਿ ਘਰ ਹੀ ਮਾਹਿ ਦਿਖਾਇਆ ਥਾ ॥
ਅਨਭਉ ਅਚਰਜ ਰੂਪੁ ਪ੍ਰਭ ਪੇਖਿਆ ਮੇਰਾ ਮਨੁ ਛੋਡਿ ਨ ਕਤਹੂ ਜਾਇਆ ਥਾ ॥੧॥
ਮਾਨਕੁ ਪਾਇਓ ਰੇ ਪਾਇਓ ਹਰਿ ਪੂਰਾ ਪਾਇਆ ਥਾ ॥
ਮੋਲਿ ਅਮੋਲੁ ਨ ਪਾਇਆ ਜਾਈ ਕਰਿ ਕਿਰਪਾ ਗੁਰੂ ਦਿਵਾਇਆ ਥਾ ॥੧॥ਰਹਾਉ॥
ਅਦਿਸਟੁ ਅਗੋਚਰੁ ਪਾਰਬ੍ਰਹਮੁ ਮਿਲਿ ਸਾਧੂ ਅਕਥੁ ਕਥਾਇਆ ਥਾ ॥
ਅਨਹਦ ਸਬਦੁ ਦਸਮ ਦੁਆਰਿ ਵਜਿਓ ਤਹ ਅੰਮ੍ਰਿਤ ਨਾਮੁ ਚੁਆਇਆ ਥਾ ॥੨॥
ਤੋਟਿ ਨਾਹੀ ਮਨਿ ਤ੍ਰਿਸਨਾ ਬੂਝੀ ਅਖੁਟ ਭੰਡਾਰ ਸਮਾਇਆ ਥਾ ॥
ਚਰਣ ਚਰਣ ਚਰਣ ਗੁਰ ਸੇਵੇ ਅਘੜੁ ਘੜਿਓ ਰਸੁ ਪਾਇਆ ਥਾ ॥੩॥
ਸਹਜੇ ਆਵਾ ਸਹਜੇ ਜਾਵਾ ਸਹਜੇ ਮਨੁ ਖੇਲਾਇਆ ਥਾ ॥
ਕਹੁ ਨਾਨਕ ਭਰਮੁ ਗੁਰਿ ਖੋਇਆ ਤਾ ਹਰਿ ਮਹਲੀ ਮਹਲੁ ਪਾਇਆ ਥਾ ॥੪॥

(ਮਾਰੂ ਮਹਲਾ ੫, ਪੰਨਾ 1002)

ਅਰਥ : ਹੇ ਭਾਈ ! ਮੈਂ ਮੋਤੀ ਲੱਭ ਲਿਆ ਹੈ, ਮੈਂ ਪੂਰਨ ਪਰਮਾਤਮਾ ਲੱਭ ਲਿਆ ਹੈ। ਹੇ ਭਾਈ ! ਇਹ ਮੋਤੀ ਬਹੁਤ ਅਮੋਲਕ ਹੈ, ਕਿਸੇ ਮੁੱਲ ਤੋਂ ਨਹੀਂ ਮਿਲ ਸਕਦਾ। ਮੈਨੂੰ ਤਾਂ ਇਹ ਮੋਤੀ ਗੁਰੂ ਨੇ ਦਿਵਾ ਦਿੱਤਾ ਹੈ।੧।ਰਹਾਉ।

ਹੇ ਭਾਈ ! ਪਰਮਾਤਮਾ ਇਹਨਾਂ ਅੱਖਾਂ ਨਾਲ ਨਹੀਂ ਦਿੱਸਦਾ, ਸਾਡੇ ਗਿਆਨ-ਇੰਦ੍ਰਿਆਂ ਦੀ ਪਹੁੰਚ ਤੋਂ ਪਰ੍ਹੇ ਹੈ, ਉਸ ਦਾ ਮੁਕੰਮਲ ਸਰੂਰ ਬਿਆਨ ਨਹੀਂ ਕੀਤਾ ਜਾ ਸਕਦਾ। ਹੇ ਭਾਈ! ਗੁਰੂ ਨੂੰ ਮਿਲ ਕੇ ਮੈਂ ਉਸ ਦੀ ਸਿਫ਼ਤਿ-ਸਾਲਾਹ ਕਰਨੀ ਸ਼ੁਰੂ ਕਰ ਦਿੱਤੀ ਹੈ। ਹੇ ਭਾਈ! ਮੇਰੇ ਦਿਮਾਗ਼ ਵਿਚ ਹੁਣ ਹਰ ਵੇਲੇ ਸਿਫ਼ਤਿ-ਸਾਲਾਹ ਦੀ ਬਾਣੀ ਪ੍ਰਭਾਵ ਪਾ ਰਹੀ ਹੈ; ਮੇਰੇ ਅੰਦਰ ਹੁਣ ਹਰ ਵੇਲੇ ਆਤਮਿਕ ਜੀਵਨ ਦੇਣ ਵਾਲਾ ਨਾਮ-ਰਸ ਚੋਅ ਰਿਹਾ ਹੈ।੨।

ਹੇ ਭਾਈ! ਮੇਰੇ ਮਨ ਵਿਚ ਕਦੇ ਨਾਹ ਮੁੱਕਣ ਵਾਲੇ ਨਾਮ-ਖ਼ਜ਼ਾਨੇ ਭਰ ਗਏ ਹਨ, ਇਹਨਾਂ ਖ਼ਜ਼ਾਨਿਆਂ ਵਿਚ ਕਦੇ ਕਮੀ ਨਹੀਂ ਆ ਸਕਦੀ, ਮਨ ਵਿਚ (ਵੱਸ-ਰਹੀ) ਤ੍ਰਿਸ਼ਨਾ (-ਅੱਗ ਦੀ ਲਾਟ) ਬੁੱਝ ਗਈ ਹੈ। ਮੈਂ ਹਰ ਵੇਲੇ ਗੁਰੂ ਦੇ ਚਰਨਾਂ ਦਾ ਆਸਰਾ ਲੈ ਰਿਹਾ ਹਾਂ। ਮੈਂ ਨਾਮ-ਅੰਮ੍ਰਿਤ ਦਾ ਸੁਆਦ ਚੱਖ ਲਿਆ ਹੈ, ਤੇ ਪਹਿਲੀ ਕੋਝੀ ਘਾੜਤ ਵਾਲਾ ਮਨ ਹੁਣ ਸੋਹਣਾ ਬਣ ਗਿਆ ਹੈ।੩।

ਹੇ ਭਾਈ! ਨਾਮ-ਖ਼ਜ਼ਾਨੇ ਦੀ ਬਰਕਤਿ ਨਾਲ ਮੇਰਾ ਮਨ ਹਰ ਵੇਲੇ ਆਤਮਿਕ ਅਡੋਲਤਾ ਵਿਚ ਟਿਕ ਕੇ ਕਾਰ-ਵਿਹਾਰ ਕਰ ਰਿਹਾ ਹੈ, ਮਨ ਸਦਾ ਆਤਮਿਕ ਅਡੋਲਤਾ ਵਿਚ ਖੇਡ ਰਿਹਾ ਹੈ। ਹੇ ਨਾਨਕ ! ਆਖ...(ਜਦੋਂ ਦੀ) ਗੁਰੂ ਨੇ ਮੇਰੀ ਭਟਕਣਾ

ਦੂਰ ਕਰ ਦਿੱਤੀ ਹੈ, ਤਦੋਂ ਤੋਂ ਮੈਂ ਸਦਾ ਅਸਥਿਰ ਟਿਕਾਣੇ ਵਾਲੇ ਹਰੀ (ਦੇ ਚਰਨਾਂ ਵਿਚ) ਟਿਕਾਣਾ ਲੱਭ ਲਿਆ ਹੈ।੪।

ਜਿਨੀ ਆਪੁ ਪਛਾਣਿਆ ਘਰ ਮਹਿ ਮਹਲੁ ਸੁਥਾਇ ॥
ਸਚੇ ਸੇਤੀ ਰਤਿਆ ਸਚੋ ਪਲੈ ਪਾਇ ॥
ਤ੍ਰਿਭਵਣਿ ਸੋ ਪ੍ਰਭੁ ਜਾਣੀਐ ਸਾਚੋ ਸਾਚੈ ਨਾਇ ॥੫॥
ਸਾ ਧਨ ਖਰੀ ਸੁਹਾਵਣੀ ਜਿਨਿ ਪਿਰੁ ਜਾਤਾ ਸੰਗਿ ॥
ਮਹਲੀ ਮਹਲਿ ਬੁਲਾਈਐ ਸੋ ਪਿਰੁ ਰਾਵੇ ਰੰਗਿ ॥
ਸਚਿ ਸੁਹਾਗਣਿ ਸਾ ਭਲੀ ਪਿਰਿ ਮੋਹੀ ਗੁਣ ਸੰਗਿ ॥੬॥

(ਸਿਰੀਰਾਗੁ ਮ: ੧, ਪੰਨਾ 56-57)

ਅਰਥ : (ਗੁਰੂ ਦੀ ਮਤਿ ਉੱਤੇ ਤੁਰ ਕੇ) ਜਿਨ੍ਹਾਂ ਨੇ ਆਪਣੇ ਆਪ ਨੂੰ ਪਛਾਣ ਲਿਆ ਹੈ, ਉਹਨਾਂ ਨੂੰ ਆਪਣੇ ਹਿਰਦੇ-ਰੂਪ ਸੋਹਣੇ ਥਾਂ ਵਿਚ ਹੀ ਪਰਮਾਤਮਾ ਦਾ ਨਿਵਾਸ-ਥਾਂ ਲੱਭ ਪੈਂਦਾ ਹੈ। ਸਦਾ-ਥਿਰ ਪ੍ਰਭੂ ਦੇ ਪਿਆਰ-ਰੰਗ ਵਿਚ ਰੰਗੇ ਰਹਿਣ ਦੇ ਕਾਰਨ ਉਹਨਾਂ ਨੂੰ ਉਹ ਸਦਾ ਕਾਇਮ ਰਹਿਣ ਵਾਲਾ ਮਿਲ ਪੈਂਦਾ ਹੈ। (ਹੇ ਭੋਲੀ ਜੀਵ-ਇਸਤ੍ਰੀ!) ਜੇ ਸੱਚੇ ਪ੍ਰਭੂ ਦੇ ਨਾਮ ਵਿਚ ਜੁੜੇ ਰਹੀਏ, ਤਾਂ ਉਸ ਸਦਾ-ਥਿਰ ਪ੍ਰਭੂ ਨੂੰ ਤਿੰਨਾਂ ਭਵਨਾਂ ਵਿਚ ਵਿਆਪਕ ਪਛਾਣ ਲਈਦਾ ਹੈ।੫।

(ਗੁਰੂ ਦੀ ਸ਼ਰਨ ਪੈ ਕੇ) ਜਿਸ ਜੀਵ-ਇਸਤ੍ਰੀ ਨੇ ਪਤੀ-ਪ੍ਰਭੂ ਨੂੰ ਆਪਣੇ ਅੰਗ-ਸੰਗ ਸਮਝ ਲਿਆ ਹੈ, ਉਹ ਜੀਵ-ਇਸਤ੍ਰੀ ਸੱਚ-ਮੁੱਚ ਸੋਹਣੀ (ਸੋਹਣੀ ਜੀਵਨ ਵਾਲੀ) ਹੋ ਜਾਂਦੀ ਹੈ। ਉਹ ਜੀਵ-ਇਸਤ੍ਰੀ ਪ੍ਰਭੂ ਦੇ ਮਹਲ ਵਿਚ ਸੱਦੀ ਜਾਂਦੀ ਹੈ, ਉਹ ਪ੍ਰਭੂ ਪਤੀ ਪ੍ਰੇਮ-ਰੰਗ ਵਿਚ ਆ ਕੇ ਉਸ ਨੂੰ ਪਿਆਰ ਕਰਦਾ ਹੈ, ਪਤੀ-ਪ੍ਰਭੂ ਨੇ ਆਤਮਿਕ ਗੁਣਾਂ ਨਾਲ ਉਸ ਨੂੰ ਅਜਿਹਾ ਮੋਹ ਲਿਆ ਹੁੰਦਾ ਹੈ ਕਿ ਉਹ ਸਦਾ-ਥਿਰ ਪ੍ਰਭੂ ਵਿਚ ਲੀਨ ਹੋ ਕੇ ਸੁਹਾਗ ਭਾਗ ਵਾਲੀ ਨੇਕ ਬਣ ਜਾਂਦੀ ਹੈ।੬।

ਬੰਦੇ ਸੋ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰੁ

ਆਮ ਪਾਠਕ ਜਦ ਭਿੰਨ-ਭਿੰਨ ਵਿਦਵਾਨਾਂ ਦੀਆਂ ਲਿਖਤਾਂ ਜਾਂ ਉਹਨਾਂ ਦੇ ਵਿਆਖਿਆਨ ਸੁਣਦਾ ਹੈ ਤਾਂ ਇਹ ਪੜ੍ਹ-ਸੁਣ ਕੇ ਕਈ ਵਾਰ ਦੁਬਿਧਾ ਦਾ ਸ਼ਿਕਾਰ ਹੋ ਜਾਂਦਾ ਹੈ ਕਿ ਇਕ ਵਿਦਵਾਨ ਕੁਝ ਆਖ ਰਿਹਾ ਹੈ, ਦੂਜਾ ਵਿਦਵਾਨ ਉਸੇ ਹੀ ਗੱਲ ਬਾਰੇ ਕੁਝ ਹੋਰ ਕਹਿ ਰਿਹਾ ਹੈ। ਇਤਨਾ ਹੀ ਨਹੀਂ ਜਦ ਕੋਈ ਵਿਦਵਾਨ ਸੱਜਣ ਆਪਣੀ ਕਹੀ ਜਾਂ ਲਿਖੀ ਹੋਈ ਗੱਲ ਦੀ ਪ੍ਰਮਾਨਿਕਤਾ ਦਰਸਾਉਣ ਲਈ, ਗੁਰੂ ਗ੍ਰੰਥ ਸਾਹਿਬ ਵਿੱਚੋਂ ਪ੍ਰਮਾਣ ਦੇਂਦਾ ਜਾਂ ਲਿਖਦਾ ਹੈ, ਤਾਂ ਇਹ ਦੁਬਿਧਾ ਹੋਰ ਵੀ ਵੱਧ ਜਾਂਦੀ ਹੈ। ਆਮ ਸਿੱਖ ਗੁਰੂ ਗ੍ਰੰਥ ਸਾਹਿਬ ਵਿਚ ਸ਼ਰਧਾ ਤਾਂ ਅਥਾਹ ਰੱਖਦਾ ਹੈ, ਪਰ ਇਹ ਸ਼ਰਧਾ ਕੇਵਲ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਣ, ਸੁੰਦਰ ਰੁਮਾਲਾ ਚੜ੍ਹਾਉਣ ਆਦਿ ਤਕ ਹੀ ਜ਼ਿਆਦਾਤਰ ਸੀਮਤ ਹੈ। ਇਸ ਲਈ ਆਮ ਸਿੱਖ ਗੁਰੂ ਗ੍ਰੰਥ ਸਾਹਿਬ ਨੂੰ ਵਿਚਾਰ ਸਹਿਤ ਪੜ੍ਹਨ ਵਿਚਾਰਨ ਦੀ ਲੋੜ ਮਹਿਸੂਸ ਹੀ ਨਹੀਂ ਕਰਦਾ। ਜੇਕਰ ਹਰੇਕ ਸਿੱਖ ਗੁਰਬਾਣੀ ਨੂੰ ਧਿਆਨ ਨਾਲ ਵਿਚਾਰਨ ਲੱਗ ਪਵੇ ਤਾਂ ਫਿਰ ਕਿਸੇ ਵੀ ਲੇਖਕ ਜਾਂ ਪ੍ਰਚਾਰਕ ਵਲੋਂ ਗੁਰਬਾਣੀ ਦੇ ਪ੍ਰਮਾਣ ਨੂੰ ਪੜ੍ਹ-ਸੁਣ ਕੇ, ਝੱਟ-ਪੱਟ ਹੀ ਇਸ ਗੱਲ ਨੂੰ ਸਵੀਕਾਰ ਨਹੀਂ ਕਰ ਲਵੇਗਾ ਕਿ ਇਹ ਗੁਰਬਾਣੀ ਦਾ ਸੱਚ ਹੈ। ਉਹ ਇਸ ਗੱਲ ਨੂੰ ਸਮਝਣ ਦਾ ਯਤਨ ਕਰੇਗਾ ਕਿ ਕੀ ਇਹ ਜੋ ਪ੍ਰਮਾਣ ਦਿੱਤਾ ਗਿਆ ਹੈ, ਗੁਰਬਾਣੀ ਵਿਚ ਇਹ ਇਸੇ ਭਾਵਾਰਥ ਵਿਚ ਵਰਤਿਆ ਗਿਆ ਹੈ ਜਾਂ ਕਿਸੇ ਹੋਰ ਭਾਵਾਰਥ ਵਿਚ। ਇਸ ਪੰਗਤੀ ਜਾਂ ਸ਼ਬਦ ਵਿਚ ਬਾਣੀ ਰਚੇਤਿਆਂ ਨੇ ਆਪਣਾ ਮਤ ਦਰਸਾਇਆ ਹੈ ਕਿ ਅਨਮਤੀ ਵਿਚਾਰਧਾਰਾ ਦਾ ਵਰਣਨ ਕੀਤਾ ਹੈ।

ਸੋ ਗੱਲ ਕੀ, ਇਹ ਦੇਖਣਾ/ਜਾਨਣਾ ਨਿਹਾਇਤ ਜ਼ਰੂਰੀ ਹੈ ਕਿ ਜਿਸ ਗੱਲ ਦੀ ਪੁਸ਼ਟੀ ਵਜੋਂ ਗੁਰਬਾਣੀ ਦਾ ਪ੍ਰਮਾਣ ਦਿੱਤਾ ਗਿਆ ਹੈ, ਉਸ ਸ਼ਬਦ ਵਿਚ ਵਾਕਿਆ ਹੀ ਇਹੀ ਪ੍ਰਕਰਣ ਹੈ। ਇਸ ਲਈ ਕਿਸੇ ਲੇਖਕ ਜਾਂ ਪ੍ਰਚਾਰਕ ਵੱਲੋਂ ਕੇਵਲ ਬਾਣੀ ਦਾ ਪ੍ਰਮਾਣ ਦੇਖ-ਸੁਣ ਕੇ ਹੀ ਇਹ ਧਾਰਨਾ ਬਣਾ ਲੈਣੀ ਠੀਕ ਨਹੀਂ ਹੈ ਕਿ ਇਹ ਗੁਰੂ ਗ੍ਰੰਥ ਸਾਹਿਬ ਜੀ ਦੀ ਧਾਰਨਾ ਹੈ। ਇਸ ਤਰ੍ਹਾਂ ਦੀ ਸੋਚ ਨਾਲ ਸਾਨੂੰ ਗੁਰਬਾਣੀ ਦੇ ਸੱਚ ਨੂੰ ਸਮਝਣੋਂ ਉਕਾਈ ਲੱਗਣ ਦੀ ਪੂਰੀ ਪੂਰੀ ਸੰਭਾਵਨਾ ਹੈ। ਇਸ ਲਈ ਕਿਸੇ ਸੱਜਣ ਵਲੋਂ ਪੇਸ਼ ਕੀਤਾ ਗੁਰਬਾਣੀ ਦੇ ਪ੍ਰਮਾਣ ਨੂੰ ਬਾਣੀ ਰਚੇਤਿਆਂ ਦਾ ਮਤ ਮੰਨਣ ਤੋਂ ਪਹਿਲਾਂ ਇਹ ਦੇਖਣਾ/ਸਮਝਣਾ ਜ਼ਰੂਰੀ ਹੈ ਕਿ ਪੇਸ਼ ਕੀਤੇ ਗੁਰਬਾਣੀ ਦੇ ਫ਼ੁਰਮਾਨ ਵਿਚ ਬਾਣੀ ਰਚੇਤਿਆਂ ਨੇ ਆਪਣਾ ਮਤ ਪ੍ਰਗਟ ਕੀਤਾ ਹੋਇਆ ਹੈ ਜਾਂ ਕਿਸੇ ਦੂਜੇ ਦਾ ਮਤ। ਕਈ ਵਾਰੀ ਵਿਦਵਾਨ ਸੱਜਣ ਗੁਰਬਾਣੀ ਦੇ ਕਿਸੇ ਸ਼ਬਦ ਦੀ ਕੇਵਲ ਅੱਧੀ ਪੰਗਤੀ ਦਾ ਹੀ ਹਵਾਲਾ ਦੇ ਕੇ ਗੁਰੂ ਗ੍ਰੰਥ ਸਾਹਿਬ ਜੀ ਦੀ ਜੀਵਨ-ਜਾਚ ਨੂੰ ਦਰਸਾਉਣ

ਦਾ ਯਤਨ ਕਰਦੇ ਹਨ। ਸਿੱਟੇ ਵਜੋਂ ਬਾਣੀ ਰਚੇਤਿਆਂ ਨੇ ਜੋ ਸੁਨੇਹਾ ਉਸ ਸ਼ਬਦ ਦੁਆਰਾ ਦਿੱਤਾ ਹੈ, ਉਸ ਨੂੰ ਸਮਝਣੋਂ ਅਸੀਂ ਉਕਾਈ ਖਾ ਜਾਂਦੇ ਹਾਂ। ਚੂੰਕਿ ਬਾਣੀ ਰਚੇਤਿਆਂ ਦਾ ਸੰਦੇਸ਼ ਅਗਲੀ ਪੰਗਤੀ ਜਾਂ ਪੂਰੇ ਸ਼ਬਦ ਨੂੰ ਪੜ੍ਹਿਆਂ ਹੀ ਸਪੱਸ਼ਟ ਹੁੰਦਾ ਹੈ। ਮਿਸਾਲ ਦੇ ਤੌਰ 'ਤੇ 'ਅਲਹੁ ਏਕੁ ਮਸੀਤਿ ਬਸਤੁ ਹੈ' ਕਬੀਰ ਸਾਹਿਬ ਜੀ ਦੇ ਪ੍ਰਭਾਤੀ ਰਾਗ 'ਚ ਉਚਾਰਨ ਸ਼ਬਦ ਦੀ ਪਹਿਲੀ ਪੰਗਤੀ ਦਾ ਪ੍ਰਾਰੰਭਕ ਭਾਗ ਹੈ। ਜੇਕਰ ਇਸ ਪੰਗਤੀ ਦੇ ਪਹਿਲੇ ਅੱਧੇ ਹਿੱਸੇ ਦਾ ਅਰਥ ਕਰਾਂਗੇ ਤਾਂ ਅਰਥ ਬਣੇਗਾ ਕਿ ਅੱਲ੍ਹਾ ਮਸੀਤ ਵਿਚ ਵੱਸਦਾ ਹੈ; ਪਰ ਕਬੀਰ ਸਾਹਿਬ ਤਾਂ ਇਸ ਗੱਲ ਦਾ ਖੰਡਨ ਕਰਦਿਆਂ ਕਹਿੰਦੇ ਹਨ ਕਿ ਮੁਸਲਮਾਨ ਭਰਾਵਾਂ ਦੀ ਇਹ ਧਾਰਨਾ ਗ਼ਲਤ ਹੈ ਕਿ ਖ਼ੁਦਾ ਕੇਵਲ ਮਸੀਤ ਵਿਚ ਹੀ ਵੱਸਦਾ ਹੈ। ਇਹ ਭਾਵ ਪੂਰੀ ਤੁਕ ਨੂੰ ਪੜ੍ਹਿਆਂ ਹੀ ਸਪੱਸ਼ਟ ਹੁੰਦਾ ਹੈ। ਪੂਰੀ ਪੰਗਤੀ ਹੈ :

ਅਲਹੁ ਏਕੁ ਮਸੀਤਿ ਬਸਤੁ ਹੈ ਅਵਰੁ ਮੁਲਖੁ ਕਿਸੁ ਕੇਰਾ॥

(ਪ੍ਰਭਾਤੀ ਕਬੀਰ ਜੀ, ਪੰਨਾ 1349)

ਅਰਥ : ਜੇ (ਉਹ) ਇਕ ਖ਼ੁਦਾ (ਸਿਰਫ਼) ਕਾਅਬੇ ਵਿਚ ਵੱਸਦਾ ਹੈ ਤਾਂ ਬਾਕੀ ਦਾ ਮੁਲਕ ਕਿਸ ਦਾ (ਕਿਹਾ ਜਾਏ) ? (ਸੋ, ਮੁਸਲਮਾਨ ਦਾ ਇਹ ਅਕੀਦਾ ਠੀਕ ਨਹੀਂ ਹੈ)।

ਕਈ ਵਾਰ ਕਈ ਸੱਜਣ ਕਿਸੇ ਸ਼ਬਦ ਦੀ ਅਜਿਹੀ ਪੰਗਤੀ ਦਾ ਹਵਾਲਾ ਦੇਂਦੇ ਹਨ, ਜਿਸ ਦੀ ਅਗਲੀ ਜਾਂ ਪਿਛਲੀ ਪੰਗਤੀ ਨੂੰ ਇਕੱਠਿਆਂ ਵਿਚਾਰਨ ਨਾਲ ਹੀ ਭਾਵ ਸਪੱਸ਼ਟ ਹੁੰਦਾ ਹੈ। ਮਿਸਾਲ ਦੇ ਤੌਰ 'ਤੇ :

ਕੋਟਿ ਦਾਨ ਇਸਨਾਨੰ ਅਨਿਕ ਸੋਧਨ ਪਵਿਤ੍ਰਤਹ॥

(ਵਾਰ ਜੈਤਸਰੀ ਮ: ੫, ਪੰਨਾ 706)

ਦੀ ਪੰਗਤੀ ਹੈ। ਇਹ ਜੈਤਸਰੀ ਕੀ ਵਾਰ ਦੀ ਪੰਜਵੀਂ ਪਉੜੀ ਦੇ ਨਾਲ ਜੋ ਦੋ ਸਲੋਕ ਦਰਜ ਹਨ, ਉਨ੍ਹਾਂ ਵਿੱਚੋਂ ਪਹਿਲੇ ਸਲੋਕ ਦੀ ਪਹਿਲੀ ਪੰਗਤੀ ਹੈ। ਇਸ ਪੰਗਤੀ ਦਾ ਸਹੀ ਭਾਵਾਰਥ ਸਮਝਣ ਲਈ ਇਸ ਤੋਂ ਅਗਲੀ ਪੰਗਤੀ ਨੂੰ ਪੜ੍ਹਿਆਂ ਹੀ ਇਸ ਸਲੋਕ ਦਾ ਭਾਵਾਰਥ ਸਪੱਸ਼ਟ ਹੁੰਦਾ ਹੈ। ਅਗਲੀ ਤੁਕ ਹੈ :

ਉਚਰੰਤਿ ਨਾਨਕ ਹਰਿ ਹਰਿ ਰਸਨਾ ਸਰਬ ਪਾਪ ਬਿਮੁਚਤੇ॥

ਹੁਣ ਜਦ ਇਸ ਸਲੋਕ ਦੇ ਅਰਥ ਕਰਾਂਗੇ ਤਾਂ ਭਾਵ ਸਪੱਸ਼ਟ ਹੁੰਦਾ ਹੈ। ਇਸ ਸਲੋਕ ਵਿਚ ਹਜ਼ੂਰ ਫ਼ੁਰਮਾਂਦੇ ਹਨ ਕਿ ਹੇ ਨਾਨਕ! ਜੋ ਮਨੁੱਖ ਜੀਭ ਨਾਲ ਪ੍ਰਭੂ ਦਾ ਨਾਮ ਉਚਾਰਦੇ ਹਨ, ਉਨ੍ਹਾਂ ਦੇ ਸਾਰੇ ਪਾਪ ਨਾਸ ਹੋ ਜਾਂਦੇ ਹਨ। ਸੋ, ਉਨ੍ਹਾਂ ਨੇ (ਮਾਨੋ) ਕ੍ਰੋੜਾਂ (ਰੁਪਏ) ਦਾਨ ਕਰ ਲਏ, ਕ੍ਰੋੜਾਂ ਵਾਰੀ ਤੀਰਥ ਇਸ਼ਨਾਨ ਕਰ ਲਏ ਤੇ ਅਨੇਕਾਂ ਹੀ ਸੁੱਚ ਤੇ ਪਵਿੱਤਰਤਾ ਦੇ ਸਾਧਨ ਕਰ ਲਏ ਹਨ। ਭਾਵ ਪ੍ਰਭੂ ਦੀ ਸਿਫ਼ਤਿ-ਸਾਲਾਹ ਕਰ ਕੇ ਰੱਬੀ ਗੁਣਾਂ ਨੂੰ ਧਾਰਨ ਕਰਨ ਵਾਲਿਆਂ ਪ੍ਰਾਣੀਆਂ ਨੂੰ ਤੀਰਥ ਇਸ਼ਨਾਨ ਅਤੇ ਹੋਰ ਅਜਿਹੀ (ਅਖੌਤੀ) ਪਵਿੱਤਰਤਾ ਦੇ ਸਾਧਨ ਕਰਨ ਦੀ ਲੋੜ ਨਹੀਂ ਹੈ। ਉਹਨਾਂ ਨੂੰ ਇਸ ਗੱਲ ਦੀ ਸਮਝ ਆ ਜਾਂਦੀ ਹੈ ਕਿ ਆਤਮਿਕ ਜੀਵਨ ਲਈ ਇਹਨਾਂ ਕਰਮ-ਕਾਂਡਾਂ ਦੀ ਜ਼ਰੂਰਤ ਨਹੀਂ ਹੈ ਅਥਵਾ ਆਤਮਿਕ ਜੀਵਨ ਵਿਚ ਇਹ ਸਹਾਇਕ ਨਹੀਂ ਹਨ।

ਗੁਰੂ ਗ੍ਰੰਥ ਸਾਹਿਬ ਜੀ ਵਿਚ ਇਸ ਤਰ੍ਹਾਂ ਦੇ ਕਈ ਸ਼ਬਦ ਹਨ, ਜਿਹਨਾਂ ਸ਼ਬਦਾਂ ਦੀ ਇਕ ਜਾਂ ਅੱਧੀ ਪੰਗਤੀ ਨੂੰ ਗੁਰਬਾਣੀ ਦਾ ਸੱਚ ਆਖ ਕੇ ਪ੍ਰਚਾਰਿਆ ਜਾ ਰਿਹਾ ਹੈ। ਗੁਰਮਤਿ ਦਾ ਸਿਧਾਂਤ ਜੇਕਰ ਇਕ ਜਾਂ ਅੱਧੀ ਪੰਗਤੀ ਵਿੱਚੋਂ ਵੀ ਸਪੱਸ਼ਟ ਹੁੰਦਾ ਹੋਵੇ ਤਾਂ ਵਰਤਣ 'ਚ ਕੋਈ ਸੰਕੋਚ ਨਹੀਂ ਹੋਣਾ ਚਾਹੀਦਾ, ਪਰੰਤੂ ਪੂਰੇ ਸ਼ਬਦ ਨੂੰ ਹੀ ਵਿਚਾਰਨ ਦੀ ਲੋੜ ਹੈ। ਗੁਰਬਾਣੀ ਦੇ ਇਸ ਤਰ੍ਹਾਂ ਦੇ ਸ਼ਬਦ ਜਿਨ੍ਹਾਂ ਦੀ ਇਕ ਜਾਂ ਅੱਧੀ ਪੰਗਤੀ ਨੂੰ ਹੀ ਗੁਰਮਤਿ ਸਮਝਿਆ ਜਾ ਰਿਹਾ ਹੈ, ਉਨ੍ਹਾਂ ਵਿੱਚੋਂ ਹੀ ਇਕ ਆਸਾ ਕੀ ਵਾਰ ਦੀ ਛੇਵੀਂ ਪਉੜੀ ਦੇ ਨਾਲ ਦਰਜ ਪਹਿਲੇ ਸਲੋਕ ਦੀ ਦੂਜੀ ਪੰਗਤੀ "ਬੰਦੇ ਸੇ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰੁ" ਹੈ। ਇਸ ਪੰਗਤੀ ਬਾਰੇ ਇਹ ਸਮਝਿਆ ਜਾਂਦਾ ਹੈ ਕਿ ਗੁਰੂ ਨਾਨਕ ਸਾਹਿਬ ਦਾ ਇਹ ਮੰਨਣਾ ਹੈ ਕਿ ਰੱਬ ਦਾ ਦੀਦਾਰ ਦੇਖਣ ਲਈ ਜੋ ਮਨੁੱਖ (ਸ਼ਰ੍ਹਾ ਦੀ) ਬੰਦਸ਼ ਵਿਚ ਪੈਂਦੇ ਹਨ, ਉਹੀ ਰੱਬ ਦੇ ਬੰਦੇ ਹਨ। ਗੁਰੂ ਨਾਨਕ ਸਾਹਿਬ ਨੇ ਇਸ ਪੰਗਤੀ ਵਿਚ ਆਪਣਾ ਮਤ ਪੇਸ਼ ਕੀਤਾ ਹੈ ਜਾਂ ਅਨਮਤ ਦਾ, ਇਸ ਗੱਲ ਦੀ ਚਰਚਾ ਕਰਨ ਤੋਂ ਪਹਿਲਾਂ ਸੰਖੇਪ ਵਿਚ ਸ਼ਰ੍ਹਾ ਸੰਬੰਧੀ ਗੁਰੂ ਗ੍ਰੰਥ ਸਾਹਿਬ ਜੀ ਦੇ ਦ੍ਰਿਸ਼ਟੀਕੋਣ ਨੂੰ ਦੇਖਣ/ਸਮਝਣ ਦਾ ਯਤਨ ਕਰਦੇ ਹਾਂ। ਗੁਰੂ ਗ੍ਰੰਥ ਸਾਹਿਬ ਵਿਚ ਕੇਵਲ ਸ਼ਰ੍ਹਾ ਦੀ ਪਾਬੰਦੀ ਨੂੰ ਹੀ ਆਤਮਿਕ ਉੱਚਤਾ ਦਾ ਲਖਾਇਕ ਨਹੀਂ ਮੰਨਿਆ ਹੈ। ਇਸ ਸੰਬੰਧੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਿਮਨ ਲਿਖਤ ਫ਼ੁਰਮਾਨ ਸਾਨੂੰ ਅਗਵਾਈ ਬਖ਼ਸ਼ਸ਼ ਕਰਦੇ ਹਨ:

(ੳ) **ਸਰੈ ਸਰੀਅਤਿ ਕਰਹਿ ਬੀਚਾਰੁ ॥**
ਬਿਨੁ ਬੂਝੇ ਕੈਸੇ ਪਾਵਹਿ ਪਾਰੁ ॥
ਸਿਦਕੁ ਕਰਿ ਸਿਜਦਾ ਮਨੁ ਕਰਿ ਮਖਸੂਦੁ ॥
ਜਿਹ ਧਿਰਿ ਦੇਖਾ ਤਿਹ ਧਿਰਿ ਮਉਜੂਦੁ ॥ *(ਵਾਰ ਸਿਰੀਰਾਗੁ, ਮ: ੧, ਪੰਨਾ 84)*

ਅਰਥ : ਜੋ ਮਨੁੱਖ ਨਿਰੀ ਸ਼ਰ੍ਹਾ ਆਦਿ (ਭਾਵ, ਬਾਹਰਲੀਆਂ ਧਾਰਮਿਕ ਰਸਮਾਂ) ਦੀ ਹੀ ਵਿਚਾਰ ਕਰਦੇ ਹਨ, ਉਹ (ਜੀਵਨ ਦੇ ਸਹੀ ਮਨੋਰਥ ਨੂੰ) ਸਮਝਣ ਤੋਂ ਬਿਨਾਂ (ਜੀਵਨ ਦਾ) ਪਾਰਲਾ ਕੰਢਾ ਕਿਵੇਂ ਲੱਭ ਸਕਦੇ ਹਨ ? (ਹੇ ਭਾਈ !) ਰੱਬ ਤੇ ਭਰੋਸਾ ਰੱਖ—ਇਹ ਹੈ ਉਸ ਦੇ ਅੱਗੇ ਸਿਰ ਨਿਵਾਉਣਾ, ਆਪਣੇ ਮਨ ਨੂੰ ਰੱਬ ਵਿਚ ਜੋੜਨਾ—ਇਸ ਨੂੰ ਹੀ ਜ਼ਿੰਦਗੀ ਦਾ ਨਿਸ਼ਾਨਾ ਬਣਾ। ਫਿਰ ਜਿਸ ਪਾਸੇ ਵੇਖੀਏ, ਉਸ ਹੀ ਪਾਸੇ ਰੱਬ ਹਾਜ਼ਰ ਦਿੱਸਦਾ ਹੈ।

(ਅ) **ਹਿੰਦੂ ਕੈ ਘਰਿ ਹਿੰਦੂ ਆਵੈ ॥**
ਸੂਤੁ ਜਨੇਊ ਪੜਿ ਗਲਿ ਪਾਵੈ ॥
ਸੂਤੁ ਪਾਇ ਕਰੇ ਬੁਰਿਆਈ ॥
ਨਾਤਾ ਧੋਤਾ ਥਾਇ ਨ ਪਾਈ ॥
ਮੁਸਲਮਾਨੁ ਕਰੇ ਵਡਿਆਈ ॥
ਵਿਣੁ ਗੁਰ ਪੀਰੈ ਕੋ ਥਾਇ ਨ ਪਾਈ ॥
ਰਾਹੁ ਦਸਾਇ ਓਥੈ ਕੋ ਜਾਇ ॥
ਕਰਣੀ ਬਾਝਹੁ ਭਿਸਤਿ ਨ ਪਾਇ ॥

ਜੋਗੀ ਕੈ ਘਰਿ ਜੁਗਤਿ ਦਸਾਈ॥
ਤਿਤੁ ਕਾਰਣਿ ਕਨਿ ਮੁੰਦ੍ਰਾ ਪਾਈ॥
ਮੁੰਦ੍ਰਾ ਪਾਇ ਫਿਰੈ ਸੰਸਾਰਿ॥
ਜਿਥੈ ਕਿਥੈ ਸਿਰਜਣਹਾਰੁ॥
ਜੇਤੇ ਜੀਅ ਤੇਤੇ ਵਾਟਾਊ॥
ਚੀਰੀ ਆਈ ਢਿਲ ਨ ਕਾਊ॥
ਏਥੈ ਜਾਣੈ ਸੁ ਜਾਇ ਸਿਞਾਣੈ॥
ਹੋਰੁ ਫਕੜੁ ਹਿੰਦੂ ਮੁਸਲਮਾਣੈ॥
ਸਭਨਾ ਕਾ ਦਰਿ ਲੇਖਾ ਹੋਇ॥
ਕਰਣੀ ਬਾਝਹੁ ਤਰੈ ਨ ਕੋਇ॥
ਸਚੋ ਸਚੁ ਵਖਾਣੈ ਕੋਇ॥
ਨਾਨਕ ਅਗੈ ਪੁਛ ਨ ਹੋਇ॥ *(ਵਾਰ ਰਾਮਕਲੀ, ਮਹਲਾ ੧, ਪੰਨਾ 952)*

ਅਰਥ : (ਕਿਸੇ ਖੱਤ੍ਰੀ ਆਦਿਕ) ਹਿੰਦੂ ਦੇ ਘਰ ਵਿਚ ਬ੍ਰਾਹਮਣ ਆਉਂਦਾ ਹੈ ਤੇ (ਮੰਤ੍ਰ ਆਦਿਕ) ਪੜ੍ਹ ਕੇ (ਉਸ ਖੱਤ੍ਰੀ ਦੇ) ਗਲ ਵਿਚ ਧਾਗਾ ਜਨੇਊ ਪਾ ਦੇਂਦਾ ਹੈ; (ਇਹ ਮਨੁੱਖ ਜਨੇਊ ਤਾਂ ਪਾ ਲੈਂਦਾ ਹੈ, ਪਰ) ਜਨੇਊ ਪਾ ਕੇ ਭੀ ਮੰਦ-ਕਰਮ ਕਰੀ ਜਾਂਦਾ ਹੈ (ਇਸ ਤਰ੍ਹਾਂ ਨਿੱਤ) ਨ੍ਹਾਉਣ-ਧੋਣ ਨਾਲ ਉਹ (ਪ੍ਰਭੂ ਦੇ ਦਰ 'ਤੇ) ਕਬੂਲ ਨਹੀਂ ਹੋ ਜਾਂਦਾ।

ਮੁਸਲਮਾਨ ਮਨੁੱਖ (ਦੀਨ ਦੀ) ਵਡਿਆਈ ਕਰਦਾ ਹੈ, ਪਰ ਜੇ ਗੁਰੂ ਪੀਰ ਦੇ ਹੁਕਮ ਵਿਚ ਨਹੀਂ ਤੁਰਦਾ ਤਾਂ (ਦਰਗਾਹ ਵਿਚ) ਕਬੂਲ ਨਹੀਂ ਹੋ ਸਕਦਾ; (ਬਹਿਸ਼ਤ ਦਾ) ਰਸਤਾ ਤਾਂ ਹਰ ਕੋਈ ਪੁੱਛਦਾ ਹੈ, ਪਰ ਉਸ ਰਸਤੇ ਉੱਤੇ ਤੁਰਦਾ ਕੋਈ ਵਿਰਲਾ ਹੀ ਹੈ ਤੇ ਨੇਕ ਅਮਲਾਂ ਤੋਂ ਬਿਨਾਂ ਬਹਿਸ਼ਤ ਮਿਲਦਾ ਨਹੀਂ ਹੈ।

ਜੋਗੀ ਦੇ ਡੇਰੇ 'ਤੇ (ਮਨੁੱਖ ਜੋਗ ਦੀ) ਜੁਗਤਿ ਪੁੱਛਣ ਜਾਂਦਾ ਹੈ, ਉਸ ('ਜੁਗਤਿ') ਦੀ ਖ਼ਾਤਰ ਕੰਨ ਵਿਚ ਮੁੰਦ੍ਰਾਂ ਪਾ ਲੈਂਦਾ ਹੈ; ਮੁੰਦ੍ਰਾਂ ਪਾ ਕੇ ਸੰਸਾਰ ਵਿਚ ਚੱਕਰ ਲਾਂਦਾ ਹੈ (ਭਾਵ, ਗ੍ਰਿਹਸਤ ਛੱਡ ਕੇ ਬਾਹਰ ਜਗਤ ਵਿਚ ਭਉਂਦਾ ਹੈ), ਪਰ ਸਿਰਜਣਹਾਰ ਤਾਂ ਹਰ ਥਾਂ ਮੌਜੂਦ ਹੈ (ਬਾਹਰ ਜੰਗਲਾਂ ਵਿਚ ਭਾਲਣਾ ਵਿਅਰਥ ਹੈ)।

(ਜਗਤ ਵਿਚ) ਜਿਤਨੇ ਭੀ ਜੀਵ (ਆਉਂਦੇ) ਹਨ ਸਾਰੇ ਮੁਸਾਫ਼ਰ ਹਨ, ਜਿਸ ਜਿਸ ਨੂੰ ਸੱਦਾ ਆਉਂਦਾ ਹੈ, ਉਹ ਇਥੇ ਢਿੱਲ ਨਹੀਂ ਲਾ ਸਕਦਾ; ਜਿਸ ਨੇ ਇਸ ਜਨਮ ਵਿਚ ਰੱਬ ਨੂੰ ਪਛਾਣ ਲਿਆ ਹੈ ਉਹ (ਪਰਲੋਕ ਵਿਚ) ਜਾ ਕੇ ਭੀ ਪਛਾਣ ਲੈਂਦਾ ਹੈ (ਜੇ ਇਹ ਉੱਦਮ ਨਹੀਂ ਕੀਤਾ ਤਾਂ) ਹੋਰ ਦਾਅਵਾ ਕਿ ਮੈਂ ਹਿੰਦੂ ਹਾਂ ਜਾਂ ਮੁਸਲਮਾਨ ਹਾਂ, ਸਭ ਫੋਕਾ ਹੈ। (ਹਿੰਦੂ ਹੋਵੇ ਚਾਹੇ ਮੁਸਲਮਾਨ) ਹਰੇਕ ਦੇ ਅਮਲਾਂ ਦਾ ਲੇਖਾ ਪ੍ਰਭੂ ਦੀ ਹਜ਼ੂਰੀ ਵਿਚ ਹੁੰਦਾ ਹੈ, ਆਪਣੇ ਨੇਕ ਅਮਲਾਂ ਤੋਂ ਬਿਨਾਂ ਕਦੇ ਕੋਈ ਪਾਰ ਨਹੀਂ ਲੰਘਿਆ। ਜੋ ਮਨੁੱਖ (ਐਸ ਜਨਮ ਵਿਚ) ਕੇਵਲ ਸੱਚੇ ਰੱਬ ਨੂੰ ਯਾਦ ਕਰਦਾ ਹੈ, ਹੇ ਨਾਨਕ! ਪਰਲੋਕ ਵਿਚ ਉਸ ਨੂੰ ਲੇਖਾ ਨਹੀਂ ਪੁੱਛਿਆ ਜਾਂਦਾ।

ਇਨ੍ਹਾਂ ਉਪਰੋਕਤ ਗੁਰ-ਫ਼ੁਰਮਾਨਾਂ ਵਿਚ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ਰ੍ਹਾ ਦੇ

ਬੰਧੇਜ ਸੰਬੰਧੀ ਦ੍ਰਿਸ਼ਟੀਕੋਣ ਬਿਲਕੁਲ ਸਪੱਸ਼ਟ ਹੈ। ਗੁਰੂ ਗ੍ਰੰਥ ਸਾਹਿਬ ਦੇ ਸ਼ਰ੍ਹਾ ਸੰਬੰਧੀ ਦ੍ਰਿਸ਼ਟੀਕੋਣ ਦੀ ਸੰਖੇਪ ਵਿਚ ਚਰਚਾ ਕਰਨ ਮਗਰੋਂ ਗੁਰੂ ਗ੍ਰੰਥ ਸਾਹਿਬ ਦੀ ਇਸ ਪੰਗਤੀ "ਬੰਦੇ ਸੇ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰੁ" ਨੂੰ ਵਿਚਾਰਦੇ ਹਾਂ। ਇਸ ਪੰਗਤੀ ਵਿਚ ਗੁਰਬਾਣੀ ਦਾ ਸੱਚ ਬਿਆਨ ਨਹੀਂ ਕੀਤਾ ਗਿਆ ਹੈ। ਚੂੰਕਿ ਗੁਰਦੇਵ ਇਸ ਸਲੋਕ ਦੀ ਇਸ ਪੰਗਤੀ ਵਿਚ ਆਪਣੇ ਮਤ ਦਾ ਨਹੀਂ, ਬਲਕਿ ਇਸਲਾਮ ਦੇ ਪੈਰੋਕਾਰਾਂ ਦੇ ਮਤ ਦਾ ਵਰਣਨ ਕੀਤਾ ਹੈ। ਇਸ ਸਲੋਕ ਨੂੰ ਧਿਆਨ ਨਾਲ ਪੜ੍ਹਨ-ਵਿਚਾਰਨ ਨਾਲ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਇਸ ਸਲੋਕ ਵਿਚ ਸਤਿਗੁਰੂ ਜੀ ਨੇ ਆਪਣਾ ਮਤ ਵਰਣਨ ਕਰਨ ਤੋਂ ਪਹਿਲਾਂ ਇਸਲਾਮ, ਹਿੰਦੂ ਅਤੇ ਜੋਗੀਆਂ ਆਦਿ ਦੀ ਧਾਰਨਾ ਦਾ ਵਰਣਨ ਕੀਤਾ ਹੈ ਅਤੇ ਅੰਤ ਵਿਚ ਆਪਣਾ ਮਤ ਦਰਸਾਇਆ ਹੈ। ਪੂਰਾ ਸਲੋਕ ਇਸ ਪ੍ਰਕਾਰ ਹੈ :

ਮੁਸਲਮਾਨਾ ਸਿਫਤਿ ਸਰੀਅਤਿ ਪੜਿ ਪੜਿ ਕਰਹਿ ਬੀਚਾਰੁ ॥
ਬੰਦੇ ਸੇ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰੁ ॥
ਹਿੰਦੂ ਸਾਲਾਹੀ ਸਾਲਾਹਨਿ ਦਰਸਨਿ ਰੂਪਿ ਅਪਾਰੁ ॥
ਤੀਰਥਿ ਨਾਵਹਿ ਅਰਚਾ ਪੂਜਾ ਅਗਰ ਵਾਸੁ ਬਹਕਾਰੁ ॥
ਜੋਗੀ ਸੁੰਨਿ ਧਿਆਵਨਿ੍ ਜੇਤੇ ਅਲਖ ਨਾਮੁ ਕਰਤਾਰੁ ॥
ਸੂਖਮ ਮੂਰਤਿ ਨਾਮੁ ਨਿਰੰਜਨ ਕਾਇਆ ਕਾ ਆਕਾਰੁ ॥
ਸਤੀਆ ਮਨਿ ਸੰਤੋਖੁ ਉਪਜੈ ਦੇਣੈ ਕੈ ਵੀਚਾਰਿ ॥
ਦੇ ਦੇ ਮੰਗਹਿ ਸਹਸਾ ਗੂਣਾ ਸੋਭ ਕਰੇ ਸੰਸਾਰੁ ॥
ਚੋਰਾ ਜਾਰਾ ਤੈ ਕੂੜਿਆਰਾ ਖਾਰਾਬਾ ਵੇਕਾਰ ॥
ਇਕਿ ਹੋਦਾ ਖਾਇ ਚਲਹਿ ਐਥਾਊ ਤਿਨਾ ਭਿ ਕਾਈ ਕਾਰ ॥
ਜਲਿ ਥਲਿ ਜੀਆ ਪੁਰੀਆ ਲੋਆ ਆਕਾਰਾ ਆਕਾਰ ॥
ਓਇ ਜਿ ਆਖਹਿ ਸੁ ਤੂੰਹੈ ਜਾਣਹਿ ਤਿਨਾ ਭਿ ਤੇਰੀ ਸਾਰ ॥
ਨਾਨਕ ਭਗਤਾ ਭੁਖ ਸਾਲਾਹਣੁ ਸਚੁ ਨਾਮੁ ਆਧਾਰੁ ॥
ਸਦਾ ਅਨੰਦਿ ਰਹਹਿ ਦਿਨੁ ਰਾਤੀ ਗੁਣਵੰਤਿਆ ਪਾ ਛਾਰੁ ॥

(ਵਾਰ ਆਸਾ ਮ: ੧, ਪੰਨਾ 466)

ਅਰਥ : ਮੁਸਲਮਾਨਾਂ ਨੂੰ ਸ਼ਰ੍ਹਾ ਦੀ ਵਡਿਆਈ (ਸਭ ਤੋਂ ਵਧੀਕ ਚੰਗੀ ਲੱਗਦੀ ਹੈ), ਉਹ ਸ਼ਰ੍ਹਾ ਨੂੰ ਪੜ੍ਹ-ਪੜ੍ਹ ਕੇ (ਇਹ) ਵਿਚਾਰ ਕਰਦੇ ਹਨ (ਕਿ) ਰੱਬ ਦਾ ਦੀਦਾਰ ਦੇਖਣ ਲਈ ਜੋ ਮਨੁੱਖ (ਸ਼ਰ੍ਹਾ ਦੀ) ਬੰਦਸ਼ ਵਿਚ ਪੈਂਦੇ ਹਨ, ਉਹੀ ਰੱਬ ਦੇ ਬੰਦੇ ਹਨ।

[*ਨੋਟ :* ਪ੍ਰੋਫ਼ੈਸਰ ਸਾਹਿਬ ਸਿੰਘ ਜੀ ਨੇ ਇਸ ਪੰਗਤੀ ਦੇ ਅਰਥ ਕਰਨ ਉਪਰੰਤ ਨੋਟ ਵਿਚ ਲਿਖਿਆ ਹੈ : "ਗੁਰਬਾਣੀ ਨੂੰ ਗਹੁ ਨਾਲ ਪੜ੍ਹ ਕੇ ਵਿਚਾਰਨ ਵਾਲੇ ਸੱਜਣ ਜਾਣਦੇ ਹਨ ਕਿ ਜਦੋਂ ਕਦੇ ਸਤਿਗੁਰੂ ਜੀ ਕਿਸੇ ਇਕ ਜਾਂ ਕਈ ਮਤਾਂ 'ਤੇ ਕੋਈ ਵਿਚਾਰ ਕਰਦੇ ਹਨ, ਤਾਂ ਪਹਿਲਾਂ ਆਪ ਉਹਨਾਂ ਮਤਾਂ ਦੇ ਖ਼ਿਆਲ ਲਿਖਦੇ ਹਨ, ਅੰਤ ਵਿਚ ਆਪਣਾ ਮਤ ਪੇਸ਼ ਕਰਦੇ ਹਨ। ਇਸ ਸਲੋਕ ਦੀਆਂ ਜੇ ਦੋ ਦੋ ਤੁਕਾਂ ਨੂੰ ਗਹੁ ਨਾਲ ਵੇਖਿਆ ਜਾਵੇ, ਤਾਂ ਸਾਫ਼ ਪ੍ਰਗਟ ਹੁੰਦਾ ਹੈ ਕਿ ਇਸਲਾਮ, ਹਿੰਦੂ ਮਤ, ਜੋਗ ਮਤ, ਦਾਨੀ ਅਤੇ ਵਿਕਾਰੀ ਆਦਿਕਾਂ ਸੰਬੰਧੀ ਗੁਰੂ ਸਾਹਿਬ ਖ਼ਿਆਲ ਦੱਸ ਰਹੇ ਹਨ। ਸੁਤੇ ਹੀ ਯੋਗ ਇਹੀ ਦਿੱਸਦਾ ਹੈ ਕਿ ਇਹਨਾਂ ਸਭਨਾਂ ਦਾ ਜ਼ਿਕਰ ਕਰ

ਕੇ ਗੁਰੂ ਸਾਹਿਬ ਆਪਣਾ ਸਾਂਝਾ ਖ਼ਿਆਲ ਅਖ਼ੀਰ 'ਤੇ ਦੱਸਦੇ ਹਨ। ਤਾਂ ਤੇ ਉਪਰਲੀਆਂ ਦੋ ਤੁਕਾਂ ਵਿੱਚੋਂ ਪਹਿਲੀ ਨੂੰ ਇਸਲਾਮ ਸੰਬੰਧੀ ਵਰਤ ਕੇ ਦੂਜੀ ਨੂੰ ਗੁਰਮਤ ਦਾ ਸਿੱਧਾਂਤ ਦੱਸਣਾ ਭੁੱਲ ਹੈ, ਕਿਉਂਕਿ ਇਹ ਨਿਯਮ ਅਗਲੀਆਂ ਤੁਕਾਂ ਵਿਚ ਕਿਤੇ ਨਹੀਂ ਵਰਤਿਆ ਗਿਆ।..”]

ਹਿੰਦੂ ਸ਼ਾਸਤਰ ਦੁਆਰਾ ਹੀ ਸਾਲਾਹੁਣ-ਜੋਗ ਸੁੰਦਰ ਤੇ ਬੇਅੰਤ ਹਰੀ ਨੂੰ ਸਲਾਹੁੰਦੇ ਹਨ, ਹਰੇਕ ਤੀਰਥ 'ਤੇ ਨ੍ਹਾਉਂਦੇ ਹਨ, ਮੂਰਤੀਆਂ ਅੱਗੇ ਭੇਟਾ ਧਰਦੇ ਹਨ ਤੇ ਚੰਦਨ ਆਦਿਕ ਦੇ ਸੁਗੰਧੀ ਵਾਲੇ ਪਦਾਰਥ ਵਰਤਦੇ ਹਨ।

ਜੋਗੀ ਲੋਕ ਸਮਾਧੀ ਲਾ ਕੇ ਕਰਤਾਰ ਨੂੰ ਧਿਆਉਂਦੇ ਹਨ ਅਤੇ 'ਅਲਖ, ਅਲਖ' ਉਸ ਦਾ ਨਾਮ ਉਚਾਰਦੇ ਹਨ। (ਉਹਨਾਂ ਦੇ ਮਤ ਅਨੁਸਾਰ ਜਿਸ ਦਾ ਉਹ ਸਮਾਧੀ ਵਿਚ ਧਿਆਨ ਧਰਦੇ ਹਨ, ਉਹ) ਸੂਖਮ ਸਰੂਪ ਵਾਲਾ ਹੈ, ਉਸ ਉੱਤੇ ਮਾਇਆ ਦਾ ਪ੍ਰਭਾਵ ਨਹੀਂ ਪੈ ਸਕਦਾ ਅਤੇ ਇਹ ਸਾਰਾ (ਜਗਤ ਰੂਪ) ਆਕਾਰ (ਉਸੇ ਦੀ ਹੀ) ਕਾਇਆਂ (ਸਰੀਰ) ਦਾ ਹੈ।

ਜੋ ਮਨੁੱਖ ਦਾਨੀ ਹਨ ਉਹਨਾਂ ਦੇ ਮਨ ਵਿਚ ਖ਼ੁਸ਼ੀ ਪੈਦਾ ਹੁੰਦੀ ਹੈ, ਜਦੋਂ (ਉਹ ਕਿਸੇ ਲੋੜਵੰਦੇ ਨੂੰ) ਕੁਝ ਦੇਣ ਦੀ ਵਿਚਾਰ ਕਰਦੇ ਹਨ; (ਪਰ ਲੋੜਵੰਦਿਆਂ ਨੂੰ) ਦੇ ਦੇ ਕੇ (ਉਹ ਅੰਦਰੇ-ਅੰਦਰ ਕਰਤਾਰ ਪਾਸੋਂ ਉਸ ਤੋਂ) ਹਜ਼ਾਰਾਂ ਗੁਣਾ ਵਧੀਕ ਮੰਗਦੇ ਹਨ ਅਤੇ (ਬਾਹਰ) ਜਗਤ (ਉਨ੍ਹਾਂ ਦੇ ਦਾਨ ਦੀ) ਵਡਿਆਈ ਕਰਦਾ ਹੈ।

(ਦੂਜੇ ਪਾਸੇ, ਜਗਤ ਵਿਚ) ਬੇਅੰਤ ਚੋਰ, ਪਰ-ਇਸਤ੍ਰੀ ਗਾਮੀ, ਝੂਠੇ, ਭੈੜੇ ਤੇ ਵਿਕਾਰੀ ਭੀ ਹਨ, ਜੋ (ਵਿਕਾਰ ਕਰ ਕਰ ਕੇ) ਪਿਛਲੀ ਕੀਤੀ ਕਮਾਈ ਨੂੰ ਮੁਕਾ ਕੇ (ਇਥੋਂ ਖ਼ਾਲੀ ਹੱਥ) ਤੁਰ ਪੈਂਦੇ ਹਨ (ਪਰ ਇਹ ਕਰਤਾਰ ਦੇ ਰੰਗ ਹਨ) ਉਹਨਾਂ ਨੂੰ ਭੀ (ਉਸੇ ਨੇ ਹੀ) ਕੋਈ ਇਹੋ ਜਿਹੀ ਕਾਰ ਸੌਂਪੀ ਹੋਈ ਹੈ।

ਜਲ ਵਿਚ ਰਹਿਣ ਵਾਲੇ, ਧਰਤੀ ਉੱਤੇ ਵੱਸਣ ਵਾਲੇ, ਬੇਅੰਤ ਪੁਰੀਆਂ, ਲੋਕਾਂ ਅਤੇ ਬ੍ਰਹਿਮੰਡ ਦੇ ਜੀਵ—ਉਹ ਸਾਰੇ ਜੋ ਕੁਝ ਆਖਦੇ ਹਨ, ਸਭ ਕੁਝ (ਹੇ ਕਰਤਾਰ!) ਤੂੰ ਜਾਣਦਾ ਹੈਂ, ਉਹਨਾਂ ਨੂੰ ਤੇਰਾ ਹੀ ਆਸਰਾ ਹੈ।

ਹੇ ਨਾਨਕ! ਭਗਤ ਜਨਾਂ ਨੂੰ ਕੇਵਲ ਪ੍ਰਭੂ ਦੀ ਸਿਫ਼ਤਿ-ਸਾਲਾਹ ਕਰਨ ਦੀ ਤਾਂਘ ਲੱਗੀ ਹੋਈ ਹੈ, ਹਰੀ ਦਾ ਸਦਾ ਅਟੱਲ ਰਹਿਣ ਵਾਲਾ ਨਾਮ ਹੀ ਉਹਨਾਂ ਦਾ ਆਸਰਾ ਹੈ। ਉਹ ਸਦਾ ਦਿਨ-ਰਾਤ ਅਨੰਦ ਵਿਚ ਰਹਿੰਦੇ ਹਨ ਅਤੇ (ਆਪਣੇ ਆਪ ਨੂੰ) ਗੁਣਵਾਨਾਂ ਦੇ ਪੈਰਾਂ ਦੀ ਖ਼ਾਕ ਸਮਝਦੇ ਹਨ।

ਸੋ, ਗੁਰੂ ਨਾਨਕ ਸਾਹਿਬ ਜੀ ਨੇ “ਬੰਦੇ ਸੇ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰੁ” ਪੰਗਤੀ 'ਚ ਆਪਣਾ ਨਹੀਂ, ਸਗੋਂ ਇਸਲਾਮ ਦੇ ਪੈਰੋਕਾਰਾਂ ਦੇ ਦ੍ਰਿਸ਼ਟੀਕੋਣ ਦਾ ਵਰਣਨ ਕੀਤਾ ਹੈ। ਗੁਰਦੇਵ ਨੇ ਆਪਣਾ ਦ੍ਰਿਸ਼ਟੀਕੋਣ ਸਲੋਕ ਦੀਆਂ ਅੰਤਲੀਆਂ ਪੰਗਤੀਆਂ “ਨਾਨਕ ਭਗਤਾ ਭੁਖ ਸਾਲਾਹਣੁ ਸਚੁ ਨਾਮੁ ਆਧਾਰੁ” ਵਿਚ ਦਰਸਾਇਆ ਹੈ। ਇਸ ਪੰਗਤੀ ਵਿਚ ਹੀ ਗੁਰਬਾਣੀ ਦਾ ਸੱਚ ਹੈ ਅਤੇ ਇਸ ਸੱਚ ਨੂੰ ਦਰਸਾਉਣ ਲਈ ਅਨਮਤਾਂ ਵਿਚ ਪ੍ਰਚਲਿਤ ਧਾਰਨਾਵਾਂ ਦਾ ਵਰਣਨ ਕਰ ਕੇ ਆਪਣੇ ਦ੍ਰਿਸ਼ਟੀਕੋਣ ਨੂੰ ਸਪੱਸ਼ਟ ਰੂਪ ਵਿਚ ਦਰਸਾਇਆ ਹੈ। ਇਸ ਲਈ ਇਸ ਸੱਚ ਨੂੰ ਹੀ ਅਪਣਾਉਣ ਦੀ ਲੋੜ ਹੈ।

ਲਿਖੇ ਬਾਝਹੁ ਸੁਰਤਿ ਨਾਹੀ ਬੋਲਿ ਬੋਲਿ ਗਵਾਈਐ

ਗੁਰਬਾਨੀ ਦੀ ਕਿਸੇ ਵੀ ਪੰਗਤੀ ਦੇ ਭਾਵਾਰਥ ਨੂੰ ਸਮਝਣ ਲਈ ਇਹ ਜ਼ਰੂਰੀ ਹੈ ਕਿ ਜਿਸ ਸ਼ਬਦ ਵਿੱਚੋਂ ਉਹ ਤੁਕ ਲਈ ਗਈ ਹੈ, ਉਸ ਸ਼ਬਦ ਦੀਆਂ ਰਹਾਉ ਦੀਆਂ ਪੰਗਤੀਆਂ ਦੀ ਰੋਸ਼ਨੀ ਵਿਚ ਹੀ ਬਾਕੀ ਸ਼ਬਦ ਦੀਆਂ ਤੁਕਾਂ ਦਾ ਭਾਵਾਰਥ ਲਿਆ ਜਾਵੇ। ਜੇਕਰ ਉਸ ਸ਼ਬਦ ਵਿਚ ਰਹਾਉ ਦੀਆਂ ਪੰਗਤੀਆਂ ਨਹੀਂ ਹਨ ਤਾਂ ਸਮੁੱਚੇ ਸ਼ਬਦ ਅਥਵਾ ਪ੍ਰਕਰਣ ਨੂੰ ਵਿਚਾਰਿਆ ਜਾਵੇ। ਉਸ ਸ਼ਬਦ ਦੇ ਮੁੱਖ ਭਾਵ ਦੀ ਰੋਸ਼ਨੀ ਵਿਚ ਹੀ ਸ਼ਬਦ ਦੀਆਂ ਬਾਕੀ ਪੰਗਤੀਆਂ ਦਾ ਭਾਵਾਰਥ ਕੀਤਾ ਅਥਵਾ ਲਿਆ ਜਾਵੇ। ਕਈ ਵਾਰ ਗੁਰਬਾਨੀ ਦੀ ਵਿਆਖਿਆ ਕਰਨ ਵਾਲੇ ਸੱਜਣ ਜੋ ਆਖ ਜਾਂ ਲਿਖ ਰਹੇ ਹੁੰਦੇ ਹਨ, ਉਹ ਠੀਕ ਹੁੰਦਾ ਹੈ, ਪਰ ਆਪਣੇ ਕਥਨ ਦੀ ਪੁਸ਼ਟੀ ਵਜੋਂ ਜੋ ਗੁਰਬਾਨੀ ਦਾ ਪ੍ਰਮਾਣ ਦੇਂਦੇ ਹਨ, ਉਹ ਢੁਕਵਾਂ ਨਹੀਂ ਹੁੰਦਾ ਹੈ। ਇਸ ਸੰਬੰਧ ਵਿਚ ਪ੍ਰਿੰਸੀਪਲ ਤੇਜਾ ਸਿੰਘ ਦਾ ਕਥਨ ਬੜਾ ਭਾਵਪੂਰਤ ਹੈ:

> "ਬਾਣੀ ਦੀਆਂ ਤੁਕਾਂ ਵਿਕੋਲਿਤਰੀਆਂ ਨਹੀਂ, ਸਗੋਂ ਕਿਸੇ ਉੱਘੇ ਮਜ਼ਬੂਨ (ਵਿਸ਼ੇ) ਉੱਤੇ ਲੜੀਵਾਰ ਖ਼ਿਆਲ ਨੂੰ ਪ੍ਰਗਟਾਂਦੀਆਂ ਹਨ।...ਆਮ ਕਥਾ ਕਰਨ ਵਾਲੇ ਤੁਕਾਂ ਨੂੰ ਵੱਖ-ਵੱਖ ਕਰ ਲੈਂਦੇ ਹਨ। ਜਿਵੇਂ ਕੋਈ ਕਹੇ: ਗੁਜਰਾਂਵਾਲਾ ਲਾਹੌਰ ਤੋਂ 32 ਮੀਲ ਹੈ। ਉਥੋਂ ਦੇ ਮਾਲਟੇ ਬੜੇ ਮਿੱਠੇ ਹੁੰਦੇ ਹਨ। ਲਾਇਲਪੁਰ ਪਾਕਿਸਤਾਨ ਵਿਚ ਚਲਾ ਗਿਆ ਹੈ। ਚੰਡੀਗੜ੍ਹ ਆਖਣਾ ਭੁੱਲ ਹੈ, ਕਿਉਂਕਿ ਇਹ ਚੰਡੀ ਦੇਵੀ ਦੇ ਨਾਂ 'ਤੇ ਬਣਿਆ ਹੋਇਆ ਹੈ। ਅੰਮ੍ਰਿਤਸਰ ਸਿੱਖੀ ਦਾ ਕੇਂਦਰ ਹੈ। ਉਥੋਂ ਦੀ ਕਪੜਾ ਮਾਰਕੀਟ ਬੜੀ ਉੱਘੀ ਹੈ।
>
> ਇਹ ਸਾਰੀਆਂ ਗੱਲਾਂ ਠੀਕ ਹਨ, ਪਰ ਇਨ੍ਹਾਂ ਦਾ ਆਪੋ ਵਿਚ ਸੰਬੰਧ ਨਹੀਂ ਹੈ। ਇਸੇ ਤਰ੍ਹਾਂ ਕਥਾ ਕਰਨ ਵਾਲੇ ਹਰ ਇਕ ਤੁਕ ਦਾ ਠੀਕ ਅਰਥ ਦੱਸਦੇ ਹਨ, ਪਰ ਖ਼ਿਆਲਾਂ ਦੀ ਲੜੀ ਜੋੜ ਕੇ ਨਹੀਂ ਦੱਸਦੇ।" *(ਅਭਿਨੰਦਨ ਗ੍ਰੰਥ)*

ਇਹ ਆਮ ਹੀ ਦੇਖਣ ਵਿਚ ਆਉਂਦਾ ਹੈ ਕਿ ਗੁਰਬਾਨੀ ਦੀ ਵਿਆਖਿਆ ਕਰਨ ਵਾਲੇ ਅਥਵਾ ਗੁਰਬਾਨੀ ਦੀ ਜੀਵਨ-ਜੁਗਤ ਸੰਬੰਧੀ ਚਰਚਾ ਕਰਨ ਵਾਲੇ ਕਈ ਸੱਜਣ, ਇਸ ਪੱਖ ਨੂੰ ਨਜ਼ਰ-ਅੰਦਾਜ਼ ਕਰ ਦੇਂਦੇ ਹਨ। ਸਿੱਟੇ ਵਜੋਂ ਜਾਣੇ-ਅਣਜਾਣੇ ਗੁਰਬਾਨੀ ਦੀਆਂ ਪੰਗਤੀਆਂ ਦੀ ਅਢੁੱਕਵੀਂ ਵਰਤੋਂ ਕਰਨ ਲੱਗ ਪੈਂਦੇ ਹਨ। ਉਦਾਹਰਣ ਵਜੋਂ ਜਿਵੇਂ ਕਈ ਸੱਜਣ ਗੁਰਬਾਨੀ ਦੀ ਇਸ ਪੰਗਤੀ "ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ" ਦੀ ਉਦਾਹਰਣ ਦੇ ਕੇ ਕਹਿੰਦੇ ਹਨ ਕਿ ਗੁਰੂ ਸਾਹਿਬ ਨੇ ਵੇਦੀਨਾਂ ਨਾਲ ਦੋਸਤੀ ਅਤੇ ਉਨ੍ਹਾਂ ਨਾਲ ਖਾਣ-ਪਾਣ ਦੀ ਸਾਂਝ ਰੱਖਣ ਤੋਂ ਵਰਜਿਆ ਹੈ। ਅਜਿਹੇ ਸੱਜਣ, ਵੇਦੀਨਾ ਤੋਂ ਭਾਵ ਖੰਡੇ ਦੀ ਪਾਹੁਲ ਨਾ ਲੈਣ ਵਾਲਿਆਂ ਤੋਂ

ਲੈਂਦੇ ਹਨ। ਇਸ ਕਾਰਨ ਹੀ ਕਈ ਖੰਡੇ ਦੀ ਪਾਹੁਲ ਦੇ ਧਾਰਨੀ ਵੀਰ-ਭੈਣ ਉਨ੍ਹਾਂ ਦੇ ਹੱਥੋਂ ਕੁਝ ਵੀ ਲੈ ਕੇ ਖਾਣ-ਪਾਣ ਨਹੀਂ ਕਰਦੇ, ਜਿਨ੍ਹਾਂ ਨੇ ਖੰਡੇ ਦੀ ਪਾਹੁਲ ਨਹੀਂ ਲਈ ਹੋਈ। ਪਰ ਜੇਕਰ ਅਸੀਂ ਜਿਸ ਸਲੋਕ ਦੀ ਇਹ ਪੰਗਤੀ ਹੈ, ਉਸ ਨੂੰ ਵਿਚਾਰਾਂਗੇ ਤਾਂ ਇਹ ਗੱਲ ਸਪੱਸ਼ਟ ਹੋਵੇਗੀ ਕਿ ਸਤਿਗੁਰੂ ਇਸ ਪੰਗਤੀ ਵਿਚ 'ਵੇਦੀਨਾ' ਸ਼ਬਦ ਕਿਨ੍ਹਾਂ ਪ੍ਰਤੀ ਵਰਤ ਰਹੇ ਹਨ। ਪੂਰਾ ਸਲੋਕ ਇਸ ਤਰ੍ਹਾਂ ਹੈ:

ਚੋਰਾ ਜਾਰਾ ਰੰਡੀਆ ਕੁਟਣੀਆ ਦੀਬਾਣੁ ॥
ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ ॥
ਸਿਫਤੀ ਸਾਰ ਨ ਜਾਣਨੀ ਸਦਾ ਵਸੈ ਸੈਤਾਨੁ ॥
ਗਦਹੁ ਚੰਦਨਿ ਖਉਲੀਐ ਭੀ ਸਾਹੂ ਸਿਉ ਪਾਣੁ ॥
ਨਾਨਕ ਕੂੜੈ ਕਤਿਐ ਕੂੜਾ ਤਣੀਐ ਤਾਣੁ ॥
ਕੂੜਾ ਕਪੜੁ ਕਛੀਐ ਕੂੜਾ ਪੈਨਣੁ ਮਾਣੁ ॥ *(ਵਾਰ ਸੂਹੀ ਮਹਲਾ ੧, ਪੰਨਾ 790)*

ਅਰਥ: ਚੋਰਾਂ, ਲੁੱਚੇ ਬੰਦਿਆਂ, ਵਿਭਚਾਰਨ ਔਰਤਾਂ ਤੇ ਦੱਲੀਆਂ ਦਾ ਆਪੋ ਵਿਚ ਬਹਿਣ-ਖਲੋਣ ਹੁੰਦਾ ਹੈ, ਇਨ੍ਹਾਂ ਧਰਮ ਤੋਂ ਵਾਜਿਆਂ ਦੀ ਆਪੋ ਵਿਚ ਮਿੱਤ੍ਰਤਾ ਤੇ ਆਪੋ ਵਿਚ ਖਾਣ-ਪੀਣ ਹੁੰਦਾ ਹੈ; ਰੱਬ ਦੀ ਸਿਫ਼ਤਿ-ਸਾਲਾਹ ਕਰਨ ਦੀ ਇਨ੍ਹਾਂ ਨੂੰ ਸੂਝ ਨਹੀਂ ਹੁੰਦੀ, (ਇਨ੍ਹਾਂ ਦੇ ਮਨ ਵਿਚ, ਮਾਨੋ) ਸਦਾ ਸ਼ੈਤਾਨ ਵੱਸਦਾ ਹੈ। (ਸਮਝਾਇਆਂ ਭੀ ਸਮਝਦੇ ਨਹੀਂ, ਜਿਵੇਂ) ਖੋਤੇ ਨੂੰ ਜੇ ਚੰਦਨ ਨਾਲ ਮਲੀਏ ਤਾਂ ਭੀ ਉਸ ਦੀ ਵਰਤੋਂ-ਵਿਹਾਰ ਸੁਆਹ ਨਾਲ ਹੀ ਹੁੰਦੀ ਹੈ (ਪਿਛਲੇ ਕੀਤੇ ਕਰਮਾਂ ਦਾ ਗੇੜ ਇਸ ਮੰਦੇ ਰਾਹ ਤੋਂ ਹਟਣ ਨਹੀਂ ਦੇਂਦਾ।

ਹੇ ਨਾਨਕ! 'ਕੂੜ' (ਦਾ ਸੂਤਰ) ਕੱਤਣ ਨਾਲ 'ਕੂੜ' ਦਾ ਹੀ ਤਾਣਾ ਚਾਹੀਦਾ ਹੈ, 'ਕੂੜ' ਦਾ ਹੀ ਕੱਪੜਾ ਕੱਛੀਦਾ ਹੈ ਤੇ ਪਹਿਨੀਦਾ ਹੈ। ਇਸ 'ਕੂੜ'-ਰੂਪ ਪੁਸ਼ਾਕ ਦੇ ਕਾਰਨ 'ਕੂੜ' ਹੀ ਵਡਿਆਈ ਮਿਲਦੀ ਹੈ (ਭਾਵ, "ਖਤਿਅਹੁ ਜੰਮੇ ਖਤੇ ਕਰਨਿ ਤ ਖਤਿਆ ਵਿਚਿ ਪਾਹਿ")।

ਪੂਰਾ ਸਲੋਕ ਪੜ੍ਹਨ 'ਤੇ ਇਹ ਸਪੱਸ਼ਟ ਹੁੰਦਾ ਹੈ ਕਿ ਇਸ ਤੁਕ ਵਿਚ ਵੇਦੀਨਾ ਸ਼ਬਦ ਚੋਰਾਂ, ਲੁੱਚੇ ਬੰਦਿਆਂ, ਵਿਭਚਾਰਨ ਔਰਤਾਂ ਤੇ ਦੱਲੀਆਂ ਲਈ ਆਇਆ ਹੈ।

ਗੁਰਬਾਨੀ ਦੀਆਂ ਇਸ ਤਰ੍ਹਾਂ ਕਈ ਪੰਗਤੀਆਂ ਹਨ, ਜਿਨ੍ਹਾਂ ਦੀ ਕਈ ਵਿਦਵਾਨ ਸੱਜਣਾਂ ਵੱਲੋਂ ਅਢੁੱਕਵੀਂ ਵਰਤੋਂ ਕੀਤੀ ਜਾਂਦੀ ਹੈ। ਅਜਿਹੀਆਂ ਪੰਗਤੀਆਂ ਵਿੱਚੋਂ ਹੀ ਇਕ ਨਿਮਨ ਲਿਖਤ ਪੰਗਤੀ ਹੈ ਜਿਸ ਦੀ ਵਿਦਵਾਨਾਂ ਵਲੋਂ ਆਮ ਤੌਰ 'ਤੇ ਗ਼ਲਤ ਵਰਤੋਂ ਕੀਤੀ ਜਾਂਦੀ ਹੈ: "ਲਿਖੇ ਬਾਝਹੁ ਸੁਰਤਿ ਨਾਹੀ ਬੋਲਿ ਬੋਲਿ ਗਵਾਈਐ" ਇਸ ਦਾ ਭਾਵ ਇਹ ਲਿਆ ਜਾਂਦਾ ਹੈ ਕਿ ਗੁਰੂ ਨਾਨਕ ਸਾਹਿਬ ਫ਼ੁਰਮਾਂਦੇ ਹਨ ਕਿ ਆਪਣੇ ਬੋਲਾਂ ਨੂੰ ਲਿਖਤੀ ਰੂਪ ਦੇਣਾ ਜ਼ਰੂਰੀ ਹੈ। ਜੇਕਰ ਅਸੀਂ ਆਪਣੇ ਬੋਲਾਂ ਨੂੰ ਲਿਖਤੀ ਰੂਪ ਨਹੀਂ ਦੇਂਦੇ ਤਾਂ ਉਹ ਬੋਲ ਹਵਾ ਵਿਚ ਹੀ ਗਵਾਚ ਜਾਂਦੇ ਹਨ। ਕਈ ਵਿਦਵਾਨ ਇਸ ਪੰਗਤੀ ਨੂੰ ਹੀ ਆਧਾਰ ਬਣਾ ਕੇ ਕਹਿੰਦੇ ਹਨ ਕਿ ਗੁਰੂ ਨਾਨਕ ਸਾਹਿਬ ਨੇ ਇਸ ਲਈ ਹੀ ਆਪਣੀ ਬਾਣੀ ਨੂੰ ਆਪ ਸੰਭਾਲਣ ਦਾ ਯਤਨ ਕੀਤਾ ਸੀ।

ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਗੁਰੂ ਨਾਨਕ ਸਾਹਿਬ ਨੇ ਆਪਣੀ

ਬਾਣੀ ਆਪ ਸੰਭਾਲੀ ਸੀ। ਗੁਰੂ ਅੰਗਦ ਸਾਹਿਬ ਨੂੰ ਗੁਰਗੱਦੀ ਸੌਂਪਣ ਸਮੇਂ ਹਜ਼ੂਰ ਨੇ ਆਪਣੀ ਸਾਰੀ ਬਾਣੀ ਗੁਰੂ ਅੰਗਦ ਸਾਹਿਬ ਦੇ ਹਵਾਲੇ ਕਰ ਦਿੱਤੀ ਸੀ। ਇਹ ਸਿਲਸਿਲਾ ਗੁਰੂ ਅਰਜਨ ਸਾਹਿਬ ਤੀਕ ਜਾਰੀ ਰਿਹਾ ਸੀ। ਪਰੰਤੂ ਜਿਥੋਂ ਤਕ ਇਸ ਪੰਗਤੀ ਦੇ ਭਾਵਾਰਥ ਦਾ ਸਵਾਲ ਹੈ ਉਹ ਇਹ ਨਹੀਂ ਹੈ, ਜੋ ਕੁਝ ਕੁ ਵਿਦਵਾਨ ਸੱਜਣਾਂ ਵਲੋਂ ਲਿਆ ਜਾ ਰਿਹਾ ਹੈ। ਚੂੰਕਿ ਜਿਸ ਸ਼ਬਦ ਦੀ ਇਹ ਪੰਗਤੀ ਹੈ, ਉਸ ਵਿਚ ਸਤਿਗੁਰੂ ਜੀ ਜੋ ਉਪਦੇਸ਼ ਦ੍ਰਿੜ੍ਹ ਕਰਵਾ ਰਹੇ ਹਨ, ਉਹ ਇਸ ਨਾਲੋਂ ਭਿੰਨ ਹੈ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਗੁਰਬਾਣੀ ਦੇ ਟੀਕਾਕਾਰਾਂ ਦੇ ਕਈ ਸ਼ਬਦਾਂ ਬਾਰੇ ਆਪਸ ਵਿਚ ਕਾਫ਼ੀ ਮਤਭੇਦ ਹਨ। ਪਰ ਫਿਰ ਵੀ ਕਿਸੇ ਵੀ ਟੀਕਾਕਾਰ ਨੇ ਇਸ ਪੰਗਤੀ ਦੇ ਇਹ ਅਰਥ ਨਹੀਂ ਕੀਤੇ ਹਨ। ਉਦਾਹਰਣ ਵਜੋਂ ਕੁਝ ਵਿਦਵਾਨਾਂ ਵਲੋਂ ਇਸ ਪੰਗਤੀ (ਜਬ ਸਾਚ ਅੰਦਰਿ ਹੋਇ ਸਾਚਾ ਤਾਮਿ ਸਾਚਾ ਪਾਈਐ ॥ ਲਿਖੇ ਬਾਝਹੁ ਸੁਰਤਿ ਨਾਹੀ ਬੋਲਿ ਬੋਲਿ ਗਵਾਈਐ ॥) ਦੇ ਇਉਂ ਅਰਥ ਕੀਤੇ ਹੋਏ ਹਨ:

> "ਜਦ (ਮਨੁੱਖ ਦੇ) ਅੰਦਰ ਸੱਚ ਹੋਵੇ ਤਦ (ਮਨੁੱਖ) ਸੱਚਾ ਹੈ ਤੇ ਤਦ ਹੀ ਸੱਚਾ (ਪਰਮੇਸੁਰ) ਪਾਈਦਾ ਹੈ। (ਭਾਗਾਂ ਵਿਚ) ਲਿਖੇ ਹੋਏ ਤੋਂ ਬਿਨਾਂ ਸੋਝੀ ਨਹੀਂ ਪੈਂਦੀ ਤੇ ਸੋਝੀ ਤੋਂ ਬਿਨਾਂ, ਬੋਲ ਬੋਲ ਕੇ (ਐਵੇਂ) ਗਵਾਈਦਾ ਹੈ।"
>
> *('ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ', ਭਾਈ ਵੀਰ ਸਿੰਘ)*

> "ਜਦ (ਮਨੁੱਖ ਦੇ ਹਿਰਦੇ) ਅੰਦਰ ਸੱਚ (ਹੋਵੇ ਤਾਂ ਹੀ ਉਹ) ਸੱਚਾ ਹੁੰਦਾ ਹੈ, ਤਦ ਹੀ ਸੱਚਾ (ਪਰਮੇਸੁਰ) ਪਾ ਲਈਦਾ ਹੈ। ਧੁਰ ਤੋਂ ਭਾਗਾਂ ਵਿਚ ਲਿਖੇ ਬਿਨਾਂ (ਮਨੁੱਖ ਨੂੰ) ਸੋਝੀ ਨਹੀਂ ਪੈਂਦੀ (ਅਤੇ ਸੋਝੀ ਤੋਂ ਬਿਨਾਂ) ਬੋਲ ਬੋਲ ਕੇ (ਐਵੇਂ) ਜਨਮ ਪਦਾਰਥ ਗੁਆ ਲਈਦਾ ਹੈ।"
>
> *('ਸ੍ਰੀ ਗੁਰੂ ਗ੍ਰੰਥ ਸਾਹਿਬ ਦਰਸ਼ਨ ਨਿਰਣੈ ਸਟੀਕ', ਗਿਆਨੀ ਹਰਬੰਸ ਸਿੰਘ)*

> "ਜਦ ਸੱਚ ਨਾਮ ਜਪਣ ਕਰਕੇ ਅੰਦਰ = ਅੰਤਹਕਰਣ ਸੱਚਾ ਹੁੰਦਾ ਹੈ, ਤਾਮਿ = ਤਦ ਹੀ ਸੱਚਾ ਪਰਮਾਤਮਾ ਪਾਈਦਾ ਹੈ। ਹਿਰਦੇ ਵਿਚ ਗੁਰ-ਸ਼ਬਦ ਦੇ ਲਿਖੇ ਤੋਂ ਬਿਨਾਂ, ਅਥਵਾ ਪੂਰਬਲੇ ਸ਼ੁਭ ਕਰਮਾਂ ਦੇ ਲਿਖੇ ਤੋਂ ਬਿਨਾਂ ਸੁਰਤਿ = ਗਿਆਤ ਨਹੀਂ ਹੁੰਦੀ, ਸ਼ੁਭ ਗਿਆਤ ਤੋਂ ਬਿਨਾਂ ਬੋਲਿ = ਬਚਨਾਂ ਨੂੰ ਬੋਲ ਕੇ ਗੁਆ ਲਈਦਾ ਹੈ, ਅਥਵਾ ਐਵੇਂ ਬੋਲ ਬੋਲਕੇ ਉਮਰਾ ਨੂੰ ਹੀ ਗੁਆਣਾ ਹੈ।"
>
> *('ਸੰਪ੍ਰਦਾਈ ਟੀਕਾ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ', ਸੰਤ ਕ੍ਰਿਪਾਲ ਸਿੰਘ)*

ਇਸ ਸੰਖੇਪ ਜਿਹੀ ਚਰਚਾ ਮਗਰੋਂ ਜਿਸ ਸ਼ਬਦ ਦੀ ਇਹ ਪੰਗਤੀ ਹੈ, ਉਸ ਨੂੰ ਵਿਚਾਰਦੇ ਹਾਂ। ਗੁਰੂ ਨਾਨਕ ਸਾਹਿਬ ਦਾ ਉਚਾਰਨ ਕੀਤਾ ਹੋਇਆ ਇਹ ਛੰਤ ਇਸ ਪ੍ਰਕਾਰ ਹੈ:

ਕਾਇਆ ਕੂੜਿ ਵਿਗਾੜਿ ਕਾਹੇ ਨਾਈਐ ॥
ਨਾਤਾ ਸੋ ਪਰਵਾਣੁ ਸਚੁ ਕਮਾਈਐ ॥
ਜਬ ਸਾਚ ਅੰਦਰਿ ਹੋਇ ਸਾਚਾ ਤਾਮਿ ਸਾਚਾ ਪਾਈਐ ॥
ਲਿਖੇ ਬਾਝਹੁ ਸੁਰਤਿ ਨਾਹੀ ਬੋਲਿ ਬੋਲਿ ਗਵਾਈਐ ॥
ਜਿਥੈ ਜਾਇ ਬਹੀਐ ਭਲਾ ਕਹੀਐ ਸੁਰਤਿ ਸਬਦੁ ਲਿਖਾਈਐ ॥
ਕਾਇਆ ਕੂੜਿ ਵਿਗਾੜਿ ਕਾਹੇ ਨਾਈਐ ॥੧॥

ਤਾ ਮੈ ਕਹਿਆ ਕਹਣੁ ਜਾ ਤੁਝੈ ਕਹਾਇਆ ॥
ਅੰਮ੍ਰਿਤੁ ਹਰਿ ਕਾ ਨਾਮੁ ਮੇਰੈ ਮਨਿ ਭਾਇਆ ॥
ਨਾਮੁ ਮੀਠਾ ਮਨਹਿ ਲਾਗਾ ਦੂਖਿ ਡੇਰਾ ਢਾਹਿਆ ॥
ਸੂਖੁ ਮਨ ਮਹਿ ਆਇ ਵਸਿਆ ਜਾਮਿ ਤੈ ਫੁਰਮਾਇਆ ॥
ਨਦਰਿ ਤੁਧੁ ਅਰਦਾਸਿ ਮੇਰੀ ਜਿੰਨਿ ਆਪੁ ਉਪਾਇਆ ॥
ਤਾ ਮੈ ਕਹਿਆ ਕਹਣੁ ਜਾ ਤੁਝੈ ਕਹਾਇਆ ॥੨॥
ਵਾਰੀ ਖਸਮੁ ਕਢਾਏ ਕਿਰਤੁ ਕਮਾਵਣਾ ॥
ਮੰਦਾ ਕਿਸੈ ਨ ਆਖਿ ਝਗੜਾ ਪਾਵਣਾ ॥
ਨਹ ਪਾਇ ਝਗੜਾ ਸੁਆਮਿ ਸੇਤੀ ਆਪਿ ਆਪੁ ਵਞਾਵਣਾ ॥
ਜਿਸੁ ਨਾਲਿ ਸੰਗਤਿ ਕਰਿ ਸਰੀਕੀ ਜਾਇ ਕਿਆ ਰੂਆਵਣਾ ॥
ਜੋ ਦੇਇ ਸਹਣਾ ਮਨਹਿ ਕਹਣਾ ਆਖਿ ਨਾਹੀ ਵਾਵਣਾ ॥
ਵਾਰੀ ਖਸਮੁ ਕਢਾਏ ਕਿਰਤੁ ਕਮਾਵਣਾ ॥੩॥
ਸਭ ਉਪਾਈਅਨੁ ਆਪਿ ਆਪੇ ਨਦਰਿ ਕਰੇ ॥
ਕਉੜਾ ਕੋਇ ਨ ਮਾਗੈ ਮੀਠਾ ਸਭ ਮਾਗੈ ॥
ਸਭੁ ਕੋਇ ਮੀਠਾ ਮੰਗਿ ਦੇਖੈ ਖਸਮ ਭਾਵੈ ਸੋ ਕਰੇ ॥
ਕਿਛੁ ਪੁੰਨ ਦਾਨ ਅਨੇਕ ਕਰਣੀ ਨਾਮ ਤੁਲਿ ਨ ਸਮਸਰੇ ॥
ਨਾਨਕਾ ਜਿਨ ਨਾਮੁ ਮਿਲਿਆ ਕਰਮੁ ਹੋਆ ਧੁਰਿ ਕਦੇ ॥
ਸਭ ਉਪਾਈਅਨੁ ਆਪਿ ਆਪੇ ਨਦਰਿ ਕਰੇ ॥੪॥

(ਵਡਹੰਸੁ ਮਹਲਾ ੧, ਪੰਨਾ 565)

ਅਰਥ: ਸਰੀਰ (ਹਿਰਦੇ ਨੂੰ) ਮਾਇਆ ਦੇ ਮੋਹ ਵਿਚ ਗੰਦਾ ਕਰ ਕੇ (ਤੀਰਥ-) ਇਸ਼ਨਾਨ ਕਰਨ ਦਾ ਕੋਈ ਲਾਭ ਨਹੀਂ ਹੈ। ਉਹੀ ਮਨੁੱਖ ਨ੍ਹਾਤਾ ਹੋਇਆ (ਪਵਿੱਤਰ) ਹੈ ਤੇ ਉਹੀ (ਪ੍ਰਭੂ ਦੀ ਹਜ਼ੂਰੀ ਵਿਚ) ਕਬੂਲ ਹੈ, ਜੋ ਸਦਾ-ਥਿਰ ਪ੍ਰਭੂ-ਨਾਮ ਸਿਮਰਨ ਦੀ ਕਮਾਈ ਕਰਦਾ ਹੈ। ਜਦੋਂ ਸਦਾ-ਥਿਰ ਪ੍ਰਭੂ ਚਰਨਾਂ ਵਿਚ ਜੁੜ ਕੇ ਜੀਵ ਸਦਾ-ਥਿਰ ਪ੍ਰਭੂ ਨਾਲ ਇਕ-ਮਿਕ ਹੋ ਜਾਂਦਾ ਹੈ, ਤਦੋਂ ਸਦਾ-ਥਿਰ ਰਹਿਣ ਵਾਲਾ ਪਰਮਾਤਮਾ ਮਿਲ ਪੈਂਦਾ ਹੈ। ਪਰ ਪ੍ਰਭੂ ਦੇ ਹੁਕਮ ਤੋਂ ਬਿਨਾਂ ਮਨੁੱਖ ਦੀ ਸੁਰਤਿ (ਕੂੜ ਵਿੱਚੋਂ ਨਿਕਲ ਕੇ) ਉੱਚੀ ਨਹੀਂ ਹੋ ਸਕਦੀ। ਨਿਰੀਆਂ ਜ਼ਬਾਨੀ (ਗਿਆਨ ਦੀਆਂ) ਗੱਲਾਂ ਕਰ ਕੇ ਸਗੋਂ ਆਪਣਾ ਆਤਮਿਕ ਜੀਵਨ ਹੋਰ ਖ਼ਰਾਬ ਕਰਦਾ ਹੈ। ਜਿਥੇ ਭੀ (ਭਾਵ, ਸਾਧ ਸੰਗਤਿ ਵਿਚ) ਜਾ ਕੇ ਬੈਠੀਏ, ਪ੍ਰਭੂ ਦੀ ਸਿਫ਼ਤਿ-ਸਾਲਾਹ ਕਰਨੀ ਚਾਹੀਦੀ ਹੈ, ਆਪਣੀ ਸੁਰਤਿ ਵਿਚ ਪ੍ਰਭੂ ਦੀ ਸਿਫ਼ਤਿ-ਸਾਲਾਹ ਦੀ ਬਾਣੀ ਪ੍ਰੋਣੀ ਚਾਹੀਦੀ ਹੈ। (ਨਹੀਂ ਤਾਂ) ਹਿਰਦੇ ਨੂੰ ਮਾਇਆ ਦੇ ਮੋਹ ਵਿਚ ਮੈਲਾ ਕਰ ਕੇ (ਤੀਰਥ-) ਇਸ਼ਨਾਨ ਦਾ ਕੀਹ ਲਾਭ ?।੧।

(ਪਰ ਇਹ ਸਿਫ਼ਤਿ-ਸਾਲਾਹ ਹੇ ਪ੍ਰਭੂ! ਤੇਰੀ ਆਪਣੀ ਬਖ਼ਸ਼ਸ਼ ਹੈ) ਮੈਂ ਤਦੋਂ ਹੀ ਤੇਰੀ ਸਿਫ਼ਤਿ-ਸਾਲਾਹ ਕਰ ਸਕਦਾ ਹਾਂ, ਜਦੋਂ ਤੂੰ ਆਪ ਪ੍ਰੇਰਨਾ ਕਰਦਾ ਹੈਂ।

(ਪ੍ਰਭੂ ਦੀ ਮੇਹਰ ਨਾਲ ਹੀ) ਪ੍ਰਭੂ ਦਾ ਆਤਮਿਕ ਜੀਵਨ ਦੇਣ ਵਾਲਾ ਨਾਮ ਮੇਰੇ ਮਨ ਵਿਚ ਪਿਆਰਾ ਲੱਗ ਸਕਦਾ ਹੈ। ਜਦੋਂ ਪ੍ਰਭੂ ਦਾ ਨਾਮ ਮਨ ਵਿਚ ਮਿੱਠਾ ਲੱਗਦਾ ਹੈ, ਤਦੋਂ ਦੁੱਖ ਨੇ (ਉਸ ਮਨ ਵਿੱਚੋਂ) ਆਪਣਾ ਡੇਰਾ ਚੁੱਕ ਲਿਆ (ਸਮਝੋ)।

ਹੇ ਪ੍ਰਭੂ! ਜਦੋਂ ਤੂੰ ਹੁਕਮ ਕੀਤਾ ਤਦੋਂ ਆਤਮਿਕ ਅਨੰਦ ਮੇਰੇ ਮਨ ਵਿਚ ਆ ਵੱਸਦਾ ਹੈ। ਹੇ ਪ੍ਰਭੂ! ਜਿਸ ਤੈਂ ਨੇ ਆਪਣੇ ਆਪ ਨੂੰ ਆਪ ਹੀ (ਜਗਤ-ਰੂਪ ਵਿਚ) ਪ੍ਰਗਟ ਕੀਤਾ ਹੈ, ਜਦੋਂ ਤੂੰ ਮੈਨੂੰ ਪ੍ਰੇਰਨਾ ਕਰਦਾ ਹੈਂ, ਤਦੋਂ ਹੀ ਮੈਂ ਤੇਰੀ ਸਿਫ਼ਤਿ-ਸਾਲਾਹ ਕਰ ਸਕਦਾ ਹਾਂ। ਮੇਰੀ ਤਾਂ ਤੇਰੇ ਦਰ 'ਤੇ ਅਰਜ਼ੋਈ ਹੀ ਹੁੰਦੀ ਹੈ, ਮੇਹਰ ਦੀ ਨਜ਼ਰ ਤੂੰ ਆਪ ਕਰਦਾ ਹੈਂ।੨।

ਜੀਵਾਂ ਦੇ ਕੀਤੇ ਕਰਮਾਂ ਅਨੁਸਾਰ ਖ਼ਸਮ-ਪ੍ਰਭੂ ਹਰੇਕ ਜੀਵ ਨੂੰ ਮਨੁੱਖਾ ਜਨਮ ਦੀ ਵਾਰੀ ਦੇਂਦਾ ਹੈ (ਪਿਛਲੇ ਕਰਮਾਂ ਦੇ ਸੰਸਕਾਰਾਂ ਅਨੁਸਾਰ ਹੀ ਕਿਸੇ ਨੂੰ ਚੰਗਾ ਤੇ ਕਿਸੇ ਨੂੰ ਮੰਦਾ ਬਣਾਂਦਾ ਹੈ, ਇਸ ਵਾਸਤੇ) ਕਿਸੇ ਮਨੁੱਖ ਨੂੰ ਭੈੜਾ ਆਖ-ਆਖ ਕੇ ਕੋਈ ਝਗੜਾ ਖੜਾ ਨਹੀਂ ਕਰਨਾ ਚਾਹੀਦਾ (ਭੈੜਾ ਮਨੁੱਖ ਪ੍ਰਭੂ ਦੀ ਰਜ਼ਾ ਵਿਚ ਹੀ ਭੈੜਾ ਬਣਿਆ ਹੈ। ਭੈੜੇ ਨੂੰ ਨਿੰਦਿਆਂ ਪ੍ਰਭੂ ਨਾਲ ਝਗੜਾ ਹੈ। (ਸੋ, ਹੇ ਭਾਈ!) ਮਾਲਕ-ਪ੍ਰਭੂ ਨਾਲ ਝਗੜਾ ਨਹੀਂ ਪਾਣਾ ਚਾਹੀਦਾ, ਇਸ ਤਰ੍ਹਾਂ ਤਾਂ ਆਪਣੇ ਆਪ ਨੂੰ ਹੀ ਤਬਾਹ ਕਰ ਲਈਦਾ ਹੈ।

ਜਿਸ ਮਾਲਕ ਦੇ ਆਸਰੇ ਸਦਾ ਜੀਊਣਾ ਹੈ, ਉਸੇ ਨਾਲ ਹੀ ਬਰਾਬਰੀ ਕਰ ਕੇ (ਜੇ ਦੁਖ ਪ੍ਰਾਪਤ ਹੋਇਆ ਤਾਂ ਫਿਰ ਉਸੇ ਪਾਸ) ਜਾ ਕੇ ਪੁਕਾਰ ਕਰਨ ਦਾ ਕੋਈ ਲਾਭ ਨਹੀਂ ਹੋ ਸਕਦਾ। ਪਰਮਾਤਮਾ ਜੋ (ਸੁਖ ਦੁਖ) ਦੇਂਦਾ ਹੈ ਉਹ (ਖਿੜੇ-ਮੱਥੇ ਸਹਾਰਨਾ ਚਾਹੀਦਾ ਹੈ, ਗਿਲਾ-ਗੁਜ਼ਾਰੀ ਨਹੀਂ ਕਰਨੀ ਚਾਹੀਦੀ, ਗਿਲਾ-ਗੁਜ਼ਾਰੀ ਕਰ ਕੇ ਵਿਅਰਥ ਬੋਲ-ਬੁਲਾਰਾ ਨਹੀਂ ਕਰਨਾ ਚਾਹੀਦਾ। (ਅਸਲ ਗੱਲ ਇਹ ਹੈ ਕਿ) ਸਾਡੇ ਕੀਤੇ ਕਰਮਾਂ ਅਨੁਸਾਰ ਖ਼ਸਮ-ਪ੍ਰਭੂ ਸਾਨੂੰ ਮਨੁੱਖਾ ਜਨਮ ਦੀ ਵਾਰੀ ਦੇਂਦਾ ਹੈ।੩।

ਸਾਰੀ ਸ੍ਰਿਸ਼ਟੀ ਪਰਮਾਤਮਾ ਨੇ ਆਪ ਪੈਦਾ ਕੀਤੀ ਹੈ, ਆਪ ਹੀ ਹਰੇਕ ਜੀਵ ਉੱਤੇ ਮੇਹਰ ਦੀ ਨਿਗਾਹ ਕਰਦਾ ਹੈ। (ਉਸ ਦੇ ਦਰ ਤੋਂ ਸਭ ਜੀਵ ਦਾਤਾਂ ਮੰਗਦੇ ਹਨ) ਕੌੜੀ ਚੀਜ਼ ਕੋਈ ਭੀ ਨਹੀਂ ਮੰਗਦਾ, ਹਰੇਕ ਜੀਵ ਮਿੱਠੀਆਂ ਸੁਖਦਾਈ ਚੀਜ਼ਾਂ ਹੀ ਮੰਗਦਾ ਹੈ। ਹਰੇਕ ਜੀਵ ਮਿੱਠੇ ਪਦਾਰਥਾਂ ਦੀ ਮੰਗ ਹੀ ਮੰਗਦਾ ਹੈ, ਪਰ ਖ਼ਸਮ-ਪ੍ਰਭੂ ਉਹੀ ਕੁਝ ਕਰਦਾ ਹੈ, ਜੋ ਉਸ ਨੂੰ ਚੰਗਾ ਜਾਪਦਾ ਹੈ।

ਜੀਵ (ਦੁਨੀਆਂ ਦੇ ਮਿੱਠੇ ਪਦਾਰਥਾਂ ਦੀ ਖ਼ਾਤਰ) ਪੁੰਨ ਕਰਦੇ ਹਨ, ਇਹੋ ਜਿਹੇ ਹੋਰ ਭੀ ਅਨੇਕਾਂ ਧਾਰਮਿਕ ਕੰਮ ਕਰਦੇ ਹਨ, ਪਰ ਪਰਮਾਤਮਾ ਦੇ ਨਾਮ ਦੇ ਬਰਾਬਰ ਹੋਰ ਕੋਈ ਉੱਦਮ ਨਹੀਂ ਹੈ। ਹੇ ਨਾਨਕ! ਜਿਨ੍ਹਾਂ ਬੰਦਿਆਂ ਉੱਤੇ ਧੁਰੋਂ ਪਰਮਾਤਮਾ ਵਲੋਂ ਬਖ਼ਸ਼ਸ਼ ਹੁੰਦੀ ਹੈ, ਉਹਨਾਂ ਨੂੰ ਨਾਮ ਦੀ ਦਾਤਿ ਮਿਲਦੀ ਹੈ।

ਇਹ ਸਾਰਾ ਜਗਤ ਪ੍ਰਭੂ ਨੇ ਆਪ ਹੀ ਪੈਦਾ ਕੀਤਾ ਹੈ ਤੇ ਆਪ ਹੀ ਸਭ ਉੱਤੇ ਮੇਹਰ ਦੀ ਨਜ਼ਰ ਕਰਦਾ ਹੈ।੪।

ਸੋ ਇਸ ਛੰਤ ਨੂੰ ਧਿਆਨ ਨਾਲ ਪੜ੍ਹਿਆਂ ਕਿਸੇ ਪ੍ਰਕਾਰ ਦਾ ਇਸ ਪੰਗਤੀ ਬਾਰੇ ਭਰਮ-ਭੁਲੇਖਾ ਨਹੀਂ ਰਹਿੰਦਾ ਕਿ ਗੁਰਬਾਣੀ ਦੀ ਇਸ ਪੰਗਤੀ 'ਲਿਖੇ ਬਾਝਹੁ ਸੁਰਤਿ ਨਾਹੀ ਬੋਲਿ ਬੋਲਿ ਗਵਾਈਐ' ਦਾ ਕੀ ਭਾਵਾਰਥ ਹੈ।

ਜਉ ਕਿਰਪਾ ਗੋਬਿੰਦ ਭਈ

ਜਦ ਕਦੀ ਕੋਈ ਪ੍ਰਾਣੀ ਕਿਸੇ ਤਰ੍ਹਾਂ ਦੀ ਪ੍ਰਾਪਤੀ 'ਤੇ ਇਹ ਕਹਿੰਦਾ ਹੈ ਕਿ ਉਸ ਉੱਤੇ ਪ੍ਰਭੂ ਦੀ ਬੜੀ ਕ੍ਰਿਪਾ ਹੋਈ ਹੈ ਤਾਂ ਗੱਲ ਸਮਝ ਵਿਚ ਆਉਂਦੀ ਹੈ। ਪਰ ਜਿਸ ਨੇ ਹੇਰਾ-ਫੇਰੀ ਜਾਂ ਬੇਈਮਾਨੀ ਆਦਿ ਕਰਕੇ ਕਿਸੇ ਤਰ੍ਹਾਂ ਦੀ ਕਾਮਯਾਬੀ ਹਾਸਲ ਕੀਤੀ ਹੁੰਦੀ ਹੈ, ਉਸ ਦੇ ਮੂੰਹੋਂ ਇਹ ਸੁਣਨ ਨੂੰ ਮਿਲੇ ਕਿ ਪ੍ਰਭੂ ਦੀ ਬੜੀ ਕਿਰਪਾ ਹੋਈ ਹੈ, ਤਾਂ ਬੜੀ ਹੈਰਾਨਗੀ ਹੁੰਦੀ ਹੈ। ਆਮ ਮਨੁੱਖ ਸੋਚਣ ਲਈ ਮਜਬੂਰ ਹੋ ਜਾਂਦਾ ਹੈ ਕਿ ਕੀ ਸੱਚ-ਮੁੱਚ ਹੀ ਹੇਰਾ-ਫੇਰੀ ਜਾਂ ਬੇਈਮਾਨੀ ਆਦਿ ਕਰਕੇ ਕੁਝ ਹਾਸਲ ਕਰਨ ਵਾਲਿਆਂ ਉੱਤੇ ਅਕਾਲ ਪੁਰਖ ਦੀ ਕਿਰਪਾ ਹੋਈ ਹੈ ? ਕੀ ਪਰਮਾਤਮਾ ਦੀ ਕਿਰਪਾ ਦਾ ਇਹ ਰੂਪ ਹੈ ?

ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਜਾਂ ਪ੍ਰਭੂ ਦੀ ਕਿਰਪਾ ਸੰਬੰਧੀ ਚਰਚਾ ਕਰਦਿਆਂ ਇਹ ਸਪੱਸ਼ਟ ਕੀਤਾ ਹੈ ਕਿ ਅਕਾਲ ਪੁਰਖ ਦੀ ਕਿਰਪਾ ਦਾ ਪਾਤਰ ਹਰੇਕ ਵਿਅਕਤੀ ਹੀ ਹੈ। ਪਰ ਜੇਕਰ ਕੋਈ ਇਸ ਤੋਂ ਰਹਿਤ ਹੈ ਤਾਂ ਕੇਵਲ ਆਪਣੇ ਹੀ ਕਾਰਨਾਂ ਕਰ ਕੇ। ਸਭ ਤੋਂ ਸ੍ਰੇਸ਼ਟ ਇਹ ਕਿ ਮਨੁੱਖਾ ਜਨਮ ਹੀ ਪ੍ਰਭੂ ਦੀ ਬਖ਼ਸ਼ਸ਼ ਦਾ ਜ਼ਾਹਰਾ ਰੂਪ ਹੈ ਅਤੇ ਹਰ ਇਕ ਪ੍ਰਾਣੀ ਪਰਮਾਤਮਾ ਦੀਆਂ ਹੋਰ ਬਖ਼ਸ਼ਸ਼ਾਂ ਦਾ ਪਾਤਰ ਬਣ ਸਕਦਾ ਹੈ।

ਗੁਰਬਾਣੀ ਦੇ ਨਿਮਨ ਲਿਖਤ ਸ਼ਬਦ ਵਿੱਚੋਂ ਪ੍ਰਭੂ ਕਿਰਪਾ ਨਾਲ ਮਨੁੱਖ ਨੂੰ ਜੋ ਮਿਲਦਾ ਹੈ, ਉਸ ਦਾ ਸਰੂਪ ਉਘੜਦਾ ਹੈ :

ਅਪੁਸਟ ਬਾਤ ਤੇ ਭਈ ਸੀਧਰੀ ਦੂਤ ਦੁਸਟ ਸਜਨਈ ॥
ਅੰਧਕਾਰ ਮਹਿ ਰਤਨੁ ਪ੍ਰਗਾਸਿਓ ਮਲੀਨ ਬੁਧਿ ਹਛਨਈ ॥੧॥
ਜਉ ਕਿਰਪਾ ਗੋਬਿੰਦ ਭਈ ॥
ਸੁਖ ਸੰਪਤਿ ਹਰਿ ਨਾਮ ਫਲ ਪਾਏ ਸਤਿਗੁਰ ਮਿਲਈ ॥੧॥ਰਹਾਉ॥
ਮੋਹਿ ਕਿਰਪਨ ਕਉ ਕੋਇ ਨ ਜਾਨਤ ਸਗਲ ਭਵਨ ਪ੍ਰਗਟਈ ॥
ਸੰਗਿ ਬੈਠਨੋ ਕਹੀ ਨ ਪਾਵਤ ਹੁਣਿ ਸਗਲ ਚਰਣ ਸੇਵਈ ॥੨॥
ਆਢ ਆਢ ਕਉ ਫਿਰਤ ਢੂੰਢਤੇ ਮਨ ਸਗਲ ਤ੍ਰਿਸਨ ਬੁਝਿ ਗਈ ॥
ਏਕੁ ਬੋਲੁ ਭੀ ਖਵਤੋ ਨਾਹੀ ਸਾਧਸੰਗਤਿ ਸੀਤਲਈ ॥੩॥
ਏਕ ਜੀਹ ਗੁਣ ਕਵਨ ਵਖਾਨੈ ਅਗਮ ਅਗਮ ਅਗਮਈ ॥
ਦਾਸੁ ਦਾਸ ਦਾਸ ਕੋ ਕਰੀਅਹੁ ਜਨ ਨਾਨਕ ਹਰਿ ਸਰਣਈ ॥੪॥

(ਆਸਾ ਮਹਲਾ ੫, ਪੰਨਾ 402)

ਸ਼ਬਦ ਦੀਆਂ ਰਹਾਉ ਦੀਆਂ ਪੰਗਤੀਆਂ ਵਿਚ ਹਜ਼ੂਰ ਫ਼ੁਰਮਾਂਦੇ ਹਨ :

ਜਉ ਕਿਰਪਾ ਗੋਬਿੰਦ ਭਈ ॥
ਸੁਖ ਸੰਪਤਿ ਹਰਿ ਨਾਮ ਫਲ ਪਾਏ ਸਤਿਗੁਰ ਮਿਲਈ ॥੧॥ਰਹਾਉ॥

ਭਾਵ, ਜਦੋਂ ਮਾਲਕ ਦੀ ਕਿਸੇ ਮਨੁੱਖ ਉੱਤੇ ਕਿਰਪਾ ਹੁੰਦੀ ਹੈ ਤਾਂ ਉਸ ਨੂੰ ਸਤਿਗੁਰੂ ਮਿਲਦਾ ਹੈ ਅਰਥਾਤ ਉਹ ਪ੍ਰਾਣੀ ਗੁਰੂ ਦੇ ਉਪਦੇਸ਼ ਨੂੰ ਆਪਣੇ ਹਿਰਦੇ ਵਿਚ ਵਸਾਉਂਦਾ ਹੈ। ਗੁਰੂ ਦਾ ਉਪਦੇਸ਼ ਹਿਰਦੇ ਵਿਚ ਵਸਾਉਣ ਦੀ ਬਦੌਲਤ, ਉਸ ਮਨੁੱਖ ਨੂੰ ਆਤਮਿਕ ਅਨੰਦ ਦੀ ਦੌਲਤ, ਪ੍ਰਭੂ ਦਾ ਨਾਮ ਮਿਲ ਪਿਆ। ਸ਼ਬਦ ਦੇ ਤਿੰਨਾਂ ਬੰਦਾਂ ਵਿਚ ਵਿਸਤਾਰ, ਸ਼ਬਦ ਦੀਆਂ ਪ੍ਰਾਰੰਭਕ ਪੰਗਤੀਆਂ ਵਿਚ ਕਰਦਿਆਂ ਪ੍ਰਭੂ ਦੇ ਨਾਮ ਅਥਵਾ ਆਤਮਿਕ ਅਨੰਦ ਦੀ ਦੌਲਤ ਬਾਰੇ ਫ਼ੁਰਮਾਂਦੇ ਹਨ:

ਅਪੁਸਟ ਬਾਤ ਤੇ ਭਈ ਸੀਧਰੀ ਦੂਤ ਦੁਸਟ ਸਜਨਈ॥
ਅੰਧਕਾਰ ਮਹਿ ਰਤਨੁ ਪ੍ਰਗਾਸਿਓ ਮਲੀਨ ਬੁਧਿ ਹਛਨਈ॥੧॥

ਅਰਥ: (ਹੇ ਭਾਈ! ਜਦੋਂ ਗੁਰੂ ਨਾਲ ਮਿਲਾਪ ਹੋਇਆ ਤਾਂ ਮੇਰੀ ਹਰੇਕ) ਪੁੱਠੀ ਗੱਲ ਸੋਹਣੀ, ਸਿੱਧੀ ਹੋ ਗਈ (ਮੇਰੇ ਪਹਿਲੇ) ਚੰਦਰੇ ਵੈਰੀ (ਹੁਣ) ਸੱਜਣ-ਮਿੱਤਰ ਬਣ ਗਏ, (ਮੇਰੇ ਮਨ ਦੇ) ਘੁੱਪ ਹਨੇਰੇ ਵਿਚ (ਗੁਰੂ ਦਾ ਬਖ਼ਸ਼ਿਆ ਗਿਆਨ-) ਰਤਨ ਚਮਕ ਪਿਆ (ਵਿਕਾਰਾਂ ਨਾਲ) ਮੈਲੀ ਹੋ ਚੁੱਕੀ ਮੇਰੀ ਅਕਲ ਸਾਫ਼-ਸੁਥਰੀ ਹੋ ਗਈ।੧।

"ਅਪੁਸਟ ਬਾਤ ਤੇ ਭਈ ਸੀਧਰੀ" ਤੋਂ ਭਾਵ ਹੈ ਗੁਰੂ ਕਿਰਪਾ ਦਾ ਪਾਤਰ ਬਣਨ ਤੋਂ ਪਹਿਲਾਂ ਜੀਵਨ ਨੂੰ ਦੇਖਣ ਪਰਖਣ ਦਾ ਜੋ ਮਾਪਦੰਡ ਸੀ, ਉਹ ਖ਼ਤਮ ਹੋ ਗਿਆ ਹੈ। ਇਸ ਪਹਿਲੇ ਮਾਪਦੰਡ ਦਾ ਰੂਪ ਗੁਰਬਾਣੀ ਵਿਚ ਇਉਂ ਦਰਸਾਇਆ ਹੈ:

ਕਉਡੀ ਬਦਲੈ ਤਿਆਗੈ ਰਤਨੁ॥
ਛੋਡਿ ਜਾਇ ਤਾਹੂ ਕਾ ਜਤਨੁ॥
ਸੋ ਸੰਚੈ ਜੋ ਹੋਛੀ ਬਾਤ॥
ਮਾਇਆ ਮੋਹਿਆ ਟੇਢਉ ਜਾਤ॥੧॥...
ਅੰਮ੍ਰਿਤੁ ਕਉਰਾ ਬਿਖਿਆ ਮੀਠੀ॥
ਸਾਕਤ ਕੀ ਬਿਧਿ ਨੈਨਹੁ ਡੀਠੀ॥
ਕੂੜਿ ਕਪਟਿ ਅਹੰਕਾਰਿ ਰੀਝਾਨਾ॥
ਨਾਮੁ ਸੁਨਤ ਜਨੁ ਬਿਛੂਅ ਡਸਾਨਾ॥੨॥
ਮਾਇਆ ਕਾਰਣਿ ਸਦ ਹੀ ਝੂਰੈ॥
ਮਨਿ ਮੁਖਿ ਕਬਹਿ ਨ ਉਸਤਤਿ ਕਰੈ॥
ਨਿਰਭਉ ਨਿਰੰਕਾਰ ਦਾਤਾਰੁ॥
ਤਿਸੁ ਸਿਉ ਪ੍ਰੀਤਿ ਨ ਕਰੈ ਗਵਾਰੁ॥੩॥ *(ਰਾਮਕਲੀ ਮ: ੫, ਪੰਨਾ 892)*

ਅਰਥ: (ਪਰਮਾਤਮਾ ਦਾ ਨਾਮ ਅਮੋਲਕ ਰਤਨ ਹੈ, ਇਸ ਦੇ ਟਾਕਰੇ 'ਤੇ ਮਾਇਆ ਕੌਡੀ ਦੇ ਤੁੱਲ ਹੈ; ਪਰ ਸਾਕਤ ਮਨੁੱਖ) ਕੌਡੀ ਦੀ ਖ਼ਾਤਰ (ਕੀਮਤੀ) ਰਤਨ ਨੂੰ ਛੱਡ ਦੇਂਦਾ ਹੈ, ਉਸੇ ਦੀ ਪ੍ਰਾਪਤੀ ਦਾ ਯਤਨ ਕਰਦਾ ਹੈ ਜੋ ਸਾਥ ਛੱਡ ਜਾਂਦੀ ਹੈ, ਉਸੇ (ਮਾਇਆ) ਨੂੰ ਹੀ ਇਕੱਠੀ ਕਰਦਾ ਰਹਿੰਦਾ ਹੈ, ਜਿਸ ਦੀ ਪੁੱਛ-ਪ੍ਰਤੀਤ ਥੋੜ੍ਹੀ ਕੁ ਹੀ ਹੈ; ਮਾਇਆ ਦੇ ਮੋਹ ਵਿਚ ਫਸਿਆ ਹੋਇਆ (ਸਾਕਤ) ਆਕੜ ਆਕੜ ਕੇ ਤੁਰਦਾ ਹੈ।੧।

(ਹੇ ਭਾਈ!) ਰੱਬ ਨਾਲੋਂ ਟੁੱਟੇ ਮਨੁੱਖ ਦੀ (ਭੈੜੀ) ਹਾਲਤ (ਅਸਾਂ) ਅੱਖੀਂ ਵੇਖੀ

ਹੈ, ਇਸ ਨੂੰ ਆਤਮਿਕ ਜੀਵਨ ਦੇਣ ਵਾਲਾ ਨਾਮ-ਜਲ ਕੌੜਾ ਲੱਗਦਾ ਹੈ। (ਸਾਕਤ ਸਦਾ) ਨਾਸ਼ਵੰਤ ਪਦਾਰਥ ਵਿਚ, ਠੱਗੀ (ਕਰਨ) ਵਿਚ ਅਤੇ ਅਹੰਕਾਰ ਵਿਚ ਖ਼ੁਸ਼ ਰਹਿੰਦਾ ਹੈ। ਪਰਮਾਤਮਾ ਦਾ ਨਾਮ ਸੁਣਦਿਆਂ ਤਾਂ ਇਉਂ ਹੁੰਦਾ ਹੈ, ਜਿਵੇਂ ਇਸ ਨੂੰ ਠੂਹਾਂ ਡੰਗ ਮਾਰ ਜਾਂਦਾ ਹੈ।੨।

(ਹੇ ਭਾਈ! ਸਾਕਤ ਮਨੁੱਖ) ਸਦਾ ਹੀ ਮਾਇਆ ਦੀ ਖ਼ਾਤਰ ਚਿੰਤਾ-ਫ਼ਿਕਰ ਕਰਦਾ ਰਹਿੰਦਾ ਹੈ, ਇਹ ਕਦੇ ਭੀ ਆਪਣੇ ਮਨ ਵਿਚ ਆਪਣੇ ਮੂੰਹ ਨਾਲ ਪਰਮਾਤਮਾ ਦੀ ਸਿਫ਼ਤਿ-ਸਾਲਾਹ ਨਹੀਂ ਕਰਦਾ। ਜਿਹੜਾ ਪਰਮਾਤਮਾ ਸਭ ਦਾਤਾਂ ਦੇਣ ਵਾਲਾ ਹੈ, ਜਿਸ ਨੂੰ ਕਿਸੇ ਦਾ ਡਰ-ਭਉ ਨਹੀਂ ਹੈ, ਜੋ ਸਰੀਰਾਂ ਦੀ ਕੈਦ ਤੋਂ ਪਰ੍ਹੇ ਹੈ, ਉਸ ਨਾਲ ਇਹ ਮੂਰਖ ਸਾਕਤ ਕਦੇ ਪਿਆਰ ਨਹੀਂ ਪਾਂਦਾ।੩।

"ਦੂਤ ਦੁਸਟ ਸਜਨਈ" ਤੋਂ ਭਾਵ ਹੈ ਕਿ ਕਾਮ ਕ੍ਰੋਧ ਹੰਕਾਰ ਆਦਿ ਵਿਕਾਰ ਜਿਹੜੇ ਆਤਮਿਕ ਮੌਤ ਦਾ ਕਾਰਨ ਸਨ, ਹੁਣ ਇਨ੍ਹਾਂ ਤੋਂ ਸਾਰਥਿਕ ਕੰਮ ਲਿਆ ਜਾ ਰਿਹਾ ਹੈ। ਇਸ ਨੂੰ ਗੁਰਬਾਣੀ ਵਿਚ ਇਸ ਤਰ੍ਹਾਂ ਵੀ ਕਿਹਾ ਹੈ:

ਕਾਮੁ ਕ੍ਰੋਧੁ ਦੁਇ ਕਰਹੁ ਬਸੋਲੇ ਗੋਡਹੁ ਧਰਤੀ ਭਾਈ॥
ਜਿਉ ਗੋਡਹੁ ਤਿਉ ਤੁਮ੍ ਸੁਖ ਪਾਵਹੁ ਕਿਰਤੁ ਨ ਮੇਟਿਆ ਜਾਈ॥

(ਬਸੰਤੁ ਮ: ੧, ਪੰਨਾ 1171)

ਅਰਥ: (ਕਿਸਾਨ ਉੱਗੀ ਖੇਤੀ ਨੂੰ ਰੰਬੇ ਨਾਲ ਗੋਡੀ ਦੇਂਦਾ ਹੈ। ਫ਼ਸਲ ਦੇ ਹਰੇਕ ਬੂਟੇ ਨੂੰ ਪਿਆਰ ਨਾਲ ਸਾਂਭ ਕੇ ਬਚਾਈ ਜਾਂਦਾ ਹੈ, ਤੇ ਫ਼ਾਲਤੂ ਘਾਹ-ਬੂਟ ਨਦੀਣ ਨੂੰ, ਮਾਨੋ, ਗ਼ੁੱਸੇ ਨਾਲ ਪੁੱਟ-ਪੁੱਟ ਕੇ ਬਾਹਰ ਸੁੱਟਦਾ ਜਾਂਦਾ ਹੈ, ਤੂੰ ਭੀ) ਹੇ ਭਾਈ! ਆਪਣੇ ਸਰੀਰ ਰੂਪੀ ਧਰਤੀ ਨੂੰ ਗੋਡ, ਪਿਆਰ ਅਤੇ ਗ਼ੁੱਸਾ ਇਹ ਦੋ ਰੰਬੇ ਬਣਾ (ਦੈਵੀ ਗੁਣਾਂ ਨੂੰ ਪਿਆਰ ਨਾਲ ਬਚਾਈ ਰੱਖ, ਵਿਕਾਰਾਂ ਨੂੰ ਗ਼ੁੱਸੇ ਨਾਲ ਜੜ੍ਹੋਂ ਪੁੱਟਦਾ ਜਾਹ)। ਜਿਉਂ ਜਿਉਂ ਤੂੰ ਇਸ ਤਰ੍ਹਾਂ ਗੋਡੀ ਕਰੇਂਗਾ, ਤਿਉਂ ਤਿਉਂ ਆਤਮਿਕ ਸੁਖ ਮਾਣੇਂਗਾ। ਤੇਰੀ ਕੀਤੀ ਇਹ ਮੇਹਨਤ ਵਿਅਰਥ ਨਹੀਂ ਜਾਇਗੀ।

"ਅੰਧਕਾਰ ਮਹਿ ਰਤਨੁ ਪ੍ਰਗਾਸਿਓ ਮਲੀਨ ਬੁਧਿ ਹਛਨਈ" ਦਾ ਭਾਵ ਹੈ ਕਿ ਮਨ, ਜਿਸ ਨੂੰ ਜਨਮ-ਜਨਮ ਦੀ ਵਿਕਾਰਾਂ ਦੀ ਮੈਲ ਲੱਗੀ ਹੋਈ ਸੀ, ਗੁਰੂ ਦੇ ਸ਼ਬਦ ਨੂੰ ਧਾਰਨ ਕਰਨ ਦੀ ਬਦੌਲਤ ਇਸ ਮੈਲ ਤੋਂ ਰਹਿਤ ਹੋ ਗਿਆ ਹੈ। ਹੁਣ ਚੰਗੇ-ਮਾੜੇ ਦੀ ਪਛਾਣ ਕਰਨੀ ਆ ਗਈ ਹੈ। ਜਦੋਂ ਬੁੱਧੀ ਮਲੀਣ ਸੀ ਤਦੋਂ ਹਾਲਤ ਕੁਝ ਇਸ ਤਰ੍ਹਾਂ ਸੀ:

ਖੋਟੇ ਕਉ ਖਰਾ ਕਹੈ ਖਰੇ ਸਾਰ ਨ ਜਾਣੈ॥
ਅੰਧੇ ਕਾ ਨਾਉ ਪਾਰਖੂ ਕਲੀ ਕਾਲ ਵਿਡਾਣੈ॥੩॥

(ਗਉੜੀ ਮਹਲਾ ੧, ਪੰਨਾ 229)

ਅਰਥ: (ਹੇ ਭਾਈ!) ਜੇ ਤੂੰ ਗੁਰੂ ਦੀ ਕਿਰਪਾ ਨਾਲ ਇਹ ਗੱਲ ਸਮਝ ਲਏਂ ਕਿ ਮਾਇਆ-ਰਹਿਤ ਪ੍ਰਭੂ ਦਾ ਨਾਮ ਹਰੇਕ ਹਿਰਦੇ-ਘਰ ਵਿਚ ਵੱਸਦਾ ਹੈ ਤੇ ਉਹੀ ਨਿਰੰਜਨ ਮੇਰਾ ਭੀ ਪਾਲਣ-ਹਾਰ ਮਾਲਕ ਹੈ, ਤਾਂ ਮਾਇਆ ਦੇ ਪ੍ਰਭਾਵ ਤੋਂ ਪੈਦਾ ਹੋਏ ਆਤਮਿਕ ਹਨੇਰੇ ਵਿੱਚੋਂ ਤੇਰੀ ਖ਼ਲਾਸੀ ਹੋ ਜਾਇਗੀ।੧।

ਜਿਨ੍ਹਾਂ ਬੰਦਿਆਂ ਨੂੰ ਮਾਇਆ ਦੇ ਮੋਹ ਨੇ ਅੰਨ੍ਹਾ ਕਰ ਦਿੱਤਾ ਹੈ ਤੇ ਅਕਲ-ਹੀਣ ਕਰ ਦਿੱਤਾ ਹੈ, ਉਹਨਾਂ ਨੂੰ ਇਹ ਸਮਝਾਣ ਦਾ ਕੋਈ ਲਾਭ ਨਹੀਂ। ਗੁਰੂ ਦੀ ਸ਼ਰਨ ਤੋਂ ਬਿਨਾਂ ਉਹਨਾਂ ਨੂੰ ਜੀਵਨ ਦਾ ਸਹੀ ਰਸਤਾ ਲੱਭ ਨਹੀਂ ਸਕਦਾ, ਸਹੀ ਜੀਵਨ-ਰਾਹ ਦੇ ਰਾਹੀ ਦਾ ਉਹਨਾਂ ਨਾਲ ਕਿਸੇ ਤਰ੍ਹਾਂ ਭੀ ਸਾਥ ਨਹੀਂ ਨਿਭ ਸਕਦਾ।੨।

ਮਾਇਆ ਦੇ ਮੋਹ ਵਿਚ ਅੰਨ੍ਹਾ ਹੋਇਆ ਮਨੁੱਖ ਉਸ ਧਨ ਨੂੰ ਜੋ ਪ੍ਰਭੂ ਦੀ ਦਰਗਾਹ ਵਿਚ ਮੁੱਲ ਨਹੀਂ ਪਾਂਦਾ ਅਸਲ ਧਨ ਆਖਦਾ ਹੈ, ਪਰ (ਜੇਹੜਾ ਨਾਮ-ਧਨ) ਅਸਲ ਧਨ (ਹੈ ਉਸ) ਦੀ ਕਦਰ ਹੀ ਨਹੀਂ ਸਮਝਦਾ। ਮਾਇਆ ਵਿਚ ਅੰਨ੍ਹੇ ਹੋਏ ਮਨੁੱਖ ਨੂੰ ਸਿਆਣਾ ਆਖਿਆ ਜਾ ਰਿਹਾ ਹੈ...ਇਹ ਅਸਚਰਜ ਚਾਲ ਹੈ ਦੁਨੀਆਂ ਦੀ, ਸਮੇਂ ਦੀ।੩।

"ਮੋਹਿ ਕਿਰਪਨ ਕਉ ਕੋਇ ਨ ਜਾਨਤ ਸਗਲ ਭਵਨ ਪ੍ਰਗਟਈ" ਦਾ ਭਾਵ ਹੈ ਕਿ ਕਿਰਪਾ ਦਾ ਪਾਤਰ ਬਣਨ ਤੋਂ ਪਹਿਲਾਂ ਚੰਗੇ ਪਾਸੇ ਕਦਮ ਪੁੱਟਣ ਤੋਂ ਸੰਕੋਚ ਕਰਦਾ ਸੀ, ਚੰਗੇ ਗੁਣ ਧਾਰਨ ਕਰਨ ਲਈ ਕੋਈ ਉਤਸ਼ਾਹ ਨਹੀਂ ਸੀ। ਹਾਂ, ਬੁਰੇ ਕੰਮ ਕਰਨ ਤੋਂ ਕਦੀ ਨਾ ਤਾਂ ਕੋਈ ਸੰਕੋਚ ਸੀ ਅਤੇ ਨਾ ਹੀ ਆਲਸ। ਜਦ ਕਿਰਪਾ ਹੋ ਗਈ ਤਾਂ ਹੁਣ ਬੁਰੇ ਕੰਮ ਵਲੋਂ ਮਨ ਆਲਸੀ ਹੋ ਗਿਆ ਹੈ ਅਤੇ ਚੰਗੇ ਕੰਮਾਂ ਲਈ ਹਮੇਸ਼ਾਂ ਤੱਤਪਰ ਰਹਿਣ ਲੱਗ ਪਿਆ ਹੈ।

"ਸੰਗਿ ਬੈਠਨੋ ਕਹੀ ਨ ਪਾਵਤ ਹੁਨਿ ਸਗਲ ਚਰਣ ਸੇਵਈ" ਦਾ ਅਰਥ ਹੈ ਕਿ ਪਹਿਲਾਂ ਸ਼ੁਭ ਗੁਣਾਂ ਤੋਂ ਬਿਲਕੁਲ ਹੀ ਸੱਖਣਾ ਸੀ, ਪਰ ਹੁਣ ਸ਼ੁਭ ਗੁਣਾਂ ਦੀ ਪੂੰਜੀ ਨਾਲ ਮਾਲੋ-ਮਾਲ ਹੋ ਗਿਆ ਹੈ। ਇਸ ਕਰਕੇ ਕਿਸੇ ਦੀ ਕੋਈ ਮੁਥਾਜੀ ਨਹੀਂ ਰਹੀ। ਮਨੁੱਖਤਾ ਦੀ ਨਿਸ਼ਕਾਮ ਭਾਵਨਾ ਨਾਲ ਸੇਵਾ ਕਰਨ ਲਈ ਹਮੇਸ਼ਾਂ ਹੀ ਤੱਤਪਰ ਰਹਿੰਦਾ ਹੈ।

"ਆਢ ਆਢ ਕਉ ਫਿਰਤ ਢੂੰਢਤੇ ਮਨ ਸਗਲ ਤ੍ਰਿਸਨ ਬੁਝਿ ਗਈ" ਦਾ ਭਾਵ ਹੈ ਕਿ ਕਿਰਪਾ ਦਾ ਪਾਤਰ ਬਣਨ ਤੋਂ ਪਹਿਲਾਂ ਤ੍ਰਿਸ਼ਨਾਲੂ ਬ੍ਰਿਤੀ ਹੋਣ ਕਾਰਨ ਧਿਰ-ਧਿਰ ਦੀ ਮੁਥਾਜਗੀ ਕਰਨ ਲਈ ਮਜਬੂਰ ਸੀ। ਪਰੰਤੂ ਕਿਰਪਾ ਦੇ ਪਾਤਰ ਬਣਨ ਦੀ ਬਦੌਲਤ ਅੰਦਰੋਂ ਤ੍ਰਿਸ਼ਨਾ ਦੀ ਅੱਗ ਬੁੱਝ ਗਈ ਹੈ। ਮਨ ਹੁਣ ਸ਼ਾਂਤ ਹੋ ਗਿਆ ਹੈ। ਆਪਣੀਆਂ ਲੋੜਾਂ ਦੀ ਪੂਰਤੀ ਲਈ ਉੱਦਮ ਤਾਂ ਕਰਦਾ ਹੈ ਪਰ ਦੌੜ-ਭੱਜ ਵਿਚ ਭਟਕਣਾ ਅਥਵਾ ਅਸ਼ਾਂਤੀ ਨਹੀਂ ਹੈ।

"ਏਕੁ ਬੋਲੁ ਭੀ ਖਵਤੋ ਨਾਹੀ ਸਾਧਸੰਗਤਿ ਸੀਤਲਈ" ਦਾ ਅਰਥ ਹੈ ਕਿ ਕਿਰਪਾ ਤੋਂ ਪਹਿਲਾਂ ਮਨੁੱਖ ਇਤਨਾ ਹੰਕਾਰੀ ਸੀ ਕਿ ਇਹ ਕਿਸੇ ਦੀ ਸੱਚੀ ਗੱਲ ਵੀ ਸੁਣਨ ਲਈ ਤਿਆਰ ਨਹੀਂ ਸੀ। ਪਰ ਬਖ਼ਸ਼ਸ਼ ਮਗਰੋਂ ਇਸ ਗੱਲ ਦੀ ਪ੍ਰਵਾਹ ਨਹੀਂ ਕਰਦਾ ਕਿ ਕੋਈ ਉਸ ਬਾਰੇ ਕੀ ਰਾਏ ਰੱਖਦਾ ਹੈ। ਉਹ ਗੁਰੂ ਦੇ ਇਸ ਉਪਦੇਸ਼ ਨੂੰ ਹਮੇਸ਼ਾਂ ਦ੍ਰਿੜ੍ਹ ਕਰੀ ਰੱਖਦਾ ਹੈ:

ਕਵਨ ਥਾਨ ਧੀਰਿਓ ਹੈ ਨਾਮਾ ਕਵਨ ਬਸਤੁ ਅਹੰਕਾਰਾ॥
ਕਵਨ ਚਿਹਨ ਸੁਨਿ ਊਪਰਿ ਛੋਹਿਓ ਮੁਖ ਤੇ ਸੁਨਿ ਕਰਿ ਗਾਰਾ॥੧॥

(ਮਾਰੂ ਮਹਲਾ ੫, ਪੰਨਾ 999)

ਅਰਥ : (ਹੇ ਭਾਈ! ਤੇਰਾ ਉਹ) ਨਾਮ (ਤੇਰੇ ਅੰਦਰ) ਕਿਥੇ ਟਿਕਿਆ ਹੋਇਆ

ਹੈ (ਜਿਸ ਨੂੰ ਲੈ ਲੈ ਕੇ ਕੋਈ ਤੈਨੂੰ ਗਾਲ੍ਹ ਕੱਢਦਾ ਹੈ ?) ਉਹ ਅਹੰਕਾਰ ਕੀਹ ਚੀਜ਼ ਹੈ (ਜਿਸ ਨਾਲ ਤੂੰ ਆਫਰਿਆ ਫਿਰਦਾ ਹੈਂ) ? ਹੇ ਭਾਈ ! ਸੁਣ, ਤੈਨੂੰ ਉਹ ਕਿਹੜੇ ਫੱਟ ਲੱਗੇ ਹਨ ਕਿਸੇ ਦੇ ਮੂੰਹੋਂ ਗੱਲਾਂ ਸੁਣ ਕੇ, ਜਿਸ ਕਰਕੇ ਤੂੰ ਕ੍ਰੋਧਵਾਨ ਹੋ ਜਾਂਦਾ ਹੈਂ ?

ਇਸ ਸ਼ਬਦ ਦੀਆਂ ਅੰਤਲੀਆਂ ਪੰਗਤੀਆਂ ਵਿਚ ਹਜ਼ੂਰ ਫ਼ੁਰਮਾਂਦੇ ਹਨ:

ਏਕ ਜੀਹ ਗੁਣ ਕਵਨ ਵਖਾਨੈ ਅਗਮ ਅਗਮ ਅਗਮਈ ॥
ਦਾਸੁ ਦਾਸ ਦਾਸ ਕੋ ਕਰੀਅਹੁ ਜਨ ਨਾਨਕ ਹਰਿ ਸਰਣਈ ॥੪॥

ਅਰਥ: (ਹੇ ਭਾਈ! ਗੋਬਿੰਦ ਦੀ ਅਪਾਰ ਕਿਰਪਾ ਨਾਲ ਮੈਨੂੰ ਸਤਿਗੁਰੂ ਮਿਲਿਆ, ਉਸ ਗੋਬਿੰਦ ਦੇ) ਕੇਹੜੇ ਕੇਹੜੇ ਗੁਣ (ਉਪਕਾਰ) ਮੇਰੀ ਇਕ ਜੀਭ ਬਿਆਨ ਕਰੇ ? ਉਹ ਅਪਹੁੰਚ ਹੈ, ਅਪਹੁੰਚ ਹੈ, ਅਪਹੁੰਚ ਹੈ (ਉਸ ਦੇ ਸਾਰੇ ਗੁਣ, ਉਪਕਾਰ ਦੱਸੇ ਨਹੀਂ ਜਾ ਸਕਦੇ)। ਹੇ ਨਾਨਕ ! (ਸਿਰਫ਼ ਇਹੀ ਆਖਦਾ ਰਹੁ...) ਹੇ ਹਰੀ ! ਮੈਂ ਦਾਸ ਤੇਰੀ ਸ਼ਰਨ ਆਇਆ ਹਾਂ, ਮੈਨੂੰ ਆਪਣੇ ਦਾਸਾਂ ਦੇ ਦਾਸਾਂ ਦਾ ਦਾਸ ਬਣਾਈ ਰੱਖ ।੪।

ਇਸ ਸ਼ਬਦ ਵਿਚ ਕਿਰਪਾ ਦੇ ਭਾਵ ਨੂੰ ਸਪੱਸ਼ਟ ਰੂਪ ਵਿਚ ਦਰਸਾਇਆ ਗਿਆ ਹੈ। ਕਿਸੇ ਤਰ੍ਹਾਂ ਦਾ ਇਸ ਸੰਬੰਧੀ ਭਰਮ-ਭੁਲੇਖਾ ਨਹੀਂ ਰਹਿੰਦਾ। ਸਾਡੇ ਇਤਿਹਾਸ ਵਿਚ ਇਸ ਤਰ੍ਹਾਂ ਦੀਆਂ ਕਈ ਸਾਖੀਆਂ ਮਿਲਦੀਆਂ ਹਨ, ਜਿਨ੍ਹਾਂ ਵਿਚ ਪ੍ਰਭੂ ਕਿਰਪਾ ਦੇ ਪਾਤਰ ਬਣੇ ਹੋਏ ਗੁਰਸਿੱਖਾਂ ਦੇ ਜੀਵਨ ਵਿਚ ਆਈ ਹੋਈ ਤਬਦੀਲੀ ਦਾ ਭਰਪੂਰ ਵਰਣਨ ਹੈ। ਉਦਾਹਰਣ ਵਜੋਂ ਕੇਵਲ ਇਕ ਇਤਿਹਾਸਕ ਘਟਨਾ ਦਾ ਹੀ ਵਰਣਨ ਕਰ ਰਹੇ ਹਾਂ:

ਗੁਰੂ ਅਮਰਦਾਸ ਜੀ ਦੇ ਸਮੇਂ ਇਕ ਭਾਈ ਮਿਹਰਾ ਨਾਮੇ ਗੁਰਸਿੱਖ ਹੋਏ ਹਨ। ਭਾਈ ਨੌਧਾ ਜੀ ਦੀ ਸੰਗਤ ਅਤੇ ਪ੍ਰੇਰਨਾ ਨਾਲ ਇਨ੍ਹਾਂ ਨੇ ਗੁਰਸਿੱਖ ਦੀ ਜੀਵਨ-ਜੁਗਤ ਨੂੰ ਅਪਣਾਇਆ ਸੀ। ਗੁਰਸਿੱਖ ਬਣਨ ਤੋਂ ਪਹਿਲਾਂ ਆਪ ਨੇ ਦੂਜੇ ਪਿੰਡ ਵਿੱਚੋਂ ਮੱਝ ਚੁਰਾ ਕੇ ਲਿਆਂਦੀ ਸੀ। ਜਿਉਂ ਹੀ ਆਪ ਨੇ ਗੁਰਸਿੱਖੀ ਧਾਰਨ ਕੀਤੀ ਤਾਂ ਆਪ ਜੀ ਨੇ ਜਿਨ੍ਹਾਂ ਦੇ ਘਰੋਂ ਮੱਝ ਚੋਰੀ ਕੀਤੀ ਸੀ, ਉਨ੍ਹਾਂ ਨੂੰ ਕੇਵਲ ਮੱਝ ਹੀ ਵਾਪਸ ਨਹੀਂ ਕੀਤੀ, ਸਗੋਂ ਜਿਤਨਾ ਮੱਝ ਦਾ ਦੁੱਧ ਵਰਤਿਆ ਸੀ, ਉਸ ਦਾ ਹਿਸਾਬ-ਕਿਤਾਬ ਕਰਕੇ ਉਤਨੇ ਰੁਪਏ ਵੀ ਮੱਝ ਦੇ ਮਾਲਕ ਦੇ ਹਵਾਲੇ ਕਰ ਦਿੱਤੇ। ਇਤਨਾ ਹੀ ਨਹੀਂ ਘਰ ਵਾਲੇ ਤੋਂ ਬੜੀ ਅਧੀਨਗੀ ਨਾਲ ਮੁਆਫ਼ੀ ਵੀ ਮੰਗੀ। ਭਾਈ ਮਿਹਰਾ ਜੀ ਨੇ ਮੱਝ ਦੇ ਮਾਲਕ ਨੂੰ ਦੱਸਿਆ ਕਿ ਗੁਰੂ ਦੀ ਕਿਰਪਾ ਸਦਕਾ ਹੀ ਉਸ ਨੂੰ ਇਸ ਗੱਲ ਦੀ ਸਮਝ ਆਈ ਹੈ ਕਿ ਕਿਸੇ ਦਾ ਹੱਕ ਮਾਰਨਾ ਜਾਂ ਚੋਰੀ ਆਦਿ ਕਰਨਾ ਪਾਪ ਹੈ।

ਸੋ, ਗੱਲ ਕੀ, ਗੁਰਬਾਣੀ ਦੇ ਉਪਰੋਕਤ ਫ਼ੁਰਮਾਨਾਂ ਦੀ ਰੋਸ਼ਨੀ ਵਿਚ ਅਸੀਂ ਇਹ ਆਖ ਸਕਦੇ ਹਾਂ ਕਿ ਗੁਰੂ ਦੀ ਕਿਰਪਾ ਉਸ ਵਿਅਕਤੀ ਉੱਤੇ ਹੋਈ ਹੈ, ਜਿਸ ਨੇ ਕਿਸੇ ਨਾਲ ਹੇਰਾ-ਫੇਰੀ ਕਰਨੀ ਛੱਡ ਦਿੱਤੀ ਹੈ, ਵੱਢੀ ਆਦਿਕ ਲੈਣ ਦੀ ਭੈੜੀ ਵਾਦੀ ਤੋਂ ਛੁਟਕਾਰਾ ਪਾ ਲਿਆ ਹੈ, ਦੂਜਿਆਂ ਦਾ ਹੱਕ ਮਾਰਨਾ ਛੱਡ ਦਿੱਤਾ ਹੈ, ਮਜ਼ਦੂਰ ਤੋਂ ਕੰਮ ਕਰਾ ਕੇ ਉਸ ਨੂੰ ਪੂਰੀ ਮਜ਼ਦੂਰੀ ਨਾ ਦੇਣ ਦੇ ਕੁਕਰਮ ਤੋਂ ਤੌਬਾ

ਕਰ ਲਈ ਹੈ, ਕਿਸੇ ਤੋਂ ਪੂਰੀ ਮਜ਼ਦੂਰੀ ਲੈ ਕੇ ਚੰਗੀ ਤਰ੍ਹਾਂ ਕੰਮ ਕਰਨ ਦਾ ਪ੍ਰਣ ਕਰ ਲਿਆ ਹੈ, ਪੱਖ ਪਾਤ ਦੀ ਬ੍ਰਿਤੀ ਤੋਂ ਆਪਣੇ ਆਪ ਨੂੰ ਉਪਰ ਉਠਾ ਲਿਆ ਹੈ, ਦੂਜਿਆਂ ਦੇ ਗੁਣਾਂ ਨੂੰ ਵੀ ਅਉਗੁਣ ਆਖ ਕੇ ਭੰਡਣ ਤੋਂ ਆਪਣੇ ਆਪ ਨੂੰ ਰੋਕ ਲਿਆ ਹੈ; ਪਾਖੰਡ, ਈਰਖਾ, ਨਿੰਦਾ ਚੁਗਲੀ ਆਦਿ ਬੁਰਿਆਈਆਂ ਦਾ ਤਿਆਗ ਕਰ ਦਿੱਤਾ ਹੈ ਤਾਂ ਨਿਰਸੰਦੇਹ ਐਸੇ ਮਨੁੱਖ ਉੱਤੇ ਅਕਾਲ ਪੁਰਖ ਦੀ ਕਿਰਪਾ ਹੋਈ ਹੈ। ਪਰੰਤੂ ਜੇਕਰ ਸਾਡੇ ਸੁਭਾਵ ਅਥਵਾ ਆਚਰਣ ਵਿਚ ਇਸ ਤਰ੍ਹਾਂ ਦੀ ਕੋਈ ਤਬਦੀਲੀ ਨਹੀਂ ਆਈ ਤਾਂ ਸਾਡੀ ਕਿਸੇ ਤਰ੍ਹਾਂ ਦੀ ਪ੍ਰਾਪਤੀ ਪ੍ਰਭੂ ਦੀ ਕਿਰਪਾ ਦਾ ਲਖਾਇਕ ਨਹੀਂ ਹੈ। ਅਕਾਲ ਪੁਰਖ ਦੀ ਕਿਰਪਾ ਨਾਲ ਤਾਂ ਇਹ ਚਮਤਕਾਰ ਵਾਪਰਦਾ ਹੈ:

ਨਿੰਦਕੁ ਗੁਰ ਕਿਰਪਾ ਤੇ ਹਾਟਿਓ ॥
ਪਾਰਬ੍ਰਹਮ ਪ੍ਰਭ ਭਏ ਦਇਆਲਾ ਸਿਵ ਕੈ ਬਾਣਿ ਸਿਰੁ ਕਾਟਿਓ ॥੧॥ਰਹਾਉ॥
ਕਾਲੁ ਜਾਲੁ ਜਮੁ ਜੋਹਿ ਨ ਸਾਕੈ ਸਚ ਕਾ ਪੰਥਾ ਥਾਟਿਓ ॥
ਖਾਤ ਖਰਚਤ ਕਿਛੁ ਨਿਖੁਟਤ ਨਾਹੀ ਰਾਮ ਰਤਨੁ ਧਨੁ ਖਾਟਿਓ ॥੧॥
ਭਸਮਾ ਭੂਤ ਹੋਆ ਖਿਨ ਭੀਤਰਿ ਅਪਨਾ ਕੀਆ ਪਾਇਆ ॥
ਆਗਮ ਨਿਗਮੁ ਕਹੈ ਜਨੁ ਨਾਨਕੁ ਸਭੁ ਦੇਖੈ ਲੋਕੁ ਸਬਾਇਆ ॥੨॥

(ਟੋਡੀ ਮਹਲਾ ੫, ਪੰਨਾ 714)

ਅਰਥ: ਹੇ ਭਾਈ! ਜਦੋਂ ਗੁਰੂ ਕਿਰਪਾ ਕਰਦਾ ਹੈ ਤਾਂ ਨਿੰਦਾ ਦੇ ਸੁਭਾਵ ਵਾਲਾ ਮਨੁੱਖ (ਨਿੰਦਾ ਕਰਨ ਤੋਂ) ਹਟ ਜਾਂਦਾ ਹੈ। (ਜਿਸ ਨਿੰਦਕ ਉੱਤੇ) ਪ੍ਰਭੂ ਪਰਮਾਤਮਾ ਜੀ ਦਇਆਵਾਨ ਹੋ ਜਾਂਦੇ ਹਨ, ਕਲਿਆਣ-ਸਰੂਪ ਹਰਿ ਦੇ ਨਾਮ-ਤੀਰ ਨਾਲ (ਗੁਰੂ ਉਸ ਦਾ) ਸਿਰ ਕੱਟ ਦੇਂਦਾ ਹੈ (ਉਸ ਦੀ ਹਉਮੈ ਨਾਸ ਕਰ ਦੇਂਦਾ ਹੈ)।੧।ਰਹਾਉ।

(ਹੇ ਭਾਈ! ਜਿਸ ਮਨੁੱਖ ਉੱਤੇ ਗੁਰੂ-ਪ੍ਰਭੂ ਦਇਆਵਾਨ ਹੁੰਦੇ ਹਨ) ਉਸ ਮਨੁੱਖ ਨੂੰ ਆਤਮਿਕ ਮੌਤ, ਮਾਇਆ ਦਾ ਜਾਲ, ਮੌਤ ਦਾ ਡਰ (ਕੋਈ ਭੀ) ਤੱਕ ਨਹੀਂ ਸਕਦਾ, (ਕਿਉਂਕਿ ਗੁਰੂ ਦੀ ਕਿਰਪਾ ਨਾਲ ਉਹ ਮਨੁੱਖ) ਸਦਾ-ਥਿਰ ਹਰਿ-ਨਾਮ ਸਿਮਰਨ ਵਾਲਾ ਰਸਤਾ ਮੱਲ ਲੈਂਦਾ ਹੈ। ਉਹ ਮਨੁੱਖ ਪਰਮਾਤਮਾ ਦਾ ਰਤਨ (ਵਰਗਾ ਕੀਮਤੀ) ਨਾਮ-ਧਨ ਖੱਟ ਲੈਂਦਾ ਹੈ। ਆਪ ਵਰਤਿਆਂ, ਹੋਰਨਾਂ ਨੂੰ ਵੰਡਦਿਆਂ ਇਹ ਧਨ ਰਤਾ ਭੀ ਨਹੀਂ ਮੁੱਕਦਾ।੧।

ਹੇ ਭਾਈ! (ਜਿਸ ਨਿੰਦਾ-ਸੁਭਾਵ ਕਰਕੇ, ਜਿਸ ਆਪਾ-ਭਾਵ ਕਰਕੇ, ਨਿੰਦਕ ਸਦਾ) ਦੁਖੀ ਰਹਿੰਦਾ ਸੀ, (ਪ੍ਰਭੂ ਦੇ ਦਇਆਲ ਹੋਇਆਂ, ਗੁਰੂ ਦੀ ਕਿਰਪਾ ਨਾਲ) ਇਕ ਛਿਨ ਵਿਚ ਹੀ ਉਸ ਸੁਭਾਵ ਦਾ ਨਾਮ-ਨਿਸ਼ਾਨ ਹੀ ਮਿਟ ਜਾਂਦਾ ਹੈ। (ਇਸ ਅਸਚਰਜ ਤਬਦੀਲੀ ਨੂੰ) ਸਾਰਾ ਜਗਤ ਹੈਰਾਨ ਹੋ ਹੋ ਕੇ ਵੇਖਦਾ ਹੈ। ਦਾਸ ਨਾਨਕ ਇਹ ਅਗੰਮੀ ਖੇਡ ਬਿਆਨ ਕਰਦਾ ਹੈ।੨।

ਤੀਰਥਿ ਨਾਈਐ ਸੁਖੁ ਫਲੁ ਪਾਈਐ

ਗੁਰਬਾਣੀ ਨੂੰ ਧਿਆਨ ਨਾਲ ਪੜ੍ਹਨ ਵਾਲਾ ਪ੍ਰਾਣੀ ਇਸ ਗੱਲ ਤੋਂ ਭਲੀ ਪ੍ਰਕਾਰ ਜਾਣੂ ਹੈ ਕਿ ਗੁਰਬਾਣੀ ਵਿਚ ਕਿਧਰੇ ਵੀ ਸਵੈ-ਵਿਰੋਧ ਨਹੀਂ ਹੈ। ਗੁਰਬਾਣੀ ਦਾ ਸੱਚ ਇਕ ਹੀ ਹੈ ਅਤੇ ਇਸ ਸੱਚ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ੁਰੂ ਤੋਂ ਲੈ ਕੇ ਅੰਤ ਤੀਕ ਇਕ ਸਾਰ ਦਰਸਾਇਆ ਗਿਆ ਹੈ। ਪਰੰਤੂ ਕਈ ਸੱਜਣਾਂ ਦੀ ਗੁਰਬਾਣੀ ਦੀਆਂ ਕੁਝ ਪੰਗਤੀਆਂ ਜਾਂ ਸ਼ਬਦਾਂ ਬਾਰੇ ਇਹ ਧਾਰਨਾ ਹੈ ਕਿ ਇਨ੍ਹਾਂ ਵਿਚ ਸਵੈ-ਵਿਰੋਧ ਹੈ। ਜਿਨ੍ਹਾਂ ਪੰਗਤੀਆਂ ਸੰਬੰਧੀ ਅਜਿਹੀ ਧਾਰਨਾ ਪਾਈ ਜਾਂਦੀ ਹੈ, ਉਨ੍ਹਾਂ ਵਿੱਚੋਂ ਹੀ ਗੁਰੂ ਨਾਨਕ ਸਾਹਿਬ ਦੀ ਸਿਧ ਗੋਸਟਿ ਵਿਚ ਉਚਾਰਨ ਕੀਤੀ ਹੋਈ ਇਹ ਪੰਗਤੀ ਹੈ: "ਤੀਰਥਿ ਨਾਈਐ ਸੁਖੁ ਫਲੁ ਪਾਈਐ ਮੈਲੁ ਨ ਲਾਗੈ ਕਾਈ ॥" ਗੁਰਬਾਣੀ ਵਿਚ ਸਵੈ-ਵਿਰੋਧ ਦੀ ਧਾਰਨਾ ਨੂੰ ਸਵੀਕਾਰ ਕਰਨ ਵਾਲਿਆਂ ਦਾ ਤਰਕ ਹੈ ਕਿ ਗੁਰੂ ਨਾਨਕ ਸਾਹਿਬ ਇਕ ਪਾਸੇ ਤੀਰਥ ਇਸ਼ਨਾਨ ਦੀ ਮਹਿਮਾਂ ਨੂੰ ਸਵੀਕਾਰ ਕਰ ਰਹੇ ਹਨ ਅਤੇ ਦੂਜੇ ਪਾਸੇ ਇਸ ਦਾ ਭਰਪੂਰ ਖੰਡਨ ਕਰ ਰਹੇ ਹਨ। ਜਿਵੇਂ:

ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥
ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥ *(ਧਨਾਸਰੀ ਮ: ੧, ਪੰਨਾ 687)*

ਪਰ ਜੇਕਰ ਅਸੀਂ ਧਿਆਨ ਨਾਲ ਸਿਧ ਗੋਸਟਿ ਵਾਲੀ ਉਪਰੋਕਤ ਪੰਗਤੀ (ਤੀਰਥਿ ਨਾਈਐ ਸੁਖੁ ਫਲੁ ਪਾਈਐ ਮੈਲੁ ਨ ਲਾਗੈ ਕਾਈ) ਨੂੰ ਵਿਚਾਰਾਂਗੇ ਤਾਂ ਇਹ ਗੱਲ ਸਪੱਸ਼ਟ ਰੂਪ ਵਿਚ ਉਘੜ ਕੇ ਸਾਡੇ ਸਾਹਮਣੇ ਆਵੇਗੀ ਕਿ ਗੁਰੂ ਸਾਹਿਬ ਨੇ ਇਸ ਪੰਗਤੀ ਵਿਚ ਤੀਰਥ ਇਸ਼ਨਾਨ ਦੀ ਮਹਿਮਾਂ ਨੂੰ ਸਵੀਕਾਰ ਨਹੀਂ ਕੀਤਾ ਹੈ, ਸਗੋਂ ਇਸ ਧਾਰਨਾ ਦਾ ਖੰਡਨ ਕੀਤਾ ਹੈ। ਗੁਰਬਾਣੀ ਵਿਚ ਤਾਂ ਤੀਰਥ ਇਸ਼ਨਾਨ ਬਾਰੇ ਸਪੱਸ਼ਟ ਰੂਪ ਵਿਚ ਇਹ ਹਦਾਇਤ ਕੀਤੀ ਹੋਈ ਹੈ ਕਿ:

ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ ॥
ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥

(ਸਿਰੀਰਾਗੁ ਮ: ੩, ਪੰਨਾ 39)

ਅਰਥ: ਜੇ ਮਨੁੱਖ ਸੌ ਤੀਰਥਾਂ ਉੱਤੇ (ਭੀ) ਇਸ਼ਨਾਨ ਕਰੇ ਤਾਂ ਭੀ (ਅਜਿਹੇ) ਕਿਸੇ ਤਰੀਕੇ ਨਾਲ (ਇਹ) ਹਉਮੈ ਦੀ ਮੈਲ ਧੋਤਿਆਂ (ਮਨ ਤੋਂ) ਦੂਰ ਨਹੀਂ ਹੁੰਦੀ।

ਇਹ ਠੀਕ ਹੈ ਕਿ ਇਹ ਪੰਗਤੀ ਗੁਰੂ ਨਾਨਕ ਸਾਹਿਬ ਦੀ ਉਚਾਰਨ ਕੀਤੀ ਬਾਣੀ 'ਸਿਧ ਗੋਸਟਿ' ਵਿੱਚੋਂ ਹੈ। ਪਰ ਇਹ ਸੱਚ ਹੁੰਦਿਆਂ ਵੀ ਇਸ ਤੁਕ ਵਿਚਲਾ ਵਿਚਾਰ ਗੁਰੂ ਨਾਨਕ ਸਾਹਿਬ ਦਾ ਨਹੀਂ ਹੈ। ਚੂੰਕਿ ਜਿਸ ਪਉੜੀ ਦੀ ਇਹ ਪੰਗਤੀ

ਹੈ, ਇਸ ਵਿਚ ਗੁਰੂ ਨਾਨਕ ਸਾਹਿਬ ਆਪਣਾ ਨਹੀਂ, ਸਗੋਂ ਜੋਗੀਆਂ ਦੇ ਮਤ ਦਾ ਵਰਣਨ ਕਰ ਰਹੇ ਹਨ:

ਹਾਟੀ ਬਾਟੀ ਰਹਹਿ ਨਿਰਾਲੇ ਰੂਖਿ ਬਿਰਖਿ ਉਦਿਆਨੇ॥
ਕੰਦ ਮੂਲੁ ਅਹਾਰੋ ਖਾਈਐ ਅਉਧੂ ਬੋਲੈ ਗਿਆਨੇ॥
ਤੀਰਥਿ ਨਾਈਐ ਸੁਖੁ ਫਲੁ ਪਾਈਐ ਮੈਲੁ ਨ ਲਾਗੈ ਕਾਈ॥
ਗੋਰਖ ਪੂਤੁ ਲੋਹਾਰੀਪਾ ਬੋਲੈ ਜੋਗ ਜੁਗਤਿ ਬਿਧਿ ਸਾਈ॥੭॥

(ਰਾਮਕਲੀ ਮਹਲਾ ੧ ਸਿਧ ਗੋਸਟਿ, ਪੰਨਾ 939)

ਅਰਥ: ਜੋਗੀ ਨੇ (ਜੋਗ ਦਾ) ਗਿਆਨ-ਮਾਰਗ ਇਉਂ ਦੱਸਿਆ...ਅਸੀ (ਦੁਨੀਆਂ ਦੇ) ਮੇਲਿਆਂ-ਮਸਾਧਿਆਂ (ਭਾਵ, ਸੰਸਾਰਕ ਝੰਬੇਲਿਆਂ) ਤੋਂ ਵੱਖਰੇ ਜੰਗਲ ਵਿਚ ਕਿਸੇ ਰੁੱਖ-ਬਿਰਖ ਹੇਠ ਰਹਿੰਦੇ ਹਾਂ ਤੇ ਗਾਜਰ-ਮੂਲੀ ਉੱਤੇ ਗੁਜ਼ਾਰਾ ਕਰਦੇ ਹਾਂ; ਤੀਰਥ 'ਤੇ ਇਸ਼ਨਾਨ ਕਰਦੇ ਹਾਂ; ਇਸ ਦਾ ਫਲ ਮਿਲਦਾ ਹੈ 'ਸੁਖ', ਤੇ (ਮਨ ਨੂੰ) ਕੋਈ ਮੈਲ (ਭੀ) ਨਹੀਂ ਲੱਗਦੀ। ਗੋਰਖਨਾਥ ਦਾ ਚੇਲਾ ਲੋਹਾਰੀਪਾ ਬੋਲਿਆ ਕਿ ਇਹੀ ਹੈ ਜੋਗ ਦੀ ਜੁਗਤੀ, ਜੋਗ ਦੀ ਵਿਧੀ।੭।

ਹਾਂ, ਇਸ ਤੋਂ ਅਗਲੀ ਪਉੜੀ ਵਿਚ ਹਜ਼ੂਰ ਆਪਣੇ ਮਤ ਦਾ ਵਰਣਨ ਕਰਦੇ ਹਨ:

ਹਾਟੀ ਬਾਟੀ ਨੀਦ ਨ ਆਵੈ ਪਰ ਘਰਿ ਚਿਤੁ ਨ ਡੋਲਾਈ॥
ਬਿਨੁ ਨਾਵੈ ਮਨੁ ਟੇਕ ਨ ਟਿਕਈ ਨਾਨਕ ਭੂਖ ਨ ਜਾਈ॥
ਹਾਟੁ ਪਟਣੁ ਘਰੁ ਗੁਰੂ ਦਿਖਾਇਆ ਸਹਜੇ ਸਚੁ ਵਾਪਾਰੋ॥
ਖੰਡਿਤ ਨਿਦ੍ਰਾ ਅਲਪ ਅਹਾਰੰ ਨਾਨਕ ਤਤੁ ਬੀਚਾਰੋ॥੮॥

(ਰਾਮਕਲੀ ਮਹਲਾ ੧ ਸਿਧ ਗੋਸਟਿ, ਪੰਨਾ 939)

ਅਰਥ: ਹੇ ਨਾਨਕ! ਅਸਲ (ਗਿਆਨ ਦੀ) ਵਿਚਾਰ ਇਹ ਹੈ ਕਿ ਦੁਨੀਆਂ ਦੇ ਧੰਧਿਆਂ ਵਿਚ ਰਹਿੰਦਿਆਂ ਮਨੁੱਖ ਨੂੰ ਨੀਂਦ ਨਾਹ ਆਵੇ (ਭਾਵ, ਧੰਧਿਆਂ ਵਿਚ ਹੀ ਨਾਹ ਗ਼ਰਕ ਹੋ ਜਾਏ), ਪਰਾਏ ਘਰ ਵਿਚ ਮਨ ਨੂੰ ਡੋਲਣ ਨਾਹ ਦੇਵੇ; (ਪਰ) ਹੇ ਨਾਨਕ! ਪ੍ਰਭੂ ਦੇ ਨਾਮ ਤੋਂ ਬਿਨਾਂ ਮਨ ਟਿਕ ਕੇ ਨਹੀਂ ਰਹਿ ਸਕਦਾ ਤੇ (ਮਾਇਆ ਦੀ) ਤ੍ਰਿਸ਼ਨਾ ਹਟਦੀ ਨਹੀਂ।

(ਜਿਸ ਮਨੁੱਖ ਨੂੰ) ਸਤਿਗੁਰੂ ਨੇ (ਨਾਮ ਵਿਹਾਝਣ ਦਾ ਅਸਲ) ਟਿਕਾਣਾ, ਸ਼ਹਿਰ ਤੇ ਘਰ ਵਿਖਾ ਦਿੱਤਾ ਹੈ, ਉਹ (ਦੁਨੀਆਂ ਦੇ ਧੰਧਿਆਂ ਵਿਚ ਭੀ) ਅਡੋਲ ਰਹਿ ਕੇ 'ਨਾਮ' ਵਿਹਾਝਦਾ ਹੈ; ਉਸ ਮਨੁੱਖ ਦੀ ਨੀਂਦ ਭੀ ਘੱਟ ਤੇ ਖ਼ੁਰਾਕ ਭੀ ਥੋੜ੍ਹੀ ਹੁੰਦੀ ਹੈ (ਭਾਵ, ਉਹ ਚਸਕਿਆਂ ਵਿਚ ਨਹੀਂ ਪੈਂਦਾ)।

'ਸਿਧ ਗੋਸਟਿ' ਵਿਚ ਗੁਰੂ ਨਾਨਕ ਸਾਹਿਬ ਜੋਗੀਆਂ ਵਲੋਂ ਪੁੱਛੇ ਪ੍ਰਸ਼ਨ ਦਾ ਵਰਣਨ ਕਰਦੇ ਹਨ ਅਤੇ ਫਿਰ ਇਸ ਪ੍ਰਸ਼ਨ ਦਾ ਉੱਤਰ ਦੇਂਦੇ ਹਨ। ਜਿਵੇਂ ਇਸ ਬਾਣੀ ਦੀ ਉੱਨੀਵੀਂ ਪਉੜੀ ਵਿਚ ਹਜ਼ੂਰ ਜੋਗੀਆਂ ਵਲੋਂ ਪੁੱਛੇ ਗਏ ਪ੍ਰਸ਼ਨ ਦਾ ਵਰਣਨ ਕਰਦੇ ਹੋਏ ਫ਼ੁਰਮਾਂਦੇ ਹਨ:

ਕਿਤੁ ਬਿਧਿ ਪੁਰਖਾ ਜਨਮੁ ਵਟਾਇਆ ॥
ਕਾਹੇ ਕਉ ਤੁਝੁ ਇਹੁ ਮਨੁ ਲਾਇਆ ॥
ਕਿਤੁ ਬਿਧਿ ਆਸਾ ਮਨਸਾ ਖਾਈ ॥
ਕਿਤੁ ਬਿਧਿ ਜੋਤਿ ਨਿਰੰਤਰਿ ਪਾਈ ॥
ਬਿਨੁ ਦੰਤਾ ਕਿਉ ਖਾਈਐ ਸਾਰੁ ॥
ਨਾਨਕ ਸਾਚਾ ਕਰਹੁ ਬੀਚਾਰੁ ॥੧੯॥

(ਰਾਮਕਲੀ ਮਹਲਾ ੧ ਸਿਧ ਗੋਸਟਿ, ਪੰਨਾ 940)

ਅਰਥ : (ਪ੍ਰਸ਼ਨ :) ਹੇ ਪੁਰਖਾ! ਤੂੰ ਆਪਣੀ ਜ਼ਿੰਦਗੀ ਕਿਸ ਤਰੀਕੇ ਨਾਲ ਪਲਟ ਲਈ ਹੈ? ਤੂੰ ਆਪਣਾ ਇਹ ਮਨ ਕਿਸ ਵਿਚ ਜੋੜਿਆ ਹੈ? ਮਨ ਦੀਆਂ ਆਸਾਂ ਤੇ ਮਨ ਦੇ ਫੁਰਨੇ ਤੂੰ ਕਿਵੇਂ ਮੁਕਾ ਲਏ ਹਨ? ਰੱਬੀ ਪ੍ਰਕਾਸ਼ ਤੈਨੂੰ ਇਕ-ਰਸ ਕਿਵੇਂ ਮਿਲ ਪਿਆ ਹੈ? (ਮਾਇਆ ਦੇ ਇਸ ਪ੍ਰਭਾਵ ਤੋਂ ਬਚਣਾ ਇਉਂ ਹੀ ਔਖਾ ਹੈ, ਜਿਵੇਂ ਬਿਨਾਂ ਦੰਦਾਂ ਦੇ ਲੋਹਾ ਚੱਬਣਾ) ਦੰਦਾਂ ਤੋਂ ਬਿਨਾਂ ਲੋਹਾ ਕਿਵੇਂ ਚੱਬਿਆ ਜਾਏ? ਹੇ ਨਾਨਕ! ਕੋਈ ਸਹੀ ਵੀਚਾਰ ਦੱਸੋ (ਭਾਵ, ਕੋਈ ਐਸਾ ਵੀਚਾਰ ਦੱਸੋ, ਜੋ ਅਸਾਡੇ ਮਨ ਲੱਗੇ ਜਾਏ)।

ਇਸ ਤੋਂ ਅਗਲੀ ਪਉੜੀ ਭਾਵ, ਵੀਹਵੀਂ ਪਉੜੀ ਵਿਚ ਗੁਰੂ ਨਾਨਕ ਸਾਹਿਬ ਇਸ ਪ੍ਰਸ਼ਨ ਦੇ ਉੱਤਰ ਵਿਚ ਫ਼ੁਰਮਾਂਦੇ ਹਨ:

ਸਤਿਗੁਰ ਕੈ ਜਨਮੇ ਗਵਨੁ ਮਿਟਾਇਆ ॥
ਅਨਹਤਿ ਰਾਤੇ ਇਹੁ ਮਨੁ ਲਾਇਆ ॥
ਮਨਸਾ ਆਸਾ ਸਬਦਿ ਜਲਾਈ ॥
ਗੁਰਮੁਖਿ ਜੋਤਿ ਨਿਰੰਤਰਿ ਪਾਈ ॥
ਤ੍ਰੈ ਗੁਣ ਮੇਟੇ ਖਾਈਐ ਸਾਰੁ ॥
ਨਾਨਕ ਤਾਰੇ ਤਾਰਣਹਾਰੁ ॥੨੦॥ *(ਰਾਮਕਲੀ ਮਹਲਾ ੧ ਸਿਧ ਗੋਸਟਿ, ਪੰਨਾ 940)*

ਅਰਥ : (ਉੱਤਰ :) ਜਿਉਂ ਜਿਉਂ ਸਤਿਗੁਰੂ ਦੀ ਸਿੱਖਿਆ 'ਤੇ ਤੁਰੇ, ਤਿਉਂ ਤਿਉਂ ਮਨ ਦੀ ਭਟਕਣਾ ਮੁੱਕਦੀ ਗਈ। ਜਿਉਂ ਜਿਉਂ ਇਕ-ਰਸ ਵਿਆਪਕ ਪ੍ਰਭੂ ਵਿਚ ਜੁੜਨ ਦਾ ਅਨੰਦ ਆਇਆ, ਤਿਉਂ ਤਿਉਂ ਇਹ ਮਨ ਪਰਚਦਾ ਗਿਆ। ਮਨ ਦੇ ਫੁਰਨੇ ਤੇ ਦੁਨੀਆਂ ਵਾਲੀਆਂ ਆਸਾਂ ਅਸਾਂ ਗੁਰੂ ਦੇ ਸ਼ਬਦ ਦੀ ਰਾਹੀਂ ਸਾੜੀਆਂ ਹਨ, ਗੁਰੂ ਦੇ ਸਨਮੁਖ ਹੋਇਆਂ ਹੀ ਇਕ-ਰਸ ਰੱਬੀ ਪ੍ਰਕਾਸ਼ ਲੱਭਾ ਹੈ। (ਇਸ ਰੱਬੀ ਪ੍ਰਕਾਸ਼ ਦੀ ਬਰਕਤ ਨਾਲ) ਅਸਾਂ ਮਾਇਆ ਦੇ ਝਲਕੇ ਦੇ ਤਿੰਨਾਂ ਹੀ ਕਿਸਮਾਂ ਦੇ ਅਸਰ (ਤਮੋ, ਰਜੋ, ਸਤੋ) ਆਪਣੇ ਉੱਤੇ ਪੈਣ ਨਹੀਂ ਦਿੱਤੇ, ਤੇ (ਇਸ ਤਰ੍ਹਾਂ ਮਾਇਆ ਦੀ ਚੋਟ ਤੋਂ ਬਚਣ ਦਾ ਇਹ ਅਤਿ ਔਖਾ ਕੰਮ-ਰੂਪ) ਲੋਹਾ ਚੱਬਿਆ ਗਿਆ ਹੈ। (ਪਰ) ਹੇ ਨਾਨਕ! (ਇਸ 'ਦੁਤਰ ਸਾਗਰ' ਤੋਂ) ਤਾਰਨ ਦੇ ਸਮਰੱਥ ਪ੍ਰਭੂ ਆਪ ਹੀ ਤਾਰਦਾ ਹੈ।

'ਸਿਧ ਗੋਸਟਿ' ਦੀ ਬਾਣੀ ਦੀ ਨੌਵੀਂ ਪਉੜੀ ਦੀਆਂ ਪਹਿਲੀਆਂ ਤਿੰਨ ਪੰਗਤੀਆਂ ਵਿਚ ਗੁਰੂ ਸਾਹਿਬ, ਜੋਗੀਆਂ ਵਲੋਂ ਆਪਣੇ ਮਤ ਦੀ ਵਡਿਆਈ ਵਿਚ ਆਖੇ ਹੋਏ ਬੋਲਾਂ ਦਾ ਵਰਨਣ ਕਰਦੇ ਹੋਏ, ਗੁਰੂ ਸਾਹਿਬ ਨੂੰ ਜੋਗ-ਮਤ ਧਾਰਨ ਕਰਨ ਦੀ ਪ੍ਰੇਰਨਾ ਕਰ ਰਹੇ ਹਨ:

ਦਰਸਨੁ ਭੇਖ ਕਰਹੁ ਜੋਗਿੰਦ੍ਰਾ ਮੁੰਦ੍ਰਾ ਝੋਲੀ ਖਿੰਥਾ॥
ਬਾਰਹ ਅੰਤਰਿ ਏਕੁ ਸਰੇਵਹੁ ਖਟੁ ਦਰਸਨ ਇਕ ਪੰਥਾ॥
ਇਨ ਬਿਧਿ ਮਨੁ ਸਮਝਾਈਐ ਪੁਰਖਾ ਬਾਹੁੜਿ ਚੋਟ ਨ ਖਾਈਐ॥

(ਰਾਮਕਲੀ ਮਹਲਾ ੧ ਸਿਧ ਗੋਸਟਿ, ਪੰਨਾ 939)

ਅਰਥ : ਨਾਨਕ ਆਖਦਾ ਹੈ (ਕਿ ਜੋਗੀ ਨੇ ਕਿਹਾ-) ਹੇ ਪੁਰਖ (ਨਾਨਕ)! ਛੇ ਭੇਖਾਂ ਵਿਚ ਇਕ ਜੋਗੀ ਪੰਥ ਹੈ, ਉਸ ਦੇ ਬਾਰਾਂ ਫ਼ਿਰਕੇ ਹਨ, ਉਹਨਾਂ ਵਿੱਚੋਂ ਸਾਡੇ 'ਆਈ ਪੰਥ' ਨੂੰ ਧਾਰਨ ਕਰੋ, ਜੋਗੀਆਂ ਦੇ ਇਸ ਵੱਡੇ ਭੇਖ ਦਾ ਮਤ ਸ੍ਵੀਕਾਰ ਕਰੋ, ਮੁੰਦ੍ਰਾ, ਝੋਲੀ ਤੇ ਗੋਦੜੀ ਪਹਿਨੋ। ਹੇ ਪੁਰਖਾ! ਇਸ ਤਰ੍ਹਾਂ ਮਨ ਨੂੰ ਅਕਲ ਦਿੱਤੀ ਜਾ ਸਕਦੀ ਹੈ ਤੇ ਮੁੜ (ਮਾਇਆ ਦੀ) ਚੋਟ ਨਹੀਂ ਖਾਈਦੀ।

ਫਿਰ ਇਸੇ ਪਉੜੀ ਦੀ ਅੰਤਲੀ ਪੰਗਤੀ ਵਿਚ ਗੁਰੂ ਸਾਹਿਬ ਆਪਣਾ ਮਤ ਪ੍ਰਗਟ ਕਰਦੇ ਹੋਏ ਕਹਿੰਦੇ ਹਨ ਕਿ :

ਨਾਨਕੁ ਬੋਲੈ ਗੁਰਮੁਖਿ ਬੂਝੈ ਜੋਗ ਜੁਗਤਿ ਇਵ ਪਾਈਐ॥੯॥

ਅਰਥ : ਨਾਨਕ ਆਖਦਾ ਹੈ—ਗੁਰੂ ਦੇ ਸਨਮੁਖ ਹੋਇਆਂ ਮਨੁੱਖ (ਮਨ ਨੂੰ ਸਮਝਾਣ ਦਾ ਢੰਗ) ਸਮਝਦਾ ਹੈ, ਜੋਗ ਦੀ ਜੁਗਤਿ ਇਸ ਤਰ੍ਹਾਂ ਲੱਭਦੀ ਹੈ (ਕਿ),।

ਸਤਿਗੁਰੂ ਜੀ ਦਾ ਇਹ ਉੱਤਰ ਯਾਰ੍ਹਵੀਂ ਪਉੜੀ ਤੀਕ ਜਾਰੀ ਰਹਿੰਦਾ ਹੈ:

ਅੰਤਰਿ ਸਬਦੁ ਨਿਰੰਤਰਿ ਮੁਦ੍ਰਾ ਹਉਮੈ ਮਮਤਾ ਦੂਰਿ ਕਰੀ॥
ਕਾਮੁ ਕ੍ਰੋਧੁ ਅਹੰਕਾਰੁ ਨਿਵਾਰੈ ਗੁਰ ਕੈ ਸਬਦਿ ਸੁ ਸਮਝ ਪਰੀ॥
ਖਿੰਥਾ ਝੋਲੀ ਭਰਿਪੁਰਿ ਰਹਿਆ ਨਾਨਕ ਤਾਰੈ ਏਕੁ ਹਰੀ॥
ਸਾਚਾ ਸਾਹਿਬੁ ਸਾਚੀ ਨਾਈ ਪਰਖੈ ਗੁਰ ਕੀ ਬਾਤ ਖਰੀ॥੧੦॥

(ਰਾਮਕਲੀ ਮਹਲਾ ੧ ਸਿਧ ਗੋਸਟਿ, ਪੰਨਾ 939)

ਅਰਥ : ਮਨ ਵਿਚ ਸਤਿਗੁਰੂ ਦੇ ਸ਼ਬਦ ਨੂੰ ਇਕ-ਰਸ ਵਸਾਣਾ—ਇਹ (ਕੰਨਾਂ ਵਿਚ) ਮੁੰਦ੍ਰਾਂ (ਪਾਉਣੀਆਂ) ਹਨ, (ਜੋ ਮਨੁੱਖ ਗੁਰ-ਸ਼ਬਦ ਨੂੰ ਵਸਾਂਦਾ ਹੈ ਉਹ) ਆਪਣੀ ਹਉਮੈ ਅਤੇ ਮਮਤਾ ਨੂੰ ਦੂਰ ਕਰ ਲੈਂਦਾ ਹੈ; ਕਾਮ, ਕ੍ਰੋਧ ਅਤੇ ਅਹੰਕਾਰ ਨੂੰ ਮਿਟਾ ਲੈਂਦਾ ਹੈ, ਗੁਰੂ ਦੇ ਸ਼ਬਦ ਦੀ ਰਾਹੀਂ ਉਸ ਨੂੰ ਸੋਹਣੀ ਸੂਝ ਪੈ ਜਾਂਦੀ ਹੈ। ਹੇ ਨਾਨਕ! ਪ੍ਰਭੂ ਨੂੰ ਸਭ ਥਾਈਂ ਵਿਆਪਕ ਸਮਝਣਾ ਉਸ ਮਨੁੱਖ ਦੀ ਗੋਦੜੀ ਤੇ ਝੋਲੀ ਹੈ। ਸਤਿਗੁਰੂ ਦੇ ਸੱਚੇ ਸ਼ਬਦ ਦੀ ਰਾਹੀਂ ਉਹ ਮਨੁੱਖ ਇਹ ਨਿਰਨਾ ਕਰ ਲੈਂਦਾ ਹੈ ਕਿ ਇੱਕ ਪਰਮਾਤਮਾ ਹੀ (ਮਾਇਆ ਦੀ ਚੋਟ ਤੋਂ) ਬਚਾਂਦਾ ਹੈ, ਜੋ ਸਦਾ ਕਾਇਮ ਰਹਿਣ ਵਾਲਾ ਮਾਲਕ ਹੈ ਤੇ ਜਿਸ ਦੀ ਵਡਿਆਈ ਭੀ ਸਦਾ ਟਿਕੀ ਰਹਿਣ ਵਾਲੀ ਹੈ।

ਊਂਧਉ ਖਪਰੁ ਪੰਚ ਭੂ ਟੋਪੀ॥
ਕਾਂਇਆ ਕੜਾਸਣੁ ਮਨੁ ਜਾਗੋਟੀ॥
ਸਤੁ ਸੰਤੋਖੁ ਸੰਜਮੁ ਹੈ ਨਾਲਿ॥
ਨਾਨਕ ਗੁਰਮੁਖਿ ਨਾਮੁ ਸਮਾਲਿ॥੧੧॥

(ਰਾਮਕਲੀ ਮਹਲਾ ੧ ਸਿਧ ਗੋਸਟਿ, ਪੰਨਾ 939)

ਅਰਥ : ਹੇ ਨਾਨਕ! (ਜੋ ਮਨੁੱਖ) ਗੁਰੂ ਦੀ ਰਾਹੀਂ (ਪ੍ਰਭੂ ਦਾ) ਨਾਮ ਯਾਦ ਕਰਦਾ

ਹੈ, ਸੰਸਾਰਕ ਖ਼ਾਹਿਸ਼ਾਂ ਵਲੋਂ ਮੁੜੀ ਹੋਈ ਸੁਰਤਿ ਉਸ ਦਾ ਖੱਪਰ ਹੈ, ਪੰਜ ਤੱਤਾਂ ਦੇ ਦੈਵੀ ਗੁਣ ਉਸ ਦੀ ਟੋਪੀ ਹੈ, ਸਰੀਰ (ਨੂੰ ਵਿਕਾਰਾਂ ਤੋਂ ਨਿਰਮਲ ਰੱਖਣਾ) ਉਸ ਦਾ ਦੱਭ ਦਾ ਆਸਣ ਹੈ, (ਵੱਸ ਵਿਚ ਆਇਆ ਹੋਇਆ) ਮਨ ਉਸ ਦੀ ਲੰਗੋਟੀ ਹੈ, ਸਤ, ਸੰਤੋਖ ਤੇ ਸੰਜਮ ਉਸ ਦੇ ਨਾਲ (ਤਿੰਨ ਚੇਲੇ) ਹਨ।੧੧।

ਸੋ, ਗੁਰਬਾਣੀ ਦੀ ਇਸ ਪੰਗਤੀ ਵਿਚ ਗੁਰੂ ਨਾਨਕ ਸਾਹਿਬ ਨੇ ਤੀਰਥ ਇਸ਼ਨਾਨ ਦੀ ਮਹਿਮਾ ਦ੍ਰਿੜ ਨਹੀਂ ਕਰਵਾਈ ਹੈ। ਇਸ ਤੁਕ ਵਿਚ ਲੋਹਾਰੀਪਾ ਜੋਗੀ ਆਪਣੇ ਮਤ ਦਾ ਵਰਣਨ ਕਰ ਰਿਹਾ ਹੈ। ਗੁਰੂ ਸਾਹਿਬ ਲੋਹਾਰੀਪਾ ਵਲੋਂ ਪ੍ਰਗਟ ਕੀਤੇ ਗਏ ਖ਼ਿਆਲ ਨਾਲ ਸਹਿਮਤ ਨਹੀਂ ਹਨ। ਭਾਵ, ਸਤਿਗੁਰੂ ਦਾ ਇਹ ਮੰਨਣ ਨਹੀਂ ਹੈ ਕਿ ਕਿਸੇ ਤੀਰਥ ਉੱਤੇ ਇਸ਼ਨਾਨ ਕਰਨ ਨਾਲ ਮਨੁੱਖ ਦੀ ਅੰਦਰਲੀ ਮੈਲ ਲਹਿ ਜਾਂਦੀ ਹੈ। ਮਨੁੱਖ ਦੀ ਅੰਦਰਲੀ ਮੈਲ ਤਾਂ ਪ੍ਰਭੂ ਗੁਣਾਂ ਵਿਚ ਚੁੱਭੀ ਮਾਰਿਆਂ ਹੀ ਲਹਿੰਦੀ ਹੈ। ਇਸ ਗੱਲ ਨੂੰ ਗੁਰਬਾਣੀ ਵਿਚ ਸਪੱਸ਼ਟ ਅਤੇ ਨਿਰਣਾਇਕ ਰੂਪ ਦਰਸਾਇਆ ਗਿਆ ਹੈ:

ਹਰਿ ਜਲੁ ਨਿਰਮਲੁ ਮਨੁ ਇਸਨਾਨੀ ਮਜਨੁ ਸਤਿਗੁਰੁ ਭਾਈ॥
ਪੁਨਰਪਿ ਜਨਮੁ ਨਾਹੀ ਜਨ ਸੰਗਤਿ ਜੋਤੀ ਜੋਤਿ ਮਿਲਾਈ॥

(ਗੂਜਰੀ ਮ: ੧, ਪੰਨਾ 505)

ਅਰਥ : ਪਰਮਾਤਮਾ (ਮਾਨੋ) ਪਵਿੱਤਰ ਜਲ ਹੈ (ਜਿਹੜਾ ਮਨੁੱਖ ਗੁਰੂ ਦੀ ਸਰਨ ਪੈਂਦਾ ਹੈ, ਉਸ ਦਾ) ਮਨ (ਇਸ ਪਵਿੱਤਰ ਜਲ ਵਿਚ) ਇਸ਼ਨਾਨ ਕਰਨ ਜੋਗ ਬਣ ਜਾਂਦਾ ਹੈ। ਜਿਸ ਮਨੁੱਖ ਨੂੰ ਆਪਣੇ ਮਨ ਵਿਚ ਸਤਿਗੁਰੂ ਪਿਆਰਾ ਲੱਗਦਾ ਹੈ, ਉਸ ਦਾ ਮਨ (ਇਸ ਪਵਿੱਤਰ ਜਲ ਵਿਚ) ਚੁੱਭੀ ਲਾਂਦਾ ਹੈ। ਸਾਧ ਸੰਗਤਿ ਵਿਚ ਰਹਿ ਕੇ ਉਸ ਨੂੰ ਮੁੜ ਮੁੜ ਜਨਮ ਨਹੀਂ ਹੁੰਦਾ, (ਕਿਉਂਕਿ ਗੁਰੂ) ਉਸ ਦੀ ਜੋਤਿ ਪ੍ਰਭੂ ਦੀ ਜੋਤਿ ਵਿਚ ਮਿਲਾ ਦੇਂਦਾ ਹੈ। ਅਰਥਾਤ ਗੁਰੂ ਸ਼ਬਦ ਦੀ ਸੋਝੀ ਪਾ ਕੇ ਰੱਬੀ ਗੁਣਾਂ ਦਾ ਧਾਰਨੀ ਬਣ ਜਾਂਦਾ ਹੈ।

ਇਸ ਲਈ "ਤੀਰਥਿ ਨਾਈਐ ਸੁਖੁ ਫਲੁ ਪਾਈਐ ਮੈਲੁ ਨ ਲਾਗੈ ਕਾਈ" ਵਾਲੀ ਪੰਗਤੀ ਵਿਚ ਗੁਰੂ ਨਾਨਕ ਸਾਹਿਬ ਨੇ ਤੀਰਥ ਇਸ਼ਨਾਨ ਦੀ ਮਹਿਮਾ ਨਹੀਂ ਦ੍ਰਿੜ ਕਰਵਾਈ ਹੈ। ਇਸ ਪੰਗਤੀ ਦੁਆਰਾ ਜੋਗੀਆਂ ਦੀ ਧਾਰਨਾ ਦਾ ਪ੍ਰਗਟਾਵਾ ਕੀਤਾ ਹੈ। ਜਿਹੜੇ ਸੱਜਣ ਇਸ ਪੰਗਤੀ ਨੂੰ ਆਧਾਰ ਬਣਾ ਕੇ ਇਹ ਕਹਿੰਦੇ ਹਨ ਕਿ ਇਸ ਪੰਗਤੀ ਵਿਚ ਸਵੈ-ਵਿਰੋਧ ਹੈ, ਕਿਸੇ ਤਰ੍ਹਾਂ ਵੀ ਠੀਕ ਨਹੀਂ ਹੈ। ਇਸ ਪੰਗਤੀ ਵਿਚ ਹੀ ਨਹੀਂ ਬਲਕਿ ਗੁਰੂ ਗ੍ਰੰਥ ਸਾਹਿਬ ਦੀ ਕਿਸੇ ਵੀ ਪੰਗਤੀ ਜਾਂ ਸ਼ਬਦ ਵਿਚ ਸਵੈ-ਵਿਰੋਧ ਨਹੀਂ ਹੈ। ਗੁਰਬਾਣੀ ਦਾ ਸੱਚ ਕੇਵਲ 'ਤੇ ਕੇਵਲ ਇਕ ਹੀ ਹੈ।

ਰਾਮਦਾਸ ਸਰੋਵਰਿ ਨਾਤੇ

ਗੁਰੂ ਗ੍ਰੰਥ ਸਾਹਿਬ ਵਿਚ ਗੁਰੂ/ਨਾਮ ਨੂੰ ਤੀਰਥ ਆਖਿਆ ਹੈ। ਇਸ ਤੀਰਥ ਵਿਚ ਇਸ਼ਨਾਨ ਕਰਨ ਨਾਲ ਹੀ ਮਨੁੱਖ ਦਾ ਮਨ ਪਵਿੱਤਰ ਹੁੰਦਾ ਹੈ। ਗੁਰੂ-ਤੀਰਥ ਵਿਚ ਇਸ਼ਨਾਨ ਤੋਂ ਭਾਵ ਸਤਿਗੁਰੂ ਦੇ ਗਿਆਨ/ਉਪਦੇਸ਼ ਨੂੰ ਹਿਰਦੇ ਵਿਚ ਵਸਾ ਕੇ ਆਪਣੇ ਅੰਦਰੋਂ ਅਗਿਆਨਤਾ ਦਾ ਹਨੇਰਾ ਦੂਰ ਕਰ ਲੈਣਾ; ਆਪਣੀ ਮਤ ਦਾ ਤਿਆਗ ਕਰ ਕੇ ਗੁਰੂ ਦੀ ਮਤਿ ਧਾਰਨ ਕਰਨ ਤੋਂ ਹੈ। ਹਜ਼ੂਰ ਇਸ ਸੰਬੰਧੀ ਚਰਚਾ ਕਰਦਿਆਂ ਹੋਇਆਂ ਫ਼ੁਰਮਾਉਂਦੇ ਹਨ:

ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ ਗੁਰ ਗਿਆਨ ਮਜਨੁ ਅਪਰੰਪਰਾ ॥

(ਗਉੜੀ ਮਹਲਾ ੫, ਪੰਨਾ 250)

ਅਰਥ: ਗੁਰੂ (ਸੱਚਾ) ਤੀਰਥ ਹੈ, ਅੰਮ੍ਰਿਤ ਦਾ ਸਰੋਵਰ ਹੈ, ਗੁਰੂ ਦੇ ਗਿਆਨ (-ਜਲ) ਦਾ ਇਸ਼ਨਾਨ (ਹੋਰ ਸਾਰੇ ਤੀਰਥਾਂ ਦੇ ਇਸ਼ਨਾਨ ਨਾਲੋਂ) ਬਹੁਤ ਹੀ ਸ੍ਰੇਸ਼ਟ ਹੈ।

ਇਸ ਇਸ਼ਨਾਨ ਦਾ ਸਰੂਪ ਬਿਆਨ ਕਰਦਿਆਂ ਆਖਿਆ ਹੈ:

ਸਾਚਾ ਨਾਵਣੁ ਗੁਰ ਕੀ ਸੇਵਾ ॥ *(ਆਸਾ ਕਬੀਰ ਜੀ, ਪੰਨਾ 484)*

ਅਰਥ: ਗੁਰੂ ਦੇ ਦੱਸੇ ਰਾਹ ਉੱਤੇ ਤੁਰਨਾ ਹੀ ਅਸਲ (ਤੀਰਥ-) ਇਸ਼ਨਾਨ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਇਸ ਗੁਰੂ-ਤੀਰਥ ਦੇ ਤੁੱਲ ਕਿਸੇ ਹੋਰ ਤੀਰਥ ਨੂੰ ਨਹੀਂ ਮੰਨਿਆ ਗਿਆ ਹੈ; ਗੁਰ ਹੀ ਸਭ ਤੋਂ ਸ੍ਰੇਸ਼ਟ/ਉੱਤਮ ਤੀਰਥ ਹੈ:

ਗੁਰ ਸਮਾਨਿ ਤੀਰਥੁ ਨਹੀ ਕੋਇ ॥
ਸਰੁ ਸੰਤੋਖੁ ਤਾਸੁ ਗੁਰੁ ਹੋਇ ॥੧॥ਰਹਾਉ॥ *(ਪ੍ਰਭਾਤੀ ਮ: ੧, ਪੰਨਾ 1328)*

ਅਰਥ: ਗੁਰੂ ਦੇ ਬਰਾਬਰ ਦਾ ਹੋਰ ਕੋਈ ਤੀਰਥ ਨਹੀਂ ਹੈ। ਉਹ ਗੁਰੂ ਹੀ ਸੰਤੋਖ-ਰੂਪ ਸਰੋਵਰ ਹੈ।੧।ਰਹਾਉ।

ਇਸ ਤੀਰਥ ਦੇ ਜਲ ਦਾ ਰੂਪ ਵਰਣਨ ਕਰਦਿਆਂ ਹਜ਼ੂਰ ਕਹਿੰਦੇ ਹਨ:

ਅੰਮ੍ਰਿਤੁ ਨੀਰੁ ਗਿਆਨਿ ਮਨ ਮਜਨੁ ਅਠਸਠਿ ਤੀਰਥ ਸੰਗਿ ਗਹੇ ॥
ਗੁਰ ਉਪਦੇਸਿ ਜਵਾਹਰ ਮਾਣਕ ਸੇਵੇ ਸਿਖੁ ਸੁੋ ਖੋਜਿ ਲਹੈ ॥੧॥

(ਪ੍ਰਭਾਤੀ ਮ: ੧, ਪੰਨਾ 1328)

ਅਰਥ: (ਗੁਰੂ ਤੋਂ ਮਿਲਣ ਵਾਲਾ) ਪ੍ਰਭੂ-ਨਾਮ (ਗੁਰੂ-ਤੀਰਥ ਦਾ) ਜਲ ਹੈ, ਗੁਰੂ ਤੋਂ ਮਿਲੇ ਆਤਮਿਕ ਚਾਨਣ ਵਿਚ ਮਨ ਦੀ ਚੁੱਭੀ (ਉਸ ਗੁਰ-ਤੀਰਥ ਦਾ) ਇਸ਼ਨਾਨ ਹੈ, (ਗੁਰੂ-ਤੀਰਥ ਦੇ) ਨਾਲ ਹੀ ਅਠਾਹਠ ਤੀਰਥ (ਦੇ ਇਸ਼ਨਾਨ) ਮਿਲ ਜਾਂਦੇ ਹਨ।

ਗੁਰੂ ਦੇ ਉਪਦੇਸ਼ (-ਰੂਪ ਡੂੰਘੇ ਪਾਣੀਆਂ ਵਿਚ ਪਰਮਾਤਮਾ ਦੀ ਸਿਫ਼ਤਿ-ਸਾਲਾਹ ਦੇ) ਮੋਤੀ ਤੇ ਜਵਾਹਰ ਹਨ। ਜੇਹੜਾ ਸਿੱਖ (ਗੁਰੂ-ਤੀਰਥ ਨੂੰ) ਸੇਂਵਦਾ ਹੈ (ਸ਼ਰਧਾ ਨਾਲ ਆਉਂਦਾ ਹੈ) ਉਹ ਭਾਲ ਕਰ ਕੇ ਲੱਭ ਲੈਂਦਾ ਹੈ।੧।

ਇਸ ਗੁਰੂ-ਤੀਰਥ ਵਿਚ ਇਸ਼ਨਾਨ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਇਸ਼ਨਾਨ ਕਰਨ ਨਾਲ ਮਨੁੱਖ ਪਸ਼ੂ, ਪ੍ਰੇਤ ਆਦਿ ਤੋਂ ਦੇਵਤਾ ਅਥਵਾ ਗੁਰਮੁਖ ਬਣ ਜਾਂਦਾ ਹੈ। ਚੂੰਕਿ ਮਨ ਦੀ ਮੈਲ ਇਸ ਤੀਰਥ ਵਿਚ ਇਸ਼ਨਾਨ ਕਰਨ ਨਾਲ ਹੀ ਲਹਿੰਦੀ ਹੈ, ਇਸ ਲਈ ਸਰੀਰਕ ਇਸ਼ਨਾਨ ਨਾਲ ਅੰਦਰਲੀ ਮੈਲ ਲਹਿਣ ਵਾਲੀ ਧਾਰਨਾ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਮੁੱਢੋਂ ਹੀ ਰੱਦ ਕਰ ਦਿੱਤਾ ਹੈ:

ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ॥
ਜੈਸੇ ਮੇਂਡੁਕ ਤੈਸੇ ਓਇ ਨਰ ਫਿਰਿ ਫਿਰਿ ਜੋਨੀ ਆਵਹਿ॥

(ਆਸਾ ਕਬੀਰ ਜੀ, ਪੰਨਾ 484)

ਅਰਥ: ਪਾਣੀ ਵਿਚ ਚੁੱਭੀ ਲਾਇਆਂ ਜੇ ਮੁਕਤੀ ਮਿਲ ਸਕਦੀ ਹੋਵੇ ਤਾਂ ਡੱਡੂ ਸਦਾ ਹੀ ਨ੍ਹਾਉਂਦੇ ਹਨ। ਜਿਵੇਂ ਉਹ ਡੱਡੂ ਹਨ, ਤਿਵੇਂ ਉਹ ਮਨੁੱਖ ਸਮਝੋ; (ਪਰ ਨਾਮ ਤੋਂ ਬਿਨਾਂ ਉਹ) ਸਦਾ ਜੂਨਾਂ ਵਿਚ ਪਏ ਰਹਿੰਦੇ ਹਨ।

ਗੁਰੂ ਗ੍ਰੰਥ ਸਾਹਿਬ ਵਿਚ ਭਾਵੇਂ ਇਸ ਗੱਲ ਦਾ ਸਪੱਸ਼ਟ ਰੂਪ ਵਿਚ ਵਰਣਨ ਕੀਤਾ ਗਿਆ ਹੈ ਕਿ ਸਰੀਰਕ ਇਸ਼ਨਾਨ ਨਾਲ ਮਨ ਦੀ ਮੈਲ ਨਹੀਂ ਲਹਿੰਦੀ, ਪਰ ਫਿਰ ਵੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਕੁਛ ਸ਼ਬਦਾਂ ਦਾ ਭਾਵ-ਅਰਥ ਨਾ ਸਮਝਣ ਕਾਰਨ ਇਹ ਪ੍ਰਚਾਰਿਆ ਜਾਂਦਾ ਹੈ ਕਿ ਇਨ੍ਹਾਂ ਸ਼ਬਦਾਂ ਵਿਚ ਸਰੀਰਕ ਇਸ਼ਨਾਨ ਦਾ ਹੀ ਮਹਾਤਮ ਦਰਸਾਇਆ ਗਿਆ ਹੈ। ਹਾਂ, ਅਜਿਹਾ ਕੁਝ, ਸਿੱਖ ਜਗਤ ਨਾਲ ਸੰਬੰਧਿਤ ਸਥਾਨਾਂ ਬਾਰੇ ਹੀ ਆਖਿਆ ਜਾਂਦਾ ਹੈ (ਖ਼ਾਸ ਤੌਰ 'ਤੇ ਸਰੋਵਰਾਂ ਬਾਰੇ), ਅਨਮਤੀ ਸਥਾਨਾਂ, ਸਰੋਵਰਾਂ ਆਦਿ ਬਾਰੇ ਨਹੀਂ। ਅਜਿਹਾ ਕਹਿਣ/ਪ੍ਰਚਾਰਨ ਲੱਗਿਆਂ ਅਸੀਂ ਗੁਰਮਤਿ ਦਾ ਇਹ ਸਿਧਾਂਤ ਬਿਲਕੁਲ ਹੀ ਅੱਖੋਂ ਪਰੋਖਿਆਂ ਕਰ ਦੇਂਦੇ ਹਾਂ, ਜਿਸ ਅਨੁਸਾਰ ਮਨ ਦੀ ਮੈਲ ਕੇਵਲ ਤੇ ਕੇਵਲ ਗੁਰੂ ਦੀ ਮਤਿ ਨੂੰ ਹਿਰਦੇ ਵਿਚ ਵਸਾਉਣ ਨਾਲ ਹੀ ਲਹਿੰਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਅਜਿਹੇ ਸ਼ਬਦਾਂ 'ਚੋਂ, ਜਿਨ੍ਹਾਂ ਬਾਰੇ ਇਹ ਕਿਹਾ ਜਾਂਦਾ ਹੈ ਕਿ ਇਸ ਵਿਚ ਸਰੀਰਕ ਇਸ਼ਨਾਨ ਦਾ ਮਹਾਤਮ ਦਰਸਾਇਆ ਗਿਆ ਹੈ, ਇਹ ਸ਼ਬਦ "ਰਾਮਦਾਸ ਸਰੋਵਰ ਨਾਤੇ ਸਭਿ ਉਤਰੇ ਪਾਪ ਕਮਾਤੇ" ਵੀ ਹੈ।

ਇਹ ਸ਼ਬਦ ਸੋਰਠਿ ਰਾਗ ਵਿਚ ਗੁਰੂ ਨਾਨਕ ਜੋਤਿ ਦੇ ਪੰਜਵੇਂ ਪ੍ਰਕਾਸ਼ ਗੁਰੂ ਅਰਜਨ ਸਾਹਿਬ ਦਾ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਦੀਆਂ ਰਹਾਉ ਦੀਆਂ ਪੰਗਤੀਆਂ ਵਿਚ ਹਜ਼ੂਰ ਫ਼ੁਰਮਾਉਂਦੇ ਹਨ:

ਸਭਿ ਕੁਸਲ ਖੇਮ ਪ੍ਰਭਿ ਧਾਰੇ॥
ਸਹੀ ਸਲਾਮਤਿ ਸਭਿ ਥੋਕ ਉਬਾਰੇ ਗੁਰ ਕਾ ਸਬਦੁ ਵੀਚਾਰੇ॥ਰਹਾਉ॥

(ਸੋਰਠਿ ਮਹਲਾ ੫, ਪੰਨਾ 625)

ਅਰਥ: ਹੇ ਭਾਈ! ਜਿਸ ਮਨੁੱਖ ਨੇ ਗੁਰੂ ਦੇ ਸ਼ਬਦ ਨੂੰ ਆਪਣੀ ਸੋਚ-ਮੰਡਲ

ਵਿਚ ਟਿਕਾ ਕੇ ਆਤਮਿਕ ਜੀਵਨ ਦੇ ਸਾਰੇ ਗੁਣ (ਵਿਕਾਰਾਂ ਦੇ ਛਹੇ ਚੜ੍ਹਨ ਤੋਂ) ਠੀਕ-ਠਾਕ ਬਚਾ ਲਏ, ਪ੍ਰਭੂ ਨੇ (ਉਸ ਦੇ ਹਿਰਦੇ ਵਿਚ) ਸਾਰੇ ਆਤਮਿਕ ਸੁਖ ਆਨੰਦ ਪੈਦਾ ਕਰ ਦਿੱਤੇ।

ਇਨ੍ਹਾਂ ਪੰਗਤੀਆਂ ਦਾ ਵਿਸਤਾਰ ਹੀ ਸ਼ਬਦ ਦੇ ਬਾਕੀ ਦੋ ਬੰਦਾਂ ਵਿਚ ਕੀਤਾ ਗਿਆ ਹੈ। ਸ਼ਬਦ ਦੀਆਂ ਪ੍ਰਾਰੰਭਕ ਪੰਗਤੀਆਂ ਹਨ :

ਰਾਮਦਾਸ ਸਰੋਵਰਿ ਨਾਤੇ ॥
ਸਭਿ ਉਤਰੇ ਪਾਪ ਕਮਾਤੇ ॥
ਨਿਰਮਲ ਹੋਏ ਕਰਿ ਇਸਨਾਨਾ ॥
ਗੁਰਿ ਪੂਰੈ ਕੀਨੇ ਦਾਨਾ ॥੧॥ *(ਸੋਰਠਿ ਮਹਲਾ ੫, ਪੰਨਾ 625)*

ਅਰਥ : ਹੇ ਭਾਈ! ਜੇਹੜੇ ਮਨੁੱਖ ਰਾਮ ਦੇ ਦਾਸਾਂ ਦੇ ਸਰੋਵਰ (ਸਾਧ ਸੰਗਤਿ ਵਿਚ ਨਾਮ-ਅੰਮ੍ਰਿਤ ਨਾਲ) ਇਸ਼ਨਾਨ ਕਰਦੇ ਹਨ, ਉਹਨਾਂ ਦੇ (ਪਿਛਲੇ) ਕੀਤੇ ਹੋਏ ਸਾਰੇ ਪਾਪ ਲਹਿ ਜਾਂਦੇ ਹਨ। (ਹਰਿ-ਨਾਮ-ਜਲ ਨਾਲ) ਇਸ਼ਨਾਨ ਕਰ ਕੇ ਉਹ ਪਵਿੱਤਰ ਜੀਵਨ ਵਾਲੇ ਹੋ ਜਾਂਦੇ ਹਨ। ਪਰ ਇਹ ਬਖ਼ਸ਼ਸ਼ ਪੂਰੇ ਗੁਰੂ ਨੇ ਹੀ ਕੀਤੀ ਹੁੰਦੀ ਹੈ।੧।

ਰਹਾਉ ਦੀਆਂ ਪੰਗਤੀਆਂ ਵਿਚ ਸਤਿਗੁਰੂ ਜੀ ਨੇ ਆਤਮਿਕ ਜੀਵਨ ਜਿਊਣ ਵਾਲੇ ਮਨੁੱਖ ਦੇ ਆਤਮਿਕ ਪੂੰਜੀ/ਗੁਣਾਂ 'ਚ ਕਿਵੇਂ ਵਾਧਾ ਕੀਤਾ ਹੈ, ਇਸ ਦੇ ਉੱਤਰ ਵਿਚ ਕਹਿੰਦੇ ਹਨ ਕਿ ਗੁਰੂ ਦੇ ਸ਼ਬਦ ਨੂੰ ਆਪਣੀ ਸੋਚ-ਮੰਡਲ ਵਿਚ ਵਸਾ ਕੇ ਭਾਵ ਗੁਰੂ ਦੇ ਸ਼ਬਦ ਅਨੁਸਾਰ ਆਪਣੇ ਜੀਵਨ ਨੂੰ ਢਾਲ ਕੇ ਆਤਮਿਕ ਜ਼ਿੰਦਗੀ ਜੀਵਨ ਜੀਂਵਿਆਂ। ਇਸ ਖ਼ਿਆਲ ਦਾ ਹੀ, ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਵਿਚ, ਵਿਸਤਾਰ ਕਰਦਿਆਂ ਹੋਇਆਂ ਆਪ ਆਖਦੇ ਹਨ ਕਿ ਪੂਰੇ ਗੁਰੂ ਦੀ ਬਖ਼ਸ਼ਸ਼ ਕੀਤੀ ਹੋਈ ਜੀਵਨ-ਜੁਗਤੀ ਦੀ ਬਦੌਲਤ ਹੀ, ਗੁਰੂ ਅਨੁਸਾਰੀ ਜੀਵਨ ਬਿਤਾਉਣ ਵਾਲੇ ਨੂੰ ਮੰਦ ਕਰਮਾਂ ਦੇ ਸੰਸਕਾਰਾਂ ਤੋਂ ਛੁਟਕਾਰਾ ਮਿਲਿਆ ਹੈ। ਰਾਮਦਾਸ ਸਰੋਵਰ ਤੋਂ ਭਾਵ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਚਲੇ ਇਤਿਹਾਸਕ ਸਰੋਵਰ ਤੋਂ ਨਹੀਂ ਹੈ। ਰਾਮਦਾਸ ਸਰੋਵਰ ਨਾਤੇ ਤੋਂ ਭਾਵ ਹੈ ਸਾਧ ਸੰਗਤਿ 'ਚ ਨਾਮ-ਅੰਮ੍ਰਿਤ ਵਿਚ ਇਸ਼ਨਾਨ ਕਰਨ ਨਾਲ। ਅਰਥਾਤ ਗੁਰੂ ਦੀ ਸ਼ਰਨ ਵਿਚ ਆ ਕੇ ਗੁਰੂ ਦੀ ਸਿੱਖਿਆ ਨੂੰ ਆਪਣੇ ਹਿਰਦੇ ਵਿਚ ਵਸਾਉਣ ਨਾਲ। ਸਤਿਗੁਰੂ ਦੇ ਸ਼ਬਦ ਨੂੰ ਆਪਣੇ ਹਿਰਦੇ ਵਿਚ ਵਸਾਉਣਾ ਹੀ ਰਾਮਦਾਸ ਸਰੋਵਰ ਅਥਵਾ ਸਾਧ ਸੰਗਤਿ ਵਿਚ ਨਾਮੁ-ਅੰਮ੍ਰਿਤ ਨਾਲ ਇਸ਼ਨਾਨ ਕਰਨਾ ਹੈ। ਇਸ ਇਸ਼ਨਾਨ ਨਾਲ ਹੀ ਪਾਪ ਲਹਿੰਦੇ ਹਨ। ਪਾਪ ਲਹਿਣ ਤੋਂ ਭਾਵ ਹੈ ਮਨ ਦਾ ਮੰਦ ਸੰਸਕਾਰ ਤੋਂ ਮੁਕਤ ਹੋਣਾ। ਸੋ, ਖੋਟੀ ਮਤ ਮਮਤਾ ਆਦਿ ਤੋਂ ਉੱਪਰ ਉੱਠਣਾ ਹੀ ਪਾਪਾਂ ਦੀ ਮੈਲ ਦਾ ਲਹਿਣਾ ਹੈ।

ਗੁਰੂ ਗ੍ਰੰਥ ਸਾਹਿਬ ਦੇ ਨਿਮਨ ਲਿਖਤ ਸ਼ਬਦਾਂ ਨੂੰ ਵਿਚਾਰਿਆਂ ਇਸ ਗੱਲ ਨੂੰ ਹੋਰ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ :

(ੳ) **ਨਿਤਪ੍ਰਤਿ ਨਾਵਣੁ ਰਾਮ ਸਰਿ ਕੀਜੈ ॥**
ਝੋਲਿ ਮਹਾ ਰਸੁ ਹਰਿ ਅੰਮ੍ਰਿਤੁ ਪੀਜੈ ॥੧॥ਰਹਾਉ॥

ਨਿਰਮਲ ਉਦਕੁ ਗੋਵਿੰਦ ਕਾ ਨਾਮ ॥
ਮਜਨੁ ਕਰਤ ਪੂਰਨ ਸਭਿ ਕਾਮ ॥੧॥
ਸੰਤਸੰਗਿ ਤਹ ਗੋਸਟਿ ਹੋਇ ॥
ਕੋਟਿ ਜਨਮ ਕੇ ਕਿਲਵਿਖ ਖੋਇ ॥੨॥ *(ਗਉੜੀ ਮਹਲਾ ੫, ਪੰਨੇ 198-99)*

ਅਰਥ: (ਹੇ ਭਾਈ!) ਪਰਮਾਤਮਾ ਦੇ ਨਾਮ-ਰਸ ਵਿਚ ਸਦਾ ਹੀ ਇਸ਼ਨਾਨ ਕਰਨਾ ਚਾਹੀਦਾ ਹੈ। (ਪਰਮਾਤਮਾ ਦੇ ਨਾਮ ਦਾ ਰਸ) ਸਭ ਤੋਂ ਸ੍ਰੇਸ਼ਟ ਰਸ ਹੈ, ਆਤਮਿਕ ਜੀਵਨ ਦੇਣ ਵਾਲੇ ਇਸ ਹਰਿ-ਨਾਮ-ਰਸ ਨੂੰ ਬੜੇ ਪ੍ਰੇਮ ਨਾਲ ਪੀਣਾ ਚਾਹੀਦਾ ਹੈ।੧।ਰਹਾਉ।

(ਹੇ ਭਾਈ!) ਪਰਮਾਤਮਾ ਦਾ ਨਾਮ ਪਵਿੱਤਰ ਜਲ ਹੈ, (ਇਸ ਜਲ ਵਿਚ) ਇਸ਼ਨਾਨ ਕਰਦਿਆਂ ਸਾਰੇ ਮਨੋਰਥ ਪੂਰੇ ਹੋ ਜਾਂਦੇ ਹਨ (ਸਭ ਵਾਸ਼ਨਾਂ ਮੁੱਕ ਜਾਂਦੀਆਂ ਹਨ)।੧।

(ਹੇ ਭਾਈ!) ਉਥੇ (ਉਸ ਹਰਿ-ਨਾਮ-ਜਲ ਵਿਚ ਚੁੱਭੀ ਲਾਂਦਿਆਂ) ਪ੍ਰਭੂ-ਸੰਤ ਨਾਲ ਮਿਲਾਪ ਹੋ ਜਾਂਦਾ ਹੈ (ਤੇ, ਮਨੁੱਖ ਆਪਣੇ) ਕ੍ਰੋੜਾਂ ਜਨਮਾਂ ਦੇ (ਕੀਤੇ ਹੋਏ) ਪਾਪ ਦੂਰ ਕਰ ਲੈਂਦਾ ਹੈ।੨।

(ਅ) ਵਿਚਿ ਕਰਤਾ ਪੁਰਖੁ ਖਲੋਆ ॥
ਵਾਲੁ ਨ ਵਿੰਗਾ ਹੋਆ ॥
ਮਜਨੁ ਗੁਰ ਆਂਦਾ ਰਾਸੇ ॥
ਜਪਿ ਹਰਿ ਹਰਿ ਕਿਲਵਿਖ ਨਾਸੇ ॥੧॥
ਸੰਤਹੁ ਰਾਮਦਾਸ ਸਰੋਵਰੁ ਨੀਕਾ ॥
ਜੋ ਨਾਵੈ ਸੋ ਕੁਲੁ ਤਰਾਵੈ ਉਧਾਰੁ ਹੋਆ ਹੈ ਜੀ ਕਾ ॥੧॥ਰਹਾਉ॥
ਜੈ ਜੈ ਕਾਰੁ ਜਗੁ ਗਾਵੈ ॥
ਮਨ ਚਿੰਦਿਅੜੇ ਫਲ ਪਾਵੈ ॥
ਸਹੀ ਸਲਾਮਤਿ ਨਾਇ ਆਏ ॥
ਅਪਣਾ ਪ੍ਰਭੂ ਧਿਆਏ ॥੨॥
ਸੰਤ ਸਰੋਵਰ ਨਾਵੈ ॥
ਸੋ ਜਨੁ ਪਰਮ ਗਤਿ ਪਾਵੈ ॥
ਮਰੈ ਨ ਆਵੈ ਜਾਈ ॥
ਹਰਿ ਹਰਿ ਨਾਮੁ ਧਿਆਈ ॥੩॥
ਇਹੁ ਬ੍ਰਹਮ ਬਿਚਾਰੁ ਸੁ ਜਾਨੈ ॥
ਜਿਸੁ ਦਇਆਲੁ ਹੋਇ ਭਗਵਾਨੈ ॥
ਬਾਬਾ ਨਾਨਕ ਪ੍ਰਭ ਸਰਣਾਈ ॥
ਸਭ ਚਿੰਤਾ ਗਣਤ ਮਿਟਾਈ ॥੪॥੭॥੫੭॥ *(ਸੋਰਠਿ ਮਹਲਾ ੫, ਪੰਨਾ 623)*

ਅਰਥ: ਹੇ ਸੰਤ ਜਨੋਂ! ਸਾਧ ਸੰਗਤਿ (ਇਕ) ਸੁੰਦਰ (ਅਸਥਾਨ) ਹੈ। ਜੇਹੜਾ ਮਨੁੱਖ (ਸਾਧ ਸੰਗਤਿ ਵਿਚ) ਆਤਮਿਕ ਇਸ਼ਨਾਨ ਕਰਦਾ ਹੈ (ਮਨ ਨੂੰ ਨਾਮ-ਜਲ ਨਾਲ ਪਵਿੱਤਰ ਕਰਦਾ ਹੈ), ਉਸ ਦੀ ਜਿੰਦ ਦਾ (ਵਿਕਾਰਾਂ ਤੋਂ) ਪਾਰ-ਉਤਾਰਾ ਹੋ

ਜਾਂਦਾ ਹੈ, ਉਹ ਆਪਣੀ ਸਾਰੀ ਕੁਲ ਨੂੰ ਭੀ (ਸੰਸਾਰ-ਸਮੁੰਦਰ ਤੋਂ) ਪਾਰ ਲੰਘਾ ਲੈਂਦਾ ਹੈ।੧।ਰਹਾਉ।

(ਹੇ ਭਾਈ! ਸਾਧ ਸੰਗਤਿ ਵਿਚ ਜਿਸ ਮਨੁੱਖ ਦਾ) ਆਤਮਿਕ ਇਸ਼ਨਾਨ ਗੁਰੂ ਨੇ ਸਫਲ ਕਰ ਦਿੱਤਾ ਹੈ, ਉਹ ਮਨੁੱਖ ਸਦਾ ਪਰਮਾਤਮਾ ਦਾ ਨਾਮ ਜਪ ਜਪ ਕੇ (ਆਪਣੇ ਸਾਰੇ) ਪਾਪ ਨਾਸ ਕਰ ਲੈਂਦਾ ਹੈ। ਸਰਬ-ਵਿਆਪਕ ਕਰਤਾਰ ਆਪ ਉਸ ਦੀ ਸਹਾਇਤਾ ਕਰਦਾ ਹੈ, (ਉਸ ਦੀ ਆਤਮਿਕ ਰਾਸ-ਪੂੰਜੀ ਦਾ) ਰਤਾ ਭਰ ਭੀ ਨੁਕਸਾਨ ਨਹੀਂ ਹੁੰਦਾ।੧।

ਹੇ ਭਾਈ! (ਜੇਹੜਾ ਮਨੁੱਖ ਰਾਮ ਦੇ ਦਾਸਾਂ ਦੇ ਸਰੋਵਰ ਵਿਚ ਟਿਕ ਕੇ) ਆਪਣੇ ਪਰਮਾਤਮਾ ਦਾ ਆਰਾਧਨ ਕਰਦਾ ਹੈ, (ਉਹ ਮਨੁੱਖ ਇਸ ਸਤਸੰਗ-ਸਰੋਵਰ ਵਿਚ ਆਤਮਿਕ) ਇਸ਼ਨਾਨ ਕਰ ਕੇ ਆਪਣੀ ਆਤਮਿਕ ਜੀਵਨ ਦੀ ਰਾਸ-ਪੂੰਜੀ ਨੂੰ ਪੂਰਨ ਤੌਰ 'ਤੇ ਬਚਾ ਲੈਂਦਾ ਹੈ। ਸਾਰਾ ਜਗਤ ਉਸ ਦੀ ਸੋਭਾ ਦਾ ਗੀਤ ਗਾਂਦਾ ਹੈ, ਉਹ ਮਨੁੱਖ ਮਨ-ਚਿਤਵੇ ਫਲ ਹਾਸਲ ਕਰ ਲੈਂਦਾ ਹੈ।੨।

ਹੇ ਭਾਈ! ਜੇਹੜਾ ਮਨੁੱਖ ਸੰਤਾਂ ਦੇ ਸਰੋਵਰ ਵਿਚ (ਸਾਧ ਸੰਗਤਿ ਵਿਚ) ਆਤਮਿਕ ਇਸ਼ਨਾਨ ਕਰਦਾ ਹੈ, ਉਹ ਮਨੁੱਖ ਸਭ ਤੋਂ ਉੱਚੀ ਆਤਮਿਕ ਅਵਸਥਾ ਹਾਸਲ ਕਰ ਲੈਂਦਾ ਹੈ। ਜੇਹੜਾ ਮਨੁੱਖ ਸਦਾ ਪਰਮਾਤਮਾ ਦਾ ਨਾਮ ਸਿਮਰਦਾ ਰਹਿੰਦਾ ਹੈ, ਉਹ ਜਨਮ ਮਰਨ ਦੇ ਗੇੜ ਵਿਚ ਨਹੀਂ ਪੈਂਦਾ।੩।

ਹੇ ਭਾਈ! ਪਰਮਾਤਮਾ ਨਾਲ ਮਿਲਾਪ ਦੀ ਇਸ ਵਿਚਾਰ ਨੂੰ ਉਹ ਮਨੁੱਖ ਸਮਝਦਾ ਹੈ, ਜਿਸ ਉੱਤੇ ਪਰਮਾਤਮਾ ਆਪ ਦਇਆਵਾਨ ਹੁੰਦਾ ਹੈ। ਹੇ ਨਾਨਕ! (ਆਖ—) ਹੇ ਭਾਈ! ਜੇਹੜਾ ਮਨੁੱਖ ਪਰਮਾਤਮਾ ਦੀ ਸ਼ਰਨ ਪਿਆ ਰਹਿੰਦਾ ਹੈ, ਉਹ ਆਪਣਾ ਹਰੇਕ ਕਿਸਮ ਦਾ ਚਿੰਤਾ-ਫ਼ਿਕਰ ਦੂਰ ਕਰ ਲੈਂਦਾ ਹੈ।੪।

ਸ਼ਬਦ ਦੀਆਂ ਅਖ਼ੀਰਲੀਆਂ ਪੰਗਤੀਆਂ ਵਿਚ ਗੁਰਦੇਵ ਫ਼ੁਰਮਾਉਂਦੇ ਹਨ:

ਸਾਧਸੰਗਿ ਮਲੁ ਲਾਥੀ॥
ਪਾਰਬ੍ਰਹਮੁ ਭਇਓ ਸਾਥੀ॥
ਨਾਨਕ ਨਾਮੁ ਧਿਆਇਆ॥
ਆਦਿ ਪੁਰਖ ਪ੍ਰਭੁ ਪਾਇਆ॥੨॥ *(ਸੋਰਠਿ ਮ: ੫, ਪੰਨਾ 625)*

ਅਰਥ: ਹੇ ਭਾਈ! ਸਾਧ ਸੰਗਤਿ ਵਿਚ (ਟਿਕਿਆਂ) ਵਿਕਾਰਾਂ ਦੀ ਮੈਲ ਦੂਰ ਹੋ ਜਾਂਦੀ ਹੈ, (ਸਾਧ ਸੰਗਤਿ ਦੀ ਬਰਕਤਿ ਨਾਲ) ਪਰਮਾਤਮਾ ਮਦਦਗਾਰ ਬਣ ਜਾਂਦਾ ਹੈ। ਹੇ ਨਾਨਕ! (ਜਿਸ ਮਨੁੱਖ ਨੇ ਰਾਮਦਾਸ-ਸਰੋਵਰ ਵਿਚ ਆ ਕੇ) ਪਰਮਾਤਮਾ ਦਾ ਨਾਮ ਸਿਮਰਿਆ, ਉਸ ਨੇ ਉਸ ਪ੍ਰਭੂ ਨੂੰ ਲੱਭ ਲਿਆ, ਜੋ ਸਭ ਦਾ ਮੁੱਢ ਹੈ ਅਤੇ ਸਰਬ ਵਿਆਪਕ ਹੈ।੨।

ਗੁਰੂ ਅਰਜਨ ਸਾਹਿਬ ਨੇ ਸ਼ਬਦ ਦੀਆਂ 'ਰਹਾਉ' ਦੀਆਂ ਪੰਗਤੀਆਂ ਵਿਚ ਇਹ ਗੱਲ ਆਖੀ ਹੈ ਕਿ ਗੁਰੂ ਦੇ ਸ਼ਬਦ ਨੂੰ ਆਪਣੀ ਸੋਚ-ਮੰਡਲ ਵਿਚ ਵਸਾ ਕੇ ਆਤਮਿਕ ਗੁਣਾਂ ਦੇ ਸਰਮਾਏ ਨੂੰ ਬਚਾ ਕੇ ਆਤਮਿਕ ਜ਼ਿੰਦਗੀ ਜਿਊਂ ਸਕੀਦਾ ਹੈ।

ਇਸੇ ਖ਼ਿਆਲ ਨੂੰ ਸ਼ਬਦ ਦੀਆਂ ਪਹਿਲੀਆਂ ਅਤੇ ਅੰਤਲੀਆਂ ਪੰਗਤੀਆਂ ਵਿਚ "ਰਾਮਦਾਸ ਸਰੋਵਰਿ ਨਾਤੇ॥ ਸਭਿ ਉਤਰੇ ਪਾਪ ਕਮਾਤੇ॥" ਅਤੇ "ਸਾਧਸੰਗਿ ਮਲੁ ਲਾਥੀ" ਆਖ ਕੇ ਇਸ ਸੱਚ ਨੂੰ ਪ੍ਰਗਟਾਇਆ ਹੈ।

ਗੁਰਮਤਿ ਵਿਚ ਗੁਰੂ ਤੀਰਥ (ਗੁਰ-ਸ਼ਬਦ ਦੇ ਗਿਆਨ) ਵਿਚ ਇਸ਼ਨਾਨ ਕਰਨ ਨਾਲ ਹੀ ਅੰਦਰਲੀ ਮੈਲ ਲਹਿਣ ਦੀ ਪ੍ਰਪੱਕ ਧਾਰਨਾ ਹੈ, ਸਰੀਰਕ ਇਸ਼ਨਾਨ ਨਾਲ ਮਨ ਦੀ ਮੈਲ ਲਹਿਣ ਵਾਲੀ ਧਾਰਨਾ ਨੂੰ ਪ੍ਰਵਾਨ ਨਹੀਂ ਕੀਤਾ ਗਿਆ ਹੈ:

ਸਚਾ ਤੀਰਥੁ ਜਿਤੁ ਸਤ ਸਰਿ ਨਾਵਣੁ ਗੁਰਮੁਖਿ ਆਪਿ ਬੁਝਾਏ॥
ਅਠਸਠਿ ਤੀਰਥ ਗੁਰ ਸਬਦਿ ਦਿਖਾਏ ਤਿਤੁ ਨਾਤੈ ਮਲੁ ਜਾਇ॥

(ਸੂਹੀ ਮਹਲਾ ੩, ਪੰਨਾ 753)

ਅਰਥ: ਜੇਹੜਾ ਮਨੁੱਖ ਗੁਰੂ ਦੀ ਸ਼ਰਨ ਆ ਪੈਂਦਾ ਹੈ, ਉਸ ਨੂੰ ਪ੍ਰਭੂ ਆਪ ਇਹ ਸੂਝ ਬਖ਼ਸ਼ਦਾ ਹੈ ਕਿ ਜਿਸ ਸੱਚੇ ਸਰੋਵਰ ਵਿਚ ਇਸ਼ਨਾਨ ਕਰਨਾ ਚਾਹੀਦਾ ਹੈ (ਅਤੇ ਵਿਖਾ ਦੇਂਦਾ ਹੈ ਕਿ) ਉਸ (ਗੁਰੂ-ਸ਼ਬਦ-ਤੀਰਥ) ਵਿਚ ਨ੍ਹਾਤਿਆਂ (ਵਿਕਾਰਾਂ ਦੀ) ਮੈਲ ਲਹਿ ਜਾਂਦੀ ਹੈ। (ਉਸ ਮਨੁੱਖ ਨੂੰ ਯਕੀਨ ਬਣ ਜਾਂਦਾ ਹੈ ਕਿ) ਗੁਰੂ ਦਾ ਸ਼ਬਦ ਹੀ ਸਦਾ ਕਾਇਮ ਰਹਿਣ ਵਾਲਾ ਅਤੇ ਪਵਿੱਤਰ ਤੀਰਥ ਹੈ (ਉਸ ਵਿਚ ਇਸ਼ਨਾਨ ਕੀਤਿਆਂ ਵਿਕਾਰਾਂ ਦੀ) ਮੈਲ ਨਹੀਂ ਲੱਗਦੀ।

ਦੁਖ ਭੰਜਨੁ ਤੇਰਾ ਨਾਮੁ ਜੀ

ਅਸੀਂ ਸੁਚੇਤ ਅਤੇ ਅਚੇਤ ਰੂਪ ਵਿਚ ਹੀ ਬਹੁਤ ਕੁਝ ਅਜਿਹਾ ਸਵੀਕਾਰ ਕੀਤਾ ਹੋਇਆ ਹੈ, ਜਿਸ ਦਾ ਗੁਰਮਤਿ ਨਾਲ ਕਿਸੇ ਤਰ੍ਹਾਂ ਦਾ ਵੀ ਸੰਬੰਧ ਨਹੀਂ ਹੈ। ਹੈਰਾਨਗੀ ਦੀ ਗੱਲ ਇਹ ਹੈ ਕਿ ਗੁਰਮਤਿ ਦੇ ਆਸ਼ੇ ਦੇ ਐਨ ਵਿਪਰੀਤ/ਉਲਟ ਧਾਰਨਾਵਾਂ ਨੂੰ ਸਵੀਕਾਰ ਕਰਕੇ ਵੀ ਅਸੀਂ ਇਹ ਦਾਅਵਾ ਕਰਦੇ ਹਾਂ ਕਿ ਅਸੀਂ ਇਕ ਅਕਾਲ ਪੁਰਖ ਵਿਚ ਹੀ ਵਿਸ਼ਵਾਸ ਰੱਖਣ ਵਾਲੇ ਹਾਂ। ਇਹੋ ਜਿਹੀ ਗੁਰਮਤਿ ਦੇ ਧਾਰਨੀਆਂ ਨੂੰ ਇਕ ਪਾਸੇ ਇਕ ਅਕਾਲ ਪੁਰਖ ਨੂੰ ਮੰਨਣ ਦਾ ਦਾਅਵਾ ਕਰਦਿਆਂ ਅਤੇ ਦੂਜੇ ਪਾਸੇ ਸਮਾਧਾਂ, ਦਰੱਖ਼ਤਾਂ ਆਦਿ ਨੂੰ ਮੱਥਾ ਟੇਕਦਿਆਂ ਹੋਇਆਂ ਦੇਖ ਕੇ, ਜੇਕਰ ਕੋਈ ਇਹ ਆਖ ਜਾਂ ਲਿਖ ਦੇਂਦਾ ਹੈ ਕਿ ਅਸੀਂ ਮੜ੍ਹੀਆਂ-ਮਸਾਣਾਂ ਨੂੰ ਵੀ ਪੂਜਦੇ ਹਾਂ ਤਾਂ ਅਸੀਂ ਇਕਦਮ ਆਪੇ ਤੋਂ ਬਾਹਰ ਹੋ ਜਾਂਦੇ ਹਾਂ। ਅਸੀਂ ਝੱਟ ਗੁਰੂ ਗ੍ਰੰਥ ਸਾਹਿਬ ਵਿੱਚੋਂ ਪ੍ਰਮਾਣ ਦੇਣ ਲੱਗ ਪੈਂਦੇ ਹਾਂ ਕਿ ਗੁਰਮਤਿ ਵਿਚ ਕੇਵਲ ਇਕ ਅਕਾਲ ਦੀ ਪੂਜਾ ਅਥਵਾ ਉਪਾਸ਼ਨਾ ਹੈ। ਇਸ ਵਿਚ ਤਾਂ ਕੋਈ ਸ਼ੱਕ ਹੈ ਹੀ ਨਹੀਂ ਕਿ ਗੁਰੂ ਗ੍ਰੰਥ ਸਾਹਿਬ ਵਿਚ ਕੇਵਲ ਇਕ ਹੀ ਗੱਲ ਕੀਤੀ ਗਈ ਹੈ, ਪਰੰਤੂ ਅਸੀਂ ਇਸ ਗੱਲ ਨੂੰ ਅਮਲੀ ਰੂਪ ਵਿਚ ਕਿਤਨਾ ਕੁ ਮੰਨਦੇ ਹਾਂ, ਇਸ ਦਾ ਉੱਤਰ ਆਪਣੇ ਆਲੇ-ਦੁਆਲੇ ਵਲ ਝਾਤੀ ਮਾਰਿਆਂ ਸਹਿਜੇ ਹੀ ਮਿਲ ਜਾਵੇਗਾ। ਧਾਰਮਿਕ ਸਥਾਨਾਂ, ਖ਼ਾਸ ਕਰਕੇ ਇਤਿਹਾਸਕ ਸਥਾਨਾਂ ਵਿਖੇ ਜੋ ਕੁਝ ਗੁਰਮਤਿ ਦੇ ਐਨ ਉਲਟ ਹੋ ਰਿਹਾ ਹੈ, ਉਸ ਬਾਰੇ ਇਨ੍ਹਾਂ ਸਥਾਨਾਂ ਦੀ ਸੇਵਾ-ਸੰਭਾਲ ਕਰਨ ਵਾਲਿਆਂ ਵਲੋਂ ਇਹ ਪ੍ਰਚਾਰ ਕੀਤਾ/ਕਰਵਾਇਆ ਜਾ ਰਿਹਾ ਹੈ ਕਿ ਇਹ ਸਭ ਕੁਝ ਗੁਰੂ ਸਾਹਿਬ ਦੇ ਸਮੇਂ ਤੋਂ ਹੀ ਹੁੰਦਾ ਆ ਰਿਹਾ ਹੈ। ਕਈ ਸਥਾਨਾਂ, ਸਰੋਵਰਾਂ ਆਦਿ ਬਾਰੇ ਇਹ ਆਖਿਆ ਜਾ ਰਿਹਾ ਹੈ ਕਿ ਗੁਰੂ ਸਾਹਿਬ ਨੇ ਇਸ ਸਥਾਨ ਦੀ ਯਾਤਰਾ ਕਰਨ ਜਾਂ ਸਰੋਵਰ ਵਿਚ ਇਸ਼ਨਾਨ ਕਰਨ ਦਾ ਇਸ ਤਰ੍ਹਾਂ ਦਾ ਮਹਾਤਮ ਦਰਸਾਇਆ ਹੈ। ਜ਼ਿੰਮੇਵਾਰ ਸੱਜਣਾਂ ਵਲੋਂ ਪ੍ਰਚਾਰੀ ਜਾ ਰਹੀ ਮਨਮਤ ਨੂੰ ਸਿੱਖ ਸੰਗਤਾਂ ਸੱਚ ਸਮਝ ਰਹੀਆਂ ਹਨ। ਆਮ ਸਿੱਖ, ਗੁਰਦੁਆਰਾ ਸਾਹਿਬਾਨ ਵਿਖੇ ਮਨਮਤ ਦਾ ਬੋਲ ਬਾਲਾ ਦੇਖ ਕੇ ਵੀ ਕਿਸੇ ਤਰ੍ਹਾਂ ਦਾ ਕਿੰਤੂ-ਪਰੰਤੂ ਨਹੀਂ ਕਰਦਾ; ਕਿਉਂਕਿ ਜ਼ਿੰਮੇਵਾਰ ਸੱਜਣਾਂ (ਭਾਵ, ਧਾਰਮਿਕ ਸ਼੍ਰੇਣੀ) ਨੇ ਲੋਕਾਂ ਦੇ ਦਿਲ-ਦਿਮਾਗ਼ ਵਿਚ ਇਹ ਬਿਠਾ ਦਿੱਤਾ ਹੋਇਆ ਹੈ ਕਿ ਕਿੰਤੂ-ਪਰੰਤੂ ਕਰਨਾ ਅਸ਼ਰਧਾ ਹੀ ਨਹੀਂ ਸਗੋਂ ਗੁਰੂ ਸਾਹਿਬ ਦੀ ਬੇਅਦਬੀ ਦਾ ਪ੍ਰਤੀਕ ਹੈ। ਅਜਿਹੀ ਸਥਿਤੀ ਵਿਚ ਗੁਰੂ ਪਿਆਰ ਵਿਚ ਭਿੱਜਾ ਪ੍ਰਾਣੀ ਕਿੰਤੂ-ਪਰੰਤੂ ਕਰ ਕੇ ਗੁਰੂ ਸਾਹਿਬ ਦੀ ਬੇਅਦਬੀ ਕਰੇ, ਆਪਣੇ ਉੱਤੇ ਅਸ਼ਰਧਕ ਦਾ ਲੇਬਲ ਕਿਵੇਂ ਲਗਾ ਸਕਦਾ ਹੈ ? ਇਸ ਕਰਕੇ ਇਨ੍ਹਾਂ ਸਥਾਨਾਂ 'ਤੇ ਧਰਮ ਦੇ ਨਾਮ

'ਤੇ ਜੋ ਕੁਝ ਵੀ ਹੋ ਰਿਹਾ ਹੈ ਜਾਂ ਪਰਚਾਰਿਆ ਜਾ ਰਿਹਾ ਹੈ, ਸੰਗਤਾਂ ਉਸ ਨੂੰ ਗੁਰਮਤਿ ਦਾ ਅੰਗ ਸਮਝ ਕੇ ਬਿਨਾਂ ਕਿਸੇ ਕਿੰਤੂ-ਪਰੰਤੂ ਦੇ ਸਵੀਕਾਰ ਕਰ ਰਹੀਆਂ ਹਨ।

ਆਮ ਸੰਗਤਾਂ ਇਸ ਗੱਲ ਤੋਂ ਬਿਲਕੁਲ ਹੀ ਅਣਜਾਣ ਹਨ ਕਿ ਸਾਡੇ ਬਹੁਤ ਸਾਰੇ ਇਨ੍ਹਾਂ ਧਾਰਮਿਕ ਇਤਿਹਾਸਕ ਧਰਮ ਸਥਾਨਾਂ 'ਤੇ ਜੋ ਕੁਝ ਹੋ ਰਿਹਾ ਹੈ ਉਸ ਦਾ ਗੁਰਮਤਿ ਨਾਲ ਦੂਰ ਦਾ ਵੀ ਕੋਈ ਸੰਬੰਧ ਨਹੀਂ ਹੈ। ਸਾਨੂੰ ਇਹ ਗੱਲ ਹਮੇਸ਼ਾਂ ਹੀ ਚੇਤੇ ਰੱਖਣੀ ਚਾਹੀਦੀ ਹੈ ਕਿ ਗੁਰੂ ਸਾਹਿਬ ਨੇ ਜੋ ਕੁਝ ਮਨੁੱਖਤਾ ਨੂੰ ਪ੍ਰਦਾਨ ਕੀਤਾ ਹੈ, ਉਹ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਮੌਜੂਦ ਹੈ। ਕੀ ਅਜਿਹੇ ਸੱਜਣ ਗੁਰੂ ਸਾਹਿਬ ਨਾਲ ਮਨਘੜਤ ਕਹਾਣੀਆਂ ਜੋੜ ਕੇ ਇਹ ਸਿੱਧ ਕਰਨ ਦਾ ਯਤਨ ਕਰ ਰਹੇ ਹਨ ਕਿ ਸਤਿਗੁਰੂ ਜੀ ਆਪਣੇ ਮੁਖਾਰਬਿੰਦ 'ਚੋਂ ਕਹਿੰਦੇ ਕੁਝ ਸਨ, ਪਰ ਅਮਲੀ ਤੌਰ 'ਤੇ ਕਰਦੇ ਕੁਝ ਹੋਰ ਸਨ?

ਕਈ ਇਤਿਹਾਸਕ ਪੁਸਤਕਾਂ ਵਿਚ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਪੂਰਬ ਦਿਸ਼ਾ ਵੱਲ ਸਥਿਤ ਬੇਰੀ ਬਾਰੇ ਇਹ ਲਿਖਿਆ ਹੈ ਕਿ ਇਥੇ ਇਸ਼ਨਾਨ ਕਰਨ ਨਾਲ ਹਰੇਕ ਤਰ੍ਹਾਂ ਦਾ ਦੁਖ ਦੂਰ ਹੋ ਜਾਂਦਾ ਹੈ। ਇਸ ਬੇਰੀ ਨੂੰ 'ਦੁਖ ਭੰਜਨੀ' ਬੇਰੀ ਵੀ ਆਖਿਆ ਜਾਂਦਾ ਹੈ। ਇਸ ਬੇਰੀ ਨੂੰ ਇਸ ਨਾਮ ਨਾਲ ਕਦੋਂ ਤੋਂ ਪੁਕਾਰਨਾ ਸ਼ੁਰੂ ਹੋਇਆ ਹੈ, ਇਸ ਬਾਰੇ ਭਾਵੇਂ ਇਤਿਹਾਸ ਵਿਚ ਕੋਈ ਵੇਰਵਾ ਨਹੀਂ ਮਿਲਦਾ; ਪਰ ਇੰਨਾ ਕੁ ਜ਼ਰੂਰ ਦਾਅਵੇ ਨਾਲ ਆਖਿਆ ਜਾ ਸਕਦਾ ਹੈ ਕਿ ਇਸ ਬੇਰੀ ਦਾ ਨਾਮ 'ਦੁਖ ਭੰਜਨੀ' ਗੁਰੂ-ਕਾਲ ਤੋਂ ਬਾਅਦ ਵਿਚ ਹੀ ਪਿਆ ਅਤੇ ਪ੍ਰਚਲਿਤ ਹੋਇਆ ਹੈ। ਬੀਬੀ ਰਜਨੀ ਦੀ ਕਲਪਿਤ ਕਹਾਣੀ ਰਾਹੀਂ ਜਿਸ ਤਰ੍ਹਾਂ ਇਸ ਬੇਰੀ ਦੀ ਮਹੱਤਤਾ ਨੂੰ ਸਿੱਖ ਜਗਤ ਵਿਚ ਪ੍ਰਚਾਰਿਆ ਗਿਆ ਹੈ, ਅਸੀਂ ਇਥੇ ਇਸ ਵਿਸਤਾਰ ਵਿਚ ਨਹੀਂ ਜਾਣਾ ਚਾਹੁੰਦੇ। ਹਾਂ, ਕੇਵਲ ਇਤਨੀ ਕੁ ਜ਼ਰੂਰ ਬੇਨਤੀ ਕਰਨਾ ਚਾਹੁੰਦੇ ਹਾਂ ਕਿ ਇਸ ਬੇਰੀ ਦੀ ਹੋਂਦ ਅਤੇ ਬੀਬੀ ਰਜਨੀ ਦੀ ਕਹਾਣੀ ਗੁਰੂ-ਕਾਲ ਤੋਂ ਬਾਅਦ ਹੀ, ਗੁਰੂ-ਗਿਆਨ ਨਾਲੋਂ ਸਿੱਖ ਜਗਤ ਨੂੰ ਦੂਰ ਕਰਨ ਦੇ ਖ਼ਿਆਲ ਨਾਲ, ਗੁਰੂ-ਗਿਆਨ ਵਿਚ ਖੋਟ ਰਲਾਉਣ ਦੀ ਮੰਦ ਭਾਵਨਾ ਨਾਲ ਘੜੀ ਗਈ ਹੈ।

ਸਤਿਗੁਰੂ ਜੀ ਨੇ ਜਿਸ ਗੁਰੂ ਗ੍ਰੰਥ ਸਾਹਿਬ ਦੇ ਲੜ ਸਾਨੂੰ ਲਾਇਆ ਹੈ, ਅਸੀਂ ਉਹਨਾਂ ਨੂੰ ਪੜ੍ਹਨ-ਵਿਚਾਰਨ ਦੀ ਜ਼ਰੂਰਤ ਹੀ ਮਹਿਸੂਸ ਨਹੀਂ ਕਰਦੇ ਕਿ ਇਹਨਾਂ ਦਾ ਇਸ ਬਾਰੇ ਕੀ ਫ਼ੁਰਮਾਨ ਹੈ। ਖ਼ਾਲਸਾ ਪੰਥ ਅੰਦਰ ਇਹੋ ਜਿਹੀਆਂ ਮਨਮਤੀ ਸੋਚਾਂ, ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਪਿੱਛੋਂ ਹੀ ਸ਼ੁਰੂ ਹੋਈਆਂ ਅਤੇ ਫਿਰ ਅਮਰ ਵੇਲ ਵਾਂਗ ਤੇਜ਼ੀ ਨਾਲ ਵਧਦਿਆਂ ਹੋਇਆਂ ਇਨ੍ਹਾਂ ਮਨਮਤੀ ਰੁਚੀਆਂ ਨੇ ਪੰਥ ਨੂੰ ਆਪਣੀ ਲਪੇਟ ਵਿਚ ਲੈ ਲਿਆ। ਸਿੱਟੇ ਵਜੋਂ ਜ਼ਿਆਦਾਤਰ ਸਿੱਖ ਨਾਮ ਦੇ ਹੀ ਸਿੱਖ ਰਹਿ ਗਏ ਹਨ। ਇਸ ਅਮਰ ਵੇਲ ਦੀ ਲਪੇਟ ਵਿਚ ਆਉਣ ਮਗਰੋਂ ਵੀ ਭਾਵੇਂ ਸਿੱਖ ਜਗਤ ਨੇ ਗੁਰੂ ਗ੍ਰੰਥ ਸਾਹਿਬ ਨੂੰ ਰਸਮੀ ਤੌਰ 'ਤੇ ਮੱਥਾ ਟੇਕਣਾ ਤਾਂ ਜਾਰੀ ਰੱਖਿਆ ਹੈ, ਪਰ ਅਮਲੀ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਦਰਸਾਈ ਜੀਵਨ-ਜਾਚ ਨੂੰ ਨਾ ਅਪਣਾਅ ਸਕਿਆ। ਸਿੱਟੇ ਵਜੋਂ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਦਿਆਂ ਵੀ ਸਾਡਾ ਵਿਸ਼ਵਾਸ, ਧਾਰਨਾ ਅਤੇ ਸੋਚ ਗੁਰੂ ਸਾਹਿਬ ਦੇ ਅਨੁਕੂਲ ਨਾ ਬਣ ਸਕੀ।

ਕਈ ਸੱਜਣ ਇਹ ਕਹਿੰਦੇ ਹਨ ਕਿ ਇਸ ਵਿਚ ਹਰਜ ਵੀ ਕੀ ਹੈ। ਲੋਕੀਂ ਇਸ ਬਹਾਨੇ ਬਾਣੀ ਪੜ੍ਹ ਲੈਂਦੇ ਹਨ, ਇਸ਼ਨਾਨ ਕਰ ਆਉਂਦੇ ਹਨ ਆਦਿ। ਪਰ ਅਜਿਹਾ ਵਿਚਾਰ ਰੱਖਣ ਵਾਲੇ ਸੱਜਣ ਇਹ ਨਹੀਂ ਸਮਝਦੇ ਕਿ ਗੁਰਬਾਣੀ ਅਗਿਆਨਤਾ ਦਾ ਹਨੇਰਾ ਮਿਟਾਉਣ ਵਾਲੀ ਹੈ, ਜੇਕਰ ਇਸ ਦੀ ਹੀ ਵਰਤੋਂ ਕਰ ਕੇ ਅਸੀਂ ਆਪਣੀ ਅਗਿਆਨਤਾ ਵਿਚ ਹੋਰ ਵਾਧਾ ਕਰ ਲੈਂਦੇ ਹਾਂ ਅਥਵਾ ਆਪਣੀ ਅਗਿਆਨਤਾ ਨੂੰ ਵਧਾਉਂਦੇ ਹਾਂ ਤਾਂ ਗਿਆਨ ਦਾ ਚਾਨਣ ਕਿੱਥੋਂ ਲਵਾਂਗੇ ? ਇਸ ਗੱਲ ਦੀ ਵਿਚਾਰ ਨਹੀਂ ਕਰਦੇ ਕਿ ਜੇਕਰ ਇਹ ਠੀਕ ਹੁੰਦਾ ਤਾਂ ਗੁਰੂ ਸਾਹਿਬ ਨੂੰ ਵਹਿਮਾਂ-ਭਰਮਾਂ ਦੇ ਵਿਰੁੱਧ ਆਵਾਜ਼ ਉਠਾਉਣ ਦੀ ਕੀ ਲੋੜ ਸੀ ? ਧਰਮ ਦੇ ਨਾਮ 'ਤੇ ਜੋ ਅਖਾਉਤੀ ਧਾਰਮਿਕ ਆਗੂਆਂ ਨੇ ਪਾਖੰਡ ਦਾ ਜਾਲ ਪਸਾਰਿਆ ਹੋਇਆ ਸੀ, ਉਸ ਦੀ ਨਿਖੇਧੀ ਕਰ ਕੇ ਆਮ ਲੋਕਾਂ ਨੂੰ ਸੁਚੇਤ ਕਰ ਕੇ ਇਸ ਸ਼੍ਰੇਣੀ ਨੂੰ ਆਪਣਾ ਵਿਰੋਧੀ ਬਣਾਉਣ ਦੀ ਕੀ ਜ਼ਰੂਰਤ ਸੀ ?

'ਦੁੱਖ ਭੰਜਨੀ ਸਾਹਿਬ' ਨਾਮ ਦਾ ਇਕ ਛੋਟਾ ਜਿਹਾ ਕਿਤਾਬਚਾ (ਟਰੈਕਟ) ਛਪਿਆ ਹੋਇਆ ਹੈ। ਇਸ ਵਿਚ ਗੁਰੂ ਗ੍ਰੰਥ ਸਾਹਿਬ ਵਿੱਚੋਂ ਗੁਰੂ ਅਰਜਨ ਸਾਹਿਬ ਦੇ ਚੌਂਤੀ (34) ਸ਼ਬਦ, ਰਾਗ ਗਉੜੀ, ਸੋਰਠਿ ਅਤੇ ਬਿਲਾਵਲ ਵਿੱਚੋਂ ਲੈ ਕੇ ਦਰਜ ਕੀਤੇ ਹੋਏ ਹਨ। ਇਸ ਵਿਚ ਮਹਾਤਮ ਸਿਰਲੇਖ ਹੇਠਾਂ ਕੁਝ ਇਸ ਤਰ੍ਹਾਂ ਲਿਖਿਆ ਹੋਇਆ ਹੈ: "ਕੁਦਰਤੀ ਦਵਾਈ, ਗੁਰੂ ਨਾਨਕ ਦੀ ਬਾਣੀ! ਇਸ ਪੁਸਤਕ ਦਾ ਮਹਾਤਮ ਇਹ ਹੈ ਕਿ ਕੋਈ ਗੁਰਸਿੱਖ, ਕੋਈ ਸਹਿਜਧਾਰੀ ਜਾਂ ਕੋਈ ਸੱਜਣ ਹੋਵੇ, ਗੁਰੂ ਨਾਨਕ 'ਤੇ ਪੂਰਨ ਭਰੋਸਾ ਰੱਖਣ ਵਾਲਾ ਹੋਵੇ, ਪੰਜ ਦਿਨ ਸਵੇਰੇ ਉੱਠ ਕੇ ਪਾਠ ਕਰੇ, ਕੋਈ ਬੀਮਾਰੀ ਹੋਵੇ, ਦੁਖ ਹੋਵੇ, ਆਰਾਮ ਜ਼ਰੂਰ ਆ ਜਾਂਦਾ ਹੈ। ਕਿਸੇ ਨੂੰ ਕੋਈ ਰੋਗ ਹੋਵੇ, ਤਪਦਿਕ ਦਾ ਜਾਂ ਹੋਰ ਕੋਈ ਵੱਡਾ ਰੋਗ ਹੋਵੇ ਜੋ ਹਕੀਮਾਂ ਜਾਂ ਡਾਕਟਰਾਂ ਪਾਸੋਂ ਨਿਰਾਸ਼ ਹੋ ਗਿਆ ਹੋਵੇ, ਸਵੇਰੇ ਇਸ਼ਨਾਨ ਕਰ ਕੇ ਅੰਮ੍ਰਿਤ ਵੇਲੇ ਨਿਤਨੇਮ ਨਾਲ ਪੰਜ ਵਾਰੀ ਰੋਜ਼ ਪਾਠ ਕਰੇ, ਜੇ ਆਪ ਨਾ ਕਰ ਸਕੇ ਤਾਂ ਕਿਸੇ ਸੱਜਣ ਪਾਸੋਂ ਸੁਣ ਲਵੇ। ਗੁਰੂ ਨਾਨਕ ਦੀ ਕਿਰਪਾ ਨਾਲ ਦਾਅਵਾ ਕਰਦਾ ਹਾਂ, ਆਰਾਮ ਆਵੇਗਾ।" ਇਸ ਤਰ੍ਹਾਂ ਦਾ ਦਾਅਵਾ ਕਰਨ ਵਾਲਾ ਸੱਜਣ ਜੇਕਰ ਇਤਿਹਾਸ ਦੇ ਪੰਨਿਆਂ ਨੂੰ ਹੀ ਫਰੋਲ ਕੇ ਦੇਖ ਲੈਂਦਾ ਤਾਂ ਸ਼ਾਇਦ ਅਜਿਹਾ ਦਾਅਵਾ ਕਰਨ ਦਾ ਉਸ ਦਾ ਹੌਸਲਾ ਨਾ ਪੈਂਦਾ; ਚੂੰਕਿ ਗੁਰੂ ਅਰਜਨ ਸਾਹਿਬ ਨੇ ਤਰਨ ਤਾਰਨ ਵਿਖੇ ਕੋਹੜੀ-ਘਰ ਬਣਾਇਆ ਸੀ, ਜਿਥੇ ਅਜਿਹੇ ਰੋਗ ਦੇ ਸ਼ਿਕਾਰ ਰੋਗੀਆਂ ਦੀ ਸੇਵਾ-ਸੰਭਾਲ ਅਤੇ ਇਲਾਜ ਹੁੰਦਾ ਸੀ। ਦੂਜੇ ਗੁਰੂ ਸਾਹਿਬਾਨ ਦੇ ਸਮੇਂ ਵੀ ਸਰੀਰਕ ਰੋਗੀਆਂ ਦੇ ਇਲਾਜ ਲਈ ਢੁੱਕਵੇਂ ਪ੍ਰਬੰਧ ਕੀਤੇ ਹੋਏ ਸਨ।

ਗੁਰਬਾਣੀ ਸਾਨੂੰ ਸਚਿਆਰ ਬਣਨ ਦੀ ਜੁਗਤ ਸਮਝਾਉਣ ਵਾਲੀ ਹੈ, ਇਹ ਸਾਨੂੰ ਆਤਮਿਕ ਜੀਵਨ ਬਖ਼ਸ਼ਸ਼ ਕਰ ਕੇ ਸਾਨੂੰ ਗੁਰਮੁਖ ਬਣਾਉਂਦੀ ਹੈ, ਪਰ ਅਸੀਂ ਇਸ ਤੋਂ ਇਹ ਸੇਧ ਲੈਣ ਦੀ ਬਜਾਏ ਇਹਨਾਂ ਚੱਕਰਾਂ ਵਿਚ ਪੈ ਗਏ ਜਾਂ ਪਾ ਦਿੱਤੇ ਗਏ ਹਾਂ। ਜਿਨ੍ਹਾਂ ਸ਼ਬਦਾਂ ਬਾਰੇ ਇਹੋ ਜਿਹੀਆਂ ਕਿਤਾਬਾਂ ਵਿਚ ਅਜਿਹੇ ਦਾਅਵੇ ਕੀਤੇ ਗਏ ਹਨ, ਜੇਕਰ ਇਨ੍ਹਾਂ ਸ਼ਬਦਾਂ ਨੂੰ ਧਿਆਨ ਨਾਲ ਵਿਚਾਰ ਕੇ ਪੜ੍ਹਿਆ ਜਾਵੇ ਤਾਂ

ਇਨ੍ਹਾਂ ਸ਼ਬਦਾਂ ਵਿਚ ਗੁਰੂ ਸਾਹਿਬਾਨ ਨੇ ਮਨੁੱਖਤਾ ਨੂੰ ਜੋ ਸੁਨੇਹਾ ਦਿੱਤਾ ਹੈ, ਆਪਣੇ ਆਪ ਹੀ ਚੰਗੀ ਤਰ੍ਹਾਂ ਸਪੱਸ਼ਟ ਹੋ ਜਾਵੇਗਾ। ਇਹੋ ਜਿਹੇ ਦਾਅਵੇ ਕਰਨ ਵਾਲੇ ਸੱਜਣ ਆਮ ਤੌਰ 'ਤੇ ਆਪ ਸਿਰ ਦਰਦ ਹੋਣ 'ਤੇ ਵੀ ਡਾਕਟਰ ਨੂੰ ਦਿਖਾਉਣ ਲੱਗਿਆਂ ਕਿਸੇ ਤਰ੍ਹਾਂ ਦੀ ਢਿੱਲ-ਮੱਠ ਨਹੀਂ ਕਰਦੇ।

ਗੁਰੂ ਸਾਹਿਬ ਨੇ ਮਨੁੱਖਤਾ ਨੂੰ ਸੱਚ ਨਾਲ ਜੋੜ ਕੇ ਸਚਿਆਰ ਬਣਾਉਣ ਲਈ ਹਰੇਕ ਤਰ੍ਹਾਂ ਦੇ ਪਾਖੰਡ ਆਦਿ ਤੋਂ ਉਪਰ ਉਠਾਇਆ ਹੈ। ਸਰੀਰਕ ਰੋਗਾਂ ਤੋਂ ਆਪਣਾ ਬਚਾਓ ਕਰਨ ਲਈ ਗੁਰਦੇਵ ਨੇ ਮਨੁੱਖ ਨੂੰ ਯੋਗ ਸਾਧਨ ਅਪਣਾਉਣ ਦੀ ਤਾਕੀਦ ਕੀਤੀ ਹੈ।

ਗੁਰਮਤਿ ਵਿਚ ਦੁਖ ਭੰਜਨ ਕੇਵਲ ਪ੍ਰਭੂ ਦੇ ਨਾਮ ਨੂੰ ਹੀ ਆਖਿਆ ਗਿਆ ਹੈ, ਕਿਸੇ ਦਰੱਖ਼ਤ ਆਦਿ ਨੂੰ ਨਹੀਂ। ਬੀਬੀ ਰਜਨੀ ਵਾਲੀ ਕਲਪਿਤ ਸਾਖੀ ਦੁਆਰਾ ਇਸ ਥਾਂ ਦੀ ਮਹੱਤਤਾ ਨੂੰ ਪ੍ਰਚਾਰਨ ਵਾਲੇ ਸੱਜਣਾਂ ਨੇ ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ ਨੂੰ ਬਿਲਕੁਲ ਹੀ ਨਜ਼ਰ-ਅੰਦਾਜ਼ ਕਰ ਦਿੱਤਾ ਹੈ। ਸਰੋਵਰਾਂ ਦੀ ਉਸਾਰੀ ਦਾ ਮਨੋਰਥ, ਇਨ੍ਹਾਂ ਵਿਚ ਇਸ਼ਨਾਨ ਕਰ ਕੇ ਪਾਪਾਂ ਨੂੰ ਧੋਣ/ਲਾਹੁਣ ਦਾ ਨਹੀਂ, ਬਲਕਿ ਜਲ ਦੀ ਲੋੜ ਨੂੰ ਪੂਰਿਆਂ ਕਰਨ ਦੇ ਨਾਲ ਬਰਾਬਰੀ ਵਾਲੇ ਸਿਧਾਂਤ ਨੂੰ ਅਮਲੀ ਰੂਪ ਵਿਚ ਪ੍ਰਚਾਰਨਾ ਸੀ। ਇਹੋ ਜਿਹੀਆਂ ਗੱਲਾਂ ਗੁਰੂ-ਕਾਲ ਤੋਂ ਬਾਅਦ ਹੀ ਹੋਂਦ ਵਿਚ ਆਈਆਂ ਹਨ, ਜਿਨ੍ਹਾਂ ਦੁਆਰਾ ਸਿੱਖ ਜਗਤ ਨੂੰ ਗੁਰਮਤਿ ਦੀ ਵਿਚਾਰਧਾਰਾ ਤੋਂ ਅਲੱਗ-ਥਲੱਗ ਕਰਨ ਦਾ ਯਤਨ ਕੀਤਾ ਗਿਆ ਹੈ। (1971-72 ਵਿਖੇ ਜਿਥੇ ਮਰਦ ਇਸ਼ਨਾਨ ਕਰਦੇ ਹਨ, ਇਹ ਬੇਰੀ ਸੁੱਕ ਗਈ ਸੀ, ਇਸ ਥਾਂ 'ਤੇ ਦੁਬਾਰਾ ਬੇਰੀ ਦਾ ਬੂਟਾ ਲਗਾਇਆ ਗਿਆ ਸੀ।)

[*ਨੋਟ:* 1972 ਦੇ ਸ਼ੁਰੂ ਵਿਖੇ ਸ੍ਰੀ ਦਰਬਾਰ ਸਾਹਿਬ ਦਰਸ਼ਨ ਕਰਨ ਗਏ ਸਰਦਾਰ ਗੁਰਬਖ਼ਸ਼ ਸਿੰਘ ਕਾਲ਼ਾ ਅਫ਼ਗਾਨਾ ਹੁਰਾਂ ਨੇ ਦਾਸ ਨੂੰ ਦੱਸਿਆ ਸੀ ਕਿ ਜਦ ਉਨ੍ਹਾਂ ਨੇ ਛੋਟਾ ਜਿਹਾ ਬੇਰੀ ਦਾ ਬੂਟਾ ਦੇਖ ਕੇ, ਪਾਸ ਹੀ ਖਲੋਤੇ ਸੇਵਾਦਾਰ ਨੂੰ ਇਸ ਸੰਬੰਧ ਵਿਚ ਪੁੱਛਿਆ ਤਾਂ ਉਸ ਨੇ ਉੱਤਰ ਵਿਚ ਆਖਿਆ ਕਿ ਜੀ, ਇਹ ਕਰਾਮਾਤੀ ਬੇਰੀ ਸੀ, ਜੋ ਸੁੱਕਣ ਤੋਂ ਪਹਿਲਾਂ ਇਸ ਬੱਚੇ ਭਾਵ ਬੇਰੀ ਦੇ ਛੋਟੇ ਬੂਟੇ ਨੂੰ ਜਨਮ ਦੇ ਗਈ ਹੈ। ਹੁਣ ਤਾਂ ਖੇਤੀ-ਵਿਗਿਆਨੀਆਂ ਨੇ ਵੀ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਸਰੋਵਰ ਦੇ ਕੰਢੇ 'ਤੇ ਸਥਿਤ ਬੇਰੀ, ਜਿਸ ਨੂੰ ਬਾਬਾ ਬੁੱਢਾ ਜੀ ਦੀ ਬੇਰੀ ਕਿਹਾ ਜਾਂਦਾ ਹੈ, ਹੀ ਪੁਰਾਤਨ ਬੇਰੀ ਹੈ।]

ਜੇਕਰ ਇਹ ਬੇਰੀ ਦੁੱਖਾਂ ਦਾ ਨਾਸ਼ ਕਰਨ ਵਾਲੀ ਹੈ ਤਾਂ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨਿਮਨ ਲਿਖਤ ਸ਼ਬਦਾਂ ਦਾ ਕੀ ਅਰਥ ਰਹਿ ਜਾਵੇਗਾ?

(ੳ) **ਦੁਖ ਭੰਜਨ ਨਿਧਾਨ ਅਮੋਲੇ॥**
ਨਿਰਭਉ ਨਿਰਵੈਰ ਅਥਾਹ ਅਤੋਲੇ॥
ਅਕਾਲ ਮੂਰਤਿ ਅਜੂਨੀ ਸੰਭੌ ਮਨ ਸਿਮਰਤ ਠੰਢਾ ਥੀਵਾਂ ਜੀਉ॥੨॥

(ਮਾਝ ਮਹਲਾ ੫, ਪੰਨਾ 99)

ਅਰਥ: ਹੇ (ਜੀਵਾਂ ਦੇ) ਦੁਖ ਨਾਸ ਕਰਨ ਵਾਲੇ! ਹੇ ਕੀਮਤੀ ਪਦਾਰਥਾਂ ਦੇ ਖ਼ਜ਼ਾਨੇ! ਹੇ ਨਿਡਰ ਨਿਰਵੈਰ ਅਥਾਹ ਤੇ ਅਤੋਲ ਪ੍ਰਭੂ! ਤੇਰੀ ਹਸਤੀ ਮੌਤ ਤੋਂ ਰਹਿਤ

ਹੈ, ਤੂੰ ਜੂਨਾਂ ਵਿਚ ਨਹੀਂ ਆਉਂਦਾ, ਤੇ ਆਪਣੇ ਆਪ ਤੋਂ ਹੀ ਪ੍ਰਗਟ ਹੁੰਦਾ ਹੈਂ। (ਤੇਰਾ ਨਾਮ) ਮਨ ਵਿਚ ਸਿਮਰ ਸਿਮਰ ਕੇ ਮੈਂ ਸ਼ਾਂਤ ਚਿੱਤ ਹੋ ਜਾਂਦਾ ਹਾਂ।

(ਅ) **ਦੂਖ ਭੰਜਨੁ ਤੇਰਾ ਨਾਮੁ ਜੀ ਦੂਖ ਭੰਜਨੁ ਤੇਰਾ ਨਾਮੁ॥**
ਆਠ ਪਹਰ ਆਰਾਧੀਐ ਪੂਰਨ ਸਤਿਗੁਰ ਗਿਆਨੁ॥੧॥ਰਹਾਉ॥

(ਗਉੜੀ ਮਹਲਾ ੫, ਪੰਨਾ 218)

ਅਰਥ : ਹੇ ਪ੍ਰਭੂ! ਤੇਰਾ ਨਾਮ ਦੁੱਖਾਂ ਦਾ ਨਾਸ ਕਰਨ ਵਾਲਾ ਹੈ, ਤੇਰਾ ਨਾਮ ਦੁੱਖਾਂ ਦਾ ਨਾਸ ਕਰਨ ਵਾਲਾ ਹੈ। (ਹੇ ਭਾਈ!) ਇਹ ਨਾਮ ਅੱਠੇ ਪਹਿਰ ਸਿਮਰਨਾ ਚਾਹੀਦਾ ਹੈ—ਪੂਰੇ ਸਤਿਗੁਰੂ ਦਾ ਇਹੀ ਉਪਦੇਸ਼ ਹੈ, ਜੋ ਪਰਮਾਤਮਾ ਨਾਲ ਡੂੰਘੀ ਸਾਂਝ ਪਾ ਸਕਦਾ ਹੈ।੧।ਰਹਾਉ।

ਗੁਰੂ ਗ੍ਰੰਥ ਸਾਹਿਬ ਵਿਚ ਮਾਨਸਿਕ ਦੁੱਖਾਂ ਤੋਂ ਛੁਟਕਾਰਾ ਪਾਉਣ ਦੀ ਜੁਗਤੀ ਦਰਸਾਉਂਦਿਆਂ ਇਹ ਸਪੱਸ਼ਟ ਕੀਤਾ ਗਿਆ ਹੈ ਕਿ ਪ੍ਰਭੂ ਨਾਮ ਨੂੰ ਸਿਮਰਿਆਂ ਹੀ ਇਨ੍ਹਾਂ ਦੁੱਖਾਂ ਤੋਂ ਛੁਟਕਾਰਾ ਹੋ ਸਕਦਾ ਹੈ; ਕਿਸੇ ਹੋਰ ਵਿਅਕਤੀ ਜਾਂ ਵਸਤੂ ਤੋਂ ਨਹੀਂ। ਪ੍ਰਭੂ ਦਾ ਨਾਮ ਹੀ ਦੁਖ ਭੰਜਨ ਹੈ, ਭਾਵ ਗੁਰਬਾਣੀ ਨੂੰ ਵਿਚਾਰ ਨਾਲ ਪੜ੍ਹ-ਸੁਣ ਕੇ ਇਸ ਵਿਚ ਦਰਸਾਏ ਪ੍ਰਭੂ ਗੁਣਾਂ ਨੂੰ ਆਪਣੇ ਹਿਰਦੇ ਵਿਚ ਵਸਾਉਣ ਨਾਲ ਹੀ ਅਸੀਂ ਆਤਮਿਕ ਮੌਤ ਤੋਂ ਆਪਣਾ ਖਹਿੜਾ ਛੁਡਾ ਕੇ ਜੀਵਨ-ਮੁਕਤ ਹੋ ਕੇ ਮਾਨਸਿਕ ਕਲੇਸ਼ਾਂ ਤੋਂ ਰਹਿਤ ਹੋ ਸਕਦੇ ਹਾਂ।

ਇਸ ਸੰਖੇਪ ਜਿਹੀ ਚਰਚਾ ਪਿੱਛੋਂ ਅਸੀਂ ਕਹਿ ਸਕਦੇ ਹਾਂ ਕਿ ਗੁਰਮਤਿ ਵਿਚ ਦੁਖ ਭੰਜਨ ਕੇਵਲ ਪ੍ਰਭੂ ਦੇ ਨਾਮ ਨੂੰ ਹੀ ਆਖਿਆ ਗਿਆ ਹੈ। ਇਸ ਨਾਮ ਨੂੰ ਹਿਰਦੇ ਵਿਚ ਵਸਾ ਕੇ ਹੀ ਅਸੀਂ ਆਤਮਿਕ ਕਲੇਸ਼ ਤੋਂ ਆਪਣਾ ਬਚਾ ਕਰ ਸਕਦੇ ਹਾਂ। ਅਜਿਹਾ ਕਰਨ ਦੀ ਬਜਾਏ ਕੇਵਲ ਕੁਝ ਸ਼ਬਦਾਂ ਦੇ, ਕਿਸੇ ਖ਼ਾਸ ਵਿਧੀ ਨਾਲ, ਗਿਣਤੀ ਦੇ ਪਾਠ, ਬੇਰੀ ਜਾਂ ਕੋਈ ਸਥਾਨ ਦੁਖ ਭੰਜਨ ਨਹੀਂ ਹੈ। ਸਾਡੀ ਗੁਰਮਤਿ ਪ੍ਰਤੀ ਅਣਗਹਿਲੀ ਦਾ ਹੀ ਇਹ ਸਿੱਟਾ ਹੈ ਕਿ ਅਸੀਂ ਇਕ ਅਕਾਲ ਪੁਰਖ ਦਾ ਲੜ ਫੜਨ ਦੀ ਬਜਾਇ ਬਹੁ-ਪੂਜਾ ਦਾ ਸ਼ਿਕਾਰ ਹੋ ਕੇ ਗੁਰਬਾਣੀ ਦੇ ਸਿਧਾਂਤਾਂ ਦਾ ਮੂੰਹ ਚਿੜਾ ਰਹੇ ਹੁੰਦੇ ਹਾਂ। ਸਾਨੂੰ ਮੜ੍ਹੀਆਂ-ਮਸਾਣਾਂ, ਦਰੱਖ਼ਤਾਂ, ਆਦਿ ਨੂੰ ਮੱਥਾ ਟੇਕਦਿਆਂ ਦੇਖ ਕੇ ਅਨਮਤਾਂ ਵਾਲੇ ਇਹ ਸਮਝ ਲੈਂਦੇ ਹਨ ਕਿ ਸ਼ਾਇਦ ਇਹ ਕੁਝ ਵੀ ਸਿੱਖ ਜੀਵਨ-ਜਾਚ ਦਾ ਅੰਗ ਹੈ ਅਤੇ ਇਨ੍ਹਾਂ ਦੀ ਪੂਜਾ ਆਦਿ ਸਿੱਖੀ 'ਚ ਜਾਇਜ਼ ਹੈ। ਸਾਨੂੰ ਗੁਰੂ ਸਾਹਿਬ ਦੇ ਇਨ੍ਹਾਂ ਬਚਨਾਂ 'ਤੇ ਭਰੋਸਾ ਹੋਣਾ ਚਾਹੀਦਾ ਹੈ :

ਸਤਿਗੁਰ ਕੀ ਬਾਨੀ ਸਤਿ ਸਤਿ ਕਰਿ ਮਾਨਹੁ ਇਉ ਆਤਮ ਰਾਮੈ ਲੀਨਾ ਹੇ॥

(ਮਾਰੂ ਮਹਲਾ ੧, ਪੰਨਾ 1028)

ਅਰਥ : ਹੇ ਭਾਈ! ਸਤਿਗੁਰੂ ਦੀ ਬਾਣੀ ਵਿਚ ਪੂਰਨ ਸ਼ਰਧਾ ਬਣਾਵੋ। ਇਸ ਤਰ੍ਹਾਂ (ਭਾਵ, ਗੁਰੂ ਦੀ ਬਾਣੀ ਵਿਚ ਸ਼ਰਧਾ ਬਣਾਇਆਂ) ਸਰਬ-ਵਿਆਪਕ ਪਰਮਾਤਮਾ ਵਿਚ ਲੀਨ ਹੋ ਜਾਈਦਾ ਹੈ (ਤੇ ਵਿਕਾਰਾਂ ਵੱਲ ਦੀ ਭਟਕਣਾ ਮੁੱਕ ਜਾਂਦੀ ਹੈ)।

ਫੁਲ ਹਰਿ ਸਰਿ ਪਾਵਏ

ਰਾਮਕਲੀ ਰਾਗ ਵਿਚ ਸੁੰਦਰ ਜੀ ਦੀ ਉਚਾਰਨ ਕੀਤੀ ਰਚਨਾ 'ਸਦੁ' ਵਿਚਲੀਆਂ ਇਹਨਾਂ ਪੰਗਤੀਆਂ ਬਾਰੇ ਆਮ ਤੌਰ 'ਤੇ ਇਹ ਆਖਿਆ ਜਾਂਦਾ ਹੈ ਕਿ ਇਹਨਾਂ ਵਿਚ ਗੁਰੂ ਅਮਰਦਾਸ ਜੀ ਨੇ ਆਪਣੇ ਫੁੱਲ (ਅਸਥ) ਹਰਿਦੁਆਰ ਪਾਉਣ ਦੀ ਆਗਿਆ ਕੀਤੀ ਹੈ। ਇਸ ਕਥਨ ਵਿਚ ਕਿੰਨੀ ਕੁ ਸਚਾਈ ਹੈ ? ਇਸ ਨੂੰ ਗੁਰਬਾਣੀ ਦੀ ਰੌਸ਼ਨੀ ਵਿਚ ਹੀ ਦੇਖਣ ਦਾ ਯਤਨ ਕਰਦੇ ਹਾਂ।

ਇਸ ਪੰਗਤੀ ਦਾ ਭਾਵਾਰਥ ਸਮਝਣ ਤੋਂ ਪਹਿਲਾਂ ਸੰਖੇਪ ਵਿਚ ਇਹ ਦੇਖਣਾ/ਸਮਝਣਾ ਅਪ੍ਰਸੰਗਕ ਨਹੀਂ ਹੋਵੇਗਾ ਕਿ ਅਕਾਲ ਚਲਾਣਾ ਕਰ ਚੁੱਕੇ ਪ੍ਰਾਣੀ ਦੇ ਪਿੱਛੇ ਪਿੰਡ, ਫੁੱਲ ਅਤੇ ਦੀਵਾ ਆਦਿ ਕਿਰਿਆਵਾਂ ਕਿਉਂ ਕੀਤੀਆਂ ਜਾਂਦੀਆਂ ਹਨ।

'ਪਿੰਡ' ਦਾ ਅਰਥ ਹੈ ਪਿੱਤਰਾਂ ਨਮਿਤ ਜੌਂ ਦੇ ਆਟੇ, ਚੌਲਾਂ ਆਦਿ ਦਾ ਬਣਾਇਆ ਹੋਇਆ ਗੋਲਾਕਾਰ ਪਿੰਨਾ। ਪਿੰਡ ਦਾਨ ਕਰਨ ਲਈ ਇਹਨਾਂ ਨੂੰ ਪੱਤਲ (ਪੱਤਿਆਂ ਦੀ ਥਾਲੀ) ਉੱਤੇ ਰੱਖ ਕੇ ਮਣਸਣਾ (ਦਾਨ ਦਾ ਸੰਕਲਪ ਕਰਨਾ)। ਮੋਏ ਹੋਏ ਪ੍ਰਾਣੀ ਨਮਿੱਤ ਪਿੰਡ ਦਾਨ ਕਰਨ ਦਾ ਮਨੋਰਥ ਉਸ ਨੂੰ ਖ਼ੁਰਾਕ ਪਹੁੰਚਾਉਣਾ ਹੈ। ਦੀਵਾ ਜਗਾਉਣ ਦਾ ਮਨੋਰਥ ਅਕਾਲ ਚਲਾਣਾ ਕਰ ਚੁੱਕੇ ਵਿਅਕਤੀ ਦੀ ਆਤਮਾ ਨੂੰ ਯਮਲੋਕ ਵਿਚ ਚਾਨਣ ਕਰਨਾ ਹੈ। ਸਸਕਾਰ ਮਗਰੋਂ ਪ੍ਰਾਣੀ ਦੀਆਂ ਬੱਚ ਰਹੀਆਂ ਅਸਥੀਆਂ (ਫੁੱਲ) ਨੂੰ ਹਰਿਦੁਆਰ ਵਿਖੇ ਗੰਗਾ ਨਦੀ ਵਿਚ ਇਸ ਵਿਸ਼ਵਾਸ ਨਾਲ ਪ੍ਰਵਾਹਿਆ ਜਾਂਦਾ ਹੈ ਕਿ ਇਸ ਤਰ੍ਹਾਂ ਨਾਲ ਮੋਏ ਹੋਏ ਪ੍ਰਾਣੀ ਦੀ ਗਤੀ (ਮਰਨ ਮੁਕਤੀ) ਹੋਵੇਗੀ। ਸੰਖੇਪ ਵਿਚ ਇਹ ਸਮਝਣ ਪਿੱਛੋਂ ਹੁਣ ਅਸੀਂ ਗੁਰੂ ਗ੍ਰੰਥ ਸਾਹਿਬ ਵਿੱਚੋਂ ਇਹ ਸਮਝਣ ਦਾ ਯਤਨ ਕਰਦੇ ਹਾਂ ਕਿ ਸਤਿਗੁਰੂ ਜੀ ਨੇ ਇਸ ਸੰਬੰਧ ਵਿਚ ਕੀ ਆਖਿਆ ਹੈ ? ਸਤਿਗੁਰੂ ਜੀ ਦੀਵਾ-ਵੱਟੀ, ਪਿੰਡ ਭਰਾਣੇ, ਕਿਰਿਆ ਕਰਾਣੀ, ਅਤੇ ਫੁੱਲ ਹਰਿਦੁਆਰ ਲੈ ਜਾਣ ਬਾਰੇ ਸਪੱਸ਼ਟ ਸ਼ਬਦਾਂ ਵਿਚ ਆਪਣਾ ਮਤ ਪ੍ਰਗਟ ਕਰਦੇ ਹੋਏ ਫ਼ੁਰਮਾਉਂਦੇ ਹਨ :

ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ ॥
ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ ॥੧॥
ਲੋਕਾ ਮਤ ਕੋ ਫਕੜਿ ਪਾਇ ॥
ਲਖ ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ ॥੧॥ਰਹਾਉ॥
ਪਿੰਡੁ ਪਤਲਿ ਮੇਰੀ ਕੇਸਉ ਕਿਰਿਆ ਸਚੁ ਨਾਮੁ ਕਰਤਾਰੁ ॥
ਐਥੈ ਓਥੈ ਆਗੈ ਪਾਛੈ ਏਹੁ ਮੇਰਾ ਆਧਾਰੁ ॥੨॥

ਗੰਗ ਬਨਾਰਸਿ ਸਿਫਤਿ ਤੁਮਾਰੀ ਨਾਵੈ ਆਤਮ ਰਾਉ ॥
ਸਚਾ ਨਾਵਣੁ ਤਾਂ ਥੀਐ ਜਾਂ ਅਹਿਨਿਸਿ ਲਾਗੈ ਭਾਉ ॥੩॥
ਇਕ ਲੋਕੀ ਹੋਰੁ ਛਮਿਛਰੀ ਬ੍ਰਾਹਮਣੁ ਵਟਿ ਪਿੰਡੁ ਖਾਇ ॥
ਨਾਨਕ ਪਿੰਡੁ ਬਖਸੀਸ ਕਾ ਕਬਹੂੰ ਨਿਖੂਟਸਿ ਨਾਹਿ ॥੪॥

(ਆਸਾ ਮਹਲਾ ੧, ਪੰਨਾ 358)

ਅਰਥ : ਮੇਰੇ ਵਾਸਤੇ ਪਰਮਾਤਮਾ ਦਾ ਨਾਮ ਹੀ ਦੀਵਾ ਹੈ (ਜੋ ਮੇਰੀ ਜ਼ਿੰਦਗੀ ਦੇ ਰਸਤੇ ਵਿਚ ਆਤਮਿਕ ਰੌਸ਼ਨੀ ਕਰਦਾ ਹੈ) ਉਸ ਦੀਵੇ ਵਿਚ ਮੈਂ (ਦੁਨੀਆਂ ਵਿਚ ਵਿਆਪਣ ਵਾਲਾ) ਦੁਖ (-ਰੂਪ) ਤੇਲ ਪਾਇਆ ਹੋਇਆ ਹੈ। ਉਸ (ਆਤਮਿਕ) ਚਾਨਣ ਨਾਲ ਉਹ ਦੁਖ-ਰੂਪ ਤੇਲ ਸੜਦਾ ਜਾਂਦਾ ਹੈ, ਤੇ ਜਮ ਨਾਲ ਮੇਰਾ ਵਾਹ ਭੀ ਮੁੱਕ ਜਾਂਦਾ ਹੈ।੧।

ਹੇ ਲੋਕੋ ! ਮੇਰੀ ਗੱਲ ਉੱਤੇ ਮਖ਼ੌਲ ਨਾ ਉਡਾਓ। ਲੱਖਾਂ ਮਣਾਂ ਲੱਕੜ ਦੇ ਢੇਰ ਇਕੱਠੇ ਕਰ ਕੇ (ਜੇ) ਇਕ ਰਤੀ ਜਿਤਨੀ ਅੱਗ ਲਾ ਦੇਖੀਏ (ਤਾਂ ਉਹ ਸਾਰੇ ਢੇਰ ਸੁਆਹ ਹੋ ਜਾਂਦੇ ਹਨ। ਤਿਵੇਂ ਜਨਮਾਂ-ਜਨਮਾਂਤਰਾਂ ਦੇ ਪਾਪਾਂ ਨੂੰ ਇਕ ਨਾਮ ਮੁਕਾ ਦੇਂਦਾ ਹੈ)।੧।ਰਹਾਉ।

ਪੱਤਲਾਂ ਉੱਤੇ ਪਿੰਡ ਭਰਾਣੇ (ਮਣਸਾਣੇ) ਮੇਰੇ ਵਾਸਤੇ ਪਰਮਾਤਮਾ (ਦਾ ਨਾਮ) ਹੀ ਹੈ, ਮੇਰੇ ਵਾਸਤੇ ਕਿਰਿਆ ਭੀ ਕਰਤਾਰ (ਦਾ) ਸੱਚਾ ਨਾਮ ਹੀ ਹੈ। ਇਹ ਨਾਮ ਇਸ ਲੋਕ ਵਿਚ ਪਰਲੋਕ ਵਿਚ ਹਰ ਥਾਂ ਮੇਰੀ ਜ਼ਿੰਦਗੀ ਦਾ ਆਸਰਾ ਹੈ।੨।

(ਹੇ ਪ੍ਰਭੂ !) ਤੇਰੀ ਸਿਫ਼ਤਿ-ਸਾਲਾਹ ਹੀ ਮੇਰੇ ਵਾਸਤੇ ਗੰਗਾ ਤੇ ਕਾਂਸ਼ੀ (ਆਦਿਕ ਤੀਰਥਾਂ ਦਾ ਇਸ਼ਨਾਨ ਹੈ, ਤੇਰੀ ਸਿਫ਼ਤਿ-ਸਾਲਾਹ ਵਿਚ ਹੀ ਮੇਰਾ ਆਤਮਾ ਇਸ਼ਨਾਨ ਕਰਦਾ ਹੈ। ਸੱਚਾ ਇਸ਼ਨਾਨ ਹੈ ਹੀ ਤਦੋਂ, ਜਦੋਂ ਦਿਨ ਰਾਤ ਪ੍ਰਭੂ-ਚਰਨਾਂ ਵਿਚ ਪ੍ਰੇਮ ਬਣਿਆ ਰਹੇ।੩।

ਬ੍ਰਾਹਮਣ (ਜਵਾਂ ਜਾਂ ਚੌਲਾਂ ਦੇ ਆਟੇ ਦਾ) ਪਿੰਨ (ਪੇੜਾ) ਵੱਟ ਕੇ ਇਕ ਪਿੰਨ ਦੇਵਤਿਆਂ ਨੂੰ ਭੇਟਾ ਕਰਦਾ ਹੈ ਤੇ ਦੂਜਾ ਪਿੰਨ ਪਿੱਤਰਾਂ ਨੂੰ, (ਪਿੰਨ ਵੱਟਣ ਤੋਂ ਪਿੱਛੋਂ) ਉਹ ਆਪ (ਖੀਰ-ਪੂਰੀ ਆਦਿਕ ਜਜਮਾਨਾਂ ਦੇ ਘਰੋਂ) ਖਾਂਦਾ ਹੈ। (ਪਰ) ਹੇ ਨਾਨਕ ! (ਬ੍ਰਾਹਮਣ ਦੀ ਰਾਹੀਂ ਦਿੱਤਾ ਹੋਇਆ ਇਹ ਪਿੰਨ ਕਦ ਤਕ ਟਿਕਿਆ ਰਹਿ ਸਕਦਾ ਹੈ ? ਹਾਂ) ਪਰਮਾਤਮਾ ਦੀ ਮੇਹਰ ਦਾ ਪਿੰਨ ਕਦੇ ਮੁੱਕਦਾ ਹੀ ਨਹੀਂ।੪।

ਇਹ ਗੁਰੂ ਨਾਨਕ ਸਾਹਿਬ ਜੀ ਦਾ ਫ਼ੁਰਮਾਉਣਾ ਹੈ। ਗੁਰੂ ਅਮਰਦਾਸ ਜੀ ਗੁਰੂ ਨਾਨਕ ਜੋਤਿ ਦੇ ਹੀ ਤੀਜੇ ਪ੍ਰਕਾਸ਼ ਸਨ। ਕੀ ਗੁਰੂ ਅਮਰਦਾਸ ਜੀ ਗੁਰੂ ਨਾਨਕ ਸਾਹਿਬ ਦੇ ਇਹਨਾਂ ਬਚਨਾਂ ਤੋਂ ਅਣਜਾਣ ਸਨ ? ਨਹੀਂ, ਹਰਗਿਜ਼ ਨਹੀਂ। ਸਤਿਗੁਰੂ ਜੀ ਤਾਂ ਗੁਰੂ ਨਾਨਕ ਮਹਾਰਾਜ ਦੀ ਵਿਚਾਰਧਾਰਾ ਨੂੰ ਹੀ ਪ੍ਰਚਾਰਨ ਵਾਲੇ ਸਨ। ਇਹਨਾਂ ਪੰਗਤੀਆਂ ਦੇ ਅਜਿਹੇ ਅਰਥ ਕਰਨ ਵਾਲੇ ਸੱਜਣਾਂ ਨੇ ਕਿਸ ਗੱਲ ਨੂੰ ਆਧਾਰ ਬਣਾ ਕੇ ਇਹ ਲਿਖਿਆ ਜਾਂ ਆਖਣ ਦਾ ਹੀਆ ਕੀਤਾ ਹੈ, ਇਸ ਦਾ ਠੀਕ ਉੱਤਰ ਤਾਂ ਅਜਿਹਾ ਪ੍ਰਚਾਰਨ ਵਾਲੇ ਸੱਜਣ ਹੀ ਦੇ ਸਕਦੇ ਹਨ। ਅਸੀਂ ਤਾਂ ਇਥੇ ਕੇਵਲ ਇਸ ਗੱਲ ਵੱਲ ਹੀ ਸੰਕੇਤ ਕਰਨਾ ਚਾਹੁੰਦੇ ਹਾਂ ਕਿ ਜੇਕਰ ਸਿੱਖ ਗੁਰੂ ਗ੍ਰੰਥ ਸਾਹਿਬ ਉੱਤੇ

ਹੀ ਵਿਸ਼ਵਾਸ ਕਰ ਕੇ ਗੁਰਬਾਣੀ ਨੂੰ ਪੜ੍ਹਨ ਸੁਣਨਗੇ ਤਾਂ ਕੋਈ ਵੀ ਵਿਅਕਤੀ ਗੁਰੂ ਸਾਹਿਬਾਨ ਦੇ ਉਪਦੇਸ਼ਾਂ ਨੂੰ ਗ਼ਲਤ ਢੰਗ ਨਾਲ ਪ੍ਰਚਾਰਨ ਵਿਚ ਕਾਮਯਾਬ ਨਹੀਂ ਹੋ ਸਕੇਗਾ। (ਕਾਸ਼! ਅਸੀਂ ਅਜਿਹਾ ਕਰ ਲੈਂਦੇ ਤਾਂ ਅੱਜ ਸਾਡੇ ਵਿਚ ਕਰਮ-ਕਾਂਡਾਂ ਦੀ ਭਰਮਾਰ ਨਾ ਹੁੰਦੀ। ਪਰ ਅਜੇ ਵੀ ਡੁੱਲੇ ਬੇਰਾਂ ਦਾ ਕੁਝ ਨਹੀਂ ਵਿਗੜਿਆ। ਜੇਕਰ ਅਜੇ ਵੀ ਅਸੀਂ ਸੁਚੇਤ ਹੋ ਕੇ ਗੁਰੂ ਗ੍ਰੰਥ ਸਾਹਿਬ ਦਾ ਲੜ ਪਕੜ ਲਈਏ ਤਾਂ ਨਿਆਰੀ ਰਹਿਤ ਦੇ ਧਾਰਨੀ ਬਣ ਸੱਚ-ਮੁੱਚ ਗੁਰੂ ਜੀ ਦੇ ਬਖ਼ਸ਼ਸ਼ ਕੀਤੇ ਤੇਜ ਪ੍ਰਤਾਪ ਦੇ ਮਾਲਕ ਬਣ ਸਕਦੇ ਹਾਂ।)

ਜਿਥੋਂ ਤਕ ਅਕਾਲ ਚਲਾਣਾ ਕਰ ਚੁੱਕੇ ਪ੍ਰਾਣੀ ਨੂੰ ਇਸ ਤਰ੍ਹਾਂ ਦੇ ਕਰਮ ਰਾਹੀਂ ਭੋਜਨ ਆਦਿ ਪਹੁੰਚਾਉਣ ਦਾ ਸਵਾਲ ਹੈ, ਇਸ ਬਾਰੇ ਸਤਿਗੁਰੂ ਜੀ ਫ਼ੁਰਮਾਉਂਦੇ ਹਨ:

ਆਇਆ ਗਇਆ ਮੁਇਆ ਨਾਉ ॥
ਪਿਛੈ ਪਤਲਿ ਸਦਿਹੁ ਕਾਵ ॥
ਨਾਨਕ ਮਨਮੁਖਿ ਅੰਧੁ ਪਿਆਰੁ ॥
ਬਾਝੁ ਗੁਰੂ ਡੁਬਾ ਸੰਸਾਰੁ ॥ *(ਵਾਰ ਮਾਝ ਮ: ੧, ਪੰਨਾ 138)*

ਅਰਥ : ਜੀਵ ਜਗਤ ਵਿਚ ਆਇਆ ਤੇ ਤੁਰ ਗਿਆ, (ਜਗਤ ਵਿਚ ਉਸ ਦਾ) ਨਾਮ ਭੀ ਭੁੱਲ ਗਿਆ, (ਉਸ ਦੇ ਮਰਨ ਪਿੱਛੋਂ) ਪੱਤਰਾਂ ਉੱਤੇ (ਪਿੰਡ ਭਰਾ ਕੇ) ਕਾਂਵਾਂ ਨੂੰ ਹੀ ਸੱਦੀਦਾ ਹੈ (ਉਸ ਜੀਵ ਨੂੰ ਕੁਝ ਨਹੀਂ ਅੱਪੜਦਾ)।

ਹੇ ਨਾਨਕ! ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ ਦਾ (ਜਗਤ ਨਾਲ) ਪਿਆਰ ਅੰਨ੍ਹਿਆਂ ਵਾਲਾ ਪਿਆਰ ਹੈ, ਗੁਰੂ (ਦੀ ਸ਼ਰਣ ਆਉਣ) ਤੋਂ ਬਿਨਾਂ ਜਗਤ (ਇਸ 'ਅੰਧ ਪਿਆਰ' ਵਿਚ) ਡੁੱਬ ਰਿਹਾ ਹੈ।੨।

ਪਿੰਡ ਦਾਨ ਕਰਨ ਅਤੇ ਫੁੱਲ ਪ੍ਰਵਾਹ ਕਰਨ ਦੇ ਮਨੋਰਥ ਬਾਰੇ ਸੰਖੇਪ 'ਚ ਚਰਚਾ ਕਰਨ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਇਸ ਸੰਬੰਧੀ ਗੁਰੂ ਸਾਹਿਬਾਨ ਦੇ ਦ੍ਰਿਸ਼ਟੀਕੋਣ ਨੂੰ ਦੇਖਣ ਪਿੱਛੋਂ ਹੁਣ ਅਸੀਂ ਇਹਨਾਂ (ਪਿੰਡੁ ਪਤਲਿ ਕਿਰਿਆ ਦੀਵਾ ਫੂਲ ਹਰਿ ਸਰਿ ਪਾਵਏ॥) ਪੰਗਤੀਆਂ ਦੇ ਭਾਵਾਰਥ ਵੱਲ ਆਉਂਦੇ ਹਾਂ। ਇਸ ਪੰਗਤੀ ਤੋਂ ਪਹਿਲੀਆਂ ਪੰਗਤੀਆਂ ਇਸ ਤਰ੍ਹਾਂ ਹਨ:

ਅੰਤੇ ਸਤਿਗੁਰੁ ਬੋਲਿਆ ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ ॥
ਕੇਸੋ ਗੋਪਾਲ ਪੰਡਿਤ ਸਦਿਅਹੁ ਹਰਿ ਹਰਿ ਕਥਾ ਪੜਹਿ ਪੁਰਾਣੁ ਜੀਉ ॥
ਹਰਿ ਕਥਾ ਪੜੀਐ ਹਰਿ ਨਾਮੁ ਸੁਣੀਐ ਬੇਬਾਣੁ ਹਰਿ ਰੰਗੁ ਗੁਰ ਭਾਵਏ ॥
ਪਿੰਡੁ ਪਤਲਿ ਕਿਰਿਆ ਦੀਵਾ ਫੁਲ ਹਰਿ ਸਰਿ ਪਾਵਏ ॥

(ਰਾਮਕਲੀ ਸਦੁ, ਪੰਨਾ 923)

ਅਰਥ : ਜੋਤੀ ਜੋਤਿ ਸਮਾਉਣ ਵੇਲੇ ਗੁਰੂ ਅਮਰਦਾਸ ਜੀ ਨੇ ਆਖਿਆ—(ਹੇ ਭਾਈ!) 'ਮੇਰੇ ਪਿੱਛੋਂ ਨਿਰੋਲ ਕੀਰਤਨ ਕਰਿਓ, ਕੇਸੋ ਗੋਪਾਲ (ਅਕਾਲ ਪੁਰਖ) ਦੇ ਪੰਡਿਤਾਂ ਨੂੰ ਸੱਦ ਘੱਲਿਓ, ਜੋ (ਆ ਕੇ) ਅਕਾਲ ਪੁਰਖ ਦੀ ਕਥਾ ਵਾਰਤਾ-ਰੂਪ ਪੁਰਾਣ ਪੜ੍ਹਨ। (ਚੇਤਾ ਰੱਖਿਓ, ਮੇਰੇ ਪਿੱਛੋਂ) ਅਕਾਲ ਪੁਰਖ ਦੀ ਕਥਾ (ਹੀ) ਪੜ੍ਹਨੀ ਚਾਹੀਦੀ ਹੈ, ਅਕਾਲ ਪੁਰਖ ਦਾ ਨਾਮ ਹੀ ਸੁਣਨਾ ਚਾਹੀਦਾ ਹੈ, ਬੇਬਾਣ ਭੀ ਗੁਰੂ ਨੂੰ (ਕੇਵਲ)

ਅਕਾਲ ਪੁਰਖ ਦਾ ਪਿਆਰ ਹੀ ਚੰਗਾ ਲੱਗਦਾ ਹੈ। ਗੁਰੂ (ਤਾਂ) ਪਿੰਡ ਪਤਲਿ, ਕਿਰਿਆ, ਦੀਵਾ ਅਤੇ ਫੁੱਲ—ਇਹਨਾਂ ਸਭਨਾਂ ਨੂੰ ਸਤਸੰਗ ਤੋਂ ਸਦਕੇ ਕਰਦੇ ਹੈ' ਅਕਾਲ ਪੁਰਖ ਨੂੰ ਪਿਆਰੇ ਲੱਗੇ ਹੋਏ ਗੁਰੂ ਨੇ (ਉਸ ਵੇਲੇ) ਇਉਂ ਆਖਿਆ।

ਗੁਰੂ ਗ੍ਰੰਥ ਸਾਹਿਬ ਵਿਚ ਇਹ (ਹਰਿ ਸਰਿ) ਸ਼ਬਦ ਇਸ ਰੂਪ ਵਿਚ ਅੱਠ ਵਾਰੀ ਆਇਆ ਹੈ; ਪਰ ਕਿਧਰੇ ਵੀ ਇਹ ਸ਼ਬਦ ਹਰਿਦੁਆਰ ਦੇ ਅਰਥਾਂ ਵਿਚ ਨਹੀਂ ਆਇਆ ਹੈ। ਇਹ ਸ਼ਬਦ 'ਪ੍ਰਭੂ/ਨਾਮ ਦੇ ਸਰੋਵਰ ਵਿਚ' ਦੇ ਅਰਥਾਂ ਵਿਚ ਹੀ ਵਰਤਿਆ ਗਿਆ ਹੈ। ਉਦਾਹਰਣ ਵਜੋਂ ਨਿਮਨ ਲਿਖਤ ਪੰਗਤੀਆਂ ਨੂੰ ਦੇਖਿਆ ਜਾ ਸਕਦਾ ਹੈ:

ਨਿਰਮਲ ਹੰਸਾ ਪ੍ਰੇਮ ਪਿਆਰਿ॥
ਹਰਿ ਸਰਿ ਵਸੈ ਹਉਮੈ ਮਾਰਿ॥
ਅਹਿਨਿਸਿ ਪ੍ਰੀਤਿ ਸਬਦਿ ਸਾਚੈ ਹਰਿ ਸਰਿ ਵਾਸਾ ਪਾਵਣਿਆ॥

(ਮਾਝ ਮ: ੩, ਪੰਨਾ 128)

ਅਰਥ : ਉਹ ਮਨੁੱਖ, ਮਾਨੋ, ਸਾਫ਼ ਸੁਥਰਾ ਹੰਸ ਹੈ, ਜੇਹੜਾ ਪ੍ਰਭੂ ਦੇ ਪ੍ਰੇਮ-ਪਿਆਰ ਵਿਚ (ਟਿਕਿਆ ਰਹਿੰਦਾ) ਹੈ। ਉਹ (ਆਪਣੇ ਅੰਦਰੋਂ) ਹਉਮੈ ਦੂਰ ਕਰ ਕੇ ਪਰਮਾਤਮਾ-ਸਰੋਵਰ ਵਿਚ ਵਸੇਬਾ ਰੱਖਦਾ ਹੈ। ਗੁਰੂ ਦੇ ਸ਼ਬਦ ਦੀ ਰਾਹੀਂ ਉਹ ਦਿਨ ਰਾਤ ਸਦਾ-ਥਿਰ ਪਰਮਾਤਮਾ ਵਿਚ ਪ੍ਰੀਤਿ ਪਾਂਦਾ ਹੈ, ਤੇ ਇਸ ਤਰ੍ਹਾਂ ਪਰਮਾਤਮਾ ਸਰੋਵਰ ਵਿਚ ਨਿਵਾਸ ਹਾਸਲ ਕਰੀ ਰੱਖਦਾ ਹੈ।

ਹਉਮੈ ਮੈਲੁ ਸਭ ਉਤਰੀ ਮੇਰੀ ਜਿੰਦੁੜੀਏ ਹਰਿ ਅੰਮ੍ਰਿਤਿ ਹਰਿ ਸਰਿ ਨਾਤੇ ਰਾਮ॥

(ਬਿਹਾਗੜਾ ਮ: ੪, ਪੰਨਾ 539)

ਅਰਥ : ਹੇ ਮੇਰੀ ਸੋਹਣੀ ਜਿੰਦੇ! ਜਿਨ੍ਹਾਂ ਮਨੁੱਖਾਂ ਨੇ ਆਤਮਿਕ ਜੀਵਨ ਦੇਣ ਵਾਲੇ ਹਰਿ-ਨਾਮ ਜਲ ਵਿਚ, ਹਰਿ-ਨਾਮ ਸਰੋਵਰ ਵਿਚ ਇਸ਼ਨਾਨ ਕੀਤਾ, ਉਹਨਾਂ ਦੀ ਹਉਮੈ ਦੀ ਸਾਰੀ ਮੈਲ ਲਹਿ ਗਈ।

ਜਿਨਿ ਹਰਿ ਰਸੁ ਚਾਖਿਆ ਸਬਦਿ ਸੁਭਾਖਿਆ ਹਰਿ ਸਰਿ ਰਹੀ ਭਰਪੂਰੇ॥

(ਵਡਹੰਸੁ ਮ: ੩, ਪੰਨਾ 568)

ਅਰਥ : ਹੇ ਜਿੰਦੇ! ਜਿਸ ਜੀਵ-ਇਸਤ੍ਰੀ ਨੇ ਹਰਿ-ਨਾਮ ਦਾ ਸੁਆਦ ਚੱਖ ਲਿਆ ਹੈ, ਜਿਸ ਨੇ ਗੁਰੂ ਦੇ ਸ਼ਬਦ ਦੀ ਰਾਹੀਂ ਉਸ ਪ੍ਰਭੂ ਦੀ ਸਿਫ਼ਤਿ-ਸਾਲਾਹ ਕਰਨੀ ਸ਼ੁਰੂ ਕਰ ਦਿੱਤੀ, ਉਹ ਉਸ ਸਰੋਵਰ-ਪ੍ਰਭੂ ਵਿਚ ਹਰ ਵੇਲੇ ਚੁੱਭੀ ਲਾਈ ਰੱਖਦੀ ਹੈ।

ਹਰਿ ਸਰਿ ਤੀਰਥਿ ਜਾਣਿ ਮਨੂਆ ਨਾਇਆ॥ (ਵਾਰ ਮਲਾਰ ਮ: ੧, ਪੰਨਾ 1286)

ਅਰਥ : ਮਨ ਆਤਮਿਕ ਜੀਵਨ ਦੀ ਸੂਝ ਹਾਸਲ ਕਰ ਕੇ ਪ੍ਰਭੂ-ਰੂਪ ਸਰੋਵਰ ਵਿਚ ਪ੍ਰਭੂ-ਰੂਪ ਤੀਰਥ ਉੱਤੇ ਇਸ਼ਨਾਨ ਕਰਦਾ ਹੈ।

ਇਸ ਪੰਗਤੀ ਵਿਚ ਹੀ ਨਹੀਂ, ਬਲਕਿ ਗੁਰੂ ਗ੍ਰੰਥ ਸਾਹਿਬ ਵਿਚ ਕਿਧਰੇ ਵੀ ਇਹ ਨਹੀਂ ਆਖਿਆ ਗਿਆ ਕਿ ਪ੍ਰਾਣੀ ਦੀ ਇਹੋ ਜਿਹੇ ਕਿਸੇ ਕਰਮ ਨਾਲ ਸਦ-ਗਤੀ ਦਾ ਕੋਈ ਸੰਬੰਧ ਹੈ। ਸੁੰਦਰ ਜੀ ਤਾਂ ਆਪਣੀ ਇਸ ਰਚਨਾ ਵਿਚ ਇਹ ਦਰਸਾ ਰਹੇ ਹਨ ਕਿ ਗੁਰੂ ਅਮਰਦਾਸ ਜੀ ਨੇ ਇਹ ਸਪੱਸ਼ਟ ਕੀਤਾ ਹੈ ਕਿ ਉਹਨਾਂ ਦੇ ਜੋਤੀ

ਜੋਤਿ ਸਮਾਉਣ ਮਗਰੋਂ ਇਸ ਤਰ੍ਹਾਂ ਦਾ ਕੋਈ ਵੀ ਕਰਮ-ਕਾਂਡ ਨਾ ਕੀਤਾ ਜਾਵੇ। ਹਜ਼ੂਰ ਨੇ ਕੇਵਲ ਵਾਹਿਗੁਰੂ ਜੀ ਦੀ ਸਿਫ਼ਤਿ-ਸਾਲਾਹ ਕਰਨ ਦਾ ਹੀ ਉਪਦੇਸ਼ ਕਰਨ ਦੇ ਨਾਲ ਇਹ ਵੀ ਦਰਸਾਇਆ ਹੈ ਕਿ ਮਨੁੱਖ ਦੀ ਕਲਿਆਣ ਦਾ ਇਹਨਾਂ ਕਰਮ-ਕਾਂਡਾਂ ਨਾਲ ਕੋਈ ਸੰਬੰਧ ਨਹੀਂ ਹੈ।

ਗੁਰੂ ਅਮਰਦਾਸ ਜੀ ਗੁਰੂ ਨਾਨਕ ਸਾਹਿਬ ਦੀ ਜੋਤ ਦੇ ਹੀ ਤੀਜੇ ਪ੍ਰਕਾਸ਼ ਸਨ। ਗੁਰੂ ਅੰਗਦ ਜੀ ਮਹਾਰਾਜ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ ਨੌਂ ਗੁਰੂ ਸਾਹਿਬਾਨ ਨੇ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਨੂੰ ਹੀ ਤਾਂ ਪ੍ਰਚਾਰਿਆ ਹੈ, ਤਾਂਹੀਓਂ ਤਾਂ ਸਾਰੇ ਗੁਰੂ ਸਾਹਿਬਾਨ ਨੂੰ ਇੱਕੋ ਜੋਤਿ ਤੇ ਜੁਗਤਿ ਦਾ ਧਾਰਨੀ ਆਖਿਆ ਜਾਂਦਾ ਹੈ।

ਇਕ ਹੋਰ ਗੱਲ ਨੋਟ ਕਰਨ ਵਾਲੀ ਹੈ ਕਿ ਹਰਿਦੁਆਰ ਵਿਚ ਅਸਥੀਆਂ ਪਾਉਣ ਵਾਲੇ ਸੱਜਣ ਅਕਾਲ ਚਲਾਣਾ ਕਰ ਚੁੱਕੇ ਪ੍ਰਾਣੀ ਦੇ ਫੁੱਲ ਪ੍ਰਵਾਹ ਕਰਨ ਲਈ ਜਾਂਦੇ ਹਨ, ਦੀਵਾ ਅਤੇ ਪਿੰਡ ਪੱਤਲ ਆਦਿ ਨਹੀਂ। ਕਿਰਿਆ ਕਿਸੇ ਵਸਤੂ ਦਾ ਨਾਮ ਨਹੀਂ ਹੈ, ਇਹ ਤਾਂ ਇਸ ਸਮੁੱਚੀ ਪ੍ਰਕਿਰਿਆ ਦਾ ਨਾਮ ਹੈ।

ਸੋ, ਇਸ ਪੰਗਤੀ ਦਾ ਭਾਵ ਹੈ ਕਿ ਗੁਰੂ ਅਮਰਦਾਸ ਜੀ ਨੇ ਜੋਤੀ ਜੋਤਿ ਸਮਾਉਣ ਲੱਗਿਆਂ ਕਿਸੇ ਤਰ੍ਹਾਂ ਦੇ ਵੀ ਕਰਮ-ਕਾਂਡ ਦੀ ਮਨਾਹੀ ਕਰਦਿਆਂ ਹੋਇਆਂ ਸਪੱਸ਼ਟ ਕੀਤਾ ਕਿ ਉਹ ਇਹਨਾਂ (ਪਿੰਡ ਪੱਤਲ, ਦੀਵੇ ਅਤੇ ਫੁੱਲ) ਕਰਮ-ਕਾਂਡਾਂ ਨੂੰ ਸਤਿਸੰਗਤ ਤੋਂ ਸਦਕੇ ਕਰਦੇ ਹਨ, ਭਾਵ, ਸਤਿਸੰਗ ਕਰਨ ਨੂੰ ਹੀ ਸ੍ਰੇਸ਼ਟ ਸਮਝਦੇ ਹਨ।

ਤਿਤੁ ਚਾਖੁ ਨ ਲਾਗੈ

ਧਰਮ ਮਨੁੱਖ ਨੂੰ ਸਾਂਵੀਂ ਪੱਧਰੀ ਸੰਤੁਲਨ ਜ਼ਿੰਦਗੀ ਜਿਊਣ ਲਈ ਰਹਿਨੁਮਾਈ ਪ੍ਰਦਾਨ ਕਰਦਾ ਹੈ। ਪਰ ਪ੍ਰੋਹਤ ਜਮਾਤ ਨੇ ਸੱਚ ਦੇ ਇਸ ਮਹਾਨ ਸੋਮੇ ਨੂੰ ਕਰਮ-ਕਾਂਡਾਂ, ਵਹਿਮਾਂ-ਭਰਮਾਂ ਦੇ ਕਚਰੇ ਦੀ ਗੰਦਗੀ ਨਾਲ ਭਰਪੂਰ ਕਰਕੇ ਇਸ ਨੂੰ ਬੁਰੀ ਤਰ੍ਹਾਂ ਗੰਦਲਾ ਕਰ ਦਿੱਤਾ ਹੈ। ਇਸ ਸ਼੍ਰੇਣੀ ਦੀ ਹੀ ਬਦੌਲਤ ਆਮ ਮਨੁੱਖ ਵਹਿਮਾਂ-ਭਰਮਾਂ ਤੋਂ ਉਪਰ ਉੱਠ ਕੇ ਗਿਆਨ ਦੇ ਪ੍ਰਕਾਸ਼ ਵਿਚ ਵਿਚਰਨ ਦੀ ਬਜਾਏ ਕਈ ਤਰ੍ਹਾਂ ਦੇ ਵਹਿਮਾਂ-ਭਰਮਾਂ ਦਾ ਸ਼ਿਕਾਰ ਹੋ ਕੇ, ਕਰਮ-ਕਾਂਡਾਂ ਦੀ ਦਲਦਲ ਵਿਚ ਫਸਿਆ ਹੋਇਆ ਦਿਖਾਈ ਦੇਂਦਾ ਹੈ। ਧਰਮ ਨੂੰ ਇਕ ਸੁਚੱਜੀ ਜੀਵਨ-ਜਾਚ ਸਮਝਣ ਦੀ ਥਾਂ ਇਸ ਨੂੰ ਰੀਤਾਂ-ਰਸਮਾਂ ਨੂੰ ਬਾਖ਼ੂਬੀ ਨਾਲ ਨਿਭਾਉਣ ਅਤੇ ਵਹਿਮਾਂ-ਭਰਮਾਂ ਦਾ ਪ੍ਰੇਰਨਾ-ਸ੍ਰੋਤ ਮੰਨਿਆ ਜਾਣ ਲੱਗ ਪਿਆ ਹੈ।

ਗੁਰੂ ਗ੍ਰੰਥ ਸਾਹਿਬ ਜੀ ਵਿਚ ਮਨੁੱਖ ਨੂੰ ਸ੍ਰੇਸ਼ਟ ਧਰਮ ਦੀ ਸੋਝੀ ਕਰਾਉਂਦਿਆਂ ਹੋਇਆਂ ਸਪੱਸ਼ਟ ਕੀਤਾ ਹੈ ਕਿ:

ਸੁਣਿ ਮੁੰਧੇ ਹਰਣਾਖੀਏ ਗੂੜਾ ਵੈਣੁ ਅਪਾਰੁ ॥
ਪਹਿਲਾ ਵਸਤੁ ਸਿਞਾਣਿ ਕੈ ਤਾਂ ਕੀਚੈ ਵਾਪਾਰੁ ॥

(ਸਲੋਕ ਵਾਰਾਂ ਤੇ ਵਧੀਕ, ਮ: ੧, ਪੰਨਾ 1410)

ਅਰਥ : ਹੇ ਸੁੰਦਰ ਨੇਤ੍ਰਾਂ ਵਾਲੀਏ ਭੋਲੀਏ ਜੁਆਨ ਕੁੜੀਏ! (ਹੇ ਜਗਤ-ਰਚਨਾ ਵਿੱਚੋਂ ਸੋਹਣੀ ਜੀਵ-ਇਸਤ੍ਰੀਏ!) ਮੇਰੀ ਇਕ ਬਹੁਤ ਡੂੰਘੀ ਭੇਤ ਦੀ ਗੱਲ ਸੁਣ। (ਜਦੋਂ ਕੋਈ ਚੀਜ਼ ਖ਼ਰੀਦਣ ਲੱਗੀਏ, ਤਾਂ) ਪਹਿਲਾਂ (ਉਸ) ਚੀਜ਼ ਨੂੰ ਪਰਖ ਕੇ ਫਿਰ ਉਸ ਦਾ ਵਪਾਰ ਕਰਨਾ ਚਾਹੀਦਾ ਹੈ (ਤਦੋਂ ਉਹ ਵਸਤ ਖ਼ਰੀਦਣੀ ਚਾਹੀਦੀ ਹੈ)।

ਪਰੰਤੂ ਫਿਰ ਵੀ ਸਿੱਖ ਜਗਤ ਵਿਚ ਕਰਮ-ਕਾਂਡਾਂ, ਫੋਕੀਆਂ ਰਸਮਾਂ ਅਤੇ ਵਹਿਮਾਂ-ਭਰਮਾਂ ਦੀ ਭਰਮਾਰ ਹੈ।

ਸਿੱਖ ਜਗਤ ਵਿਚ ਵੀ ਜਾਣੇ-ਅਣਜਾਣੇ ਜਿਨ੍ਹਾਂ ਵਹਿਮਾਂ-ਭਰਮਾਂ ਨੂੰ ਅਸੀਂ ਸਿੱਖੀ ਜੀਵਨ-ਜਾਚ ਦਾ ਅੰਗ ਮੰਨ ਲਿਆ ਹੋਇਆ ਹੈ, ਉਨ੍ਹਾਂ ਵਿਚ ਇਕ 'ਬੁਰੀ ਨਜ਼ਰ ਲੱਗਣ' ਸੰਬੰਧੀ ਵੀ ਹੈ। 'ਨਜ਼ਰ ਲੱਗਣ' ਦੀ ਧਾਰਨਾ ਵਿਚ ਲਗਭਗ ਹਰੇਕ ਧਰਮ, ਸੱਭਿਆਚਾਰ/ਕਲਚਰ ਵਿਸ਼ਵਾਸ ਕਰਦਾ ਹੈ। ਇਸ ਅੰਧ-ਵਿਸ਼ਵਾਸ ਅਨੁਸਾਰ 'ਬੁਰੀ ਨਜ਼ਰ' ਦੇ ਸ਼ਿਕਾਰ ਹੋਏ ਵਿਅਕਤੀ ਦਾ ਨੁਕਸਾਨ ਜਾਂ ਮੌਤ ਹੋ ਸਕਦੀ ਹੈ। 'ਬੁਰੀ ਨਜ਼ਰ ਲੱਗਣ' ਸੰਬੰਧੀ ਭਿੰਨ-ਭਿੰਨ ਧਰਮਾਂ, ਸਭਿਆਚਾਰਾਂ ਵਿਚ ਕੁਝ ਪੱਖਾਂ ਤੋਂ ਭਿੰਨਤਾਵਾਂ ਹੁੰਦਿਆਂ ਹੋਇਆਂ ਵੀ ਕੁਝ ਸਮਾਨਤਾਵਾਂ ਮੌਜੂਦ ਹਨ। 'ਬੁਰੀ ਨਜ਼ਰ' ਤੋਂ

ਆਮ ਤੌਰ 'ਤੇ ਬੱਚੇ ਅਤੇ ਜਾਨਵਰਾਂ (ਘਰ ਦੇ ਪਾਲਤੂ ਪਸ਼ੂ) ਦੇ ਸ਼ਿਕਾਰ ਹੋਣ ਦਾ ਵਿਸ਼ਵਾਸ ਕੀਤਾ ਜਾਂਦਾ ਹੈ। 'ਬੁਰੀ ਨਜ਼ਰ' ਕੇਵਲ ਵੈਰ-ਭਾਵਨਾ ਰੱਖਣ ਵਾਲਿਆਂ ਦੀ ਹੀ ਨਹੀਂ, ਸਗੋਂ ਆਪਣੇ ਸ਼ੁਭ-ਚਿੰਤਕਾਂ ਦੀ ਲੱਗ ਜਾਣ ਦੀ ਧਾਰਨਾ ਵੀ ਪ੍ਰਚਲਿਤ ਹੈ। ਅਜਿਹੇ ਵਿਸ਼ਵਾਸ ਰੱਖਣ ਵਾਲਿਆਂ ਦਾ ਇਹ ਮੰਨਣਾ ਹੈ ਕਿ ਇਹ ਜਾਣ-ਬੁੱਝ ਕੇ ਨਹੀਂ, ਸਗੋਂ ਖ਼ੁਸ਼ੀ ਦਾ ਪ੍ਰਗਟਾਵਾ ਕਰਦਿਆਂ ਹੋਇਆਂ ਸੁਭਾਵਿਕ ਹੀ ਲੱਗ ਜਾਂਦੀ ਹੈ। ਅਰਥਾਤ ਜਿਸ ਦੀ ਨਜ਼ਰ ਲੱਗਦੀ ਹੈ, ਉਸ ਨੂੰ ਵੀ ਪਤਾ ਨਹੀਂ ਚੱਲਦਾ ਕਿ ਉਸ ਦੀ ਬੱਚੇ ਆਦਿ ਨੂੰ ਨਜ਼ਰ ਲੱਗ ਗਈ ਹੈ।

'ਬੁਰੀ ਨਜ਼ਰ' ਤੋਂ ਬਚਾਓ ਲਈ ਛੋਟੇ ਬੱਚਿਆਂ ਦੇ ਮੱਥੇ ਉੱਤੇ ਕਾਲ਼ਾ ਟਿੱਕਾ ਲਗਾ ਦਿੱਤਾ ਜਾਂਦਾ ਹੈ। ਮੱਥੇ 'ਤੇ ਟਿੱਕਾ ਕੇਵਲ ਲੜਕਿਆਂ ਦੇ ਹੀ ਲਾਇਆ ਜਾਂਦਾ ਹੈ ਅਤੇ ਆਮ ਤੌਰ 'ਤੇ ਕੁੜੀਆਂ ਦੇ ਕੰਨ ਦੇ ਪਿੱਛੇ ਲਾਇਆ ਜਾਂਦਾ ਹੈ। ਬੱਚਿਆਂ ਦੇ ਗਲ ਵਿਚ ਕਾਲ਼ਾ ਮੋਤੀ, ਸੂਰ ਦਾ ਦੰਦ ਜਾਂ ਤਵੀਤ/ਰੱਖ ਆਦਿ ਗਲ 'ਚ ਪਾਉਣਾ ਜਾਂ ਬਾਂਹ ਨਾਲ ਬੰਨ੍ਹ ਦਿੱਤਾ ਜਾਂਦਾ ਹੈ। ਨਵਾਂ ਮਕਾਨ ਬਣਾ ਕੇ ਉਪਰ ਕਾਲੀ ਤੌੜੀ ਆਦਿ ਟੰਗ ਦਿੱਤੀ ਜਾਂਦੀ ਹੈ। ਨਵੀਂ ਕਾਰ ਆਦਿ ਲੈ ਕੇ ਉਸ ਦੇ ਪਿੱਛੇ ਛਿੱਤਰ ਜਾਂ ਕਾਲੀ ਪਰਾਂਦੀ ਬੰਨ੍ਹ ਦਿੱਤੀ ਜਾਂਦੀ ਹੈ। ਗਾਂ ਜਾਂ ਮੱਝ ਦਾ ਦੁੱਧ ਚੋਅ ਕੇ ਤੁਰੰਤ ਹੀ ਢੱਕ ਦਿੱਤਾ ਜਾਂਦਾ ਹੈ, ਤਾਂ ਕਿ ਕਿਸੇ ਦੀ ਬੁਰੀ ਨਜ਼ਰ ਨਾ ਲੱਗੇ, ਆਦਿ।

ਇਸ ਵਹਿਮ ਅਧੀਨ 'ਬੁਰੀ ਨਜ਼ਰ' ਦਾ ਪ੍ਰਭਾਵ ਉਤਾਰਨ ਲਈ ਬੱਚੇ ਦੇ ਸਿਰ ਉਪਰੋਂ ਸੱਤ ਮਿਰਚਾਂ ਜਾਂ ਫਟਕੜੀ ਵਾਰ ਕੇ ਅੱਗ ਵਿਚ ਸੁਟੀ ਜਾਂਦੀ ਹੈ। ਕਈ ਲੋਕ ਜਿਸ ਵਿਅਕਤੀ ਦੀ 'ਬੁਰੀ ਨਜ਼ਰ' ਲੱਗਣ ਦੀ ਸੰਭਾਵਨਾ ਹੋਵੇ, ਉਸ ਵਿਅਕਤੀ ਦੇ ਪੈਰਾਂ ਦੀ ਮਿੱਟੀ ਚੁੱਕ ਕੇ ਪਿੱਛੇ ਸੁੱਟੀ ਜਾਂਦੀ ਹੈ ਜਾਂ ਬੱਚੇ ਦੇ ਮੱਥੇ 'ਤੇ ਲਾਈ ਜਾਂਦੀ ਹੈ।

ਲਗਭਗ ਹਰੇਕ ਭਾਸ਼ਾ ਵਿਚ 'ਬੁਰੀ ਨਜ਼ਰ' ਦਾ ਭਾਵ ਦਰਸਾਉਣ ਲਈ ਸ਼ਬਦ ਮੌਜੂਦ ਹੈ। ਇਸ ਸ਼ਬਦ ਦੀ ਹੋਂਦ ਇਸ ਗੱਲ ਦਾ ਲਖਾਇਕ ਹੈ ਕਿ ਇਹ ਵਹਿਮ ਸਦੀਆਂ ਤੋਂ ਹਰੇਕ ਦੇਸ਼ ਵਿਚ ਕਿਸੇ ਨਾ ਕਿਸੇ ਰੂਪ ਵਿਚ ਪ੍ਰਚਲਿਤ ਰਿਹਾ ਹੈ ਅਤੇ ਅੱਜ ਵੀ ਮੌਜੂਦ ਹੈ। ਪੰਜਾਬੀ ਬੋਲੀ ਵਿਚ ਵੀ 'ਬੁਰੀ ਨਜ਼ਰ' ਸੰਬੰਧੀ ਅਖਾਣ ਅਤੇ ਮੁਹਾਵਰੇ ਪ੍ਰਚਲਿਤ ਹਨ। ਜਿਸ ਤਰ੍ਹਾਂ ਇਸ ਅਖਾਣ ਦੀ ਆਮ ਹੀ ਵਰਤੋਂ ਕੀਤੀ ਜਾਂਦੀ ਹੈ ਕਿ, "ਨਜ਼ਰ ਕਹਿੰਦੇ ਨੇ, ਪੱਥਰ ਪਾੜ ਦੇਂਦੀ ਹੈ। (ਭਾਵ, ਨਜ਼ਰ ਲੱਗ ਜਾਣੀ ਬੜੀ ਮਾੜੀ ਹੁੰਦੀ ਹੈ। ਮੰਦੀ ਨਜ਼ਰ ਤਬਾਹ ਕਰ ਦਿੰਦੀ ਹੈ।) ਅਖਾਣ ਵਾਂਗ ਇਸ ਮੁਹਾਵਰੇ ਨੂੰ ਵੀ ਆਮ ਵਰਤਿਆ ਜਾਂਦਾ ਹੈ, "ਨਜ਼ਰ ਲਾ ਦੇਣੀ"—ਕਿਸੇ ਵੱਲ ਇਸ ਤਰ੍ਹਾਂ ਚੰਦਰੀ ਨੀਅਤ ਨਾਲ ਤੱਕਣਾ ਕਿ ਉਸ ਨੂੰ ਕੋਈ ਰੋਗ ਆਦਿਕ ਆ ਚੰਬੜੇ। ਇਸ ਵਹਿਮ ਦੇ ਅਸੀਂ ਕਿੰਨੇ ਜ਼ਿਆਦਾ ਸ਼ਿਕਾਰ ਹੋਏ ਪਏ ਹਾਂ, ਇਹ ਇਸ ਗੱਲ ਤੋਂ ਹੀ ਅੰਦਾਜ਼ਾ ਲਗਾ ਸਕਦੇ ਹਾਂ ਕਿ ਇੰਡੀਆ ਵਿਚ ਸਿੱਖ ਪਰਿਵਾਰਾਂ ਦੇ ਟਰੱਕਾਂ ਆਦਿ 'ਤੇ ਵੀ ਇਹ ਆਮ ਲਿਖਿਆ ਹੁੰਦਾ ਹੈ, "ਬੁਰੀ ਨਜ਼ਰ ਵਾਲੇ ਤੇਰਾ ਮੂੰਹ ਕਾਲ਼ਾ।"

ਗੁਰੂ ਗ੍ਰੰਥ ਸਾਹਿਬ ਜੀ ਦਾ 'ਬੁਰੀ ਨਜ਼ਰ' ਸੰਬੰਧੀ ਦ੍ਰਿਸ਼ਟੀਕੋਣ ਬਾਰੇ ਚਰਚਾ ਕਰਨ ਤੋਂ ਪਹਿਲਾਂ 'ਨਜ਼ਰ' ਸ਼ਬਦ ਦੇ ਅਰਥਾਂ ਨੂੰ ਸਮਝ ਲੈਣਾ ਢੁੱਕਵਾਂ ਹੋਵੇਗਾ।

ਨਜ਼ਰ ਦਾ ਅਰਥ ਹੈ : (ਅਰਬੀ ਵਿਚ ਇਸਤ੍ਰੀ) ਦ੍ਰਿਸ਼ਟੀ, ਨਿਗਾਹ, ਦੇਖਣ ਦਾ

ਭਾਵ; ਧਿਆਨ ਗ਼ੌਰ; ਵਿਚਾਰ, ਅੰਦਾਜ਼ਾ। (ਉਰਦੂ ਵਿਚ ਇਸਤ੍ਰੀ) ਦਇਆ, ਕਿਰਪਾ, ਵੇਖਣ ਤੋਂ ਪਿਆ ਬੁਰਾ ਪ੍ਰਭਾਵ।

ਬਦ-ਨਜ਼ਰ : ਬੁਰੀ ਨਜ਼ਰ ਨਾਲ ਵੇਖਣ ਵਾਲਾ, ਜਿਸ ਦੇ ਵੇਖਣ ਨਾਲ ਨਜ਼ਰ ਲੱਗ ਜਾਏ ਜਾਂ ਕੋਈ ਤਕਲੀਫ਼ ਹੋ ਜਾਏ; ਵੈਰ-ਭਾਵ ਨਾਲ ਦੇਖਣ ਵਾਲਾ।

ਨਜ਼ਰੇ ਬਦ : ਉਹ ਤੱਕਣੀ ਜਿਸ ਦਾ ਅਸਰ ਦੂਜੇ ਉੱਤੇ ਬੁਰਾ ਹੋਵੇ।

(ਉਰਦੂ-ਪੰਜਾਬੀ-ਹਿੰਦੀ ਕੋਸ਼)

'ਨਜ਼ਰ', 'ਬਦ-ਨਜ਼ਰ' ਦੇ ਅੱਖਰੀਂ ਅਰਥ ਦੀ ਚਰਚਾ ਕਰਨ ਉਪਰੰਤ ਗੁਰੂ ਗ੍ਰੰਥ ਸਾਹਿਬ ਵਿਚ 'ਬੁਰੀ ਨਜ਼ਰ' ਦੇ ਦ੍ਰਿਸ਼ਟੀਕੋਣ ਦਾ ਵਰਣਨ ਕਰ ਰਹੇ ਹਾਂ। ਗੁਰੂ ਗ੍ਰੰਥ ਸਾਹਿਬ ਵਿਚ ਨਿਮਨ ਲਿਖਤ ਸ਼ਬਦਾਂ ਵਿਚ ਇਸ ਦਾ ਵਰਣਨ ਆਇਆ ਹੈ:

(ੳ) **ਮਨਿ ਤਨਿ ਪ੍ਰਭੁ ਆਰਾਧੀਐ ਮਿਲਿ ਸਾਧ ਸਮਾਗੈ ॥**
ਉਚਰਤ ਗੁਨ ਗੋਪਾਲ ਜਸੁ ਦੂਰ ਤੇ ਜਮੁ ਭਾਗੈ ॥੧॥
ਰਾਮ ਨਾਮੁ ਜੋ ਜਨੁ ਜਪੈ ਅਨਦਿਨੁ ਸਦ ਜਾਗੈ ॥
ਤੰਤੁ ਮੰਤੁ ਨਹ ਜੋਹਈ ਤਿਤੁ ਚਾਖੁ ਨ ਲਾਗੈ ॥੧॥ਰਹਾਉ॥
ਕਾਮ ਕ੍ਰੋਧ ਮਦ ਮਾਨ ਮੋਹ ਬਿਨਸੇ ਅਨਰਾਗੈ ॥
ਆਨੰਦ ਮਗਨ ਰਸਿ ਰਾਮ ਰੰਗਿ ਨਾਨਕ ਸਰਨਾਗੈ ॥੨॥

(ਬਿਲਾਵਲੁ ਮ: ੫, ਪੰਨੇ 817-18)

ਅਰਥ : ਹੇ ਭਾਈ! ਜੇਹੜਾ ਮਨੁੱਖ ਪਰਮਾਤਮਾ ਦਾ ਨਾਮ ਜਪਦਾ ਰਹਿੰਦਾ ਹੈ, ਉਹ ਹਰ ਵੇਲੇ ਸਦਾ (ਵਿਕਾਰਾਂ ਵਲੋਂ) ਸੁਚੇਤ ਰਹਿੰਦਾ ਹੈ। ਕੋਈ ਜਾਦੂ-ਟੂਣਾ ਉਸ ਉੱਤੇ ਅਸਰ ਨਹੀਂ ਕਰ ਸਕਦਾ, ਕੋਈ ਭੈੜੀ ਨਜ਼ਰ ਉਸ ਨੂੰ ਨਹੀਂ ਲੱਗ ਸਕਦੀ।੧।ਰਹਾਉ।

ਹੇ ਭਾਈ! ਸਾਧ ਸੰਗਤਿ ਵਿਚ ਮਿਲ ਕੇ ਮਨ ਨਾਲ ਹਿਰਦੇ ਨਾਲ ਪਰਮਾਤਮਾ ਦਾ ਆਰਾਧਨ ਕਰਦੇ ਰਹਿਣਾ ਚਾਹੀਦਾ ਹੈ। ਜਗਤ ਦੇ ਰੱਖਿਅਕ ਪ੍ਰਭੂ ਦੇ ਗੁਣ ਅਤੇ ਜੱਸ ਉਚਾਰਦਿਆਂ ਜਮ (ਭੀ) ਦੂਰ ਤੋਂ ਹੀ ਭੱਜ ਜਾਂਦਾ ਹੈ।੧।

ਹੇ ਨਾਨਕ! ਜੇਹੜਾ ਮਨੁੱਖ ਪਰਮਾਤਮਾ ਦੇ ਨਾਮ ਦੇ ਰਸ ਵਿਚ ਟਿਕਿਆ ਰਹਿੰਦਾ ਹੈ, ਪ੍ਰਭੂ ਦੇ ਪ੍ਰੇਮ ਵਿਚ ਮਸਤ ਰਹਿੰਦਾ ਹੈ, ਪ੍ਰਭੂ ਦੀ ਸ਼ਰਨ ਪਿਆ ਰਹਿੰਦਾ ਹੈ, ਉਹ ਸਦਾ ਆਤਮਿਕ ਅਨੰਦ ਵਿਚ ਮਸਤ ਰਹਿੰਦਾ ਹੈ। (ਉਸ ਦੇ ਅੰਦਰੋਂ) ਕਾਮ, ਕ੍ਰੋਧ, ਅਹੰਕਾਰ ਦੀ ਮਸਤੀ, ਮੋਹ, ਹੋਰ ਹੋਰ ਪਦਾਰਥਾਂ ਦੇ ਚਸਕੇ ਸਭ ਨਾਸ ਹੋ ਜਾਂਦੇ ਹਨ।੨।

(ਅ) **ਨਾਮੁ ਲੈਤ ਕਿਛੁ ਬਿਘਨੁ ਨ ਲਾਗੈ ॥**
ਨਾਮੁ ਸੁਣਤ ਜਮੁ ਦੂਰਹੁ ਭਾਗੈ ॥
ਨਾਮੁ ਲੈਤ ਸਭ ਦੂਖਹ ਨਾਸੁ ॥
ਨਾਮੁ ਜਪਤ ਹਰਿ ਚਰਣ ਨਿਵਾਸੁ ॥੧॥
ਨਿਰਬਿਘਨ ਭਗਤਿ ਭਜੁ ਹਰਿ ਹਰਿ ਨਾਉ ॥
ਰਸਕਿ ਰਸਕਿ ਹਰਿ ਕੇ ਗੁਣ ਗਾਉ ॥੧॥ਰਹਾਉ॥
ਹਰਿ ਸਿਮਰਤ ਕਿਛੁ ਚਾਖੁ ਨ ਜੋਹੈ ॥
ਹਰਿ ਸਿਮਰਤ ਦੈਤ ਦੇਉ ਨ ਪੋਹੈ ॥

ਹਰਿ ਸਿਮਰਤ ਮੋਹੁ ਮਾਨੁ ਨ ਬਧੈ ॥
ਹਰਿ ਸਿਮਰਤ ਗਰਭ ਜੋਨਿ ਨ ਰੁਧੈ ॥੨॥
ਹਰਿ ਸਿਮਰਨ ਕੀ ਸਗਲੀ ਬੇਲਾ ॥
ਹਰਿ ਸਿਮਰਨੁ ਬਹੁ ਮਾਹਿ ਇਕੇਲਾ ॥
ਜਾਤਿ ਅਜਾਤਿ ਜਪੈ ਜਨੁ ਕੋਇ ॥
ਜੋ ਜਾਪੈ ਤਿਸ ਕੀ ਗਤਿ ਹੋਇ ॥੩॥
ਹਰਿ ਕਾ ਨਾਮੁ ਜਪੀਐ ਸਾਧਸੰਗਿ ॥
ਹਰਿ ਕੇ ਨਾਮ ਕਾ ਪੂਰਨ ਰੰਗੁ ॥
ਨਾਨਕ ਕਉ ਪ੍ਰਭ ਕਿਰਪਾ ਧਾਰਿ ॥
ਸਾਸਿ ਸਾਸਿ ਹਰਿ ਦੇਹੁ ਚਿਤਾਰਿ ॥੪॥ *(ਭੈਰਉ ਮਹਲਾ ੫, ਪੰਨਾ 1150)*

ਅਰਥ : ਹੇ ਮੇਰੇ ਮਨ! ਪਰਮਾਤਮਾ ਦਾ ਆਸਰਾ ਲਈ ਰੱਖ। ਗੁਰੂ ਦੀ ਸ਼ਰਨ ਪੈ ਕੇ ਪਰਮਾਤਮਾ ਦੇ ਸੋਹਣੇ ਚਰਨਾਂ ਦਾ ਆਰਾਧਨ ਕਰਿਆ ਕਰ, (ਜਿਹੜਾ ਮਨੁੱਖ ਇਹ ਉੱਦਮ ਕਰਦਾ ਹੈ, ਕੋਈ) ਵੈਰੀ (ਉਸ ਦੇ) ਨੇੜੇ ਨਹੀਂ ਆਉਂਦੇ, ਕੋਈ ਦੁਖ (ਉਸ ਦੇ) ਨੇੜੇ ਨਹੀਂ ਆਉਂਦਾ।੧।ਰਹਾਉ।

ਹੇ ਮੇਰੇ ਮਨ! ਉਹ (ਪਰਮਾਤਮਾ) ਆਪ ਹੀ (ਤੇਰੇ ਵਾਸਤੇ) ਸ਼ਾਸਤ੍ਰ ਹੈ, ਉਹ (ਪਰਮਾਤਮਾ) ਆਪ ਹੀ (ਤੇਰੇ ਵਾਸਤੇ) ਵੇਦ ਹੈ (ਭਾਵ, ਪਰਮਾਤਮਾ ਦਾ ਨਾਮ ਹੀ ਤੇਰੇ ਵਾਸਤੇ ਵੇਦ ਸ਼ਾਸਤ੍ਰ ਹੈ)। ਹੇ ਮਨ! ਉਹ ਪਰਮਾਤਮਾ ਆਪ ਹੀ ਹਰੇਕ ਸਰੀਰ ਵਿਚ (ਵੱਸ ਰਿਹਾ ਹੈ), ਉਹ ਆਪ ਹੀ (ਹਰੇਕ ਜੀਵ ਦੇ ਦਿਲ ਦਾ) ਭੇਦ ਜਾਣਦਾ ਹੈ। ਹੇ ਮੇਰੇ ਮਨ! ਇਹ ਸਾਰੀ ਸ੍ਰਿਸ਼ਟੀ ਜਿਸ (ਪਰਮਾਤਮਾ) ਦੀ (ਰਚੀ ਹੋਈ ਹੈ) ਉਹ ਨਿਰਾ ਨੂਰ ਹੀ ਨੂਰ ਹੈ। ਉਹ ਹੀ ਸਾਰੇ ਜਗਤ ਦਾ ਮੂਲ ਹੈ, ਉਹ ਸਭ ਥਾਈਂ ਮੌਜੂਦ ਹੈ, ਉਹ ਸਭ ਤਾਕਤਾਂ ਦਾ ਮਾਲਕ ਹੈ।੧।

ਹੇ ਮੇਰੇ ਮਨ! ਉਹ (ਪ੍ਰਭੂ) ਆਪ ਹੀ (ਹਰੇਕ) ਜੰਗਲ (ਨੂੰ ਪੈਦਾ ਕਰਨ ਵਾਲਾ) ਹੈ, (ਸਾਰੀ) ਬਨਸਪਤੀ (ਨੂੰ ਪੈਦਾ ਕਰਨ ਵਾਲਾ) ਹੈ, ਉਹ ਆਪ ਹੀ ਤਿੰਨਾਂ ਭਵਨਾਂ ਦਾ ਮੂਲ ਹੈ। (ਉਹ ਐਸਾ ਹੈ) ਜਿਸ ਦੇ ਹੁਕਮ ਵਿਚ ਸਾਰਾ ਜਗਤ ਪ੍ਰੋਤਾ ਹੋਇਆ ਹੈ। ਹੇ ਮਨ! ਉਹ ਆਪ ਹੀ ਜੀਵਾਤਮਾ ਤੇ ਪ੍ਰਕਿਰਤੀ ਨੂੰ ਜੋੜਨ ਵਾਲਾ ਹੈ, ਉਹ ਆਪ ਹੀ (ਸਭ ਤੋਂ ਵੱਖਰਾ) ਵਾਸਨਾ-ਰਹਿਤ ਹੈ, ਉਹ ਆਪ ਹੀ (ਸਭ ਵਿਚ ਵਿਆਪਕ ਹੋ ਕੇ ਸਾਰੇ ਭੋਗ) ਭੋਗਣ ਵਾਲਾ ਹੈ।੨।

ਹੇ ਭਾਈ! ਮੈਂ ਜਿਧਰ ਕਿਧਰ ਵੇਖਦਾ ਹਾਂ, ਹਰ ਥਾਂ ਉਹ ਪ੍ਰਭੂ ਆਪ ਹੀ ਮੌਜੂਦ ਹੈ, ਉਸ ਤੋਂ ਬਿਨਾਂ (ਕਿਤੇ ਭੀ) ਕੋਈ ਹੋਰ ਦੂਜਾ ਨਹੀਂ ਹੈ। ਹੇ ਭਾਈ! (ਉਸ ਪਰਮਾਤਮਾ ਦੇ) ਨਾਮ ਵਿਚ ਪਿਆਰ ਪਾਇਆਂ ਹੀ ਇਸ ਸੰਸਾਰ-ਸਮੁੰਦਰ ਤੋਂ ਪਾਰ ਲੰਘ ਸਕੀਦਾ ਹੈ। ਨਾਨਕ (ਭੀ) ਸਾਧ ਸੰਗਤਿ ਵਿਚ (ਰਹਿ ਕੇ ਉਸੇ ਪਰਮਾਤਮਾ ਦੇ) ਗੁਣ ਗਾਂਦਾ ਹੈ।੩।

ਹੇ ਭਾਈ! (ਜੀਵਾਂ ਨੂੰ) ਮੁਕਤੀ (ਦੇਣੀ, ਜੀਵਾਂ ਨੂੰ ਖਾਣ-ਪੀਣ ਨੂੰ) ਭੋਜਨ (ਦੇਣਾ, ਜੀਵਾਂ ਨੂੰ) ਜੀਵਨ-ਤੋਰੇ ਤੋਰਨਾ—ਇਹ ਸਭ ਕੁਝ ਜਿਸ ਪਰਮਾਤਮਾ ਦੇ ਵੱਸ ਵਿਚ ਹੈ, ਉਸ ਦੇ ਘਰ ਵਿਚ (ਕਿਸੇ ਚੀਜ਼ ਦੀ) ਕੋਈ ਕਮੀ ਨਹੀਂ ਹੈ। ਹੇ ਦਾਸ ਨਾਨਕ!

ਮਿਹਰ ਕਰ ਕੇ ਜਿਸ ਜਿਸ ਮਨੁੱਖ ਉੱਤੇ ਪਰਮਾਤਮਾ ਦਇਆਵਾਨ ਹੁੰਦਾ ਹੈ, ਉਹੀ ਸਾਰੇ ਬੰਦੇ (ਅਸਲ) ਭਾਗਾਂ ਵਾਲੇ ਹਨ।4।

ਇਹਨਾਂ ਦੋਹਾਂ ਹੀ ਸ਼ਬਦਾਂ ਦਾ ਮੁੱਖ ਵਿਸ਼ਾ ਨਾਮ ਦੀ ਮਹਿਮਾ ਹੈ ਨਾ ਕਿ 'ਬੁਰੀ ਨਜ਼ਰ' ਲੱਗਣ ਦਾ। ਗੁਰੂ ਗ੍ਰੰਥ ਸਾਹਿਬ ਵਿਚ ਕਿਸੇ ਪ੍ਰਚਲਿਤ ਖ਼ਿਆਲ/ਧਾਰਨਾ ਆਦਿ ਤੋਂ ਮਨੁੱਖ ਨੂੰ ਉਪਰ ਉਠਾਉਣ ਲਈ ਇਹ ਢੰਗ ਆਮ ਹੀ ਵਰਤਿਆ ਗਿਆ ਹੈ। ਉਦਾਹਰਣ ਵਜੋਂ 'ਬਾਰਹ ਮਾਹਾ' ਦੇ ਅੰਤ ਵਿਚ ਆਇਆ ਹੈ:

ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ ॥

(ਬਾਰਹ ਮਾਹਾ ਮਾਂਝ ਮ: ੫, ਪੰਨਾ 136)

ਅਰਥ : ਜਿਨ੍ਹਾਂ ਉੱਤੇ ਪ੍ਰਭੂ ਮਿਹਰ ਦੀ ਨਜ਼ਰ ਕਰਦਾ ਹੈ (ਆਪਣੇ ਨਾਮ ਦੀ ਦਾਤਿ ਦੇਂਦਾ ਹੈ) ਉਹਨਾਂ ਵਾਸਤੇ ਸਾਰੇ ਮਹੀਨੇ ਸਾਰੇ ਦਿਹਾੜੇ ਸਾਰੇ ਹੀ ਮੁਹੂਰਤ ਸੁਲੱਖਣੇ ਹਨ।

ਇਸ ਫ਼ੁਰਮਾਨ ਵਿਚ ਦਿਨਾਂ, ਮਹੀਨਿਆਂ ਆਦਿ ਬਾਰੇ ਪ੍ਰਚਲਿਤ ਧਾਰਨਾ ਨੂੰ ਸਵੀਕਾਰ ਨਹੀਂ ਕੀਤਾ ਗਿਆ ਹੈ। ਇਸ ਵਿਚ ਤਾਂ ਸਗੋਂ ਇਹ ਸਪੱਸ਼ਟ ਕੀਤਾ ਗਿਆ ਹੈ ਕਿ ਜਿਨ੍ਹਾਂ ਨੂੰ ਗੁਰਮਤਿ ਦੀ ਸੋਝੀ ਆ ਜਾਂਦੀ ਹੈ, ਉਹ ਦਿਨਾਂ, ਮਹੀਨਿਆਂ ਬਾਰੇ ਕਿਸੇ ਤਰ੍ਹਾਂ ਦੇ ਵਹਿਮ-ਭਰਮ ਦਾ ਸ਼ਿਕਾਰ ਨਹੀਂ ਹੁੰਦੇ। ਦਿਨਾਂ, ਥਿੱਤਾਂ ਬਾਰੇ ਵਹਿਮ-ਭਰਮ ਦਾ ਸ਼ਿਕਾਰ ਹੋਣ ਵਾਲਿਆਂ ਬਾਰੇ ਗੁਰੂ ਗ੍ਰੰਥ ਸਾਹਿਬ ਜੀ ਦਾ ਫ਼ੁਰਮਾਨ ਹੈ:

ਸਤਿਗੁਰ ਬਾਝਹੁ ਅੰਧੁ ਗੁਬਾਰੁ ॥
ਥਿਤੀ ਵਾਰ ਸੇਵਹਿ ਮੁਗਧ ਗਵਾਰ ॥ *(ਬਿਲਾਵਲੁ ਮਹਲਾ ੩, ਪੰਨਾ 843)*

ਅਰਥ : ਗੁਰੂ ਸ਼ਰਨ ਆਉਣ ਤੋਂ ਬਿਨਾਂ ਮਨੁੱਖ (ਆਤਮਿਕ ਜੀਵਨ ਵਲੋਂ) ਪੂਰੇ ਤੌਰ 'ਤੇ ਅੰਨ੍ਹਾ ਹੋਇਆ ਰਹਿੰਦਾ ਹੈ, (ਗੁਰੂ ਦਾ ਆਸਰਾ-ਪਰਨਾ ਛੱਡ ਕੇ) ਮੂਰਖ ਮਨੁੱਖ ਹੀ ਥਿੱਤਾਂ ਤੇ ਵਾਰ ਮਨਾਂਦੇ ਫਿਰਦੇ ਹਨ।

ਗੱਲ ਕੀ, ਗੁਰਬਾਣੀ ਵਿਚ ਮਨੁੱਖ ਨੂੰ ਵਹਿਮਾਂ-ਭਰਮਾਂ ਤੋਂ ਮੁਕਤ ਕਰ ਕੇ ਸਚਿਆਰ ਜੀਵਨ ਜਿਊਣ ਦੀ ਜੁਗਤੀ ਦ੍ਰਿੜ੍ਹ ਕਰਵਾਈ ਹੈ। ਇਹੀ ਕਾਰਨ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਵਹਿਮ-ਭਰਮ ਦੇ ਕਿਸੇ ਵੀ ਰੂਪ ਨੂੰ ਸਵੀਕਾਰ ਨਹੀਂ ਕੀਤਾ ਗਿਆ ਹੈ। ਹਾਂ, ਇਹ ਜ਼ਰੂਰ ਹੈ ਕਿ ਬਾਣੀ ਰਚੇਤਿਆਂ ਨੇ ਵਹਿਮਾਂ-ਭਰਮਾਂ ਵਿਚ ਦ੍ਰਿੜ੍ਹ ਵਿਸ਼ਵਾਸ ਕਾਰਨ ਮਾਨਸਿਕ ਤੌਰ 'ਤੇ ਅਪਾਹਜ ਹੋਏ ਵਿਅਕਤੀ ਦੇ ਪ੍ਰਭਾਵਿਤ ਹੋਣ ਦੀ ਗੱਲ ਤਾਂ ਸਵੀਕਾਰ ਕੀਤੀ ਹੈ, ਪਰੰਤੂ ਵਹਿਮ-ਭਰਮ ਦੀ ਹੋਂਦ ਨੂੰ ਮੰਨਣ ਤੋਂ ਇਨਕਾਰ ਕੀਤਾ ਹੈ। ਇਸ ਕਾਰਨ ਹੀ ਵਹਿਮਾਂ-ਭਰਮਾਂ ਦੀ ਦਲਦਲ ਵਿਚ ਫਸੇ ਹੋਏ ਮਨੁੱਖ ਨੂੰ ਸਮਝਾਉਂਦਿਆਂ ਹੋਇਆਂ ਆਖਿਆ ਹੈ ਕਿ ਉਹ ਅਜਿਹੀ ਸੋਚ ਕਾਰਨ ਹੀ ਇਸ ਦਾ ਖ਼ਮਿਆਜ਼ਾ ਭੁਗਤ ਰਿਹਾ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿਚ 'ਬਦ ਨਦਰਿ' ਸ਼ਬਦ ਆਇਆ ਹੈ, ਪਰ ਇਹ ਸ਼ਬਦ ਖੋਟੇ ਮਨੁੱਖ ਦੀ ਮੰਦ-ਦ੍ਰਿਸ਼ਟੀ ਦਾ ਦੂਜੇ 'ਤੇ ਅਸਰ ਹੋਣ ਦੇ ਅਰਥ ਵਿਚ ਨਹੀਂ, ਬਲਕਿ ਵਿਕਾਰ ਭਰੀ ਨਜ਼ਰ ਤੋਂ ਹੈ:

ਕਾਨ ਫਰਾਇ ਹਿਰਾਏ ਟੂਕਾ ॥
ਘਰਿ ਘਰਿ ਮਾਂਗੈ ਤ੍ਰਿਪਤਾਵਨ ਤੇ ਚੂਕਾ ॥
ਬਨਿਤਾ ਛੋਡਿ ਬਦ ਨਦਰਿ ਪਰ ਨਾਰੀ ॥
ਵੇਸਿ ਨ ਪਾਈਐ ਮਹਾ ਦੁਖਿਆਰੀ ॥ *(ਪ੍ਰਭਾਤੀ ਮਹਲਾ ੫, ਪੰਨਾ 1348)*

ਅਰਥ : ਹੇ ਭਾਈ! (ਜਿਹੜਾ ਮਨੁੱਖ ਆਪਣੇ ਵਲੋਂ ਸ਼ਾਂਤੀ ਦੀ ਖ਼ਾਤਰ) ਕੰਨ ਪੜਵਾ ਕੇ (ਜੋਗੀ ਬਣ ਜਾਂਦਾ ਹੈ, ਪਰ ਪੇਟ ਦੀ ਭੁੱਖ ਮਿਟਾਣ ਲਈ ਹੋਰਨਾਂ ਦੇ) ਟੁੱਕਰ ਤੱਕਦਾ ਫਿਰਦਾ ਹੈ, ਹਰੇਕ ਘਰ (ਦੇ ਬੂਹੇ) 'ਤੇ (ਰੋਟੀ) ਮੰਗਦਾ ਫਿਰਦਾ ਹੈ, ਉਹ (ਸਗੋਂ) ਤ੍ਰਿਪਤੀ ਤੋਂ ਵਾਂਜਿਆ ਰਹਿੰਦਾ ਹੈ। (ਉਹ ਮਨੁੱਖ ਆਪਣੀ) ਇਸਤ੍ਰੀ ਛੱਡ ਕੇ ਪਰਾਈ ਇਸਤ੍ਰੀ ਵੱਲ ਭੈੜੀ ਨਿਗਾਹ ਰੱਖਦਾ ਹੈ। ਹੇ ਭਾਈ! (ਨਿਰੇ) ਧਾਰਮਿਕ ਪਹਿਰਾਵੇ ਨਾਲ (ਪਰਮਾਤਮਾ) ਨਹੀਂ ਮਿਲਦਾ। (ਇਸ ਤਰ੍ਹਾਂ ਸਗੋਂ ਜਿੰਦ) ਬਹੁਤ ਦੁਖੀ ਹੁੰਦੀ ਹੈ।

'ਬੁਰੀ ਨਜ਼ਰ' ਦੇ ਸੰਕਲਪ ਨੂੰ ਸਿੱਖ ਸੰਗਤਾਂ ਵਲੋਂ ਪ੍ਰਵਾਨ ਕਰਨ ਦਾ ਕਾਰਨ, ਜਿਥੇ ਗੁਰਬਾਣੀ ਨੂੰ ਧਿਆਨ ਨਾਲ ਨਾ ਪੜ੍ਹਨਾ ਅਤੇ ਵਿਚਾਰਨਾ ਹੈ, ਉਥੇ ਨਾਲ ਹੀ ਸਾਡੇ ਕੁਝ ਲੇਖਕਾਂ ਦੀਆਂ ਲਿਖਤਾਂ ਹਨ। ਇਨ੍ਹਾਂ ਲੇਖਕਾਂ ਨੇ ਆਮ ਸਿੱਖ ਸੰਗਤਾਂ ਨੂੰ ਹੀ ਨਹੀਂ, ਸਗੋਂ ਗੁਰੂ ਪਰਿਵਾਰ ਨੂੰ ਵੀ ਇਨ੍ਹਾਂ ਵਹਿਮਾਂ-ਭਰਮਾਂ ਦਾ ਸ਼ਿਕਾਰ ਦਿਖਾਇਆ ਹੈ। ਅਜਿਹੀਆਂ ਲਿਖਤਾਂ ਵਿੱਚੋਂ *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਪ੍ਰਮੁੱਖ ਹੈ। ਇਸ ਦੀ ਕਥਾ ਸਾਲਾਂ-ਬੱਧੀ ਗੁਰਦੁਆਰਿਆਂ ਵਿਚ ਹੁੰਦੀ ਰਹੀ ਹੈ ਅਤੇ ਅੱਜ ਵੀ ਕਈ ਥਾਂਈਂ ਹੋ ਰਹੀ ਹੈ। ਇਸ ਗ੍ਰੰਥ ਵਿਚ 'ਬੁਰੀ ਨਜ਼ਰ' ਦੇ ਭਰਮ ਦਾ ਕਈ ਥਾਂਈਂ ਵਰਣਨ ਕੀਤਾ ਹੋਇਆ ਹੈ। ਅਜਿਹੇ ਪ੍ਰਸੰਗਾਂ ਨੂੰ ਸੁਣਾਉਣ ਸਮੇਂ ਜ਼ਿਆਦਾਤਰ ਕਥਾਵਾਚਕ ਗੁਰਮਤਿ ਦਾ ਪੱਖ ਸਪੱਸ਼ਟ ਕਰਨ ਦੀ ਬਜਾਏ ਆਲੇ-ਦੁਆਲੇ 'ਚੋਂ ਹੋਰ ਦ੍ਰਿਸ਼ਟਾਂਤ ਦੇ ਕੇ ਇਸ ਵਹਿਮ ਨੂੰ ਹੋਰ ਪ੍ਰਪੱਕ ਕਰਨ ਦੀ ਭੂਮਿਕਾ ਹੀ ਨਿਭਾਉਂਦੇ ਹਨ। ਇਸੇ ਕਾਰਨ ਆਮ ਸਿੱਖ ਸੰਗਤਾਂ ਅਜਿਹੇ ਪ੍ਰਸੰਗਾਂ ਨੂੰ ਵੀ ਗੁਰਸਿੱਖੀ ਜੀਵਨ-ਜਾਚ ਦਾ ਹੀ ਅੰਗ ਸਮਝਣ ਲੱਗ ਪੈਂਦੀਆਂ ਹਨ।

ਇਸ ਗ੍ਰੰਥ ਵਿੱਚੋਂ ਦੋ ਕੁ ਉਦਾਹਰਣਾਂ ਹੀ ਪਾਠਕਾਂ ਨਾਲ ਸਾਂਝੀਆਂ ਕਰ ਰਹੇ ਹਾਂ। ਪਾਠਕ ਖ਼ੁਦ ਹੀ ਅੰਦਾਜ਼ਾ ਲਗਾ ਲੈਣ ਕਿ ਲੇਖਕ ਨੇ ਆਪਣੇ ਮਨ ਦੀ ਸੋਚ ਰਾਹੀਂ, ਆਮ ਸਿੱਖਾਂ ਨੂੰ ਹੀ ਨਹੀਂ, ਗੁਰੂ-ਪਰਿਵਾਰ ਨੂੰ ਵੀ ਇਸ ਵਹਿਮ ਦਾ ਸ਼ਿਕਾਰ ਹੋਇਆ ਦਿਖਾਇਆ ਹੈ। ਭਾਈ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਮਾਤਾ ਨਾਨਕੀ ਜੀ (ਗੁਰੂ ਤੇਗ ਬਹਾਦਰ ਜੀ ਦੇ ਮਾਤਾ ਜੀ) ਨੂੰ ਜਦ ਇਹ ਪੁੱਛਿਆ ਗਿਆ ਕਿ ਭੀਖਨ ਸ਼ਾਹ ਬਾਲ ਗੋਬਿੰਦ ਰਾਏ ਦੇ ਦਰਸ਼ਨ ਕਰਨਾ ਚਾਹੁੰਦਾ ਹੈ, ਤਾਂ ਮਾਤਾ ਨਾਨਕੀ ਜੀ ਬਾਲਕ ਗੋਬਿੰਦ ਰਾਇ ਨੂੰ ਭੀਖਨ ਸ਼ਾਹ ਨੂੰ ਨਾ ਦਿਖਾਉਣ ਦੇ ਹੋਰ ਕਾਰਨਾਂ ਤੋਂ ਇਲਾਵਾ ਇਕ ਕਾਰਨ ਇਹ ਵੀ ਦੱਸਦੇ ਹਨ :

ਨਰ ਪਰਦੇਸੀ ਕੋ ਦਿਖਰਾਵਨਿ।
ਡੀਠ ਆਦਿ ਅਵਗੁਨ ਪਰਛਾਵਨਿ।
ਇੱਤਯਾਦਿਕ ਉਰ ਸਮਝਹੁ ਸਾਰੇ।
ਤਿਨਹਿ ਉਠਾਵਹੁ ਬਿਨੈ ਉਚਾਰੇ ॥੧੮॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 12, ਅੰਸੂ 15)

ਭਾਵ, ਮਾਤਾ ਨਾਨਕੀ ਜੀ ਨੇ ਆਖਿਆ ਕਿ ਤੁਸੀਂ ਇਸ ਗੱਲ ਦੀ ਵੀਚਾਰ ਕਰੋ ਕਿ ਬਾਲਕ ਨੂੰ ਕਿਸੇ ਅਨਜਾਣ ਪਰਦੇਸੀ ਵਿਅਕਤੀ ਨੂੰ ਦਿਖਾਉਣਾ ਠੀਕ ਨਹੀਂ ਹੈ, ਫੇਰ 'ਬੁਰੀ ਨਜ਼ਰ' ਆਦਿ ਲੱਗਣ ਦਾ ਡਰ ਵੀ ਹੈ। ਇਸ ਲਈ ਭੀਖਨ ਸ਼ਾਹ ਨੂੰ ਪਿਆਰ ਨਾਲ ਸਮਝਾ-ਬੁਝਾ ਕੇ ਚਲੇ ਜਾਣ ਲਈ ਆਖ ਦੇਵੋ।

ਪਰ ਜਦ ਭੀਖਨ ਸ਼ਾਹ ਦਾ ਦ੍ਰਿੜ੍ਹ ਵਿਸ਼ਵਾਸ/ਪ੍ਰੇਮ ਦੇਖ ਕੇ ਇਹ ਫ਼ੈਸਲਾ ਕੀਤਾ ਗਿਆ ਕਿ ਬਾਲਕ ਦੇ ਭੀਖਨ ਸ਼ਾਹ ਨੂੰ ਦਰਸ਼ਨ ਕਰਵਾਏ ਜਾਣ, ਤਾਂ ਮਾਤਾ ਗੁਜਰੀ ਜੀ ਨੇ ਬਾਲਕ ਦੇ ਮੱਥੇ 'ਤੇ ਕਾਲ਼ਾ ਟਿੱਕਾ ਲਗਾ ਦਿੱਤਾ ਤਾਂ ਕਿ ਇਨ੍ਹਾਂ ਨੂੰ ਨਜ਼ਰ ਨਾ ਲੱਗੇ।

ਸ਼ਯਾਮ ਬਿੰਦੁ ਜਨਨੀ ਸ਼ੁਭ ਲਾਇਵ।
ਡੀਠ ਨ ਲਗੈ ਰਿਦਾ ਅਕੁਲਾਇਵ।
ਮਨਹੁਂ ਸੁ ਲੱਛਨ ਚੰਦ ਸੁਹਾਵਾ।
ਦਾਸ ਚਕੋਰਨ ਗਨ ਹਰਖਾਵਾ॥੨੦॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 12, ਅੰਸੂ 16)

ਮਾਤਾ ਗੰਗਾ ਜੀ (ਗੁਰੂ ਅਰਜਨ ਦੇਵ ਜੀ ਦੇ ਮਹਿਲ) ਨੂੰ ਬਾਲਕ (ਗੁਰੂ) ਹਰਿਗੋਬਿੰਦ ਜੀ ਨੂੰ 'ਬੁਰੀ ਨਜ਼ਰ' ਤੋਂ ਬਚਾਉਣ ਲਈ ਮੱਥੇ 'ਤੇ ਕਾਲ਼ਾ ਟਿੱਕਾ ਲਾਉਣ ਉਪਰੰਤ ਵੀ ਤਸੱਲੀ ਨਹੀਂ ਹੁੰਦੀ, ਇਸ ਲਈ ਮਾਤਾ ਜੀ ਬਾਲਕ ਤੋਂ:

ਡੀਠ ਨ ਲਗਹਿਂ ਡਰਤਿ ਉਰ ਜਨਨੀ ਵਾਰਤਿ ਗਈ ਲੌਂ ਮੰਗਾਇ।
ਤਨਕਾ ਤੋਰਿ ਤੋਰਿ ਕਰਿ ਗੇਰਤਿ ਰੱਛਕ ਸ੍ਰੀ ਨਾਨਕ ਲੇ ਨਾਇ॥੨੯॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 3, ਅੰਸੂ 6)

ਅਰਥ: ਮਾਤਾ ਗੰਗਾ ਜੀ ਇਸ ਗੱਲੋਂ ਡਰਦੇ ਹਨ ਕਿ ਕਿਤੇ ਬਾਲਕ ਨੂੰ ਕਿਸੇ ਦੀ ਨਜ਼ਰ ਨਾ ਲੱਗ ਜਾਵੇ, ਇਸ ਲਈ ਆਪ ਬਾਲਕ ਦੇ ਸਿਰ ਤੋਂ ਲੂਣ ਵਾਰਦੇ ਹਨ। ਮਾਤਾ ਜੀ, ਗੁਰੂ ਨਾਨਕ ਸਾਹਿਬ ਦਾ ਨਾਮ ਲੈ ਕੇ ਤਿਨਕਾ ਬਾਲਕ ਦੇ ਸਿਰ ਤੋਂ ਵਾਰ ਕੇ ਤੋੜ ਕੇ ਸੁੱਟ ਰਹੇ ਹਨ।

[ਨੋਟ: ਮਰੇ ਹੋਏ ਪ੍ਰਾਣੀ ਦੀ ਚਿਤਾ ਵਿਚ, ਸਸਕਾਰ ਸਮੇਂ ਤਿਨਕਾ ਤੋੜ ਕੇ ਸਿੱਟਿਆ ਜਾਂਦਾ ਹੈ, ਜਿਸ ਦਾ ਅਰਥ ਇਹ ਲਿਆ ਜਾਂਦਾ ਹੈ ਕਿ ਹੁਣ ਸਾਡੇ ਨਾਲੋਂ ਸੰਬੰਧ ਟੁੱਟਾ। ਪਰੰਤੂ ਬਾਲਕ ਦੇ ਸਿਰ ਤੋਂ ਤਿਨਕਾ ਵਾਰ ਕੇ ਤੋੜ ਕੇ ਸਿੱਟਣ ਤੋਂ ਇਹ ਭਾਵ ਲਿਆ ਜਾਂਦਾ ਹੈ ਕਿ ਇਸ ਤਰ੍ਹਾਂ ਬਾਲਕ ਨੂੰ ਕਿਸੇ ਦੀ ਬੁਰੀ ਨਜ਼ਰ ਨਹੀਂ ਲੱਗਦੀ।]

ਕਈ ਵਿਦਵਾਨ ਭਾਈ ਗੁਰਦਾਸ ਜੀ ਦੀ 35ਵੀਂ ਵਾਰ ਦੀ 9ਵੀਂ ਪਉੜੀ ਦੀ ਉਦਾਹਰਣ ਦੇ ਕੇ ਆਖਦੇ ਹਨ ਕਿ ਗੁਰਮਤਿ ਸਾਹਿਤ ਵਿਚ 'ਬੁਰੀ ਨਜ਼ਰ' ਦੇ ਸੰਕਲਪ ਨੂੰ ਪ੍ਰਵਾਨ ਕੀਤਾ ਹੋਇਆ ਹੈ। ਭਾਈ ਗੁਰਦਾਸ ਜੀ ਦੀ ਇਹ ਵਾਰ ਇਸ ਤਰ੍ਹਾਂ ਹੈ:

ਮਦ ਵਿਚਿ ਰਿਧਾ ਪਾਇਕੈ ਕੁਤੇ ਦਾ ਮਾਸੁ।
ਧਰਿਆ ਮਾਣਸ ਖੋਪਰੀ ਤਿਸੁ ਮੰਦੀ ਵਾਸੁ।
ਰਤੂ ਭਰਿਆ ਕਪੜਾ ਕਰਿ ਕਜਣੁ ਤਾਸੁ।
ਢਕਿ ਲੈ ਚਲੀ ਚੂਹੜੀ ਕਰਿ ਭੋਗ ਬਿਲਾਸੁ।

ਆਖਿ ਸੁਣਾਏ ਪੁਛਿਆ ਲਾਹੇ ਵਿਸਵਾਸੁ।
ਨਦਰਿ ਪਵੈ ਅਕਿਰਤਿਘਣੁ ਮਤੁ ਹੋਇ ਵਿਣਾਸੁ। *(ਵਾਰ 35, ਪਉੜੀ 9)*

ਅਰਥ : ਇਕ ਚੂਹੜੀ ਨੇ ਕੁੱਤੇ ਦਾ ਮਾਸ ਸ਼ਰਾਬ ਵਿਚ ਪਾ ਕੇ ਰਿੱਧਾ। [*ਨੋਟ :* 'ਚੂਹੜੀ' ਸ਼ਬਦ ਇਥੇ ਕਿਸੇ ਵਿਸ਼ੇਸ਼ ਜਾਤੀ ਨਾਲ ਸੰਬੰਧਿਤ ਨਹੀਂ ਹੈ। ਇਹ ਸ਼ਬਦ ਵਿਸ਼ੇ-ਵਿਕਾਰਾਂ ਵਿਚ ਗ੍ਰਸੇ ਹੋਏ ਪ੍ਰਾਣੀ ਦਾ ਹੀ ਲਖਾਇਕ ਸਮਝਣਾ ਚਾਹੀਦਾ ਹੈ]। ਇਸ ਨੂੰ ਮਨੁੱਖ ਦੀ ਖੋਪਰੀ ਵਿਚ ਰੱਖਿਆ ਹੋਇਆ ਸੀ। ਇਸ ਕਰਕੇ ਉਸ ਵਿੱਚੋਂ ਭੈੜੀ ਵਾਸ਼ਨਾ ਆਉਂਦੀ ਸੀ। ਲਹੂ ਦੇ ਭਰੇ ਕੱਪੜੇ ਨਾਲ ਉਸ ਨੂੰ ਕੱਜ/ਢੱਕ ਕੇ ਭੋਗ ਵਿਲਾਸ ਕਰਨ ਲਈ ਚੂਹੜੀ ਲਈ ਜਾਂਦੀ ਸੀ। ਕਿਸੇ ਨੇ ਪੁੱਛਿਆ ਕਿ ਇਸ ਵਿਖੇ ਕੇਹੜੀ ਅਦਭੁਤ ਚੀਜ਼ ਹੈ, ਜਿਸ ਨੂੰ ਤੂੰ ਢੱਕ ਕੇ ਪੜਦੇ ਨਾਲ ਲਈ ਜਾਂਦੀ ਹੈਂ ? ਉਸ ਦੇ ਸੰਸੇ ਨੂੰ ਦੂਰ ਕਰਨ ਲਈ ਚੂਹੜੀ ਨੇ ਆਖ ਸੁਣਾਇਆ, ਜੇਕਰ ਅਕ੍ਰਿਤਘਣ ਪੁਰਖ ਦੀ ਇਸ ਪੁਰ ਨਜ਼ਰ ਪੈ ਗਈ ਤਾਂ ਇਹ ਫਿਟ ਜਾਵੇਗਾ, ਫੇਰ ਖਾਣ ਦੇ ਕੰਮ ਦਾ ਨਹੀਂ ਰਹਿਣ ਲੱਗਾ; ਇਸ ਲਈ ਭੈੜੇ ਲਹੂ ਦੇ ਭਰੇ ਹੋਏ ਕੱਪੜੇ ਨਾਲ ਢਕਿਆ ਹੈ ਕਿ ਇਹ ਮਾਸ ਭੈੜੀ ਨਜ਼ਰ ਨਾਲ ਵਿਗੜ ਨਾ ਜਾਵੇ।

ਪਰ ਭਾਈ ਸਾਹਿਬ ਦੀ ਇਸ ਪਉੜੀ ਦਾ ਵਿਸ਼ਾ 'ਨਜ਼ਰ ਲੱਗਣਾ' ਨਹੀਂ ਹੈ। ਇਸ ਵਿਚ ਤਾਂ ਭਾਈ ਸਾਹਿਬ ਅਕ੍ਰਿਤਘਣ ਹੋਣਾ ਕਿੰਨਾ ਮਾੜਾ ਅਥਵਾ ਨੀਚ ਹੈ, ਇਸ ਦਾ ਹੀ ਵਰਣਨ ਕਰ ਰਹੇ ਹਨ। ਕੁੱਤੇ ਦਾ ਮਾਸ, ਮੁਰਦੇ ਦੀ ਖੋਪਰੀ, ਸ਼ਰਾਬ ਆਦਿਕ ਵਸਤੂਆਂ ਬਾਰੇ 'ਬੁਰੀ ਨਜ਼ਰ ਲੱਗਣ' ਦੀ ਧਾਰਨਾ ਵਿਚ ਵਿਸ਼ਵਾਸ ਰੱਖਣ ਵਾਲੇ ਮੰਨਦੇ ਹਨ ਕਿ ਇਨ੍ਹਾਂ ਨੂੰ ਨਜ਼ਰ ਨਹੀਂ ਲੱਗਦੀ। ਪਰ ਅਕ੍ਰਿਤਘਣ ਅਜਿਹਾ ਪ੍ਰਾਣੀ ਹੈ ਕਿ ਜਿਸ ਦੀ ਨਜ਼ਰ ਜੇਕਰ ਇਨ੍ਹਾਂ ਵਸਤੂਆਂ 'ਤੇ ਪੈ ਜਾਵੇ ਤਾਂ ਇਹ ਹੋਰ ਵੀ ਅਪਵਿੱਤਰ ਹੋ ਜਾਂਦੀਆਂ ਹਨ। ਭਾਵ ਅਕ੍ਰਿਤਘਣ ਦੀ ਨਜ਼ਰ ਇਨ੍ਹਾਂ ਅਪਵਿੱਤਰ ਵਸਤੂਆਂ ਨੂੰ ਹੋਰ ਅਪਵਿੱਤਰ ਬਣਾ ਦੇਂਦੀ ਹੈ। ਭਾਈ ਸਾਹਿਬ ਤਾਂ 'ਬੁਰੀ ਨਜ਼ਰ' ਬਾਰੇ ਪ੍ਰਚਲਿਤ ਲੋਕ-ਧਾਰਨਾ ਦੀ ਵਰਤੋਂ ਕਰਕੇ ਅਕ੍ਰਿਤਘਣਤਾ ਦੀ ਦੁਸ਼ਟਤਾ ਨੂੰ ਹੀ ਦਰਸਾ ਰਹੇ ਹਨ। ਇਸ ਲਈ ਇਸ ਪਉੜੀ ਤੋਂ ਇਹ ਧਾਰਨਾ ਬਣਾ ਲੈਣੀ ਜੋਗ ਨਹੀਂ ਹੈ ਕਿ ਭਾਈ ਗੁਰਦਾਸ ਜੀ 'ਨਜ਼ਰ ਲੱਗਣ' ਬਾਰੇ ਪ੍ਰਚਲਿਤ ਭਰਮ ਵਿਚ ਵਿਸ਼ਵਾਸ ਰੱਖਦੇ ਹਨ।

ਇਸ ਸੰਖੇਪ ਜਿਹੀ ਵਿਚਾਰ ਉਪਰੰਤ ਅਸੀਂ ਆਖ ਸਕਦੇ ਹਾਂ ਕਿ ਗੁਰਮਤਿ ਵਿਚ 'ਬੁਰੀ ਨਜ਼ਰ ਲੱਗਣ' ਦੀ ਧਾਰਨਾ ਨੂੰ ਸਵੀਕਾਰ ਨਹੀਂ ਕੀਤਾ ਗਿਆ ਹੈ। ਭਾਵੇਂ ਲੋਕ ਗੀਤਾਂ, ਅਖਾਣਾਂ ਅਤੇ ਮੁਹਾਵਰਿਆਂ ਵਿਚ 'ਨਜ਼ਰ ਲੱਗਣ' ਦੀ ਧਾਰਨਾ ਨੂੰ ਦਰਸਾਇਆ ਗਿਆ ਹੈ, ਪਰ ਗੁਰਮਤਿ ਦੀ ਰਹਿਣੀ ਵਿਚ ਇਸ ਧਾਰਨਾ ਨੂੰ ਸਵੀਕਾਰ ਨਹੀਂ ਕੀਤਾ ਗਿਆ ਹੈ। ਭਾਵੇਂ ਕਈ ਸਿੱਖ ਪਰਿਵਾਰ ਇਸ ਵਿਚ ਵਿਸ਼ਵਾਸ ਕਰਦੇ ਹਨ, ਪਰੰਤੂ ਇਹ ਵਿਸ਼ਵਾਸ ਇਸ ਗੱਲ ਦਾ ਲਖਾਇਕ ਨਹੀਂ ਹੈ ਕਿ ਇਹ ਗੁਰਮਤਿ ਦਾ ਸੱਚ ਹੈ। ਇਹ ਵਿਸ਼ਵਾਸ ਸਾਡੀ ਗੁਰਮਤਿ ਪ੍ਰਤੀ ਅਗਿਆਨਤਾ ਅਥਵਾ ਬੇਸਮਝੀ ਦਾ ਹੀ ਪ੍ਰਤੀਕ ਹੈ। ਸਾਨੂੰ ਗੁਰੂ ਗ੍ਰੰਥ ਸਾਹਿਬ ਵਿਚ ਦਰਸਾਈ ਜੀਵਨ-ਜਾਚ ਨੂੰ ਹੀ

ਸਮਝਣ ਅਤੇ ਅਪਨਾਉਣ ਦੀ ਲੋੜ ਹੈ ਨਾ ਕਿ ਲੋਕ ਮਨਾਂ ਵਿਚ ਸਦੀਆਂ ਤੋਂ ਵੱਸੇ ਹੋਏ ਵਹਿਮਾਂ-ਭਰਮਾਂ ਨੂੰ। ਸੋ ਆਓ! ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਨੂੰ ਪਹਿਲਾਂ ਆਪ ਸਮਝ ਕੇ, ਫਿਰ ਦੂਜਿਆਂ ਨੂੰ ਵੀ ਇਸ ਅਤਿ ਉੱਤਮ ਅਤੇ ਸਾਇੰਟਫ਼ਿਕ/ਵਿਗਿਆਨਕ ਵਿਚਾਰਧਾਰਾ ਦੀ ਮਹੱਤਤਾ ਤੋਂ ਜਾਣੂ ਕਰਾ ਕੇ ਆਪਣੇ ਸਿੱਖ ਹੋਣ ਦੇ ਫ਼ਰਜ਼ ਦੀ ਪਾਲਣਾ ਕਰੀਏ। ਅੰਤ ਵਿਚ ਪਾਠਕਾਂ ਦਾ ਧਿਆਨ ਭਾਈ ਕਾਨ੍ਹ ਸਿੰਘ ਨਾਭਾ ਦੀ 'ਬੁਰੀ ਨਜ਼ਰ' ਸੰਬੰਧੀ ਲਿਖਤ ਵੱਲ ਦੁਆ ਰਹੇ ਹਾਂ :

> "ਅਗਯਾਨੀ ਸਮਝਦੇ ਹਨ ਕਿ ਬਦਨਜ਼ਰ ਦਾ ਬੁਰਾ ਅਸਰ ਹੁੰਦਾ ਹੈ, ਅਰ ਉਸ ਤੋਂ ਬਚਣ ਵਾਸਤੇ ਅਵਿਦਯਾ ਦੇ ਅਨੇਕ ਕਰਮ ਕਰਦੇ ਹਨ, ਜੋ ਸਿੱਖ-ਧਰਮ ਵਿਚ ਨਿੰਦਿਤ ਹਨ।"
>
> *(ਗੁਰਮਤ ਮਾਰਤੰਡ)*

ਹਭੇ ਸਾਕ ਕੂੜਾਵੇ ਡਿਠੇ ਤਉ ਪਲੈ ਤੈਡੇ ਲਾਗੀ

ਇਹ ਸਲੋਕ ਗੁਰੂ ਅਰਜਨ ਸਾਹਿਬ ਜੀ ਦਾ ਉਚਾਰਨ ਕੀਤਾ ਹੋਇਆ ਹੈ ਅਤੇ ਰਾਮਕਲੀ ਕੀ ਵਾਰ ਵਿਚ ਦਰਜ ਹੈ। ਇਸ ਸਲੋਕ ਨੂੰ ਅਨੰਦ-ਕਾਰਜ ਸਮੇਂ ਜਿਸ ਵੇਲੇ ਲੜਕੀ ਦੇ ਪਿਤਾ ਜਾਂ ਹੋਰ ਕੋਈ ਸੰਬੰਧੀ ਲੜਕੇ ਦਾ ਪੱਲਾ ਫੜਾਉਂਦਾ ਹੈ, ਤਾਂ ਰਾਗੀ ਸਿੰਘ ਇਸ ਸ਼ਬਦ ਦਾ ਗਾਇਣ ਕਰਦੇ ਹਨ। ਇਸ ਸਲੋਕ ਵਿਚ 'ਪਲੈ' ਸ਼ਬਦ ਦੀ ਵਰਤੋਂ ਅਤੇ ਲਾਵਾਂ ਤੋਂ ਪਹਿਲਾਂ ਲੜਕੇ ਦਾ ਪੱਲਾ ਬੱਚੀ ਨੂੰ ਫੜਾਉਣ ਕਾਰਨ ਹੀ ਕਈ ਸੱਜਣਾਂ ਵਲੋਂ ਅਨਜਾਣਪੁਣੇ ਵਿਚ ਇਸ ਸ਼ਬਦ ਨੂੰ 'ਪੱਲੇ ਦਾ ਸ਼ਬਦ' ਆਖਿਆ ਜਾਂਦਾ ਹੈ। ਭਾਵੇਂ 'ਸਿੱਖ ਰਹਿਤ ਮਰਯਾਦਾ' ਵਿਚ ਇਸ ਸਮੇਂ ਇਸ ਸਲੋਕ ਨੂੰ ਪੜ੍ਹਨ ਅਥਵਾ ਗਾਇਣ ਕਰਨ ਦੀ ਹਦਾਇਤ ਨਹੀਂ ਹੈ, ਪਰ ਫਿਰ ਵੀ ਅਨੰਦ-ਕਾਰਜ ਸਮੇਂ ਇਸ ਸਲੋਕ ਨੂੰ ਪੜ੍ਹਨ ਦਾ ਆਮ ਰਿਵਾਜ ਪ੍ਰਚਲਿਤ ਹੋਇਆ ਹੋਇਆ ਹੈ। ਇਸ ਸਲੋਕ ਨੂੰ ਇਸ ਸਮੇਂ ਪੜ੍ਹਨ ਕਾਰਨ ਹੀ ਕਈ ਸੱਜਣ ਸਮਝਦੇ ਹਨ ਕਿ ਸ਼ਾਇਦ ਇਹ ਸ਼ਬਦ ਲੜਕੀ ਵਲੋਂ ਆਪਣੇ ਕੰਤ ਨੂੰ ਆਖੇ ਜਾ ਰਹੇ ਹਨ। ਇਸ ਸਲੋਕ ਦਾ ਅਜਿਹਾ ਭਾਵ ਲੈਣ ਕਾਰਨ ਹੀ ਕਈ ਥਾਈਂ ਕਥਿਤ ਅਗਾਂਹਵਧੂ ਸੱਜਣ ਇਸ ਸਲੋਕ ਨੂੰ ਇਸ ਸਮੇਂ ਨਾ ਪੜ੍ਹਨ ਦੀ ਸਲਾਹ ਦੇਂਦੇ ਹਨ। ਪਰ ਦੋਹਾਂ ਧਿਰਾਂ ਵਲੋਂ ਹੀ ਇਸ ਸਲੋਕ ਦੇ ਭਾਵਾਰਥ ਨੂੰ ਨਾ ਸਮਝਣ ਕਾਰਨ ਹੀ ਅਨੰਦ-ਕਾਰਜ ਸਮੇਂ ਇਸ ਸਲੋਕ ਨੂੰ ਪੜ੍ਹਨ ਜਾਂ ਨਾ ਪੜ੍ਹਨ ਦੀ ਸਲਾਹ ਦਿੱਤੀ ਜਾਂਦੀ ਹੈ।

ਇਹ ਸਲੋਕ ਰਾਮਕਲੀ ਕੀ ਵਾਰ, ਜੋ ਗੁਰੂ ਅਰਜਨ ਸਾਹਿਬ ਦੀ ਉਚਾਰਨ ਕੀਤੀ ਹੋਈ ਹੈ, ਦੀ 14ਵੀਂ ਪਉੜੀ ਨਾਲ ਦਰਜ ਦੋ ਸਲੋਕਾਂ ਵਿੱਚੋਂ, ਪਹਿਲਾ ਸਲੋਕ ਹੈ। ਇਹ ਦੋਵੇਂ ਸਲੋਕ ਗੁਰੂ ਅਰਜਨ ਸਾਹਿਬ ਦੇ ਉਚਾਰਨ ਕੀਤੇ ਹੋਏ ਹਨ। ਇਹ ਸਲੋਕ, ਇਸ ਨਾਲ ਆਇਆ ਦੂਜਾ ਸਲੋਕ ਅਤੇ ਪਉੜੀ ਇਸ ਤਰ੍ਹਾਂ ਹਨ:

ਉਸਤਤਿ ਨਿੰਦਾ ਨਾਨਕ ਜੀ ਮੈ ਹਭ ਵਞਾਈ ਛੋੜਿਆ ਹਭੁ ਕਿਝੁ ਤਿਆਗੀ॥
ਹਭੇ ਸਾਕ ਕੂੜਾਵੇ ਡਿਠੇ ਤਉ ਪਲੈ ਤੈਡੈ ਲਾਗੀ॥ *(ਪੰਨਾ 963)*

ਅਰਥ: ਹੇ ਨਾਨਕ! (ਆਖ—ਹੇ ਪ੍ਰਭੂ ਜੀ) ਕਿਸੇ ਨੂੰ ਚੰਗਾ ਤੇ ਕਿਸੇ ਨੂੰ ਮੰਦਾ ਆਖਣਾ—ਇਹ ਮੈਂ ਛੱਡ ਦਿੱਤਾ ਹੈ, ਮੈਂ ਵੇਖ ਲਿਆ ਹੈ ਕਿ (ਦੁਨੀਆਂ ਦੇ) ਸਾਰੇ ਸਾਕ ਝੂਠੇ ਹਨ (ਭਾਵ, ਕੋਈ ਤੋੜ ਨਿਭਣ ਵਾਲਾ ਨਹੀਂ), ਇਸ ਲਈ (ਹੇ ਪ੍ਰਭੂ!) ਮੈਂ ਤੇਰੇ ਲੜ ਆ ਲੱਗੀ ਹਾਂ।

ਇਥੇ ਮਹਾਰਾਜ ਨਿੰਦਿਆ (ਗੁਣਾਂ ਵਿਚ ਦੋਸ਼ ਥਾਪਣ ਦੀ ਕ੍ਰਿਯਾ) ਅਤੇ ਖ਼ੁਸ਼ਾਮਦ ਨੂੰ ਹੀ ਝੂਠੇ ਸੰਬੰਧੀ ਆਖ ਰਹੇ ਹਨ ਅਤੇ ਪ੍ਰਭੂ ਨੂੰ ਸੱਜਣ। ਇਹਨਾਂ ਵਿਕਾਰਾਂ ਤੋਂ ਉਪਰ ਉੱਠ ਕੇ ਪ੍ਰਭੂ-ਸੱਜਣ ਦੇ ਲੜ ਲੱਗਣ ਦਾ ਹੀ ਵਰਣਨ ਕਰ ਰਹੇ ਹਨ।

ਇਸ ਤੋਂ ਅਗਲੇ ਸਲੋਕ ਵਿਚ ਇਸ ਗੱਲ ਨੂੰ ਹੋਰ ਸਪੱਸ਼ਟ ਕਰਦਿਆਂ ਫ਼ੁਰਮਾਉਂਦੇ ਹਨ :

ਫਿਰਦੀ ਫਿਰਦੀ ਨਾਨਕ ਜੀਉ ਹਉ ਫਾਵੀ ਥੀਈ ਬਹੁਤੁ ਦਿਸਾਵਰ ਪੰਧਾ॥
ਤਾ ਹਉ ਸੁਖਿ ਸੁਖਾਲੀ ਸੁਤੀ ਜਾ ਗੁਰ ਮਿਲਿ ਸਜਣੁ ਮੈ ਲਧਾ॥੨॥

ਅਰਥ : ਹੇ ਨਾਨਕ ਜੀ! ਮੈਂ ਭਟਕਦੀ ਭਟਕਦੀ ਤੇ ਹੋਰ ਹੋਰ ਦੇਸਾਂ ਦੇ ਪੈਂਡੇ ਝਾਗਦੀ ਝਾਗਦੀ ਪਾਗਲ ਜਿਹੀ ਹੋ ਗਈ ਸਾਂ, ਪਰ ਜਦੋਂ ਸਤਿਗੁਰੂ ਜੀ ਨੂੰ ਮਿਲ ਕੇ ਮੈਨੂੰ ਸੱਜਣ ਪ੍ਰਭੂ ਲੱਭ ਪਿਆ ਤਾਂ ਮੈਂ ਬੜੇ ਸੁਖ ਨਾਲ ਸੌਂ ਗਈ (ਭਾਵ, ਮੇਰੇ ਅੰਦਰ ਪੂਰਨ ਆਤਮਿਕ ਅਨੰਦ ਬਣ ਗਿਆ)।

ਪਉੜੀ॥ ਸਭੇ ਦੁਖ ਸੰਤਾਪ ਜਾਂ ਤੁਧਹੁ ਭੁਲੀਐ॥
ਜੇ ਕੀਚਨਿ ਲਖ ਉਪਾਵ ਤਾਂ ਕਹੀ ਨ ਘੁਲੀਐ॥
ਜਿਸ ਨੋ ਵਿਸਰੈ ਨਾਉ ਸੁ ਨਿਰਧਨੁ ਕਾਂਢੀਐ॥
ਜਿਸ ਨੋ ਵਿਸਰੈ ਨਾਉ ਸੁ ਜੋਨੀ ਹਾਂਢੀਐ॥
ਜਿਸੁ ਖਸਮੁ ਨ ਆਵੈ ਚਿਤਿ ਤਿਸੁ ਜਮੁ ਡੰਡੁ ਦੇ॥
ਜਿਸੁ ਖਸਮੁ ਨ ਆਵੀ ਚਿਤਿ ਰੋਗੀ ਸੇ ਗਣੇ॥
ਜਿਸੁ ਖਸਮੁ ਨ ਆਵੀ ਚਿਤਿ ਸੁ ਖਰੋ ਅਹੰਕਾਰੀਆ॥
ਸੋਈ ਦੁਹੇਲਾ ਜਗਿ ਜਿਨਿ ਨਾਉ ਵਿਸਾਰੀਆ॥੧੪॥ *(ਪੰਨਾ 964)*

ਅਰਥ : ਜਦੋਂ ਹੇ ਪ੍ਰਭੂ! ਤੇਰੀ ਯਾਦ ਤੋਂ ਖੁੰਝ ਜਾਈਏ ਤਾਂ (ਮਨ ਨੂੰ) ਸਾਰੇ ਦੁਖ-ਕਲੇਸ਼ (ਆ ਵਾਪਰਦੇ ਹਨ)। (ਤੇਰੀ ਯਾਦ ਤੋਂ ਬਿਨਾਂ ਹੋਰ) ਜੇ ਲੱਖਾਂ ਉਪਰਾਲੇ ਭੀ ਕੀਤੇ ਜਾਣ, ਕਿਸੇ ਭੀ ਉਪਾਵ ਨਾਲ (ਉਹਨਾਂ ਦੁੱਖਾਂ-ਕਲੇਸ਼ਾਂ ਤੋਂ) ਖ਼ਲਾਸੀ ਨਹੀਂ ਹੁੰਦੀ।

(ਹੇ ਭਾਈ!) ਜਿਸ ਮਨੁੱਖ ਨੂੰ ਪ੍ਰਭੂ ਦਾ ਨਾਮ (ਸਿਮਰਨਾ) ਭੁੱਲ ਜਾਏ, ਉਹ ਕੰਗਾਲ ਕਿਹਾ ਜਾਂਦਾ ਹੈ (ਜਿਵੇਂ ਕੋਈ ਕੰਗਾਲ ਮੰਗਤਾ ਦਰ ਦਰ 'ਤੇ ਰੁਲਦਾ ਹੈ, ਤਿਵੇਂ) ਉਹ ਜੂਨਾਂ ਵਿਚ ਭਟਕਦਾ ਫਿਰਦਾ ਹੈ।

ਜਿਸ ਮਨੁੱਖ ਦੇ ਚਿੱਤ ਵਿਚ ਖ਼ਸਮ-ਪ੍ਰਭੂ ਨਹੀਂ ਆਉਂਦਾ, ਉਸ ਨੂੰ ਜਮਰਾਜ ਸਜ਼ਾ ਦੇਂਦਾ ਹੈ (ਕਿਉਂਕਿ) ਅਜਿਹੇ ਬੰਦੇ ਰੋਗੀ ਗਿਣੇ ਜਾਂਦੇ ਹਨ, ਅਜਿਹਾ ਬੰਦਾ ਬੜਾ ਅਹੰਕਾਰੀ ਹੁੰਦਾ ਹੈ (ਹਰ ਵੇਲੇ 'ਮੈਂ ਮੈਂ' ਹੀ ਕਰਦਾ ਹੈ)।

ਜਿਸ ਮਨੁੱਖ ਨੇ ਪ੍ਰਭੂ ਦਾ ਨਾਮ ਭੁਲਾ ਦਿੱਤਾ ਹੈ, ਉਹੀ ਜਗਤ ਵਿਚ ਦੁਖੀ ਹੈ।

ਇਸ ਭਾਵ ਨੂੰ ਇਨ੍ਹਾਂ ਸਲੋਕਾਂ ਤੋਂ ਪਹਿਲੇ ਸਲੋਕਾਂ ਵਿੱਚੋਂ ਵੀ ਦੇਖਿਆ ਜਾ ਸਕਦਾ ਹੈ। ਇਹ ਦੋਵੇਂ ਸਲੋਕ ਵੀ ਪੰਚਮ ਪਾਤਸ਼ਾਹ ਜੀ ਦੇ ਹੀ ਉਚਾਰਨ ਕੀਤੇ ਹੋਏ ਹਨ :

ਮਿਤ੍ਰੁ ਪਿਆਰਾ ਨਾਨਕ ਜੀ ਮੈ ਛਡਿ ਗਵਾਇਆ ਰੰਗਿ ਕਸੁੰਭੈ ਭੁਲੀ॥
ਤਉ ਸਜਣ ਕੀ ਮੈ ਕੀਮ ਨ ਪਉਦੀ ਹਉ ਤੁਧੁ ਬਿਨੁ ਅਢੁ ਨ ਲਹਦੀ॥੧॥

(ਪੰਨਾ 963)

ਅਰਥ : ਹੇ ਨਾਨਕ ਜੀ! ਮੈਂ ਕਸੁੰਭੇ (ਵਰਗੀ ਮਾਇਆ) ਦੇ ਰੰਗ ਵਿਚ ਉਕਾਈ ਖਾ ਗਈ ਤੇ ਪਿਆਰਾ ਮਿੱਤਰ ਪ੍ਰਭੂ ਵਿਸਾਰ ਕੇ ਗੰਵਾ ਬੈਠੀ।

ਹੇ ਸੱਜਣ ਪ੍ਰਭੂ ! (ਇਸ ਉਕਾਈ ਵਿਚ) ਮੈਥੋਂ ਤੇਰੀ ਕਦਰ ਨਾਹ ਪੈ ਸਕੀ, ਪਰ ਤੈਥੋਂ ਬਿਨਾਂ ਮੈਂ ਅੱਧੀ ਦਮੜੀ ਦੀ ਭੀ ਨਹੀਂ ਹਾਂ।੧।

ਸਸੁ ਵਿਰਾਇਣਿ ਨਾਨਕ ਜੀਉ ਸਸੁਰਾ ਵਾਦੀ ਜੇਠੋ ਪਉ ਪਉ ਲੂਹੈ॥
ਹਭੇ ਭਸੁ ਪੁਣੇਦੇ ਵਤਨੁ ਜਾ ਮੈ ਸਜਣੁ ਤੂਹੈ ॥੨॥

ਅਰਥ : ਹੇ ਨਾਨਕ ਜੀ ! ਅਵਿੱਦਿਆ (ਜੀਵ-ਇਸਤਰੀ ਦੀ) ਵੈਰਨ ਹੈ, ਸਰੀਰ ਦਾ ਮੋਹ (ਸਰੀਰ ਦੀ ਪਾਲਣਾ ਲਈ ਨਿੱਤ) ਝਗੜਾ ਕਰਦਾ ਹੈ (ਭਾਵ ਖਾਣ ਨੂੰ ਮੰਗਦਾ ਹੈ), ਮੌਤ ਦਾ ਡਰ ਮੁੜ ਮੁੜ ਦੁਖੀ ਕਰਦਾ ਹੈ। ਪਰ, (ਹੇ ਪ੍ਰਭੂ !) ਜੇ ਤੂੰ ਮੇਰਾ ਮਿੱਤ੍ਰ ਬਣੇਂ, ਤਾਂ ਇਹ ਸਾਰੇ ਬੇਸ਼ਕ ਖੇਹ ਛਾਣਦੇ ਫਿਰਨ (ਭਾਵ, ਮੇਰੇ ਉੱਤੇ ਇਹ ਸਾਰੇ ਹੀ ਜ਼ੋਰ ਨਹੀਂ ਪਾ ਸਕਦੇ)।੨।

ਇਹਨਾਂ ਦੋਹਾਂ ਸਲੋਕਾਂ ਵਿਚ ਗੁਰਦੇਵ ਮਾਇਆ ਦੀ ਚਮਕ-ਦਮਕ ਕਾਰਨ ਪ੍ਰਭੂ ਨੂੰ ਭੁਲਾਈ ਬੈਠਾ ਮਨੁੱਖ ਜਦੋਂ ਗੁਰੂ ਦੀ ਸ਼ਰਨ ਵਿਚ ਆ ਕੇ ਨਾਮ ਦੀ ਮਹਿਮਾ ਨੂੰ ਸਮਝਦਾ ਹੈ, ਤਾਂ ਮਾਇਆ ਦੇ ਵੱਖ-ਵੱਖ ਰੂਪਾਂ ਨੂੰ ਪਛਾਣਦਾ ਹੋਇਆ, ਮਾਇਆ ਦੇ ਮੋਹ ਤੋਂ ਉਪਰ ਉੱਠ, ਸੱਚ ਅਥਵਾ ਹਰਿ ਸੱਜਣ ਨਾਲ ਜੁੜਿਆ ਰਹਿੰਦਾ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਹੋਰ ਵੀ ਕਈ ਥਾਈਂ ਅਜਿਹਾ ਭਾਵ ਦਰਸਾਉਣ ਵਾਲੇ ਸ਼ਬਦ ਆਏ ਹਨ। ਜਿਵੇਂ :

ਜੇ ਤੂ ਮਿਤ੍ਰੁ ਅਸਾਡੜਾ ਹਿਕ ਭੋਰੀ ਨਾ ਵੇਛੋੜਿ ॥
ਜੀਉ ਮਹਿੰਜਾ ਤਉ ਮੋਹਿਆ ਕਦਿ ਪਸੀ ਜਾਨੀ ਤੋਹਿ ॥੧॥

(ਵਾਰ ਮਾਰੂ ਮ: ੫, ਪੰਨਾ 1094)

ਅਰਥ : ਜੇ ਤੂੰ ਮੇਰਾ ਮਿਤ੍ਰ ਹੈਂ, ਤਾਂ ਮੈਨੂੰ ਰਤਾ ਭਰ ਭੀ (ਆਪਣੇ ਨਾਲੋਂ) ਨਾਹ ਵਿਛੋੜ। ਮੇਰੀ ਜਿੰਦ ਤੂੰ (ਆਪਣੇ ਪਿਆਰ ਵਿਚ) ਮੋਹ ਲਈ ਹੈ (ਹੁਣ ਹਰ ਵੇਲੇ ਮੈਨੂੰ ਤਾਂਘ ਰਹਿੰਦੀ ਹੈ ਕਿ) ਹੇ ਪਿਆਰੇ ! ਮੈਂ ਕਦੋਂ ਤੈਨੂੰ ਵੇਖਾਂ।੧।

ਦੁਰਜਨ ਤੂ ਜਲੁ ਭਾਹੜੀ ਵਿਛੋੜੇ ਮਰਿ ਜਾਹਿ ॥
ਕੰਤਾ ਤੂ ਸਉ ਸੇਜੜੀ ਮੈਡਾ ਹਭੋ ਦੁਖੁ ਉਲਾਹਿ ॥

(ਵਾਰ ਮਾਰੂ ਮ: ੫, ਪੰਨਾ 1094)

ਅਰਥ : ਹੇ ਦੁਰਜਨ ! ਤੂੰ ਅੱਗ ਵਿਚ ਸੜ ਜਾ, ਹੇ ਵਿਛੋੜੇ ! ਤੂੰ ਮਰ ਜਾ। ਹੇ (ਮੇਰੇ) ਕੰਤ ! ਤੂੰ (ਮੇਰੀ ਹਿਰਦਾ-) ਸੇਜ ਉੱਤੇ (ਆ ਕੇ) ਸੌਂ ਤੇ ਮੇਰਾ ਸਾਰਾ ਦੁੱਖ ਦੂਰ ਕਰ ਦੇ।੨।

[ਨੋਟ : ਅਗਲੇ ਸਲੋਕ ਵਿਚ ਸਾਹਿਬ ਲਿਖਦੇ ਹਨ ਕਿ 'ਦੁਰਜਨੁ' ਤੇ 'ਵੇਛੋੜਾ' ਕੌਣ ਹਨ।]

ਦੁਰਜਨੁ ਦੂਜਾ ਭਾਉ ਹੈ ਵੇਛੋੜਾ ਹਉਮੈ ਰੋਗੁ ॥
ਸਜਣੁ ਸਚਾ ਪਾਤਿਸਾਹੁ ਜਿਸੁ ਮਿਲਿ ਕੀਚੈ ਭੋਗੁ ॥੩॥

(ਵਾਰ ਮਾਰੂ ਮ: ੫, ਪੰਨਾ 1094)

ਅਰਥ : (ਪ੍ਰਭੂ ਤੋਂ ਬਿਨਾਂ) ਕਿਸੇ ਹੋਰ ਨਾਲ ਪਿਆਰ (ਜਿੰਦ ਦਾ ਵੱਡਾ) ਵੈਰੀ

ਹੈ, ਹਉਮੈ ਦਾ ਰੋਗ (ਪ੍ਰਭੂ ਨਾਲੋਂ) ਵਿਛੋੜਾ (ਪਾਣ ਵਾਲਾ) ਹੈ। ਸਦਾ ਕਾਇਮ ਰਹਿਣ ਵਾਲਾ ਪ੍ਰਭੂ ਪਾਤਿਸ਼ਾਹ (ਜਿੰਦ ਦਾ) ਮਿੱਤ੍ਰ ਹੈ, ਜਿਸ ਨੂੰ ਮਿਲ ਕੇ (ਆਤਮਿਕ) ਅਨੰਦ ਮਾਣਿਆ ਜਾ ਸਕਦਾ ਹੈ।3।

ਸਹਸਕ੍ਰਿਤੀ ਦੇ 58ਵੇਂ ਸਲੋਕ ਦੀ ਪਹਿਲੀ ਪੰਗਤੀ ਵਿਚ ਹਜ਼ੂਰ ਆਖਦੇ ਹਨ ਕਿ ਮਨੁੱਖ ਦਾ ਇਕ ਅਜਿਹੇ ਜੰਗਲ ਵਿਚ ਵਾਸਾ ਹੈ ਜਿਥੇ ਕੁੱਤੇ, ਗਿੱਦੜ ਅਤੇ ਖੋਤੇ ਇਸ ਦੇ ਸੰਬੰਧੀ ਹਨ:

ਉਦਿਆਨ ਬਸਨੰ ਸੰਸਾਰੰ ਸਨਬੰਧੀ ਸ੍ਵਾਨ ਸਿਆਲ ਖਰਹ ॥

(ਸਲੋਕ ਸਹਸਕ੍ਰਿਤੀ ਮ: ੫, ਪੰਨਾ 1359)

ਸੋ, 'ਪਲੈ ਤੈਡੈ ਲਾਗੀ' ਵਾਲੇ ਸਲੋਕ ਵਿਚ ਗੁਰੂ ਅਰਜਨ ਸਾਹਿਬ 'ਸਾਕ' ਸ਼ਬਦ ਮਾਤਾ ਪਿਤਾ, ਭੈਣਾਂ ਭਰਾਵਾਂ ਆਦਿ ਦੇ ਅਰਥ ਵਿਚ ਨਹੀਂ ਵਰਤ ਰਹੇ ਹਨ। ਇਥੇ 'ਸਾਕ' ਤੋਂ ਭਾਵ ਨਿੰਦਾ ਖ਼ੁਸ਼ਾਮਦ ਆਦਿ ਵਿਕਾਰਾਂ ਤੋਂ ਹੈ, ਜਿਹੜੇ ਮਨੁੱਖ ਨੂੰ ਸੱਚ ਨਾਲ ਨਹੀਂ ਜੁੜਨ ਦੇਂਦੇ, ਜਿਹਨਾਂ ਦੀ ਸੰਗਤ ਵਿਚ ਮਨੁੱਖ ਇਨਸਾਨੀਅਤ ਨੂੰ ਛੱਡ ਕੇ ਪਸ਼ੂ ਤਲ 'ਤੇ ਜਿਊਣ ਲੱਗ ਪੈਂਦਾ ਹੈ। ਇਸ ਲਈ ਗੁਰੂ ਅਰਜਨ ਸਾਹਿਬ ਫ਼ੁਰਮਾਂਦੇ ਹਨ ਕਿ ਇਹ ਸੰਬੰਧੀ ਮਨੁੱਖ ਦੀ ਆਤਮਿਕ ਜ਼ਿੰਦਗੀ ਦਾ ਅੰਗ ਨਹੀਂ ਬਣ ਸਕਦੇ। ਇਹਨਾਂ ਵਿਕਾਰ ਰੂਪੀ ਸੰਬੰਧੀਆਂ ਦਾ ਤਿਆਗ ਕਰ ਕੇ ਪ੍ਰਭੂ ਦੇ ਲੜ ਲੱਗਣ ਦੀ ਗੱਲ ਕੀਤੀ ਹੈ। ਇਹਨਾਂ ਸੰਬੰਧੀਆਂ ਅਥਵਾ ਵਿਕਾਰਾਂ ਨੂੰ ਇਸਤ੍ਰੀ ਅਤੇ ਪੁਰਸ਼ ਦੋਹਾਂ ਨੇ ਹੀ ਤਿਆਗ ਕੇ ਅਕਾਲ ਪੁਰਖ ਦੇ ਲੜ ਲੱਗਣਾ ਹੈ। ਇਸ ਲਈ ਇਹ ਸ਼ਬਦ ਲੜਕੀ ਵਲੋਂ ਲੜਕੇ ਨੂੰ ਮੁਖ਼ਾਤਬ ਕਰ ਕੇ ਨਹੀਂ, ਬਲਕਿ ਵਾਹਿਗੁਰੂ ਨੂੰ ਹੀ ਮੁਖ਼ਾਤਬ ਕਰਦਿਆਂ ਆਖਿਆ ਹੈ ਕਿ:

ਹਭੇ ਸਾਕ ਕੂੜਾਵੇ ਡਿਠੇ ਤਉ ਪਲੈ ਤੈਡੇ ਲਾਗੀ ॥

ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਅਨੁਸਾਰ ਸ਼ੁਭ ਗੁਣਾਂ ਨੂੰ ਧਾਰਨ ਕਰਨਾ ਹੀ ਪ੍ਰਭੂ ਦੇ ਲੜ ਲੱਗਣਾ ਹੈ।

ਭਗਤਿ ਨਵੈ ਪਰਕਾਰਾ

ਕਈ ਸੱਜਣ ਗੁਰਬਾਨੀ ਦੀ ਨਿਮਨ ਲਿਖਤ ਪੰਗਤੀ ਨੂੰ ਆਧਾਰ ਬਣਾ ਕੇ ਇਹ ਕਹਿੰਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਵਿਚ ਨੌਂ ਪ੍ਰਕਾਰ ਦੀ ਭਗਤੀ ਲਿਖੀ ਹੋਈ ਹੈ: 'ਭਗਤਿ ਨਵੈ ਪਰਕਾਰਾ'। ਇਸ ਕਥਨ ਵਿਚ ਕਿਤਨੀ ਕੁ ਸੱਚਾਈ ਹੈ, ਇਸ ਦੀ ਚਰਚਾ ਕਰਨ ਤੋਂ ਪਹਿਲਾਂ ਨੌਂ ਪ੍ਰਕਾਰ ਦੀ ਭਗਤੀ ਸੰਬੰਧੀ ਚਰਚਾ ਕਰਨੀ ਅਢੁਕਵੀਂ ਨਹੀਂ ਹੋਵੇਗੀ। ਭਾਈ ਕਾਨ੍ਹ ਸਿੰਘ ਜੀ ਨਾਭਾ *ਮਹਾਨ ਕੋਸ਼* ਵਿਚ ਲਿਖਦੇ ਹਨ, ਭਗਤੀ ਦਾ ਪ੍ਰਤਿਪਾਦਨ (ਭਾਵ ਅੱਛੀ ਤਰ੍ਹਾਂ ਸਮਝਾਉਣਾ) ਕਰਨ ਵਾਲਿਆਂ ਗ੍ਰੰਥਾਂ ਵਿਚ ਨੌਂ ਪ੍ਰਕਾਰ ਦੀ ਭਗਤੀ ਇਹ ਲਿਖੀ ਹੈ:

1. ਸ਼੍ਰਵਣ: ਆਪਣੇ ਇਸ਼ਟ ਦੇਵ ਦਾ ਯੱਸ਼ ਸੁਣਨਾ।
2. ਕੀਰਤਨ: ਗੁਣਾਂ ਦਾ ਕਥਨ; ਗੁਣਾਂ ਦਾ ਗਾਉਣਾ।
3. ਸਿਮਰਣ: ਯਾਦ ਕਰਨਾ, ਚਿਤ ਦੁਆਰਾ ਚਿੰਤਨ ਕਰਨਾ।
4. ਪਾਦ ਸੇਵਨ: ਚਰਣ ਸੇਵਾ।
5. ਅਰਚਨ: ਚੰਦਨ ਫੁੱਲ ਆਦਿ ਦੀ ਸਾਮ੍ਰਗੀ ਨਾਲ ਪੂਜਨ।
6. ਵੰਦਨ: ਪ੍ਰਣਾਮ; ਨਮਸਕਾਰ।
7. ਸਖਯ: ਇਸ਼ਟ ਨਾਲ ਮਿੱਤ੍ਰ-ਭਾਵ।
8. ਦਾਸਯ: ਸੇਵਕ-ਭਾਵ।
9. ਆਤਮ ਨਿਵੇਦਨ: ਆਪਣਾ ਆਪ ਅਰਪਨ।

ਗੁਰਬਾਨੀ ਵਿਚ ਇਹ ਗੱਲ ਆਮ ਹੀ ਦੇਖਣ ਵਿਚ ਆਉਂਦੀ ਹੈ ਕਿ ਗੁਰੂ ਸਾਹਿਬ ਨੇ ਆਪਣੇ ਮਤ ਦਾ ਵਰਣਨ ਕਰਨ ਤੋਂ ਪਹਿਲਾਂ ਅਨਮਤ ਜਾਂ ਅਨਮਤਾਂ ਦੇ ਦ੍ਰਿਸ਼ਟੀਕੋਣ ਦਾ ਵਰਣਨ ਕੀਤਾ ਹੈ ਅਤੇ ਅੰਤ ਵਿਚ ਆਪਣੇ ਮਤ ਦਾ ਵਰਣਨ ਕੀਤਾ ਹੈ।

ਜਿਸ ਸ਼ਬਦ 'ਚੋਂ ਇਹ ਪੰਗਤੀ ਲਈ ਗਈ ਹੈ ਇਸ ਵਿਚ ਗੁਰਦੇਵ ਅਨਮਤਾਂ ਵਿਚ ਅਕਾਲ ਪੁਰਖ ਦੀ ਆਰਾਧਨਾ ਦੇ ਪ੍ਰਚਲਿਤ ਰੂਪਾਂ ਦਾ ਵਰਣਨ ਕਰਨ ਪਿੱਛੋਂ ਆਪਣੇ ਮਤ ਪ੍ਰਗਟ ਨੂੰ ਕੀਤਾ ਹੈ। ਭਾਵੇਂ *ਸ੍ਰੀ ਗੁਰ ਪ੍ਰਤਾਪ ਸੂਰਜ ਪ੍ਰਕਾਸ਼ ਗ੍ਰੰਥ* ਆਦਿ ਪੁਸਤਕਾਂ 'ਚ ਗੁਰੂ ਅਮਰਦਾਸ ਜੀ ਦੇ ਪਾਵਨ ਮੁਖਾਰਬਿੰਦ 'ਚੋਂ ਗੁਰਸਿੱਖਾਂ ਨੂੰ ਭਗਤੀ ਦੇ ਪ੍ਰਕਾਰ (ਪ੍ਰੇਮਾ-ਭਗਤੀ, ਪਰਾ-ਭਗਤੀ) ਦੱਸਦਿਆਂ ਹੋਇਆਂ ਨਵਧਾ ਭਗਤੀ ਦਾ ਵੀ ਜ਼ਿਕਰ ਕੀਤਾ ਹੋਇਆ ਹੈ ਅਤੇ ਆਪਣੇ ਵਲੋਂ ਲਿਖ ਕੇ, ਕਹਿ ਦਿੱਤਾ ਹੈ ਕਿ ਗੁਰੂ ਜੀ ਨੇ ਇਹ ਹੇਠ ਲਿਖਿਆ ਕਿਹਾ ਹੈ ਕਿ:

ਨਵਧਾ ਭਗਤਿ ਇਹੀ ਗਤਿ ਦਾਈ।
ਕਰਹੁ ਸਦੀਵ ਰਿਦੇ ਹਿਤ ਲਾਈ।

ਅਪਰ ਪਾਠ ਸਭਿ ਦੇਹੁ ਬਿਹਾਈ।
ਜਿਨ ਤੇ ਕਾਰਜ ਸਰੈ ਨ ਗਈ॥੩੧॥ *(ਪੂਰਬਾਰਧ, ਅਧਯਾਯ 67)*

ਪਰੰਤੂ ਜਦ ਅਸੀਂ ਇਸ ਸ਼ਬਦ ਨੂੰ ਜਿਸ ਵਿੱਚੋਂ ਇਹ ਤੁਕ ਲਈ ਗਈ ਹੈ, ਉਸ ਨੂੰ ਧਿਆਨ ਨਾਲ ਪੜ੍ਹਦੇ ਹਾਂ ਤਾਂ ਪਤਾ ਚੱਲਦਾ ਹੈ ਕਿ ਸਤਿਗੁਰੂ ਇਸ ਸ਼ਬਦ ਵਿਚ ਸਹੀ ਅਰਥਾਂ ਵਿਚ ਕਹਿ ਕੀ ਰਹੇ ਹਨ। ਸਤਿਗੁਰੂ ਦੇ ਆਸ਼ੇ ਨੂੰ ਠੀਕ ਤਰ੍ਹਾਂ ਸਮਝਣ ਲਈ ਜਿਸ ਗੁਰਬਾਣੀ ਸ਼ਬਦ 'ਚੋਂ ਇਹ ਤੁਕ "ਭਗਤਿ ਨਵੈ ਪਰਕਾਰਾ॥" ਲਈ ਗਈ ਹੈ, ਉਸ ਸਾਰੇ ਹੀ ਸ਼ਬਦ ਨੂੰ ਧਿਆਨ ਨਾਲ ਵਿਚਾਰਦੇ ਹਾਂ।

ਇਹ ਪੰਗਤੀ ਗੁਰੂ ਨਾਨਕ ਜੋਤਿ ਦੇ ਪੰਜਵੇਂ ਪ੍ਰਕਾਸ਼ ਗੁਰੂ ਅਰਜਨ ਸਾਹਿਬ ਦੇ ਸਿਰੀਰਾਗੁ ਵਿਚ ਉਚਾਰਨ ਕੀਤੇ ਸ਼ਬਦ 'ਚੋਂ ਹੈ। ਪੂਰਾ ਸ਼ਬਦ ਇਸ ਤਰ੍ਹਾਂ ਹੈ:

ਜਾਨਉ ਨਹੀ ਭਾਵੈ ਕਵਨ ਬਾਤਾ॥
ਮਨ ਖੋਜਿ ਮਾਰਗੁ॥੧॥ਰਹਾਉ॥
ਧਿਆਨੀ ਧਿਆਨੁ ਲਾਵਹਿ॥
ਗਿਆਨੀ ਗਿਆਨੁ ਕਮਾਵਹਿ॥
ਪ੍ਰਭੁ ਕਿਨ ਹੀ ਜਾਤਾ॥੧॥
ਭਗਉਤੀ ਰਹਤ ਜੁਗਤਾ॥
ਜੋਗੀ ਕਹਤ ਮੁਕਤਾ॥
ਤਪਸੀ ਤਪਹਿ ਰਾਤਾ॥੨॥
ਮੋਨੀ ਮੋਨਿਧਾਰੀ॥
ਸਨਿਆਸੀ ਬ੍ਰਹਮਚਾਰੀ॥
ਉਦਾਸੀ ਉਦਾਸਿ ਰਾਤਾ॥੩॥
ਭਗਤਿ ਨਵੈ ਪਰਕਾਰਾ॥
ਪੰਡਿਤੁ ਵੇਦੁ ਪੁਕਾਰਾ॥
ਗਿਰਸਤੀ ਗਿਰਸਤਿ ਧਰਮਾਤਾ॥੪॥
ਇਕ ਸਬਦੀ ਬਹੁ ਰੂਪਿ ਅਵਧੂਤਾ॥
ਕਾਪੜੀ ਕਉਤੇ ਜਾਗੂਤਾ॥
ਇਕਿ ਤੀਰਥਿ ਨਾਤਾ॥੫॥
ਨਿਰਹਾਰ ਵਰਤੀ ਆਪਰਸਾ॥
ਇਕਿ ਲੂਕਿ ਨ ਦੇਵਹਿ ਦਰਸਾ॥
ਇਕਿ ਮਨ ਹੀ ਗਿਆਤਾ॥੬॥
ਘਾਟਿ ਨ ਕਿਨ ਹੀ ਕਹਾਇਆ॥
ਸਭ ਕਹਤੇ ਹੈ ਪਾਇਆ॥
ਜਿਸੁ ਮੇਲੇ ਸੋ ਭਗਤਾ॥੭॥
ਸਗਲ ਉਕਤਿ ਉਪਾਵਾ॥
ਤਿਆਗੀ ਸਰਨਿ ਪਾਵਾ॥
ਨਾਨਕੁ ਗੁਰ ਚਰਣਿ ਪਰਾਤਾ॥੮॥ *(ਸਿਰੀਰਾਗੁ ਮਹਲਾ ੫, ਪੰਨਾ 71)*

ਸਤਿਗੁਰੂ ਸ਼ਬਦ ਦੀਆਂ ਰਹਾਉ ਦੀਆਂ ਪੰਗਤੀਆਂ ਵਿਚ ਫ਼ੁਰਮਾਉਂਦੇ ਹਨ:

ਜਾਨਉ ਨਹੀ ਭਾਵੈ ਕਵਨ ਬਾਤਾ॥
ਮਨ ਖੋਜਿ ਮਾਰਗੁ॥੧॥ਰਹਾਉ॥

ਅਰਥ: ਮੈਨੂੰ ਸਮਝ ਨਹੀਂ ਕਿ ਪਰਮਾਤਮਾ ਨੂੰ ਕਿਹੜੀ ਗੱਲ ਚੰਗੀ ਲੱਗਦੀ ਹੈ। ਹੇ ਮੇਰੇ ਮਨ! ਤੂੰ (ਉਹ) ਰਸਤਾ ਲੱਭ (ਜਿਸ ਉੱਤੇ ਤੁਰਿਆਂ ਪ੍ਰਭੂ ਪ੍ਰਸੰਨ ਹੋ ਜਾਏ)।੧।ਰਹਾਉ।

ਇਹ ਇਸ ਸ਼ਬਦ ਦਾ ਕੇਂਦਰੀ-ਭਾਵ ਹੈ। ਮਹਾਰਾਜ ਸ਼ਬਦ ਦੇ ਪਹਿਲੇ ਛੇ ਪਦਿਆਂ ਵਿਚ ਅਨਮਤ ਦਾ ਜ਼ਿਕਰ ਕਰਦੇ ਹੋਏ ਫ਼ੁਰਮਾਉਂਦੇ ਹਨ:

ਧਿਆਨੀ ਧਿਆਨੁ ਲਾਵਹਿ॥
ਗਿਆਨੀ ਗਿਆਨੁ ਕਮਾਵਹਿ॥
ਪ੍ਰਭੁ ਕਿਨ ਹੀ ਜਾਤਾ॥੧॥
ਭਗਉਤੀ ਰਹਤ ਜੁਗਤਾ॥
ਜੋਗੀ ਕਹਤ ਮੁਕਤਾ॥
ਤਪਸੀ ਤਪਹਿ ਰਾਤਾ॥੨॥
ਮੋਨੀ ਮੋਨਿਧਾਰੀ॥
ਸਨਿਆਸੀ ਬ੍ਰਹਮਚਾਰੀ॥
ਉਦਾਸੀ ਉਦਾਸਿ ਰਾਤਾ॥੩॥
ਭਗਤਿ ਨਵੈ ਪਰਕਾਰਾ॥
ਪੰਡਿਤੁ ਵੇਦੁ ਪੁਕਾਰਾ॥
ਗਿਰਸਤੀ ਗਿਰਸਤਿ ਧਰਮਾਤਾ॥੪॥
ਇਕ ਸਬਦੀ ਬਹੁ ਰੂਪਿ ਅਵਧੂਤਾ॥
ਕਾਪੜੀ ਕਉਤੇ ਜਾਗੂਤਾ॥
ਇਕਿ ਤੀਰਥਿ ਨਾਤਾ॥੫॥
ਨਿਰਹਾਰ ਵਰਤੀ ਆਪਰਸਾ॥
ਇਕਿ ਲੂਕਿ ਨ ਦੇਵਹਿ ਦਰਸਾ॥
ਇਕਿ ਮਨ ਹੀ ਗਿਆਤਾ॥੬॥

ਅਰਥ: ਸਮਾਧੀਆਂ ਲਾਣ ਵਾਲੇ ਲੋਕ ਸਮਾਧੀਆਂ ਲਾਂਦੇ ਹਨ, ਵਿਦਵਾਨ ਲੋਕ ਧਰਮ-ਚਰਚਾ ਕਰਦੇ ਹਨ, ਪਰ ਪਰਮਾਤਮਾ ਨੂੰ ਕਿਸੇ ਵਿਰਲੇ ਨੇ ਹੀ ਸਮਝਿਆ ਹੈ (ਭਾਵ, ਇਹਨਾਂ ਤਰੀਕਿਆਂ ਨਾਲ ਪਰਮਾਤਮਾ ਨਹੀਂ ਮਿਲਦਾ)।੧।

ਵੈਸ਼ਨਵ ਭਗਤ (ਵਰਤ, ਤੁਲਸੀ ਮਾਲਾ, ਤੀਰਥ ਇਸ਼ਨਾਨ ਆਦਿਕ) ਸੰਜਮਾਂ ਵਿਚ ਰਹਿੰਦੇ ਹਨ। ਜੋਗੀ ਆਖਦੇ ਹਨ ਅਸੀਂ ਮੁਕਤ ਹੋ ਗਏ ਹਾਂ। ਤਪ ਕਰਨ ਵਾਲੇ ਸਾਧੂ ਤਪ (ਕਰਨ) ਵਿਚ ਹੀ ਮਸਤ ਰਹਿੰਦੇ ਹਨ।੨।

ਚੁੱਪ ਸਾਧੀ ਰੱਖਣ ਵਾਲੇ ਸਾਧੂ ਚੁੱਪ ਵੱਟੀ ਰੱਖਦੇ ਹਨ। ਸੰਨਿਆਸੀ (ਸੰਨਿਆਸ ਵਿਚ) ਬ੍ਰਹਮਚਾਰੀ (ਬ੍ਰਹਮਚਰਜ ਵਿਚ) ਤੇ ਉਦਾਸੀ ਉਦਾਸ-ਭੇਖ ਵਿਚ ਮਸਤ ਰਹਿੰਦੇ ਹਨ।੩।

(ਕੋਈ ਆਖਦਾ ਹੈ ਕਿ) ਭਗਤੀ ਨੌਂ ਕਿਸਮਾਂ ਦੀ ਹੈ। ਪੰਡਿਤ ਵੇਦ ਉੱਚੀ ਉੱਚੀ ਪੜ੍ਹਦਾ ਹੈ। ਗ੍ਰਿਹਸਤੀ ਗ੍ਰਿਹਸਤ-ਧਰਮ ਵਿਚ ਮਸਤ ਰਹਿੰਦਾ ਹੈ।੪।

ਅਨੇਕਾਂ ਐਸੇ ਹਨ ਜੋ 'ਅਲੱਖ ਅਲੱਖ' ਪੁਕਾਰਦੇ ਹਨ, ਕਈ ਬਹੁ-ਰੂਪੀਏ ਹਨ, ਕੋਈ ਨਾਂਗੇ ਹਨ। ਕੋਈ ਖ਼ਾਸ ਕਿਸਮ ਦਾ ਚੋਲਾ ਆਦਿਕ ਪਹਿਨਣ ਵਾਲੇ ਹਨ। ਕੋਈ ਨਾਟਕ ਚੇਟਕ ਸਾਂਗ ਆਦਿਕ ਬਣਾ ਕੇ ਲੋਕਾਂ ਨੂੰ ਪ੍ਰਸੰਨ ਕਰਦੇ ਹਨ, ਕਈ ਐਸੇ ਹਨ ਜੋ ਰਾਤਾਂ ਜਾਗ ਕੇ ਗੁਜ਼ਾਰਦੇ ਹਨ। ਇਕ ਐਸੇ ਹਨ ਜੋ (ਹਰੇਕ) ਤੀਰਥ ਉੱਤੇ ਇਸ਼ਨਾਨ ਕਰਦੇ ਹਨ।੫।

ਅਨੇਕਾਂ ਐਸੇ ਹਨ ਜੋ ਭੁੱਖੇ ਹੀ ਰਹਿੰਦੇ ਹਨ, ਕਈ ਐਸੇ ਹਨ ਜੋ ਦੂਜਿਆਂ ਨਾਲ ਛੂੰਹਦੇ ਨਹੀਂ ਹਨ (ਤਾਂ ਕਿ ਕਿਸੇ ਦੀ ਭਿਟ ਨਾਹ ਲੱਗ ਜਾਏ)। ਅਨੇਕਾਂ ਐਸੇ ਹਨ ਜੋ (ਗੁਫ਼ਾ ਆਦਿ ਵਿਚ) ਲੁਕ ਕੇ (ਰਹਿੰਦੇ ਹਨ ਤੇ ਕਿਸੇ ਨੂੰ) ਦਰਸ਼ਨ ਨਹੀਂ ਦੇਂਦੇ। ਕਈ ਐਸੇ ਹਨ ਜੋ ਆਪਣੇ ਮਨ ਵਿਚ ਹੀ ਗਿਆਨਵਾਨ ਬਣੇ ਹੋਏ ਹਨ।੬।

ਸੱਤਵੇਂ ਪਦੇ ਵਿਚ ਪਾਤਸ਼ਾਹ ਕਹਿੰਦੇ ਹਨ:

ਘਾਟਿ ਨ ਕਿਨ ਹੀ ਕਹਾਇਆ ॥
ਸਭ ਕਹਤੇ ਹੈ ਪਾਇਆ ॥
ਜਿਸੁ ਮੇਲੇ ਸੋ ਭਗਤਾ ॥੭॥

ਅਰਥ: (ਇਹਨਾਂ ਵਿੱਚੋਂ ਜਿਹਨਾਂ ਦਾ ਛੇ ਪਦਿਆਂ ਵਿਚ ਜ਼ਿਕਰ ਕੀਤਾ ਗਿਆ ਹੈ) ਕਿਸੇ ਨੇ ਭੀ ਆਪਣੇ ਆਪ ਨੂੰ (ਕਿਸੇ ਹੋਰ ਨਾਲੋਂ) ਘੱਟ ਨਹੀਂ ਅਖਵਾਇਆ। ਸਭ ਇਹੀ ਆਖਦੇ ਹਨ ਕਿ ਅਸਾਂ ਪਰਮਾਤਮਾ ਨੂੰ ਲੱਭ ਲਿਆ ਹੈ। ਪਰ (ਪਰਮਾਤਮਾ ਦਾ) ਭਗਤ ਉਹੀ ਹੈ, ਜਿਸ ਨੂੰ (ਪਰਮਾਤਮਾ ਨੇ ਆਪ ਆਪਣੇ ਨਾਲ) ਮਿਲਾ ਲਿਆ ਹੈ।੭।

ਗੁਰਦੇਵ ਅਖ਼ੀਰਲੇ ਪਦੇ 'ਚ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਆਖਦੇ ਹਨ:

ਸਗਲ ਉਕਤਿ ਉਪਾਵਾ ॥
ਤਿਆਗੀ ਸਰਨਿ ਪਾਵਾ ॥
ਨਾਨਕੁ ਗੁਰ ਚਰਣਿ ਪਰਾਤਾ ॥੮॥

ਅਰਥ: ਪਰ ਮੈਂ ਤਾਂ ਇਹ ਸਾਰੀਆਂ ਦਲੀਲਾਂ ਤੇ ਸਾਰੇ ਹੀ ਉਪਾਉ ਛੱਡ ਦਿੱਤੇ ਹਨ ਤੇ ਪ੍ਰਭੂ ਦੀ ਹੀ ਸ਼ਰਨ ਪਿਆ ਹਾਂ। ਨਾਨਕ ਤਾਂ ਗੁਰੂ ਦੀ ਚਰਨੀਂ ਆ ਡਿੱਗਾ ਹੈ।੮।

ਸੋ, ਇਸ ਪੰਗਤੀ ਵਿਚ ਗੁਰੂ ਅਰਜਨ ਸਾਹਿਬ ਗੁਰਮਤਿ ਦੇ ਤੱਤ-ਗਿਆਨ ਦਾ ਵਰਣਨ ਕਰਦਿਆਂ ਹੋਇਆਂ ਨਹੀਂ, ਬਲਕਿ ਅਨਮਤ (ਵੈਸ਼ਨਵ) ਦਾ ਜ਼ਿਕਰ ਕਰਦਿਆਂ ਹੋਇਆਂ ਕਹਿ ਰਹੇ ਹਨ ਕਿ ਉਹਨਾਂ ਅਨੁਸਾਰ ਭਗਤੀ ਨੌਂ ਪ੍ਰਕਾਰ ਦੀ ਹੈ। ਸਤਿਗੁਰੂ ਜੀ ਗੁਰਮਤਿ ਮਾਰਗ ਦੇ ਦ੍ਰਿਸ਼ਟੀਕੋਣ ਦਾ ਵਰਣਨ ਕਰਦਿਆਂ ਹੋਇਆਂ ਫ਼ੁਰਮਾਉਂਦੇ ਹਨ:

ਸਗਲ ਉਕਤਿ ਉਪਾਵਾ ॥
ਤਿਆਗੀ ਸਰਨਿ ਪਾਵਾ ॥
ਨਾਨਕੁ ਗੁਰ ਚਰਣਿ ਪਰਾਤਾ ॥੮॥

ਗੁਰਮਤਿ ਦਾ ਚੌਰਾਸੀ ਲੱਖ ਜੂਨਾਂ ਬਾਰੇ ਦ੍ਰਿਸ਼ਟੀਕੋਣ

ਇਹ ਗੱਲ ਵਧੇਰੇ ਵਿਆਖਿਆ ਦੀ ਮੁਥਾਜ ਨਹੀਂ ਹੈ ਕਿ ਹਰੇਕ ਸਮੇਂ ਜਾਗਰੂਕ ਪੁਰਸ਼ਾਂ ਨੇ ਮਨੁੱਖਤਾ ਨੂੰ ਅਗਿਆਨਤਾ ਦੇ ਅੰਧੇਰੇ ਵਿੱਚੋਂ ਬਾਹਰ ਕੱਢਣ ਲਈ, ਪ੍ਰਚਲਿਤ ਮਾਨਤਾਵਾਂ/ਧਾਰਨਾਵਾਂ ਦੀ ਦ੍ਰਿਸ਼ਟਾਂਤ ਵਜੋਂ ਵਰਤੋਂ ਕੀਤੀ ਹੈ। ਚੂੰਕਿ ਇਸ ਤਰ੍ਹਾਂ ਹੀ ਜਨ-ਸਾਧਾਰਨ ਤੀਕ ਆਪਣੀ ਗੱਲ ਨੂੰ ਅਸਰਦਾਰ ਢੰਗ ਨਾਲ ਪਹੁੰਚਾਇਆ ਜਾ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਵੀ ਗੁਰੂ ਸਾਹਿਬਾਨ ਅਤੇ ਭਗਤ ਸਾਹਿਬਾਨ ਆਦਿ ਵਲੋਂ ਇਹ ਢੰਗ ਅਪਣਾਇਆ ਗਿਆ ਹੈ। ਇਨ੍ਹਾਂ ਪ੍ਰਚਲਿਤ ਧਾਰਨਾਵਾਂ ਦੇ ਠੀਕ ਜਾਂ ਗ਼ਲਤ ਵਾਲੀ ਧਾਰਨਾ ਤੋਂ ਉਪਰ ਉੱਠ ਕੇ ਇਨ੍ਹਾਂ ਨੂੰ ਕੇਵਲ ਦ੍ਰਿਸ਼ਟਾਂਤ ਵਜੋਂ ਹੀ ਵਰਤਿਆ ਗਿਆ ਹੈ। ਇਨ੍ਹਾਂ ਪ੍ਰਚਲਿਤ ਧਾਰਨਾਵਾਂ ਦੀ ਵਰਤੋਂ ਆਪਣੀ ਗੱਲ ਆਮ ਮਨੁੱਖ ਤਕ ਪਹੁੰਚਾਉਣ ਦੇ ਖ਼ਿਆਲ ਨਾਲ ਹੀ ਕੀਤੀ ਗਈ ਹੈ ਨਾ ਕਿ ਇਨ੍ਹਾਂ ਦੇ ਸੱਚੇ ਹੋਣ ਦੀ ਪੁਸ਼ਟੀ ਵਜੋਂ। ਹਾਂ, ਸਤਿਗੁਰੂ ਜੀ ਨੇ ਬਾਣੀ ਵਿਚ ਇਨ੍ਹਾਂ ਪ੍ਰਚਲਿਤ ਧਾਰਨਾਵਾਂ ਨੂੰ ਕਈ ਥਾਂਈਂ ਨਕਾਰ ਕੇ, ਪ੍ਰਭੂ ਦੇ ਬੇਅੰਤਤਾ ਦਾ ਬੋਧ ਕਰਾਉਣ ਵਾਲੀ ਜ਼ਿੰਮੇਵਾਰੀ ਨੂੰ ਨਿਭਾਉਣ ਦੇ ਫ਼ਰਜ਼ ਦੀ ਵੀ ਬਾਖ਼ੂਬੀ ਨਾਲ ਪਾਲਣਾ ਕੀਤੀ ਹੈ। ਇਸ ਸੰਬੰਧ ਵਿਚ ਅਸੀਂ ਗੁਰੂ ਗ੍ਰੰਥ ਸਾਹਿਬ ਵਿੱਚੋਂ ਕੇਵਲ ਦੋ ਉਦਾਹਰਣਾਂ ਹੀ ਦੇ ਰਹੇ ਹਾਂ।

ਗੁਰੂ ਸਾਹਿਬ ਜਦ ਜੀਵਾਂ ਦੀ ਉਤਪਤੀ ਦੀ ਗੱਲ ਕਰਦੇ ਹਨ ਤਾਂ ਆਪ ਚਾਰ ਖਾਣੀਆਂ ਦੀ ਹੀ ਗੱਲ ਕਰਦੇ ਹਨ। ਜਿਵੇਂ:

ਗਾਵਹਿ ਜੋਧ ਮਹਾਬਲ ਸੂਰਾ ਗਾਵਹਿ ਖਾਣੀ ਚਾਰੇ॥ *(ਜਪੁ ਜੀ, ਪੰਨਾ 6)*

ਅਰਥ: ਵੱਡੇ ਬਲ ਵਾਲੇ ਜੋਧੇ ਤੇ ਸੂਰਮੇ ਤੇਰੀ ਸਿਫ਼ਤ ਕਰ ਰਹੇ ਹਨ। ਚੌਹਾਂ ਹੀ ਖਾਣੀਆਂ ਦੇ ਜੀਅ-ਜੰਤ ਤੈਨੂੰ ਗਾ ਰਹੇ ਹਨ।

ਚੂੰਕਿ ਹਿੰਦੂ ਅਤੇ ਜੈਨ ਆਦਿ ਧਰਮਾਂ ਵਿਚ ਉਤਪਤੀ ਦੇ ਚਾਰ ਵਸੀਲੇ ਹੀ ਮੰਨੇ ਗਏ ਸਨ: 'ਅੰਡਜ', ਅੰਡੇ ਤੋਂ ਪੈਦਾ ਹੋਣ ਵਾਲੇ ਜੀਵ; 'ਜੇਰਜ', ਜਿਓਰ ਤੋਂ ਪੈਦਾ ਹੋਣ ਵਾਲੇ; 'ਸੇਤਜ' ਮੁੜ੍ਹਕੇ ਤੋਂ ਅਤੇ 'ਉਤਭੁਜ', ਪਾਣੀ ਦੀ ਰਾਹੀਂ ਧਰਤੀ ਵਿੱਚੋਂ ਪੈਦਾ ਹੋਣ ਵਾਲੇ। ਪਰ ਜਦ ਹਜ਼ੂਰ ਵਾਹਿਗੁਰੂ ਦੀ ਬੇਅੰਤਤਾ ਦੀ ਗੱਲ ਕਰਦੇ ਹਨ ਤਾਂ ਆਪ ਸਪੱਸ਼ਟ ਕਰਦੇ ਹਨ:

(ੳ) **ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ॥** *(ਜਪੁ ਜੀ, ਪੰਨਾ 7)*

ਅਰਥ: (ਜੀਵ-ਰਚਨਾ ਦੀਆਂ) ਬੇਅੰਤ ਖਾਣੀਆਂ ਹਨ, (ਜੀਵਾਂ ਦੀਆਂ ਬੋਲੀਆਂ ਭੀ ਚਾਰ ਨਹੀਂ) ਬੇਅੰਤ ਬਾਣੀਆਂ ਹਨ, ਬੇਅੰਤ ਪਾਤਸ਼ਾਹ ਤੇ ਰਾਜੇ ਹਨ।

(ਅ) **ਕਈ ਕੋਟਿ ਖਾਣੀ ਅਰੁ ਖੰਡ ॥** *(ਗਉੜੀ ਸੁਖਮਨੀ ਮ: ੫, ਪੰਨਾ 276)*

ਅਰਥ : ਕਈ ਕ੍ਰੋੜ ਖਾਣੀਆਂ ਅਤੇ ਖੰਡ ਹਨ।

(ੲ) **ਸਗਲ ਖਾਣੀ ਸਗਲ ਬਾਣੀ ਸਦਾ ਸਦਾ ਧਿਆਵਏ ॥** *(ਆਸਾ ਮ: ੫, ਪੰਨਾ 456)*

ਅਰਥ : ਸਾਰੀਆਂ ਖਾਣੀਆਂ ਤੇ ਸਾਰੀਆਂ ਬੋਲੀਆਂ (ਦਾ ਹਰੇਕ ਜੀਵ) ਜਿਸ ਪਰਮਾਤਮਾ ਦਾ ਸਦਾ ਹੀ ਧਿਆਨ ਧਰ ਰਿਹਾ ਹੈ।

ਜਪੁ ਜੀ ਦੀ 22ਵੀਂ ਪਉੜੀ ਦੀਆਂ ਪੰਜ ਪੰਗਤੀਆਂ ਹਨ; ਇਨ੍ਹਾਂ ਪੰਜਾਂ ਤੁਕਾਂ ਵਿੱਚੋਂ ਮਹਾਰਾਜ ਪਹਿਲੀਆਂ ਦੋ ਪੰਗਤੀਆਂ ਵਿਚ ਵੇਦਾਂ ਦਾ ਜੋ ਮਤ ਹੈ, ਉਸ ਦੀ ਗੱਲ ਕਰਦਿਆਂ ਹੋਇਆਂ ਕਹਿੰਦੇ ਹਨ ਕਿ :

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥
ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥

ਅਰਥ : (ਸਾਰੇ) ਵੇਦ ਇਕ-ਜ਼ਬਾਨ ਹੋ ਕੇ ਆਖਦੇ ਹਨ : "ਪਾਤਾਲਾਂ ਦੇ ਹੇਠ ਹੋਰ ਲੱਖਾਂ ਪਾਤਾਲ ਹਨ ਅਤੇ ਆਕਾਸ਼ਾਂ ਦੇ ਉੱਤੇ ਹੋਰ ਲੱਖਾਂ ਆਕਾਸ਼ ਹਨ, (ਬੇਅੰਤ ਰਿਸ਼ੀ-ਮੁਨੀ ਇਹਨਾਂ ਦੇ) ਅਖ਼ੀਰਲੇ ਬੰਨਿਆਂ ਦੀ ਭਾਲ ਕਰ ਕੇ ਥੱਕ ਗਏ ਹਨ, (ਪਰ ਲੱਭ ਨਹੀਂ ਸਕੇ)।"

ਅਗਲੀ ਪੰਗਤੀ ਵਿਚ ਗੁਰਦੇਵ ਪੱਛਮੀ ਮਤਾਂ ਦੇ ਦ੍ਰਿਸ਼ਟੀਕੋਣ ਦਾ ਜ਼ਿਕਰ ਕਰਦਿਆਂ ਆਖਦੇ ਹਨ :

ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ ॥

ਅਰਥ : (ਮੁਸਲਮਾਨ ਤੇ ਈਸਾਈ ਆਦਿਕ ਦੀਆਂ ਚਾਰੇ) ਕਤੇਬਾਂ ਆਖਦੀਆਂ ਹਨ : "ਕੁੱਲ ਅਠਾਰਹ ਹਜ਼ਾਰ ਆਲਮ ਹਨ, ਜਿਨ੍ਹਾਂ ਦਾ ਮੁੱਢ ਇਕ ਅਕਾਲ ਪੁਰਖ ਹੈ।"

ਅੰਤਲੀਆਂ ਪੰਗਤੀਆਂ ਵਿਚ ਗੁਰੂ ਨਾਨਕ ਸਾਹਿਬ ਆਪਣਾ ਮਤਿ ਪ੍ਰਗਟ ਕਰਦਿਆਂ ਫ਼ੁਰਮਾਉਂਦੇ ਹਨ :

ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥
ਨਾਨਕ ਵਡਾ ਆਖੀਐ ਆਪੇ ਜਾਣੈ ਆਪੁ ॥

ਅਰਥ : (ਪਰ ਸੱਚੀ ਗੱਲ ਤਾਂ ਇਹ ਹੈ ਕਿ ਸ਼ਬਦ) 'ਹਜ਼ਾਰਾਂ' ਤੇ 'ਲੱਖਾਂ' ਭੀ ਕੁਦਰਤ ਦੀ ਗਿਣਤੀ ਵਿਚ ਵਰਤੇ ਨਹੀਂ ਜਾ ਸਕਦੇ, ਅਕਾਲ ਪੁਰਖ ਦੀ ਕੁਦਰਤ ਦਾ) ਲੇਖਾ ਤਦੋਂ ਹੀ ਲਿਖ ਸਕੀਦਾ ਹੈ, ਜੇ ਲੇਖਾ ਹੋ ਹੀ ਸਕੇ, (ਇਹ ਲੇਖਾ ਤਾਂ ਹੋ ਹੀ ਨਹੀਂ ਸਕਦਾ, ਲੇਖਾ ਕਰਦਿਆਂ ਕਰਦਿਆਂ) ਲੇਖੇ ਦਾ ਹੀ ਖ਼ਾਤਮਾ ਹੋ ਜਾਂਦਾ ਹੈ (ਗਿਣਤੀ ਦੇ ਹਿੰਦਸੇ ਹੀ ਮੁੱਕ ਜਾਂਦੇ ਹਨ)। ਹੇ ਨਾਨਕ ! ਜਿਸ ਅਕਾਲ ਪੁਰਖ ਨੂੰ (ਸਾਰੇ ਜਗਤ ਵਿਚ) ਵੱਡਾ ਆਖਿਆ ਜਾ ਰਿਹਾ ਹੈ, ਉਹ ਆਪ ਹੀ ਆਪਣੇ ਆਪ ਨੂੰ ਜਾਣਦਾ ਹੈ (ਉਹ ਆਪਣੀ ਵਡਿਆਈ ਆਪ ਹੀ ਜਾਣਦਾ ਹੈ।

ਗੁਰੂ ਗ੍ਰੰਥ ਸਾਹਿਬ ਵਿਚ 'ਚਾਰ ਖਾਣੀਆਂ' ਜਾਂ ਲੱਖਾਂ ਆਕਾਸ਼ਾਂ ਪਾਤਾਲਾਂ ਅਤੇ ਅਠਾਰਾਂ ਹਜ਼ਾਰ ਆਲਮਾਂ ਬਾਰੇ ਪੜ੍ਹ ਕੇ ਜੇਕਰ ਕੋਈ ਸੱਜਣ ਇਹ ਆਖਣ ਲੱਗ ਪਵੇ ਕਿ ਗੁਰੂ ਸਾਹਿਬ ਦਾ ਇਹ ਮਤ ਹੈ, ਤਾਂ ਅਜਿਹਾ ਸੱਜਣ ਗੁਰੂ ਸਾਹਿਬ ਦੀ ਵਿਚਾਰਧਾਰਾ

ਨਾਲ ਕਿੰਨਾ ਕੁ ਨਿਆਂ ਕਰ ਰਿਹਾ ਹੋਵੇਗਾ ? ਪਾਠਕ-ਜਨ ਇਸ ਗੱਲ ਦਾ ਆਪ ਹੀ ਅੰਦਾਜ਼ਾ ਲਗਾ ਲੈਣ।

ਇਸੇ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਵਿਚ ਚੌਰਾਸੀ ਲੱਖ ਜੂਨੀਆਂ ਦਾ ਵੀ ਕਈ ਥਾਈਂ ਵਰਣਨ ਕੀਤਾ ਗਿਆ ਹੈ। ਜਿਵੇਂ :

ਲਖ ਚਉਰਾਸੀਹ ਜਿਨਿ ਸਿਰੀ ਸਭਸੈ ਦੇਇ ਅਧਾਰੁ ॥ *(ਸਿਰੀਰਾਗੁ ਮ: ੩, ਪੰਨਾ 27)*

ਅਰਥ : ਜਿਸ ਪਰਮਾਤਮਾ ਨੇ ਚੌਰਾਸੀ ਲੱਖ ਜੂਨ ਪੈਦਾ ਕੀਤੀ ਹੈ, ਉਹ ਹਰੇਕ ਜੀਵ ਨੂੰ (ਰੋਜ਼ੀ ਦਾ) ਆਸਰਾ (ਭੀ) ਦੇਂਦਾ ਹੈ।

ਭਾਈ ਕਾਨ੍ਹ ਸਿੰਘ ਨਾਭਾ ਨੇ *ਮਹਾਨ ਕੋਸ਼* ਵਿਚ ਇਸ ਪ੍ਰਚਲਿਤ ਧਾਰਨਾ ਦਾ ਵਰਣਨ ਕਰਦਿਆਂ ਲਿਖਿਆ ਹੈ : "ਹਿੰਦੂ ਮਤ ਦੇ ਪ੍ਰਾਚੀਨ ਵਿਦਵਾਨਾਂ ਅਨੁਸਾਰ ਨੌਂ ਲੱਖ ਜਲ-ਵਾਸੀ, ਦਸ ਲੱਖ ਪੌਣ ਵਿਚ ਉੱਡਣ ਵਾਲੇ ਪੰਛੀ, ਬੀਸ ਲੱਖ ਇਸਥਿਤ ਰਹਿਣ ਵਾਲੇ ਬਿਰਛ ਆਦਿ, ਗਿਆਰਾਂ ਲੱਖ ਪੇਟ ਬਲ ਚੱਲਣ ਵਾਲੇ ਸਰਪ ਕ੍ਰਿਮਿ ਆਦਿ, ਤੀਸ ਲੱਖ ਚੌਪਾਏ ਅਤੇ ਚਾਰ ਲੱਖ ਮਨੁੱਖ ਜਾਤਿ ਦੇ ਜੀਵ ਹਨ, ਜਿਨ੍ਹਾਂ ਵਿਚ ਬਾਂਦਰ ਬਨਮਾਨੁਸ ਆਦਿ ਸਭ ਸ਼ਾਮਲ ਹਨ।

ਜੈਨੀਆਂ ਨੇ ਚੌਰਾਸੀ ਲੱਖ ਜੀਵਾਂ ਦੀ ਵੰਡ ਇਉਂ ਮੰਨੀ ਹੈ : 7 ਲੱਖ ਪ੍ਰਿਥਵੀ ਵਿਚ, 7 ਲੱਖ ਜਲ ਵਿਚ, 7 ਲੱਖ ਪੌਣ ਵਿਚ, 7 ਲੱਖ ਅਗਨਿ ਵਿਚ, 10 ਲੱਖ ਕੰਦ (ਗਾਜਰ, ਮੂਲੀ ਆਦਿ) ਵਿਚ, 14 ਲੱਖ ਝਾੜੀ ਬਿਰਛ ਆਦਿ ਵਿਚ, 2 ਲੱਖ ਦੋ ਇੰਦ੍ਰੀਆਂ ਵਾਲੇ ਅਰਥਾਤ ਜੋ ਤੁਚਾ ਅਤੇ ਮੂੰਹ ਰੱਖਦੇ ਹਨ, 2 ਲੱਖ ਤਿੰਨ ਇੰਦ੍ਰੀਆਂ ਵਾਲੇ, ਅਰਥਾਤ ਜੋ ਤੁਚਾ ਮੁਖ ਅਤੇ ਨੇਤ੍ਰ ਰੱਖਦੇ ਹਨ, 2 ਲੱਖ ਚਾਰ ਇੰਦ੍ਰੀਆਂ ਵਾਲੇ, ਅਰਥਾਤ ਜੋ ਤੁਚਾ, ਮੁਖ, ਨੱਕ ਅਤੇ ਨੇਤ੍ਰ ਰੱਖਦੇ ਹਨ, 4 ਲੱਖ ਦੇਵਤਾ, ਜੋ ਸੁਰਗ ਵਿਚ ਰਹਿੰਦੇ ਹਨ, 4 ਲੱਖ ਨਰਕ ਦੇ ਜੀਵ, 14 ਲੱਖ ਮਨੁੱਖ ਜਾਤਿ, ਜੋ ਇਕ ਟੰਗੀਏ ਅਤੇ ਦੁਟੰਗੇ ਹਨ, 4 ਲੱਖ ਚੌਪਾਏ ਪਸ਼ੂ।"

ਕਈ ਗ੍ਰੰਥਾਂ ਵਿਚ 42 ਲੱਖ ਜਲ ਦੇ ਅਤੇ 42 ਲੱਖ ਖ਼ੁਸ਼ਕੀ ਦੇ ਜੀਵ ਮੰਨੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਭਗਤ ਨਾਮਦੇਵ ਜੀ ਆਪਣੇ ਆਸਾ ਰਾਗ ਵਿਚਲੇ ਸ਼ਬਦ ਵਿਚ 42 ਲੱਖ ਜੂਨੀਆਂ ਦਾ ਪਾਣੀ ਵਿਚ ਹੋਣ ਦੇ ਪ੍ਰਚਲਿਤ ਖ਼ਿਆਲ ਦਾ ਹੀ ਵਰਣਨ ਕਰਦਿਆਂ ਹੋਇਆਂ ਕਹਿੰਦੇ ਹਨ :

ਆਨੀਲੇ ਕੁੰਭ ਭਰਾਈਲੇ ਊਦਕ ਠਾਕੁਰ ਕਉ ਇਸਨਾਨੁ ਕਰਉ ॥
ਬਇਆਲੀਸ ਲਖ ਜੀ ਜਲ ਮਹਿ ਹੋਤੇ ਬੀਠਲੁ ਭੈਲਾ ਕਾਇ ਕਰਉ ॥

(ਆਸਾ ਨਾਮਦੇਉ ਜੀ, ਪੰਨਾ 485)

ਅਰਥ : ਘੜਾ ਲਿਆ ਕੇ (ਉਸ ਵਿਚ) ਪਾਣੀ ਭਰਾ ਕੇ (ਜੇ) ਮੈਂ ਮੂਰਤੀ ਨੂੰ ਇਸ਼ਨਾਨ ਕਰਾਵਾਂ (ਤਾਂ ਉਹ ਇਸ਼ਨਾਨ ਪ੍ਰਵਾਨ ਨਹੀਂ, ਪਾਣੀ ਜੂਠਾ ਹੈ, ਕਿਉਂਕਿ) ਪਾਣੀ ਵਿਚ ਬਤਾਲੀ ਲੱਖ (ਜੂਨਾਂ ਦੇ) ਜੀਵ ਰਹਿੰਦੇ ਹਨ। (ਪਰ ਮੇਰਾ) ਨਿਰਲੇਪ ਪ੍ਰਭੂ ਤਾਂ ਪਹਿਲਾਂ ਹੀ (ਉਹਨਾਂ ਜੀਵਾਂ ਵਿਚ) ਵੱਸਦਾ ਸੀ (ਤੇ ਇਸ਼ਨਾਨ ਕਰ ਰਿਹਾ ਸੀ; ਤਾਂ ਫਿਰ ਮੂਰਤੀ ਨੂੰ) ਮੈਂ ਕਾਹਦੇ ਲਈ ਇਸ਼ਨਾਨ ਕਰਾਵਾਂ ?

ਗੁਰਦੇਵ ਦਾ ਇਹ ਮੰਨਣਾ ਨਹੀਂ ਹੈ ਕਿ ਕਰਤੇ ਦੀ ਇਸ ਕੁਦਰਤ ਵਿਚ ਚੌਰਾਸੀ

ਲੱਖ ਜੂਨੀਆਂ ਹੀ ਹਨ। ਗੁਰੂ ਸਾਹਿਬ ਨੇ ਪ੍ਰਭੂ ਦੀ ਇਸ ਬਹੁ-ਭਾਂਤੀ ਅਤੇ ਬਹੁਰੰਗੀ ਰਚਨਾ ਵਿਚ ਕੇਵਲ ਜੂਨੀਆਂ ਦੀ ਹੀ ਨਹੀਂ, ਬਲਕਿ ਅਕਾਲ ਪੁਰਖ ਦੀ ਕਿਸੇ ਵੀ ਕ੍ਰਿਤ ਬਾਰੇ ਇਹ ਨਿਰਣਾਇਕ ਫ਼ੈਸਲਾ ਨਹੀਂ ਦਿੱਤਾ ਕਿ ਇਸ ਦੀ ਕਿਤਨੀ ਕੁ ਮਿਕਦਾਰ ਅਥਵਾ ਪਸਾਰਾ ਹੈ। ਸਤਿਗੁਰੂ ਦਾ ਤਾਂ ਕਥਨ ਹੈ:

ਉਸਤਤਿ ਕਰਹਿ ਅਨੇਕ ਜਨ ਅੰਤੁ ਨ ਪਾਰਾਵਾਰ॥
ਨਾਨਕ ਰਚਨਾ ਪ੍ਰਭਿ ਰਚੀ ਬਹੁ ਬਿਧਿ ਅਨਿਕ ਪ੍ਰਕਾਰ॥

(ਗਉੜੀ ਸੁਖਮਨੀ ਮ: ੫, ਪੰਨਾ 275)

ਅਰਥ: ਅਨੇਕਾਂ ਬੰਦੇ ਪ੍ਰਭੂ ਦੇ ਗੁਣਾਂ ਦਾ ਜ਼ਿਕਰ ਕਰਦੇ ਹਨ, ਪਰ ਉਹਨਾਂ ਗੁਣਾਂ ਦਾ ਹੱਦ-ਬੰਨਾ ਨਹੀਂ ਲੱਭਦਾ। ਹੇ ਨਾਨਕ! (ਇਹੀ ਸਾਰੀ) ਸ੍ਰਿਸ਼ਟੀ (ਉਸ) ਪ੍ਰਭੂ ਨੇ ਕਈ ਕਿਸਮਾਂ ਦੀ ਕਈ ਤਰੀਕਿਆਂ ਨਾਲ ਬਣਾਈ ਹੈ।

ਸਤਿਗੁਰੂ ਜੀ ਬਾਣੀ ਵਿਚ ਭਟਕਣਾ ਵਿਚ ਪੈ ਕੇ ਆਤਮਿਕ ਮੌਤ ਦਾ ਸ਼ਿਕਾਰ ਹੋ, ਆਤਮਿਕ ਸਰਮਾਇਆ ਲੁਟਾਉਣ ਵਾਲੇ ਪ੍ਰਾਣੀ ਨੂੰ ਸੰਬੋਧਨ ਕਰਦਿਆਂ ਹੋਇਆਂ ਫ਼ੁਰਮਾਂਦੇ ਹਨ ਕਿ ਤੈਨੂੰ ਕ੍ਰੋੜਾਂ ਜੂਨਾਂ ਵਿਚ ਪੈਣਾ, ਭਟਕਣਾ ਪਵੇਗਾ:

ਭ੍ਰਮਿ ਮੋਹੀ ਦੂਖ ਨ ਜਾਣਹੀ ਕੋਟਿ ਜੋਨੀ ਬਸਨਾ ਰਾਮ॥

(ਬਿਲਾਵਲੁ ਮ: ੫, ਪੰਨਾ 848)

ਅਰਥ: ਹੇ ਜਿੰਦੇ! ਭਟਕਣਾ ਦੇ ਕਾਰਨ ਤੂੰ (ਆਤਮਿਕ ਸਰਮਾਇਆ) ਲੁਟਾਈ ਜਾ ਰਹੀ ਹੈਂ, (ਨਾਮ ਭੁਲਾ ਕੇ) ਕ੍ਰੋੜਾਂ ਜੂਨਾਂ ਵਿਚ ਪੈਣਾ ਪੈਂਦਾ ਹੈ, ਤੂੰ ਇਹਨਾਂ ਦੁੱਖਾਂ ਨੂੰ ਨਹੀਂ ਸਮਝਦੀ।

ਗੁਰਦੇਵ ਇਥੇ ਚੌਰਾਸੀ ਲੱਖ ਜੂਨਾਂ ਦਾ ਨਹੀਂ, ਬਲਕਿ ਕ੍ਰੋੜਾਂ ਜੂਨੀਆਂ ਦਾ ਜ਼ਿਕਰ ਕਰਦੇ ਹਨ। ਧਿਆਨ ਰਹੇ ਸਤਿਗੁਰੂ ਕ੍ਰੋੜਾਂ ਸ਼ਬਦ ਦੀ ਵਰਤੋਂ ਕਰ ਰਹੇ ਹਨ; ਇਹ ਨਹੀਂ ਆਖ ਰਹੇ ਕਿ ਇਤਨੇ ਕ੍ਰੋੜ। ਚੂੰਕਿ ਸਤਿਗੁਰੂ ਜੀ ਅਨੁਸਾਰ ਕਰਤੇ ਦੀ ਕੁਦਰਤ ਦੇ ਕਿਸੇ ਵੀ ਰੂਪ ਨੂੰ ਨਾਪਿਆ ਜਾਂ ਤੋਲਿਆ ਨਹੀਂ ਜਾ ਸਕਦਾ ਹੈ; ਉਸ ਦੀ ਗਿਣਤੀ-ਮਿਣਤੀ ਸੰਭਵ ਹੀ ਨਹੀਂ ਹੈ।

ਅੰਤ ਵਿਚ ਪਾਠਕਾਂ ਦਾ ਧਿਆਨ ਨਿਮਨ ਲਿਖਤ ਸ਼ਬਦ ਵੱਲ ਦਿਵਾਇਆ ਜਾ ਰਿਹਾ ਹੈ, ਜਿਸ ਵਿਚ ਸਤਿਗੁਰੂ ਜੀ ਵਾਹਿਗੁਰੂ ਦੀ ਬੇਅੰਤਤਾ ਦਾ ਜ਼ਿਕਰ ਕਰਦਿਆਂ ਅਨੇਕਾਂ ਪ੍ਰਚਲਿਤ ਧਾਰਨਾਵਾਂ ਨੂੰ ਨਕਾਰਦਿਆਂ ਹੋਇਆਂ ਆਪਣਾ ਦ੍ਰਿਸ਼ਟੀਕੋਣ ਜ਼ਾਹਰ ਕਰਦੇ ਹਨ:

ਕੋਟਿ ਬਿਸਨ ਕੀਨੇ ਅਵਤਾਰ॥
ਕੋਟਿ ਬ੍ਰਹਮੰਡ ਜਾ ਕੇ ਧ੍ਰਮਸਾਲ॥
ਕੋਟਿ ਮਹੇਸ ਉਪਾਇ ਸਮਾਏ॥
ਕੋਟਿ ਬ੍ਰਹਮੇ ਜਗੁ ਸਾਜਣ ਲਾਏ॥੧॥
ਐਸੋ ਧਣੀ ਗੁਵਿੰਦੁ ਹਮਾਰਾ॥
ਬਰਨਿ ਨ ਸਾਕਉ ਗੁਣ ਬਿਸਥਾਰਾ॥੧॥ਰਹਾਉ॥
ਕੋਟਿ ਮਾਇਆ ਜਾ ਕੈ ਸੇਵਕਾਇ॥
ਕੋਟਿ ਜੀਅ ਜਾ ਕੀ ਸਿਹਜਾਇ॥

ਕੋਟਿ ਉਪਾਰਜਨਾ ਤੇਰੈ ਅੰਗਿ ॥
ਕੋਟਿ ਭਗਤ ਬਸਤ ਹਰਿ ਸੰਗਿ ॥੨॥
ਕੋਟਿ ਛਤ੍ਰਪਤਿ ਕਰਤ ਨਮਸਕਾਰ ॥
ਕੋਟਿ ਇੰਦ੍ਰ ਠਾਢੇ ਹੈ ਦੁਆਰ ॥
ਕੋਟਿ ਬੈਕੁੰਠ ਜਾ ਕੀ ਦ੍ਰਿਸਟੀ ਮਾਹਿ ॥
ਕੋਟਿ ਨਾਮ ਜਾ ਕੀ ਕੀਮਤਿ ਨਾਹਿ ॥੩॥
ਕੋਟਿ ਪੂਰੀਅਤ ਹੈ ਜਾ ਕੈ ਨਾਦ ॥
ਕੋਟਿ ਅਖਾਰੇ ਚਲਿਤ ਬਿਸਮਾਦ ॥
ਕੋਟਿ ਸਕਤਿ ਸਿਵ ਆਗਿਆਕਾਰ ॥
ਕੋਟਿ ਜੀਅ ਦੇਵੈ ਆਧਾਰ ॥੪॥
ਕੋਟਿ ਤੀਰਥ ਜਾ ਕੇ ਚਰਨ ਮਝਾਰ ॥
ਕੋਟਿ ਪਵਿਤ੍ਰ ਜਪਤ ਨਾਮ ਚਾਰ ॥
ਕੋਟਿ ਪੂਜਾਰੀ ਕਰਤੇ ਪੂਜਾ ॥
ਕੋਟਿ ਬਿਸਥਾਰਨੁ ਅਵਰੁ ਨ ਦੂਜਾ ॥੫॥
ਕੋਟਿ ਮਹਿਮਾ ਜਾ ਕੀ ਨਿਰਮਲ ਹੰਸ ॥
ਕੋਟਿ ਉਸਤਤਿ ਜਾ ਕੀ ਕਰਤ ਬ੍ਰਹਮੰਸ ॥
ਕੋਟਿ ਪਰਲਉ ਓਪਤਿ ਨਿਮਖ ਮਾਹਿ ॥
ਕੋਟਿ ਗੁਣਾ ਤੇਰੇ ਗਣੇ ਨ ਜਾਹਿ ॥੬॥
ਕੋਟਿ ਗਿਆਨੀ ਕਥਹਿ ਗਿਆਨੁ ॥
ਕੋਟਿ ਧਿਆਨੀ ਧਰਤ ਧਿਆਨੁ ॥
ਕੋਟਿ ਤਪੀਸਰ ਤਪ ਹੀ ਕਰਤੇ ॥
ਕੋਟਿ ਮੁਨੀਸਰ ਮੋੁਨਿ ਮਹਿ ਰਹਤੇ ॥੭॥
ਅਵਿਗਤ ਨਾਥੁ ਅਗੋਚਰ ਸੁਆਮੀ ॥
ਪੂਰਿ ਰਹਿਆ ਘਟ ਅੰਤਰਜਾਮੀ ॥
ਜਤ ਕਤ ਦੇਖਉ ਤੇਰਾ ਵਾਸਾ ॥
ਨਾਨਕ ਕਉ ਗੁਰਿ ਕੀਓ ਪ੍ਰਗਾਸਾ ॥੮॥ *(ਭੈਰਉ ਮਹਲਾ ੫, ਪੰਨਾ 1156)*

ਅਰਥ : ਹੇ ਭਾਈ ! ਸਾਡਾ ਮਾਲਕ ਪ੍ਰਭੂ ਇਹੋ ਜਿਹਾ (ਬੇਅੰਤ) ਹੈ ਕਿ ਮੈਂ ਉਸ ਦੇ ਗੁਣਾਂ ਦਾ ਵਿਸਥਾਰ ਬਿਆਨ ਨਹੀਂ ਕਰ ਸਕਦਾ।੧।ਰਹਾਉ।

ਹੇ ਭਾਈ! (ਉਹ ਗੋਬਿੰਦ ਐਸਾ ਹੈ, ਜਿਸ ਨੇ) ਕ੍ਰੋੜਾਂ ਹੀ ਵਿਸ਼ਨੂੰ-ਅਵਤਾਰ ਬਣਾਏ, ਕ੍ਰੋੜਾਂ ਬ੍ਰਹਿਮੰਡ ਜਿਸ ਦੇ ਧਰਮ-ਅਸਥਾਨ ਹਨ, ਜਿਹੜਾ ਕ੍ਰੋੜਾਂ ਸ਼ਿਵ ਪੈਦਾ ਕਰ ਕੇ (ਆਪਣੇ ਵਿਚ ਹੀ) ਲੀਨ ਕਰ ਦੇਂਦਾ ਹੈ, ਜਿਸ ਨੇ ਕ੍ਰੋੜਾਂ ਹੀ ਬ੍ਰਹਮੇ ਜਗਤ ਪੈਦਾ ਕਰਨ ਦੇ ਕੰਮ 'ਤੇ ਲਾਏ ਹੋਏ ਹਨ।੧।

ਹੇ ਭਾਈ! (ਉਹ ਗੋਬਿੰਦ ਐਸਾ ਮਾਲਕ ਹੈ ਕਿ) ਕ੍ਰੋੜਾਂ ਹੀ ਲੱਛਮੀਆਂ ਉਸ ਦੇ ਘਰ ਵਿਚ ਦਾਸੀਆਂ ਹਨ, ਕ੍ਰੋੜਾਂ ਹੀ ਜੀਵ ਉਸ ਦੀ ਸੇਜ ਹਨ। ਹੇ ਪ੍ਰਭੂ! ਕ੍ਰੋੜਾਂ ਹੀ ਉਤਪਤੀਆਂ ਤੇਰੇ ਆਪੇ ਵਿਚ ਸਮਾ ਜਾਂਦੀਆਂ ਹਨ। ਹੇ ਭਾਈ! ਕ੍ਰੋੜਾਂ ਹੀ ਭਗਤ ਪ੍ਰਭੂ ਦੇ ਚਰਨਾਂ ਵਿਚ ਵੱਸਦੇ ਹਨ।੨।

ਹੇ ਭਾਈ! (ਉਹ ਗੋਬਿੰਦ ਐਸਾ ਮਾਲਕ ਹੈ ਕਿ) ਕ੍ਰੋੜਾਂ ਰਾਜੇ ਉਸ ਅੱਗੇ ਸਿਰ ਨਿਵਾਂਦੇ ਹਨ, ਕ੍ਰੋੜਾਂ ਇੰਦ੍ਰ ਉਸ ਦੇ ਦਰ 'ਤੇ ਖੜੇ ਹਨ, ਕ੍ਰੋੜਾਂ ਹੀ ਬੈਕੁੰਠ ਉਸ ਦੀ (ਮਿਹਰ ਦੀ) ਨਿਗਾਹ ਵਿਚ ਹਨ, ਉਸ ਦੇ ਕ੍ਰੋੜਾਂ ਹੀ ਨਾਮ ਹਨ, (ਉਹ ਐਸਾ ਹੈ) ਕਿ ਉਸ ਦਾ ਮੁੱਲ ਨਹੀਂ ਪੈ ਸਕਦਾ।੩।

ਹੇ ਭਾਈ! (ਉਹ ਗੋਬਿੰਦ ਐਸਾ ਹੈ ਕਿ) ਉਸ ਦੇ ਦਰ 'ਤੇ ਕ੍ਰੋੜਾਂ (ਸੰਖ ਆਦਿਕ) ਨਾਦ ਪੂਰੇ (ਵਜਾਏ) ਜਾਂਦੇ ਹਨ, ਉਸ ਦੇ ਕ੍ਰੋੜਾਂ ਹੀ ਜਗਤ-ਅਖਾੜੇ ਹਨ, ਉਸ ਦੇ ਰਚੇ ਕੌਤਕ-ਤਮਾਸ਼ੇ ਹੈਰਾਨ ਕਰਨ ਵਾਲੇ ਹਨ। ਕ੍ਰੋੜਾਂ ਸ਼ਿਵ ਤੇ ਕ੍ਰੋੜਾਂ ਸ਼ਕਤੀਆਂ ਉਸ ਦੇ ਹੁਕਮ ਵਿਚ ਤੁਰਨ ਵਾਲੇ ਹਨ। ਹੇ ਭਾਈ! ਉਹ ਮਾਲਕ ਕ੍ਰੋੜਾਂ ਜੀਵਾਂ ਨੂੰ ਆਸਰਾ ਦੇ ਰਿਹਾ ਹੈ।੪।

ਹੇ ਭਾਈ! (ਸਾਡਾ ਉਹ ਗੋਬਿੰਦ ਐਸਾ ਧਨੀ ਹੈ) ਕਿ ਕ੍ਰੋੜਾਂ ਹੀ ਤੀਰਥ ਉਸ ਦੇ ਚਰਨਾਂ ਵਿਚ ਹਨ (ਉਸ ਦੇ ਚਰਨਾਂ ਵਿਚ ਜੁੜੇ ਰਹਿਣਾ ਹੀ ਕ੍ਰੋੜਾਂ ਤੀਰਥਾਂ ਦੇ ਇਸ਼ਨਾਨ ਬਰਾਬਰ ਹੈ), ਕ੍ਰੋੜਾਂ ਹੀ ਜੀਵ ਉਸ ਦਾ ਸੋਹਣਾ ਨਾਮ ਜਪਦਿਆਂ ਸੁੱਚੇ ਜੀਵਨ ਵਾਲੇ ਹੋ ਜਾਂਦੇ ਹਨ, ਕ੍ਰੋੜਾਂ ਪੁਜਾਰੀ ਉਸ ਦੀ ਪੂਜਾ ਕਰ ਰਹੇ ਹਨ, ਉਸ ਮਾਲਕ ਨੇ ਕ੍ਰੋੜਾਂ ਹੀ ਜੀਵਾਂ ਦਾ ਖਿਲਾਰਾ ਖਿਲਾਰਿਆ ਹੋਇਆ ਹੈ, (ਉਸ ਤੋਂ ਬਿਨਾਂ) ਕੋਈ ਹੋਰ ਦੂਜਾ ਨਹੀਂ ਹੈ।੫।

ਹੇ ਭਾਈ! (ਉਹ ਸਾਡਾ ਗੋਬਿੰਦ ਐਸਾ ਹੈ) ਕਿ ਕ੍ਰੋੜਾਂ ਹੀ ਪਵਿੱਤਰ ਜੀਵਨ ਵਾਲੇ ਜੀਵ ਉਸ ਦੀ ਮਹਿਮਾ ਕਰ ਰਹੇ ਹਨ, ਸਨਕ ਆਦਿਕ ਬ੍ਰਹਮਾ ਦੇ ਕ੍ਰੋੜਾਂ ਹੀ ਪੁੱਤਰ ਉਸ ਦੀ ਉਸਤਤ ਕਰ ਰਹੇ ਹਨ, ਉਹ ਗੋਬਿੰਦ ਅੱਖ ਦੇ ਇਕ ਫੋਰ ਵਿਚ ਕ੍ਰੋੜਾਂ (ਜੀਵਾਂ ਦੀ) ਉਤਪਤੀ ਤੇ ਨਾਸ (ਕਰਦਾ ਰਹਿੰਦਾ) ਹੈ। ਹੇ ਪ੍ਰਭੂ! ਤੇਰੇ ਕ੍ਰੋੜਾਂ ਹੀ ਗੁਣ ਹਨ, (ਅਸਾਂ ਜੀਵਾਂ ਪਾਸੋਂ) ਗਿਣੇ ਨਹੀਂ ਜਾ ਸਕਦੇ।੬।

ਹੇ ਭਾਈ! (ਸਾਡਾ ਉਹ ਗੋਬਿੰਦ ਐਸਾ ਹੈ ਕਿ) ਆਤਮਿਕ ਜੀਵਨ ਦੀ ਸੂਝ ਵਾਲੇ ਕ੍ਰੋੜਾਂ ਹੀ ਮਨੁੱਖ ਉਸ ਦੇ ਗੁਣਾਂ ਦਾ ਵਿਚਾਰ ਬਿਆਨ ਕਰਦੇ ਰਹਿੰਦੇ ਹਨ, ਸਮਾਧੀਆਂ ਲਾਣ ਵਾਲੇ ਕ੍ਰੋੜਾਂ ਹੀ ਸਾਧੂ (ਉਸ ਵਿਚ) ਸੁਰਤਿ ਜੋੜੀ ਰੱਖਦੇ ਹਨ, (ਉਸ ਦਾ ਦਰਸ਼ਨ ਕਰਨ ਲਈ) ਕ੍ਰੋੜਾਂ ਹੀ ਵੱਡੇ ਵੱਡੇ ਤਪੀ ਤਪ ਕਰਦੇ ਰਹਿੰਦੇ ਹਨ, ਕ੍ਰੋੜਾਂ ਹੀ ਵੱਡੇ ਵੱਡੇ ਮੁਨੀ ਮੋਨ ਧਾਰੀ ਰੱਖਦੇ ਹਨ।੭।

ਹੇ ਭਾਈ! ਸਾਡਾ ਉਹ ਖ਼ਸਮ-ਪ੍ਰਭੂ ਅਦ੍ਰਿਸ਼ਟ ਹੈ, ਸਾਡਾ ਉਹ ਸੁਆਮੀ ਗਿਆਨ-ਇੰਦ੍ਰਿਆਂ ਦੀ ਪਹੁੰਚ ਤੋਂ ਪਰ੍ਹੇ ਹੈ, ਸਭ ਜੀਵਾਂ ਦੇ ਦਿਲ ਦੀ ਜਾਣਨ ਵਾਲਾ ਉਹ ਪ੍ਰਭੂ ਸਭ ਸਰੀਰਾਂ ਵਿਚ ਮੌਜੂਦ ਹੈ। ਹੇ ਪ੍ਰਭੂ! (ਮੈਨੂੰ) ਨਾਨਕ ਨੂੰ ਗੁਰੂ ਨੇ (ਅਜਿਹਾ ਆਤਮਿਕ) ਚਾਨਣ ਬਖ਼ਸ਼ਿਆ ਹੈ ਕਿ ਮੈਂ ਜਿਧਰ ਕਿਧਰ ਵੇਖਦਾ ਹਾਂ ਮੈਨੂੰ ਤੇਰਾ ਹੀ ਨਿਵਾਸ ਦਿੱਸਦਾ ਹੈ।੮।

ਸਮੇਂ ਦੇ ਗੇੜ ਨਾਲ ਕਈ ਜੀਵਾਂ ਦੀ ਹੋਂਦ ਦਾ ਅੱਜ ਨਾਮੋ-ਨਿਸ਼ਾਨ ਨਹੀਂ, ਅਤੇ ਕਈ ਨਵੀਆਂ (ਜੂਨਾਂ) ਪੈਦਾ ਹੋ ਰਹੀਆਂ ਹਨ। ਕਰਤੇ ਦੀ ਇਸ ਕੁਦਰਤ ਦਾ ਭੇਦ ਉਹ ਕਰਤਾ ਆਪ ਹੀ ਜਾਣਦਾ ਹੈ।

ਸੋ, ਗੁਰੂ ਗ੍ਰੰਥ ਸਾਹਿਬ ਵਿਚ ਭਾਵੇਂ ਕਈ ਥਾਈਂ ਚੌਰਾਸੀ ਲੱਖ ਜੂਨਾਂ ਦਾ ਵਰਣਨ

ਕੀਤਾ ਗਿਆ ਹੈ, ਪਰੰਤੂ ਇਸ ਵਰਣਨ ਤੋਂ ਇਹ ਹਰਗਿਜ਼ ਭਾਵ ਨਹੀਂ ਲਿਆ ਜਾ ਸਕਦਾ ਕਿ ਗੁਰੂ ਸਾਹਿਬ ਨੇ ਜੂਨੀਆਂ ਦੀ ਇਸ ਪ੍ਰਚਲਿਤ ਧਾਰਨਾ ਨਾਲ ਆਪਣੀ ਸਹਿਮਤੀ ਪ੍ਰਗਟ ਕੀਤੀ ਹੈ। ਮਹਾਰਾਜ ਨੇ ਅਕਾਲ ਪੁਰਖ ਦੀ ਕਿਸੇ ਵੀ ਕ੍ਰਿਤ ਬਾਰੇ ਇਹ ਰਾਏ ਪ੍ਰਗਟ ਨਹੀਂ ਕੀਤੀ ਕਿ ਉਸ ਦੀ ਇਤਨੀ ਕੁ ਗਿਣਤੀ-ਮਿਣਤੀ ਹੈ। ਇਸ ਲਈ ਚੌਰਾਸੀ ਲੱਖ ਜੂਨਾਂ ਤੋਂ ਭਾਵ ਬੇਅੰਤ ਜੂਨਾਂ ਤੋਂ ਹੀ ਸਮਝਣਾ ਚਾਹੀਦਾ ਹੈ।

ਨੋਟ : ਗੁਰੂ ਗ੍ਰੰਥ ਸਾਹਿਬ ਵਿਚ ਆਤਮਿਕ ਮੌਤ ਦਾ ਸ਼ਿਕਾਰ ਹੋ ਕੇ ਪਸ਼ੂ-ਤਲ 'ਤੇ ਜ਼ਿੰਦਗੀ ਬਸਰ ਕਰ ਰਹੇ ਮਨੁੱਖ ਬਾਰੇ ਆਖਿਆ ਹੈ ਕਿ ਉਹ ਅਣਗਿਣਤ ਜੂਨੀਆਂ ਵਿਚ ਭਟਕਦਾ ਫਿਰਦਾ ਹੈ:

ਉਦਮ ਕਰਹਿ ਅਨੇਕ ਹਰਿ ਨਾਮੁ ਨ ਗਾਵਹੀ॥
ਭਰਮਹਿ ਜੋਨਿ ਅਸੰਖ ਮਰਿ ਜਨਮਹਿ ਆਵਹੀ॥
ਪਸੂ ਪੰਖੀ ਸੈਲ ਤਰਵਰ ਗਣਤ ਕਛੂ ਨ ਆਵਏ॥
ਬੀਜੁ ਬੋਵਸਿ ਭੋਗ ਭੋਗਹਿ ਕੀਆ ਅਪਣਾ ਪਾਵਏ॥
ਰਤਨ ਜਨਮੁ ਹਾਰੰਤ ਜੂਐ ਪ੍ਰਭੂ ਆਪਿ ਨ ਭਾਵਹੀ॥
ਬਿਨਵੰਤਿ ਨਾਨਕ ਭਰਮਹਿ ਭ੍ਰਮਾਏ ਖਿਨੁ ਏਕੁ ਟਿਕਣੁ ਨ ਪਾਵਹੀ॥

(ਜੈਤਸਰੀ ਮ: ੫, ਪੰਨਾ 705)

ਅਰਥ : ਹੇ ਭਾਈ! ਜੇਹੜੇ ਮਨੁੱਖ ਹੋਰ ਹੋਰ ਉੱਦਮ ਤਾਂ ਅਨੇਕਾਂ ਹੀ ਕਰਦੇ ਹਨ, ਪਰ ਪਰਮਾਤਮਾ ਦਾ ਨਾਮ ਨਹੀਂ ਜਪਦੇ, ਉਹ ਅਣਗਿਣਤ ਜੂਨਾਂ ਵਿਚ ਭਟਕਦੇ ਫਿਰਦੇ ਹਨ, ਆਤਮਿਕ ਮੌਤ ਸਹੇੜ ਕੇ (ਮੁੜ ਮੁੜ) ਜੰਮਦੇ ਹਨ (ਮੁੜ ਮੁੜ ਜਗਤ ਵਿਚ) ਆਉਂਦੇ ਹਨ। (ਉਹ ਮਨੁੱਖ) ਪਸ਼ੂ, ਪੰਛੀ, ਪੱਥਰ, ਰੁੱਖ (ਆਦਿਕ ਅਨੇਕਾਂ ਜੂਨਾਂ ਵਿਚ ਪੈਂਦੇ ਹਨ, ਜਿਨ੍ਹਾਂ ਦੀ) ਕੋਈ ਗਿਣਤੀ ਹੀ ਨਹੀਂ ਹੋ ਸਕਦੀ। (ਹੇ ਭਾਈ! ਚੇਤੇ ਰੱਖ, ਜਿਹੋ ਜਿਹਾ) ਤੂੰ ਬੀਜ ਬੀਜੇਂਗਾ (ਉਹੋ ਜਿਹੇ) ਫਲ ਖਾਏਂਗਾ। (ਹਰੇਕ ਮਨੁੱਖ) ਆਪਣਾ ਕੀਤਾ ਪਾਂਦਾ ਹੈ। ਜੇਹੜੇ ਮਨੁੱਖ ਇਸ ਕੀਮਤੀ ਮਨੁੱਖਾ ਜਨਮ ਨੂੰ ਜੂਏ ਵਿਚ ਹਾਰ ਰਹੇ ਹਨ, ਉਹ ਪਰਮਾਤਮਾ ਨੂੰ ਭੀ ਚੰਗੇ ਨਹੀਂ ਲੱਗਦੇ। ਨਾਨਕ ਬੇਨਤੀ ਕਰਦਾ ਹੈ ਅਜਿਹੇ ਮਨੁੱਖ (ਮਾਇਆ ਦੀ ਹੱਥੀਂ) ਕੁਰਾਹੇ ਪਏ ਹੋਏ (ਜੂਨਾਂ ਵਿਚ) ਭਟਕਦੇ ਫਿਰਦੇ ਹਨ, (ਜੂਨਾਂ ਦੇ ਗੇੜ ਵਿੱਚੋਂ) ਇਕ ਛਿਨ ਭਰ ਭੀ ਟਿਕ ਨਹੀਂ ਸਕਦੇ। ਮਨਮੁਖ ਇਨ੍ਹਾਂ ਜੂਨਾਂ ਵਿਚ ਨਿੱਤ ਹੀ ਭਟਕਦਾ ਰਹਿੰਦਾ ਹੈ:

ਭਾਗਹੀਨ ਸਤਿਗੁਰੁ ਨਹੀ ਪਾਇਆ ਮਨਮੁਖੁ ਗਰਭ ਜੂਨੀ ਨਿਤਿ ਪਉਦਾ ਜੀਉ॥

(ਮਾਝ ਮ: ੪, ਪੰਨਾ 95)

ਅਰਥ : ਨਿਭਾਗੇ ਬੰਦਿਆਂ ਨੂੰ ਹੀ ਸਤਿਗੁਰੂ ਨਹੀਂ ਮਿਲਦਾ। ਜੇਹੜਾ ਮਨੁੱਖ ਆਪਣੇ ਮਨ ਦੇ ਪਿੱਛੇ ਤੁਰਦਾ ਰਹਿੰਦਾ ਹੈ, ਉਹ ਸਦਾ ਜੂਨਾਂ ਦੇ ਗੇੜ ਵਿਚ ਪਿਆ ਰਹਿੰਦਾ ਹੈ।

ਸੋ, ਗੁਰੂ ਗ੍ਰੰਥ ਸਾਹਿਬ ਵਿਚ ਇਕ ਤਾਂ ਜੂਨਾਂ ਤੋਂ ਭਾਵ ਇਕ ਤਾਂ ਭਿੰਨ ਭਿੰਨ ਜੀਵ-ਜੰਤੂਆਂ ਤੋਂ ਲਿਆ ਗਿਆ ਹੈ ਅਤੇ ਦੂਜਾ ਮਨੁੱਖ ਦੇ ਜਿਊਂਦੇ-ਜੀਅ ਆਤਮਿਕ ਮੌਤ ਦਾ ਸ਼ਿਕਾਰ ਹੋ ਕੇ ਵੱਖ-ਵੱਖ ਜੂਨੀਆਂ ਵਿਚ ਭਟਕਣ ਤੋਂ ਭਾਵ ਹੈ।

ਅਉਖੀ ਘੜੀ ਨ ਦੇਖਣ ਦੇਈ ਅਪਨਾ ਬਿਰਦੁ ਸਮਾਲੇ

ਗੁਰੂ ਗ੍ਰੰਥ ਸਾਹਿਬ ਵਿਚ ਅਜਿਹੇ ਕਈ ਸ਼ਬਦ ਹਨ, ਜਿਨ੍ਹਾਂ ਨੂੰ ਗੁਰਬਾਣੀ ਦੇ ਪ੍ਰਚਲਿਤ ਅਰਥਾਂ ਵਿਚ ਨਹੀਂ ਵਰਤਿਆ ਗਿਆ ਹੈ, ਭਾਵ ਜੋ ਕੋਸ਼ਾਂ ਵਿਚ ਅਰਥ ਹਨ ਉਨ੍ਹਾਂ ਅਰਥਾਂ ਵਿਚ ਨਹੀਂ ਵਰਤਿਆ ਗਿਆ। ਹਾਂ, ਕੁਝ ਸ਼ਬਦ ਅਜਿਹੇ ਹਨ ਜਿਨ੍ਹਾਂ ਨੂੰ ਦੋਹਾਂ ਅਰਥਾਂ ਵਿਚ; ਪ੍ਰਚਲਿਤ ਅਰਥਾਂ ਅਤੇ ਪ੍ਰਚਲਿਤ ਤੋਂ ਵੱਖਰੇ ਅਰਥਾਂ ਵਿਚ ਵਰਤਿਆ ਗਿਆ ਹੈ। ਉਦਾਹਰਣ ਵਜੋਂ 'ਕਾਂ' ਸ਼ਬਦ ਪ੍ਰਚਲਿਤ ਅਰਥ ਵਿਚ ਵੀ ਆਇਆ ਹੈ : 'ਕਾਵ ਉਡਾਵਤ ਭੁਜਾ ਸਿਰਾਨੀ'; ਅਤੇ ਵਿਕਾਰਾਂ ਦੇ ਅਰਥ ਵਿਚ ਵੀ :

ਧਰਤਿ ਸੁਹਾਵੜੀ ਆਕਾਸੁ ਸੁਹੰਦਾ ਜਪੰਦਿਆ ਹਰਿ ਨਾਉ ॥
ਨਾਨਕ ਨਾਮ ਵਿਹੂਣਿਆ ਤਿਨ੍ ਤਨ ਖਾਵਹਿ ਕਾਉ ॥

(ਵਾਰ ਸਾਰਗ, ਮ: ੫, ਪੰਨਾ 1247)

ਅਰਥ : ਪਰਮਾਤਮਾ ਦਾ ਨਾਮ ਸਿਮਰਨ ਵਾਲੇ ਬੰਦਿਆਂ ਨੂੰ ਧਰਤੀ ਅਤੇ ਆਕਾਸ਼ ਸੁਹਾਵੇ ਲੱਗਦੇ ਹਨ (ਕਿਉਂਕਿ ਉਹਨਾਂ ਦੇ ਅੰਦਰ ਠੰਢ ਵਰਤੀ ਰਹਿੰਦੀ ਹੈ); ਪਰ, ਹੇ ਨਾਨਕ! ਜਿਹੜੇ ਮਨੁੱਖ ਨਾਮ ਤੋਂ ਸੱਖਣੇ ਹਨ, ਉਹਨਾਂ ਦੇ ਸਰੀਰ ਨੂੰ ਵਿਸ਼ੇ-ਵਿਕਾਰ (-ਰੂਪੀ) ਕਾਂ ਹੀ ਖਾਂਦੇ ਰਹਿੰਦੇ ਹਨ (ਤੇ, ਉਹਨਾਂ ਦੇ ਅੰਦਰ ਵਿਸ਼ੇ-ਰੋਗ ਹੋਣ ਕਰਕੇ ਉਹਨਾਂ ਨੂੰ ਪ੍ਰਭੂ ਦੀ ਕੁਦਰਤਿ ਵਿਚ ਕੋਈ ਸੁੰਦਰਤਾ ਸੁਹਾਵਣੀ ਨਹੀਂ ਲੱਗਦੀ); ਅਤੇ ਵਿਕਾਰਾਂ ਵਿਚ ਲਿਬੜੇ ਹੋਏ ਪ੍ਰਾਣੀ ਲਈ ਵੀ :

ਫਿਰਿ ਫਿਰਿ ਫਾਹੀ ਫਾਸੈ ਕਊਆ ॥
ਫਿਰਿ ਪਛੁਤਾਨਾ ਅਬ ਕਿਆ ਹੂਆ ॥
ਫਾਥਾ ਚੋਗ ਚੁਗੈ ਨਹੀ ਬੂਝੈ ॥
ਸਤਗੁਰੁ ਮਿਲੈ ਤ ਆਖੀ ਸੂਝੈ ॥ *(ਰਾਮਕਲੀ ਮ: ੧, ਪੰਨਾ 935)*

ਅਰਥ : ਕਾਲੀਆਂ ਕਰਤੂਤਾਂ ਵਾਲਾ ਮਨੁੱਖ ਮੁੜ-ਮੁੜ ਫਾਹੀ ਵਿਚ ਫਸਦਾ ਹੈ, (ਫਸ ਕੇ) ਫਿਰ ਪਛੁਤਾਂਦਾ ਹੈ ਕਿ ਇਹ ਕੀਹ ਹੋ ਗਿਆ; ਫਸਿਆ ਹੋਇਆ ਭੀ (ਫਾਹੀ ਵਿਚ ਫਸਾਣ ਵਾਲਾ) ਚੋਗਾ ਹੀ ਚੁਗੀ ਜਾਂਦਾ ਹੈ ਤੇ ਹੋਸ਼ ਨਹੀਂ ਕਰਦਾ। ਜੇ ਸਤਿਗੁਰੂ (ਇਸ ਨੂੰ) ਮਿਲ ਪਏ, ਤਾਂ ਅੱਖੀਂ (ਅਸਲ ਗੱਲ) ਦਿੱਸ ਪੈਂਦੀ ਹੈ।) ਗੁਰੂ ਗ੍ਰੰਥ ਸਾਹਿਬ ਵਿਚ ਇਸ ਤਰ੍ਹਾਂ ਦੇ ਅਨੇਕਾਂ ਸ਼ਬਦ ਹਨ।

ਇਸ ਤੋਂ ਇਲਾਵਾ ਗੁਰੂ ਗ੍ਰੰਥ ਸਾਹਿਬ ਵਿਚ ਦੁਖ-ਸੁਖ, ਭਾਗ/ਕਰਮ, ਨਰਕ-ਸੁਰਗ ਆਦਿ ਬਾਰੇ ਜੋ ਧਾਰਨਾ ਪ੍ਰਚਲਿਤ ਸੀ/ਹੈ, ਇਨ੍ਹਾਂ ਨੂੰ ਕਿਤੇ ਕਿਤੇ ਇਹਨਾਂ ਹੀ ਅਰਥਾਂ ਵਿਚ ਦਰਸਾਉਂਦਿਆਂ ਹੋਇਆਂ ਫਿਰ ਆਪਣੇ ਦ੍ਰਿਸ਼ਟੀਕੋਣ ਦਾ ਵਰਣਨ

ਕੀਤਾ ਹੈ। ਆਪਣੇ ਅਥਵਾ ਗੁਰਮਤਿ ਦੇ ਦ੍ਰਿਸ਼ਟੀਕੋਣ ਵਿਚ ਇਹਨਾਂ ਸ਼ਬਦਾਂ ਦੀ ਵਰਤੋਂ, ਪ੍ਰਚਲਿਤ ਧਾਰਨਾ ਨਾਲੋਂ ਭਿੰਨ ਅਰਥਾਂ ਵਿਚ ਕੀਤੀ ਹੈ। ਉਦਾਹਰਣ ਵਜੋਂ ਸਤਿਗੁਰੂ ਕੋਲੋਂ ਮਿਲਦੇ ਸੁਖ ਦਾ ਸਰੂਪ ਬਿਆਨ ਕਰਦਿਆਂ ਹੋਇਆਂ ਗੁਰਦੇਵ ਫ਼ੁਰਮਾਉਂਦੇ ਹਨ:

ਸਤਿਗੁਰਿ ਮਿਲਿਐ ਸਦਾ ਸੁਖੁ ਜਿਸ ਨੋ ਆਪੇ ਮੇਲੇ ਸੋਇ॥
ਸੁਖੈ ਏਹੁ ਬਿਬੇਕੁ ਹੈ ਅੰਤਰੁ ਨਿਰਮਲੁ ਹੋਇ॥
ਅਗਿਆਨ ਕਾ ਭ੍ਰਮੁ ਕਟੀਐ ਗਿਆਨੁ ਪਰਾਪਤਿ ਹੋਇ॥
ਨਾਨਕ ਏਕੋ ਨਦਰੀ ਆਇਆ ਜਹ ਦੇਖਾ ਤਹ ਸੋਇ॥

(ਵਾਰ ਰਾਮਕਲੀ ਮ: ੩, ਪੰਨਾ 947)

ਇਹੋ ਜਿਹੇ ਸ਼ਬਦਾਂ ਵਿੱਚੋਂ ਹੀ ਇਕ ਸ਼ਬਦ ਹੈ 'ਅਉਖੀ ਘੜੀ ਨ ਦੇਖਣ ਦੇਈ'। ਇਸ ਦਾ ਭਾਵ ਆਮ ਤੌਰ 'ਤੇ ਇਹ ਹੀ ਲਿਆ ਜਾਂਦਾ ਹੈ ਕਿ ਸੇਵਕ ਨੂੰ ਹਰੀ ਕਿਸੇ ਤਰ੍ਹਾਂ ਦਾ ਸੰਕਟਮਈ ਸਮਾਂ ਨਹੀਂ ਦੇਖਣ ਦੇਂਦਾ, ਭਾਵ ਉਸ ਦੇ ਜੀਵਨ ਵਿਚ ਕਿਸੇ ਤਰ੍ਹਾਂ ਦੀ ਕੋਈ ਕਠਿਨਾਈ ਨਹੀਂ ਆਉਂਦੀ। ਇਸ ਵਿਚ ਕੋਈ ਸੰਦੇਹ ਨਹੀਂ ਹੈ ਕਿ ਇਸ ਦਾ ਅੱਖਰੀਂ ਅਰਥ ਇਹੀ ਬਣਦਾ/ਨਿਕਲਦਾ ਹੈ ਕਿ ਉਹ ਪ੍ਰਭੂ ਆਪਣੇ ਸੇਵਕ ਨੂੰ ਦੁਖ ਵਾਲਾ ਸਮਾਂ ਨਹੀਂ ਦੇਖਣ ਦੇਂਦਾ, ਪਰ ਸਤਿਗੁਰੂ ਜੀ ਅਨੁਸਾਰ ਦੁਖਦਾਇਕ/ਸੰਕਟਮਈ ਸਮੇਂ ਤੋਂ ਕੀ ਭਾਵ ਹੈ, ਇਹ ਗੱਲ ਸਮਝਣ ਲਈ ਇਸ ਸ਼ਬਦ ਦੀਆਂ 'ਰਹਾਉ' ਦੀਆਂ ਪੰਗਤੀਆਂ ਨੂੰ ਧਿਆਨ ਨਾਲ ਪੜ੍ਹਨ/ਵਿਚਾਰਨ ਦੀ ਲੋੜ ਹੈ। ਗੁਰੂ ਗ੍ਰੰਥ ਸਾਹਿਬ ਅਨੁਸਾਰ ਸੰਕਟਮਈ ਸਮੇਂ ਤੋਂ ਕੀ ਭਾਵ ਹੈ ਅਰਥਾਤ ਅਉਖੀ ਘੜੀ ਦਾ ਕੀ ਸਰੂਪ ਹੈ? ਇਸ ਦੀ ਹੀ ਸੰਖੇਪ ਵਿਚ ਇਥੇ ਚਰਚਾ ਕੀਤੀ ਜਾ ਰਹੀ ਹੈ।

ਇਹ ਪੰਗਤੀ ਗੁਰੂ ਨਾਨਕ ਜੋਤ ਦੇ ਪੰਜਵੇਂ ਪ੍ਰਕਾਸ਼ ਗੁਰੂ ਅਰਜਨ ਸਾਹਿਬ ਦਾ ਰਾਗ ਧਨਾਸਰੀ ਵਿਚ ਉਚਾਰਨ ਕੀਤੇ ਸ਼ਬਦ ਦੀ ਪਹਿਲੀ ਪੰਗਤੀ ਦਾ ਪਹਿਲਾ ਹਿੱਸਾ ਹੈ। ਪੂਰੀ ਪੰਗਤੀ ਹੈ: "ਅਉਖੀ ਘੜੀ ਨ ਦੇਖਣ ਦੇਈ ਅਪਨਾ ਬਿਰਦੁ ਸਮਾਲੇ॥" ਇਸ ਦਾ ਅਰਥ ਹੈ (ਉਹ ਪ੍ਰਭੂ ਆਪਣੇ ਸੇਵਕ ਨੂੰ) ਕੋਈ ਦੁਖ ਦੇਣ ਵਾਲਾ ਸਮਾਂ ਨਹੀਂ ਵੇਖਣ ਦੇਂਦਾ, ਉਹ ਆਪਣਾ ਮੁੱਢ ਕਦੀਮਾਂ ਦਾ (ਪਿਆਰ ਵਾਲਾ) ਸੁਭਾਉ ਸਦਾ ਚੇਤੇ ਰੱਖਦਾ ਹੈ।

ਇਸ ਸ਼ਬਦ ਦੀਆਂ 'ਰਹਾਉ' ਦੀਆਂ ਪੰਗਤੀਆਂ ਹਨ:

ਪ੍ਰਭ ਸਿਉ ਲਾਗਿ ਰਹਿਓ ਮੇਰਾ ਚੀਤੁ॥
ਆਦਿ ਅੰਤਿ ਪ੍ਰਭੁ ਸਦਾ ਸਹਾਈ ਧੰਨੁ ਹਮਾਰਾ ਮੀਤੁ॥ਰਹਾਉ॥ *(ਪੰਨਾ 682)*

ਇਨ੍ਹਾਂ ਤੁਕਾਂ ਦਾ ਭਾਵ ਹੈ ਕਿ ਮੇਰਾ ਮਨ ਪ੍ਰਭੂ ਨਾਲ ਜੁੜਿਆ ਰਹਿੰਦਾ ਹੈ। ਅਕਾਲ ਪੁਰਖ ਨਾਲ ਜੁੜਿਆ ਮਨ ਹੀ ਅਨੰਦਤ ਹੋ ਸਕਦਾ ਹੈ, ਭਾਵ ਸਾਰੇ ਇੰਦਰੇ ਕਾਬੂ ਵਿਚ ਆ ਜਾਂਦੇ ਹਨ। ਵਾਹਿਗੁਰੂ ਨਾਲ ਜੁੜਿਆਂ ਹੀ ਮਨੁੱਖ ਪ੍ਰਭੂ ਦੀ ਰਜ਼ਾ ਨੂੰ ਸਮਝ ਸਕਦਾ ਹੈ, ਰਜ਼ਾ ਨੂੰ ਸਮਝਿਆਂ ਹੀ ਪ੍ਰਾਣੀ ਦੁਖ-ਸੁਖ ਨੂੰ ਇਕ ਸਮਾਨ ਸਮਝ ਕੇ ਅਡੋਲ ਰਹਿ ਸਕਦਾ ਹੈ; ਅਡੋਲ ਰਹਿਣ ਵਾਲਾ ਵਿਅਕਤੀ ਹੀ ਆਤਮਿਕ ਸੁਖ ਨੂੰ ਮਾਣ ਸਕਦਾ ਹੈ। ਇਨ੍ਹਾਂ 'ਰਹਾਉ' ਦੀਆਂ ਪੰਗਤੀਆਂ ਵਿਚ ਸਤਿਗੁਰੂ ਜੀ

ਅਨੰਦਦਾਇਕ ਅਵਸਥਾ ਦਾ ਸਰੂਪ ਬਿਆਨ ਕਰਦਿਆਂ ਸਪੱਸ਼ਟ ਕਰਦੇ ਹਨ ਕਿ ਵਾਹਿਗੁਰੂ ਦੀ ਰਜ਼ਾ ਨੂੰ ਸਮਝ ਕੇ ਗਿਆਨ ਅਤੇ ਕਰਮ ਇੰਦ੍ਰਿਆਂ ਨੂੰ ਕਾਬੂ ਵਿਚ ਰੱਖਣਾ ਹੀ ਅਨੰਦਦਾਇਕ ਜੀਵਨ ਦਾ ਰਹੱਸ ਹੈ। ਜੇਕਰ ਮਨੁੱਖ ਵਾਹਿਗੁਰੂ ਦੀ ਰਜ਼ਾ ਨੂੰ ਸਮਝ ਕੇ ਉਸ ਅਨੁਸਾਰ ਵਿਚਰਦਾ ਹੋਇਆ ਆਪਣੇ ਇੰਦ੍ਰਿਆਂ ਨੂੰ ਕੰਟਰੋਲ ਵਿਚ ਨਹੀਂ ਕਰਦਾ ਤਾਂ ਇਹ ਅਵਸਥਾ ਨਹੀਂ ਮਾਣ ਸਕਦਾ।

ਸ਼ਬਦ ਦੀਆਂ 'ਰਹਾਉ' ਦੀਆਂ ਪੰਗਤੀਆਂ ਵਿਚ ਸ਼ਬਦ ਦਾ ਕੇਂਦਰੀ-ਭਾਵ ਹੁੰਦਾ ਹੈ। ਇਸ ਮੁੱਖ ਭਾਵ ਨੂੰ ਹੀ ਵਿਸਤਾਰ ਸਹਿਤ ਸ਼ਬਦ ਦੇ ਬਾਕੀ ਬੰਦਾਂ ਵਿਚ ਦਰਸਾਇਆ ਗਿਆ ਹੁੰਦਾ ਹੈ। ਸੋ, ਇਸ ਸ਼ਬਦ ਵਿਚ ਵੀ 'ਰਹਾਉ' ਵਾਲੀਆਂ ਇਨ੍ਹਾਂ ਤੁਕਾਂ ਦਾ ਵਿਸਤਾਰ ਸ਼ਬਦ ਦੇ ਦੂਜੇ ਦੋ ਬੰਦਾਂ ਵਿਚ ਕੀਤਾ ਗਿਆ ਹੈ। ਹਜ਼ੂਰ ਸ਼ਬਦ ਦੀਆਂ ਪ੍ਰਾਰੰਭਕ ਪੰਗਤੀਆਂ ਵਿਚ ਫ਼ੁਰਮਾਉਂਦੇ ਹਨ:

ਅਉਖੀ ਘੜੀ ਨ ਦੇਖਣ ਦੇਈ ਅਪਨਾ ਬਿਰਦੁ ਸਮਾਲੇ ॥
ਹਾਥ ਦੇਇ ਰਾਖੈ ਅਪਨੇ ਕਉ ਸਾਸਿ ਸਾਸਿ ਪ੍ਰਤਿਪਾਲੇ ॥੧॥ *(ਪੰਨਾ 682)*

ਅਰਥ: ਹੇ ਭਾਈ! (ਉਹ ਪ੍ਰਭੂ ਆਪਣੇ ਸੇਵਕ ਨੂੰ) ਕੋਈ ਦੁਖ ਦੇਣ ਵਾਲਾ ਸਮਾਂ ਨਹੀਂ ਵੇਖਣ ਦੇਂਦਾ, ਉਹ ਆਪਣਾ ਮੁੱਢ-ਕਦੀਮਾਂ ਦਾ (ਪਿਆਰ ਵਾਲਾ) ਸੁਭਾਉ ਸਦਾ ਚੇਤੇ ਰੱਖਦਾ ਹੈ। ਪ੍ਰਭੂ ਆਪਣਾ ਹੱਥ ਦੇ ਕੇ ਆਪਣੇ ਸੇਵਕ ਦੀ ਰਾਖੀ ਕਰਦਾ ਹੈ, (ਸੇਵਕ ਨੂੰ ਉਸ ਦੇ) ਹਰੇਕ ਸਾਹ ਦੇ ਨਾਲ ਪਾਲਦਾ ਰਹਿੰਦਾ ਹੈ।

ਜੇਕਰ ਅਸੀਂ 'ਰਹਾਉ' ਵਾਲੀਆਂ ਪੰਗਤੀਆਂ ਨੂੰ ਸਾਹਮਣੇ ਰੱਖ ਕੇ ਇਹ ਸਮਝਣ ਦਾ ਯਤਨ ਕਰਾਂਗੇ ਤਾਂ ਇਹ ਗੱਲ ਸਪੱਸ਼ਟ ਹੋਵੇਗੀ ਕਿ ਗੁਰਦੇਵ ਅਨੁਸਾਰ ਦੁਖਦਾਇਕ ਸਮੇਂ ਤੋਂ ਭਾਵ ਉਹ ਸਮਾਂ ਹੈ ਜਦ ਪ੍ਰਾਣੀ ਨੂੰ ਉਸ ਵਾਹਿਗੁਰੂ ਦੀ ਯਾਦ ਭੁੱਲ ਜਾਂਦੀ ਹੈ। ਭਾਵ ਜਦੋਂ ਮਨੁੱਖ ਰੱਬੀ ਗੁਣਾਂ ਨੂੰ ਤਿਲਾਂਜਲੀ ਦੇ ਕੇ ਮਨਮੁਖਤਾ ਦਾ ਜੀਵਨ ਜਿਊਣ ਲੱਗ ਪਵੇ। ਅਜਿਹੇ ਸੰਕਟਮਈ ਸਮੇਂ ਦੇ ਸਰੂਪ ਦਾ ਗੁਰੂ ਗ੍ਰੰਥ ਸਾਹਿਬ ਵਿਚ ਕਈ ਥਾਂਈਂ ਵਰਣਨ ਕੀਤਾ ਗਿਆ ਹੈ। ਗੁਰੂ ਅਰਜਨ ਸਾਹਿਬ ਇਸ ਕਸ਼ਟਦਾਇਕ ਸਮੇਂ ਦਾ ਹੀ ਰੂਪ ਦਰਸਾਉਂਦੇ ਹੋਏ ਕਹਿੰਦੇ ਹਨ:

ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ ॥
ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ ॥
ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ ਬਿਨੁ ਦੇਖੇ ਗੁਰ ਦਰਬਾਰੇ ਜੀਉ ॥

(ਮਾਝ ਮਹਲਾ ੫, ਪੰਨਾ 96)

ਅਰਥ: ਹੇ ਪਿਆਰੇ ਭਗਵਾਨ! ਜਦੋਂ ਮੈਂ ਤੈਨੂੰ ਇਕ ਘੜੀ ਭਰ ਭੀ ਨਹੀਂ ਮਿਲਦਾ ਤਾਂ ਮੇਰੇ ਭਾਅ ਦਾ ਕਲਿਜੁਗ ਹੋ ਜਾਂਦਾ ਹੈ (ਮੈਂ ਤੇਰੇ ਵਿਛੋੜੇ ਵਿਚ ਬਿਹਬਲ ਹਾਂ, ਦੱਸ ਹੁਣ ਤੈਨੂੰ ਮੈਂ ਕਦੋਂ ਮਿਲ ਸਕਾਂਗਾ। (ਹੇ ਭਾਈ! ਗੁਰੂ ਦੀ ਸ਼ਰਨ ਤੋਂ ਬਿਨਾਂ ਪਰਮਾਤਮਾ ਨਾਲ ਮਿਲਾਪ ਨਹੀਂ ਹੋ ਸਕਦਾ, ਤਾਹੀਏਂ) ਗੁਰੂ ਦੇ ਦਰਬਾਰ ਦਾ ਦਰਸ਼ਨ ਕਰਨ ਤੋਂ ਬਿਨਾਂ ਮੇਰੀ (ਜ਼ਿੰਦਗੀ ਦੀ) ਰਾਤ (ਸੌਖੀ) ਨਹੀਂ ਲੰਘਦੀ, ਮੇਰੇ ਅੰਦਰ ਸ਼ਾਂਤੀ ਨਹੀਂ ਆਉਂਦੀ।

ਬਾਬਾ ਫ਼ਰੀਦ ਸਾਹਿਬ ਇਸ ਸੰਕਟਮਈ ਸਮੇਂ ਬਾਰੇ ਚਰਚਾ ਕਰਦਿਆਂ ਆਖਦੇ ਹਨ :

ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ॥
ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ॥

(ਸਲੋਕ ਫਰੀਦ ਜੀ, ਪੰਨਾ 1379)

ਅਰਥ : ਮੈਂ (ਤਾਂ ਕੇਵਲ) ਅੱਜ (ਹੀ) ਪਿਆਰੇ ਨਾਲ ਨਹੀਂ ਸੁੱਤੀ (ਭਾਵ, ਮੈਂ ਤਾਂ ਕੇਵਲ ਅੱਜ ਹੀ ਪਿਆਰੇ ਪਤੀ-ਪਰਮਾਤਮਾ ਵਿਚ ਲੀਨ ਨਹੀਂ ਹੋਈ, ਤੇ ਹੁਣ) ਇਉਂ ਹੈ ਜਿਵੇਂ ਮੇਰਾ ਸਰੀਰ ਟੁੱਟ ਰਿਹਾ ਹੈ। ਜਾ ਕੇ ਛੁੱਟੜਾਂ (ਮੰਦ-ਭਾਗਣਾਂ) ਨੂੰ ਪੁੱਛੋ ਕਿ ਤੁਹਾਡੀ (ਸਦਾ ਹੀ) ਰਾਤ ਕਿਵੇਂ ਬੀਤਦੀ ਹੈ (ਭਾਵ, ਮੈਨੂੰ ਤਾਂ ਅੱਜ ਹੀ ਥੋੜਾ ਚਿਰ ਪ੍ਰਭੂ ਵਿਸਰਿਆ ਹੈ ਤੇ ਮੈਂ ਦੁਖੀ ਹਾਂ। ਜਿਨ੍ਹਾਂ ਕਦੇ ਭੀ ਉਸ ਨੂੰ ਯਾਦ ਨਹੀਂ ਕੀਤਾ, ਉਹਨਾਂ ਦੀ ਤਾਂ ਸਾਰੀ ਉਮਰ ਹੀ ਦੁਖੀ ਗੁਜ਼ਰਦੀ ਹੋਵੇਗੀ)।

ਵਾਹਿਗੁਰੂ ਨੂੰ ਭੁਲਾਇਆਂ ਹੀ ਮਨੁੱਖ ਕਈ ਤਰ੍ਹਾਂ ਦੇ ਵਿਕਾਰ/ਚਸਕਿਆਂ ਦਾ ਸ਼ਿਕਾਰ ਹੋ ਜਾਂਦਾ ਹੈ। ਇਹ ਤਰ੍ਹਾਂ ਤਰ੍ਹਾਂ ਦੇ ਚਸਕੇ, ਤ੍ਰਿਸ਼ਨਾ ਆਦਿ ਹੀ ਤਾਂ ਇਹਨਾਂ ਆਤਮਿਕ ਕਲੇਸ਼ਾਂ ਦਾ ਭਿਆਨਕ ਰੂਪ ਹਨ :

ਸਭੇ ਦੁਖ ਸੰਤਾਪ ਜਾਂ ਤੁਧਹੁ ਭੁਲੀਐ॥
ਜੇ ਕੀਚਨਿ ਲਖ ਉਪਾਵ ਤਾਂ ਕਹੀ ਨ ਘੁਲੀਐ॥
ਜਿਸ ਨੋ ਵਿਸਰੈ ਨਾਉ ਸੁ ਨਿਰਧਨੁ ਕਾਂਢੀਐ॥
ਜਿਸ ਨੋ ਵਿਸਰੈ ਨਾਉ ਸੋ ਜੋਨੀ ਹਾਂਢੀਐ॥
ਜਿਸੁ ਖਸਮੁ ਨ ਆਵੈ ਚਿਤਿ ਤਿਸੁ ਜਮੁ ਡੰਡੁ ਦੇ॥
ਜਿਸੁ ਖਸਮੁ ਨ ਆਵੀ ਚਿਤਿ ਰੋਗੀ ਸੇ ਗਣੇ॥
ਜਿਸੁ ਖਸਮੁ ਨ ਆਵੀ ਚਿਤਿ ਸੁ ਖਰੋ ਅਹੰਕਾਰੀਆ॥
ਸੋਈ ਦੁਹੇਲਾ ਜਗਿ ਜਿਨਿ ਨਾਉ ਵਿਸਾਰੀਆ॥੧੪॥

(ਵਾਰ ਰਾਮਕਲੀ ਮ: ੫, ਪੰਨਾ 964)

ਅਰਥ : ਜਦੋਂ ਹੇ ਪ੍ਰਭੂ! ਤੇਰੀ ਯਾਦ ਤੋਂ ਖੁੰਝ ਜਾਈਏ ਤਾਂ (ਮਨ ਨੂੰ) ਸਾਰੇ ਦੁਖ-ਕਲੇਸ਼ (ਆ ਵਾਪਰਦੇ ਹਨ)। (ਤੇਰੀ ਯਾਦ ਤੋਂ ਬਿਨਾਂ ਹੋਰ) ਜੇ ਲੱਖਾਂ ਉਪਰਾਲੇ ਭੀ ਕੀਤੇ ਜਾਣ, ਕਿਸੇ ਭੀ ਉਪਾਵ ਨਾਲ (ਉਹਨਾਂ ਦੁੱਖਾਂ-ਕਲੇਸ਼ਾਂ ਤੋਂ) ਖ਼ਲਾਸੀ ਨਹੀਂ ਹੁੰਦੀ। (ਹੇ ਭਾਈ!) ਜਿਸ ਮਨੁੱਖ ਨੂੰ ਪ੍ਰਭੂ ਦਾ ਨਾਮ (ਸਿਮਰਨਾ) ਭੁੱਲ ਜਾਏ, ਉਹ ਕੰਗਾਲ ਕਿਹਾ ਜਾਂਦਾ ਹੈ (ਜਿਵੇਂ ਕੋਈ ਕੰਗਾਲ ਮੰਗਤਾ ਦਰ ਦਰ 'ਤੇ ਰੁਲਦਾ ਹੈ, ਤਿਵੇਂ) ਉਹ ਜੂਨਾਂ ਵਿਚ ਭਟਕਦਾ ਫਿਰਦਾ ਹੈ।

ਜਿਸ ਮਨੁੱਖ ਦੇ ਚਿੱਤ ਵਿਚ ਖ਼ਸਮ-ਪ੍ਰਭੂ ਨਹੀਂ ਆਉਂਦਾ, ਉਸ ਨੂੰ ਜਮਰਾਜ ਸਜ਼ਾ ਦੇਂਦਾ ਹੈ (ਭਾਵ ਉਸ ਦਾ ਜੀਵਨ ਸਦਾ ਸਹਿਮ ਵਿਚ ਬੀਤਦਾ ਹੈ), (ਕਿਉਂਕਿ) ਅਜਿਹੇ ਬੰਦੇ ਰੋਗੀ (ਆਤਮਿਕ ਰੋਗੀ) ਗਿਣੇ ਜਾਂਦੇ ਹਨ, ਅਜਿਹਾ ਬੰਦਾ ਬੜਾ ਅਹੰਕਾਰੀ ਹੁੰਦਾ ਹੈ (ਹਰ ਵੇਲੇ 'ਮੈਂ ਮੈਂ' ਹੀ ਕਰਦਾ ਹੈ)।

ਗੱਲ ਕੀ, ਜਿਸ ਮਨੁੱਖ ਨੇ ਪ੍ਰਭੂ ਦਾ ਨਾਮ ਭੁਲਾ ਦਿੱਤਾ ਹੈ, ਉਸ ਦੇ ਜੀਵਨ

ਵਿਚ ਦੁਖ/ਸੰਕਟ ਹੈ। ਪ੍ਰਭੂ ਨੂੰ ਭੁਲਾਇਆਂ ਮਨੁੱਖ ਨੂੰ ਜੋ ਸੰਕਟ/ਦੁਖ ਵਿਆਪਦਾ ਹੈ, ਉਸ ਦਾ ਰੂਪ ਗੁਰੂ ਗ੍ਰੰਥ ਸਾਹਿਬ ਵਿਚ ਇਸ ਤਰ੍ਹਾਂ ਦਰਸਾਇਆ ਗਿਆ ਹੈ:

ਨਉਮੀ ਨਵੇ ਛਿਦ੍ਰ ਅਪਵੀਤ ॥
ਹਰਿ ਨਾਮੁ ਨ ਜਪਹਿ ਕਰਤ ਬਿਪਰੀਤਿ ॥
ਪਰ ਤ੍ਰਿਅ ਰਮਹਿ ਬਕਹਿ ਸਾਧ ਨਿੰਦ ॥
ਕਰਨ ਨ ਸੁਨਹੀ ਹਰਿ ਜਸੁ ਬਿੰਦ ॥
ਹਿਰਹਿ ਪਰ ਦਰਬੁ ਉਦਰ ਕੈ ਤਾਈ ॥
ਅਗਨਿ ਨ ਨਿਵਰੈ ਤ੍ਰਿਸਨਾ ਨ ਬੁਝਾਈ ॥
ਹਰਿ ਸੇਵਾ ਬਿਨੁ ਏਹ ਫਲ ਲਾਗੇ ॥
ਨਾਨਕ ਪ੍ਰਭ ਬਿਸਰਤ ਮਰਿ ਜਮਹਿ ਅਭਾਗੇ ॥ *(ਥਿਤੀ ਗਉੜੀ ਮ: ੫, ਪੰਨਾ 298)*

ਅਰਥ : ਜੇਹੜੇ ਮਨੁੱਖ ਪਰਮਾਤਮਾ ਦਾ ਨਾਮ ਨਹੀਂ ਜਪਦੇ, ਉਹ (ਮਨੁੱਖਤਾ ਦੀ ਮਰਯਾਦਾ ਦੇ) ਉਲਟ (ਮੰਦੇ) ਕਰਮ ਕਰਦੇ ਰਹਿੰਦੇ ਹਨ, (ਇਸ ਵਾਸਤੇ ਉਹਨਾਂ ਦੇ ਕੰਨ ਨੱਕ ਆਦਿਕ) ਨੌਂ ਹੀ ਇੰਦਰੇ ਗੰਦੇ (ਵਿਕਾਰੀ) ਹੋਏ ਰਹਿੰਦੇ ਹਨ। (ਪ੍ਰਭੂ ਦੇ ਸਿਮਰਨ ਤੋਂ ਖੁੰਝੇ ਹੋਏ ਮਨੁੱਖ) ਪਰਾਈਆਂ ਇਸਤ੍ਰੀਆਂ ਭੋਗਦੇ ਹਨ ਤੇ ਭਲੇ ਮਨੁੱਖਾਂ ਦੀ ਨਿੰਦਾ ਕਰਦੇ ਰਹਿੰਦੇ ਹਨ, ਉਹ ਕਦੇ ਰਤਾ ਭਰ ਸਮੇਂ ਲਈ ਭੀ (ਆਪਣੇ) ਕੰਨਾਂ ਨਾਲ ਪਰਮਾਤਮਾ ਦੀ ਸਿਫ਼ਤਿ-ਸਾਲਾਹ ਨਹੀਂ ਸੁਣਦੇ। (ਸਿਮਰਨ-ਹੀਨ ਬੰਦੇ) ਆਪਣਾ ਪੇਟ ਭਰਨ ਦੀ ਖ਼ਾਤਰ ਪਰਾਇਆ ਧਨ ਚੁਰਾਂਦੇ ਰਹਿੰਦੇ ਹਨ (ਫੇਰ ਭੀ ਉਹਨਾਂ ਦੀ) ਲਾਲਚ ਦੀ ਅੱਗ ਦੂਰ ਨਹੀਂ ਹੁੰਦੀ, (ਉਹਨਾਂ ਦੇ ਅੰਦਰੋਂ) ਤ੍ਰਿਸ਼ਨਾ ਨਹੀਂ ਮਿਟਦੀ। ਹੇ ਨਾਨਕ! ਪਰਮਾਤਮਾ ਦੀ ਸੇਵਾ-ਭਗਤੀ ਤੋਂ ਬਿਨਾਂ (ਉਹਨਾਂ ਦੇ ਸਾਰੇ ਉੱਦਮਾਂ ਨੂੰ ਉਪਰ-ਦੱਸੇ ਹੋਏ) ਇਹੋ ਜਿਹੇ ਫਲ ਹੀ ਲੱਗਦੇ ਹਨ, ਪਰਮਾਤਮਾ ਨੂੰ ਵਿਸਾਰਨ ਕਰਕੇ ਉਹ ਭਾਗ-ਹੀਨ ਮਨੁੱਖ ਨਿੱਤ ਜਨਮ-ਮਰਨ ਦੇ ਗੇੜ ਵਿਚ ਪਏ ਰਹਿੰਦੇ ਹਨ।

ਗੁਰੂ ਗ੍ਰੰਥ ਸਾਹਿਬ ਵਿਚ ਪ੍ਰਭੂ ਵਲੋਂ ਸੇਵਕ ਦੀ ਰਾਖੀ ਕਰਨ ਤੋਂ ਭਾਵ ਹੈ ਮਨੁੱਖ ਦਾ ਆਪਣੀ ਮਤ ਨੂੰ ਤਿਆਗ ਕੇ ਗੁਰੂ ਦੀ ਮਤਿ ਨੂੰ ਧਾਰਨ ਕਰਕੇ ਵਿਕਾਰਾਂ ਦੇ ਹੱਲਿਆਂ ਤੋਂ ਹਮੇਸ਼ਾਂ ਸੁਚੇਤ ਰਹਿਣਾ। ਮਨੁੱਖ ਦਾ ਹਰੇਕ ਸਮੇਂ ਇਨਸਾਨੀਅਤ ਨੂੰ ਬਰਕਰਾਰ ਰੱਖਦਿਆਂ ਹੋਇਆਂ ਕਿਸੇ ਵੀ ਪ੍ਰਸਥਿਤੀ ਵਿਚ ਮਨੁੱਖਤਾ/ਸੱਚ ਦੀਆਂ ਕਦਰਾਂ-ਕੀਮਤਾਂ ਤੋਂ ਮੂੰਹ ਨਾ ਮੋੜਨਾ। ਇਸ ਸੱਚ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਇਉਂ ਸਪੱਸ਼ਟ ਕੀਤਾ ਹੈ:

ਤਾ ਕਉ ਧੋਖਾ ਕਹਾ ਬਿਆਪੈ ਜਾ ਕਉ ਓਟ ਤੁਹਾਰੀ ॥

(ਟੋਡੀ ਮ: ੫, ਪੰਨਾ 711)

ਅਰਥ : ਹੇ ਪ੍ਰਭੂ! ਜਿਸ ਮਨੁੱਖ ਨੂੰ ਤੇਰਾ ਆਸਰਾ ਹੋਵੇ, ਉਸ ਨੂੰ (ਮਾਇਆ ਦੇ ਕਿਸੇ ਭੀ ਵਿਕਾਰ ਵਲੋਂ) ਧੋਖਾ ਨਹੀਂ ਲੱਗ ਸਕਦਾ।

ਪ੍ਰਭੂ ਵਲੋਂ ਆਪਣੇ ਸੇਵਕ ਦੀ ਹੱਥ ਦੇ ਕੇ ਪਾਲਣਾ ਤੋਂ ਭਾਵ ਵਾਹਿਗੁਰੂ ਵਲੋਂ ਸੇਵਕ ਨੂੰ ਸ਼ਬਦ/ਗੁਰੂ ਗਿਆਨ ਰਾਹੀਂ ਆਤਮਿਕ ਸੋਝੀ ਦੀ ਬਖ਼ਸ਼ਸ਼ ਕਰਕੇ ਆਤਮਿਕ ਜ਼ਿੰਦਗੀ ਪ੍ਰਦਾਨ ਕਰਨਾ ਹੈ। ਇਸ ਬਿਬੇਕ-ਬੁੱਧੀ ਦੀ ਬਰਕਤ ਨਾਲ ਹੀ ਸੇਵਕ ਸਦਾ

ਹੀ ਆਤਮਿਕ ਤਲ 'ਤੇ ਜੀਵਨ ਗੁਜ਼ਾਰਦਾ ਹੋਇਆ ਆਤਮਿਕ ਜ਼ਿੰਦਗੀ ਨੂੰ ਮਾਣਦਾ ਹੈ।

ਸ਼ਬਦ ਦੀਆਂ ਅਖ਼ੀਰਲੀਆਂ ਪੰਗਤੀਆਂ ਵਿਚ ਹਜ਼ੂਰ ਫ਼ੁਰਮਾਉਂਦੇ ਹਨ:

ਮਨਿ ਬਿਲਾਸ ਭਏ ਸਾਹਿਬ ਕੇ ਅਚਰਜ ਦੇਖਿ ਬਡਾਈ॥
ਹਰਿ ਸਿਮਰਿ ਸਿਮਰਿ ਆਨਦ ਕਰਿ ਨਾਨਕ ਪ੍ਰਭਿ ਪੂਰਨ ਪੈਜ ਰਖਾਈ॥੨॥

(ਧਨਾਸਰੀ ਮ: ੫, ਪੰਨਾ 682)

ਅਰਥ: ਹੇ ਭਾਈ! ਮਾਲਕ-ਪ੍ਰਭੂ ਦੇ ਹੈਰਾਨ ਕਰਨ ਵਾਲੇ ਕੌਤਕ ਵੇਖ ਕੇ, ਉਸ ਦੀ ਵਡਿਆਈ ਵੇਖ ਕੇ, (ਸੇਵਕ ਦੇ) ਮਨ ਵਿਚ (ਭੀ) ਖ਼ੁਸ਼ੀਆਂ ਬਣੀਆਂ ਰਹਿੰਦੀਆਂ ਹਨ। ਹੇ ਨਾਨਕ! ਤੂੰ ਭੀ ਪਰਮਾਤਮਾ ਦਾ ਨਾਮ ਸਿਮਰ ਸਿਮਰ ਕੇ ਆਤਮਿਕ ਅਨੰਦ ਮਾਣ। (ਜਿਸ ਭੀ ਮਨੁੱਖ ਨੇ ਸਿਮਰਨ ਕੀਤਾ) ਪ੍ਰਭੂ ਨੇ ਪੂਰੇ ਤੌਰ 'ਤੇ ਉਸ ਦੀ ਇੱਜ਼ਤ ਰੱਖ ਲਈ।੨।

ਵਾਹਿਗੁਰੂ ਦਾਸਾਂ ਦੀ ਇੱਜ਼ਤ ਦਾਸਾਂ ਨੂੰ ਸਤਿਗੁਰੂ ਰਾਹੀਂ ਆਪਣੇ ਨਾਮ ਦੀ ਦਾਤ ਬਖ਼ਸ਼ਸ਼ ਕਰ ਕੇ ਰੱਖਦਾ ਹੈ। ਸਤਿਗੁਰੂ ਦੀ ਇਸ ਇਲਾਹੀ ਦਾਤ ਦੀ ਬਦੌਲਤ ਉਹ ਹਮੇਸ਼ਾਂ ਹੀ ਮਾਇਆ ਦੇ ਮੋਹ ਤੋਂ ਉਪਰ ਉੱਠ ਕੇ, ਸੁਚੇਤਤਾ ਦਾ ਜੀਵਨ ਜਿਊਂਦੇ ਹਨ।

ਸੋ, ਇਹਨਾਂ ਫ਼ੁਰਮਾਨਾਂ ਤੋਂ ਗੁਰੂ ਗ੍ਰੰਥ ਸਾਹਿਬ ਵਿਚ ਅਉਖੀ ਘੜੀ ਦਾ ਸਰੂਪ ਉਘੜ ਕੇ ਸਾਡੇ ਸਾਹਮਣੇ ਆਉਂਦਾ ਹੈ ਕਿ ਅਉਖੀ ਘੜੀ ਉਹ ਘੜੀ ਹੈ ਜਦ ਸਾਨੂੰ ਵਾਹਿਗੁਰੂ ਦੀ ਯਾਦ ਭੁੱਲ ਜਾਂਦੀ ਹੈ; ਜਦੋਂ ਅਸੀਂ ਮਨੁੱਖੀ ਕਮਜ਼ੋਰੀਆਂ ਦੇ ਸ਼ਿਕਾਰ ਹੋ ਕੇ ਦੈਵੀ ਗੁਣਾਂ ਤੋਂ ਮੂੰਹ ਮੋੜ ਕੇ ਪਸ਼ੂ-ਤਲ 'ਤੇ ਜਿਊਣ ਲੱਗ ਪੈਂਦੇ ਹਾਂ। ਸਤਿਗੁਰੂ ਜੀ ਇਸ ਅਉਖੀ ਘੜੀ ਦਾ ਜ਼ਿਕਰ ਕਰਦਿਆਂ ਆਖ ਰਹੇ ਹਨ ਕਿ ਪ੍ਰਭੂ ਆਪਣੇ ਸੇਵਕਾਂ ਨੂੰ ਇਹੋ ਜਿਹਾ ਸਮਾਂ ਨਹੀਂ ਦੇਖਣ ਦੇਂਦਾ, ਭਾਵ ਅਕਾਲ ਪੁਰਖ ਨੂੰ ਹਰ ਸਮੇਂ ਚੇਤੇ ਕਰਨ ਵਾਲੇ ਪ੍ਰਾਣੀ ਕਦੀ ਵੀ, ਕਿਸੇ ਵੀ ਪ੍ਰਸਥਿਤੀ ਵਿਚ ਇਨਸਾਨੀਅਤ ਦਾ ਪੱਲਾ ਨਹੀਂ ਛੱਡਦੇ; ਉਹ ਇਸ ਨੂੰ ਘੁੱਟ ਕੇ ਫੜੀ ਰੱਖਦੇ ਹਨ।

ਸਤਿਗੁਰਿ ਢਾਕਿ ਲੀਆ ਮੋਹਿ ਪਾਪੀ ਪੜਦਾ

ਕਿਸੇ ਵੀ ਲਿਖਤ ਜਾਂ ਗੱਲ-ਬਾਤ ਨੂੰ ਉਸੇ ਹੀ ਪ੍ਰਸਥਿਤੀ ਜਾਂ ਪ੍ਰਸੰਗ ਵਿਚ, ਜਿਸ ਵਿਚ ਉਹ ਆਖੀ ਜਾਂ ਲਿਖੀ ਗਈ ਹੈ, ਰੱਖ ਕੇ ਨਾ ਸਮਝਿਆਂ ਉਸ ਨੂੰ ਸਹੀ ਰੂਪ ਵਿਚ ਸਮਝਣਾ ਮੁਸ਼ਕਲ ਹੋ ਜਾਂਦਾ ਹੈ। ਜੇਕਰ ਕਿਸੇ ਲਿਖਤ ਜਾਂ ਗੱਲ-ਬਾਤ ਦੇ ਕੁਝ ਹਿੱਸੇ ਨੂੰ ਹੀ ਪੜ੍ਹ/ਸੁਣ ਕੇ ਇਹ ਧਾਰਨਾ ਬਣਾ ਲਈ ਜਾਏ ਕਿ ਅਸੀਂ ਉਸ ਦੇ ਸਮੁੱਚੇ ਭਾਵ ਨੂੰ ਸਮਝ ਲਿਆ ਹੈ, ਤਾਂ ਸਾਡੀ ਗ਼ਲਤ-ਫ਼ਹਿਮੀ ਹੀ ਹੋਵੇਗੀ। ਇਹ ਗੱਲ ਹਰੇਕ ਤਰ੍ਹਾਂ ਦੀ ਲਿਖਤ ਜਾਂ ਕਿਸੇ ਵਿਅਕਤੀ ਵਲੋਂ ਕਹੀ ਹੋਈ ਗੱਲ ਦੇ ਸੰਬੰਧ ਵਿਚ ਆਖੀ ਜਾ ਸਕਦੀ ਹੈ। ਹਾਂ, ਇਹ ਗੱਲ ਜ਼ਰੂਰ ਹੈ ਕਿ ਕਿਸੇ ਸਾਧਾਰਨ ਮਨੁੱਖ ਦੀ ਆਖੀ ਹੋਈ ਗੱਲ ਜਾਂ ਲਿਖਤ ਨਾਲ ਜ਼ਿਆਦਾ ਫ਼ਰਕ ਨਾ ਪੈਂਦਾ ਹੋਵੇ, ਪਰੰਤੂ ਮਹਾਨ ਵਿਅਕਤੀ ਦੀ ਆਖੀ ਹੋਈ ਗੱਲ ਜਾਂ ਲਿਖਤ ਸੰਬੰਧੀ ਇਸ ਤਰ੍ਹਾਂ ਦੀ ਧਾਰਨਾ ਨਾਲ ਮਨੁੱਖਤਾ ਦਾ ਜ਼ਰੂਰ ਨੁਕਸਾਨ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਦੇ ਵੀ ਅਜਿਹੇ ਅਨੇਕਾਂ ਫ਼ੁਰਮਾਨ ਹਨ, ਜਿਨ੍ਹਾਂ ਨਾਲ ਬਾਣੀ ਦੀ ਵਿਆਖਿਆ ਕਰਨ ਵਾਲਿਆਂ ਨੇ ਜਾਣੇ-ਅਣਜਾਣੇ ਕੁਝ ਅਜਿਹਾ ਹੀ ਅਨਿਆਂ ਕੀਤਾ ਹੈ। ਉਦਾਹਰਣ ਵਜੋਂ "ਪੂਤੀ ਗੰਢੁ ਪਵੈ ਸੰਸਾਰਿ", "ਤੀਰਥਿ ਨਾਈਐ ਸੁਖੁ ਫਲੁ ਪਾਈਐ ਮੈਲੁ ਨ ਲਾਗੈ ਕਾਈ", "ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥" ਆਦਿ, ਫ਼ੁਰਮਾਨਾਂ ਦੀ ਕੁਝ ਸੱਜਣਾਂ ਵੱਲੋਂ ਕੀਤੀ ਹੋਈ ਵਿਆਖਿਆ ਤੋਂ ਦੇਖਿਆ ਜਾ ਸਕਦਾ ਹੈ।

ਅਜਿਹੇ ਅਨੇਕਾਂ ਫ਼ੁਰਮਾਨਾਂ 'ਚੋਂ ਹੀ ਇਕ ਹੈ:

ਸਤਿਗੁਰਿ ਢਾਕਿ ਲੀਆ ਮੋਹਿ ਪਾਪੀ ਪੜਦਾ॥ *(ਤੁਖਾਰੀ ਮ: ੫, ਪੰਨਾ 1117)*

ਆਮ ਤੌਰ 'ਤੇ ਇਹ ਸਮਝਿਆ ਜਾਂ ਸਮਝਾਇਆ ਜਾਂਦਾ ਹੈ ਕਿ ਜੇਕਰ ਅਸੀਂ ਸਤਿਗੁਰੂ ਦੀ ਸ਼ਰਨ ਵਿਚ ਆ ਜਾਂਦੇ ਹਾਂ ਤਾਂ ਸਤਿਗੁਰੂ ਜੀ ਸਾਡਾ ਪੜਦਾ ਢੱਕ ਦੇਂਦੇ ਹਨ। ਭਾਵ, ਜੇਕਰ ਅਸੀਂ ਕੁਝ ਗ਼ਲਤ ਵੀ ਕਰ ਦੇਂਦੇ ਹਾਂ ਤਾਂ ਵੀ ਗੁਰਦੇਵ ਸਾਡਾ ਪੜਦਾ ਢੱਕ ਦੇਂਦੇ ਹਨ ਅਰਥਾਤ ਲੋਕਾਂ ਵਿਚ ਨਸ਼ਰ ਹੋਣ ਤੋਂ ਬਚਾ ਲੈਂਦੇ ਹਨ। ਅਜਿਹੀ ਧਾਰਨਾ ਕਾਰਨ ਹੀ ਅਕਸਰ ਰੱਬ ਵਿਚ ਆਸਥਾ/ਵਿਸ਼ਵਾਸ ਰੱਖਣ ਵਾਲਾ ਵਿਅਕਤੀ ਜਦ ਕਦੀ ਕੁਝ ਗ਼ਲਤ ਕਰ ਦੇਂਦਾ ਹੈ ਜਾਂ ਕਰਨ ਲੱਗਦਾ ਹੈ ਤਾਂ ਉਸ ਕੁਕਰਮ ਨੂੰ ਲੁਕਾਉਣ ਲਈ ਪਾਠ, ਅਰਦਾਸ, ਲੰਗਰ ਆਦਿ ਕਰਾਉਂਦਾ ਹੈ। ਜੇਕਰ ਉਸ ਦੇ ਇਸ ਕੁਕਰਮ ਉੱਤੇ ਪੜਦਾ ਪਿਆ ਰਹੇ ਤਾਂ ਇਹ ਸਮਝ ਲੈਂਦਾ ਹੈ ਕਿ ਗੁਰੂ/ਪ੍ਰਭੂ ਨੇ ਉਸ ਦੀ ਇੱਜ਼ਤ ਰੱਖ ਲਈ ਹੈ। ਭਾਵ, ਉਸ ਵਲੋਂ ਕੀਤੇ ਕੁਕਰਮ ਨੂੰ ਜੱਗ-ਜ਼ਾਹਰ ਹੋਣ ਤੋਂ ਬਚਾ ਲਿਆ ਹੈ। ਇਹ ਧਾਰਨਾ ਗੁਰਮਤਿ ਦੀ ਧਾਰਨਾ ਤੋਂ ਬਿਲਕੁਲ ਹੀ ਉਲਟ

ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਹ ਗੱਲ ਸਪੱਸ਼ਟ ਕੀਤੀ ਗਈ ਹੈ ਕਿ ਨਾ ਤਾਂ ਸਤਿਗੁਰੂ ਜਾਂ ਪ੍ਰਭੂ ਕਿਸੇ ਵੀ ਪ੍ਰਾਣੀ ਦੇ ਕੁਕਰਮਾਂ ਉੱਤੇ ਪੜਦਾ ਪਾ ਕੇ ਉਸ ਦੀ ਸਹਾਇਤਾ ਕਰਦਾ ਹੈ, ਅਤੇ ਨਾ ਹੀ ਕੋਈ ਧਰਮ-ਕਰਮ ਇਸ ਵਿਚ ਅਜਿਹੇ ਮਨੁੱਖ ਦੀ ਸਹਾਇਤਾ ਕਰਨ ਦੇ ਸਮਰੱਥ ਹੈ। ਹਾਂ, ਇਹ ਜ਼ਰੂਰ ਹੈ ਕਿ ਅਜਿਹੇ ਕਰਮ ਧਰਮ ਦੁਆਰਾ, ਕਦੀ ਕਦਾਈਂ ਕੁਕਰਮ ਕਰਨ ਵਾਲਾ ਵਿਅਕਤੀ ਆਮ ਲੋਕਾਂ ਨੂੰ ਗੁੰਮਰਾਹ ਕਰ ਕੇ ਆਪਣੇ ਅਸਲ ਚਿਹਰੇ ਨੂੰ ਲੁਕਾਉਣ ਵਿਚ ਕਾਮਯਾਬ ਜ਼ਰੂਰ ਹੋ ਜਾਂਦਾ ਹੈ। ਅਜਿਹੀ ਕਾਮਯਾਬੀ ਗੁਰੂ/ਪ੍ਰਭੂ ਦੀ ਸਹਾਇਤਾ ਨਾਲ ਸੰਭਵ ਨਹੀਂ ਹੋਈ, ਚੂੰਕਿ ਗੁਰਦੇਵ ਨੇ ਬਾਣੀ ਵਿਚ ਸਪੱਸ਼ਟ ਕੀਤਾ ਹੈ ਕਿ ਗੁਰੂ ਕਦੀ ਵੀ ਅਜਿਹੇ ਪ੍ਰਾਣੀਆਂ ਦੀ ਇਸ ਤਰ੍ਹਾਂ ਦੀ ਮਦਦ ਨਹੀਂ ਕਰਦਾ। ਗੁਰੂ ਸਾਹਿਬ ਵਲੋਂ ਅਜਿਹੇ ਵਿਅਕਤੀਆਂ ਦੀ ਸਹਾਇਤਾ ਦਾ ਇਹ ਰੂਪ ਤਾਂ ਬਾਣੀ ਵਿਚ ਮਿਲਦਾ ਹੈ ਕਿ ਇਹੋ ਜਿਹੇ ਮਨੁੱਖਾਂ ਨੂੰ ਸੁਮੱਤ ਬਖ਼ਸ਼ਸ਼ ਕਰ ਕੇ ਸਿੱਧੇ ਰਾਹ ਪਾਉਂਦਾ ਹੈ, ਜਿਸ ਕਰਕੇ ਉਹ ਪ੍ਰਾਣੀ ਕੁਕਰਮਾਂ ਤੋਂ ਤੌਬਾ ਕਰਕੇ ਅਗਾਂਹ ਲਈ ਅਜਿਹੇ ਕੁਕਰਮ ਨਹੀਂ ਕਰਦਾ। ਪਰੰਤੂ ਮਨੁੱਖੀ ਕਦਰਾਂ-ਕੀਮਤਾਂ ਦਾ ਤਿਆਗ ਕਰਨ ਵਾਲੇ ਕਿਸੇ ਵੀ ਵਿਅਕਤੀ ਦੇ ਕੁਕਰਮ ਉੱਤੇ ਗੁਰੂ ਪੜਦਾ ਪਾ ਕੇ ਉਸ ਨੂੰ ਮਨੁੱਖੀ ਕਦਰਾਂ-ਕੀਮਤਾਂ ਦਾ ਘਾਣ ਕਰਨ ਲਈ ਉਤਸ਼ਾਹਤ ਨਹੀਂ ਕਰਦਾ। ਹਜ਼ੂਰ ਦਾ ਫ਼ੁਰਮਾਨ ਹੈ:

ਚੋਰੁ ਸਲਾਹੇ ਚੀਤੁ ਨ ਭੀਜੈ॥
ਜੇ ਬਦੀ ਕਰੇ ਤਾ ਤਸੂ ਨ ਛੀਜੈ॥
ਚੋਰ ਕੀ ਹਾਮਾ ਭਰੇ ਨ ਕੋਇ॥
ਚੋਰੁ ਕੀਆ ਚੰਗਾ ਕਿਉ ਹੋਇ॥ *(ਧਨਾਸਰੀ ਮਹਲਾ ੧, ਪੰਨਾ 662)*

ਅਰਥ: ਜੇ ਕੋਈ ਚੋਰ (ਉਸ ਹਾਕਮ ਦੀ ਜਿਸ ਦੇ ਸਾਹਮਣੇ ਉਸ ਦਾ ਮੁਕੱਦਮਾ ਪੇਸ਼ ਹੈ) ਖ਼ੁਸ਼ਾਮਦ ਕਰੇ ਤਾਂ ਉਸ ਹਾਕਮ ਨੂੰ (ਇਹ) ਯਕੀਨ ਨਹੀਂ ਬਣ ਸਕਦਾ (ਕਿ ਇਹ ਸੱਚਾ ਹੈ), ਜੇ ਉਹ ਚੋਰ (ਹਾਕਮ ਦੀ) ਬਦ-ਖੋਈ ਕਰੇ ਤਾਂ ਭੀ ਉਹ ਹਾਕਮ ਰਤਾ ਭਰ ਨਹੀਂ ਘਾਬਰਦਾ। ਕੋਈ ਭੀ ਮਨੁੱਖ ਕਿਸੇ ਚੋਰ ਦੇ ਚੰਗੇ ਹੋਣ ਦੀ ਗਵਾਹੀ ਨਹੀਂ ਦੇ ਸਕਦਾ। ਜੇਹੜਾ ਮਨੁੱਖ (ਲੋਕਾਂ ਦੀਆਂ ਨਜ਼ਰਾਂ ਵਿਚ) ਚੋਰ ਮੰਨਿਆ ਗਿਆ, ਉਹ (ਖ਼ੁਸ਼ਾਮਦਾਂ ਜਾਂ ਬਦ-ਖੋਈਆਂ ਨਾਲ ਹੋਰਨਾਂ ਦੇ ਸਾਹਮਣੇ) ਚੰਗਾ ਨਹੀਂ ਬਣ ਸਕਦਾ।

ਸਤਿਗੁਰੂ ਜੀ ਜਦ ਗੁਰੂ ਪੀਰ ਵਲੋਂ ਆਪਣੇ ਸੇਵਕਾਂ/ਦਾਸਾਂ ਦੀ ਸਿਫ਼ਾਰਸ਼ ਕਰਨ ਸੰਬੰਧੀ ਚਰਚਾ ਕਰਦੇ ਹਨ ਤਾਂ ਆਪ ਨਾਲ ਹੀ ਇਹ ਆਖ ਕੇ ਇਸ ਸੰਬੰਧੀ ਪ੍ਰਚਲਿਤ ਭਰਮ ਨੂੰ ਮਿਟਾ ਦੇਂਦੇ ਹਨ ਕਿ ਗੁਰੂ ਪੀਰ ਸਿਫ਼ਾਰਸ਼ ਉਦੋਂ ਹੀ ਕਰਦਾ ਹੈ ਜਦ ਦਾਸ ਆਪਣੇ ਮੁਰਸ਼ਦ ਦੀ ਆਗਿਆ ਦਾ ਪਾਲਣ ਕਰਦਿਆਂ ਹੋਇਆਂ ਸੱਚ ਦੀਆਂ ਕਦਰਾਂ-ਕੀਮਤਾਂ ਨੂੰ ਅਪਣਾਅ ਕੇ ਮੁਰਦਾਰ (ਪਰਾਇਆ ਹੱਕ ਆਦਿ) ਖਾਣ ਤੋਂ ਸੰਕੋਚ ਕਰੇਗਾ। ਭਾਵ, ਕੇਵਲ ਗੁਰੂ ਪੀਰ/ਮੁਰਸ਼ਦ ਉਪਰ ਵਿਸ਼ਵਾਸ ਰੱਖਣ ਨਾਲ ਹੀ ਉਸ ਦੀ ਪ੍ਰਸੰਨਤਾ ਦਾ ਪਾਤਰ ਨਹੀਂ ਬਣ ਸਕੀਦਾ। ਉਸ ਦਾ ਪਾਤਰ ਬਣਨ ਲਈ ਉਸ ਦੇ ਉਪਦੇਸ਼ ਨੂੰ ਹਿਰਦੇ ਅਤੇ ਜੀਵਨ ਵਿਚ ਧਾਰਨ ਕਰਨਾ ਲਾਜ਼ਮੀ ਹੈ:

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥
ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ ॥
ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ ॥
ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ ॥ *(ਵਾਰ ਮਾਝ ਮ: ੧, ਪੰਨਾ 141)*

ਅਰਥ : ਹੇ ਨਾਨਕ! ਪਰਾਇਆ ਹੱਕ ਮੁਸਲਮਾਨ ਲਈ ਸੂਰ ਹੈ ਤੇ ਹਿੰਦੂ ਲਈ ਗਾਂ ਹੈ। ਗੁਰੂ ਪੈਗ਼ੰਬਰ ਤਾਂ ਹੀ ਸਿਫ਼ਾਰਸ਼ ਕਰਦਾ ਹੈ ਜੇ ਮਨੁੱਖ ਪਰਾਇਆ ਹੱਕ ਨਾਹ ਵਰਤੇ। ਨਿਰੀਆਂ ਗੱਲਾਂ ਕਰਨ ਨਾਲ ਬਹਿਸ਼ਤ ਵਿਚ ਨਹੀਂ ਅੱਪੜ ਸਕੀਦਾ। ਸੱਚ ਨੂੰ (ਭਾਵ, ਜਿਸ ਨੂੰ ਸੱਚਾ ਰਸਤਾ ਆਖਦੇ ਹੋ, ਉਸ ਨੂੰ) ਅਮਲੀ ਜੀਵਨ ਵਿਚ ਵਰਤਿਆਂ ਹੀ ਨਜਾਤ ਮਿਲਦੀ ਹੈ। (ਬਹਿਸ ਆਦਿਕ ਗੱਲਾਂ ਦੇ) ਮਸਾਲੇ ਹਰਾਮ ਮਾਲ ਵਿਚ ਪਾਇਆਂ ਉਹ ਹੱਕ ਦਾ ਮਾਲ ਨਹੀਂ ਬਣ ਜਾਂਦਾ। ਹੇ ਨਾਨਕ! ਕੂੜੀਆਂ ਗੱਲਾਂ ਕੀਤਿਆਂ ਕੂੜ ਹੀ ਮਿਲਦਾ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਇਹ ਗੱਲ ਬੜੇ ਸਪੱਸ਼ਟ ਰੂਪ ਵਿਚ ਦਰਸਾਈ ਗਈ ਹੈ ਕਿ ਇਲਾਹੀ ਹੁਕਮ (ਰੱਬੀ ਨਿਯਮ) ਸਾਰਿਆਂ ਲਈ ਇੱਕੋ ਜਿਹਾ ਹੈ। ਧਾਰਮਿਕ, ਅਧਾਰਮਿਕ, ਗ਼ਰੀਬ-ਅਮੀਰ, ਇਸਤ੍ਰੀ-ਪੁਰਸ਼, ਪੜ੍ਹੇ-ਅਣਪੜ੍ਹੇ, ਗੱਲ ਕੀ ਸਾਰਿਆਂ ਲਈ ਇਕ-ਸਮਾਨ ਹੀ ਹੈ, ਕਿਸੇ ਨੂੰ ਵੀ ਕਿਸੇ ਤਰ੍ਹਾਂ ਦੀ ਛੋਟ ਨਹੀਂ ਹੈ। ਇਸੇ ਲਈ ਤਾਂ ਗੁਰਦੇਵ ਪ੍ਰਭੂ ਨੂੰ ਮੁਖ਼ਾਤਬ ਹੁੰਦਿਆਂ ਕਹਿੰਦੇ ਹਨ :

ਤੇਰੈ ਘਰਿ ਸਦਾ ਸਦਾ ਹੈ ਨਿਆਉ ॥ *(ਆਸਾ ਮਹਲਾ ੫, ਪੰਨਾ 376)*

ਅਰਥ : ਤੇਰੇ ਘਰ ਵਿਚ ਸਦਾ ਹੀ ਇਨਸਾਫ਼ ਹੈ, ਸਦਾ ਹੀ ਇਨਸਾਫ਼ ਹੈ।

ਗੁਰੂ ਸਾਹਿਬ ਦੇ ਹਿਰਦੇ ਵਿਚ ਰੱਬੀ ਗੁਣਾਂ ਦਾ ਪ੍ਰਕਾਸ਼ ਹੋਣ ਕਾਰਨ ਹੀ ਆਪ ਪ੍ਰਭੂ ਰੂਪ ਸਨ, ਵਾਹਿਗੁਰੂ ਦਾ ਜ਼ਾਹਰ ਸਰੂਪ ਸਨ। ਗੁਰੂ ਸਾਹਿਬ ਨੇ ਵੀ ਇਹੀ ਰੱਬੀ ਨਿਆਂ ਵਾਲਾ ਮਾਪਦੰਡ ਅਪਣਾਇਆ ਹੋਇਆ ਸੀ। ਹਜ਼ੂਰ ਨੇ ਇਹ ਗੱਲ ਡੰਕੇ ਦੀ ਚੋਟ ਨਾਲ ਸਾਰਿਆਂ ਨੂੰ ਸਮਝਾ ਦਿੱਤੀ ਹੈ ਕਿ ਉਨ੍ਹਾਂ ਦਾ ਅਸਲ ਨਿਕਟਵਰਤੀ ਕੌਣ ਹੈ :

ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥
ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥
(ਸੋਰਠਿ ਮਹਲਾ ੩, ਪੰਨਾ 601)

ਅਰਥ : ਹੇ ਭਾਈ! ਉਹੀ ਮਨੁੱਖ ਗੁਰੂ ਦਾ ਸਿੱਖ ਹੈ, ਗੁਰੂ ਦਾ ਮਿੱਤਰ ਹੈ, ਗੁਰੂ ਦਾ ਰਿਸ਼ਤੇਦਾਰ ਹੈ, ਜੇਹੜਾ ਗੁਰੂ ਦੀ ਰਜ਼ਾ ਵਿਚ ਤੁਰਦਾ ਹੈ। ਪਰ, ਜੇਹੜਾ ਮਨੁੱਖ ਆਪਣੀ ਮਰਜ਼ੀ ਅਨੁਸਾਰ ਤੁਰਦਾ ਹੈ, ਉਹ ਪ੍ਰਭੂ ਤੋਂ ਵਿਛੁੜ ਕੇ ਦੁਖ ਸਹਾਰਦਾ ਹੈ।

ਧਾਰਮਿਕ ਦੁਨੀਆਂ ਵਿਚ ਪ੍ਰਚਲਿਤ ਇਹੋ ਜਿਹੀਆਂ ਧਾਰਨਾਵਾਂ ਨੂੰ ਮੁੱਢੋਂ ਹੀ ਰੱਦ ਕਰਦਿਆਂ ਹੋਇਆਂ ਸਪੱਸ਼ਟ ਕੀਤਾ :

ਹਿੰਦੂ ਕੈ ਘਰਿ ਹਿੰਦੂ ਆਵੈ ॥
ਸੂਤੁ ਜਨੇਊ ਪੜਿ ਗਲਿ ਪਾਵੈ ॥

ਸੂਤੁ ਪਾਇ ਕਰੇ ਬੁਰਿਆਈ॥
ਨਾਤਾ ਧੋਤਾ ਥਾਇ ਨ ਪਾਈ॥
ਮੁਸਲਮਾਨੁ ਕਰੇ ਵਡਿਆਈ॥
ਵਿਣੁ ਗੁਰ ਪੀਰੈ ਕੋ ਥਾਇ ਨ ਪਾਈ॥...
ਰਾਹੁ ਦਸਾਇ ਓਥੈ ਕੋ ਜਾਇ॥
ਕਰਣੀ ਬਾਝਹੁ ਭਿਸਤਿ ਨ ਪਾਇ॥...
ਏਥੈ ਜਾਣੈ ਸੁ ਜਾਇ ਸਿਵਾਣੈ॥
ਹੋਰੁ ਫਕੜੁ ਹਿੰਦੂ ਮੁਸਲਮਾਣੈ॥
ਸਭਨਾ ਕਾ ਦਰਿ ਲੇਖਾ ਹੋਇ॥
ਕਰਣੀ ਬਾਝਹੁ ਤਰੈ ਨ ਕੋਇ॥ *(ਵਾਰ ਰਾਮਕਲੀ, ਮ: ੧, ਪੰਨੇ 951-52)*

ਅਰਥ : (ਕਿਸੇ ਖੱਤ੍ਰੀ ਆਦਿਕ) ਹਿੰਦੂ ਦੇ ਘਰ ਵਿਚ ਬ੍ਰਾਹਮਣ ਆਉਂਦਾ ਹੈ ਤੇ (ਮੰਤ੍ਰ ਆਦਿਕ) ਪੜ੍ਹ ਕੇ (ਉਸ ਖੱਤ੍ਰੀ ਦੇ) ਗਲ ਵਿਚ ਧਾਗਾ ਜਨੇਊ ਪਾ ਦੇਂਦਾ ਹੈ; (ਇਹ ਮਨੁੱਖ ਜਨੇਊ ਤਾਂ ਪਾ ਲੈਂਦਾ ਹੈ, ਪਰ) ਜਨੇਊ ਪਾ ਕੇ ਭੀ ਮੰਦ-ਕਰਮ ਕਰੀ ਜਾਂਦਾ ਹੈ (ਇਸ ਤਰ੍ਹਾਂ ਨਿੱਤ) ਨ੍ਹਾਉਣ-ਧੋਣ ਨਾਲ ਉਹ (ਪ੍ਰਭੂ ਦੇ ਦਰ 'ਤੇ) ਕਬੂਲ ਨਹੀਂ ਹੋ ਜਾਂਦਾ।

ਮੁਸਲਮਾਨ (ਦੀਨ ਦੀ) ਵਡਿਆਈ ਕਰਦਾ ਹੈ, ਪਰ ਜੇ ਗੁਰੂ ਪੀਰ ਦੇ ਹੁਕਮ ਵਿਚ ਨਹੀਂ ਤੁਰਦਾ ਤਾਂ (ਦਰਗਾਹ ਵਿਚ) ਕਬੂਲ ਨਹੀਂ ਹੋ ਸਕਦਾ; (ਬਹਿਸ਼ਤ ਦਾ) ਰਸਤਾ ਤਾਂ ਹਰ ਕੋਈ ਪੁੱਛਦਾ ਹੈ, ਪਰ ਉਸ ਰਸਤੇ ਉੱਤੇ ਤੁਰਦਾ ਕੋਈ ਵਿਰਲਾ ਹੀ ਹੈ ਤੇ ਨੇਕ ਅਮਲਾਂ ਤੋਂ ਬਿਨਾਂ ਬਹਿਸ਼ਤ ਮਿਲਦਾ ਨਹੀਂ ਹੈ।

ਜਿਸ ਨੇ ਇਸ ਜਨਮ ਵਿਚ ਰੱਬ ਨੂੰ ਪਛਾਣ ਲਿਆ ਹੈ, ਉਹ (ਪਰਲੋਕ ਵਿਚ) ਜਾ ਕੇ ਭੀ ਪਛਾਣ ਲੈਂਦਾ ਹੈ (ਜੇ ਇਹ ਉੱਦਮ ਨਹੀਂ ਕੀਤਾ ਤਾਂ) ਹੋਰ ਦਾਅਵਾ ਕਿ ਮੈਂ ਹਿੰਦੂ ਹਾਂ ਜਾਂ ਮੁਸਲਮਾਨ ਹਾਂ, ਸਭ ਫੋਕਾ ਹੈ। (ਹਿੰਦੂ ਹੋਵੇ, ਚਾਹੇ ਮੁਸਲਮਾਨ) ਹਰੇਕ ਦੇ ਅਮਲਾਂ ਦਾ ਲੇਖਾ ਪ੍ਰਭੂ ਦੀ ਹਜ਼ੂਰੀ ਵਿਚ ਹੁੰਦਾ ਹੈ, ਆਪਣੇ ਨੇਕ ਅਮਲਾਂ ਤੋਂ ਬਿਨਾਂ ਕਦੇ ਕੋਈ ਪਾਰ ਨਹੀਂ ਲੰਘਿਆ।

ਗੁਰ ਆਸ਼ੇ ਅਨੁਸਾਰ ਗੁਰਮਤਿ ਦਾ ਇਹ ਨੁਕਤਾ ਸਮਝਣ ਮਗਰੋਂ ਹੁਣ 'ਸਤਿਗੁਰੂ ਵਲੋਂ ਪੜਦਾ ਢੱਕਣ' ਵਾਲੇ ਵਿਸ਼ੇ ਵਲ ਆਉਂਦੇ ਹਾਂ। ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਜਾਂ ਪ੍ਰਭੂ ਵਲੋਂ ਪੜਦਾ ਢੱਕਣ, ਪੱਤ ਆਦਿ ਰੱਖਣ ਦਾ ਇਕ ਤੋਂ ਵਧੀਕ ਵਾਰੀ ਜ਼ਿਕਰ ਕੀਤਾ ਗਿਆ ਹੈ। ਉਦਾਹਰਣ ਵਜੋਂ ਹੇਠਾਂ ਲਿਖੀਆਂ ਪੰਗਤੀਆਂ ਵਿਚ ਦੇਖਿਆ ਜਾ ਸਕਦਾ ਹੈ :

(ੳ) **ਸੋਈ ਬਿਧਾਤਾ ਖਿਨੁ ਖਿਨੁ ਜਪੀਐ॥**
ਜਿਸੁ ਸਿਮਰਤ ਅਵਗੁਣ ਸਭਿ ਢਕੀਐ॥ *(ਮਾਰੂ ਮਹਲਾ ੫, ਪੰਨਾ 1004)*

ਅਰਥ : ਹੇ ਭਾਈ! ਉਸੇ ਸਿਰਜਣਹਾਰ ਨੂੰ ਹਰੇਕ ਖਿਨ ਜਪਣਾ ਚਾਹੀਦਾ ਹੈ, ਜਿਸ ਨੂੰ ਸਿਮਰਦਿਆਂ ਆਪਣੇ ਸਾਰੇ ਔਗੁਣਾਂ ਨੂੰ ਢੱਕ ਸਕੀਦਾ ਹੈ।

(ਅ) **ਨਿਰਗੁਣੁ ਰਾਖਿ ਲੀਆ ਸੰਤਨ ਕਾ ਸਦਕਾ॥**
ਸਤਿਗੁਰਿ ਢਾਕਿ ਲੀਆ ਮੋਹਿ ਪਾਪੀ ਪੜਦਾ॥

(ਤੁਖਾਰੀ ਮਹਲਾ ੫, ਪੰਨਾ 1117)

ਅਰਥ : ਹੇ ਮੇਰੇ ਪ੍ਰਭੂ! ਸੰਤ-ਜਨਾਂ ਦੀ ਸ਼ਰਨ ਪੈਣ ਦੀ ਬਰਕਤ ਨਾਲ ਤੂੰ ਮੈਨੂੰ ਗੁਣ-ਹੀਨ ਨੂੰ (ਭੀ ਵਿਕਾਰਾਂ ਤੋਂ) ਬਚਾ ਲਿਆ ਹੈ। ਸਤਿਗੁਰੂ ਨੇ ਮੇਰਾ ਪਾਪੀ ਦਾ ਪਰਦਾ ਢੱਕ ਲਿਆ ਹੈ (ਮੇਰੇ ਪਾਪ ਨਸ਼ਰ ਨਹੀਂ ਹੋਣ ਦਿੱਤੇ)।

ਗੁਰੂ ਗ੍ਰੰਥ ਸਾਹਿਬ ਵਿਚ ਪ੍ਰਭੂ ਜਾਂ ਗੁਰੂ ਵਲੋਂ ਪੜਦਾ ਢੱਕਣ ਵਾਲੇ ਕਥਨ 'ਚ ਹੀ ਨਹੀਂ ਬਲਕਿ ਕਿਸੇ ਵੀ ਬਚਨ ਬਾਰੇ ਕਿੰਤੂ-ਪਰੰਤੂ ਦੀ ਕੋਈ ਸੰਭਾਵਨਾ ਨਹੀਂ ਹੈ। ਚੂੰਕਿ ਗੁਰੂ ਗ੍ਰੰਥ ਸਾਹਿਬ ਵਿਚ ਅਜਿਹਾ ਕੁਛ ਵੀ ਦਰਜ ਨਹੀਂ ਜਿਹੜਾ ਸਮੇਂ ਦਾ ਹਾਣੀ ਨਾ ਹੋਣ ਕਾਰਨ ਚੈਲੰਜ ਕੀਤਾ ਜਾ ਸਕਦਾ ਹੋਵੇ। ਹਾਂ, ਇਸ ਗੱਲ ਦੀ ਜ਼ਰੂਰ ਸੰਭਾਵਨਾ ਹੈ ਕਿ ਕੋਈ ਸ਼ਬਦ ਸਾਡੀ ਸੀਮਤ ਜੇਹੀ ਬੁੱਧੀ ਦੀ ਪਕੜ ਵਿਚ ਨਾ ਆਵੇ; ਅਸੀਂ ਉਸ ਨੂੰ ਗੁਰੂ ਸਾਹਿਬ ਦੇ ਆਸ਼ੇ ਮੁਤਾਬਕ ਨਾ ਸਮਝ ਸਕੀਏ। ਇਸ ਲਈ ਜੇਕਰ ਗੁਰੂ ਗ੍ਰੰਥ ਸਾਹਿਬ ਵਿਚ ਇਸ ਗੱਲ ਦਾ ਉਲੇਖ ਕੀਤਾ ਗਿਆ ਹੈ ਕਿ ਸਤਿਗੁਰੂ ਸਿੱਖ ਦਾ ਪੜਦਾ ਢੱਕਦਾ ਹੈ ਤਾਂ ਇਸ ਵਿਚ ਕਿਸੇ ਤਰ੍ਹਾਂ ਦੇ ਸੰਦੇਹ ਦੀ ਗੁੰਜ਼ਾਇਸ਼ ਨਹੀਂ ਹੈ। ਪਰ ਪੜਦਾ ਢੱਕਣ ਦਾ ਜੋ ਆਮ ਭਾਵ ਸਮਝਿਆ ਜਾ ਰਿਹਾ ਹੈ, ਗੁਰੂ ਗ੍ਰੰਥ ਸਾਹਿਬ ਵਿਚ ਪੜਦਾ ਢੱਕਣ ਦਾ ਇਹ ਭਾਵ ਨਹੀਂ ਲਿਆ ਗਿਆ। ਗੁਰੂ ਗ੍ਰੰਥ ਸਾਹਿਬ ਅਨੁਸਾਰ ਗੁਰੂ/ਪ੍ਰਭੂ ਵਲੋਂ ਪੜਦਾ ਢੱਕਣ ਤੋਂ ਭਾਵ ਹੈ ਕਿ ਸਤਿਗੁਰੂ ਸਿੱਖ/ਦਾਸ ਨੂੰ ਸੋਝੀ ਬਖ਼ਸ਼ਸ਼ ਕਰ ਕੇ, ਉਸ ਦੇ ਮਨ 'ਚੋਂ ਅਗਿਆਨਮਈ ਅੰਧਕਾਰ ਦੂਰ ਕਰ ਦੇਂਦੇ ਹਨ। ਗੁਰੂ-ਗਿਆਨ ਦੀ ਬਦੌਲਤ ਸਿੱਖ ਮੰਦੇ ਕਰਮਾਂ ਤੋਂ ਸੰਕੋਚ ਕਰਨ ਲੱਗ ਪੈਂਦਾ ਹੈ। ਸਤਿਗੁਰੂ ਦੇ ਬਖ਼ਸ਼ਸ਼ ਕੀਤੇ ਗਿਆਨ ਦੀ ਸਹਾਇਤਾ ਨਾਲ ਮੰਦੇ ਕਰਮਾਂ/ਵਿਕਾਰਾਂ ਤੋਂ ਉੱਪਰ ਉੱਠਣ ਵਾਲੇ ਕਰਮ ਨੂੰ ਸਤਿਗੁਰੂ ਵਲੋਂ ਸਿੱਖ ਦਾ ਪੜਦਾ ਢੱਕਣ ਦਾ ਲਖਾਇਕ ਮੰਨਿਆ ਗਿਆ ਹੈ। ਨਿਮਨ ਲਿਖਤ ਸ਼ਬਦ 'ਚੋਂ 'ਪੜਦਾ ਢੱਕਣ' ਦੇ ਸਰੂਪ ਨੂੰ ਦੇਖਿਆ ਜਾ ਸਕਦਾ ਹੈ :

ਗੁਰਿ ਪੂਰੈ ਮੇਰੀ ਰਾਖਿ ਲਈ॥
ਅੰਮ੍ਰਿਤ ਨਾਮੁ ਰਿਦੇ ਮਹਿ ਦੀਨੋ ਜਨਮ ਜਨਮ ਕੀ ਮੈਲੁ ਗਈ॥੧॥ਰਹਾਉ॥
ਨਿਵਰੇ ਦੂਤ ਦੁਸਟ ਬੈਰਾਈ ਗੁਰ ਪੂਰੇ ਕਾ ਜਪਿਆ ਜਾਪੁ॥
ਕਹਾ ਕਰੈ ਕੋਈ ਬੇਚਾਰਾ ਪ੍ਰਭ ਮੇਰੇ ਕਾ ਬਡ ਪਰਤਾਪੁ॥੧॥
ਸਿਮਰਿ ਸਿਮਰਿ ਸਿਮਰਿ ਸੁਖੁ ਪਾਇਆ ਚਰਨ ਕਮਲ ਰਖੁ ਮਨ ਮਾਹੀ॥
ਤਾ ਕੀ ਸਰਨਿ ਪਰਿਓ ਨਾਨਕ ਦਾਸੁ ਜਾ ਤੇ ਊਪਰਿ ਕੋ ਨਾਹੀ॥੨॥

(ਬਿਲਾਵਲ ਮਹਲਾ ੫, ਪੰਨੇ 823-24)

ਸ਼ਬਦ ਦੀਆਂ ਰਹਾਉ ਦੀਆਂ ਪੰਗਤੀਆਂ ਜੋ ਸ਼ਬਦ ਦੀਆਂ ਪ੍ਰਾਰੰਭਕ ਪੰਗਤੀਆਂ ਹੀ ਹਨ, ਵਿਚ ਸਤਿਗੁਰੂ ਫ਼ੁਰਮਾਂਉਦੇ ਹਨ ਕਿ ਪੂਰੇ ਗੁਰੂ ਨੇ ਮੇਰੀ ਇੱਜ਼ਤ ਰੱਖ ਲਈ ਹੈ। ਇੱਜ਼ਤ ਕਿਸ ਤੋਂ ਰੱਖੀ ਹੈ? ਗੁਰੂ ਨੇ ਇੱਜ਼ਤ ਰੱਖੀ ਹੈ ਵਿਕਾਰਾਂ ਤੋਂ। ਸਤਿਗੁਰੂ ਨੇ ਇਨ੍ਹਾਂ ਵਿਕਾਰਾਂ ਤੋਂ ਇੱਜ਼ਤ ਰੱਖੀ ਕਿਵੇਂ ਹੈ? ਇਸ ਦੇ ਉੱਤਰ ਵਿਚ ਫ਼ੁਰਮਾਂਦੇ

ਹਨ ਕਿ ਆਤਮਿਕ ਜੀਵਨ ਦੇਣ ਵਾਲਾ ਨਾਮ ਹਿਰਦੇ ਵਿਚ ਵਸਾ ਕੇ। ਭਾਵ, ਪ੍ਰਭੂ ਗੁਣਾਂ ਨੂੰ ਹਿਰਦੇ ਵਿਚ ਵਸਾ ਕੇ, ਮਨ ਵਿਚ ਉਕਰੇ ਮੰਦ ਸੰਸਕਾਰਾਂ ਤੋਂ ਛੁਟਕਾਰਾ ਦਿਵਾ ਕੇ ਸਤਿਗੁਰੂ ਜੀ ਨੇ ਇਹ ਪੜਦਾ ਢੱਕਿਆ ਹੈ।

ਅਗਲੇ ਪਦੇ ਵਿਚ ਹਜ਼ੂਰ ਇਸ ਗੱਲ ਦਾ ਵਰਣਨ ਕਰ ਰਹੇ ਹਨ ਕਿ ਗੁਰੂ ਨੇ ਇਹ ਅੰਮ੍ਰਿਤ ਨਾਮ ਹਿਰਦੇ ਵਿਚ ਵਸਾਇਆ ਕਿਵੇਂ ਹੈ? ਇਸ ਦੇ ਜਵਾਬ ਵਿਚ ਆਖਦੇ ਹਨ ਕਿ ਗੁਰਦੇਵ ਨੇ ਰੱਬੀ ਗੁਣਾਂ ਦੀ ਸੋਝੀ ਪ੍ਰਦਾਨ ਕੀਤੀ ਤਾਂ ਉਨ੍ਹਾਂ ਗੁਣਾਂ ਨੂੰ ਆਪਣੇ ਅੰਦਰ ਧਾਰਨ ਕਰਨ ਨਾਲ ਆਤਮਿਕ ਬਲ ਮਿਲਿਆ, ਜਿਸ ਬਲ ਦੀ ਬਰਕਤ ਨਾਲ ਕਾਮਾਦਿਕ ਦੁਸ਼ਮਨਾਂ ਤੋਂ ਖਹਿੜਾ ਛੁੱਟ ਗਿਆ। ਇਸ ਆਤਮਿਕ ਬਲ ਦੀ ਬਦੌਲਤ ਕੋਈ ਵੀ ਵਿਕਾਰ ਆਪਣੇ ਵੱਲ ਖਿੱਚ ਨਹੀਂ ਪਾ ਸਕਦਾ।

ਭਾਈ ਗੁਰਦਾਸ ਜੀ ਇਸ ਸੰਬੰਧ ਵਿਚ ਖ਼ੁਲਾਸਾ ਕਰਦਿਆਂ ਹੋਇਆਂ ਆਪਣੀ 29ਵੀਂ ਵਾਰ ਦੀ ਦੂਜੀ ਪਉੜੀ ਵਿਚ ਲਿਖਦੇ ਹਨ:

ਪਰਤਨ ਪਰਧਨ ਪਰਨਿੰਦ ਮੇਟਿ ਨਾਮੁ ਦਾਨੁ ਇਸਨਾਨੁ ਦਿੜਾਇਆ।
ਗੁਰਮਤਿ ਮਨੁ ਸਮਝਾਇਕੈ ਬਾਹਰਿ ਜਾਂਦਾ ਵਰਜਿ ਰਹਾਇਆ।

ਅਰਥ: ਪਰ ਇਸਤ੍ਰੀ, ਪਰਧਨ, ਪਰਾਈ ਨਿੰਦਾ ਦੇ ਵਿਕਾਰ ਨੂੰ ਮੇਟ ਕੇ ਨਾਮ ਦਾਨ, ਇਸ਼ਨਾਨ ਦੀ ਕਿਰਿਆ ਦ੍ਰਿੜ੍ਹ ਕਰਾਈ। ਗੁਰੂ ਦੀ ਸਿੱਖਿਆ ਨਾਲ ਮਨ ਨੂੰ ਸਮਝਾ ਕੇ ਵਿਸ਼ਿਆਂ ਵਿਚ ਭਟਕਦੇ ਭਟਕਦੇ ਨੂੰ ਅੰਤਰਮੁਖ ਕੀਤਾ ਹੈ।

ਇਸ ਸੱਚ ਨੂੰ ਹੀ ਦ੍ਰਿੜ੍ਹ ਕਰਾਉਂਦਿਆਂ ਹੋਇਆਂ ਮਹਾਰਾਜ ਫ਼ੁਰਮਾਉਂਦੇ ਹਨ:

ਹਰਿ ਜੀ ਲਾਜ ਰਖਹੁ ਹਰਿ ਜਨ ਕੀ॥
ਹਰਿ ਹਰਿ ਜਪਨੁ ਜਪਾਵਹੁ ਅਪਨਾ ਹਮ ਮਾਗੀ ਭਗਤਿ ਇਕਾਕੀ॥ਰਹਾਉ॥

(ਧਨਾਸਰੀ ਮ: ੪, ਪੰਨਾ 668)

ਅਰਥ: ਹੇ ਪ੍ਰਭੂ ਜੀ! (ਦੁਨੀਆਂ ਦੇ ਵਿਕਾਰਾਂ ਦੇ ਝੰਬੇਲਿਆਂ ਵਿੱਚੋਂ) ਆਪਣੇ ਸੇਵਕ ਦੀ ਇੱਜ਼ਤ ਬਚਾ ਲੈ। ਹੇ ਹਰੀ! ਮੈਨੂੰ ਆਪਣਾ ਨਾਮ ਜਪਣ ਦੀ ਸਮਰੱਥਾ ਦੇਹ। ਮੈਂ (ਤੇਰੇ ਪਾਸੋਂ) ਸਿਰਫ਼ ਤੇਰੀ ਭਗਤੀ ਦਾ ਦਾਨ ਮੰਗ ਰਿਹਾ ਹਾਂ।ਰਹਾਉ।

ਸੋ, ਗੁਰੂ/ਪ੍ਰਭੂ ਵਲੋਂ ਸੇਵਕ ਦਾ ਪੜਦਾ ਢੱਕਣ ਦਾ ਇਹ ਬਿਲਕੁਲ ਅਰਥ ਨਹੀਂ ਕਿ ਗੁਰੂ ਜਾਂ ਪ੍ਰਭੂ ਸੇਵਕ ਦੇ ਕੁਕਰਮਾਂ ਉੱਤੇ ਪੜਦਾ ਪਾਉਂਦਾ ਹੈ। ਨਹੀਂ, ਹਰਗਿਜ਼ ਅਜਿਹਾ ਭਾਵ ਨਹੀਂ ਹੈ। ਇਸ ਦਾ ਭਾਵ ਇਤਨਾ ਕੁ ਹੀ ਹੈ ਕਿ ਸਤਿਗੁਰੂ ਆਪਣੀ ਸ਼ਰਨ ਵਿਚ ਆਉਣ ਵਾਲੇ ਪ੍ਰਾਣੀ ਦਾ ਮਾਰਗ-ਦਰਸ਼ਨ ਕਰਦਿਆਂ ਹੋਇਆਂ, ਉਸ ਨੂੰ ਗੁਰਮਤਿ ਦ੍ਰਿੜ੍ਹ ਕਰਵਾ ਕੇ, ਉਸ ਨੂੰ ਵਿਕਾਰਾਂ ਤੋਂ ਉਪਰ ਉੱਠਣ ਵਿਚ ਸਹਾਇਤਾ ਕਰਦੇ ਹਨ। ਗੁਰੂ ਗਿਆਨ ਦੀ ਬਰਕਤ ਨਾਲ ਆਤਮਿਕ ਮੌਤ ਤੋਂ ਛੁਟਕਾਰਾ ਪਾ ਕੇ ਸਿੱਖ ਆਤਮਿਕ ਜ਼ਿੰਦਗੀ ਜਿਊਣ ਲੱਗ ਪੈਂਦਾ ਹੈ। ਆਤਮਿਕ ਜ਼ਿੰਦਗੀ ਜਿਊ ਰਿਹਾ ਮਨੁੱਖ ਕੁਕਰਮਾਂ/ਗੁਨਾਹਾਂ ਤੋਂ ਤੌਬਾ ਕਰ ਕੇ ਸਚਿਆਰਮਈ ਜੀਵਨ ਜਿਊਣ ਲੱਗ ਪੈਂਦਾ ਹੈ। ਇਸ ਤਰ੍ਹਾਂ ਗੁਰੂ ਉਸ ਦਾ ਵਿਕਾਰਾਂ ਤੋਂ ਪੜਦਾ ਢੱਕਦਾ ਹੈ:

ਪ੍ਰੇਮ ਪਟੋਲਾ ਤੈ ਸਹਿ ਦਿਤਾ ਢਕਣ ਕੂ ਪਤਿ ਮੇਰੀ॥
ਦਾਨਾ ਬੀਨਾ ਸਾਈ ਮੈਡਾ ਨਾਨਕ ਸਾਰ ਨ ਜਾਣਾ ਤੇਰੀ॥

(ਵਾਰ ਗੂਜਰੀ ਮਹਲਾ ੫, ਪੰਨਾ 520)

ਅਰਥ : ਮੇਰੀ (ਨਾਨਕ) ਦੀ ਇੱਜ਼ਤ ਰੱਖਣ ਲਈ (ਹੇ ਪ੍ਰਭੂ!) ਤੈਂ ਖ਼ਸਮ ਨੇ ਮੈਨੂੰ ਆਪਣਾ 'ਪਿਆਰ'-ਰੂਪੀ ਰੇਸ਼ਮੀ ਕੱਪੜਾ ਦਿੱਤਾ ਹੈ, ਤੂੰ ਮੇਰਾ ਖ਼ਸਮ (ਮੇਰੇ ਦਿਲ ਦੀ) ਜਾਨਣ ਵਾਲਾ ਹੈਂ, ਮੈਂ ਤੇਰੀ ਕਦਰ ਨਹੀਂ ਜਾਤੀ।

•

ਸਿਖੀ ਸਿਖਿਆ ਗੁਰ ਵੀਚਾਰਿ

ੴ

ਕ. ਸ. ਸ. ਟ. ਸ.

CANADIAN SIKH STUDY & TEACHING SOCIETY

ISBN 978-0-9881616-0-3

9 780988 161603